ਆਦਿ ਗ੍ਰੰਥ ਦੇ ਗੁਰੂ-ਕਾਵਿ

ਦਾ

ਸਮਾਜਕ ਪੱਖ

(Adi Granth De Guru-Kav Da Samajik Pakh)

A THESIS
SUBMITTED TO THE PANJAB UNIVERSITY, CHANDIGARH
FOR THE DEGREE OF
DOCTOR OF PHILOSOPHY
IN THE FACULTY OF LANGUAGES
1978

ਨਿਰਦੇਸ਼ਕ :
ਡਾ: ਮਨਮੋਹਨ ਸਿੰਘ,
ਆਨਰਜ਼, ਐਮ. ਏ. (ਦਿੱਲੀ), ਪੀ. ਐਚ. ਡੀ. (ਪੰਜਾਬ),
ਰੀਡਰ ਅਤੇ ਅਧਿਅਕਸ਼, ਪੰਜਾਬੀ ਵਿਭਾਗ;
ਡਾਇਰੈਕਟੋਰੇਟ ਆਫ ਕਾਰਸਪੌਂਡੈਂਸ ਕੋਰਸਿਜ਼,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।

ਪ੍ਰਸਤੁਤ ਕਰਤਾ :
ਅਵਤਾਰ ਸਿਘ

ਤਤਕਰਾ

'ਆਦਿ ਗ੍ਰੰਥ ਤੇ ਗੁਰੂ - ਕਵਿਤਾ ਦਾ ਸਮਾਜਕ ਪੱਖ'

'ਭੂਮਿਕਾ'

'[illegible]'

ਭੂਮਿਕਾ

ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿਚ 'ਆਦਿ ਗ੍ਰੰਥ' ਦੀ ਵਿਸ਼ੇਸ਼ ਮਹਾਨਤਾ ਹੈ। ਇਸ ਦੀ ਸਾਰੀ ਰਚਨਾ ਬਾਰ੍ਹਵੀਂ ਸਦੀ ਤੋਂ ਸਤਾਰ੍ਹਵੀਂ ਸਦੀ ਈ: ਦੀਆਂ ਭਾਰਤੀ ਰਾਜਨੀਤਕ, ਸਮਾਜਕ, ਆਰਥਿਕ, ਅਧਿਆਤਮਕ ਤੇ ਧਾਰਮਿਕ ਪਰਿਸਥਿਤੀਆਂ ਦੀ ਉਪਜ ਹੈ। ਇਸ ਵਿਚ ਛੇ ਗੁਰੂ ਸਾਹਿਬਾਨ— ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ — ਅਤੇ ਭਾਰਤ ਦੇ ਵਖ ਵਖ ਪ੍ਰਾਂਤਾਂ ਵਿਚ ਜਨਮ ਲੈਣ ਵਾਲੇ 30 ਹੋਰ ਮਹਾਂ ਪੁਰਸ਼ਾਂ, ਭਗਤਾਂ, ਦਰਵੇਸ਼ਾਂ ਅਤੇ ਗੁਰੂ ਘਰ ਦੇ ਨਿਕਟ ਵਰਤੀਆਂ ਦੀ ਰਚਨਾ ਸੰਕਲਿਤ ਕੀਤੀ ਗਈ ਹੈ। ਇਹ ਅਧਿਆਤਮਕ ਸਾਹਿਤ ਭਾਰਤ ਦੇ ਸਮਾਜਕ ਅਤੇ ਸਭਿਆਚਾਰਕ ਜੀਵਨ ਦਾ ਪੂਰਾ ਦਰਪਣ ਅਰਥਾਤ ਪ੍ਰਤਿਬਿੰਬ ਹੈ।

ਇਸ ਖੋਜ ਪ੍ਰਬੰਧ — 'ਆਦਿ ਗ੍ਰੰਥ ਦੇ ਗੁਰੂ - ਕਾਵਿ ਦਾ ਸਮਾਜਕ ਪੱਖ' — ਦੇ ਵਿਸ਼ੇ ਦਾ ਆਧਾਰ ਆਦਿ ਗ੍ਰੰਥ ਵਿਚ ਸੰਕਲਿਤ ਕੇਵਲ 'ਗੁਰੂ- ਕਾਵਿ' ਹੈ। ਗੁਰੂ ਕਵੀਆਂ ਦੀਆਂ ਰਚਨਾਵਾਂ ਦੇ ਸ਼ਬਦ-ਜੋੜਾਂ ਲਈ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ) ਨੂੰ ਆਧਾਰ ਬਣਾਇਆ ਗਿਆ ਹੈ।

ਇਸ ਖੋਜ ਪ੍ਰਬੰਧ ਦੇ ਵਿਸ਼ੇ ਸਬੰਧੀ ਪ੍ਰੇਰਨਾ ਇਸ ਵਿਚਾਰ ਤੋਂ ਮਿਲੀ ਕਿ ਬਹੁਤੇ ਵਿਦਵਾਨਾਂ ਨੇ ਹੁਣ ਤਕ ਆਦਿ ਗ੍ਰੰਥ ਦੇ ਕੇਵਲ ਅਧਿਆਤਮਕ/ਧਾਰਮਿਕ ਪੱਖ ਵਲ ਹੀ ਵਧੇਰੇ ਧਿਆਨ ਦਿੱਤਾ ਹੈ। ਲੇਖਕ ਦੇ ਦਾਦਕੇ ਤੇ ਨਾਨਕੇ ਪਰਿਵਾਰ ਵਿਚ ਗੁਰਮਤਿ ਦਾ ਵਾਤਾਵਰਣ ਹੋਣ ਕਾਰਣ ਬਚਪਨ ਤੋਂ ਹੀ ਉਸ ਨੂੰ ਗੁਰਬਾਣੀ ਪੜ੍ਹਨ ਦੇ ਅਭਿਆਸ ਵਿਚੋਂ ਜਾਣਕਾਰੀ ਪ੍ਰਾਪਤ ਹੋਈ ਕਿ ਇਸ ਮਹਾਨ ਸਾਹਿਤ ਦਾ ਸਮਾਜਕ ਅਤੇ ਸਭਿਆਚਾਰਕ ਪੱਖ ਵੀ ਓਨਾਂ ਹੀ ਮਜ਼ਬੂਤ ਹੈ ਜਿੰਨਾ ਅਧਿਆਤਮਕ ਜਾਂ ਕੋਈ ਹੋਰ ਪੱਖ। ਵਿਦਵਾਨਾਂ ਵਲੋਂ ਆਦਿ ਗ੍ਰੰਥ ਸਬੰਧੀ ਖੋਜ ਹੁਣ ਤਕ ਆਸ ਨਾਲੋਂ ਬਹੁਤ ਘਟ ਹੋਈ ਹੈ। ਆਮ ਤੌਰ ਤੇ ਇੱਕਲੇ ਇੱਕਲੇ ਗੁਰੂ ਸਾਹਿਬ ਦੇ ਕਾਵਿ ਦਾ ਕੋਈ ਇਕ ਪੱਖ ਲੈ ਕੇ ਖੋਜ ਕੀਤੀ ਗਈ ਹੈ। ਗੁਰੂ ਸਾਹਿਬਾਨ ਵਿਚੋਂ ਵੀ ਵਿਸ਼ੇਸ਼ ਤੌਰ ਤੇ ਗੁਰੂ ਨਾਨਕ ਦੇਵ ਜੀ ਬਾਰੇ ਹੀ ਅਧਿਕਤਰ

ਵਿਦਵਾਨਾਂ ਨੇ ਪੇਸ਼ ਕੀਤੀ ਹੈ।[1]

ਕੁਝ ਇਤਿਹਾਸਕਾਰਾਂ ਨੇ ਸਿਖ ਧਰਮ ਸੰਬੰਧੀ ਇਤਿਹਾਸ[2] ਤਾਂ ਲਿਖਿਆ ਹੈ ਪਰ ਅਜਿ

---

1. ੳ) Philosophy of Guru Nanak, Dr. S.S.Kohli.
   ਅ) Guru Nanak as a Poet, Dr. Taran Singh
   ੲ) Mysticism of Guru Nanak, Dr. Dewan Singh.
   ਸ) Guru Nanak, Dr. Trilochan Singh.
   ਹ) Guru Nanak & Sikh Religion, Dr. W.C.Leod.
   ਕ) Guru Nanak & His Times, A.C. Bannerjee.
   ਖ) Social & Political Philosophy of Guru Nanak & Guru Gobind Singh, Dr. S.S.Bedi.
   ਗ) Guru Teg Bahadur, Dr. Trilochan Singh.
   ਘ) ਗੁਰੂ ਨਾਨਕ, ਜੀਵਨ ਦੌਰ ਰਚਨਾ, ਡਾ: ਜੈ ਰਾਮ ਮਿਸ਼ਰ।
   ਙ) ਨਾਨਕ ਬਾਣੀ ਦਾ ਵਿਸ਼ਲੇਸ਼ਣਾਤਮਕ ਅਧਿਐਨ (ਸਾਹਿਤ ਤੇ ਸੰਗੀਤ ਵਿਚ), ਡਾ: [illegible] ਸਿੰਘ।
   ਚ) ਗੁਰੂ ਨਾਨਕ ਦਰਸ਼ਨ, ਡਾ: [illegible] ਸਿੰਘ ਬੇਦੀ।
   ਛ) ਗੁਰੂ ਨਾਨਕ ਦੀ ਵਿਚਾਰਧਾਰਾ, ਡਾ: ਰਤਨ ਸਿੰਘ ਜੱਗੀ।
   ਜ) ਗੁਰੂ ਨਾਨਕ, ਜੀਵਨ ਤੇ ਵਿਅਕਤਿਤਵ, ਡਾ: ਰਤਨ ਸਿੰਘ ਜੱਗੀ।
   ਝ) ਗੁਰੂ ਨਾਨਕ ਦੇ [illegible] ਚਿੰਤਨ, ਡਾ: ਮਨਮੋਹਨ ਸਿੰਘ।
   ਞ) ਗੁਰੂ ਨਾਨਕ ਤੇ ਨਿਰਗੁਣ ਧਾਰਾ, ਡਾ: ਪ੍ਰੇਮ ਪ੍ਰਕਾਸ਼ ਸਿੰਘ।
   ਟ) ਕ੍ਰਾਂਤੀਕਾਰੀ ਗੁਰੂ ਨਾਨਕ, ਡਾ: ਵਿਸ਼ਵਾ ਨਾਥ ਤਿਵਾੜੀ।
   ਠ) ਅਮਰ ਬਾਣੀ, ਗੁਰੂ ਅਮਰਦਾਸ, ਡਾ: ਬਲਬੀਰ ਸਿੰਘ ਦਿਲ।
   ਡ) ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਡਾ: ਕਰਤਾਰ ਸਿੰਘ ਸੂਰੀ।
   ਢ) ਗੁਰੂ ਅਰਜਨ, ਜੀਵਨ ਤੇ ਬਾਣੀ, ਡਾ: ਮਹਿੰਦਰ ਕੌਰ।
   ਣ) ਗੁਰੂ ਤੇਗ ਬਹਾਦਰ, ਜੀਵਨ, ਸਿੱਖਿਆ ਤੇ ਕੁਰਬਾਨੀ, ਡਾ: ਫੌਜਾ ਸਿੰਘ ਅਤੇ ਡਾ: ਤਾਰਨ ਸਿੰਘ।

2. ੳ) The Sikh Religion, M.A. Macauliffe.
   ਅ) History of the Sikhs, J.D. Cunningham.
   ੲ) History of the Panjab, S.M.Latif.
   ਸ) History of the Sikh Gurus, Dr. Hari Ram Gupta.
   ਹ) Transformation of Sikhism, Dr. G.C. Narang.
   ਕ) Evolution of the Khalsa, Indu Bhushan Bannerjee.
   ਖ) The Sikh Gurus & the Sikh Society, Niharranjan Ray.
   ਗ) A Short History of the Sikhs, Teja Singh & Ganda Singh (Dr)
   ਘ) Panjab under the Sultans, Dr. B.S. Nijjar.
   ਙ) Panjab under the Great Mughals, Dr. B.S. Nijjar.
   ਚ) History of the Panjab, Dr. F.C. Narang & Dr. H.R. Gupta.

ਗ੍ਰੰਥ ਦੇ ਸਾਹਿਤਕ ਪੱਖ ਦਾ ਵਿਚਾਰ ਕੁਝਾਂ ਨੇ ਪੁਸਤਕਾਂ ੨੦੧ ਉਲੀਕਿਆ, ਪਰੰਤੂ ਇਸ ਗੱਲ ਕਿ ਇਹ ਕੁਝਾਂ ਦੇ ਵਿਚੋਂ ਮੈਟਰ ਦੀ ਸੀਮਾ ਕਿਸ ਤਰ੍ਹਾਂ ਆਉਂਦਾ।

ਇਸੇ ਪ੍ਰਕਾਰ ਪੂਰੇ ਆਦਿ ਗ੍ਰੰਥ ਬਾਰੇ ਦੀ ਸਮੁੱਚ ਲੇਖੇ ਵਿਦਵਾਨਾਂ ਨੇ ਪੇਸ਼ ਕੀਤੀ ਹੈ।[3] —ਕੁਝਾਂ ਵਿਚੋਂ ਵੀ ਆਦਿ ਗ੍ਰੰਥ ਦੇ 'ਗੁਰੂ-ਵਾਣੀ' ਦੇ ਸਾਹਿਤਕ ਪੱਖ ਬਾਰੇ ਕਿਸੇ ਨੇ ਵੀ ਇਤਨਾ ਜ਼ੋਰ ਦੇ ਲੇਖ ਨਹੀਂ ਲੀਤੇ। ਕੋਈ ਕੁਝਾਂ ਕਵੀਆਂ ਰਚਨਾਵਾਂ ਵਿਚ ਇਕ ਅੰਸ਼ ਅਧਿਆਇ ਦੀ ਪਰਤੀਤ ਜਾਪਦੂ ਹੀ ਆਦਿ ਗ੍ਰੰਥ ਦੇ ਗੁਰੂ-ਵਾਣੀ ਦਾ ਸਾਹਿਤਕ ਵਿਸ਼ਲੇਸ਼ਣ ਕੀਤਾ ਗਿਆ ਅਤੇ ਵਿਸ਼ਲੇਸ਼ਿਤ ਹੋਇਆ ਹੈ। ਵੀ ਡਾ: ਪ੍ਰਮਿੰਦਰ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਂਸਕ੍ਰਿਤਕ ਸਰਵੇਖਣ' ਵਿਚ ਆਦਿ ਗ੍ਰੰਥ ਦੇ ਵਾਹਿ ਦਾ ਸਾਹਿਤਕ ਪੱਖ ਉਜਾਗਰ ਕਰਨ ਹਿਤ ਪ੍ਰਕਰਣ ਸ਼ਾਮਲ ਕੀਤਾ ਹੈ ਅਤੇ ਇਸ ਲੇਖ ਪ੍ਰਬੰਧ ਬਾਰੇ ਸਾਡੀ ਨੌਕਰੀ ਦਾ ਮੂਲ ਵੀ ਇਹੋ ਹੈ, ਪਰ ਸਾਡੇ ਇਸ ਲੇਖ ਪ੍ਰਬੰਧ ਦਾ ਆਧਾਰ — ਆਦਿ ਗ੍ਰੰਥ ਦਾ ਕੇਵਲ ਗੁਰੂ-ਵਾਣੀ ਹੈ ਨਾ ਕਿ ਸਮੁੱਚਾ ਆਦਿ ਗ੍ਰੰਥ।

ਇਸ ਲੇਖ ਪ੍ਰਬੰਧ ਨੂੰ ਅਸਾਂ ਤੇ ਅਧਿਆਵਾਂ ਵਿਚ ਵਿਭਾਜਨ ਕੀਤਾ ਗਿਆ ਹੈ:

ਪਹਿਲੇ ਅਧਿਆਇ— ਵਿਚ 'ਆਦਿ ਗ੍ਰੰਥ ਦੇ ਗੁਰੂ-ਵਾਣੀ ਦਾ ਪਿਛੋਕੜ' ਸਿਰਲੇਖ ਅਧੀਨ ਇਸ ਨੂੰ ਦੋ ਭਾਗਾਂ ਵਿਚ ਵੰਡਿਆ ਹੈ: ਸਾਹਿਤਕ ਪਿਛੋਕੜ ਤੇ ਗੁਰੂ-ਵਾਣੀ। ਸਾਹਿਤਕ ਪਿਛੋਕੜ ਇਸ ਗੱਲੀ ਅੰਕਿਤ ਸਮਝਿਆ ਗਿਆ, ਕਿਉਂਕਿ ਕਿਸੇ ਵੀ ਸਾਹਿਤਕ ਰਚਨਾ ਦੇ ਮੁਲਾਂਕਣ ਲਈ ਇਸ ਦਾ ਵਿਵੇਚਨ ਅਤਿ ਜ਼ਰੂਰੀ ਹੈ। ਇਸ ਲਈ ਪੂਰਵ-ਨਾਨਕ ਕਾਲ ਦੀਆਂ ਰਾਜਨੀਤਕ, ਸਾਮਾਜਕ ਤੇ ਧਾਰਮਿਕ ਵਿਵਸਥਾ ਦੇ ਪਿਛੋਕੜ ਵਿਚ ਪੂਰਵ-ਨਾਨਕ ਪੰਜਾਬੀ ਸਾਹਿਤ ਉਤੇ ਸੰਖੇਪ ਜਿਹੀ ਝਾਤ ਪਾਈ ਗਈ ਹੈ। ਇਸ ਕਾਲ ਦੇ ਨਾਥ ਸਾਹਿਤ, ਸੂਫ਼ੀ ਸਾਹਿਤ, ਭਗਤੀ ਸਾਹਿਤ, ਵਾਰ ਸਾਹਿਤ, ਲੋਕ ਸਾਹਿਤ ਤੇ ਪੁਰਾਤਨ ਸਾਹਿਤ ਬਾਰੇ ਜਾਣਕਾਰੀ ਦੇਣ ਉਪਰੰਤ ਇਸ ਅਧਿਆਇ ਦੇ ਦੂਜੇ ਭਾਗ ਵਿਚ ਦੇ ਗੁਰੂ ਸਾਹਿਬਾਨ (ਜਿਨ੍ਹਾਂ ਦੀ ਰਚਨਾ ਆਦਿ-ਗ੍ਰੰਥ ਵਿਚ ਸੰਕਲਿਤ ਹੈ) ਅਤੇ ਉਨ੍ਹਾਂ ਦੀ ਰਚਨਾ (ਜੋ ਇਸ ਲੇਖ-ਪ੍ਰਬੰਧ ਦਾ ਆਧਾਰ ਹੈ) ਬਾਰੇ ਅਤਿ ਸੰਖੇਪ ਵਰਣਨ ਕੀਤਾ ਗਿਆ ਹੈ।

ਦੂਜੇ ਅਧਿਆਇ—— 'ਸਾਹਿਤ ਦੇ ਸਾਧਨ' ਨੂੰ ਤਿੰਨ ਭਾਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ। ਪਹਿਲੇ ਭਾਗ ਵਿਚ ਸਾਹਿਤ ਤੇ ਸਾਧਨ ਦੇ ਪ੍ਰਚਲਤ ਸਿੱਧਾਂਤਾਂ ਅਤੇ ਆਧਾਰ-ਪ੍ਰਕਾਰ ਬਾਰੇ

ਸ੍ਰੋ 3)
ਅ) A Critical study of the Adi Granth, Dr. S.S.Kohli.
ੲ) The Gospel of Guru Granth Sahib, Duncan Greenlees.
ਗੁਰੂ ਗ੍ਰੰਥ ਦਰਪਣ, ਡਾ: ਜੋਧ ਸਿੰਘ
ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਡਾ: ਤਾਰਨ ਸਿੰਘ।
ਹ) ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਵਿਸ਼ਲੇਸ਼ਣ, ਡਾ: ਪ੍ਰੇਮ ਸਿੰਘ ਕਲਸੀ।

ਬਾਰੇ ਚਰਚਾ ਕੀਤੀ ਗਈ ਹੈ। ਦੂਜੇ ਭਾਗ ਵਿਚ ਪੰਜਾਬੀ ਸਾਹਿਤ ਦੇ ਸਾਧਨਾ ਦੇ ਸੋਮਿਆਂ ਅਤੇ ਤੀਜੇ ਵਿਚ ਸਾਧਨਾ ਪੱਖ ਤੋਂ ਕੀ ਭਾਵ ਹੈ ? ਬਾਰੇ ਅਤਿ ਸੰਖੇਪ ਦਾ ਵਰਣਨ ਕੀਤਾ ਗਿਆ ਹੈ।

ਤੀਜੇ ਅਧਿਆਇ—'ਆਧੁਨਿਕ ਯੁੱਗ ਦੇ ਕੂਕਾ-ਲਹਿਰ ਦਾ ਰਾਜਨੀਤਿਕ ਪੱਖ' ਵਿਚ ਸਮਕਾਲੀਨ ਰਾਜਨੀਤਿਕ ਵਿਵਸਥਾ ਦਾ ਵਰਣਨ ਕਰਨ ਪਿੱਛੋਂ ਗੁਰੂ ਸਾਹਿਬਾਨ ਤੇ ਸਮਕਾਲੀਨ ਹਾਕਮਾਂ ਦੇ ਸੰਬੰਧਾਂ ਬਾਰੇ ਚਰਚਾ ਕੀਤੀ ਗਈ ਹੈ। ਉਪਰੰਤ ਸੁਤੰਤਰ-ਪ੍ਰਤੀ— ਸੁਰਾਜ / ਸਵਰਾਜ, ਨਾ-ਮਿਲਵਰਤਣ, ਬਾਈਕਾਟ-ਪ੍ਰਣਾਲੀ, ਸਿਖ-ਪ੍ਰਤੀ ਆਦਿ ਦਾ ਵਰਣਨ ਕਰਦਿਆਂ ਕੂਕਿਆਂ ਦੁਆਰਾ ਅੰਦੋਲਨ ਅਤੇ ਉਨ੍ਹਾਂ ਦੁਆਰਾ ਪ੍ਰਤਿਪਾਦਤ ਆਦਰਸ਼ ਰਾਜ ਅਤੇ ਰਾਜਨੀਤੀ ਦੇ ਸੰਕਲਪ ਦਾ ਵਿਵੇਚਨ ਕੀਤਾ ਗਿਆ ਹੈ।

ਚੌਥੇ ਅਧਿਆਇ—'ਆਧੁਨਿਕ ਯੁੱਗ ਦੇ ਕੂਕਾ-ਲਹਿਰ ਦਾ ਸਮਾਜਕ ਅਤੇ ਸਭਿਆਚਾਰਕ ਪੱਖ'-ਵਿਚ ਸਮਕਾਲੀਨ ਸਮਾਜਕ, ਸਭਿਆਚਾਰਕ ਅਤੇ ਆਰਥਿਕ ਵਿਵਸਥਾ ਦਾ ਵਿਸ਼ਲੇਸ਼ਣ ਕਰਦਿਆਂ ਸਮਾਜਕ ਵਿਵਸਥਾ ਦੇ ਅਧੀਨ ਹਿੰਦੂ ਤੇ ਮੁਸਲਿਮ ਸਮਾਜ, ਪਰਿਵਾਰ ਅਧੀਨ ਹਿੰਦੂ ਤੇ ਮੁਸਲਮਾਨ ਪਰਿਵਾਰ ਦੇ ਸੰਸਕਾਰ; ਵਿਆਹ; ਇਸਤਰੀ ਦਾ ਸਥਾਨ; ਸਮਾਜ ਦੇ ਸਭਿਆਚਾਰਕ ਬੁਰਾਈਆਂ; ਸੋਗ; ਦਸਤਕਾਰ ਦੇ ਘਰ; ਮੇਲਿਆਂ; ਤਿਉਹਾਰ ਦੇ ਦਿਨ; ਵਿਦਿਆ ਅਤੇ ਆਰਥਿਕ ਵਿਵਸਥਾ ਬਾਰੇ ਵਰਣਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕੂਕਿਆਂ ਦੁਆਰਾ ਸਮਕਾਲੀਨ ਕੁਰੀਤ ਸਮਾਜਕ, ਸਭਿਆਚਾਰਕ ਤੇ ਆਰਥਿਕ ਪਰਿਸਥਿਤੀਆਂ ਦਾ ਖੰਡਨ ਅਤੇ ਉਨ੍ਹਾਂ ਦੁਆਰਾ ਸਮਾਜ ਸੁਧਾਰ ਲਈ ਜੋ ਕੀਤੀ ਗਈ ਉਸਾਰੂ-ਅੰਦੋਲਨ ਦਾ ਵਿਵੇਚਨ ਕੀਤਾ ਗਿਆ ਹੈ।

ਪੰਜਵੇਂ ਅਧਿਆਇ—'ਆਧੁਨਿਕ ਯੁੱਗ ਦੇ ਕੂਕਾ-ਲਹਿਰ ਦਾ ਧਾਰਮਿਕ ਪੱਖ'— ਵਿਚ ਸਮਕਾਲੀਨ ਧਾਰਮਿਕ ਵਿਵਸਥਾ ਦਾ ਵਰਣਨ ਕਰਨ ਪਿੱਛੋਂ ਹਿੰਦੂ ਤੇ ਮੁਸਲਿਮ ਵਿਚਾਰਧਾਰਾ ਵੱਲ ਝੁਕਾਅ ਨੂੰ ਖ਼ਤਮ ਕਰਨ ਲਈ ਗੁਰੂ ਸਾਹਿਬਾਨ ਦੁਆਰਾ ਕੀਤੇ ਗਏ ਪ੍ਰਯਤਨਾਂ ਦਾ ਵਰਣਨ ਕੀਤਾ ਗਿਆ ਹੈ। ਉਪਰੰਤ ਉਨ੍ਹਾਂ ਸਮਿਆਂ ਦੇ ਧਰਮਾਂ— ਹਿੰਦੂ ਧਰਮ ਦੇ ਪੁਰਾਤਨ ਧਰਮ ਅਤੇ ਉਸਦੀਆਂ ਮੁਖ ਸੰਪਰਦਾਵਾਂ, ਇਸਲਾਮ ਧਰਮ, ਜੈਨ ਧਰਮ, ਬੁੱਧ ਧਰਮ, ਨਾਨਕ ਦੇ ਗੁਰੂ ਸੰਪਰਦਾਵਾਂ— ਦੁਆਰਾ ਵਰਤਾਰੀ ਗਈ ਰਹਿਣੀ ਬਹਿਣੀ ਬਾਰੇ ਚਰਚਾ ਕੀਤੀ ਗਈ ਹੈ। ਕੂਕਾ-ਲਹਿਰ ਵਿਚ ਸਮਕਾਲੀਨ ਧਾਰਮਿਕ ਜੀਵਨ ਦੀ ਕੁਰੀਤੀ ਦਾ ਖੰਡਨ ਅਤੇ ਹਰ ਧਰਮ ਵਿਚੋਂ ਕੂਕਿਆਂ ਦੁਆਰਾ ਦਰਸਾਏ ਗਏ ਮੱਤ ਦਾ ਉਲੇਖ ਕੀਤਾ ਗਿਆ ਹੈ।

ਛੇਵੇਂ ਅਧਿਆਇ ਵਿਚ ਪਹਿਲੇ ਪੰਜ ਅਧਿਆਵਾਂ ਦਾ ਸਾਰ ਸੰਖਿਪਤ ਕੀਤਾ ਗਿਆ ਹੈ।

ਇਸ ਖੋਜ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਲਈ ਮੈਂ ਆਪਣੇ ਨਿਗਰਾਨ ਡਾ: ਮਨਮੋਹਨ ਸਿੰਘ, ਰੀਡਰ, ਐਮ.ਏ.,ਪੀ.ਐਚ.ਡੀ., ਦੀਰਘ ਅਤੇ ਮੁਖੀ ਪੰਜਾਬੀ ਵਿਭਾਗ, ਕਾਰਸਪੌਂਡੈਂਸ ਕੋਰਸ ਡਾਇਰੈਕਟੋਰੇਟ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦਾ ਰਿਣੀ ਹਾਂ, ਜਿਨ੍ਹਾਂ ਦੁਆਰਾ ਮਿਲੇ ਉਤਸ਼ਾਹ ਅਤੇ ਸਹਾਇਤਾ ਨਾਲ ਇਹ ਖੋਜ-ਕਾਰਜ ਨੂੰ ਮੁਕੰਮਲ ਕਰ ਸਕਣ ਦੇ ਯੋਗ ਹੋਇਆ ਹਾਂ।

ਡਾ: ਸੁਰਿੰਦਰ ਸਿੰਘ ਕੋਹਲੀ, ਐਮ.ਏ.ਪੀ.ਐਚ.ਡੀ., ਮੁਖੀ, ਪੰਜਾਬੀ ਵਿਭਾਗ, ਪੰ: ਯੂ: ਚੰਡੀਗੜ੍ਹ ਦਾ ਵੀ ਮੈਂ ਅਤੀ ਧੰਨਵਾਦੀ ਹਾਂ, ਜੋ ਆਪਣੇ ਬਹੁਮੁੱਲੇ ਰੁਝੇਵਿਆਂ ਵਿਚੋਂ ਸਮਾਂ ਦੇ ਕੇ, ਲੋੜ ਅਨੁਸਾਰ ਮੇਰੀ ਵੀ ਅਗਵਾਈ ਕਰਦੇ ਰਹੇ ਹਨ।

ਉਨ੍ਹਾਂ ਸਭ ਵਿਦਵਾਨ ਲਿਖਾਰੀਆਂ ਦਾ ਮੈਂ ਧੰਨਵਾਦ ਕੀਤੇ ਬਿਨਾ ਨਹੀਂ ਰਹਿ ਸਕਦਾ, ਜਿਨ੍ਹਾਂ ਦੀਆਂ ਬਹੁਮੁੱਲੀਆਂ ਪੁਸਤਕਾਂ ਤੋਂ ਮੈਂ ਸਹਾਇਤਾ ਲਈ ਹੈ।

ਮੈਂ ਉਨ੍ਹਾਂ ਸਭ ਸੱਜਣਾਂ ਅਤੇ ਮਿੱਤਰ-ਪਿਆਰਿਆਂ ਅਤੇ ਵਿਸ਼ੇਸ਼ ਤੌਰ ਤੇ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਲਾਇਬ੍ਰੇਰੀ ਦੇ ਉਨ੍ਹਾਂ ਕਰਮਚਾਰੀਆਂ ਦਾ ਰਿਣੀ ਹਾਂ ਜੋ ਇਸ ਖੋਜ ਦੇ ਸਮੇਂ ਦੌਰਾਨ ਮੈਨੂੰ ਪੁਸਤਕਾਂ ਦੀ ਜ਼ਰੂਰਤ ਪੂਰਨ ਕਰਦੇ ਰਹੇ ਹਨ।

ਇਹ ਨਾਸ਼ੁਕਰੀ ਵਾਲੀ ਗੱਲ ਹੋਵੇਗੀ ਜੇ ਮੈਂ ਸਤਿਗੁਰੂ ਅਕਾਲ ਪੁਰਖ ਦਾ ਧੰਨਵਾਦ ਨਾ ਕਰਾਂ। ਉਸ ਦੀ ਕਿਰਪਾ ਤੋਂ ਬਿਨਾ ਇਹ ਕੰਮ-ਕਾਰਜ ਕਿਵੇਂ ਨਹੀਂ ਸੀ ਹੋ ਸਕਦਾ। ਆਖਿਰ ਉਸ ਦਾ ਗੁਰੂ-ਆਸ਼ਿਰਵਾਦ ਬਹੁਤ [illegible] ਹੈ। ਮੇਰੇ ਵਰਗਾ ਅਲਪੱਗ ਜੀਵ ਇਸ ਦੀ ਥਾਹ ਨਹੀਂ ਪਾ ਸਕਦਾ। ਇਹ ਵਿਸ਼ਾ [illegible] ਕਠਨ ਹੈ ਅਤੇ ਮੇਰੀ ਲਿਖਤਾਂ [illegible] ਆਸ ਕਰਦਾ ਹਾਂ ਕਿ ਉਹ [illegible] ਦਾ ਮੈਨੂੰ ਭੁੱਲ ਬਖਸ਼ਣਗੇ।

ਅਵਤਾਰ ਸਿੰਘ

(ਅਵਤਾਰ ਸਿੰਘ)

ਅਧਿਆਇ ਪਹਿਲਾ

'ਆਦਿ - ਯੁਗ ਦੇ ਗੁਰੂ - ਸ਼ਬਦ ਦਾ ਸੰਖੇਪ ਸਰਵੇਖਣ'

ਅਧਿਆਇ ਪਹਿਲਾ

'ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਸੰਖੇਪ ਸਰਵੇਖਣ'

ਮਧਕਾਲੀਨ ਭਾਰਤ ਵਿਚ ਸਮਾਜਕ ਅਧੋਗਤੀ ਦੇ ਪ੍ਰਤਿਕਰਮ ਵਜੋਂ ਆਰੰਭ ਹੋਏ ਭਗਤੀ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ 'ਆਦਿ ਗ੍ਰੰਥ' ਹੈ। ਇਸ ਮਹਾਨ ਗ੍ਰੰਥ ਵਿਚ ਸਾਡਾ ਪੰਜ ਸੌ ਸਾਲਾਂ (1170-1675 ਈ:) ਦਾ ਬਹੁਮੁੱਲਾ ਅਧਿਆਤਮਕ ਤੇ ਸਮਾਜਕ ਸਾਹਿਤਕ ਵਿਰਸਾ ਸੁਰੱਖਿਅਤ ਹੈ। ਗੁਰੂ ਸਾਹਿਬਾਨ ਤੋਂ ਭਗਤੀ ਕਾਵਿ ਨਾਲ ਸੰਬੰਧਤ ਪ੍ਰਸਿੱਧ ਭਗਤਾਂ, ਭੱਟਾਂ ਅਤੇ ਗੁਰੂ-ਘਰ ਦੇ ਨਿਕਟਵਰਤੀ ਕਵੀਆਂ ਦੀ ਬਾਣੀ ਵੀ ਇਸ ਵਿਚ ਦਰਜ ਹੈ, ਪਰ ਇਸ ਅਧਿਆਇ ਦੇ ਨਿਰਧਾਰਿਤ ਸਿਰਲੇਖ ਅਨੁਸਾਰ ਇਥੇ ਅਸੀਂ ਆਦਿ ਗ੍ਰੰਥ ਵਿਚ ਸੰਕਲਿਤ ਕੇਵਲ ਗੁਰੂ-ਕਾਵਿ ਦਾ ਹੀ ਸੰਖੇਪ ਸਰਵੇਖਣ ਕਰਾਂਗੇ।

ਕਿਸੇ ਵੀ ਕਵੀ ਦੀ ਸਾਹਿਤਕ ਰਚਨਾ ਦਾ ਮੁਲਿਆਂਕਣ ਕਰਨ ਤੋਂ ਪਹਿਲਾਂ ਉਸ ਦੇ ਸਾਹਿਤਕ ਪਿਛੋਕੜ ਦੀ ਜਾਣਕਾਰੀ ਹੋਣੀ ਅਤਿ-ਆਵੱਸ਼ਕ ਹੈ। ਇਸ ਲਈ ਅਸੀਂ ਇਸ ਅਧਿਆਇ ਨੂੰ ਦੋ ਭਾਗਾਂ ਵਿਚ ਵੰਡਿਆ ਹੈ:-

(ੳ) ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਸਾਹਿਤਕ ਪਿਛੋਕੜ,

(ਅ) ਆਦਿ ਗ੍ਰੰਥ ਦਾ ਗੁਰੂ-ਕਾਵਿ।

ਹੁਣ ਅਸੀਂ ਆਦਿ ਗ੍ਰੰਥ ਦੇ ਗੁਰੂ-ਕਾਵਿ ਦੇ ਸਾਹਿਤਕ ਪਿਛੋਕੜ ਦਾ ਸੰਖੇਪ ਵਿਵੇਚਨ ਕਰਾਂਗੇ।

(ੳ) ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਸਾਹਿਤਕ ਪਿਛੋਕੜ:

ਗੁਰੂ ਕਾਵਿ ਦੇ ਸਾਹਿਤਕ ਪਿਛੋਕੜ ਨੂੰ ਸਮਝਣ ਲਈ ਪੂਰਵ ਨਾਨਕ ਕਾਲ ਵਿਚ ਰਚੇ ਗਏ ਸਾਹਿਤ ਦਾ ਵਰਣਨ ਕਰਨ ਤੋਂ ਪਹਿਲਾਂ ਇਸ ਕਾਲ ਦੀਆਂ ਰਾਜਨੀਤਕ, ਸਮਾਜਕ, ਆਰਥਿਕ ਤੇ ਧਾਰਮਿਕ ਪਰਿਸਥਿਤੀਆਂ ਦੀ ਸੰਖੇਪ ਚਰਚਾ ਕੀਤੀ ਜਾਵੇਗੀ।

ਪੂਰਵ ਨਾਨਕ ਕਾਲ ਵਿਚ ਬਾਰ੍ਹਵੀਂ ਸਦੀ ਤਕ ਲੱਗਭਗ ਪੰਜ ਸੌ ਸਾਲ ਉੱਤਰੀ ਭਾਰਤ ਵਿਚ ਕੋਈ ਕੇਂਦਰੀ ਸਰਕਾਰ ਨਹੀਂ[1] ਸੀ। ਰਾਜਪੂਤ ਰਜਵਾੜਿਆਂ ਵਿਚ ਆਪਸੀ ਲੜਾਈਆਂ ਅਤੇ ਵਿਦੇਸ਼ੀ ਹਮਲਿਆਂ ਕਾਰਣ ਰਾਜਸੀ ਅਰਾਜਿਕਤਾ ਦਾ ਬੋਲਬਾਲਾ ਸੀ। 1206 ਈ: ਵਿਚ ਮੁਸਲਮਾਨਾਂ ਦਾ ਸੁਤੰਤਰ ਰਾਜ ਸਥਾਪਿਤ ਹੋਣ ਤੇ ਵੀ ਇਥੇ ਅਸ਼ਾਂਤੀ ਹੀ ਰਹੀ। ਸੁਲਤਾਨਾਂ ਦਾ ਰਾਜ ਇਸਲਾਮੀ ਸ਼ਰ੍ਹਾ ਦੇ ਅਧਾਰਤ ਹੋਣ ਕਾਰਣ ਉਹ ਹਿੰਦੂਆਂ ਤੇ ਬਹੁਤ ਅਤਿਆਚਾਰ ਕਰਦੇ ਸਨ। ਹਿੰਦੂਆਂ ਦੇ ਧਰਮ ਮੰਦਰਾਂ ਨੂੰ ਢਾਹ ਕੇ ਉਸੇ ਥਾਂ ਤੇ ਮਸਜਦਾਂ ਉਸਾਰੀਆਂ ਜਾਂਦੀਆਂ ਸਨ। ਉਨ੍ਹਾਂ ਦੇ ਧਰਮ ਪਰਿਵਰਤਨ ਲਈ ਹਰ ਸੰਭਵ ਯਤਨ ਕੀਤਾ ਜਾਂਦਾ ਸੀ। ਜਜ਼ੀਆ ਨਾਮ ਦਾ ਟੈਕਸ ਲਾ ਕੇ ਵਸੂਲੀ ਵੇਲੇ ਉਨ੍ਹਾਂ ਨੂੰ ਅਪਮਾਨਿਤ ਕੀਤਾ ਜਾਂਦਾ ਸੀ। ਮੁੱਕਦੀ ਗੱਲ ਕਿ ਹਿੰਦੂਆਂ ਨੂੰ ਉਨ੍ਹਾਂ ਦੇ ਆਪਣੇ ਦੇਸ਼ ਵਿਚ ਹੀ ਨੰਬਰ ਦੋ ਦੇ ਨਾਗਰਿਕ ਸਮਝਿਆ ਜਾਂਦਾ ਸੀ।[2]

---

1. Sultanate of Delhi- P. 57, V.D. Mahajan.
2. Guru Nanak and His Times, P. 24, A.C. Bannerjee..

ਇਸ ਕਾਲ ਦੌਰਾਨ ਸਮਾਜਕ ਢਾਂਚਾ ਵੀ ਵਿਕ੍ਰਤ ਹੋ ਚੁਕਿਆ ਸੀ। ਹਿੰਦੂ ਸਮਾਜ ਵਰਣ-ਆਸ਼੍ਰਮ ਵਿਚ ਵਿਸ਼ਵਾਸ਼ ਰਖਦਾ ਸੀ। ਇਸ ਲਈ ਜ਼ਾਤ ਪਾਤ ਦੇ ਭਰਮ ਤੇ ਛੂਤ ਛਾਤ ਚਰਮ ਸੀਮਾ ਤੇ ਸਨ। ਸ਼ੂਦਰਾਂ ਲਈ ਹਿੰਦੂ-ਧਰਮ-ਮੰਦਿਰਾਂ ਦੇ ਦਰਵਾਜ਼ੇ ਬੰਦ[3] ਸਨ। ਹਿੰਦੂ ਤੇ ਮੁਸਲਮਾਨ ਇਕ ਦੂਜੇ ਨੂੰ ਬਹੁਤ ਘ੍ਰਿਣਾ ਕਰਦੇ ਸਨ। ਇਸਲਾਮ ਦੀ ਸਾਦਗੀ ਤੇ ਬਹੁਤੇ ਦੇਵਤਿਆਂ ਦੀ ਥਾਂ ਇਕ ਪਰਮਾਤਮਾ ਵਿਚ ਵਿਸ਼ਵਾਸ਼ ਅਤੇ ਮੁਸਲਿਮ ਭਾਈਚਾਰੇ ਵਿਚ ਜਾਤ ਪਾਤ ਦੇ ਭੇਦ ਵਿਚ ਅਵਿਸ਼ਵਾਸ ਅਤੇ ਮੁਸਲਿਮ ਭਾਈਚਾਰੇ ਵਿਚ ਜ਼ਾਤ ਪਾਤ ਦੇ ਭੇਦ ਵਿਚ ਅਵਿਸ਼ਵਾਸ਼ ਨੇ ਨਿਮਨ ਸ਼੍ਰੇਣੀ ਦੇ ਹਿੰਦੂਆਂ ਨੂੰ ਆਪਣੇ ਵੱਲ ਆਕ੍ਰਿਸ਼ਤ ਕੀਤਾ।[4] ਇਸ ਤੋਂ ਇਲਾਵਾ ਸੂਫ਼ੀ ਸੰਤਾਂ ਨੇ ਵੀ ਇਸਲਾਮ ਦਾ ਪ੍ਰਚਾਰ ਕਰਕੇ ਅਨੇਕਾਂ ਹਿੰਦੂਆਂ ਨੂੰ ਆਪਣੇ ਪੈਰੋਕਾਰ ਬਣਾਇਆ।[5] ਇਸ ਕਾਲ ਵਿਚ ਇਸਤਰੀ ਜਾਤੀ ਦੀ ਹਾਲਤ ਵੀ ਚਿੰਤਾਜਨਕ ਸੀ। ਉਸ ਨੂੰ ਪੈਰ ਦੀ ਜੁੱਤੀ ਤੋਂ ਵਧ ਕੁਝ ਨਹੀਂ ਸੀ ਸਮਝਿਆ ਜਾਂਦਾ। ਇਥੋਂ ਤਕ ਕਿ ਉਨ੍ਹਾਂ ਦਾ ਵਪਾਰ ਵੀ ਕੀਤਾ ਜਾਂਦਾ ਸੀ।[6]

ਰਾਜਸੀ ਯੁਗ ਗਰਦੀ ਕਾਰਨ ਦੇਸ਼ ਦੀ ਖੇਤੀਬਾੜੀ ਤੇ ਉਦਯੋਗ ਉੱਨਤ ਨਾ ਹੋ ਸਕੇ। ਵਿਲਾਸਤਾ ਭਰੇ ਜੀਵਨ ਬਿਤਾਉਣ ਲਈ ਅਤੇ ਖਜ਼ਾਨਾ ਭਰਪੂਰ ਰਖਣ ਲਈ ਸ਼ਾਸਕ ਵਰਗ ਜਨਤਾ ਤੇ ਭਾਰੀ ਟੈਕਸ ਲਾਉਂਦਾ ਸੀ। ਟੈਕਸਾਂ ਦੇ ਭਾਰ ਹੇਠ ਦਬੀ ਜਨਤਾ ਦਾ ਜੀਵਨ ਪੱਧਰ ਬਹੁਤ ਨੀਵਾਂ ਸੀ।

ਧਾਰਮਿਕ ਤੌਰ ਤੇ ਹਿੰਦੂ ਧਰਮ ਅਨੇਕਾਂ ਸੰਪਰਦਾਵਾਂ ਵਿਚ ਵੰਡਿਆ ਹੋਇਆ ਸੀ। ਧਰਮ ਇਕ ਚੰਗੇਰੀ ਜੀਵਨ ਜਾਚ ਦੀ ਬਜਾਇ ਕਰਮਕਾਂਡੀ ਬਣ ਕੇ ਰਹਿ ਗਿਆ ਸੀ। ਇਸ ਵਿਚ ਪਾਖੰਡ ਤੇ ਦੰਭ ਦਾ ਬੋਲਬਾਲਾ ਸੀ। ਪਰੋਹਿਤ ਵਰਗ (ਬ੍ਰਾਹਮਣ) ਇਸ ਤੇ ਹਾਵੀ ਸੀ।

ਇਸਲਾਮ ਵਿਚ ਵੀ ਬਹੁਤ ਸਾਰੀਆਂ ਕੁਰੀਤੀਆਂ ਆ ਗਈਆਂ ਸਨ। ਇਕ ਅੱਲਾ ਵਿਚ ਵਿਸ਼ਵਾਸ਼ ਰੱਖਣ ਦੀ ਬਜਾਇ ਬਹੁਤ ਸਾਰੇ ਪੀਰਾਂ, ਫਕੀਰਾਂ ਦੀ ਪੂਜਾ ਸ਼ੁਰੂ ਹੋ ਗਈ ਸੀ। ਬੁੱਤ-ਸ਼ਿਕਨ ਮੁਸਲਮਾਨਾਂ ਨੇ ਕਬਰਾਂ ਦੀ ਪੂਜਾ ਅਪਣਾ ਲਈ ਸੀ। ਇਸ ਪ੍ਰਕਾਰ ਹਿੰਦੂ ਤੇ ਇਸਲਾਮ ਦੋਨਾਂ ਧਰਮਾਂ ਵਿਚ ਧਾਰਮਿਕ ਅਧੋਗਤੀ ਦ੍ਰਿਸ਼ਟਮਾਨ ਸੀ।

ਉਪਰੋਕਤ ਵਿਚਾਰ ਦੇ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਪੂਰਵ ਨਾਨਕ ਕਾਲ ਹਰ ਪੱਖੋਂ ਯੁਗ ਗਰਦੀ ਭਰਿਆ ਸੀ। ਰਾਜਾ ਤੇ ਪਰਜਾ ਦੋਨਾਂ ਦੀ ਆਚਰਣਕ ਅਧੋਗਤੀ ਹੋ ਚੁਕੀ ਸੀ।

ਪੂਰਵ ਨਾਨਕ ਕਾਲ ਦਾ ਪੰਜਾਬੀ ਸਾਹਿਤ :

ਇਸ ਕਾਲ ਦੇ ਮਿਲਦੇ ਸਾਹਿਤ ਨੂੰ ਅਸੀਂ ਇਸ ਪ੍ਰਕਾਰ ਸ਼੍ਰੇਣੀ ਬੱਧ ਕਰ ਸਕਦੇ ਹਾਂ:-
(1) ਨਾਥ ਜੋਗੀਆਂ ਦਾ ਸਾਹਿਤ, (2) ਸੂਫ਼ੀ ਸਾਹਿਤ, (3) ਭਗਤੀ ਸਾਹਿਤ, (4) ਵਾਰ ਸਾਹਿਤ, (5) ਲੋਕ ਸਾਹਿਤ ਅਤੇ (6) ਫੁਟਕਲ ਸਾਹਿਤ।

---

3. ਭਗਤ ਨਾਮ ਦੇਵ ਜੀ ਨੂੰ ਮੰਦਿਰ ਵਿਚੋਂ ਅਪਮਾਨਿਤ ਕਰਕੇ ਕਢੇ ਜਾਣ ਦਾ ਵਰਣਨ ਉਨ੍ਹਾਂ ਦੀ ਆਪਣੀ ਰਚਨਾ ਵਿਚੋਂ ਉਪਲੱਬਧ ਹੈ:-

* ਰਾਗ ਮਲ੍ਹਾਰ, ਸ਼ਬਦਾਰਥ ਪੰ: 1292-93.

** ਰਾਗ ਭੈਰਉ, ਚੁਪੈ, ਪੰ: 1164.

(ਬਾਕੀ ਅਗਲੇ ਪੰਨੇ ਤੇ ....)

ਹੁਣ ਅਸੀਂ ਉਪਰੋਕਤ ਕ੍ਰਮ ਅਨੁਸਾਰ ਇਸ ਕਾਲ ਦੇ ਮਿਲਦੇ ਸਾਹਿਤ ਬਾਰੇ ਵਿਚਾਰ ਕਰਾਂਗੇ :-

(1) <u>ਨਾਥ ਜੋਗੀਆਂ ਦਾ ਸਾਹਿਤ:</u>

ਪੰਜਾਬੀ ਸਾਹਿਤ ਦੇ ਆਰੰਭਕ ਕਾਲ ਬਾਰੇ ਸਾਹਿਤ-ਖੋਜੀ ਵਿਦਵਾਨਾਂ ਦੀਆਂ ਵੱਖ ਵੱਖ ਰਾਵਾਂ ਹਨ। ਡਾ: ਮੋਹਨ ਸਿੰਘ ਅਨੁਸਾਰ 'ਨਾਥ ਬਾਣੀ' ਹੀ ਮਿਲਦੇ ਪੰਜਾਬੀ ਸਾਹਿਤ ਦਾ ਸਭ ਤੋਂ ਪਹਿਲਾ ਨਮੂਨਾ ਹੈ ਅਤੇ ਉਸ ਦਾ ਆਰੰਭ ਸੰਨ 850 ਈ: ਵਿਚ ਹੋਇਆ ਅਤੇ ਗੋਰਖਨਾਥ ਪੰਜਾਬੀ ਸਾਹਿਤ ਦਾ ਆਦਿ ਕਵੀ ਹੈ।[7]

ਨਾਥ ਸੰਪਰਦਾਇ ਦੀ ਉਤਪਤੀ ਸਿੱਧ ਸੰਪਰਦਾਇ ਵਿਚੋਂ ਹੋਈ। ਗੋਰਖ ਨਾਥ ਨੇ ਇਸ ਨੂੰ ਸਿੱਧ ਸੰਪਰਦਾਇ ਤੋਂ ਵੱਖ ਕੀਤਾ ਸੀ। ਇਸ ਕਾਲ ਦੇ ਪ੍ਰਸਿੱਧ ਜੋਗੀ, ਮਛਿੰਦਰ ਨਾਥ, ਗੋਰਖ, ਚਰਪਟ, ਚੌਰੰਗੀ, ਰਤਨ ਨਾਥ, ਭਰਥਰੀ ਤੇ ਗੋਪੀ ਚੰਦ ਆਦਿ ਸਨ।

ਇਨ੍ਹਾਂ ਵਿਚ ਗੋਰਖ ਨਾਥ ਨੇ ਬਹੁਤ ਪ੍ਰਸਿੱਧੀ ਪਾਈ। ਉਸ ਨੇ ਜੋਗ ਮੱਤ ਵਿਚ ਸਮੇਂ ਨਾਲ ਆ ਗਈਆਂ ਕੁਰੀਤੀਆਂ ਬਾਰੇ ਆਪਣੀ ਰਚਨਾ ਵਿਚ ਵਿਵਰਨ ਕੀਤਾ।[8] ਹਿੰਦੂ ਤੇ ਇਸਲਾਮ ਧਰਮ ਦੇ ਕੱਟੜਪਨ ਤੋਂ ਉਪਰ ਉਠ ਕੇ ਦੇਹੁਰਾ ਅਤੇ ਮਸੀਤ ਦੀ ਬਜਾਇ ਉਹ ਪਰਮਪਦ ਨੂੰ ਧਿਆਉਂਦਾ ਹੈ।[9] ਗੋਰਖ ਨੇ ਇਸਤਰੀ ਜਾਤੀ ਦੀ ਘੋਰ ਨਿੰਦਾ ਕੀਤੀ ਅਤੇ ਉਸ ਲਈ 'ਬਾਘਨ' ਵਰਗੇ ਅਪਮਾਨਜਨਕ ਸ਼ਬਦ ਦੀ ਵਰਤੋਂ ਕੀਤੀ।[10]

ਇਸੇ ਪ੍ਰਕਾਰ ਚਰਪਟ ਨੇ ਨਿਡੱਰ ਹੋ ਕੇ ਗ੍ਰਿਹਸੀ ਤੇ ਉਦਾਸੀ, ਜੋਗੀ ਤੇ ਸੰਨਿਆਸੀ ਦੀ ਮਾਨਸਿਕ ਦਸ਼ਾ ਨੂੰ ਨੰਗਿਆਂ ਕੀਤਾ ਹੈ।[11] ਉਸ ਨੇ ਜੋਗੀਆਂ ਦੀ ਭੇਖ ਧਾਰਨ ਦੀ ਮਨੋਬ੍ਰਿਤੀ ਦੀ ਨਿੰਦਾ ਕੀਤੀ ਅਤੇ ਹੋਰ ਸੰਪਰਦਾਵਾਂ ਵਿਚ ਪ੍ਰਚੱਲਤ ਫ਼ਜ਼ੂਲ ਮਨੋਬ੍ਰਿਤੀਆਂ ਦਾ ਵੀ ਖੰਡਨ ਕੀਤਾ।[12] ਉਸ ਨੇ ਸੰਸਾਰ ਨੂੰ ਕੌਡੀਆਂ ਦੀ ਬਾਜ਼ੀ ਕਿਹਾ ਅਤੇ ਜੋਗੀਆਂ ਦੇ ਹਠਜੋਗ ਦੀ ਆਲੋਚਨਾ ਕੀਤੀ।[13] ਭੇਖੀ ਜੋਗੀ ਦਾ ਉਸ ਨੇ

---

4. An Advanced History of the Punjab, P-28, Dr. G.S. Chhabra.
5. History of Medieval India, P. 153, Dr. Ishwari Prasad.
6. An Advanced History of the Panjab, P-16, Dr. G.S. Chhabra.
7. A History of Panjabi Literature, P-13, Dr. Mohan Singh.
8. 'ਸਾਂਗ ਕਾ ਪੂਰਾ, ਗਿਆਨ ਕਾ ਊਰਾ। ਪੇਟ ਕਾ ਤੂਟਾ, ਡਿੰਭ ਕਾ ਸੂਰਾ।
   ਬਦੰਤ ਗੋਰਖ ਨਾਥ ਨਾ ਪਾਇਆ ਜੋਗ। ਕਰ ਪਾਖੰਡ ਰਿਝਾਇਆ ਲੋਗ।
   — ਗੋਰਖਬਾਣੀ, ਪੰ: 54, ਡਾ: ਪੀਤਾਂਬਰ ਦਾਸ ਬੜਥਵਾਲ।
9. ਹਿੰਦੂ ਧਿਆਵੈ ਦੇਹੁਰਾ, ਮੁਸਲਮਾਨ ਮਸੀਤ।
   ਜੋਗੀ ਧਿਆਵੈ ਪਰਮਪਦ, ਜਹਾਂ ਦੇਹੁਰਾ ਨਾ ਮਸੀਤ। ——ਉਹੀ, ਪੰਨਾ 25.
10. ਦਾਮ ਕਾਢਿ ਬਾਘਣਿ ਲੈ ਆਇਆ। ਮਾਂਗੈ ਕਹੈ ਮੇਰਾ ਪੂਤ ਬਿਆਹਿਆ।
   ਗੀਲੀ ਲਕੜੀ ਕਉ ਘੁਨ ਖਾਇਆ। ਤਿਨਿ ਡਾਲ ਮੂਲ ਸਹਿਤ ਖਾਇਆ। —(ਉਹੀ, ਪੰਨਾ 3.
11. ਪੰਜਾਬੀ ਅਦਬ ਦੀ ਮੁਖਤਸਰ ਤਾਰੀਖ਼ ਪੰ: 12, ਡਾ: ਮੋਹਨ ਸਿੰਘ।
12. Gorakh Nath and Medieval Hindu Mysticism, P-20, Dr. Mohan Singh.
13. ਇਹ ਸੰਸਾਰ ਕੌਡੀਓ ਕੀ ਬਾਜ਼ੀ, ਨਿਰਖ ਨਿਰਖ ਪਗ ਧਰਨਾ।
   ਚਰਪਟ ਕਹੈ ਸੁਨੋ ਰੇ ਸਿੱਧੋ, ਹਠਿ ਕਰ ਤਪ ਨਹਿ ਕਰਨਾ।
   — ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰਨਾ 57, ਡਾ: ਜੀਤ ਸਿੰਘ ਸੀਤਲ

ਖੰਡਨ ਕੀਤਾ ਹੈ।[14]

ਇਸ ਪ੍ਰਕਾਰ ਇਨ੍ਹਾਂ ਨਾਥ ਜੋਗੀਆਂ ਨੇ ਤਤਕਾਲੀਨ ਭੇਖਾਂ ਦਾ ਖੰਡਨ ਕੀਤਾ, ਜਾਤ ਪਾਤ ਵਿਰ ਅਵਿਸ਼ਵਾਸ਼ ਦ੍ਰਿੜਾਇਆ, ਨਿਵਿਰਤੀ ਮਾਰਗ ਦਾ ਪ੍ਰਚਾਰ ਕੀਤਾ ਅਤੇ ਪੰਜਾਬੀ ਸਭਿਆਚਾਰ ਤੇ ਸਾਹਿਤਕ ਜੀਵਨ ਉੱਤੇ ਬਹੁਤ ਪ੍ਰਭਾਵ ਪਾਇਆ। ਉਨ੍ਹਾਂ ਨੇ ਅਪਭ੍ਰੰਸ਼-ਪ੍ਰਧਾਨ ਪੰਜਾਬੀ ਵਿਚ ਕਾਵਿ-ਰਚਨਾ ਕੀਤੀ। ਉਨ੍ਹਾਂ ਦੇ ਸਮੇਂ ਪੰਜਾਬੀ ਨੇ ਅਪਭ੍ਰੰਸ਼ ਤੋਂ ਲੈ ਕੇ ਭਾਸ਼ਾ ਵਲ ਰੁਖ ਮੋੜਿਆ ਤੇ ਵਿਕਸਤ ਹੋ ਕੇ ਵਰਤਮਾਨ ਸਾਹਿਤਕ ਭਾਸ਼ਾ ਬਣ ਗਈ।

(2) <u>ਸੂਫ਼ੀ ਸਾਹਿਤ</u>:

ਸੂਫ਼ੀ ਮੱਤ ਇਸਲਾਮ ਦਾ ਹੀ ਇਕ ਅੰਗ ਹੈ। ਇਸਲਾਮੀ ਰਾਜ ਦੇ ਨਾਲ ਸੂਫ਼ੀ ਫ਼ਕੀਰਾਂ ਨੇ ਪੰਜਾਬ ਵਿਚ ਪ੍ਰਵੇਸ਼ ਕੀਤਾ। ਪੂਰਵ ਨਾਨਕ ਕਾਲ ਵਿਚ ਨਾਥ ਜੋਗੀਆਂ ਤੋਂ ਬਾਦ ਪੰਜਾਬੀ ਸਾਹਿਤ ਦਾ ਮੁਢ ਬੰਨ੍ਹਣ ਵਾਲਾ ਪਹਿਲਾ ਸੂਫ਼ੀ ਕਵੀ ਸ਼ੇਖ ਫ਼ਰੀਦ ਸ਼ੱਕਰ ਗੰਜ ਹੈ, ਜਿਸ ਦਾ ਸਮਾਂ 1173-1266 ਈ: ਹੈ। ਉਸ ਨੇ ਪੰਜਾਬੀ ਦੀ ਉਪਭਾਖਾ ਮੁਲਤਾਨੀ ਜਾਂ ਲਹਿੰਦੀ ਪੰਜਾਬੀ ਵਿਚ ਕਾਵਿ-ਰਚਨਾ ਕੀਤੀ। ਆਦਿ ਗ੍ਰੰਥ ਵਿਚ ਫ਼ਰੀਦ ਰਚਿਤ 4 ਸ਼ਬਦ ਅਤੇ 112 ਸਲੋਕ ਅੰਕਿਤ ਹਨ।

ਸ਼ੇਖ ਫ਼ਰੀਦ ਸ਼ਰਈ ਸੂਫ਼ੀ ਸੀ, ਕਿਉਂਕਿ ਸੂਫ਼ੀ ਮੱਤ ਉਸ ਸਮੇਂ ਤਕ ਸ਼ਰੀਅਤ ਤੋਂ ਸੁਤੰਤਰ ਨਹੀਂ ਸੀ ਹੋਇਆ। ਇਸੇ ਲਈ ਉਹ ਪੰਜ ਵੇਲੇ ਦੀ ਨਿਮਾਜ਼ ਤੇ ਜ਼ੋਰ ਦਿੰਦਾ ਹੈ। ਜੰਗਲ ਦੀ ਬਜਾਇ ਰਬ ਨੂੰ ਹਿਰਦੇ ਵਿਚ ਟੋਲਣਾ, ਕਾਮਲ ਮੁਰਸ਼ਦ ਦਾ ਸਿਧਾਂਤ, ਮੌਤ, ਬੁਢੇਪੇ ਤੇ ਕਿਆਮਤ ਨੂੰ ਯਾਦ ਰਖਣਾ, ਸੂਫ਼ੀਆਂ ਦਾ ਬਿਰਹੋਂ ਸਿਧਾਂਤ, ਰੱਬ ਦੀ ਰਜ਼ਾ, ਸਤਿ ਸੰਗਤ; ਮੇਖਾਹਾਰ ਦੀ ਨਿਖੇਧੀ ਆਦਿ ਫ਼ਰੀਦ ਬਾਣੀ ਦੇ ਵਿਸ਼ੇਸ਼ ਵਿਸ਼ੇ ਹਨ। ਇਸ ਪ੍ਰਕਾਰ ਉਸ ਦੀ ਰਚਨਾ ਇਹ ਭਾਰਤੀ-ਆਦਰਸ਼-ਸਿਧਾਂਤ ਤੇ ਜੀਵਨ ਜਾਚ ਦੇ ਸਾਰੇ ਗੁਣ ਪ੍ਰਤੱਖ ਮਿਲਦੇ ਹਨ।[15]

ਫ਼ਰੀਦ ਦੀ ਬਾਣੀ ਵਿਚ ਲੋਹੜੇ ਦਾ ਸੰਜਮ ਹੈ। ਦੋ ਸਤਰਾਂ ਦੇ ਸਲੋਕਾਂ ਵਿਚ ਗੂੜ੍ਹੇ ਭਾਵ ਇਸ ਤਰ੍ਹਾਂ ਵਰਣਨ ਕੀਤੇ ਹਨ ਕਿ ਜਿਵੇਂ ਕੁੱਜੇ ਵਿਚ ਸਮੁੰਦਰ ਬੰਦ ਕਰ ਦਿੱਤਾ ਹੋਵੇ। ਉਨ੍ਹਾਂ ਦੀ ਬਾਣੀ ਵਿਚੋਂ ਸਦਾਚਾਰਕ ਅਗਵਾਈ ਮਿਲਦੀ ਹੈ। ਤਤਕਾਲੀਨ ਰਾਜਸੀ ਉਥਲ ਪੁੱਥਲ ਸਮੇਂ ਅਸੰਤੁਸ਼ਟ ਜਨਤਾ ਨੂੰ ਫ਼ਰੀਦ ਨੇ ਅਧਿਆਤਮਕ ਓਟ ਦਿੱਤੀ।

(3) <u>ਭਗਤੀ ਸਾਹਿਤ</u>:

ਪੂਰਵ ਨਾਨਕ ਕਾਲ ਵਿਚ ਰਾਜਸੀ ਜੁਗ ਗਰਦੀ, ਸਮਾਜਕ ਤੇ ਧਾਰਮਿਕ ਪਰਿਸਥਿਤੀਆਂ ਦੇ ਫਲ ਸਰੂਪ ਭਾਰਤੀ ਜਨਤਾ ਬਹੁਤ ਅਸ਼ਾਂਤ ਅਤੇ ਅਸੰਤੁਸ਼ਟ ਸੀ। ਫਲ ਸਰੂਪ ਭਾਰਤ ਦੇ ਵਖ ਵਖ ਭਾਗਾਂ ਵਿਚ ਸੰਤਾਂ, ਭਗਤਾਂ ਤੇ ਮਹਾਂਪੁਰਖਾਂ ਨੇ ਦੁਖੀ ਜਨਤਾ ਦੀ ਅਗਵਾਈ ਕਰਕੇ ਉਨ੍ਹਾਂ ਨੂੰ ਅਧਿਆਤਮਕ ਓਟ ਦਿੱਤੀ। ਦੱਖਣ ਵਿਚ [illegible] ਰੂਪਮਾਨ ਭਗਤੀ ਅੰਦੋਲਨ ਦੇ ਆਚਾਰੀਆ ਰਾਮਾਨੁਜ ਦੇ ਚੇਲੇ ਭਗਤ ਰਾਮਾਨੰਦ ਨੇ ਬਨਾਰਸ ਨੂੰ

---

14. ਅੰਦਰ ਗੰਦਾ, ਬਾਹਰ ਗੰਦਾ।
ਤੂੰ ਕਿਉਂ ਭੁਲਿਆ, ਕਪਟ ਅੰਧਾ। —ਉਹੀ, ਪੰ: 57.

15. ਪੰਜਾਬੀ ਦੁਨੀਆਂ, (ਮਾਰਚ 1973), ਭਾਸ਼ਾ ਵਿਭਾਗ।

ਆਪਣੇ ਪਰਚਾਰ ਦਾ ਕੇਂਦਰ ਬਣਾਇਆ। ਇਸੇ ਲਈ ਉਨ੍ਹਾਂ ਨੂੰ ਦੱਖਣ ਅਤੇ ਉੱਤਰ ਦੇ ਭਗਤੀ-ਅੰਦੋਲਨ ਵਿਚਕਾਰ ਪੁੱਲ ਮੰਨਿਆ ਜਾਂਦਾ ਹੈ।[16] ਅਤੇ ਭਗਤ ਰਾਮਾਨੰਦ ਜੀ ਦੀ ਸ਼ਿਸ਼ ਪ੍ਰਣਾਲੀ ਵਿਚੋਂ ਭਗਤ ਕਬੀਰ ਜੀ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ।

ਪੂਰਵ ਨਾਨਕ ਕਾਲ ਦੇ ਭਗਤੀ-ਸਾਹਿਤ ਵਿਚੋਂ ਜਿਨ੍ਹਾਂ ਭਗਤਾਂ ਦੀ ਕਾਵਿ-ਰਚਨਾ ਆਦਿ ਗ੍ਰੰਥ ਵਿਚ ਸੰਕਲਿਤ ਕੀਤੀ ਗਈ ਹੈ, ਉਹ ਇਸ ਪ੍ਰਕਾਰ ਹਨ:-

(ਸਰਵ ਸ਼੍ਰੀ) ਭਗਤ ਜੈਦੇਵ ਜੀ, (ਬੰਗਾਲ), ਤ੍ਰਿਲੋਚਨ ਜੀ (ਮਹਾਰਾਸ਼ਟਰ), ਨਾਮਦੇਵ ਜੀ (ਮਹਾਰਾਸ਼ਟਰ), ਸਧਨਾ ਜੀ (ਸਿੰਧ), ਬੇਣੀ ਜੀ (ਅਗਿਆਤ), ਰਾਮਾਨੰਦ ਜੀ (ਉੱਤਰ ਪ੍ਰਦੇਸ਼), ਕਬੀਰ ਜੀ (ਉੱਤਰ ਪ੍ਰਦੇਸ਼), ਰਵਿਦਾਸ ਜੀ (ਉੱਤਰ ਪ੍ਰਦੇਸ਼), ਪੀਪਾ ਜੀ (ਗੁਜਰਾਤ), ਸੈਣ ਜੀ (ਉੱਤਰ ਪ੍ਰਦੇਸ਼), ਧੰਨਾ ਜੀ (ਰਾਜਿਸਥਾਨ) ਆਦਿ।

ਇਨ੍ਹਾਂ ਭਗਤਾਂ ਨੇ ਪ੍ਰੇਮਾ ਭਗਤੀ ਵਿਚ ਲੀਨ ਹੋ ਕੇ ਲੋਕ ਭਾਖਾ ਵਿਚ ਭਜਨ ਲਿਖੇ। ਉਨ੍ਹਾਂ ਨੇ ਤਤਕਾਲੀਨ ਸਮਾਜਕ ਤੇ ਧਾਰਮਿਕ ਕੁਰੀਤੀਆਂ ਦਾ ਖੰਡਨ ਮੰਡਨ ਕੀਤਾ। ਉਨ੍ਹਾਂ ਨੇ ਭਗਤੀ ਦੇ ਦਰਵਾਜ਼ੇ ਸਭ ਜਾਤਾਂ ਲਈ ਖੋਲ੍ਹ ਦਿੱਤੇ। ਇਸ ਨਜ਼ਰ ਰਾਹੀ ਊਚ ਨੀਚ ਦੇ ਭੇਦਾਂ ਦਾ ਸਖ਼ਤ ਖੰਡਨ ਕੀਤਾ ਗਿਆ। ਫਲ ਸਰੂਪ ਰਾਸ਼ਟਰੀ ਏਕਤਾ ਵਿਚ ਵਾਧਾ ਹੋਇਆ। ਸਾਰੇ ਭਾਰਤ ਵਿਚ ਸਮਝੀ ਜਾਣ ਵਾਲੀ ਸਧੂਕੜੀ ਭਾਸ਼ਾ ਦੇ ਨਾਲ ਇਨ੍ਹਾਂ ਭਗਤਾਂ ਨੇ ਆਮ ਲੋਕਾਂ ਵਿਚ ਵਰਤੇ ਜਾਣ ਵਾਲੇ ਕਾਵਿ-ਰੂਪਾਂ ਤੇ ਛੰਦਾਂ ਨੂੰ ਵਰਤਿਆ: ਸਤਵਾਰਾ, ਬਾਰਹਮਾਹੇ, ਕਾਫ਼ੀਆਂ, ਸੱਦਤੇ ਵਾਰਾਂ, ਬਿਸ਼ਨਪਦੇ, ਦੋਹੇ, ਸਲੋਕ, ਸੋਹਿਲੇ, ਘੋੜੀਆਂ ਤੇ ਛੰਦ ਆਦਿ। ਇਨ੍ਹਾਂ ਕਾਵਿ ਰੂਪਾਂ ਤੇ ਛੰਦਾਂ ਦਾ ਆਗਾਮੀ ਗੁਰਮਤ ਸਾਹਿਤ ਤੇ ਬਹੁਤ ਪ੍ਰਭਾਵ ਦਿਖਾਈ ਦਿੰਦਾ ਹੈ।

(4) <u>ਵਾਰ ਸਾਹਿਤ</u> :

ਪੂਰਵ ਨਾਨਕ ਕਾਲ ਵਿਚ 'ਵਾਰ ਸਾਹਿਤ' ਦੀ ਵਿਸ਼ੇਸ਼ ਮਹਾਨਤਾ ਹੈ। ਇਨ੍ਹਾਂ ਵਾਰਾਂ ਦੀਆਂ ਕਹਾਣੀਆਂ ਵਿਚ ਜੁੱਧਾਂ ਜੰਗਾਂ ਦਾ ਵਰਣਨ ਹੈ, ਜੋ ਸਬਰ, ਈਰਖਾ, ਕਾਮ-ਪਿਆਰ, ਵਿਸ਼ਵਾਸ-ਘਾਤ ਅਤੇ ਅਣਖ ਵਿਚੋਂ ਕਿਸੇ ਨਾ ਕਿਸੇ ਇਕ ਕਾਰਨ ਦੇ ਅਧੀਨ ਲੜੀਆਂ ਗਈਆਂ।[17]

ਬੀਰ-ਕਾਵਿ ਵਿਚ 'ਵਾਰ' ਪੰਜਾਬੀ ਸਾਹਿਤ ਦਾ ਮੌਲਿਕ ਕਾਵਿ-ਰੂਪ ਹੈ। ਇਸ ਦੀ ਉਤਪੱਤੀ ਦਾ ਕਾਰਣ ਪੰਜਾਬ ਤੇ ਦਿੱਲੀ ਵਿਚਕਾਰ ਸਥਿਤ ਹੋਣਾ ਹੈ। ਦਿੱਲੀ ਤੇ ਹਮਲਾ ਕਰਨ ਲਈ ਵਿਦੇਸ਼ੀ ਹਮਲਾਵਰਾਂ ਨੂੰ ਪੰਜਾਬੀਆਂ ਨਾਲ ਦੋ ਹੱਥ ਕਰਨੇ ਪੈਂਦੇ। ਇਸ ਤੋਂ ਇਲਾਵਾ ਇਹ ਵਾਰਾਂ ਰਾਜਪੂਤ ਰਾਜਿਆਂ ਦੀਆਂ ਲੜਾਈਆਂ ਭਿੜਾਈਆਂ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ ਅਤੇ ਪੂਰਵ ਨਾਨਕ ਕਾਲ ਦੇ ਸਾਹਿਤ ਦਾ ਰੌਸ਼ਨ ਪੱਖ ਤੇ ਸਰਮਾਇਆ ਹਨ।[18]

---

16. Influence of Islam on Indian Culture, P. 143, Dr. Tara Chand.
17. ਪੰਜਾਬੀ ਸਾਹਿਤ ਦਾ ਇਤਿਹਾਸ, ਪੰ: 37, ਡਾ: ਸੁਰਿੰਦਰ ਸਿੰਘ ਕੋਹਲੀ।
18. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰ: 97, ਡਾ: ਜੀਤ ਸਿੰਘ ਸੀਤਲ।

ਸਾਹਿਤ ਦੇ ਰੂਪ ਵਜੋਂ 'ਵਾਰ' ਦਾ ਪ੍ਰਚਲਿਤ ਅਰਥ ਹੈ: ਸਾਹਿਤ ਦਾ ਉਹ ਕਾਵਿ-ਰੂਪ, ਜਿਸ ਵਿਚ ਬਹਾਦਰ ਦੇ ਕੀਤੇ ਵਾਰ ਦਾ ਵਰਨਣ ਜਾਂ ਕੁਰਬਾਨ ਹੋ ਕੇ ਜਸ ਗਾਇਆ ਜਾਵੇ।[19] ਰਾਜਿਆਂ ਦੇ ਦਰਬਾਰਾਂ ਵਿਚ ਭੱਟ ਜਾਂ ਮਿਰਾਸੀ ਲੋਕ ਬਹਾਦਰਾਂ ਦੀਆਂ ਵਾਰਾਂ ਸੁਣਾ ਕੇ ਸੈਨਿਕਾਂ ਦਾ ਖੂਨ ਗਰਮ ਕਰਦੇ ਤੇ ਰਾਜਿਆਂ ਪਾਸੋਂ ਇਨਾਮ ਪ੍ਰਾਪਤ ਕਰਦੇ ਸਨ।

ਇਹ ਵਾਰਾਂ ਲਿਖਤੀ ਰੂਪ ਵਿਚ ਨਹੀਂ ਸਨ ਹੁੰਦੀਆਂ, ਇਸੇ ਲਈ ਇਹ ਮੌਖਿਕ ਰੂਪ ਵਿਚ ਹੀ ਸੀਨਾ ਬਸੀਨਾ ਚੱਲੀ ਚਲਦੀਆਂ ਆਈਆਂ, ਇਨ੍ਹਾਂ ਦੇ ਰੂਪ ਵਿਚ ਮਿਲਾਵਟ ਵੀ ਹੁੰਦੀ ਰਹੀ। ਡਾ: ਮੋਹਨ ਸਿੰਘ ਨੇ ਅਮੀਰ ਖੁਸਰੋ ਨੂੰ ਪੰਜਾਬੀ ਦਾ ਸਭ ਤੋਂ ਪਹਿਲਾ ਵਾਰਕਾਰ ਮੰਨਿਆ ਹੈ, ਪਰ ਉਸ ਦੀ ਲਿਖਤ ਦਾ ਨਮੂਨਾ ਨਹੀਂ ਦਿੱਤਾ।[20] ਪੂਰਵ ਨਾਨਕ ਕਾਲ ਦੇ ਅਗਿਆਤ ਕਵੀਆਂ ਦੀਆਂ ਛੇ ਵਾਰਾਂ ਉਪਲੱਬਧ ਹਨ,[21] ਜੋ ਇਸ ਪ੍ਰਕਾਰ ਹਨ: (1) ਰਾਇ ਕਮਾਲ ਦੀ ਮੌਜ ਦੀ ਵਾਰ, (2) ਟੁੰਡੇ ਅਸਰਾਜੇ ਦੀ ਵਾਰ (3) ਸਿਕੰਦਰ-ਬਿਰਾਹਮ ਕੀ ਵਾਰ, (4) ਲਲਾ ਬਹਿਲੀਮਾ ਕੀ ਵਾਰ, (5) ਹਸਨੇ ਮਹਿਮੇ ਕੀ ਵਾਰ ਅਤੇ (6) ਮੂਸੇ ਕੀ ਵਾਰ।

ਇਹ ਵਾਰਾਂ ਤਤਕਾਲੀਨ ਰਾਜਨੀਤਕ, ਆਰਥਿਕ ਤੇ ਸਮਾਜਕ ਦਸ਼ਾ ਨੂੰ ਪ੍ਰਗਟਾਉਂਦੀਆਂ ਹਨ। ਅਰਬੀ, ਫਾਰਸੀ ਸ਼ਬਦਾਵਲੀ ਤੇ ਵਿਆਕਰਣ ਦਾ ਪ੍ਰਭਾਵ ਲੋਕ ਭਾਖਾਵਾਂ ਗ੍ਰਹਿਣ ਕਰ ਰਹੀਆਂ ਸਨ। ਪੰਜਾਬੀ ਸੁਧਰੀ ਹੋਈ ਭਾਖਾ ਦਾ ਰੂਪ ਧਾਰਨ ਕਰ ਰਹੀ ਸੀ।[22]

ਇਹ ਵਾਰਾਂ ਆਗਾਮੀ ਵਾਰ ਸਾਹਿਤ ਦਾ ਪਿਛੋਕੜ ਬਣੀਆਂ। ਗੁਰੂ ਅਰਜਨ ਦੇਵ ਜੀ (ਆਦਿ ਗ੍ਰੰਥ ਦੇ ਸੰਪਾਦਕ) ਨੇ ਇਨ੍ਹਾਂ ਵਾਰਾਂ ਦੀਆਂ ਧੁਨੀਆਂ ਤੇ ਆਦਿ ਗ੍ਰੰਥ ਵਿਚ ਸੰਕਲਿਤ ਅਧਿਆਤਮਕ ਵਾਰਾਂ ਦੀਆਂ ਪਉੜੀਆਂ ਨੂੰ ਗਾਇਣ ਕਰਨ ਦਾ ਆਦੇਸ਼ ਦਿੱਤਾ। ਇਸ ਤੋਂ ਇਲਾਵਾ ਬਾਦ ਵਿਚ ਅਨੇਕ ਵਾਰਾਂ ਦੀ ਰਚਨਾ ਹੋਈ। ਦੂਜੇ ਸ਼ਬਦਾਂ ਵਿਚ ਇਸ ਵਾਰ ਸਾਹਿਤ ਨੇ ਪੰਜਾਬੀ ਦੇ ਸਮੂਹ ਵਾਰ-ਸਾਹਿਤ ਦੀ ਨੀਂਹ ਰਖੀ।

(5) ਲੋਕ ਸਾਹਿਤ :

ਲੋਕ ਸਾਹਿਤ ਉਹ ਸ਼ੀਸ਼ਾ ਹੈ, ਜਿਸ ਦੇ ਵਿਚ ਝਾਤੀ ਪਾ ਕੇ ਕੋਈ ਜਮਾਤ ਆਪਣੇ ਮੂੰਹ ਦੇ ਦ੍ਰਿਸ਼ਟੀਗੋਚਰ ਨੈਣ ਨਕਸ਼ ਹੀ ਨਹੀਂ, ਅੰਤਰ ਘਟ ਦੀ ਹਰ ਅਦ੍ਰਿਸ਼ਟ ਰੇਖਾ ਨੂੰ ਵੀ ਵੇਖ ਸਕਦਾ ਹੈ।[23]

ਪੰਜਾਬੀ ਲੋਕ ਸਾਹਿਤ ਕਿਸੇ ਵੀ ਜਾਤੀ ਦਾ ਸਾਂਝਾ ਅਥਵਾ ਕੌਮੀ ਵਿਰਸਾ ਹੁੰਦਾ ਹੈ। ਇਹ ਲਿਖਤੀ ਨਹੀਂ ਹੁੰਦਾ, ਸਗੋਂ ਲੋਕਾਂ ਦੇ ਦਿਲਾਂ ਤੇ ਉਕਰਿਆ ਹੁੰਦਾ ਹੈ, ਜਿਸ ਦੇ ਰਚਿਤਾ ਜਨ ਸਾਧਾਰਣ ਲੋਕ ਹੁੰਦੇ ਹਨ।
ਪੰਜਾਬੀ ਵਿਚ ਲੋਕ-ਕਾਵਿ ਓਨਾਂ ਹੀ ਪੁਰਾਣਾ ਹੈ, ਜਿੰਨੀ ਪੰਜਾਬ ਦੀ ਧਰਤੀ ਅਤੇ ਇਸ ਦੇ ਵਾਸੀ।[24]

---

19. ਗੁਰੂ ਨਾਨਕ ਤੇ ਜਗਤੀ ਅੰਦੋਲਨ, ਪੰ: 86, ਡਾ: ਮਨਮੋਹਨ ਸਿੰਘ।
20. A History of Panjabi Literature, P-19, Dr. Mohan Singh.
21. (ੳ) ਵਿਸਥਾਰ ਲਈ ਵੇਖੋ: ਚਰਨ ਹਰਿ ਵਿਸਥਾਰ (ਜਿਲਦ ਦੂਜੀ)—ਬਾਣੀ ਬਿਉਰਾ, ਪੰ: 318-30, ਡਾ: ਚਰਨ ਸਿੰਘ।
    (ਅ) ਗੁਰ ਸ਼ਬਦ ਰਤਨਾਕਰ ਮਹਾਨਕੋਸ਼ (ਭਾਸ਼ਾ ਵਿਭਾਗ), ਪੰ: 501-02, ਭਾਈ ਕਾਨ੍ਹ ਸਿੰਘ, ਨਾਭਾ।
    (ੲ) ਪੰਜਾਬੀ ਸਾਹਿਤ ਦਾ ਇਤਿਹਾਸ, ਪੰ: 37-42, ਡਾ: ਸੁਰਿੰਦਰ ਸਿੰਘ ਕੋਹਲੀ।
    (ਸ) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 495-518, ਭਾਸ਼ਾ ਵਿਭਾਗ।
22. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰ: 106, ਡਾ: ਜੀਤ ਸਿੰਘ ਸੀਤਲ।
23. ਪੰਜਾਬ ਦਾ ਲੋਕ ਸਾਹਿਤ, ਪੰ: 7, ਡਾ: ਸੋਹਿੰਦਰ ਸਿੰਘ ਬੇਦੀ (ਵਣਜਾਰਾ ਬੇਦੀ)।
24. ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, ਪੰ: 52, ਡਾ: ਸੀਤਲ ਸਿੰਘ।

ਪੰਜਾਬੀ ਵਿਚ ਲੋਕ ਸਾਹਿਤ ਦੇ ਰੂਪ ਲੋਕ ਗੀਤ, ਬੁਝਾਰਤਾਂ ਤੇ ਅਖਾਣ ਹਨ। ਪੰਜਾਬੀ ਲੋਕ ਗੀਤਾਂ ਦੀ ਵਿਸ਼ਾਲ ਸਮਗਰੀ ਨੂੰ ਮੁਖ ਰਖ ਕੇ ਕਿਹਾ ਜਾਂਦਾ ਹੈ ਕਿ ਪੰਜਾਬੀ ਜੀਵਨ ਵਿਚ ਜੰਮਣਾ, ਮੰਗਣੀਆਂ, ਸ਼ਾਦੀਆਂ ਤੇ ਤਿਉਹਾਰਾਂ ਵਿਚ ਪਾਣਾ ਅਤੇ ਪੀਂਘਾਂ, ਤ੍ਰਿੰਞਣਾਂ, ਮੇਲਿਆਂ ਅਤੇ ਸਿੱਠਣੀਆਂ ਵਿਚ ਵਿਆਪਕਿਆ ਹੋਇਆ ਹੈ; ਇਸ ਦਾ ਸਿਰਮ ਸੰਸਕਾਰ ਦੀ ਅਵਸਥਾਵਾਂ ਦੇ ਮੌਕਿਆਂ ਦੇ ਰੂਪ ਵਿਚ ਲੋਕ ਗੀਤਾਂ ਰਾਹੀਂ ਹੀ ਹੁੰਦਾ ਹੈ।[25] ਬੁਝਾਰਤਾਂ ਦੀ ਰਚਨਾ ਮਹੱਤਵਪੂਰਨ ਸਾਹਿਤਕ ਵਿਰਸਾ ਹਨ। ਅਖਾਣਾਂ ਵਿਚ ਕਿਸੇ ਜਾਤੀ ਦੀ ਚਿਰ ਕਾਲ ਸੋਚੀ ਹੋਈ ਹੁੰਦੀ ਹੈ; ਜੀਵਨ ਦਾ ਕੋਈ ਪੱਖ ਅਛੋਹਿਆ ਨਹੀਂ, ਇਸ ਲਈ ਅਖਾਣ ਜਾਂ ਮੁਹਾਵਰੇ ਪ੍ਰਚੱਲਿਤ ਜਾ ਰਹੇ ਹਨ।[26]

ਪੂਰਵ ਨਾਨਕ ਕਾਲ ਵਿਚ ਰਚੇ ਗਏ ਲੋਕ ਸਾਹਿਤ ਦਾ ਕੋਈ ਪ੍ਰਮਾਣੀਕ ਸੰਗ੍ਰਹਿ ਉਪਲਬਧ ਨਹੀਂ ਫਿਰ ਵੀ ਅਸੀਂ ਨਿਸ਼ਚੇ ਨਾਲ ਕਹਿ ਸਕਦੇ ਹਾਂ ਕਿ ਇਸ ਕਾਲ ਵਿਚ ਅਵੱਸ਼ ਹੀ ਬਹੁਤ ਸਾਰਾ ਲੋਕ ਸਾਹਿਤ ਰਚਿਆ ਗਿਆ ਹੋਵੇਗਾ। ਇਸ ਦੇ ਕੁਝ ਨਮੂਨਿਆਂ ਦਾ ਵਰਣਨ ਡਾ: ਮੋਹਨ ਸਿੰਘ ਨੇ ਕੀਤਾ ਹੈ।[27] ਉਨ੍ਹਾਂ ਤੋਂ ਇਲਾਵਾ ਡਾ: ਸੁਰਿੰਦਰ ਸਿੰਘ ਕੋਹਲੀ ਅਤੇ ਡਾ: ਐਸ.ਐਸ.ਵਣਜਾਰਾ ਆਦਿ ਨੇ ਵੀ ਇਸ ਕਾਲ ਦੇ ਕੁਝ ਨਮੂਨੇ ਪੇਸ਼ ਕੀਤੇ ਹਨ।[28]

ਇਸ ਲੋਕ ਸਾਹਿਤ ਦਾ ਪ੍ਰਭਾਵ ਆਉਣ ਵਾਲੇ ਸਾਹਿਤ ਤੇ ਪਿਆ। ਅਧਿਆਤਮਕ ਸਾਹਿਤ ਦੇ ਕਾਵਿ ਰੂਪਾਂ ਤੇ ਸਾਹਿਤ-ਸ਼ੈਲੀਆਂ ਤੋਂ ਇਲਾਵਾ ਕਿੱਸਾ ਸਾਹਿਤ ਤੇ ਵੀ ਇਸ ਦੀ ਗਹਿਰੀ ਛਾਪ ਹੈ।

(ੳ) ਫੁਟਕਲ ਸਾਹਿਤ:

ਪੂਰਵ ਨਾਨਕ ਕਾਲ ਦੇ ਫੁਟਕਲ ਸਾਹਿਤ ਦੇ ਅੰਤਰਗਤ ਆਦਿ ਸਾਖੀ, ਮਾਤਾਵਾਂ, ਜੋਗ ਬਾਣੀਆਂ, ਮਸੂਦ, ਸੁਹਾਗਿਆਂ ਦੀ, ਜੁਗ ਬ੍ਰਹਮਗਿਆਨੀ ਕਲਾਮ, ਪੁਰਾਣ, ਗੀਤ ਸੰਗ੍ਰਹਿ ਅਤੇ ਨਾਥ ਜੋਗੀ ਪੂਰਵ ਨਾਨਕ ਆਦਿ ਕਵੀਆਂ ਦੀ ਰਚਨਾ ਆਉਂਦੀ ਹੈ।[29] ਭਾਵੇਂ ਇਹ ਪੰਜਾਬੀ ਨਹੀਂ ਸਨ, ਪਰੰਤੂ ਇਨ੍ਹਾਂ ਦੀ ਰਚਨਾ ਵਿਚ ਪੁਰਾਤਨ ਪੰਜਾਬੀ ਦਾ ਰੂਪ ਅਵੱਸ਼ ਦਿਖਾਈ ਦਿੰਦਾ ਹੈ। ਇਸ ਫੁਟਕਲ ਸਾਹਿਤ ਦੇ ਰਚਨਹਾਰਿਆਂ ਦੀਆਂ ਰਚਨਾਵਾਂ ਦਾ ਆਉਣ ਵਾਲੇ ਸਾਹਿਤ ਤੇ ਬਹੁਤ ਪ੍ਰਭਾਵ ਪਿਆ ਤੇ ਬਾਅਦ ਵਾਲੇ ਸਾਹਿਤਕਾਰਾਂ ਨੇ ਇਸ ਸਾਹਿਤ ਦੇ ਕਾਵਿ ਰੂਪਾਂ ਤੇ ਛੰਦਾਂ ਨੂੰ ਅਪਣਾਇਆ।

(ਅ) ਆਦਿ ਗ੍ਰੰਥ ਦਾ ਗੁਰੂ ਕਾਵਿ:-

ਗੁਰੂ-ਕਾਵਿ ਦੇ ਸਾਹਿਤਕ-ਪਿਛੋਕੜ ਸਬੰਧੀ ਸੰਖੇਪ ਚਰਚਾ ਕਰਨ ਉਪਰੰਤ ਹੁਣ ਅਸੀਂ ਆਦਿ ਗ੍ਰੰਥ ਗੁਰੂ-ਕਵੀਆਂ ਅਤੇ ਉਨ੍ਹਾਂ ਦੇ ਕਾਵਿ ਦਾ ਅਤਿ ਸੰਖੇਪ ਪਰਿਚੈ ਦਿਆਂਗੇ। ਇਸੇ ਗੁਰੂ-ਕਾਵਿ ਨੂੰ ਅਸੀਂ ਆਪਣੇ ਖੋਜ ਪ੍ਰਬੰਧ ਦੇ ਵਿਸ਼ੇ ਦਾ ਆਧਾਰ ਬਣਾਇਆ ਹੈ।

---

25. ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰ: 131, ਡਾ: ਕਰਨੈਲ ਸਿੰਘ ਥਿੰਦ।
26. ਉਹੀ, ਪੰ: 204.
27. ਪੰਜਾਬੀ ਅਦਬ ਦੀ ਮੁਖਤਸਰ ਤਾਰੀਖ਼, ਪੰ: 36-39, ਡਾ: ਮੋਹਨ ਸਿੰਘ।
28. (ੳ) ਪੰਜਾਬੀ ਸਾਹਿਤ ਦਾ ਇਤਿਹਾਸ, ਪੰ: 35-36, ਫੁਟਨੋਟ, ਡਾ: ਸੁਰਿੰਦਰ ਸਿੰਘ ਕੋਹਲੀ।
(ਅ) ਪੰਜਾਬੀ ਲੋਕ ਸਾਹਿਤ, ਪੰ: 553 (ਡਾ: ਐਸ.ਐਸ.ਵਣਜਾਰਾ ਅਤੇ ਮਹਿੰਦਰ ਸਿੰਘ ਰੰਧਾਵਾ)
29. (ੳ) ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰ: 60-68 ਅਤੇ 74-95, ਡਾ: ਜੀਤ ਸਿੰਘ ਸੀਤਲ।
(ਅ) ਪੰਜਾਬੀ ਸਾਹਿਤ ਦਾ ਇਤਿਹਾਸ, ਪੰ: 35-37 ਅਤੇ ਪੰ: 66, ਡਾ: ਸੁਰਿੰਦਰ ਸਿੰਘ ਕੋਹਲੀ।

(1) ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦਾ ਕਾਰਜ :

ਗੁਰੂ ਨਾਨਕ ਦੇਵ ਜੀ ਸਿਖ ਧਰਮ ਦੇ ਬਾਨੀ ਅਤੇ ਮਹਾਨ ਕਵੀ ਸਨ। ਆਪ ਯੁਗ ਪੁਰਸ਼ ਸਨ।

ਆਪ ਦਾ ਜਨਮ ਬਾਬਾ ਕਾਲੂ ਜੀ ਦੇ ਘਰ ਵੈਸਾਖ ਸੁਦੀ 3 ਸੰਮਤ 1526 ਬਿ: (ਮੁਤਾਬਿਕ 15 ਅਪਰੈਲ, 1469 ਈ:) ਨੂੰ ਰਾਏ ਭੋਇ ਦੀ ਤਲਵੰਡੀ (ਵਰਤਮਾਨ ਨਨਕਾਣਾ ਸਾਹਿਬ, ਜ਼ਿਲਾ ਸ਼ੇਖੂਪੁਰਾ-ਪਾਕਿਸਤਾਨ) ਵਿਖੇ ਹੋਇਆ।[30] ਬਹੁਤ ਸਾਰੇ ਵਿਦਵਾਨ ਇਹ ਵੀ ਮੰਨਦੇ ਹਨ ਕਿ ਆਪ ਦਾ ਜਨਮ ਵੈਸਾਖ ਦੀ ਬਜਾਇ ਕੱਤਕ ਵਿਚ ਹੋਇਆ ਸੀ, ਪਰੰਤੂ ਪ੍ਰਮਾਣਾਂ ਦੀ ਗਵਾਹੀ ਅਤੇ ਵਿਦਵਤਾ ਪੂਰਨ ਸੰਮਤੀ ਵੈਸਾਖ ਦੇ ਪੱਖ ਵਿਚ ਹੀ ਹੈ।[31]

ਗੁਰੂ ਨਾਨਕ ਜੀ ਦੇ ਆਗਮਨ ਸਮੇਂ ਭਾਰਤ ਤੇ ਬਹਿਲੋਲ ਲੋਧੀ ਦਾ ਰਾਜ ਸੀ। ਆਪ ਦੇ ਜੀਵਨ ਕਾਲ ਸਮੇਂ ਬਹਿਲੋਲ ਲੋਧੀ, ਸਿਕੰਦਰ ਲੋਧੀ, ਇਬਰਾਹੀਮ ਲੋਧੀ, ਮੁਗ਼ਲ ਸਮਰਾਟ ਬਾਬਰ ਤੇ ਹਮਾਯੂੰ ਨੇ ਭਾਰਤ ਤੇ ਰਾਜ ਕੀਤਾ। ਇਹ ਸਮਾਂ ਅਰਾਜਕਤਾ ਭਰਿਆ ਸੀ। ਸਮਾਜਕ ਅਧੋਗਤੀ ਕਾਰਨ ਮਨੁੱਖਤਾ ਸਿਸਕ ਰਹੀ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਅਧੋਗਤੀ ਦਾ ਡੂੰਘਾ ਅਧਿਐਨ ਕਰਨ ਉਪਰੰਤ ਜਗਤ ਜਲੰਦੇ ਨੂੰ ਤਾਰਨ ਲਈ ਪ੍ਰੋਗਰਾਮ ਉਲੀਕਿਆ, ਜਿਸ ਨੂੰ ਇਤਿਹਾਸ ਵਿਚ 'ਚਾਰ ਉਦਾਸੀਆਂ' ਕਿਹਾ ਜਾਂਦਾ ਹੈ। ਉਨ੍ਹਾਂ ਦੂਰ ਦੁਰਾਡੇ ਦੇਸ਼ਾਂ ਵਿਚ ਜਾ ਕੇ ਮਾਨਵਤਾ ਦੇ ਬੁਨਿਆਦੀ ਸਿਧਾਂਤਾਂ ਦਾ ਪ੍ਰਚਾਰ ਕੀਤਾ। ਉਹ ਸੰਸਾਰ ਵਿਚ ਸਭ ਤੋਂ ਅਧਿਕ ਸਫ਼ਰ ਕਰਨ ਵਾਲੇ ਮਹਾਂਪੁਰਸ਼ ਅਤੇ ਭਾਰਤੀ ਸੰਸਕ੍ਰਿਤੀ ਅਤੇ ਭਾਰਤ ਦੀ ਭਗਤ-ਆਤਮਾ ਦੇ ਪ੍ਰਤੀਕ ਸਨ।[32]

ਗੁਰੂ ਨਾਨਕ ਦੇਵ ਜੀ ਨੇ ਅਨੇਕ ਪ੍ਰਕਾਰ ਦੇ ਮੱਤ-ਅਵਲੰਬੀਆਂ ਨੂੰ ਮਿਲ ਕੇ 'ਸਚਿ' ਤੋਂ ਜਾਣੂ ਕਰਵਾਇਆ ਤੇ ਧਰਮੀ ਬਣਨ ਲਈ ਪ੍ਰੇਰਨਾ ਦਿੱਤੀ। ਕਰਮਕਾਂਡੀ, ਦੰਭੀ ਤੇ ਪਾਖੰਡੀ ਜੀਵਨ ਨੂੰ ਦੁਰਕਾਰਿਆ। ਰਾਜਸੀ ਤੇ ਧਾਰਮਿਕ ਜੱਬਰ ਤੇ ਅਨਿਆਂ ਵਿਰੁਧ ਕਰੜੀ ਆਲੋਚਨਾ ਕੀਤੀ। ਅਸਲ ਵਿਚ 'ਨਾਨਕ ਨੇ ਅਜਿਹੇ ਸਵੈ-ਅਭਿਮਾਨੀ ਮਨੁੱਖਾਂ ਤੇ ਇਸਤਰੀਆਂ ਦੀ ਕੌਮ ਦੇ ਨਿਰਮਾਣ ਦਾ ਪ੍ਰਯਤਨ ਕੀਤਾ ਜੋ ਪ੍ਰਭੂ ਅਤੇ ਆਪਣੇ ਨੇਤਾਵਾਂ ਪ੍ਰਤੀ ਨਿਸ਼ਠਾ ਰਖਦੇ ਹੋਣ ਅਤੇ ਸਮਾਨਤਾ ਤੇ ਭ੍ਰਾਤਰੀਤਵ ਦੀ ਭਾਵਨਾ ਨਾਲ ਭਰਪੂਰ ਹੋਣ।[33]

---

30. ਪੁਰਾਤਨ ਜਨਮ ਸਾਖੀ, ਪੰ: 1, (ਸੰ) ਸ਼ਮਸ਼ੇਰ ਸਿੰਘ ਅਸ਼ੋਕ।

31. 'The weight of evidence and scholarly opinion is thus strongly on the side of the light half of Vaisakh.'
----'Guru Nanak & Sikh Religion, P-97, Dr. Mc Lod.

32. ਗੁਰੂ ਨਾਨਕ, ਜੀਵਨ ਔਰ ਦਰਸ਼ਨ (ਪ੍ਰਸਤਾਵਨਾ), ਪੰ: 9, ਡਾ: ਸ:ਸ: ਕੋਹਲੀ(ਲੇਖਕ ਜੈ ਰਾਮ ਮਿ

33. 'Nanak tried to build a nation of self respecting men and women devoted to God and their leaders, filled with a sense of equality and brotherhood of all ----The sacred writings of the Sikhs, (Introduction), Dr. Radha Krishnan, P-18, Unesco Publication.

ਗੁਰੂ ਨਾਨਕ ਦੇਵ ਜੀ ਨੇ ਅਜ ਤੋਂ ਪੰਜ ਸੌ ਸਾਲ ਪਹਿਲਾਂ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦੇ ਸਮਾਜਵਾਦੀ ਵਿਚਾਰ ਸੰਸਾਰ ਨੂੰ ਦਿੱਤੇ, ਜਿਨ੍ਹਾਂ ਬਾਰੇ ਅਜੋਕੇ ਵਿਗਿਆਨਕ ਯੁਗ ਵਿਚ ਆਦਰਸ਼ ਰੂਪ ਵਿਚ ਸੋਚਿਆ ਜਾ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ਕਾਵਿ ਦੇ ਮਾਧਿਅਮ ਰਾਹੀਂ ਜਨ ਸਾਧਾਰਣ ਤਕ ਪਹੁੰਚਾਈਆਂ। ਉਨ੍ਹਾਂ ਦੇਵ ਭਾਸ਼ਾ ਸੰਸਕ੍ਰਿਤ ਦੀ ਬਜਾਇ ਲੋਕ ਭਾਸ਼ਾ ਵਿਚ ਆਪਣੀ ਬਾਣੀ ਰਚੀ।

ਗੁਰੂ ਨਾਨਕ ਦੇਵ ਜੀ ਨਿਰਗੁਣਵਾਦੀ ਸਨ। ਆਪ ਕੇਵਲ ਨਿਰੰਕਾਰ ਜਾਂ 'ੴ' ਵਿਚ ਵਿਸ਼ਵਾਸ਼ ਰਖਦੇ ਸਨ। ਆਪ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ।[34] ਆਪ ਦੇ ਵਿਚਾਰ ਵਿਚ ਪ੍ਰਭੂ ਦੀਆਂ ਮੂਰਤੀਆਂ ਬਣਾ ਕੇ ਪੂਜਾ ਕਰਨਾ ਪ੍ਰਭੂ ਦਾ ਅਪਮਾਨ ਕਰਨਾ ਹੈ।[35] ਇਸੇ ਲਈ ਉਨ੍ਹਾਂ ਨੇ ਵੈਸ਼ਨਵਾਂ ਦੇ ਚਿੰਨ੍ਹਾਂ ਨੂੰ ਨਹੀਂ ਅਪਣਾਇਆ। ਹਿੰਦੂਆਂ ਤੇ ਮੁਸਲਮਾਨਾਂ ਨੂੰ ਆਤਮਕ ਤੇ ਸਮਾਜਕ ਭਾਈਚਾਰੇ ਦੇ ਸਾਂਝੇ ਬੰਧਨ ਵਿਚ ਜਕੜਨ ਲਈ ਉਨ੍ਹਾਂ ਦਾ ਪਹਿਲਾ ਤੇ ਆਖਰੀ ਸਫਲ ਯਤਨ ਸੀ।[36]

ਗੁਰੂ ਨਾਨਕ ਤੋਂ ਪਹਿਲਾਂ ਭਾਰਤੀ ਧਰਮਾਂ ਵਿਚ ਤਿਆਗਵਾਦੀ ਪ੍ਰਵਿਰਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਪਰੰਤੂ ਆਪ ਨੇ ਗ੍ਰਿਹਸਥ ਆਸ਼ਰਮ ਦੀ ਉਚਿਆਈ ਦਰਸਾ ਕੇ ਸਿੱਖਾਂ ਨੂੰ ਗ੍ਰਿਹਸਥੀ ਸੰਤ ਬਣਾਇਆ। ਮੱਧਯੁਗ ਦੇ ਸਮਾਜ ਸੁਧਾਰਕਾਂ ਵਿਚੋਂ ਸਭ ਤੋਂ ਪਹਿਲਾਂ ਆਪ ਨੇ ਹੀ ਪਦ-ਦਲਿਤ ਇਸਤਰੀ ਜਾਤੀ ਦੇ ਹੱਕ ਵਿਚ ਆਵਾਜ਼ ਉਠਾਈ।

ਆਪ ਜੀ ਦੁਆਰਾ ਰਚਿਤ ਬਾਣੀ ਆਦਿ ਗ੍ਰੰਥ ਦੇ 19 ਰਾਗਾਂ ਵਿਚ ਅੰਕਿਤ ਹੈ:-ਰਾਗ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲ੍ਹਾਰ ਅਤੇ ਪ੍ਰਭਾਤੀ।[37] ਆਪ ਦੀਆਂ ਪ੍ਰਮੁੱਖ ਬਾਣੀਆਂ ਜਪੁ, ਬਾਰਹਮਾਹ (ਤੁਖਾਰੀ), ਓਅੰਕਾਰ ਦੱਖਣੀ, ਸਿਧਗੋਸਟਿ, ਵਾਰਾਂ (ਮਾਝ, ਆਸਾ ਤੇ ਮਲ੍ਹਾਰ), ਪੱਟੀ, ਥਿੰਤੀ ਅਤੇ ਆਰਤੀ ਆਦਿਕ ਹਨ। ਇਨ੍ਹਾਂ ਤੋਂ ਇਲਾਵਾ ਆਪ ਨੇ ਪਹਰੇ, ਛੰਤ, ਅਲਾਹੁਣੀਆਂ, ਰਾਇਸਾ, ਕੁਚੱਜੀ, ਸੁਚੱਜੀ, ਸੋਲਹੇ, ਸਲੋਕ, ਪਦੇ ਤੇ ਅਸ਼ਟਪਦੀਆਂ ਆਦਿਕ ਦੀ ਰਚਨਾ ਕੀਤੀ ਹੈ। ਸਮੁੱਚੇ ਤੌਰ ਤੇ

---

34. Guru Nanak : Latif, S.M. (From Panjab, Past & Present, Vol III-1969, Edited by Dr. Ganda Singh)
35. Transformation of Sikhism, P-25, G.C. Narang.
36. The Delhi Sultanate, P- 569, R.C. Majumdar.
37. ਵਿਸਥਾਰ ਲਈ ਵੇਖੋ :-
    (ੳ) ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰ: 244, ਡਾ: ਤਾਰਨ ਸਿੰਘ।
    (ਅ) ਗੁਰੂ ਨਾਨਕ ਦੀ ਵਿਚਾਰਧਾਰਾ, ਪੰ: 43, ਡਾ: ਰਤਨ ਸਿੰਘ ਜੱਗੀ।
    (ੲ) ਗਤਨ ਰਬਿ ਵਿਸਤਾਰ, ਜਿਲਦ ਦੂਜੀ (ਬਾਣੀ ਬਿਉਰਾ), ਪੰ: 398, ਡਾ: ਚਰਨ ਸਿੰਘ।
    (ਸ) ਸ਼ਬਦਾਰਥ ਬਾਣੀ ਗੁਰੂ ਨਾਨਕ ਦੇਵ ਜੀ, ਪੰ: 11-13, ਭਾਸ਼ਾ ਵਿਭਾਗ।
    (ਹ) ਗੁਰੂ ਨਾਨਕ ਦਰਸ਼ਨ, ਪੰ: 85-90, ਡਾ: ਸੁਰਿੰਦਰ ਸਿੰਘ ਕੋਹਲੀ ਤਾਰਾ ਸਿੰਘ ਬੇਦੀ।
    (ਕ) ਪੰਜਾਬੀ ਸਾਹਿਤ ਦਾ ਇਤਿਹਾਸ, ਪੰ: 88-97, ਡਾ: ਸੁਰਿੰਦਰ ਸਿੰਘ ਕੋਹਲੀ।
    (ਖ) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 129-33, ਭਾਸ਼ਾ ਵਿਭਾਗ।

ਗੁਰੂ ਜੀ ਦੇ ਕਾਵਿ ਦਾ ਵਿਸ਼ਾ ਆਤਮਕ ਤੇ ਸਮਾਜਕ ਉਸਾਰੀ ਹੈ। ਵਿਸ਼ੇ ਪੱਖ ਤੋਂ ਭਗਤੀ ਲਹਿਰ ਦੀਆਂ ਹੋਰ ਰਚਨਾਵਾਂ ਨਾਲੋਂ ਨਾਨਕ ਬਾਣੀ ਨਿਰਾਲੀ, ਨਿਰੋਲ ਅਤੇ ਉਸਾਰੂ ਹੈ। ਸਮਾਜਕ ਸੁਧਾਰ ਅਤੇ ਰਾਜਨੀਤਕ ਅਤਿਆਚਾਰਾਂ ਦੇ ਵਿਰੁਧ ਇਕ ਜੋਰਦਾਰ ਆਵਾਜ਼ ਹੈ। ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਸੁਤੰਤਰਤਾ ਪ੍ਰਾਪਤੀ ਦਾ ਇਕ ਜਤਨ ਹੈ। ਆਰਥਿਕ ਉੱਨਤੀ ਲਈ ਵੀ ਇਸ ਬਾਣੀ ਵਿਚੋਂ ਪ੍ਰੇਰਨਾ ਮਿਲਦੀ ਹੈ।[38]

ਆਖੀਰ ਮਨੁੱਖਤਾ ਦੇ ਪੈਗੰਬਰ, ਹਿੰਦੂਆਂ ਤੇ ਸਿੱਖਾਂ ਦੇ ਗੁਰੂ, ਮੁਸਲਮਾਨਾਂ ਦੇ ਪੀਰ, ਪੂਰਨ ਯੋਗ ਭਗਤ, ਮਾਨਵਤਾ ਦੇ ਸੱਚੇ ਹਿਤੈਸ਼ੀ, ਜਾਤ ਪਾਤ ਤੇ ਧਰਮਾਂ ਦੀਆਂ ਵਲਗਣਾਂ ਤੋਂ ਸੰਸਾਰੀ ਜੀਵਾਂ ਨੂੰ ਆਜ਼ਾਦ ਕਰਾਉਂਦੇ ਹੋਏ, ਰਾਜਸੀ ਜਬਰ ਤੇ ਅਤਿਆਚਾਰ ਤੇ ਸਮਾਜਕ ਰੀਤਾਂ ਤੋਂ ਸੁਚੇਤ ਕਰਕੇ ਗੁਰੂ ਨਾਨਕ ਦੇਵ ਜੀ ਆਪਣੀ ਆਤਮਿਕ ਜੋਤ ਆਪਣੇ ਪੁੱਤਰਾਂ ਦੀ ਥਾਂ ਆਪਣੇ ਇਕ ਅਨਿਨ ਸਿੱਖ, ਭਾਈ ਲਹਿਣਾ ਜੀ ਵਿਚ ਇਸਥਿਤ ਕਰਕੇ ਕਰਤਾਰਪੁਰ ਵਿਖੇ ਅੱਸੂ ਵਦੀ 10, ਸੰਮਤ 1596 ਬਿ: (ਮੁਤਾਬਿਕ 1539 ਈ:) ਨੂੰ ਜੋਤੀ ਜੋਤ ਸਮਾ ਗਏ।[39]

(2) ਗੁਰੂ ਅੰਗਦ ਦੇਵ ਜੀ ਅਤੇ ਉਨ੍ਹਾਂ ਦਾ ਕਾਵਿ :

ਗੁਰੂ ਅੰਗਦ ਦੇਵ ਜੀ ਗੁਰੂ-ਨਾਨਕ-ਜੋਤ ਦੇ ਪਹਿਲੇ ਉਤਰ ਅਧਿਕਾਰੀ ਅਤੇ ਸਿਖ ਧਰਮ ਦੇ ਦੂਜੇ ਗੁਰੂ ਸਨ।

ਗੁਰੂ ਬਣਨ ਤੋਂ ਪਹਿਲਾਂ ਆਪ ਦਾ ਨਾਂ (ਭਾਈ) ਲਹਿਣਾ ਸੀ। ਆਪ ਦਾ ਜਨਮ 31 ਮਾਰਚ, 1504 ਈ: ਨੂੰ ਪਿਤਾ ਸ੍ਰੀ ਫੇਰੂਮਲ ਜੀ ਦੇ ਘਰ ਮੱਤੇ ਦੀ ਸਰਾਂ, ਜ਼ਿਲਾ ਫੀਰੋਜ਼ਪੁਰ ਵਿਚ ਹੋਇਆ।[40] ਬਾਬਰ ਦੇ ਹਮਲਿਆਂ ਕਾਰਨ ਆਪ ਦਾ ਪਿੰਡ ਤਬਾਹ ਹੋ ਗਿਆ। ਆਪ ਨੇੜੇ ਹੀ 'ਨਾਗੇ ਦੀ ਸਰਾਂ' ਵਿਚ ਆ ਵੱਸੇ। ਬਾਦ ਵਿਚ ਖਡੂਰ (ਅੰਮ੍ਰਿਤਸਰ) ਵਿਚ ਜਾ ਨਿਵਾਸ ਕੀਤਾ। ਸੰਨ 1532 ਈ: ਵਿਚ ਆਪ ਦੀ ਭੇਟ ਗੁਰੂ ਨਾਨਕ ਦੇਵ ਜੀ ਨਾਲ ਕਰਤਾਰਪੁਰ (ਗੁਰਦਾਸਪੁਰ) ਵਿਖੇ ਹੋਈ ਤੇ ਆਪ ਦੇਵੀ-ਪੂਜਾ ਜੋਤਾਂ ਦਾ ਸੰਗ ਛਡ ਕੇ ਸੱਚੇ ਗੁਰੂ ਵਾਲੇ ਬਣ ਗਏ। 1539 ਈ: ਵਿਚ ਆਪ ਗੁਰੂ ਬਣੇ ਅਤੇ ਅਗੋਂ ਆਪਣੇ ਮਿਸ਼ਨ ਦਾ ਕਾਰਜ ਚਲਦਾ ਰਖਣ ਲਈ ਆਪ ਆਪਣੇ ਇਕ ਅਨਿੰਨ ਸਿੱਖ ਨੂੰ ਉਤਰ-ਅਧਿਕਾਰੀ ਥਾਪ ਕੇ 29 ਮਾਰਚ, 1552 ਨੂੰ ਜੋਤੀ ਜੋਤ ਸਮਾ ਗਏ।[41]

ਗੁਰੂ ਅੰਗਦ ਦੇਵ ਜੀ ਨੂੰ ਗੁਰੂ ਬਣਾਏ ਜਾਣ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਪ੍ਰਕਾਰ ਸਿਖ ਮੱਤ ਨੂੰ ਅਗਵਾਈ ਕਰਨ ਵਾਲਾ ਇਕ ਮੁਖੀਆ ਆਗੂ ਮਿਲ ਗਿਆ ਜਿਸ ਨੇ ਇਸ ਦੇ ਜੀਵਨ ਨੂੰ ਨਵਾਂ ਮੋੜ ਦਿੱਤਾ।[42]

---

38. ਗੁਰੂ ਨਾਨਕ ਦਰਸ਼ਨ, ਪੰ: 97, ਡਾ: ਕਾਲਾ ਸਿੰਘ ਬੇਦੀ।
39. ਗੁਰੂ ਨਾਨਕ, ਜੀਵਨ ਅਤੇ ਵਿਅਕਤਿਤਵ, ਪੰ: 148, ਡਾ: ਰਤਨ ਸਿੰਘ ਜੱਗੀ।
40. (ੳ) ਗੁਰੂ ਅੰਗਦ ਦੇਵ ਜੀ, ਪੰ: 1, ਡਾ: ਤਾਰਨ ਸਿੰਘ।
(ਅ) History of the Panjab, P-73, Dr. K.S. Narang & Dr. H.R. Gupta.
41. ਉਹੀ, ਪੰ: 79, ਡਾ: ਨਾਰੰਗ ਤੇ ਗੁਪਤਾ।
42. 'Evolution of the Khalsa', Vol. I, P-156, Indu Bhushan Bannerjee.

ਆਪ ਨੇ ਪ੍ਰਾਚੀਨ ਲਿਪੀਆਂ ਟਾਕਰੀ ਅਤੇ ਸ਼ਾਰਦਾ ਦੇ ਅੱਖਰਾਂ ਵਿਚ ਪਰਿਵਰਤਨ ਲਿਆ ਕੇ ਉਨ੍ਹਾਂ ਨੂੰ ਮੌਜੂਦਾ ਗੁਰਮੁਖੀ ਰੂਪ ਦੇ ਨੇੜੇ ਲਿਆਂਦਾ।[43] ਗੁਰੂ ਜੀ ਨੇ ਇਸ ਗੁਰਮੁਖੀ ਲਿਪੀ ਦਾ ਪ੍ਰਚਾਰ ਕੀਤਾ ਜੋ ਬਾਣੀ ਲਿਖਣ ਲਈ ਮਾਧਿਅਮ ਬਣ ਗਈ।[44] ਗੁਰਮੁਖੀ ਦਾ ਪ੍ਰਚਾਰ ਹੋਣ ਕਰਕੇ ਸੰਸਕ੍ਰਿਤ ਦਾ ਪ੍ਰਭਾਵ ਘਟ ਗਿਆ। ਸਿਖ ਲੋਕ ਇਸ ਨੂੰ ਗੁਰੂ ਜੀ ਦੇ ਮੂੰਹੋਂ ਨਿਕਲੀ ਹੋਈ ਪਵਿੱਤਰ ਮੰਨਣ ਲਗੇ ਅਤੇ ਉਹ ਆਪਣੇ ਆਪ ਨੂੰ ਹਿੰਦੂਆਂ ਤੋਂ ਵਖਰਾ ਸਮਝਣ ਲਗ ਪਏ। ਇਸਤਰ੍ਹਾਂ ਗੁਰਮੁਖੀ ਨੇ ਸਿਖ ਧਰਮ ਦੇ ਵਿਕਾਸ ਵਿਚ ਵੱਡਾ ਹਿੱਸਾ ਪਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਜਨਮ ਸਾਖੀ ਗੁਰਮੁਖੀ ਅਖਰਾਂ ਵਿਚ ਹੀ ਲਿਖਵਾਈ ਜੋ ਪੰਜਾਬੀ ਭਾਸ਼ਾ ਵਿਚ ਸਭ ਤੋਂ ਪਹਿਲਾ ਵਾਰਤਕ ਨਮੂਨਾ ਹੈ।[45]

ਗੁਰੂ ਜੀ ਨੇ ਧਰਮ ਪ੍ਰਚਾਰ ਦਾ ਕੇਂਦਰ ਕਰਤਾਰਪੁਰੋਂ ਬਦਲ ਕੇ ਖਡੂਰ (ਜ਼ਿਲਾ ਅੰਮ੍ਰਿਤਸਰ) ਬਣਾਇਆ। ਲੰਗਰ ਦੀ ਪ੍ਰਥਾ ਨੂੰ ਆਪ ਨੇ ਪੂਰੀ ਤਰ੍ਹਾਂ ਮਜ਼ਬੂਤ ਕੀਤਾ, ਜਿਥੇ ਕਿਸੇ ਵੀ ਪ੍ਰਕਾਰ ਦੇ ਵਿਤਕਰੇ ਤੋਂ ਰਹਿਤ ਸਭ ਸ਼੍ਰੇਣੀਆਂ ਨੂੰ ਇਕ ਪੰਗਤ ਵਿਚ ਲੰਗਰ ਛਕਾਇਆ ਜਾਂਦਾ ਸੀ। ਇਸ ਪ੍ਰਥਾ ਨੇ ਸਿਖਾਂ ਨੂੰ ਏਕਤਾ ਦੇ ਸੂਤਰ ਵਿਚ ਬੰਨ੍ਹਣ ਅਤੇ ਉਨ੍ਹਾਂ ਨੂੰ ਸੰਗਠਿਤ ਕਰਨ ਵਿਚ ਬਹੁਤ ਮਦਦ ਕੀਤੀ। ਧਰਮ ਪ੍ਰਚਾਰ ਵਿਚ ਵੀ ਇਹ ਪ੍ਰਥਾ ਬਹੁਤ ਸਹਾਇਕ ਸਿੱਧ ਹੋਈ।[46]

ਗੁਰੂ ਅੰਗਦ ਦੇਵ ਜੀ ਨੇ ਉਦਾਸੀਆਂ ਤੋਂ ਸਿਖ ਧਰਮ ਨੂੰ ਬਚਾਇਆ। ਬਾਬਾ ਸ੍ਰੀ ਚੰਦ ਦੁਆਰਾ ਚਲਾਈ ਉਦਾਸੀ ਸੰਪਰਦਾਇ ਦਾ ਸਾਮ੍ਹਣਾ ਕਰਦਿਆਂ ਗੁਰੂ ਜੀ ਨੇ ਆਪਣੇ ਸਿਖਾਂ ਨੂੰ ਗ੍ਰਿਹਸਥ ਆਸ਼ਰਮ ਦਾ ਪਾਲਣ ਕਰਦਿਆਂ ਜੀਵਨ ਬਿਤਾਉਣ ਤੇ ਜ਼ੋਰ ਦਿੱਤਾ।

ਅਸਲ ਵਿਚ ਗੁਰੂ ਅੰਗਦ ਦੇਵ ਜੀ ਨੇ ਸਿਖ ਮੱਤ ਦੇ ਵਿਕਾਸ ਵਿਚ ਯੋਗ ਦਾਨ ਪਾਇਆਂ ਇਕ ਨਵਾਂ ਭਾਈਚਾਰਾ ਹੋਂਦ ਵਿਚ ਲਿਆਂਦਾ ਜੋ ਸਮਾਜਕ, ਧਾਰਮਕ ਤੇ ਆਤਮ ਨਿਰਭਰ ਸੀ।

ਗੁਰੂ ਅੰਗਦ ਦੇਵ ਜੀ ਨੇ ਕੇਵਲ ਸਲੋਕਾਂ ਦੀ ਰਚਨਾ ਕੀਤੀ ਹੈ ਜੋ ਆਦਿ ਗ੍ਰੰਥ ਵਿਚ ਦੂਜੇ ਗੁਰੂ ਸਾਹਿਬਾਨ ਦੀਆਂ ਵਾਰਾਂ ਵਿਚ ਸੰਕਲਿਤ ਕੀਤੇ ਗਏ ਹਨ।[47]

ਭਾਵੇਂ ਆਪ ਦੀ ਰਚਨਾ ਬਹੁਤ ਥੋੜੀ ਹੈ ਪਰੰਤੂ ਉਸ ਤੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਮੋਹਰ ਛਾਪ ਹੈ। ਪਹਿਲੇ ਗੁਰੂ ਜੀ ਦੁਆਰਾ ਪ੍ਰਤਿਪਾਦਤ ਦਾਰਸ਼ਨਿਕ, ਧਾਰਮਿਕ, ਸਾਂਸਕ੍ਰਿਤਕ, ਰਾਜਨੀਤਕ, ਆਰਥਕ ਤੇ ਸਮਾਜਕ ਵਿਚਾਰਾਂ ਦੀ ਰੰਗਤ ਆਪ ਦੀ ਬਾਣੀ ਵਿਚੋਂ ਪ੍ਰਿਸ਼ਟਗੋਚਰ ਹੁੰਦੀ ਹੈ। ਆਪ ਦਾ ਕਿਸੀ

---

43. ਗੁਰੂ ਅੰਗਦ ਦੇਵ ਜੀ, ਪੰ: 7-8, ਡਾ: ਤਾਰਨ ਸਿੰਘ।
44. Evolution of the Khalsa, Vol. I, P. 153-56, Indu Bhushan
45. ਵਿਸਥਾਰ ਲਈ ਦੇਖੋ: ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: [illegible]
46. Evolution of the Khalsa, Vol. I, P-159, I.B. Bannerjee.
47. ਵਿਸਥਾਰ ਲਈ ਵੇਖੋ:
   (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰ: 314, ਡਾ: ਤਾਰਨ ਸਿੰਘ।
   (ਅ) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 196-97, ਭਾਸ਼ਾ ਵਿਭਾਗ।
   (ੲ) ਚਰਨ ਹਰਿ ਵਿਸਥਾਰ, ਜਿਲਦ ਦੂਜੀ, (ਬਾਣੀ ਬਿਊਰਾ), ਪੰ: 398, ਡਾ: ਚਰਨ ਸਿੰਘ।

ਵਿਅਕਤਿਤਵ ਵੀ ਆਪ ਦੀ ਬਾਣੀ ਵਿਚ ਸਮੋਇਆ ਹੋਇਆ ਹੈ। ਆਪ ਹੁਕਮੀ ਬੰਦੇ ਸਨ, ਆਪ ਦੇ ਸਲੋਕਾਂ ਵਿਚੋਂ ਗੁਰੂ-ਪ੍ਰੀਤਮ ਲਈ ਬਿਹਬਲਤਾ ਤੇ ਤੜਪ ਆਪ ਦੇ ਨਿਜੀ ਭਾਵਾਂ ਦੀ ਸੂਚਕ ਹੈ। ਪ੍ਰੇਮ ਤੇ ਸ਼ਰਧਾ ਤੋਂ ਇਲਾਵਾ ਸੇਵਾ, ਸਿਦਕ, ਨਿਰਭੈਤਾ, ਨਿਮ੍ਰਤਾ ਆਦਿ ਦੀ ਝਲਕ ਵੀ ਆਪ ਦੀ ਬਾਣੀ ਵਿਚੋਂ ਸਪਸ਼ਟ ਦਿਖਾਈ ਦਿੰਦੀ ਹੈ, ਜਿਨ੍ਹਾਂ ਨੂੰ ਆਪ ਨੇ ਆਪਣੇ ਜੀਵਨ ਦਾ ਅੰਗ ਬਣਾਇਆ ਸੀ। ਇਸਤਰ੍ਹਾਂ ਜਾਪਦਾ ਹੈ ਕਿ ਆਪ ਦੁਆਰਾ ਰਚਿਤ ਬਾਣੀ ਆਪ ਦੀ ਆਤਮ-ਕਥਾ ਹੋਵੇ।[48]

(3) '<u>ਗੁਰੂ ਅਮਰਦਾਸ ਜੀ ਅਤੇ ਉਨ੍ਹਾਂ ਦਾ ਕਾਵਿ</u>':

ਗੁਰੂ ਅਮਰਦਾਸ ਜੀ ਸਿਖ ਧਰਮ ਦੇ ਤੀਜੇ ਗੁਰੂ ਸਨ, ਜਿਨ੍ਹਾਂ ਦਾ ਜੀਵਨ ਕਾਲ 1479-1574 ਈ: ਮੰਨਿਆ ਜਾਂਦਾ ਹੈ।[49] ਆਪ ਨੇ ਪਿਤਾ ਸ੍ਰੀ ਤੇਜਭਾਨ ਜੀ ਦੇ ਘਰ, ਪਿੰਡ ਬਾਸਰਕੇ, ਜ਼ਿਲਾ ਅੰਮ੍ਰਿਤਸਰ ਵਿਖੇ ਜਨਮ ਲਿਆ। ਪਿਛਲੇਰੀ ਆਯੂ ਵਿਚ ਗੁਰੂ ਅੰਗਦ ਦੇਵ ਜੀ ਦੀ ਛੁਹ ਸਦਕਾ ਆਪ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ਅਤੇ ਨਿਆਸਰਿਆਂ ਦੇ ਆਸਰੇ ਹੋ ਨਿਬੜੇ।

ਆਪ ਦੇ ਮਾਤਾ ਪਿਤਾ ਵੈਸ਼ਨਵ ਭਗਤ ਸਨ। ਮਾਤਾ ਪਿਤਾ ਤੋਂ ਧਾਰਮਿਕ ਪ੍ਰਭਾਵ ਕਬੂਲ ਕੇ ਜਵਾਨੀ ਵਿਚ ਆਪ 22 ਸਾਲ ਗੰਗਾ ਇਸ਼ਨਾਨ ਕਰਨ ਲਈ ਜਾਂਦੇ ਰਹੇ। ਪਰ ਆਤਮਕ ਸ਼ਾਂਤੀ ਆਪ ਨੂੰ 1541 ਈ: ਵਿਚ ਖਡੂਰ ਵਿਖੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਉਪਰੰਤ ਪ੍ਰਾਪਤ ਹੋਈ। ਆਪ ਦੀ ਤੀਰਥ ਯਾਤਰਾ ਸਮਾਪਤ ਹੋ ਗਈ। ਆਪ ਗੁਰ-ਸੇਵਾ ਤੇ ਸੰਗਤ-ਸੇਵਾ ਵਿਚ ਜੁੱਟ ਗਏ।

ਗੁਰੂ-ਦੇਵ ਦੀ ਆਗਿਆ ਨਾਲ ਆਪ ਨੇ ਲਾਹੌਰ ਦਿੱਲੀ ਵਾਲੀ ਸੜਕ ਤੇ (ਬਿਆਸ ਨਦੀ ਦੇ ਪੱਤਣ ਤੇ) 'ਗੋਇੰਦਵਾਲ ਨਗਰ' ਵਸਾਇਆ, ਜੋ ਸਮਾਂ ਆਉਣ ਤੇ ਸਿਖ ਧਰਮ ਦਾ ਸਭ ਤੋਂ ਪਹਿਲਾ ਤੀਰਥ ਸਥਾਨ ਥਾਪਿਆ ਗਿਆ।

ਆਪ ਜੀ ਦੀ ਅਨਿੰਨ ਸੇਵਾ ਸਦਕਾ ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਦੀ ਥਾਂ 1552 ਈ: ਵਿਚ ਆਪ ਨੂੰ ਆਪਣਾ ਉਤਰ-ਅਧਿਕਾਰੀ ਬਣਾਇਆ। ਆਪ ਨੇ ਸਿਖ ਧਰਮ ਦੀ ਜੱਥੇਬੰਦੀ ਨੂੰ ਪੱਕਿਆਂ ਕਰਨ ਲਈ ਆਪਣੇ ਗੁਰਗੱਦੀ ਕਾਲ ਸਮੇਂ ਨਿੱਗਰ ਕੰਮ ਕੀਤੇ।

ਗੁਰੂ ਨਾਨਕ ਦੀ ਸਿੱਖੀ ਬਹੁਤ ਦੂਰ ਦੁਰਾਡੇ ਦੇਸ਼ਾਂ ਤਕ ਫੈਲ ਚੁਕੀ ਸੀ, ਇਸ ਲਈ ਸਿੱਖੀ ਪ੍ਰਚਾਰ ਨੂੰ ਜਥੇਬੰਦ ਕਰਨ ਲਈ 22 ਮੰਜੀਆਂ ਥਾਪੀਆਂ। ਗੋਇੰਦਵਾਲ ਬਾਉਲੀ ਬਣਵਾ ਕੇ ਉਸ ਨੂੰ ਤੀਰਥ ਸ ਦਾ ਦਰਜਾ ਦੇ ਕੇ ਵੈਸਾਖੀ, ਮਾਘੀ ਤੇ ਦੀਵਾਲੀ ਦੇ ਮੇਲੇ ਲੁਆਉਣੇ ਆਰੰਭ ਕੀਤੇ। ਬਾਉਲੀ ਵਿਚ ਬਿਨਾ ਵਿਤਕਰੇ ਸਭ ਜਾਤਾਂ ਅਤੇ ਧਰਮਾਂ ਦੇ ਲੋਕ ਇਸ਼ਨਾਨ ਕਰ ਸਕਦੇ ਸਨ। ਇਹ ਭਾਰਤੀ ਧਰਮ ਪਰੰਪਰਾ ਵਿਚ ਇਕ ਵੱਡਾ ਇਨਕਲਾਬ ਸੀ।

---

48. ਗੁਰੂ ਅੰਗਦ ਦੇਵ ਜੀ, ਪੰ: 11, ਡਾ: ਤਾਰਨ ਸਿੰਘ।

49. (ੳ) History of the Punjab, P-79, Dr. Kirpal Singh Narang & Dr. Hari Ram Gupta.
(ਅ) ਅਮਰ ਕਵੀ, ਗੁਰੂ ਅਮਰਦਾਸ, ਪੰ: 4-15, ਡਾ: ਬਲਬੀਰ ਸਿੰਘ ਦਿਲ।

ਗੁਰੂ ਅਮਰਦਾਸ ਜੀ ਨੇ ਸੰਗਤ ਤੇ ਪੰਗਤ ਨੂੰ ਇਕ ਪੱਕੀ ਸੰਸਥਾ ਦੇ ਰੂਪ ਵਿਚ ਸਥਾਪਿਤ ਕਰ ਦਿੱਤਾ। ਜਾਤ ਪਾਤ ਦਾ ਖਾਤਮਾ ਕਰਨ ਲਈ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਗੁਰੂ ਕਾ ਲੰਗਰ ਇਕ ਪੰਗਤ ਵਿਚ ਬੈਠਕੇ ਛਕਣਾ ਅਵੱਸ਼ਕ ਨਿਯਮ ਬਣਾਇਆ ਗਿਆ। ਇਥੋਂ ਤਕ ਕਿ ਭਾਰਤ ਸਮਰਾਟ ਅਕਬਰ ਤੇ ਹਰੀਪੁਰ ਦੇ ਰਾਜੇ ਨੇ ਜਨ ਸਾਧਾਰਣ ਦੇ ਨਾਲ ਬੈਠਕੇ ਗੁਰੂ ਕੇ ਲੰਗਰ ਦਾ ਅਨੰਦ ਮਾਣਿਆ।

ਗੁਰੂ ਜੀ ਨੇ ਸੰਸਾਰ ਤੋਂ ਤਿਆਗ ਦੀ ਰੁਚੀ ਦਾ ਖੰਡਨ ਕੀਤਾ। ਗ੍ਰਿਹਸਥ ਦੀ ਮਹਾਨਤਾ ਦਰਸਾਈ। ਸਤੀ ਦੀ ਪ੍ਰਥਾ ਬੰਦ ਕਰਵਾਈ। ਪਰਦੇ ਦੀ ਪਰੰਪਰਾ ਨੂੰ ਬੰਦ ਕਰਵਾਇਆ। ਸ਼ਰਾਬ ਵਰਗੇ ਨਸ਼ਿਆਂ ਤੋਂ ਆਪਣੇ ਸਿਖਾਂ ਨੂੰ ਵਰਜਿਤ ਕੀਤਾ। ਸਮਾਜ ਸੁਧਾਰ ਵਿਚ ਆਪ ਦਾ ਏਨਾ ਵਿਸ਼ਵਾਸ ਸੀ ਕਿ ਆਪ ਨੇ ਆਪਣੀਆਂ ਦੋਹਾਂ ਲੜਕੀਆਂ ਦੀਆਂ ਸ਼ਾਦੀਆਂ ਸਾਧਾਰਣ ਜਿਹੇ ਸਿਖਾਂ ਨਾਲ ਹੀ ਕੀਤੀਆਂ। ਛੋਟੀ ਲੜਕੀ ਦੀ ਸ਼ਾਦੀ ਘੁੰਙਣੀਆਂ ਵੇਚਣ ਵਾਲੇ ਇਕ ਯਤੀਮ 'ਜੇਠਾ ਜੀ' ਨਾਲ ਕੀਤੀ, ਜੋ ਬਾਦ ਵਿਚ ਗੁਰੂ ਰਾਮ ਦਾਸ ਜੀ ਦੇ ਰੂਪ ਵਿਚ ਪ੍ਰਗਟ ਹੋਏ।

ਆਪ ਨੇ ਇਹ ਸਾਰੇ ਅਦੁੱਤੀ ਕਾਰਨਾਮੇ ਬੁਢਾਪੇ ਵੇਲੇ ਕੀਤੇ, ਜਦੋਂ ਆਪ ਦੀ ਉਮਰ 72 ਤੋਂ 95 ਸਾਲ ਵਿਚਕਾਰ ਸੀ। ਆਪ ਕਰਮਯੋਗੀਆਂ ਵਾਂਗ ਇਸ ਬੁਢਾਪੇ ਵਿਚ ਵੀ ਚੜ੍ਹਦੀ ਕਲਾ ਵਿਚ ਰਹੇ। ਏਨੀ ਬਿਰਧ ਅਵਸਥਾ ਵਿਚ ਆਪ ਨੇ 17 ਰਾਗਾਂ ਵਿਚ ਕਾਵਿ ਰਚਨਾ ਵੀ ਕੀਤੀ ਜੋ ਆਦਿ ਗ੍ਰੰਥ ਵਿਚ ਅੰਕਿਤ ਹੈ। ਰਾਗ ਇਸ ਪ੍ਰਕਾਰ ਹਨ:- ਰਾਗ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਿਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ।[50]

ਆਪ ਦੀਆਂ ਪ੍ਰਮੁੱਖ ਬਾਣੀਆਂ ਪੱਟੀ, ਅਲਾਹੁਣੀਆਂ, ਸਤਵਾਰੇ, ਅਨੰਦ, ਵਾਰਾਂ (ਗੂਜਰੀ, ਸੂਹੀ, ਰਾਮਕਲੀ ਤੇ ਮਾਰੂ) ਅਤੇ ਛੰਤ ਹਨ। ਇਸ ਤੋਂ ਇਲਾਵਾ ਆਪ ਨੇ ਕਾਫੀ, ਸਲੋਕ, ਪਦੇ ਤੇ ਅਸਟਪਦੀਆਂ ਦੀ ਰਚਨਾ ਵੀ ਕੀਤੀ। ਆਪ ਜੀ ਨੇ ਆਪਣੀ ਸ਼ਾਹਕਾਰ ਰਚਨਾ 'ਅਨੰਦ' ਤਕਰੀਬਨ 90 ਸਾਲ ਦੀ ਉਮਰ ਵਿਚ ਕਲਮ ਬੰਦ ਕੀਤਾ। ਆਪ ਜੀ ਦੀ ਬਾਣੀ ਦਾ ਵਿਸ਼ਾ ਉਹੀ ਹੈ ਜੋ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਹੈ ਅਰਥਾਤ ਪਰਮਾਤਮਾ ਦੀ ਭਗਤੀ, ਗੁਰ-ਭਗਤੀ, ਕਰਮ-ਕਾਂਡਾਂ ਦਾ ਖੰਡਨ, ਸਮਾਜਕ ਬੁਰਾਈਆਂ ਦਾ ਸੁਧਾਰ, ਨਾਮ ਸਦਾਚਾਰ ਅਤੇ ਜੀਵਨ ਜੁਗਤੀ ਆਦਿ।

ਇਸ ਪ੍ਰਕਾਰ ਆਪ 22 ਸਾਲ ਅੰਮ੍ਰਿਤ ਰੂਪੀ ਗੁਰਬਾਣੀ ਦੀ ਵਰਖਾ ਕਰਦਿਆਂ, ਸੰਗਤਾਂ ਦਾ

---

50. ਵਿਸਥਾਰ ਲਈ ਵੇਖੋ:

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰ: 325-26, ਡਾ: ਤਾਰਨ ਸਿੰਘ।

(ਅ) ਅਮਰ ਕਵੀ, ਗੁਰੂ ਅਮਰਦਾਸ, ਪੰ: 70-72, ਡਾ: ਬਲਬੀਰ ਸਿੰਘ ਦਿਲ।

(ੲ) ਪੰਜਾਬੀ ਸਾਹਿਤ ਦਾ ਇਤਿਹਾਸ, (ਭਾਗ ਪਹਿਲਾ), ਪੰ: 203-06, ਭਾਸ਼ਾ ਵਿਭਾਗ।

(ਸ) ਦਰਸ਼ਨ ਹਰਿ ਵਿਸਤਾਰ, ਭਾਗ ਪਹਿਲਾ, (ਬਾਣੀ ਬਿਉਰਾ), ਪੰ: 398, ਡਾ: ਚਰਨ ਸਿੰਘ।

ਉਧਾਰ ਕਰਦੇ ਹੋਏ, ਭਾਈ ਜੇਠਾ ਜੀ ਨੂੰ ਸ੍ਰੀ ਗੁਰੂ ਰਾਮ ਦਾਸ ਜੀ ਦੇ ਰੂਪ ਵਿਚ ਜੋਤਿ-ਗੁਰੂ-ਨਾਨਕ ਬਖਸ਼ ਕੇ ਭਾਦੋਂ ਸੁਦੀ 15, ਸੰਮਤ 1631 ਬਿ: (ਮੁਤਾਬਿਕ 1574 ਈ:) ਨੂੰ ਗੋਇੰਦਵਾਲ ਵਿਖੇ ਜੋਤੀ ਜੋਤ ਸਮਾ ਗਏ।

(4) <u>'ਗੁਰੂ ਰਾਮ ਦਾਸ ਜੀ ਅਤੇ ਉਨ੍ਹਾਂ ਦਾ ਕਾਰਜ'</u>:

ਗੁਰੂ ਰਾਮਦਾਸ ਜੀ ਗੁਰੂ-ਨਾਨਕ-ਜੋਤ ਦੇ ਤੀਜੇ ਵਾਰਸ ਅਤੇ ਗੁਰੂ ਅਮਰ ਦਾਸ ਜੀ ਦੇ ਉੱਤਰ-ਅਧਿਕਾਰੀ ਸਨ। ਆਪ ਦਾ ਪਹਿਲਾ ਨਾਂ 'ਜੇਠਾ' ਸੀ।

ਆਪ ਦਾ ਜਨਮ 24 ਸਤੰਬਰ, 1534 ਈ: (ਮੁਤਾਬਿਕ ਕੱਤਕ ਵਦੀ 2, ਸੰਮਤ 1591 ਈ:) ਸ੍ਰੀ ਹਰਦਾਸ ਜੀ ਦੇ ਘਰ ਚੂਨਾ ਮੰਡੀ, ਲਾਹੌਰ ਵਿਖੇ ਹੋਇਆ।[51] ਬਚਪਨ ਵਿਚ ਹੀ ਆਪ ਦੇ ਮਾਤਾ ਪਿਤਾ ਅਕਾਲ ਚਲਾਣਾ ਕਰ ਗਏ। ਆਪ ਦਾ ਪਾਲਣ ਪੋਸਣ ਆਪ ਦੀ ਨਾਨੀ ਜੀ ਨੇ ਪਿੰਡ ਬਾਸਰ ਕੇ (ਜ਼ਿਲਾ ਅੰਮ੍ਰਿਤਸਰ) ਵਿਚ ਕੀਤਾ।

1553 ਈ: ਵਿਚ ਸੰਗਤਾਂ ਨਾਲ ਆਪਨੇ ਗੋਇੰਦਵਾਲ ਸਾਹਿਬ ਆ ਕੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਤੇ ਉਥੇ ਹੀ ਰਹਿ ਪਏ। ਗੁਰ-ਭਗਤੀ, ਸੇਵਾ-ਭਾਵਨੀ ਤੇ ਨਾਮ-ਭਗਤੀ ਨੇ ਆਪ ਦੀ ਪ੍ਰਤਿਭਾ ਨੂੰ ਮਾਂਜਿਆ ਲਿਸ਼ਕਾਇਆ। ਆਪ ਨੇ ਗੁਰਦਰਬਾਰ ਵਿਚ ਧਾਰਮਿਕ ਵਿਚਾਰ ਤੇ ਗੋਸ਼ਟੀਆਂ ਸੁਣੀਆਂ ਤੇ ਇਸ-ਤਰ੍ਹਾਂ ਹਰ ਭੇਖ, ਧਰਮ, ਕਰਮ ਤੇ ਦਰਸ਼ਨ-ਸ਼ਾਸਤਰ ਦੀ ਅਸਲੀਅਤ ਨਾਲ ਜਾਣ ਪਛਾਣ ਪ੍ਰਾਪਤ ਕੀਤੀ।[52] ਸਾਧ ਸੰਗਤ ਦੀ ਸੇਵਾ ਤੋਂ ਬਾਦ ਜੋ ਸਮਾਂ ਮਿਲਦਾ, ਆਪ ਉਸ ਵਿਚ ਘੁੰਗਣੀਆਂ ਵੇਚਕੇ ਆਪਣਾ ਗੁਜ਼ਾਰਾ ਕਰਦੇ। ਆਪ ਦੀ ਸ਼ਖਸੀਅਤ ਤੋਂ ਪ੍ਰਭਾਵਤ ਹੋ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਛੋਟੀ ਲੜਕੀ, 'ਬੀਬੀ ਭਾਨੀ ਜੀ' ਦਾ ਵਿਆਹ ਆਪ ਨਾਲ ਕਰ ਦਿੱਤਾ।

ਗੁਰੂ ਜੀ ਦਾ ਵਿਸ਼ਵ-ਭਰਾਤ੍ਰੀਅਤਾ ਦਾ ਪ੍ਰਚਾਰ ਤੱਕ ਕੇ ਮੌਲਵੀਆਂ ਤੇ ਬ੍ਰਾਹਮਣਾਂ ਨੇ ਗੁਰੂ ਅਮਰਦਾਸ ਜੀ ਦੇ ਵਿਰੁਧ ਸਮਰਾਟ ਅਕਬਰ ਪਾਸ ਸ਼ਿਕਾਇਤ ਕੀਤੀ ਤਾਂ ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਆਪਣੇ ਵਲੋਂ ਸਮਰਾਟ ਦੇ ਦਰਬਾਰ ਵਿਚ ਭੇਜਿਆ ਜਿਨ੍ਹਾਂ ਨੇ ਸਮਰਾਟ ਦੀ ਪੂਰੀ ਤਸੱਲੀ ਕਰਵਾ ਦਿੱਤੀ[53] ਤੇ ਵਿਰੋਧੀਆਂ ਨੂੰ ਲਾਹਨਤ ਤੋਂ ਸਿਵਾ ਕੁਝ ਪੱਲੇ ਨਾ ਪਿਆ।

ਗੁਰ ਭਗਤੀ ਤੇ ਸੰਗਤਾਂ ਦੀ ਸੇਵਾ ਕਾਰਣ ਆਪ ਵਿਚ ਦੈਵੀ ਗੁਣਾਂ ਦਾ ਪ੍ਰਕਾਸ਼ ਹੋਇਆ। ਕਰੜੀ ਪਰੀਖਿਆ ਤੋਂ ਬਾਦ ਗੁਰੂ ਅਮਰਦਾਸ ਜੀ ਨੇ ਆਪਣੇ ਪੁੱਤਰਾਂ ਅਤੇ ਵੱਡ ਜੁਆਈ ਦੀ ਬਜਾਏ ਸੰਨ 1574 ਵਿਚ 'ਭਾਈ ਜੇਠਾ' ਜੀ ਨੂੰ 'ਗੁਰੂ ਰਾਮਦਾਸ ਜੀ' ਨਾਂ ਰਖ ਕੇ ਆਪਣਾ ਉੱਤਰ-ਅਧਿਕਾਰੀ ਥਾਪਿਆ।[54]

ਆਪ ਗੁਰਗੱਦੀ ਤੇ ਕੇਵਲ 7 ਸਾਲ ਬਿਰਾਜਮਾਨ ਰਹੇ ਪਰੰਤੂ ਆਪ ਨੇ ਸਿੱਖ ਧਰਮ ਦੇ ਵਿਕਾਸ ਵਿਚ ਬਹੁਤ ਵੱਡਾ ਹਿੱਸਾ ਪਾਇਆ।

---

51. History of the Panjab, P-87, Dr. H. R. Gupta.
52. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਖੇਪ ਇਤਿਹਾਸ; ਪੰ: 587, ਡਾ: [illegible]
53. Advanced History of the Panjab, P-136, Dr. G. S. Chhabra.
54. ਉਹੀ, ਪੰ: 144

ਆਪ ਨੇ ਵਰਤਮਾਨ ਅੰਮ੍ਰਿਤਸਰ ਨਗਰ ਵਸਾਇਆ। ਪਹਿਲਾਂ ਇਸ ਦਾ ਨਾਂ ਚੱਕ ਰਾਮਦਾਸ, ਫਿਰ ਰਾਮਦਾਸ ਪੁਰਾ, ਆਖੀਰ ਅੰਮ੍ਰਿਤਸਰ ਪ੍ਰਸਿੱਧ ਹੋਇਆ। ਇਸ ਵਿਚ ਦੋ ਸਰੋਵਰ ਅੰਮ੍ਰਿਤਸਰ ਤੇ ਸੰਤੋਖਸਰ ਖੁਦਵਾਏ। ਇਸੇ ਹੀ ਅੰਮ੍ਰਿਤਸਰ ਦੇ ਵਿਚਕਾਰ ਬਾਦ ਵਿਚ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਦਾ ਨਿਰਮਾਣ ਕਰਵਾਇਆ। ਅੰਮ੍ਰਿਤਸਰ ਸ਼ਹਿਰ ਦੀ ਸਿਖ ਜਗਤ ਵਿਚ ਬੜੀ ਮਹਾਨਤਾ ਹੈ। ਇਸ ਦੀ ਰੌਣਕ ਵਧਾਉਣ ਲਈ 52 ਕਿਸਮ ਦੇ ਕਿੱਤਿਆਂ ਦੇ ਲੋਕ ਵਸਾਏ ਗਏ। ਬਾਦ ਵਿਚ ਇਹ ਵੱਡਾ ਵਪਾਰਕ, ਉਦਯੋਗਿਕ, ਵਿਦਿਅਕ ਤੇ ਸਿੱਖਾਂ ਲਈ ਧਾਰਮਿਕ ਤੇ ਰਾਜਨੀਤਕ ਕੇਂਦਰ ਬਣ ਗਿਆ। ਇਸ ਵੇਲੇ ਇਸਨੂੰ ਸਿੱਖਾਂ ਦਾ ਮੱਕਾ ਕਿਹਾ ਜਾ ਸਕਦਾ ਹੈ।[55] ਮਾਝੇ ਦਾ ਕੇਂਦਰ ਹੋਣ ਕਰਕੇ ਗੁਰੂ ਜੀ ਦੀ ਸਿੱਖੀ ਇਥੋਂ ਦੀ ਜੱਟ ਕੌਮ ਵਿਚ ਬਹੁਤ ਵਧੀ ਫੁੱਲੀ। ਇਹ ਗੱਲ ਬਾਦ ਵਿਚ ਸੈਨਿਕ ਦ੍ਰਿਸ਼ਟੀ ਕੋਣ ਤੋਂ ਵੀ ਬਹੁਤ ਲਾਭਦਾਇਕ ਰਹੀ।

ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਆਰੰਭ ਕਰਕੇ ਗੁਰੂ-ਘਰ ਦੀ ਆਮਦਨ ਵਿਚ ਵਾਧਾ ਕੀਤਾ। ਇਸ ਮਾਇਆ ਨਾਲ ਸਰੋਵਰ ਤੇ ਨਗਰ ਵਸਾਏ। ਸਿਖ ਮੱਤ ਦਾ ਪ੍ਰਚਾਰ ਕਰਨ ਲਈ ਦੂਰ ਦੂਰ ਤਕ ਪ੍ਰਚਾਰਕ ਭੇਜੇ।

ਉਦਾਸੀ ਸੰਪਰਦਾਇ ਨਾਲ ਚਲਿਆ ਆ ਰਿਹਾ ਵਿਰੋਧ ਗੁਰੂ ਰਾਮਦਾਸ ਜੀ ਦੇ ਸਮੇਂ ਸਮਾਪਤ ਹੋਇਆ। ਉਨ੍ਹਾਂ ਨੇ ਗੁਰੂ ਜੀ ਨੂੰ ਧਾਰਮਿਕ ਆਗੂ ਮੰਨ ਲਿਆ।

ਇਕ ਵਾਰ ਔੜ ਸਮੇਂ ਗੁਰੂ ਜੀ ਨੇ ਅਕਬਰ ਸਮਰਾਟ ਨੂੰ ਕਹਿ ਕੇ ਇਕ ਸਾਲ ਵਾਸਤੇ ਪੰਜਾਬ ਦੇ ਕਿਸਾਨਾਂ ਦਾ ਲਗਾਨ ਮੁਆਫ਼ ਕਰਵਾ ਦਿੱਤਾ। ਇਸ ਨਾਲ ਵੀ ਹਰ ਪਾਸਿਉਂ ਜੱਟ ਤੇ ਜ਼ਿਮੀਂਦਾਰ ਗੁਰੂ ਜੀ ਪਾਸ ਬੜੀ ਗਿਣਤੀ ਵਿਚ ਆਏ ਜਿਸ ਨਾਲ ਉਨ੍ਹਾਂ ਦੀ ਤਾਕਤ ਤੇ ਪ੍ਰਸਿੱਧੀ ਵਿਚ ਵਾਧਾ ਹੋਇਆ।[56]

ਆਪ ਨੇ ਲੋਕ ਸੇਵਾ ਦੇ ਨਾਲ ਨਾਲ ਬਾਣੀ ਦੀ ਰਚਨਾ ਵੀ ਕੀਤੀ ਜੋ ਗਿਣਾਤਮਕ ਤੇ ਗੁਣਾਤਮਕ ਦੋਹਾਂ ਪਖਾਂ ਤੋਂ ਹੀ ਲਾਜਵਾਬ ਹੈ। ਆਦਿ ਗ੍ਰੰਥ ਦੇ 31 ਰਾਗਾਂ ਵਿਚੋਂ ਇਕ ਜੈਜਾਵੰਤੀ ਰਾਗ ਛੱਡ ਕੇ ਆਪ ਨੇ ਬਾਕੀ 30 ਰਾਗਾਂ ਵਿਚ ਰਚਨਾ ਕੀਤੀ।[57] ਆਦਿ ਗ੍ਰੰਥ ਵਿਚ ਆਪ ਦੀਆਂ ਪ੍ਰਮੁਖ ਬਾਣੀਆਂ ਵਾਰਾਂ (ਰਾਗ ਸਿਰੀ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ ਤੇ ਕਾਨੜਾ), ਛੰਤ, ਸੋਹਲੇ, ਘੋੜੀਆਂ ਤੇ ਲਾਵਾਂ ਹਨ। ਇਨ੍ਹਾਂ ਤੋਂ ਇਲਾਵਾ ਆਪ ਨੇ ਪਹਿਰੇ, ਵਣਜਾਰਾ, ਕਰਹਲੇ, ਸਲੋਕ, ਪਦੇ ਅਤੇ ਅਸ਼ਟਪਦੀਆਂ ਰਚੀਆਂ ਹਨ। ਆਪ ਦੀ ਰਚਨਾ ਦਾ ਇਕ ਨਿਜੀ ਰੰਗ ਹੈ ਜੋ ਬਾਕੀ ਗੁਰੂ-ਵਿਅਕਤੀਆਂ ਦੇ ਰੰਗ ਤੋਂ ਭਿੰਨ ਹੈ—'ਵੈਰਾਗ ਤੇ ਅੰਮ੍ਰਿਤ ਭਿੰਨੇ ਨੈਣਾ, 'ਨੀਰ ਵਹੇ ਵਹਿ ਚਲੈ ਜੀਉ' ਇਸ ਰੰਗ ਦਾ ਪ੍ਰਮੁੱਖ ਰੂਪ ਹੈ, ਪਰੰਤੂ ਵਿਛੋੜੇ ਵਿਚ ਵੈਰਾਗ ਦੀ ਤੀਬਰਤਾ ਆਪ ਦੀ ਬਾਣੀ/ਰਚਨਾ ਦਾ ਪ੍ਰਮੁੱਖ ਵਿਸ਼ਾ ਹੈ।[58]

---

55. ਉਹੀ, ਪੰ: 146.
56. History of the Panjab, P-252-53, S.M. Latif.
57. ਵਿਸਥਾਰ ਲਈ ਵੇਖੋ:-
    (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, [redacted] ਪੰਨੇ 361-62, ਡਾ: ਤਾਰਨ ਸਿੰਘ।
    (ਅ) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 220-247, ਭਾਸ਼ਾ ਵਿਭਾਗ।
    (ੲ) ਗੁਰਨਾਨਕ ਬਿਸਤਾਰ, ਭਾਗ ਪਹਿਲਾ (ਬਾਣੀ ਬਿਉਰਾ), ਪੰ: 398, ਡਾ: ਤਰਨ ਸਿੰਘ।
58. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰ: 360, ਡਾ: ਤਾਰਨ ਸਿੰਘ।

ਬੜੀ ਦੂਰ ਦਰਸਤਾ ਤੋਂ ਕੰਮ ਲੈਂਦਿਆਂ ਆਪ ਨੇ ਸਭ ਤੋਂ ਛੋਟੇ ਸਪੁੱਤਰ ਸ੍ਰੀ ਅਰਜਨ ਦੇਵ ਜੀ ਨੂੰ ਆਪਣਾ ਉੱਤਰ ਅਧਿਕਾਰੀ ਚੁਣਿਆ ਅਤੇ ਪਹਿਲੀ ਸਤੰਬਰ, 1581 ਈ: ਨੂੰ ਜੋਤੀ ਜੋਤ ਸਮਾ ਗਏ।[59]

(5) '<u>ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦਾ ਕਾਵਿ</u>':

ਗੁਰੂ ਅਰਜਨ ਦੇਵ ਜੀ, ਗੁਰੂ ਨਾਨਕ ਦੀ ਗੱਦੀ ਉਪਰ ਪੰਜਵੇਂ ਗੁਰੂ ਸਨ। ਆਪ ਮੁਗਲ ਸਮਰਾਟ ਅਕਬਰ ਤੇ ਜਹਾਂਗੀਰ ਦੇ ਸਮਕਾਲੀ ਸਨ। ਆਪ ਨਿਮ੍ਰਤਾ, ਸਿਦਕ ਤੇ ਕੁਰਬਾਨੀ ਦੇ ਪੁੰਜ ਸਨ। ਉੱਚ ਕੋਟੀ ਦੇ ਕਵੀ ਤੇ ਸੰਪਾਦਕ ਹੋਣ ਤੋਂ ਇਲਾਵਾ ਆਪ ਨੇ ਸਿੱਖ ਧਰਮ ਨੂੰ ਸੰਗਠਿਤ ਕਰਨ ਵਿਚ ਵਿਸ਼ੇਸ਼ ਹਿੱਸਾ ਪਾਇਆ।

ਆਪ ਚੌਥੇ ਗੁਰੂ, ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਤੇ ਯੋਗ ਸਪੁਤਰ ਅਤੇ ਤੀਜੇ ਗੁਰੂ, ਗੁਰੂ ਅਮਰਦਾਸ ਜੀ ਦੇ ਦੋਹਿਤੇ ਸਨ। ਆਪ ਦਾ ਜਨਮ 15 ਅਪਰੈਲ, 1563 ਈ: ਵਿਚ ਗੋਇੰਦਵਾਲ ਵਿਖੇ ਹੋਇਆ।[60] ਆਪ ਦੇ ਦੋ ਵੱਡੇ ਭਰਾ ਪ੍ਰਿਥੀ ਚੰਦ ਤੇ ਮਹਾਂਦੇਵ ਜੀ ਸਨ। ਆਪ ਦੇ ਰਬੀ-ਪਿਆਰ, ਸੇਵਾ-ਭਾਵ ਤੇ ਭਗਤੀ ਤੋਂ ਪ੍ਰਸੰਨ ਹੋ ਕੇ ਅਤੇ ਗੁਰ ਆਸ਼ੇ ਦੀ ਕਸਵੱਟੀ ਤੇ ਪੂਰਾ ਉਤਰਨ ਤੇ ਗੁਰੂ ਰਾਮਦਾਸ ਜੀ ਨੇ ਵੱਡੇ ਦੋ ਪੁੱਤਰਾਂ ਦੀ ਬਜਾਏ ਸਿਤੰਬਰ 1581 ਈ: (2 ਅੱਸੂ, 1638 ਬਿ:) ਵਿਚ ਆਪ ਨੂੰ ਗੁਰਗੱਦੀ ਸੌਂਪ ਦਿੱਤੀ।[61]

ਗੁਰੂ ਅਰਜਨ ਦੇਵ ਜੀ ਨੇ ਆਪਣੇ ਗੁਰ-ਗੱਦੀ-ਕਾਲ ਵਿਚ ਮਹਾਨ ਤੇ ਅਦੁੱਤੀ ਕਾਰਜ ਕੀਤੇ। ਆਪ ਨੇ ਚੱਕ-ਰਾਮਦਾਸ (ਵਰਤਮਾਨ ਅੰਮ੍ਰਿਤਸਰ) ਵਿਖੇ ਅੰਮ੍ਰਿਤ-ਸਰ ਤੇ ਸੰਤੋਖ-ਸਰ ਦਾ ਕੰਮ ਮੁਕੰਮਲ ਕਰਵਾਉਣ ਉਪਰੰਤ ਅੰਮ੍ਰਿਤ-ਸਰੋਵਰ ਦੇ ਵਿਚਕਾਰ ਹਰਿਮੰਦਰ ਦਾ ਨਿਰਮਾਣ ਕਰਵਾਇਆ। ਇਸ ਪਵਿੱਤਰ ਮੰਦਰ ਦਾ ਨੀਂਹ ਪੱਥਰ ਆਪ ਨੇ ਇਕ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾਇਆ। ਇਸ ਦੇ ਚਾਰ ਦਰਵਾਜ਼ੇ ਚਾਰੋ ਵਰਨਾਂ ਲਈ ਖੁਲ੍ਹੇ ਹਨ, ਮਾਨੋ ਸਮੁੱਚੇ ਦੇਸ਼ ਤੇ ਵਿਸ਼ਵ ਭਰਾਤ੍ਰੀਅਤਾ ਦੇ ਪ੍ਰਤੀਕ ਹਨ।

ਇਸੇ ਪ੍ਰਕਾਰ ਆਪ ਨੇ ਤਰਨਤਾਰਨ ਵਿਖੇ ਇਕ ਵੱਡਾ ਸਰੋਵਰ ਤੇ ਮੰਦਰ, ਕੋਹੜੀਆਂ ਲਈ ਆਸ਼੍ਰਮ, ਜਾਲੰਧਰ ਦੇ ਨੇੜੇ ਕਰਤਾਰਪੁਰ ਅਤੇ ਬਾਅਦ ਵਿਚ ਸ੍ਰੀ ਹਰਿਗੋਬਿੰਦ ਪੁਰਾ ਵਸਾਏ ਅਤੇ ਹੋਰ ਕਈ ਬਾਉਲੀਆਂ ਤੇ ਸਰੋਵਰਾਂ ਦਾ ਨਿਰਮਾਣ ਕਰਵਾਇਆ। ਇਸ ਤਰ੍ਹਾਂ ਆਪ ਦੀ ਸਿੱਖੀ ਸਾਰੇ ਮਾਝੇ ਤੇ ਦੁਆਬੇ ਵਿਚ ਫੈਲ ਗਈ, ਜੱਟਾਂ ਦਾ ਸਿਖ ਧਰਮ ਵਿਚ ਦਾਖਲ ਹੋਣਾ ਇਕ ਮਹੱਤਵ ਪੂਰਨ ਗੱਲ ਸੀ।[62]

---

59. History of the Punjab, P-90, Dr. K. S. Narang & Dr. H. R. Gupta.
60. (ੳ) History of the Punjab, P-91, Dr. K. S. Narang & Dr. H. R. Gupta.
(ਅ) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 231, ਭਾਸ਼ਾ ਵਿਭਾਗ।
61. ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 232, ਭਾਸ਼ਾ ਵਿਭਾਗ।
62. Evolution of the Khalsa, Vol. I, P- 197, Indu Bhushan Bannerjee.

ਅੰਮ੍ਰਿਤਸਰ ਤੇ ਤਰਨਤਾਰਨ ਦੁਆਰਾ ਦਿਤੀ ਰੋਸ਼ਨੀ ਨੇ ਸਿਖਾਂ ਨੂੰ ਆਪਣੀ ਅਸਲ ਸ਼ਕਤੀ ਤੋਂ ਜਾਣੂ ਕਰਵਾਇਆ ਤੇ ਸਮਾਂ ਆਉਣ ਤੇ ਰਣ ਤੱਤੇ ਵਿਚ ਤਕੜੇ ਜੋਧੇ ਹੋ ਨਿਬੜੇ।[63]

ਗੁਰੂ ਅਰਜਨ ਦੇਵ ਜੀ ਨੇ ਮਸੰਦ-ਪ੍ਰਥਾ ਨੂੰ ਸੰਗਠਿਤ ਕੀਤਾ ਜਿਸ ਰਾਹੀਂ ਸਿੱਖਾਂ ਲਈ ਆਮਦਨ ਦਾ ਦਸਵੰਧ ਗੁਰੂ ਜੀ ਪ੍ਰਤੀ ਭੇਟ ਕਰਨ ਲਈ ਜ਼ਰੂਰੀ ਕਰ ਦਿੱਤਾ ਗਿਆ। ਇਸ ਪ੍ਰਕਾਰ ਗੁਰੂ ਜੀ ਦੀ ਆਮਦਨ ਸਥਾਈ ਤੇ ਨਿਸ਼ਚਿਤ ਹੋ ਗਈ। ਜਿਸ ਨਾਲ ਸਿੱਖ ਧਰਮ ਦੇ ਵਿਕਾਸ ਵਿਚ ਵਿਸ਼ੇਸ਼ ਵਾਧਾ ਹੋਇਆ।[64]

ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਦੀ ਆਰਥਿਕ ਦਸ਼ਾ ਵਧੇਰੇ ਸੁਧਾਰਨ ਲਈ ਉਨ੍ਹਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਉਤਸ਼ਾਹ ਦਿੱਤਾ। ਇਸ ਨਾਲ ਇਕ ਤਾਂ ਗੁਰੂ ਜੀ ਦੀ ਸਿੱਖੀ ਦੂਰ ਦੂਰ ਤਕ ਫੈਲ ਗਈ, ਦੂਜੇ ਉਨ੍ਹਾਂ ਦੇ ਸਿਖ ਚੰਗੇ ਵਪਾਰੀ ਬਣਨ ਨਾਲ ਚੰਗੇ ਘੋੜ ਸੁਆਰ ਵੀ ਬਣ ਗਏ, ਜਿਨ੍ਹਾਂ ਨੇ ਸਮਾਂ ਪੈਣ ਤੇ ਮੁਗ਼ਲਾਂ ਅਤੇ ਅਫ਼ਗ਼ਾਨਾਂ ਦਾ ਡੱਟ ਕੇ ਮੁਕਾਬਲਾ ਕੀਤਾ।[65]

ਗੁਰੂ ਅਰਜਨ ਦੇਵ ਜੀ ਦੇ ਗੁਰ-ਗੱਦੀ - ਕਾਲ ਦਾ ਸਭ ਤੋਂ ਮਹੱਤਵ ਪੂਰਨ ਕੰਮ ਪਵਿੱਤਰ ਆਦਿ-ਗ੍ਰੰਥ ਦੀ ਸੰਪਾਦਨਾ ਹੈ। ਗੁਰੂ ਅਰਜਨ ਦੇਵ ਜੀ ਆਪਣੇ ਸਮੇਂ ਦੇ ਅਦੁੱਤੀ ਕਵੀ ਸਨ। ਆਪ ਨੇ ਆਪਣੀ ਕਾਵਿ ਰਚਨਾ ਤੋਂ ਇਲਾਵਾ ਆਪਣੇ ਪੂਰਵ-ਅਧਿਕਾਰੀ ਚਾਰ ਗੁਰੂ-ਸਾਹਿਬਾਨ ਦੀ ਬਾਣੀ ਅਤੇ 30 ਹੋਰ ਸੰਤ-ਪੁਰਸ਼ਾਂ ਅਤੇ ਗੁਰੂ ਘਰ ਦੇ ਨਿਕਟ-ਵਰਤੀ ਮਹਾਂਪੁਰਸ਼ਾਂ ਦੀ ਬਾਣੀ ਇਸ ਗ੍ਰੰਥ ਵਿਚ ਸੰਕਲਿਤ ਕੀਤੀ। ਇਹ ਸੰਤ-ਭਗਤ ਭਾਰਤ ਦੇ ਵਖ ਵਖ ਇਲਾਕਿਆਂ ਦੇ ਸਨ ਅਤੇ ਬਹੁਤ ਸਾਰੇ ਕਥਿਤ ਨਿਮਨ-ਜਾਤੀਆਂ ਵਿਚੋਂ ਸਨ। (ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਾਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਵਿਚ ਸੰਕਲਿਤ ਕੀਤੀ)। ਇਸ ਪਵਿੱਤਰ ਗ੍ਰੰਥ ਦੀ ਅਧਿਆਤਮਕ ਮਹਾਨਤਾ ਤੋਂ ਇਲਾਵਾ ਸਾਹਿਤਕ, ਇਤਿਹਾਸਕ, ਰਾਜਨੀਤਕ, ਧਾਰਮਿਕ, ਸਭਿਆਚਾਰਕ ਤੇ ਸਮਾਜਕ ਮਹਾਨਤਾ ਵੀ ਹੈ। ਇਸ ਵਿਚ ਰੱਬੀ ਗਿਆਨ ਦਾ ਭੰਡਾਰ ਹੈ, ਜਿਸ ਤੋਂ ਹਰ ਕੌਮ ਨਾਲ ਸਬੰਧਤ ਮਨੁੱਖ ਲਾਭ ਪ੍ਰਾਪਤ ਕਰ ਸਕਦਾ ਹੈ। ਆਦਿ ਗ੍ਰੰਥ ਦੇ ਸੰਪਾਦਨ ਦੀ ਸਿੱਖ-ਇਤਿਹਾਸ ਵਿਚ ਵਿਸ਼ੇਸ਼ ਮਹਾਨਤਾ ਹੈ, ਕਿਉਂਕਿ ਸਿਖਾਂ ਨੂੰ ਆਪਣੇ ਪ੍ਰਮੁੱਖ-ਸਥਾਨ 'ਹਰਿ-ਮੰਦਰ' ਦੇ ਨਾਲ ਇਕ ਵਖਰਾ ਧਾਰਮਿਕ ਗ੍ਰੰਥ ਵੀ ਪ੍ਰਾਪਤ ਹੋ ਗਿਆ ਤੇ ਉਨ੍ਹਾਂ ਨੂੰ ਹਿੰਦੂਆਂ ਦੇ ਪੁਰਾਤਨ ਧਾਰਮਿਕ ਗ੍ਰੰਥ ਪੜ੍ਹਨ ਦੀ ਲੋੜ ਨਾ ਰਹੀ। ਇਸ ਤੋਂ ਇਲਾਵਾ ਉਨ੍ਹਾਂ ਅੰਦਰ ਅੰਤਰ-ਜਾਤੀ ਚੇਤਨਾ ਅਤੇ ਭਾਵਨਾ ਪੈਦਾ ਹੋਈ। ਆਦਿ ਗ੍ਰੰਥ ਦੇ ਰਾਗਾਂ ਦੀ ਤਰਤੀਬ ਸੁਚੱਜੇ ਢੰਗ ਨਾਲ ਕੀਤੀ ਗਈ। ਹਰ ਰਾਗ ਵਿਚ ਹਰ ਗੁਰੂ ਦੀ ਬਾਣੀ ਅਤੇ ਛੰਦ-ਪ੍ਰਬੰਧ ਦੀ ਤਰਤੀਬ ਦਾ ਕ੍ਰਮ ਆਰੰਭ ਤੋਂ ਲੈ ਕੇ ਅੰਤ ਤਕ ਇਕ ਸਾਰ ਹੈ। ਰਾਗਾਂ ਦੇ ਅੰਤਰਗਤ ਨਾ ਆ ਸਕਣ ਵਾਲੀ ਬਾਣੀ ਰਾਗਾਂ ਤੋਂ ਬਾਦ ਦਰਜ ਕੀਤੀ ਗਈ ਹੈ। ਪੰਜਾਬੀ ਸਾਹਿਤ ਵਿਚ ਗੁਰੂ ਅਰਜਨ ਦੇਵ ਜੀ ਨੂੰ ਅਸੀਂ ਸੰਪਾਦਨ-ਕਲਾ ਦਾ ਮੋਢੀ ਕਹਿ ਸਕਦੇ ਹਾਂ। ਉਸ ਸਮੇਂ ਏਨਾ ਮਹਾਨ ਗ੍ਰੰਥ ਭਾਰਤ ਵਿਚ ਤਾਂ ਕੀ,

---

63. Transformation of Sikhism, P-42, Dr. G.C. Narang.
64. An Advanced History of Panjab, P-159, Dr. G.S. Chhatra.
65. Transformation of the Sikhism, P. 44, Dr. G.C. Narang.

ਸੰਗ੍ਰਹਿ ਰੂਪ ਵਿਚ ਕਿਤੇ ਨਹੀਂ ਸੰਪਾਦਤ ਕੀਤਾ ਗਿਆ।

ਮਹਾਨ ਸੰਪਾਦਕ ਹੋਣ ਦੇ ਨਾਲ ਗੁਰੂ ਅਰਜਨ ਦੇਵ ਜੀ ਖੁਦ ਵੀ ਇਕ ਮਹਾਨ ਕਵੀ ਸਨ। ਆਦਿ ਗ੍ਰੰਥ ਵਿਚ ਜਿੰਨੀ ਬਾਣੀ ਬਾਕੀ ਗੁਰੂ ਸਾਹਿਬਾਨ ਦੀ ਹੈ, ਤਕਰੀਬਨ ਉਨੀ ਹੀ ਆਪ ਦੀ ਇਕੱਲਿਆਂ ਦੀ ਹੈ। ਆਦਿ ਗ੍ਰੰਥ ਵਿਚ ਆਪ ਦੀਆਂ ਪ੍ਰਮੁੱਖ ਬਾਣੀਆਂ ਸੁਖਮਨੀ, ਬਾਰਹਮਾਹ,(ਮਾਝ), ਵਾਰਾਂ (ਗਉੜੀ, ਗੂਜਰੀ, ਜੈਤਸਿਰੀ, ਰਾਮਕਲੀ, ਮਾਰੂ ਤੇ ਬਸੰਤ), ਰੁਤੀ, ਸਵਈਏ ਤੇ ਮੁੰਦਾਵਣੀ ਆਦਿਕ ਸੰਕਲਿਤ ਹਨ। ਇਨ੍ਹਾਂ ਤੋਂ ਇਲਾਵਾ ਆਪ ਦੁਆਰਾ ਪਹਰੇ, ਡਿਨ ਰੈਣ, ਬਿਰਹੜੇ, ਗੁਣਵੰਤੀ, ਅੰਜੁਲੀਆ, ਗਾਥਾ, ਫੁਨਹੇ, ਚਉਬੋਲੇ, ਸਲੋਕ, ਪਦੇ ਤੇ ਪਦੀਆਂ ਰਚਿਤ ਹਨ। ਜੈਜਾਵੰਤੀ ਰਾਗ ਨੂੰ ਛਡ ਕੇ ਆਪ ਨੇ ਆਦਿ ਗ੍ਰੰਥ ਦੇ 30 ਰਾਗਾਂ ਵਿਚ ਬਾਣੀ ਰਚੀ ਹੈ।[66]

ਆਪ ਦੀ ਬਾਣੀ ਵਿਚ ਪ੍ਰਮਾਤਮਾ ਦਾ ਸਰੂਪ, ਪ੍ਰਭੂ-ਪ੍ਰੇਮ ਤੇ ਮਿਲਾਪ ਦੀ ਸਿੱਕ, ਗੁਰੂ-ਪ੍ਰੇਮ, ਭਗਤੀ ਮਾਰਗ, ਗੁਰਸਿੱਖ ਅਤੇ ਸਤਿਗੁਰੂ ਦੀ ਉਸਤਤਿ, ਨਾਮ ਸਿਮਰਨ ਤੇ ਸਾਧੂ ਦੀ ਮਹਿਮਾ ਅਤੇ ਉਸ ਦੀ ਨਿੰਦਾ ਦੀਆਂ ਹਾਨੀਆਂ ਦਾ ਭਰਪੂਰ ਵਰਣਨ ਹੈ। ਡਾ: ਤਾਰਨ ਸਿੰਘ ਅਨੁਸਾਰ ਆਪ ਦੀ ਬਾਣੀ ਆਸ਼ਾਵਾਦ ਨਾਲ ਭਰੀ ਹੋਈ ਹੈ ਅਤੇ ਉਸ ਵਿਚ ਨਿਰਾਸਤਾ ਦਾ ਕਿਤੇ ਨਾਮ-ਨਿਸ਼ਾਨ ਨਹੀਂ ਹੈ। ਉਸ ਵਿਚ ਵਿਜਈ ਮਨੁੱਖ ਦੀ ਸੰਤੁਸ਼ਟਤਾ ਡੁਲ੍ਹ ਡੁਲ੍ਹ ਪੈਂਦੀ ਹੈ। ਇਹ ਰੰਗ ਆਪ ਦੇ ਅੰਦਰਲੇ ਮਨ ਦੀ ਮਹਾਨਤਾ ਦਾ ਸਾਖੀ ਹੈ।[67]

ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਅਤੇ ਇਸ ਵਿਚਲੇ ਸਰਬ ਸਾਂਝੀਵਾਲਤਾ ਦੇ ਸੰਦੇਸ਼, ਗੁਰੂ ਜੀ ਦੀ ਸਮਾਜ-ਸੁਧਾਰ ਰੁਚੀ ਤੇ ਸਿਖ ਧਰਮ ਦੇ ਸੰਗਠਨ ਤੋਂ ਪੰਡਤਾਂ ਤੇ ਮੌਲਾਣਿਆਂ ਨੇ ਬਹੁਤ ਵਿਰੋਧ ਕੀਤਾ। ਇਨ੍ਹਾਂ ਨੇ ਮੁਤਅੱਸਬੀ ਸਮਰਾਟ ਜਹਾਂਗੀਰ ਦੇ ਕੰਨ ਭਰੇ ਜਿਸ ਨੇ ਸ਼ਹਿਜ਼ਾਦਾ ਖੁਸਰੋ ਦੀ ਕੱਥਤ ਮੱਦਦ ਦਾ ਦੋਸ਼ ਲਾ ਕੇ ਗੁਰੂ ਅਰਜਨ ਦੇਵ ਜੀ ਨੂੰ 'ਯਾਸਾ' ਦੀ ਸਜ਼ਾ ਸੁਣਾ ਦਿੱਤੀ। ਇੰਦੂ ਭੂਸ਼ਨ ਬੈਨਰਜੀ ਅਨੁਸਾਰ ਮੁੱਖ ਤੌਰ ਤੇ ਜਹਾਂਗੀਰ ਦੀ ਧਾਰਮਿਕ ਅਸਹਿਣਸ਼ੀਲਤਾ ਹੀ ਗੁਰੂ ਜੀ ਦੇ ਸੋਗ ਪੂਰਨ ਅੰਤ ਦਾ ਇਕ ਵੱਡਾ ਕਾਰਣ ਬਣੀ।[68] ਚੰਦੂ ਦੀਵਾਨ ਨੇ ਜਾਤੀ ਰੰਜਸ਼ ਕਾਰਨ ਗੁਰੂ ਜੀ ਨੂੰ ਉਬਲਦੀ ਦੇਗ ਵਿਚ ਬਿਠਾਇਆ, ਤੱਤੀ ਤਵੀ ਤੇ ਬਿਠਾ ਕੇ ਸੀਸ ਤੇ ਸੜਦੀ ਬਲਦੀ ਰੇਤ ਪੁਆਈ। ਸਰੀਰ ਤੇ ਅਸਹਿ ਕਸ਼ਟ ਸਹਾਰਦੇ ਹੋਏ ਆਪ 30 ਮਈ, 1506 ਈ: ਨੂੰ ਲਾਹੌਰ ਵਿਖੇ ਸ਼ਹੀਦ ਹੋ ਗਏ।[69]

---

66. ਵਿਸਥਾਰ ਲਈ ਵੇਖੋ:
(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰ:384-85, ਡਾ: ਤਾਰਨ ਸਿੰਘ।
(ਅ) ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰ: 105-22, ਡਾ: ਜਗਤਾਰ ਸਿੰਘ ਪੁਰੀ।
(ੲ) [illegible] ਵਿਸਤਾਰ, (ਬਾਣੀ ਬਿਉਰਾ), ਪੰ:398-99, ਡਾ: ਚਰਨ ਸਿੰਘ।
(ਸ) ਪੰਜਾਬੀ ਸਾਹਿਤ ਦਾ ਇਤਿਹਾਸ,(ਭਾਗ ਪਹਿਲਾ), ਪੰ:220-24, ਭਾਸ਼ਾ ਵਿਭਾਗ।

67. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ ਪੰ: 383, ਡਾ: ਤਾਰਨ ਸਿੰਘ।

68. The Evolution of the Khalsa, Vol.II,P-4. Indu Bhushan Bannerjee.

69. History of the Panjab,P-105,Dr. K.S. Narang & Dr.H.R.Gupta.

ਇਸ ਸ਼ਹਾਦਤ ਦੇ ਪ੍ਰਤਿਕਰਮ ਵਜੋਂ ਸਿਖ ਇਤਿਹਾਸ ਵਿਚ ਇਕ ਮੋੜ ਆਇਆ।[70] ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਹੋਇਆ, ਜਿਸ ਕਾਰਨ ਗੁਰੂ ਦੇ ਸਿੱਖ ਸੰਤ ਸਿਪਾਹੀ ਬਣਕੇ [illegible] ਗੁਰੂ ਹਰ ਗੋਬਿੰਦ ਜੀ ਦੀ ਅਗਵਾਈ ਵਿਚ ਮੁਗ਼ਲਾਂ ਦੇ ਵਿਰੁਧ ਰਣ ਤੱਤੇ ਵਿਚ ਜੋਧੇ ਹੋ ਨਿਬੜੇ। ਇਸ ਸ਼ਹਾਦਤ ਨਾਲ ਸਿੱਖਾਂ ਵਿਚ ਕੁਰਬਾਨੀਆਂ ਕਰਨ ਦੀ ਬੁਨਿਆਦ ਰੱਖੀ ਗਈ ਅਤੇ ਪੰਥ ਨੂੰ ਇਕ ਨਵੀਂ ਸੇਧ ਮਿਲੀ।[71]

(6) 'ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦਾ ਕਾਵਿ':

ਗੁਰੂ ਤੇਗ ਬਹਾਦਰ ਜੀ[72] ਸਿੱਖ ਧਰਮ ਦੇ ਨੌਵੇਂ ਗੁਰੂ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਦੇ ਉੱਤਰ-ਅਧਿਕਾਰੀ ਸਨ। ਆਪ ਮਹਾਨ ਯੋਧੇ, ਉੱਚ ਕੋਟੀ ਦੇ ਕਵੀ ਅਤੇ ਅਦੁੱਤੀ ਸ਼ਹੀਦ ਸਨ। ਆਪ ਦੀ ਸ਼ਹਾਦਤ ਸੰਸਾਰ-ਇਤਿਹਾਸ ਵਿਚ ਇਕ ਅਨੋਖੀ ਘਟਨਾ ਹੈ, ਜਦੋਂ ਮਕਤੂਲ ਕਤਲ ਹੋਣ ਲਈ ਕਾਤਲ ਕੋਲ ਆਪ ਟੁਰ ਕੇ ਗਿਆ।

ਆਪ ਦਾ ਜਨਮ ਛੇਵੇਂ ਗੁਰੂ, ਗੁਰੂ ਹਰਿ ਗੋਬਿੰਦ ਜੀ ਦੇ ਘਰ 1 ਅਪਰੈਲ, 1621 ਈ: (ਮੁਤਾਬਿਕ ਵੈਸਾਖੀ ਵਦੀ 5, ਸੰ: 1678 ਬਿ:) ਨੂੰ ਗੁਰੂ ਕਾ ਮਹਿਲ, ਅੰਮ੍ਰਿਤਸਰ ਵਿਖੇ ਹੋਇਆ।[73] ਆਪ ਆਪਣੇ ਪੰਜ ਭਰਾਵਾਂ ਅਤੇ ਇਕ ਭੈਣ ਤੋਂ ਛੋਟੇ ਸਨ। ਆਪ ਦੀ ਪੜ੍ਹਾਈ ਤੇ ਸ਼ਸਤਰ ਵਿਦਿਆ ਦਾ ਚੋਖਾ ਪ੍ਰਬੰਧ ਕੀਤਾ ਗਿਆ। ਗੁਰਬਾਣੀ ਦਾ ਅਧਿਐਨ ਆਪ ਨੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਪਾਸੋਂ ਕੀਤਾ। ਆਪ ਨੇ ਭਾਰਤੀ ਦਰਸ਼ਨ ਤੇ ਪੁਰਾਣ ਦਾ ਵੀ ਅਧਿਐਨ ਕੀਤਾ। ਸੰਗੀਤ ਤੇ ਕਵਿਤਾ ਵੱਲ ਆਪ ਦੀ ਵਿਸ਼ੇਸ਼ ਰੁਚੀ ਸੀ। ਸ਼ਸਤਰ ਵਿਦਿਆ ਦਾ ਸਬੂਤ ਆਪ ਨੇ ਆਪਣੇ ਪਿਤਾ, ਗੁਰੂ ਹਰਿ ਗੋਬਿੰਦ ਜੀ ਸਮੇਂ ਮੁਗ਼ਲਾਂ ਨਾਲ ਹੋਈ 'ਕਰਤਾਰ ਪੁਰ ਦੀ ਲੜਾਈ' ਵਿਖੇ ਰਣ ਤੱਤੇ ਵਿਚ ਦਿੱਤਾ।

ਆਪ 20 ਮਾਰਚ, ਸੰਨ 1665 ਈ: (ਮੁਤਾਬਿਕ 24 ਚੇਤ, ਸੰਮਤ 1722 ਬਿ:) ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ।[75] ਆਪ ਨੇ ਆਪਣੇ ਗੁਰ-ਗੱਦੀ ਕਾਲ ਦੌਰਾਨ ਸਤਿਲੁਜ ਦੇ ਕਿਨਾਰੇ ਕਹਿਲੂਰ ਦੇ ਰਾਜੇ ਪਾਸੋਂ ਮਾਖੋਵਾਲ ਪਿੰਡ ਦੀ ਜ਼ਮੀਨ ਖਰੀਦ ਕੇ ਇਕ ਸੁੰਦਰ ਨਗਰ 'ਆਨੰਦਪੁਰ' ਵਸਾਇਆ। ਇਹ ਨਗਰ ਜਲਦੀ ਹੀ ਸਿਖ ਧਰਮ ਦਾ ਪ੍ਰਸਿੱਧ ਕੇਂਦਰ ਬਣ ਗਿਆ ਤੇ ਬਾਅਦ ਵਿਚ ਮਿਲਿਟਰੀ ਕੇਂਦਰ ਤੌਰ ਤੇ ਵੀ ਬਹੁਤ ਲਾਭਦਾਇਕ ਸਿਧ ਹੋਇਆ।

---

70. History of the Panjab, P-254, Mohd. Latif.
71. An Advanced History of the Panjab, P-166, Dr. G.S. Chhabra.
72. ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਵਿਚਕਾਰ ਤਿੰਨ ਗੁਰੂ-ਵਿਅਕਤੀਆਂ —ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ,—ਨੇ ਬਾਣੀ ਦੀ ਰਚਨਾ ਨਹੀਂ ਕੀਤੀ, ਇਸ ਲਈ ਉਹ ਸਾਡੇ ਖੋਜ ਪ੍ਰਬੰਧ ਦੀ ਸੀਮਾ ਖੇਤਰ ਵਿਚ ਨਹੀਂ ਆਉਂਦੇ।
73. ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, (ਭਾਸ਼ਾ ਵਿਭਾਗ), ਪੰ: 257 ਅਤੇ History of the Panjab, P-127, Dr. K.S. Narang & Dr. H.R. Gupta.
74. A Brief Life of Guru Teg Bahadur, P-3, Dr. Trilochan Singh.
75. ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ (ਭਾਸ਼ਾ ਵਿਭਾਗ), ਪੰ: 268.

ਗੁਰੂ ਤੇਗ ਬਹਾਦਰ ਜੀ ਦੇ ਸਮਕਾਲੀ-ਭਾਰਤ-ਸਮਰਾਟ, ਔਰੰਗਜ਼ੇਬ ਨੇ ਤਖ਼ਤ ਤੇ ਬੈਠਦਿਆਂ ਹੀ ਧਰਮ ਦੀ ਆੜ ਵਿਚ ਅਤਿਆਚਾਰ ਸ਼ੁਰੂ ਕਰ ਦਿੱਤੇ ਸਨ। ਇਧਰ ਨੌਵੇਂ ਗੁਰੂ ਜੀ ਪੰਜਾਬ ਵਿਚ ਸਮੇਂ ਦੀ ਨਾੜ ਪਛਾਣ ਕੇ ਤੜਪਦੇ ਹਿਰਦਿਆਂ ਨੂੰ ਸ਼ਾਂਤ ਕਰਨ ਹਿਤ ਨਾਮ ਰੂਪੀ ਅੰਮ੍ਰਿਤ ਦੀ ਵਰਖਾ ਕਰਕੇ ਆਤਮਿਕ ਉਚਤਾ ਪ੍ਰਦਾਨ ਕਰ ਰਹੇ ਸਨ। ਆਪ ਨੇ ਆਪਣੇ ਸਿੱਖਾਂ ਅਤੇ ਭਾਰਤੀ ਜਨ-ਸਾਧਾਰਣ ਵਿਚ ਧਾਰਮਿਕ ਤੇ ਸਮਾਜਕ ਜਾਗ੍ਰਤੀ ਪੈਦਾ ਕਰਨ ਲਈ ਪੰਜਾਬ, ਦਿੱਲੀ, ਯੂ.ਪੀ., ਬੰਗਾਲ ਅਤੇ ਆਸਾਮ ਦਾ ਦੌਰਾ ਕੀਤਾ। ਨਾਲੋ ਨਾਲ ਆਪ ਨੇ ਬਾਣੀ ਵੀ ਰਚੀ ਜੋ ਆਦਿ ਗ੍ਰੰਥ ਦੇ 15 ਰਾਗਾਂ ਵਿਚ ਅੰਕਿਤ ਹੈ — ਰਾਗ ਗਉੜੀ, ਆਸਾ, ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ ਬਸੰਤ, ਸਾਰੰਗ ਤੇ ਜੈਜਾਵੰਤੀ।[76] ਰਾਗ ਜੈਜਾਵੰਤੀ ਆਪ ਦਾ ਵਿਸ਼ੇਸ਼ ਰਾਗ ਹੈ। ਇਨ੍ਹਾਂ ਰਾਗਾਂ ਵਿਚ ਗੁਰੂ ਜੀ ਨੇ ਪਦਿਆਂ (ਸ਼ਬਦਾਂ) ਜਾਂ ਸਲੋਕਾਂ ਦੀ ਰਚਨਾ ਕੀਤੀ ਹੈ।

ਆਪ ਦੀ ਬਾਣੀ ਦਾ ਕੇਂਦਰੀ ਵਿਸ਼ਾ ਇਹ ਹੈ ਕਿ ਮਨੁੱਖ ਆਤਮਕ ਤੌਰ ਤੇ ਨਿਰਬਲ ਹੋ ਜਾਣ ਕਾਰਣ ਬੰਧਨ ਵਿਚ ਹੈ। ਉਸ ਦਾ ਆਤਮਕ ਬਲ ਛੁਟ ਜਾਣ ਕਾਰਨ ਉਹ ਰਾਜਸੀ, ਸਮਾਜਕ, ਜਜ਼ਬਾਤੀ, ਸਦਾਚਾਰਕ ਕਮਜ਼ੋਰੀਆਂ ਦਾ ਸ਼ਿਕਾਰ ਹੋ ਗਿਆ ਹੈ—— ਇਸ ਦਾ ਹੱਲ ਇਹਦੀ ਅਗਿਆਨਤਾ ਤੋਂ ਇਸ ਨੂੰ ਜਾਣੂ ਕਰਾਉਣਾ ਹੈ। ਗਿਆਨ ਹੋ ਜਾਣ ਤੇ ਭਗਤੀ ਕਰੇਗਾ ਤੇ ਬਲਵਾਨ ਹੋ ਕੇ ਇਹ ਬੰਧਨ-ਮੁਕਤ ਹੋ ਕੇ ਰਹੇਗਾ।[77] ਆਪ ਦੀ ਬਾਣੀ ਨੂੰ ਵੈਰਾਗਮਈ ਕਿਹਾ ਜਾਂਦਾ ਹੈ ਪਰੰਤੂ ਆਪ ਦਾ ਵੈਰਾਗ ਉਨ੍ਹਾਂ ਸਾਧੂਆਂ ਵਾਲਾ ਨਹੀਂ ਜੋ ਘਰ ਬਾਰ ਛਡ ਕੇ ਜੰਗਲਾਂ ਵਿਚ ਭਟਕਦੇ ਫਿਰਦੇ ਹਨ। ਆਪ ਨੇ ਸਮਾਜ ਵਿਚ ਹੀ ਰਹਿ ਕੇ ਨਿਰਬਾਣ ਪੱਦ, ਅਭੈ-ਪਦ ਅਤੇ ਜੀਵਨ ਮੁਕਤੀ ਪ੍ਰਾਪਤ ਕਰਨ ਦੀ ਪ੍ਰੇਰਣਾ ਦਿੱਤੀ ਹੈ। ਆਪ ਦੀ ਬਾਣੀ ਉਦਾਸੀਨਤਾ ਪੈਦਾ ਨਹੀਂ ਕਰਦੀ ਅਤੇ ਨਾ ਹੀ ਕਿਸੇ ਨਿਰਾਸਤਾ ਵਿਚ ਸੁਟਦੀ ਹੈ, ਸਗੋਂ ਸੋਗਮਈ ਸਮਿਆਂ ਤੇ ਧਰਵਾਸ ਦੇਣ ਲਈ ਇਹ ਬਾਣੀ ਪੜ੍ਹੀ ਜਾਂਦੀ ਹੈ।[78]

ਡਾ: ਕਾਲਾ ਸਿੰਘ ਬੇਦੀ ਅਨੁਸਾਰ ਸਤਿਗੁਰੂ ਤੇਗ ਬਹਾਦਰ ਲੋਕ-ਪਿਆਰ ਵਿਚ ਸਦਾ ਰੰਗੇ ਰਹਿੰਦੇ ਸਨ, ਇਸ ਲਈ ਸਦਾ ਲੋਕ-ਹਿਤ ਬਾਰੇ ਸੋਚਦੇ ਰਹਿੰਦੇ ਸਨ। ਗੁਰੂ ਜੀ ਨੇ ਵੇਖਿਆ ਕਿ ਲੋਕ ਮਾਇਆ ਜਾਲ ਵਿਚ ਫਸ ਕੇ ਆਪਣੇ ਅਸਲੀ ਸੋਮੇ ਤੋਂ ਵਿਛੜ ਕੇ ਉਸ ਨੂੰ ਬਿਲਕੁਲ ਭੁੱਲ ਚੁਕੇ ਹਨ। ਇਸ ਲਈ ਆਪ ਨੇ ਖਲਕਤ ਨੂੰ ਵਿਕਾਰਾਂ ਦੇ ਚਿੱਕੜ ਤੋਂ ਛੁਟਕਾਰਾ ਦਿਵਾਉਣ ਲਈ ਸਾਹਿਤ ਨੂੰ ਮਾਧਿਅਮ ਬਣਾਇਆ ਅਤੇ ਅਮਲੀ ਜੀਵਨ ਨਾਲ ਵੀ ਉਨ੍ਹਾਂ ਦੀ ਸਹਾਇਤਾ ਕੀਤੀ।[79] ਆਪ ਨੇ ਭਾਵੇਂ ਥੋੜੀ ਰਚਨਾ ਕੀਤੀ, ਫਿਰ ਵੀ

---

76. (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਪੰ: 436-37, ਡਾ: ਤਾਰਨ ਸਿੰਘ।
(ਅ) ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ, ਪੰ: 115-68, ਸੰ: ਫੌਜਾ ਸਿੰਘ, ਤਾਰਨ ਸਿੰਘ
(ੲ) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 268-69, ਭਾਸ਼ਾ ਵਿਭਾਗ।
(ਸ) [illegible] ਵਿਸਤਾਰ, ਜਿਲਦ ਦੂਜੀ, (ਬਾਣੀ ਬਿਉਰਾ), ਪੰ: 398-99, ਡਾ: ਤਾਰਨ ਸਿੰਘ।
77. ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ. ਪੰ: 101-02, ਡਾ: ਤਾਰਨ ਸਿੰਘ, (ਸੰ: ਡਾ: ਫੌਜਾ ਸਿੰਘ ਤੇ ਡਾ: ਤਾਰਨ ਸਿੰਘ)।
78. ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 269, ਭਾਸ਼ਾ ਵਿਭਾਗ
79. ਗੁਰੂ ਤੇਗ ਬਹਾਦਰ, ਜੀਵਨ ਸੰਦੇਸ਼ ਤੇ ਸ਼ਹਾਦਤ, ਪੰ: 85, ਪੰਜਾਬੀ ਯੂ: ਪਟਿਆਲਾ, (ਸੰ: ਗੁਰੂ

ਸਮੇਂ ਅਨੁਸਾਰ ਆਪ ਦੀ ਬਾਣੀ ਨੇ ਸਿਖ ਲਹਿਰ ਦੀ ਗਤੀ ਵਧਾਉਣ ਲਈ ਜੋ ਪ੍ਰਭਾਵ ਪਾਇਆ, ਉਹ ਬਹੁਤ ਮਹੱਤਵਪੂਰਨ ਹੈ।

ਔਰੰਗਜ਼ੇਬ ਦੁਆਰਾ ਸਾਰੇ ਭਾਰਤ ਨੂੰ ਇਸਲਾਮ ਵਿਚ ਲਿਆਉਣ ਦੀ ਨੀਤੀ ਵਿਰੁਧ ਕਸ਼ਮੀਰੀ ਬ੍ਰਾਹਮਣਾਂ ਦੀ ਫਰਿਆਦ ਸੁਣ ਕੇ 9 ਸਾਲ ਦੇ ਬਾਲਕ ਸ੍ਰੀ ਗੋਬਿੰਦ ਰਾਏ ਦੇ ਸਿਰ ਉਤੇ ਗੁਰੂ-ਮਿਸ਼ਨ ਦਾ ਭਾਰ ਸੁੱਟ ਕੇ ਦੀਨ ਦੁਖੀਆਂ ਦੇ ਹਿੱਤਾਂ ਦੀ ਰਖਿਆ ਲਈ ਆਪਣਾ ਸ਼ਹਾਦਤ ਦੇਣ ਲਈ ਦਿੱਲੀ ਚਲੇ ਗਏ ਅਤੇ 11 ਨਵੰਬਰ, 1675 ਈ: (ਮੁਤਾਬਿਕ 12 ਮੱਘਰ, 1732 ਬਿ:) ਨੂੰ ਗੁਰਦੁਆਰਾ ਸੀਸ ਗੰਜ, ਦਿੱਲੀ ਵਾਲੇ ਸਥਾਨ ਤੇ ਆਪ ਨੂੰ ਸ਼ਹੀਦ ਕੀਤਾ ਗਿਆ।[80] ਆਪ ਦੇ ਧੜ ਦੇ ਸਸਕਾਰ ਵਾਲੀ ਥਾਂ ਤੇ ਵਰਤਮਾਨ ਗੁਰਦੁਆਰਾ ਰਕਾਬ ਗੰਜ, (ਨਵੀਂ ਦਿੱਲੀ) ਸਥਿਤ ਹੈ। ਧੜ ਨਾਲੋਂ ਅੱਡ ਹੋਇਆ ਸੀਸ ਇਕ ਸਿੱਖ ਭਾਈ ਜੈਤਾ ਜੀ ਨੇ ਕਰੜੇ ਸੈਨਿਕ ਪਹਿਰੇ ਤੋਂ ਚੁੱਕ ਕੇ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਰਾਏ ਜੀ ਪਾਸ ਪਹੁੰਚਾ ਦਿੱਤਾ।

ਇਸ ਸ਼ਹਾਦਤ ਦੇ ਪ੍ਰਤਿਕਰਮ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੇ ਮਨ ਵਿਚ ਖਾਲਸਾ ਪ੍ਰਗਟ ਕਰਨ ਦਾ ਪ੍ਰਬਲ ਉਮਾਹ ਆਇਆ।[81] ਇਸ ਸ਼ਹਾਦਤ ਨੇ ਮਜਬੂਰ ਕਰ ਦਿੱਤਾ ਕਿ ਸਿਖ ਕੌਮ ਪੂਰਨ ਤੌਰ ਤੇ ਸ਼ਸਤਰਬੱਧ ਹੋਵੇ।[82]

ਗੁਰੂ ਕਾਵਿ ਦੇ ਸਾਹਿਤਕ ਪਿਛੋਕੜ ਅਤੇ ਇਸ ਦੇ ਰਚਨਹਾਰਿਆਂ ਸਬੰਧੀ ਉਪਰੋਕਤ ਚਰਚਾ ਤੋਂ ਬਾਦ ਅਗਲੇਰੇ ਅਧਿਆਇ ਵਿਚ ਅਸੀਂ ਸਾਹਿਤ ਤੇ ਸਮਾਜ ਦੇ ਸੰਬੰਧਾਂ ਅਤੇ ਪਰਸਪਰ ਆਦਾਨ-ਪ੍ਰਦਾਨ ਬਾਰੇ ਚਰਚਾ ਕਰਾਂਗੇ। ਇਸ ਲਈ, ਕਿ ਉਸ ਤੋਂ ਅਗਲੇਰੇ ਅਧਿਆਇਆਂ ਵਿਚ ਗੁਰੂ-ਕਾਵਿ ਦੇ ਸਮਾਜਕ ਪੱਖ ਨੂੰ ਸਪਸ਼ਟ ਤੌਰ ਪ੍ਰਗਟਾਇਆ ਜਾ ਸਕੇ।

---

80. ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 268, ਭਾਸ਼ਾ ਵਿਭਾਗ।

81. Evolution of the Khalsa, Vol. II, P-63, Indu Bhushan Bannerjee.

82. History of the Panjab, P-261, S.M. Latif.

ਅਧਿਆਇ ਦੂਜਾ

• ਸਾਹਿਤ ਤੇ ਸਮਾਜ •

ਅਧਿਆਇ ਦੂਜਾ

'ਸਾਹਿਤ ਅਤੇ ਸਮਾਜ'

ਸਾਹਿਤ ਅਤੇ ਸਮਾਜ ਦਾ ਅਤਿ ਡੂੰਘਾ ਸਬੰਧ ਹੈ। ਇਹ ਇਕ ਦੂਜੇ ਦੇ ਪੂਰਕ ਹਨ ਅਤੇ ਇਕ ਤੋਂ ਬਿਨਾ ਦੂਜੇ ਦੀ ਹੋਂਦ ਦਾ ਕਾਇਮ ਰਹਿ ਸਕਣਾ ਅਸੰਭਵ ਹੈ।

ਇਸ ਅਧਿਆਇ ਵਿਚ ਅਸੀਂ ਸਾਹਿਤ ਅਤੇ ਸਮਾਜ ਦੇ ਪ੍ਰਸਪਰ ਸਬੰਧਾਂ ਅਤੇ ਇਨ੍ਹਾਂ ਦੇ ਆਦਾਨ ਪ੍ਰਦਾਨ, ਸਮਕਾਲੀਨ ਪੰਜਾਬੀ ਸਾਹਿਤ ਅਤੇ ਸਮਾਜ ਦੇ ਸੰਬੰਧਾਂ ਅਤੇ ਸਮਾਜਕ ਪੱਖ ਤੋਂ ਕੀ ਭਾਵ ਹੈ ? ਆਦਿ ਵਿਸ਼ਿਆਂ ਸਬੰਧੀ ਚਰਚਾ ਕਰਾਂਗੇ।

(ੳ) <u>ਸਾਹਿਤ ਤੇ ਸਮਾਜ ਦਾ ਸੰਬੰਧ ਅਤੇ ਆਦਾਨ-ਪ੍ਰਦਾਨ:-</u>

ਸਾਹਿਤ ਅਤੇ ਸਮਾਜ ਦੇ ਸੰਬੰਧ ਅਤੇ ਪ੍ਰਸਪਰ ਆਦਾਨ-ਪ੍ਰਦਾਨ ਨੂੰ ਭਲੀ ਪ੍ਰਕਾਰ ਸਮਝਣ ਲਈ ਇਹ ਜ਼ਰੂਰੀ ਹੈ ਕਿ 'ਸਾਹਿਤ' ਅਤੇ 'ਸਮਾਜ' ਸਬੰਧੀ ਚਰਚਾ ਕਰ ਲਈ ਜਾਵੇ।

ਸਾਹਿਤ ਸ਼ਬਦ ਦੀ ਉਤਪਤੀ 'ਸਹਿਤ' ਸ਼ਬਦ ਤੋਂ ਮੰਨੀ ਗਈ ਹੈ, ਜਿਸ ਦਾ ਅਰਥ ਹੈ— 'ਸਾਥ, ਸੰਗ, ਯੁਕਤ' ਆਦਿ।[1] ਡਾਕਟਰ ਮੋਹਨ ਸਿੰਘ ਵੀ 'ਸਹਿਤ' ਨੂੰ ਹੀ ਸਾਹਿਤ ਦਾ ਮੂਲ ਮੰਨਦੇ ਹਨ, ਜਿਸ ਦੇ ਅਰਥ ਹਨ —" 'ਨਾਲ' ਅਤੇ ਦੂਜੀ ਤੀਜੀ ਥਾਂ ਤੇ ਅਰਥ ਹਨ 'ਮੇਲ' + (ਜਮ੍ਹਾਂ), ਕਾਨੂੰਨਾਂ ਕਾਇਦਿਆਂ ਦਾ ਸਮੂਹ ਤੇ ਉਨ੍ਹਾਂ ਅਨੁਸਾਰ ਕੀਤੀ ਗਈ ਕਾਵਿ-ਰਚਨਾ। ਸਾਹਿਤ ਲੇਖਕਾਂ ਦੁਆਰਾ ਸੁਚੱਜੇ ਢੰਗ, ਸੁੰਦਰ, ਉਤਸਾਹੂੰਦੇ ਵਿਚਾਰਾਂ ਅਤੇ ਅਨੁਭਵਾਂ ਦਾ ਰਸ ਭਰਿਆ ਰਸ-ਆਤਮਕ ਚਿਤਰਣ ਹੈ।"[2] ਭਾਈ ਕਾਨ੍ਹ ਸਿੰਘ ਨਾਭਾ ਵੀ ਸਾਹਿਤ ਦੀ ਉਤਪਤੀ ਬਾਰੇ ਉਪਰੋਕਤ ਵਿਚਾਰ ਨਾਲ ਸਹਿਮਤ ਹਨ।[3]

ਸੰਸਕ੍ਰਿਤ ਵਿਚ 'ਸਾਹਿਤ੍ਯ' ਸ਼ਬਦ 'ਕਾਵਿ' ਦਾ ਪ੍ਰਯਾਯਵਾਚੀ ਹੈ।[4] ਪਹਿਲਾਂ ਸਾਹਿਤ (ਸਾਹਿਤ੍ਯ) ਦੀ ਥਾਂ ਕਾਵਿ (ਕਾਵ੍ਯ) ਦਾ ਹੀ ਪ੍ਰਯੋਗ ਹੁੰਦਾ ਸੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਪਹਿਲਾਂ ਸਾਰਾ ਸਾਹਿਤ (ਨਾਟ ਆਦਿ) ਕਵਿਤਾ ਵਿਚ ਹੀ ਹੁੰਦਾ ਸੀ ਤੇ ਜਦੋਂ ਵੀ ਕਿਸੇ ਭਾਸ਼ਾ ਦੇ ਸਾਹਿਤ ਦੀ ਉਤਪਤੀ ਹੋਈ, ਉਹ ਕਾਵਿ ਵਿਚ ਹੀ ਹੋਈ ਅਤੇ ਵਾਰਤਕ ਦਾ ਜਨਮ ਕਾਵਿ-ਸਾਹਿਤ ਦੇ ਵਿਕਾਸ ਕਰਨ ਉਪਰੰਤ ਹੋਇਆ। ਇਸ ਪ੍ਰਕਾਰ 'ਸਾਹਿਤ' ਤੇ ਕਾਵਿ' ਸਮਾਨਾਰਥਕ ਸ਼ਬਦ ਸਨ। ਸਮਾਂ

---

1. 'ਭਾਰਤੀਯ ਸਾਹਿਤ੍ਯ ਸ਼ਾਸਤਰ' ਪੰ: 571, ਡਾ: ਬਲਦੇਵ ਉਪਾਧਯਾਯ।
2. ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, ਪੰ: 2, ਡਾ: ਮੋਹਨ ਸਿੰਘ।
3. 'ਸਾਹਿਤ੍ਯ-ਸਹਿਤ (ਸਾਥ) ਹੋਣ ਦਾ ਭਾਵ, ਮੇਲ, ਇਕੱਠ, ਉਹ ਕਾਵ੍ਯ ਸ਼ਾਸਤ੍ਰ ਜਿਸ ਵਿਚ ਰਸ ਅਲੰਕਾਰ, ਛੰਦ ਆਦਿ ਸਾਰੇ ਅੰਗ ਇਕੱਠੇ ਕੀਤੇ ਜਾਣ। ਕਿਸੇ ਵੀ ਵਿਦਿਆ ਦੇ ਸਾਰੇ ਅੰਗਾਂ ਦਾ ਜਿਸ ਵਿਚ ਇਕੱਠ ਹੋਵੇ, ਉਹ ਸਾਹਿਤ੍ਯ ਹੈ।'—ਗੁਰੁਸ਼ਬਦ ਰਤਨਾਕਰ, ਮਹਾਨ ਕੋਸ਼, ਪੰ: 133.
4. 'ਕਾਵ੍ਯ ਦਰਪਨ' ਪੰ: 46, ਰਾਮ ਦਹਿਨ ਮਿਸ਼੍ਰ।

ਪੈਣ ਨਾਲ 'ਕਾਵਿ' ਦਾ ਅਰਥ ਸੰਕੁਚਿਤ ਹੋ ਗਿਆ ਤੇ 'ਸਾਹਿਤ' ਸ਼ਬਦ ਦਾ ਪ੍ਰਯੋਗ ਵਧੇਰੇ ਵਿਆਪਕ ਅਰਥਾਂ ਵਿਚ ਹੋਣ ਲਗ ਪਿਆ।

ਸਾਹਿਤ ਸੰਸਾਰ ਪ੍ਰਤੀ ਸਾਡੀ ਮਾਨਸਿਕ ਪ੍ਰਤਿ-ਕਿਰਿਆ ਅਰਥਾਤ ਵਿਚਾਰਾਂ, ਭਾਵਾਂ ਅਤੇ ਸੰਕਲਪਾਂ ਦੀ ਸ਼ਾਬਦਿਕ ਅਭਿਵਿਅਕਤੀ ਹੈ ਅਤੇ ਉਹ ਸਾਡੇ ਕਿਸੇ ਨਾ ਕਿਸੇ ਪ੍ਰਕਾਰ ਦੇ ਹਿਤ ਦਾ ਸਾਧਨ ਬਣਦਾ ਹੈ।[5] ਸਾਹਿਤ, ਜੀਵਨ ਅਤੇ ਜਗਤ ਦੇ ਸਤਿਆਤਮਕ ਸੌਂਦਰਯ ਦੀ ਉਹ ਭਾਵਮਈ ਝਾਕੀ ਹੈ ਜਿਸ ਦੇ ਸਹਾਰੇ ਨਿਤ ਨਵੀਨ ਆਨੰਦ ਤੇ ਕਲਿਆਨ ਦਾ ਵਿਧਾਨ ਹੁੰਦਾ ਹੈ।[6] ਇਸੇਤਰ੍ਹਾਂ ਆਚਾਰੀਆ ਵਿਸ਼ਵਨਾਥ ਅਨੁਸਾਰ ਜਿਸ ਵਾਕ ਵਿਚ ਪਾਠਕ ਜਾਂ ਸ੍ਰੋਤੇ ਦੇ ਹਿਰਦੇ ਵਿਚ ਰਸ ਸੰਚਾਰ ਕਰਨ ਦੀ ਸ਼ਕਤੀ ਹੋਵੇ, ਉਸ ਨੂੰ ਕਾਵਿ ਕਿਹਾ ਜਾਂਦਾ ਹੈ।[7] ਅਤੇ ਆਚਾਰੀਆ ਜਗਨ ਨਾਥ ਅਨੁਸਾਰ ਕਾਵਿ ਉਹ ਹੈ ਜੋ ਰਮਣੀਕ ਅਰਥ ਦਰਸਾਣ ਵਾਲਾ ਹੋਵੇ।[8]

ਇਸੇ ਪ੍ਰਕਾਰ ਪੱਛਮੀ ਵਿਦਵਾਨਾਂ ਨੇ ਕਾਵਿ/ਕਵਿਤਾ/ਸਾਹਿਤ ਦੀ ਪਰਿਭਾਸ਼ਾ ਬਾਰੇ ਆਪਣੇ ਵਖ ਵਖ ਵਿਚਾਰ ਪ੍ਰਗਟਾਏ ਹਨ। ਹੈਜ਼ਲਿਟ ਅਨੁਸਾਰ ਕਵਿਤਾ ਭਾਵਨਾ ਅਤੇ ਕਲਪਨਾ ਦੀ ਭਾਸ਼ਾ ਹੈ।[9] ਮੈਕਾਲੇ ਅਨੁਸਾਰ ਕਵਿਤਾ ਇਕ ਅਜਿਹੀ ਸ਼ਬਦ-ਜੋਜਨਾ ਦੀ ਕਲਾ ਹੈ, ਜੋ ਪਾਠਕ ਦੀ ਕਲਪਨਾ ਦੇ ਸਨਮੁਖ ਇਕ ਮਾਇਆ ਜਾਲ ਜਿਹਾ ਬੁਣ ਦਿੰਦੀ ਹੈ ਅਤੇ ਇਹ ਸ਼ਬਦ-ਜੋਜਨਾ ਦੀ ਕਲਾ ਅਜਿਹੀ ਹੈ, ਜਿਸਤਰ੍ਹਾਂ ਰੰਗਾਂ ਦੇ ਮਾਧਿਅਮ ਨਾਲ ਚਿਤ੍ਰਕਾਰ ਦੀ ਹੁੰਦੀ ਹੈ।[10] ਕਾਲਰਿਜ ਅਨੁਸਾਰ ਕਵਿਤਾ ਗਿਆਨ-ਵਿਗਿਆਨ ਦੀ ਵਿਰੋਧਿਨੀ ਹੈ ਅਤੇ ਇਸ ਦਾ ਨਿਕਟਤਮ ਉਦੇਸ਼ ਆਨੰਦ ਹੈ, ਸਤਿ ਨਹੀਂ।[11] ਜਾਨਸਨ ਅਨੁਸਾਰ ਕਵਿਤਾ ਛੰਦ-ਬੱਧ ਰਚਨਾ ਨੂੰ ਕਹਿੰਦੇ ਹਨ ਅਤੇ ਇਹ ਅਜਿਹੀ ਕਲਾ ਹੈ ਜੋ ਕਲਪਨਾ ਨਾਲ ਬੁੱਧੀ ਦੀ ਸਹਾਇਤਾ ਕਰਕੇ ਆਨੰਦ ਨੂੰ ਸਤਿ ਨਾਲ ਮਿਲਾਉਂਦੀ ਹੈ।[12] ਸ਼ੈਲੇ ਅਨੁਸਾਰ ਕਲਪਨਾ ਦਾ ਪ੍ਰਗਟ ਕਰਨਾ ਸਾਧਾਰਣ ਰੂਪ

---

5. 'ਕਾਵਿ ਦੇ ਰੂਪ' ਪੰ: 2, ਡਾ: ਗੁਲਾਬ ਰਾਏ।
6. ਸ਼ਾਸਤ੍ਰੀਯ ਸਮੀਖਿਆ ਦੇ ਸਿਧਾਂਤ, (ਭਾਗ ਪਹਿਲਾ), ਪੰ: 6, ਡਾ: ਗੋਬਿੰਦ ਤ੍ਰਿਗੁਣਾਇਤ।
7. 'ਵਾਕਯੰ ਰਸਾਤਮਕੰ ਕਾਵਯਮ' — ਸਾਹਿਤਯ ਦਰਪਣ' ਪੰ: 21.
8. ਰਮਣੀਯਾਰਥ ਪ੍ਰਤਿਪਾਦਕ: ਸ਼ਬਦ: ਕਾਵਯਮ— ਰਸ ਗੰਗਾਧਰ, ਪੰ: 9.
9. 'What is poetry, but the thought and words, in which emotion spontaneously embodies itself'-- Hazlitt.
10. 'By poetry we mean the art of employing words in such a manner as produce an illusion on the imagination, the art of doing by means of words what the painter does by means of colours--Macaulay.
11. 'Poetry is the anti-thesis of science having for it's immediate object pleasure, not truth.'--Coleridge.
12. 'Poetry is metrical composition. It is the art of uniting pleasure with truth by calling imagination to the help of reasons'-----Johnson.

ਨਾਲ ਕਵਿਤਾ ਕਹਿਲਾਂਦਾ ਹੈ।[13] ਮੈਥਿਊ ਆਰਨਲਡ ਕਵਿਤਾ ਨੂੰ ਜੀਵਨ ਦੀ ਆਲੋਚਨਾ ਮੰਨਦਾ ਹੈ।[14]

ਸਮਾਜ ਮਨੁੱਖਾਂ ਦੇ ਕਈ ਸਮੂਹਾਂ ਦਾ ਇਕ ਵੱਡਾ ਸਮੁਦਾਇ ਹੈ। ਇਸ ਵਿਚ ਮਨੁੱਖਾਂ ਦੇ ਆਪਸੀ ਸੰਬੰਧਾਂ ਦਾ ਸੰਗਠਨ ਹੁੰਦਾ ਹੈ। ਹਰ ਇਕ ਮਨੁੱਖ ਆਤਮ-ਵਿਸਤਾਰ, ਆਤਮ-ਰੱਖਿਆ ਅਤੇ ਆਤਮ ਉਪਲੱਬਧੀ ਲਈ ਪ੍ਰਯਤਨ ਕਰਦਿਆਂ ਇਸ ਸੰਗਠਨ ਵਿਚ ਰਹਿੰਦਾ ਹੈ।

ਸਮਾਜ ਸਜਾਤੀ ਮਨੁੱਖਾਂ ਦਾ ਮਿੱਤ੍ਰੀ ਪੂਰਣ ਸੰਗਠਨ ਹੈ।[15] ਇਕੋ ਥਾਂ ਰਹਿਣ ਵਾਲੇ ਜਾਂ ਇਕੋ ਤਰ੍ਹਾਂ ਦਾ ਵਿਹਾਰ ਕਰਨ ਵਾਲੇ ਲੋਕਾਂ ਦੇ , ਸਮੂਹ, ਸੰਘ, ਗਰੋਹ, ਜੱਥੇ ਜਾਂ ਭਾਈਚਾਰੇ ਨੂੰ ਸਮਾਜ ਕਿਹਾ ਜਾਂਦਾ ਹੈ।[16]

ਅਸਲ ਵਿਚ ਵਿਅਕਤੀ ਤੇ ਸਮਾਜ ਦਾ ਅਟੁੱਟ ਸੰਬੰਧ ਹੈ। ਇਸ ਬਾਰੇ ਇਥੇ ਵਰਣਨ ਕਰਨਾ ਇਸ ਲਈ ਆਵੱਸ਼ਕ ਹੈ ਕਿਉਂਕਿ ਸਾਹਿਤ ਮਨੁੱਖੀ ਮਨੋਭਾਵਾਂ ਦੀ ਅਭਿਵਿਅਕਤੀ ਹੈ ਅਤੇ ਵਿਅਕਤੀ ਸਮਾਜ ਦੀ ਮੂਲ ਬੁਨਿਆਦ ਹੈ। ਵਿਅਕਤੀ ਤੇ ਸਮਾਜ ਇਕ ਦੂਜੇ ਦੇ ਪੂਰਕ ਹਨ। ਇਸ ਦੇ

---

13. 'Poetry, in a great sense, may be defined as the expression of the imagination----- Shelley.
14. Poetry is the criticism of life. -----Mathew Arnold.
15. 'The Oxford English Dictionary on Historical Principles,' P-1936 -----William Li, H.W.Fowler, J Coulson.
'Association with one's fellowmen, especially in a friendly manner, companionship or fellowship.
16. (ੳ) ਪੰਜਾਬੀ ਕੋਸ਼, ਪੰ: 185, ਭਾਸ਼ਾ ਵਿਭਾਗ।
(ਅ) 'Society--The body of mankind, companionship.' 'Chamber's 20th Century Dictionary,' Edited by William Geddie, p- 1047.
(ੲ) Society--'an organised group of persons associated together for religious benevolent, cultural, scientific, Political,Patriotic or other purposes. -- The Random House Dictionary of the English Language, By Jess Stein (N.York), P-136.
(ਸ) Society- A voluntary association of individuals for common ends espl an organised group being or working together or worshipping together because of community interests or belief or common profession, a corporate or cooperative body. ----Webster's Third New International Dictionary of the English Language, Vol. III, P-2162.

ਅਕਾਰ ਨਾਲ ਦੂਜੇ ਦੀ ਹੋਂਦ ਅਸੰਭਵ ਹੈ। ਸਮਾਜ ਮਨੁਖ ਦਾ ਕਾਰਜ ਖੇਤਰ ਹੈ, ਜਿੱਥੇ ਉਹ ਆਪਣੀਆਂ ਸਾਰੀਆਂ ਕਲਪਨਾਵਾਂ ਅਤੇ ਭਾਵਨਾਵਾਂ ਨੂੰ ਸਾਕਾਰ ਰੂਪ ਦਿੰਦਾ ਹੈ। ਸਮਾਜ ਵਿਅਕਤੀ ਦੇ ਸਰਬਾਂਗੀ ਵਿਕਾਸ ਲਈ ਸੰਭਵ ਸੁਵਿਧਾਵਾਂ ਪ੍ਰਦਾਨ ਕਰਦਾ ਹੈ ਅਤੇ ਵਿਅਕਤੀ ਉਸ ਦੇ ਬਦਲੇ ਵਿਚ ਸਮਾਜ ਨੂੰ ਆਪਣਾ ਵੱਡਾ ਪਰਿਵਾਰ ਜਾਣਕੇ ਉਸ ਲਈ ਆਪਾ ਨਿਛਾਵਰ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ।

ਮਨੁੱਖ ਕਿਸੇ ਨਾ ਕਿਸੇ ਸਮਾਜ ਦੇ ਮੈਂਬਰ ਦੇ ਰੂਪ ਵਿਚ ਜਨਮ ਲੈਂਦਾ ਹੈ। ਉਸ ਦਾ ਜੀਵਨ ਗਹਿਰੇ ਸੰਬੰਧਾਂ, ਆਕਰਸ਼ਨਾਂ ਦੇ ਵਿਕਰਸ਼ਨਾਂ ਦਾ ਤਾਣਾਬਾਣਾ ਹੈ, ਜਿਸ ਤੋਂ ਸੁਤੰਤਰ ਹੋ ਜਾਣਾ ਨਾ ਤਾਂ ਉਸ ਲਈ ਸੰਭਵ ਹੈ ਅਤੇ ਨਾ ਉਚਿਤ ਹੀ ਹੈ।[17] ਸਮਾਜਕ ਪ੍ਰਾਣੀ ਹੋਣ ਦੇ ਨਾਤੇ ਕੋਈ ਮਨੁੱਖ ਸਮਾਜ ਵਿਚ ਰਹਿੰਦਿਆਂ ਉਸ ਨਾਲੋਂ ਆਪਣੇ ਸੰਬੰਧ ਨਹੀਂ ਤੋੜ ਸਕਦਾ।[18] ਵਿਅਕਤੀ ਤੇ ਸਮਾਜ ਦੋਵੇਂ ਅਨੇਕਤਾ ਵਿਚ ਏਕਤਾ ਦੀ ਅਭਿਵਿਅਕਤੀ ਕਰਦੇ ਹਨ।[19]

ਇਸ ਪ੍ਰਕਾਰ ਮਨੁੱਖ ਤੇ ਸਮਾਜ ਦਾ ਬਹੁਤ ਨੇੜੇ ਦਾ ਸੰਬੰਧ ਹੈ। ਮਨੁੱਖ ਸਮਾਜ ਦੇ ਸਭ ਪੱਖਾਂ ਤੋਂ ਪ੍ਰਭਾਵਿਤ ਹੁੰਦਾ ਹੈ। ਮਨੁਖਾਂ ਦੇ ਸਮੂਹ ਦੁਆਰਾ ਹੀ ਸਮਾਜ ਵਿਚ ਏਕਤਾ ਹੁੰਦੀ ਹੈ।[20]

ਸਾਹਿਤ ਤੇ ਸਮਾਜ ਦਾ ਸੰਬੰਧ ਦਰਸਾਇਆ ਕਿਹਾ ਜਾਂਦਾ ਹੈ ਕਿ ਸਾਹਿਤ ਤਤਕਾਲੀਨ ਸਮਾਜ ਦਾ ਪ੍ਰਤਿਬਿੰਬ ਹੈ।[21] ਕਿਸੇ ਵੀ ਸਾਹਿਤ ਨੂੰ ਪੜ੍ਹ ਕੇ ਤਤਕਾਲੀਨ ਸਮਾਜ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ

17. Man is born member of some society. His life is a net-work of intimate relations of attractions and repulsions, from which it is neither possible nor desireable that he should cut himself free.' --- Religion & Society, P-72, Dr. Radha Krishnan.

18. 'ਸੰਤ ਸਾਹਿਤ ਕੀ ਸਾਮਾਜਿਕ ਔਰ ਸਾਂਸਕ੍ਰਿਤਕ ਪ੍ਰਿਸ਼ਠ ਭੂਮੀ' ਪੰਨਾ 93, ਡਾ: ਸਾਵਿਤਰੀ ਸ਼ੁਕਲ।

19. 'Man and society both express untiy in diversity.' --- Ethical Philosophy of India, P-358, Dr. I.C. Sharma.

20. Man in society is affected by all phases of society and in his daily living-----------Integration in society occurs through the Individual.

---'Man in society, Vol-I, P-7. Vernes Weedlun, Geldam Crawford.

21. The literature of any age is but the mirror of its prevalent tendencies'.

----W.M. Pimshon, Lectures and Sermons, Bunnyan, P- 123, Quoted from ' New Standard Dictionary of English language, P-146, Issac K. Fund.

ਸਕਦੀ ਹੈ। ਹਾਵਰਡ ਫਾਸਟ ਅਨੁਸਾਰ ਸਾਹਿਤ ਹਰ ਸਮੇਂ ਤਤਕਾਲੀਨ ਸਮਾਜ ਦਾ ਸਹੀ ਪ੍ਰਤਿਬਿੰਬ ਰਿਹਾ ਹੈ, ਜਿਸ ਵਿਚ ਉਸ ਦੀ ਉਪਜ ਹੁੰਦੀ ਰਹੀ ਹੈ।[22]

ਸਾਹਿਤਕਾਰ ਅਥਵਾ ਕਵੀ ਇਕ ਸਮਾਜਕ ਪ੍ਰਾਣੀ ਹੈ। ਉਸ ਦਾ ਜਨਮ ਤੇ ਵਿਕਾਸ ਮਨੁੱਖ ਵਾਂਗ ਹੀ ਸਮਾਜਕ ਵਾਤਾਵਰਣ ਵਿਚ ਹੁੰਦਾ ਹੈ। ਉਸ ਦੇ ਵਾਤਾਵਰਣ ਅਤੇ ਆਰਥਿਕ ਪਰਿਸਥਿਤੀਆਂ ਦਾ ਪ੍ਰਭਾਵ ਸਾਹਿਤਕਾਰ ਦੀ ਸਿਰਜਣਾ ਸ਼ਕਤੀ ਅਤੇ ਵਿਚਾਰਧਾਰਾ ਤੇ ਅਵੱਸ਼ ਪੈਂਦਾ ਹੈ। ਉਸ ਦੇ ਰਚਿਤ ਸਾਹਿਤ ਵਿਚੋਂ ਸਾਹਿਤਕਾਰ ਦੀ ਸਮਾਜਕ ਸ਼੍ਰੇਣੀ ਅਤੇ ਉਸ ਦੀ ਆਰਥਿਕ ਸਥਿਤੀ ਬਾਰੇ ਵੀ ਪਤਾ ਲਗ ਜਾਂਦਾ ਹੈ। ਕਾਡਵੈਲ ਅਨੁਸਾਰ ਕਵਿਤਾ ਜਾਂ ਕਲਾ ਵਿਚ ਕਲਾਕਾਰ ਦੀ ਆਰਥਿਕ ਪਰਿਸਥਿਤੀ ਦੀ ਆਵਰਣ ਪਸਰਿਆ ਰਹਿੰਦਾ ਹੈ, ਜਿਸ ਦਾ ਜ਼ਿੰਮੇਵਾਰ ਤਤਕਾਲੀਨ ਸਮਾਜ ਹੁੰਦਾ ਹੈ। ਇਸ ਸਿਧਾਂਤ ਅਨੁਸਾਰ ਸਾਹਿਤਕਾਰ ਅਰਥ-ਧਰਮੀ ਬਣ ਜਾਂਦਾ ਹੈ ਪਰ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਸਾਹਿਤਕਾਰ ਦੇ ਵਿਅਕਤਿਤਵ ਅਤੇ ਵਿਚਾਰਧਾਰਾ ਦੇ ਨਿਰਮਾਣ ਵਿਚ ਆਰਥਿਕ ਪਰਿਸਥਿਤੀਆਂ ਦਾ ਸਹਿਯੋਗ ਅਵੱਸ਼ ਰਹਿੰਦਾ ਹੈ।[23] ਸਮਾਜ ਵਿਚ ਵਿਚਰਦਿਆਂ ਸਾਹਿਤਕਾਰ ਦੁਖ ਤੇ ਸੁਖ, ਆਸ਼ਾ ਤੇ ਨਿਰਾਸ਼ਾ ਦਾ ਅਨੁਭਵ ਕਰਦਾ ਹੈ। ਇਸ ਲਈ ਉਸ ਦੀ ਲਿਖਤ ਵਿਚ ਦੇਸ਼, ਕਾਲ ਤੇ ਵਾਤਾਵਰਣ ਦਾ ਉਲੇਖ ਅਵੱਸ਼ ਆ ਜਾਂਦਾ ਹੈ। ਉਹ ਲੋਕ ਭਾਵਨਾਵਾਂ ਦੀ ਪ੍ਰਤਿਨਿਧਤਾ ਕਰਦਾ ਹੈ। ਇਸੇ ਲਈ ਕਿਹਾ ਗਿਆ ਹੈ ਕਿ ਸਾਹਿਤ ਸਮਾਜ ਦੀ ਅਭਿਵਿਅਕਤੀ ਹੈ।[24] ਬੇਸ਼ਕ ਇਸ ਉਕਤੀ ਤੋਂ ਸਪਸ਼ਟ ਹੁੰਦਾ ਹੈ ਕਿ ਸਾਹਿਤ ਤੇ ਸਮਾਜ ਦੇ ਅਤਿ ਗੂੜ੍ਹੇ ਸਬੰਧ ਹਨ, ਫਿਰ ਵੀ ਇਸ ਦਾ ਇਹ ਅਰਥ ਨਹੀਂ ਲਿਆ ਜਾ ਸਕਦਾ ਕਿ ਸਾਹਿਤਕਾਰ ਨੇ ਕਿਸੇ ਸਮੇਂ-ਵਿਸ਼ੇਸ਼ ਦਾ ਪੂਰਨ ਚਿੱਤਰ ਉਲੀਕ ਦਿੱਤਾ ਹੈ, ਉਹ ਤਾਂ ਆਪਣੇ ਜੀਵਨ ਤਜਰਬੇ ਨੂੰ ਅਭਿਵਿਅਕਤ ਕਰਦਾ ਹੈ। ਹਾਂ, ਉਸ ਨੂੰ ਆਪਣੇ ਸਮੇਂ ਦੇ ਜੀਵਨ ਨੂੰ ਪੂਰੀ ਤਰ੍ਹਾਂ ਅਭਿਵਿਅਕਤ ਕਰਨਾ ਚਾਹੀਦਾ ਹੈ, ਤਾਂ ਜੋ ਉਹ ਆਪਣੇ

---

22. Literature has always been a most precise reflection of Society which produced it.
 ---Literature and Reality, P-1, Howard Fast.

23. Poetry is to be regarded then, not as anything racial, national genetic or specific in its essence, but as something economic.
 --- The Illusion and Reality (Chapter- The birth of Poetry) P-14, Christopher Caudwell.

24. 'Literature is an expression of society'. (De Bonald). Quoted from, 'Theory of Literature', P-90, Rene Wellek and Austin Warren;

ਯੁਗ ਤੇ ਸਮਾਜ ਦਾ ਪ੍ਰਤਿਨਿਧ ਬਣ ਸਕੇ।[25] ਇਸੇ ਲਈ ਹਡਸਨ ਅਨੁਸਾਰ ਮਹਾਨ ਲਿਖਾਰੀ ਦੀ ਸੰਗਿਆ ਉਸੇ ਨੂੰ ਦੇਣੀ ਚਾਹੀਦੀ ਹੈ ਜੋ ਆਪਣੇ ਯੁਗ ਦਾ ਪ੍ਰਤਿਨਿਧ ਬਣ ਕੇ ਆਪਣੇ ਰਚਿਤ ਸਾਹਿਤ ਦੁਆਰਾ ਸਮਾਜ [illegible] ਨੂੰ ਉਤਨੀ ਮਾਤਰਾ ਵਿਚ ਆਪਣਾ ਗਿਆਨ ਪ੍ਰਦਾਨ ਕਰੇ ਜੋ ਉਸ ਨੇ ਸਮਾਜ ਤੋਂ ਪ੍ਰਾਪਤ ਕੀਤਾ ਹੋਵੇ।[26] ਈ.ਆਰ. ਹੰਫਰੀ ਵੀ ਸਾਹਿਤ ਤੇ ਸਮਾਜਕ ਜੀਵਨ ਦੇ ਸਬੰਧੀ ਸੰਬੰਧਾਂ ਬਾਰੇ ਵਰਣਨ ਕਰਦਾ ਹੋਇਆ ਕਹਿੰਦਾ ਹੈ ਕਿ ਸਾਹਿਤ ਸਦਾ ਹੀ ਸਮਾਜਕ ਜੀਵਨ ਨਾਲ ਲੈਣ ਦੇਣ ਕਰਦਾ ਆਇਆ ਹੈ।[27]

ਸਾਹਿਤ ਇਕ ਸਮਾਜ ਸੰਸਥਾ ਹੈ ਜੋ ਭਾਸ਼ਾ ਨੂੰ ਮਾਧਿਅਮ ਬਣਾਉਂਦਾ ਹੈ ਅਤੇ ਜੋ ਆਪਣੇ ਆਪ ਵਿਚ ਇਕ ਸਮਾਜਕ ਕ੍ਰਿਤੀ ਹੈ।[28] ਇਸ ਲਈ ਅਮਰ ਸਾਹਿਤ ਉਸ ਨੂੰ ਕਿਹਾ ਜਾਵੇ ਜਾਂ ਜਿਹੜਾ ਲੋਕ ਜੀਵਨ ਵਿਚੋਂ ਜਨਮਦਾ ਹੈ, ਲੋਕ ਜੀਵਨ ਤੇ ਪਲਦਾ ਅਤੇ ਲੋਕ ਜੀਵਨ ਨੂੰ ਸੇਧ ਦਿੰਦਾ ਹੈ।

ਸਾਹਿਤ ਜੀਵਨ ਦਾ ਪ੍ਰਤਿਬਿੰਬ ਵੀ ਹੈ ਤੇ ਪ੍ਰਤਿਕਰਮ ਵੀ। ਅਸਲ ਵਿਚ ਸਾਹਿਤਕਾਰ ਤਤਕਾਲੀਨ ਸਮਾਜ ਦੇ ਪਿਛੋਕੜ ਵਿਚ ਆਪਣੀ ਸਾਹਿਤਕ ਰਚਨਾ ਕਰਦਾ ਹੈ, ਜਿਸ ਦੀ ਪ੍ਰਤਿਕਿਰਿਆ ਵਜੋਂ ਸਮਾਜ ਨੂੰ ਇਕ ਨਵੀਂ ਸੇਧ ਪ੍ਰਾਪਤ ਹੁੰਦੀ ਹੈ। ਸਾਹਿਤਕਾਰ ਵਿਸ਼ੇਸ਼ ਪਰਿਸਥਿਤੀਆਂ ਵਿਚ ਪੈਦਾ ਹੋ ਕੇ ਤਤਕਾਲੀਨ ਸਮਾਜ ਦੇ ਸੰਸਕਾਰ ਗ੍ਰਹਿਣ ਕਰਦਾ ਹੈ ਅਤੇ ਉਨ੍ਹਾਂ ਸੰਸਕਾਰਾਂ ਨੂੰ ਪਰਿਸਥਿਤੀਆਂ ਅਨੁਸਾਰ ਹੀ ਆਪਣੀਆਂ ਰਚਨਾਵਾਂ ਵਿਚ ਪ੍ਰਤਿਬਿੰਬਤ ਕਰਦਾ ਹੈ। ਨਿਰਾ ਵਾਸਤਵ ਰੂਪ ਵਿਚ ਨਹੀਂ, ਸਗੋਂ ਆਦਰਸ਼ਕ ਰੂਪ ਵਿਚ ਸਾਹਿਤਕਾਰ ਜੀਵਨ ਦੀ ਅਗਵਾਈ ਕਰਦਾ ਹੈ, ਕਿਉਂਕਿ ਸਾਹਿਤ ਦਾ ਮਨੋਰਥ ਮਨੁੱਖੀ ਤਜਰਬਿਆਂ ਦੀ ਕਲਾਤਮਕ ਤਰਜਮਾਨੀ ਕਰਨਾ ਹੈ।

---

25. 'A writer inevitably expresses his experience and total conception of life, but it would be manifestly untrue to say that he expresses the whole of life or even the whole life of a given time ---completely and exhaustively. An author should express the life of his own time fully, that he should be representative of his age and society.'

   ---'Theory of Literature, P-90, Rene Wellek and Austin Warren.'

26. 'We must regard the great writer as the creator as well as the creature of his time and while keen to appreciate what the age gave to him, we must be equally, solicitous to discover what in turn he gave to the age.--An Introduction to the Study of Liture, P-41, W.H. Hudson.

27. 'Literature has always dealt with social life.'

   --The Augustan World (Chapter Society & Literature), P-43, A.R. Humphreys.

28. Literature is a social institution, using as its medium language

--- contd.

ਹਡਸਨ ਅਨੁਸਾਰ ਸਾਹਿਤ ਦਾ ਸੋਮਾ ਕੇਵਲ ਮਨੁਖੀ ਜੀਵਨ ਅਤੇ ਕ੍ਰਿਆ ਹੀ ਹੈ ਅਤੇ ਸਾਹਿਤ ਉਸ ਸਾਰੇ ਦਾ, ਜੋ ਮਨੁੱਖ ਨੇ ਜੀਵਨ ਵਿਚ ਵੇਖਿਆ, ਅਨੁਭਵ ਪ੍ਰਾਪਤ ਕੀਤਾ, ਸੋਚਿਆ, ਮਹਿਸੂਸ ਕੀਤਾ ਅਤੇ ਜਿਸ ਵਿਚ ਸਾਡੀ ਸਾਰਿਆਂ ਦੀ ਤਿੱਖੀ ਅਤੇ ਸਥਾਈ ਦਿਲਚਸਪੀ ਹੈ, ਸ਼ਕਤੀ-ਸ਼ਾਲੀ ਰਿਕਾਰਡ ਹੈ।[29] ਇਸੇਤਰ੍ਹਾਂ ਸਮਾਜ ਸ਼ਾਸਤਰੀ ਐਚ.ਲੇਵੀ. ਅਨੁਸਾਰ ਸਾਹਿਤ ਦਾ ਯਥਾਰਥ ਨਿਰਮਾਣ ਸਮਾਜ ਦੇ ਅੰਗ ਰੂਪ ਵਿਅਕਤੀ ਦਾ ਹੀ ਕਰਮ ਹੈ, ਇਹ ਇਕਤਰ੍ਹਾਂ ਉਸ ਸਮਾਜ ਦੀ ਹੀ ਉਪਜ ਹੈ ਜਿਹੜਾ ਸਮਾਜ ਵਿਅਕਤੀਆਂ ਦੇ ਰਾਹੀਂ ਕ੍ਰਿਆਸ਼ੀਲ ਹੁੰਦਾ ਹੈ।[30] ਅੰਗਰੇਜ਼ੀ ਕਵਿਤਾ ਦੇ ਪਹਿਲੇ ਇਤਿਹਾਸਕਾਰ 'ਥਾਮਸ ਵਾਰਟਨ' ਅਨੁਸਾਰ ਸਾਹਿਤ ਦੀ ਇਹ ਖਾਸ ਵਿਸ਼ੇਸ਼ਤਾ ਹੈ ਕਿ ਉਸ ਵਿਚ ਯੁਗ ਦੇ ਆਚਾਰ ਪ੍ਰਕਾਰ ਦਾ ਮੂੰਹ ਮੁਹਾਂਦਰਾ ਜਾਂ ਨੈਣ-ਨਕਸ਼ ਹੂ-ਬਹੂ ਸੰਚਿਤ ਹੁੰਦੇ ਹਨ ਅਤੇ ਸਾਹਿਤ ਖਾਸ ਖਾਸ ਸਜੀਵ ਤੇ ਮਹੱਤਵਪੂਰਣ ਤੌਰ-ਤਰੀਕਿਆਂ ਦੇ ਵੇਰਵੇ ਨੂੰ ਸੁਰੱਖਿਅਤ ਰਖਦਾ ਹੈ।[31]

ਕਵੀ ਜਾਂ ਸਾਹਿਤਕਾਰ ਯਥਾਰਥ ਦੇ ਨਾਲ ਕਲਪਨਾ ਦੀ ਵਰਤੋਂ ਵੀ ਕਰਦਾ ਹੈ, ਪਰੰਤੂ ਕਲਪਨਾ ਦੀ ਦੁਨੀਆਂ ਵਿਚ ਵਿਚਰਦਿਆਂ ਉਸ ਨੂੰ ਭੁਲਣਾ ਨਹੀਂ ਚਾਹੀਦਾ ਕਿ ਉਹ ਧਰਤੀ ਦਾ ਵਾਸੀ ਹੈ। ਆਦਰਸ਼ਕ ਸਾਹਿਤਕਾਰ ਉਹੀ ਹੈ ਜੋ ਜੀਵਨ ਦੀਆਂ ਸਮਸਿਆਵਾਂ ਵਿਚੋਂ ਆਪਣੇ ਵਿਸ਼ੇ ਚੁਣਦਾ ਹੈ। ਸਾਹਿਤ ਦਾ ਰਚਣਹਾਰਾ ਕਲਪਨਾ ਦੇ ਦੇਸ਼ ਵਿਚ ਚਾਹੇ ਕਿਤਨੀ ਵੀ ਉਚੀ ਉਡਾਰੀ ਲਾਵੇ, ਫਿਰ ਵੀ ਸਮਾਜ ਨਾਲ ਉਸ ਦਾ ਸੰਬੰਧ ਨਹੀਂ ਟੁੱਟਦਾ। ਜੋ ਸਾਹਿਤ ਜਾਂ ਕਾਵਿ ਜੀਵਨ ਸਮਸਿਆਵਾਂ ਤੋਂ ਉਦਾਸੀਨ ਰਹਿੰਦਾ ਹੈ, ਉਹ ਚਿਰ ਸਥਾਈ ਨਹੀਂ ਹੋ ਸਕਦਾ। ਉਹਦੀ ਹੋਂਦ ਕਾਲ-ਪ੍ਰਵਾਹ ਵਿਚ ਕੇਵਲ ਬੁਲਬੁਲੇ ਵਾਂਗ ਹੀ ਮੰਨੀ ਜਾ ਸਕਦੀ ਹੈ।

ਸਾਹਿਤਕਾਰ ਸਮਾਜ ਤੋਂ ਕੇਵਲ ਪ੍ਰਭਾਵਿਤ ਹੀ ਨਹੀਂ ਹੁੰਦਾ, ਸਗੋਂ ਉਸ ਨੂੰ ਪ੍ਰਭਾਵਿਤ ਵੀ ਕਰਦਾ ਹੈ। ਕਲਾ ਜੀਵਨ ਦੀ ਕੇਵਲ ਪੁਨਰ-ਉਸਾਰੀ ਹੀ ਨਹੀਂ ਕਰਦੀ, ਸਗੋਂ ਇਸ ਨੂੰ ਢਾਲਦੀ ਵੀ ਹੈ। ਲੋਕ ਕਲਪਨਾ-ਤਮਕ ਨਾਇਕ ਤੇ ਨਾਇਕਾਵਾਂ ਦੇ ਪੂਰਨਿਆਂ ਤੇ ਚਲ ਕੇ ਆਪਣਾ ਜੀਵਨ ਆਦਰਸ਼ਕ ਬਣਾ ਸਕਦੇ ਹਨ।[32]

---

a social creation.'
---Theory of Literature, P-88, Rene Wellek & Austin Warren.

29. 'The literature deals with the great drama of human life and acti we care for literature primarily on account of its deep and lasting human significance. Literature is a vital record of what m men have seen in life, what they have experienced of it, what they have thought and felt about those aspects of it where they have the most immediate and enduring interest for all of us.'
---An Introduction to the Study of Literature, P-10, W. H. Hudson.

30. 'The actual creation of literature is an activity of individuals in society. It is also the creation of society acting through these individuals.--Literature for an Age of Science, P-10, H. Levy and H elen Spalding.

(Contd. Next Page)

ਇਸ ਪ੍ਰਕਾਰ ਸਾਹਿਤ ਸਮਾਜ ਤੋਂ ਜਥਾਰਥ ਤੱਤ ਗ੍ਰਹਿਣ ਕਰਦਾ ਅਤੇ ਇਸ ਦੇ ਬਦਲੇ ਵਿਚ ਉਸ ਦੇ ਸਾਹਮਣੇ ਆਦਰਸ਼ ਦਾ ਸਰੂਪ ਰਖਦਾ ਹੈ।

ਕਾਵਿ ਅਥਵਾ ਸਾਹਿਤ ਅਤੇ ਜੀਵਨ ਦੇ ਪ੍ਰਯੋਜਨਾਂ ਦਾ ਆਪੋ ਵਿਚ ਮੇਲ ਹੈ। ਕਾਵਿ ਦੇ ਪ੍ਰਯੋਜਨਾਂ ਬਾਰੇ ਵਿਦਵਾਨਾਂ ਦੇ ਵਖ ਵਖ ਵਿਚਾਰ ਹਨ,[33] ਪਰੰਤੂ ਆਚਾਰੀਆ ਮੰਮਟ ਅਨੁਸਾਰ ਜਸ-ਕੀਰਤੀ, ਧਨ-ਦੌਲਤ, ਦੁਨਿਆਵੀ ਕਾਰ-ਵਿਹਾਰ ਦੀ ਵਾਕਫ਼ੀਅਤ (ਗਿਆਨ), ਅਮੰਗਲ ਦਾ ਨਾਸ਼, ਤੁਰੰਤ ਪਰਮ ਅਨੰਦ, ਇਸਤਰੀ ਦੀ ਤਰ੍ਹਾਂ ਦਿਲਚਸਪ ਉਪਦੇਸ਼ ਕਾਵਿ ਦੇ ਪ੍ਰਯੋਜਨਾਂ ਵਜੋਂ ਵਧੇਰੇ ਵਿਚਾਰਕ ਮੰਨੇ ਗਏ ਹਨ।[34]

ਸਤਯੰ, ਸ਼ਿਵਮ ਤੇ ਸੁੰਦਰਮ ਦਾ ਸੁਮੇਲ ਵੀ ਕਾਵਿ ਦਾ ਉਦੇਸ਼ ਮੰਨਿਆ ਗਿਆ ਹੈ। ਕਵੀ ਨਿਰੰਕੁਸ਼ ਹੁੰਦੇ ਹਨ, ਪਰੰਤੂ ਨਿਰੰਕੁਸ਼ਤਾ ਉਥੋਂ ਤਕ ਮੰਨਣਯੋਗ ਹੈ, ਜਿਥੋਂ ਤਕ ਸੱਚ ਵਿਕ੍ਰਤ ਨਾ ਹੋਵੇ। ਅਸਲ ਵਿਚ ਕਵੀ ਦਾ ਸਤਿ ਜਗਤ ਦੇ ਵਾਸਤਵਿਕ ਸਤਿ ਨਾਲੋਂ ਥੋੜਾ ਜਿਹਾ ਭਿੰਨ ਹੁੰਦਾ ਹੈ, ਜਿਵੇਂ ਪਹਿਲਾਂ ਕਿਹਾ ਜਾ ਚੁਕਿਆ ਹੈ ਕਿ ਸਾਹਿਤਕਾਰ ਲੋਕ ਜੀਵਨ ਨੂੰ ਕਲਾਤਮਕਤਾ ਨਾਲ ਚਿਤਰਦਾ ਹੈ।

ਸਤਯੰ, ਸ਼ਿਵਮ ਤੇ ਸੁੰਦਰਮ ਦਾ ਪਰਸਪਰ ਗੂੜ੍ਹਾ ਸੰਬੰਧ ਹੈ। ਜਾਹਨ ਕੀਟਸ ਦਾ ਕਥਨ ਹੈ ਕਿ ਸੱਚ ਹੀ ਸੁੰਦਰਤਾ ਅਤੇ ਸੁੰਦਰਤਾ ਹੀ ਸੱਚ ਹੈ। ਉਸ ਨੇ ਅਨੰਦ ਦੇ ਨਾਲ ਸੌਂਦਰਯ (ਸੁੰਦਰਤਾ) ਦਾ ਸਥਾਈ ਸੰਬੰਧ ਮੰਨਿਆ ਹੈ। ਡਾਕਟਰ ਜਾਹਨਸਨ ਨੇ ਸਾਹਿਤ ਜਾਂ ਕਾਵਿ ਨੂੰ ਅਨੰਦ ਤੇ ਸੱਚ ਦੇ ਸੁਮੇਲ ਦੀ ਕਲਾ

---

31. Literature has the peculiar merit of faithfully recording the features of the times and of preserving the most picturesque and expressive representation of manners.'---History of English Poetry, Vol-I, P-1, Thomas Warten.

32. The writer is not only influenced by society, he influences it. Art not merely reproduces life but also shapes it, People may model their lives upon the patterns of fictional heroes and heroines.
---Theory of Literature, P-97, Rene Wellek & Austin Warren.

33. (ੳ) 'ਨਾਟਯ ਕਲਾ (ਸਮੇਤ ਕਾਵਿ ਦੇ) ਦਾ ਪ੍ਰਯੋਜਨ ਧਰਮ, ਜਸ, ਉਮਰ, ਹਿਤ, ਬੌਧਿਕ ਸ਼ਕਤੀ ਨੂੰ ਵਧਾਉਣ ਵਾਲਾ ਅਤੇ ਆਮ ਲੋਕਾਂ ਲਈ ਸਿਖਿਆ ਦੇਣ ਵਾਲਾ ਹੁੰਦਾ ਹੈ।— ਭਰਤਮੁਨੀ।
(ਅ) 'ਉੱਤਮ-ਕਾਵਿ ਦੇ ਰਚਣ ਤੇ ਪੜ੍ਹਣ ਨਾਲ ਚਾਰ ਪਦਾਰਥਾਂ ਦੀ ਪ੍ਰਾਪਤੀ, ਕਲਾ ਵਿਚ ਪ੍ਰਬੀਣਤਾ, ਸੁਹਜ, ਸੁਆਦ ਅਤੇ ਮਸ਼ਹੂਰੀ ਪ੍ਰਾਪਤ ਹੁੰਦੀ ਹੈ।—ਭਾਮਹ (ਸਾਹਿਤਯਦਰਪਨ, ਭੂਮਿਕਾ, ਪੰਨਾ: 17, ਵਿਸ਼ਵਨਾਥ ਦੇ ਹਵਾਲੇ ਨਾਲ)
(ੲ) ਸਾਹਿਤ ਰਾਹੀਂ ਲੋਕ ਪੱਧਰ ਉਤੇ ਧਰਮ, ਵਿਅਕਤੀ ਪੱਧਰ ਉਤੇ ਅਰਥ, ਮਾਨਸਿਕ ਪੱਧਰ ਉਤੇ ਕਾਮ ਅਤੇ ਦਾਰਸ਼ਨਿਕ ਪੱਧਰ ਉਤੇ ਮੋਖ ਪ੍ਰਾਪਤੀ ਹੁੰਦੀ ਹੈ।
—ਸਾਹਿਤਯ ਦਰਪਨ (ਪੰ: 3), ਆਚਾਰੀਆ ਵਿਸ਼ਵਨਾਥ।
(ਸ) ਵਾਮਨ, ਭੋਜ ਰਾਜਾ ਤੇ ਕੁੰਤਕ ਆਦਿ ਸਾਰੇ ਆਚਾਰੀਆ ਸੁਹਜ ਸੁਆਦ ਦੀ ਤ੍ਰਿਪਤੀ ਤੇ ਜਸ-ਕੀਰਤੀ ਨੂੰ ਹੀ ਕਾਵਿ-ਪ੍ਰਯੋਜਨ ਮੰਨਦੇ ਹਨ।
ਵਿਸਥਾਰ ਲਈ ਵੇਖੋ: ਭਾਰਤੀ ਕਾਵਿ-ਸ਼ਾਸਤਰ, ਪੰ: 45-46, ਡਾ: ਪ੍ਰੇਮ ਪ੍ਰਕਾਸ਼ ਸਿੰਘ।

34. ਕਾਵਯ ਪ੍ਰਕਾਸ਼, 1/2, ਆਚਾਰੀਆ ਮੰਮਟ.

(ਬਾਕੀ ਅਗਲੇ ਪੰਨੇ ਤੇ)

ਮੰਨਿਆ ਹੈ।[37]

ਇਹ ਸਰਬਮਾਨ ਪ੍ਰਕਤੀ ਹੈ ਕਿ ਸਾਹਿਤ ਜੀਵਨ ਦੀ ਆਲੋਚਨਾ ਹੈ। ਜੋ ਸਾਹਿਤ ਦਾ ਪ੍ਰਯੋਜਨ ਹੈ, ਉਹੋ ਜੀਵਨ ਦਾ ਪ੍ਰਯੋਜਨ ਹੈ। ਅਨੰਦ ਦੀ ਪ੍ਰਾਪਤੀ (ਵਿਸਮ) ਮਾਨਵ ਜੀਵਨ ਦਾ ਚਰਮ ਲਖਸ਼ ਹੈ। ਸਮਾਜ ਕਲਿਆਣ ਨੂੰ ਵੀ ਵਿਦਵਾਨਾਂ ਨੇ ਕਾਵਿ ਦਾ ਇਕ ਆਦਰਸ਼ ਮੰਨਿਆ ਹੈ। ਮਧਕਾਲੀਨ ਭਗਤੀ ਕਾਵਿ ਦੇ ਕਵੀਆਂ ਦੀ ਦ੍ਰਿਸ਼ਟੀ ਵਿਚ ਉਹੀ ਕਾਵਿ ਸ੍ਰੇਸ਼ਟ ਹੈ ਜੋ ਸਮਾਜ ਦਾ ਕਲਿਆਣ ਕਰੇ। ਸੰਤਾਂ ਅਤੇ ਉਨ੍ਹਾਂ ਦੁਆਰਾ ਰਚਿਤ ਕਾਵਿ ਦੀ ਵਿਸ਼ੇਸ਼ਤਾ ਦਰਸਾਂਦਿਆਂ ਡਾ: ਰਾਧਾ ਕ੍ਰਿਸ਼ਨ ਦਾ ਕਥਨ ਹੈ ਕਿ ਸੱਚੇ ਮਹਾਂਪੁਰਸ਼ਾਂ ਵਿਚ ਸਾਨੂੰ ਜੋਤੀ ਪ੍ਰਦਾਨ ਕਰਨ, ਸਾਡੀ ਕਾਇਆ ਕਲਪ ਕਰਨ, ਸਾਨੂੰ ਦੁਖ, ਤੁਛ ਅਗਿਆਨੀ ਅਤੇ ਸਾਂਸਾਰਿਕ ਤੋਂ ਮੁਕਤ ਕਰਨ ਦੀ ਸ਼ਕਤੀ ਹੁੰਦੀ ਹੈ। ਉਹ ਕੇਵਲ ਸਾਡੀਆਂ ਇੰਦ੍ਰੀਆਂ ਨੂੰ ਹੀ ਤ੍ਰਿਪਤ ਨਹੀਂ ਕਰਦੇ, ਸਗੋਂ ਸਾਡੀਆਂ ਆਤਮਾਵਾਂ ਨੂੰ ਵੀ ਸਪਰਸ਼ ਕਰਦੇ ਹਨ ਅਤੇ ਸਾਡੇ ਜੀਵਨ ਨੂੰ ਬਦਲ ਦਿੰਦੇ ਹਨ। ਉਨ੍ਹਾਂ ਦੀ ਸਹਾਇਤਾ ਨਾਲ ਸਾਨੂੰ ਜੀਵਨ ਦੇ ਅਰਥ ਦੀ ਵਧੇਰੇ ਸਮਝ ਪੈਂਦੀ ਹੈ।[38]

ਇਸੇ ਪ੍ਰਕਾਰ ਪ੍ਰੋ: ਪੂਰਨ ਸਿੰਘ ਅਨੁਸਾਰ 'ਅਸਲੀ ਤੇ ਸੁੱਚਾ ਸਾਹਿਤ ਮਹਾਤਮਾ ਲੋਕਾਂ ਦੇ ਅੰਮ੍ਰਿਤ ਬਚਨ ਹੁੰਦੇ ਹਨ। ਬੰਦੇ ਜਿਸ ਕੌਮ ਵਿਚ ਪੈਦਾ ਹੋਣ, ਉਸ ਵਿਚ ਸਾਹਿਤ ਦਾ ਧਨ ਆਪ ਮੁਹਾਰਾ ਬੀਜ ਵਾਂਗ ਉੱਗਦਾ ਹੈ। ਜਿਸਤਰ੍ਹਾਂ ਉਚੇ ਮਹਿਲਾਂ ਨਾਲ ਕੋਈ ਕੌਮ ਉੱਚੀ ਨਹੀਂ ਹੋ ਸਕਦੀ। ਜੋ ਉਹਦੇ ਬੰਦੇ ਵੱਡੇ ਦਿਲਾਂ ਵਾਲੇ, ਉੱਚੀਆਂ ਸੁਰਤਾਂ ਵਾਲੇ ਹੋਣ ਤੇ ਸਾਰੇ ਕੌਮਾਂ ਦੀਆਂ ਉੱਚੀਆਂ ਵਿਚ ਰਹਿਣ, ਉਹ ਕੌਮ ਨੂੰ ਵੱਡਾ ਤੇ ਉੱਚਾ ਕਰਦੇ ਹਨ। ਇਸੇ ਤਰ੍ਹਾਂ ਸਾਹਿਤ ਵੀ ਉਨ੍ਹਾਂ ਮਹਾਂਪੁਰਖਾਂ ਦੇ ਪ੍ਰਛਾਵਿਆਂ ਵਿਚ ਪਲਦਾ ਹੈ।[39]

ਕਈ ਵਿਦਵਾਨ 'ਕਲਾ, ਕਲਾ ਲਈ' ਦੇ ਹਾਮੀ ਹਨ। ਡਾ: ਭਗੀਰਥ ਮਿਸ਼੍ਰ ਦੇ ਵਿਚਾਰ ਅਨੁਸਾਰ ਆਧੁਨਿਕ, ਉਪਯੋਗਤਾ ਅਤੇ ਧਰਮ-ਪ੍ਰਚਾਰ-ਸਾਧਨਾ ਦੀ ਧਾਰਣਾ ਦੇ ਵਿਰੁੱਧ ਕੁਝ ਸੁਤੰਤਰ ਪ੍ਰੇਮ ਅਤੇ ਸ਼ਿੰਗਾਰ ਦਾ ਚਿਤਰਣ ਕਰਨ ਵਾਲੀ, ਕੁਝ ਅਸ਼ਲੀਲ ਕਹੀ ਜਾਣ ਵਾਲੀ ਅਤੇ ਕਠੋਰ ਨੈਤਿਕਤਾ ਦੇ ਵਿਪਰੀਤ ਵਿਦਰੋਹ ਜਤਾਉਣ ਵਾਲੀ ਕਵਿਤਾ ਦੇ ਸਮਰਥਨ ਦੀ ਪ੍ਰਵਿਰਤੀ ਕਾਰਣ 'ਕਵਿਤਾ, ਕਵਿਤਾ ਲਈ' ਦਾ ਨਾਅਰਾ ਦਿੱਤਾ ਗਿਆ। ਆਸਕਰ ਵਾਈਲਡ ਅਤੇ ਬ੍ਰੈਡਲੇ ਵਰਗੇ ਪੱਛਮੀ ਵਿਦਵਾਨਾਂ ਨੇ ਇਸ ਮੱਤ

---

35. 'Beauty is Truth, Truth Beauty, That is all Ye know on earth and all ye need to know'. ---John Keats.
36. 'A thing of beauty is a joy for ever--John Keats.
37. 'Poetry is the art of uniting pleasure with truth, by calling imagination to the help of reason.'
-----Lives of the poets, P-170, Dr. Johanson.
38. ਜੀਵਨ ਦੀ ਅਧਿਆਤਮਕ ਦ੍ਰਿਸ਼ਟੀ, ਪੰ: 215, ਡਾ: ਰਾਧਾ ਕ੍ਰਿਸ਼ਨ।
39. ਪੰਜਾਬੀ ਸਾਹਿਤ ਪੁਰ ਕਟਾਖਸ਼, (ਲੇਖ), ਪ੍ਰੋ: ਪੂਰਨ ਸਿੰਘ। (ਪਰਖ ਪੜਚੋਲ, ਪੰ: 76, ਡਾ: ਹਰਨਾਮ ਸਿੰਘ ਸ਼ਾਨ ਤੋਂ ਧੰਨਵਾਦ).
40. ਉਹੀ, (ਪਰਖ ਪੜਚੋਲ, ਪੰ: 70, ਡਾ: ਹਰਨਾਮ ਸਿੰਘ ਸ਼ਾਨ ਤੋਂ ਧੰਨਵਾਦ)

ਦਾ ਪੱਖ ਲਿਆ, ਪਰੰਤੂ ਜਾਗ੍ਰਤੀ ਦ੍ਰਿਸ਼ਟੀ (ਵਿਦਰੋਹੀਆਂ ਨੂੰ ਛੱਡਕੇ) ਕਦੇ ਇਸ ਦਾ ਸਮਰਥਨ ਨਾ ਕਰ ਸਕੀ।[41] ਇਕ ਹੋਰ ਵਿਚਾਰ ਅਨੁਸਾਰ 'ਕਲਾ, ਕਲਾ ਲਈ' ਦਾ ਸਿਧਾਂਤ ਉਦੋਂ ਹੋਂਦ ਵਿਚ ਆਉਂਦਾ ਹੈ, ਜਦੋਂ ਕਲਾਕਾਰ ਆਪਣੇ ਤੇ ਸਮਾਜ ਦੇ ਉਦੇਸ਼ਾਂ ਵਿਚ ਨਿਰਾਸ਼ਾ ਜਨਕ ਟੱਕਰ ਅਨੁਭਵ ਕਰਨ।[42]

'ਕਲਾ, ਕਲਾ ਲਈ' ਦੇ ਸਮਰਥਕਾਂ ਦਾ ਕਹਿਣਾ ਹੈ ਕਿ ਕਲਾ ਦਾ ਮੰਤਵ ਸਮਾਜ ਦੇ ਸੁਧਾਰ ਜਾਂ ਮਾਨਵ-ਕਲਿਆਣ ਦੀ ਚਿੰਤਾ ਕਰਨ ਦੀ ਬਜਾਏ ਕੇਵਲ ਸੁਹਜ ਸੁਆਦ ਪੈਦਾ ਕਰਨਾ ਜਾਂ ਆਪਣੇ ਸੌਂਦਰਯ ਦੁਆਰਾ ਮਨੁੱਖੀ ਅਨੁਭੂਤੀਆਂ ਦੀ ਤ੍ਰਿਪਤੀ ਕਰਨਾ ਹੈ। ਟੀ.ਐਸ.ਇਲੀਅਟ ਵੀ ਕਾਵਿ ਦਾ ਮੁੱਖ ਉਦੇਸ਼ ਸੁਹਜ ਸੁਆਦ ਹੀ ਮੰਨਦਾ ਹੈ।[43] ਪਰੰਤੂ ਨਾਲ ਹੀ ਉਹ ਕਵੀ ਦੇ ਸਿੱਧੇ ਅਪ੍ਰੋਖ ਰੂਪ ਵਿਚ ਲੋਕਾਂ ਪ੍ਰਤੀ ਕਰਤੱਵ ਨਕਾਰ ਦਿੰਦਾ ਹੈ ਅਤੇ ਭਾਸ਼ਾ ਦੀ ਹੋਂਦ, ਵਾਧੇ ਅਤੇ ਉੱਨਤੀ ਲਈ ਉਸਦਾ ਪਰੋਖ ਰੂਪ ਵਿਚ ਕਰਤੱਵ ਮੰਨਦਾ ਹੈ। ਜੋ ਕੁਝ ਲੋਕ ਅਨੁਭਵ ਕਰਦੇ ਹਨ, ਉਸ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਹੋਰ ਵਧੇਰੇ ਸੁਚੇਤ ਕਰਦਾ ਹੈ। ਬਰੈਡਲੇ ਮੱਤ ਮੇਲੇ ਦੀ ਬਜਾਇ ਕਾਵਿ ਨੂੰ ਸਿਰਜਣਾ ਮੰਨਦਾ ਹੈ ਅਤੇ ਕਵਿਤਾ ਨੂੰ ਜੀਵਨ ਦੀ ਤਸਵੀਰ, ਜਿਸ ਦੀ ਅਭਿਵਿਅਕਤੀ ਸਦੀਵੀ ਸੱਚ ਦੇ ਅਧਾਰ ਤੇ ਕੀਤੀ ਗਈ ਹੋਵੇ।[45]

'ਕਲਾ, ਕਲਾ ਲਈ' ਸਿਧਾਂਤ ਦੇ ਮੰਨਣ ਵਾਲੇ, ਸੁਹਜ ਸੁਆਦ ਮਾਨਣ ਵਾਲੇ ਕੇਵਲ ਕਲਪਨਾ ਦੇ ਅਧਾਰ ਤੇ ਸੱਚੇ ਤੇ ਸੁੱਚੇ ਸਾਹਿਤ ਦੀ ਸਿਰਜਣਾ ਨਹੀਂ ਕਰ ਸਕਦੇ। ਕਲਪਨਾ ਦਾ ਆਧਾਰ ਵੀ ਵਾਸਤਵਿਕ

---

41. ਕਾਵਯ ਸ਼ਾਸਤਰ, ਪੰ: 29-30, ਡਾ: ਭਾਗੀਰਥ ਮਿਸ਼੍ਰ।

42. 'The doctrine of art for arts' sake develops when art is to feel a hopeless contradiction between their aims and aims of the society to which they belong'.—Art & Society, P-43, Georgi V. Plekanov.

43. Poetry has to give pleasure----On Poetry & Poets, P-18, T.S.Eliot.

44. 'The duty of the poet, as poet, is only indirectly to his people his direct duty is to his language, first to preserve and second to extend and improve. In expressing what other people feel he is also changing and feeling by making it more conscious, he is making people more aware of what they feel already. ਉਹੀ, P-20.

45. Poetry is considered as a creation rather than a revelation. A poem is the very image of life expressed in its eternal truth. ----Oxford Lectures on Poetry, P-156, A.C. Bradley.

ਜਗਤ ਤੇ ਸਮਾਜ ਹੀ ਹੁੰਦਾ ਹੈ। ਕਵੀ ਆਪਣੇ ਯੁਗ, ਸਮਾਜ ਅਤੇ ਆਪਣੀਆਂ ਪਰਿਸਥਿਤੀਆਂ ਤੋਂ ਉਲਟ ਕਲਪਨਾ ਦੇ ਆਕਾਸ਼ ਵਿਚ ਨਹੀਂ ਵਿਚਰ ਸਕਦਾ। ਸਮਾਜਕ ਸਮਸਿਆਵਾਂ ਸਾਹਿਤ ਸਿਰਜਣਾ ਦਾ ਮੂਲ ਆਧਾਰ ਹੁੰਦੀਆਂ ਹਨ, ਇਸ ਲਈ ਸਾਹਿਤ ਨੂੰ ਸਮਾਜ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ।

ਸਾਹਿਤ ਤੇ ਸਮਾਜ ਦੋਹਾਂ ਦਾ ਵਿਕਾਸ ਪੱਖੋਂ ਅਧਿਐਨ ਕੀਤਿਆਂ ਵੇਖਿਆ ਗਿਆ ਹੈ ਕਿ ਜਦੋਂ ਕਿਸੇ ਸਮੇਂ ਸਮਾਜ ਦਾ ਵਿਕਾਸ ਹੋ ਰਿਹਾ ਹੁੰਦਾ ਹੈ, ਉਦੋਂ ਹੀ ਸਾਹਿਤ ਵਿਚ ਵੀ ਵਾਧਾ ਤੇ ਵਿਕਾਸ ਹੋ ਰਿਹਾ ਹੁੰਦਾ ਹੈ। ਸਮਾਜ ਦੇ ਵਿਕਾਸ ਲਈ ਸਾਹਿਤ ਕਦੀ ਇਸ ਦੀ ਅਗਵਾਈ ਕਰਦਾ ਹੈ ਤੇ ਕਦੀ ਇਸ ਦੇ ਪਿੱਛੇ ਚਲਦਾ ਹੈ। ਪਰ ਸੁਚੱਜਾ ਤੇ ਆਦਰਸ਼ਕ ਸਾਹਿਤ ਉਹੀ ਹੁੰਦਾ ਹੈ, ਜਿਹੜਾ ਸਮਾਜ ਦੀ ਅਗਵਾਈ ਕਰੇ। ਸਾਹਿਤਕਾਰ ਵਿਸ਼ੇ ਵਸਤੂ ਪੱਖੋਂ ਨਾ ਕੇਵਲ ਸਾਮੱਗਰੀ ਹੀ ਸਮਾਜ ਪਾਸੋਂ ਲੈਂਦਾ ਹੈ, ਸਗੋਂ ਸ਼ਬਦਾਵਲੀ, ਚਿੱਤਰ, ਬਿੰਬ, ਅਖਾਣ ਤੇ ਮੁਹਾਵਰੇ ਆਦਿ ਵੀ ਤਤਕਾਲੀਨ ਸਮਾਜ ਦੀਆਂ ਵਿਸ਼ੇਸ਼ ਪਰਿਸਥਿਤੀਆਂ ਤੋਂ ਪ੍ਰਾਪਤ ਕਰਦਾ ਹੈ। ਇਸੇ ਲਈ ਤਾਂ ਉਹ ਆਪਣੇ ਸਮੇਂ ਦਾ ਪ੍ਰਤਿਨਿਧ ਹੁੰਦਾ ਹੈ। ਉਸ ਨੂੰ ਜਿਸ ਪ੍ਰਕਾਰ ਦੀ ਖਾਣ-ਖੁਰਾਕ ਮਿਲਦੀ ਹੈ, ਉਸੇ ਤਰ੍ਹਾਂ ਦੀ ਉਸ ਦੀ ਰਚਨਾ ਹੁੰਦੀ ਹੈ। ਉਹ ਜੋ ਕੁਝ ਵੀ ਲਿਖਦਾ ਹੈ ਆਪਣੇ ਆਸ ਪਾਸ ਦੇ ਵਾਤਾਵਰਣ ਤੋਂ ਪ੍ਰਭਾਵਿਤ ਹੋ ਕੇ ਲਿਖਦਾ ਹੈ। ਸਮਾਜਕ ਪ੍ਰਾਣੀ ਹੋਣ ਦੇ ਨਾਤੇ ਸਾਹਿਤਕਾਰ ਆਪਣੇ ਸਾਹਿਤ ਨੂੰ ਸਮਾਜਕ ਪ੍ਰਭਾਵ ਤੋਂ ਅਲੱਗ ਰਖਣ ਵਿਚ ਅਸਮਰਥ ਹੋ ਜਾਂਦਾ ਹੈ ਅਤੇ ਉਸ ਦੀ ਛਾਇਆ ਸੁਭਾਵਿਕ ਹੀ ਕਿਸੇ ਨਾ ਕਿਸੇ ਪ੍ਰਕਾਰ ਉਸ ਦੀ ਰਚਨਾ ਵਿਚ ਪ੍ਰਤਿਬਿੰਬਤ ਹੋ ਉਠਦੀ ਹੈ।

ਸਾਹਿਤਕਾਰ ਸੂਖਮਦਰਸ਼ੀ ਹੁੰਦਾ ਹੈ। ਉਸ ਵਿਚ ਅਸਾਧਾਰਣ ਪ੍ਰਤਿਭਾ ਹੁੰਦੀ ਹੈ। ਉਹ ਸਮਾਜ ਦੀਆਂ ਨਿਤ ਬਦਲ ਰਹੀਆਂ ਪਰਿਸਥਿਤੀਆਂ ਦਾ ਅਧਿਐਨ ਕਰਕੇ ਉਸ ਦੇ ਅਨੁਸਾਰ ਹੀ ਆਪਣੇ ਨਵੇਂ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ। ਸਾਧਾਰਣ ਪ੍ਰਾਣੀਆਂ ਦੇ ਮੁਕਾਬਲੇ ਉਸ ਨੂੰ ਜੀਵਨ ਦੀਆਂ ਪਰਸਥਿਤੀਆਂ ਦਾ ਗਿਆਨ ਵਧੇਰੇ ਹੁੰਦਾ ਹੈ। ਉਹ ਸੁਚੇਤ ਹੋ ਕੇ ਸਮਾਜ ਦੇ ਰੀਤੀ ਰਿਵਾਜਾਂ, ਭਾਵਨਾਵਾਂ ਦੀ ਵਿਵਿੱਧਤਾ ਅਤੇ ਆਦਰਸ਼ਾਂ ਦੇ ਆਪਸੀ ਸੰਘਰਸ਼ ਨੂੰ ਵੇਖ ਕੇ ਆਪਣੇ ਸਾਹਿਤ ਵਿਚ ਵਰਣਨ ਕਰਦਾ ਹੈ।

ਸਾਹਿਤਕਾਰ ਜਾਂ ਕਵੀ ਦੇ ਵਿਅਕਤਿਤਵ ਦਾ ਸਾਹਿਤ-ਰਚਨਾ ਵਿਚ ਵਿਸ਼ੇਸ਼ ਰੋਲ ਹੈ। ਜਿਨ੍ਹਾਂ ਸਮਸਿਆਵਾਂ ਕਾਰਣ ਸਮਾਜ ਦੀ ਗਤੀ ਰੁਕ ਜਾਂਦੀ ਹੈ, ਸਾਹਿਤਕਾਰ ਉਨ੍ਹਾਂ ਬਾਰੇ ਅਨੁਭਵ ਕਰਦਾ ਹੈ। ਬੇਸ਼ਕ ਸਮਾਜਕ ਪ੍ਰਾਣੀ ਹੋਣ ਕਾਰਣ ਉਹ ਤਤਕਾਲੀਨ ਸਮਾਜ ਤੋਂ ਪ੍ਰਭਾਵਿਤ ਹੁੰਦਾ ਹੈ, ਪਰ ਫਿਰ ਵੀ ਉਹ ਆਪਣੇ ਵਿਅਕਤਿਤਵ ਦੁਆਰਾ ਜਿਤਨੀ ਜਲਦੀ ਸਮਾਜ ਨੂੰ ਬਦਲ ਦੇਣ ਦੀ ਸਮਰਥਾ ਰਖਦਾ ਹੈ, ਉਤਨਾ ਹੋਰ ਕੋਈ ਵਿਅਕਤੀ ਆਪਣੀ ਸ਼ਕਤੀ ਨਾਲ ਨਹੀਂ ਕਰ ਸਕਦਾ। ਸਾਹਿਤਕਾਰ ਦਾ ਵਿਅਕਤਿਤਵ ਜਿੰਨਾ ਮਹਾਨ ਹੋਵੇਗਾ, ਉਨੀ ਹੀ ਉਸ ਦੀ ਰਚਨਾ ਪ੍ਰਸਿੱਧੀ ਪਾ ਕੇ ਸਮਾਜ ਨੂੰ ਗਤੀਸ਼ੀਲ ਬਣਾ ਦੇਵੇਗੀ। ਅਜਿਹੇ ਲਿਖਾਰੀ ਦੀ ਰਚਨਾ ਦਾ ਅਧਿਐਨ ਕਰਕੇ ਪਾਠਕ ਵੀ ਅਨੰਦ ਮਾਣੇਗਾ। ਰਚਨਾ ਨੂੰ ਮਹੱਤਵਪੂਰਣ ਬਣਾਉਣ ਲਈ ਸਾਹਿਤਕਾਰ ਦੀ ਸਤਿ ਪ੍ਰਤੀ ਨਿਸ਼ਠਾ ਦਾ ਹੋਣਾ ਅਤੀ ਆਵੱਸ਼ਕ ਹੈ। ਸ਼ਾਇਦ ਇਸੇ ਲਈ ਰਸਕਿਨ

ਅਨੁਸਾਰ 'ਹਿਰਦੇ ਦੀ ਸਚਾਈ ਦੇ ਬਿਨਾਂ ਕਿਸੇ ਸਜੀਵ ਸਾਹਿਤ ਦੀ ਸਿਰਜਣਾ ਸੰਭਵ ਨਹੀਂ ਹੋ ਸਕਦੀ।[46] ਜਿਥੇ ਉਹ ਆਪਣੀ ਰਚਨਾ ਵਿਚ ਆਪਣੇ ਵਿਅਕਤਿਤਵ ਦੀ ਛਾਪ ਨਹੀਂ ਲਾ ਸਕਦਾ, ਉਥੇ ਇਹ ਸਮਝ ਲੈਣਾ ਉਚਿਤ ਹੋਵੇਗਾ ਕਿ ਉਸ ਨੇ ਜੀਵਨ ਦੇ ਅਨੁਭਵਾਂ ਪ੍ਰਤੀ ਸਚਾਈ ਤੋਂ ਕੰਮ ਨਹੀਂ ਲਿਆ। ਇਸੇ ਲਈ ਕਿਹਾ ਗਿਆ ਹੈ ਕਿ ਵਿਅਕਤੀਗਤ ਅਨੁਭਵ ਦੇ ਆਧਾਰ ਤੇ ਹੀ ਵਾਸਤਵਿਕ ਸਾਹਿਤ ਦੀ ਰਚਨਾ ਹੁੰਦੀ ਹੈ।[47] ਸਾਹਿਤਕਾਰ ਆਪਣੇ ਵਿਅਕਤਿਤਵ ਨੂੰ ਆਪਣੀ ਵਿਸ਼ੇਸ਼ ਸ਼ੈਲੀ ਦੁਆਰਾ ਅਭਿ-ਵਿਅਕਤ ਕਰਦਾ ਹੈ। ਇਸੇ ਲਈ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸ਼ੈਲੀ ਹੀ ਵਿਅਕਤਿਤਵ ਹੈ।

ਸਾਹਿਤ ਰਚਨਾ ਸਮਾਜਕ ਜੀਵਨ ਦੇ ਹਿਤ ਲਈ ਕੀਤੀ ਜਾਂਦੀ ਹੈ ਅਤੇ ਸਾਹਿਤਕਾਰ ਸਮਾਜ ਦਾ ਹਿਤੈਸ਼ੀ ਹੋ ਨਿਬੜਦਾ ਹੈ। ਸਾਹਿਤਕਾਰ ਇਕ ਚੰਗੇ ਡਾਕਟਰ ਵਾਂਗ ਪਹਿਲਾਂ ਰੋਗ ਦਾ ਕਾਰਣ ਲੱਭ ਕੇ ਫਿਰ ਉਸ ਦਾ ਠੀਕ ਢੰਗ ਨਾਲ ਇਲਾਜ ਕਰਦਾ ਹੈ।

ਸਾਹਿਤ ਸਾਡੇ ਅਮੂਰਤ ਅਤੇ ਅਸਪਸ਼ਟ ਭਾਵਾਂ ਨੂੰ ਮੂਰਤੀਮਾਨ ਕਰਦਾ ਹੈ। ਸਾਡੇ ਆਪਣੇ ਵਿਚਾਰ ਹੀ ਸਾਹਿਤ ਦਾ ਆਵਰਣ ਪਹਿਨ ਕੇ ਸਮਾਜ ਦੀ ਅਗਵਾਈ ਕਰਦੇ ਹਨ। ਸਾਹਿਤ ਸਾਡੇ ਵਿਚਾਰਾਂ ਦੀ ਗੁਪਤ ਸ਼ਕਤੀ ਨੂੰ ਕੇਂਦ੍ਰਿਤ ਕਰਕੇ ਉਸ ਨੂੰ ਕਾਰਜਸ਼ੀਲ ਬਣਾਂਦਾ ਹੈ। ਇਸ ਪ੍ਰਕਾਰ ਸਾਹਿਤਕਾਰ ਸਾਡੇ ਵਿਚਾਰਾਂ ਦੀ ਹੀ ਪ੍ਰਤਿਨਿਧਤਾ ਕਰਦਾ ਹੈ। ਇਸੇ ਲਈ ਅਸੀਂ ਉਸ ਨੂੰ ਆਪਣੇ ਜਾਤੀਗਤ ਸਨਮਾਨ ਅਤੇ ਗੌਰਵ ਦਾ ਰਖਿਅਕ ਮੰਨਕੇ ਪੇਸ਼ ਸਨਮਾਨ ਪ੍ਰਦਾਨ ਕਰਦੇ ਹਾਂ। ਸ਼ੇਕਸਪੀਅਰ ਅਤੇ ਮਿਲਟਨ ਤੇ ਅੰਗਰੇਜ਼ਾਂ ਨੂੰ ਬੜਾ ਮਾਨ ਹੈ, ਬਾਲਮੀਕ, ਕਾਲੀਦਾਸ, ਗੁਰੂ ਨਾਨਕ ਅਤੇ ਤੁਲਸੀ ਉਤੇ ਸਾਨੂੰ ਬੜਾ ਗਰਵ ਹੈ ; ਕਿਉਂਕਿ ਉਨ੍ਹਾਂ ਦਾ ਸਾਹਿਤ ਸਾਨੂੰ ਇਕ ਸੰਸਕ੍ਰਿਤੀ ਅਤੇ ਇਕ-ਜਾਤੀਅਤਾ ਦੇ ਰੂਪ ਵਿਚ ਬੰਨ੍ਹਦਾ ਹੈ। ਜਿਸ ਤਰ੍ਹਾਂ ਦਾ ਸਾਹਿਤ ਹੁੰਦਾ ਹੈ, ਉਸੇ ਤਰ੍ਹਾਂ ਦੀਆਂ ਸਾਡੀਆਂ ਮਨੋਬ੍ਰਿਤੀਆਂ ਬਣ ਜਾਂਦੀਆਂ ਹਨ। ਵਰਤਮਾਨ ਭਾਰਤਵਰਸ਼ ਦੀਆਂ ਸਭਿਆਚਾਰਕ ਕੀਮਤਾਂ ਵਿਚ ਜੋ ਪਰਿਵਰਤਨ ਦਿਖਾਈ ਦਿੰਦਾ ਹੈ, ਉਹ ਪੱਛਮੀ ਸਾਹਿਤ ਦੇ ਪ੍ਰਭਾਵ ਸਰੂਪ ਹੈ।[48] ਇਸ ਪ੍ਰਕਾਰ ਸਾਹਿਤ ਸਾਡੇ ਸਮਾਜ ਦੇ ਦਰਪਣ-ਮਾਤਰ ਦੀ ਬਜਾਏ ਮਾਰਗ ਦ੍ਰਸ਼ਟਾ ਬਣ ਜਾਂਦਾ ਹੈ।

ਸਮਾਜ ਤੇ ਸਾਹਿਤ ਇਕ ਦੂਜੇ ਦੇ ਪੂਰਕ ਹਨ। ਹਰ ਇਕ ਜਾਤੀ ਦੇ ਸਾਹਿਤ ਦਾ ਇਕ ਵਿਅਕਤਿਤਵ ਹੁੰਦਾ ਹੈ, ਜਦ ਕਿਸੇ ਵੀ ਜਾਤੀ, ਸੰਪਰਦਾਇ ਜਾਂ ਧਰਮ ਦੀਆਂ ਜਿਸ ਪ੍ਰਕਾਰ ਮਾਨਤਾਵਾਂ

---

46. 'Without sincerity no vital work in literature is possible.
An Introduction to study of Literature, P.17, W.H. Hudson.
47. 'Personal experience is the basis of all real literature'.
An Introduction to the Study of Literature,P-15,W.H.Hudson.
48. ਕਾਵਯ ਕੇ ਰੂਪ, ਪੰ: 7, ਡਾ: ਗੁਲਾਬ ਰਾਏ।

ਅਤੇ ਵਿਚਾਰ ਹੁੰਦੇ ਹਨ, ਉਨ੍ਹਾਂ ਦੇ ਅਨੁਸਾਰ ਹੀ ਉਸ ਦੇ ਸਾਹਿਤ ਦੀ ਸਿਰਜਨਾ ਹੁੰਦੀ ਹੈ। ਜਿਵੇਂ ਹਿੰਦੂ ਜਾਤੀ ਵਿਚ ਤਿਆਗ ਤੇ ਅਹਿੰਸਾ ਦੇ ਭਾਵਾਂ ਦੀ ਪ੍ਰਧਾਨਤਾ ਹੈ, ਇਸੇ ਲਈ ਉਨ੍ਹਾਂ ਦੇ ਸਾਹਿਤ ਵਿਚ ਮੁਖ ਤੌਰ ਤੇ ਮਰਯਾਦਾ ਪੁਰਸ਼ੋਤਮ ਸ੍ਰੀ ਰਾਮ ਚੰਦਰ ਅਤੇ ਤਿਆਗੀ ਮਹਾਤਮਾ ਬੁੱਧ ਆਦਿ ਦੇ ਵਰਣਨ ਦੀ ਪ੍ਰਧਾਨਤਾ ਰਹੀ ਹੈ। ਇਸੇ ਪ੍ਰਕਾਰ ਸੰਯੁਕਤ ਪਰਿਵਾਰ ਦਾ ਚਿਤਰ ਹਿੰਦੂ ਸਾਹਿਤ ਵਾਂਗ ਕਿਸੇ ਹੋਰ ਜਾਤੀ ਦੇ ਸਾਹਿਤ ਵਿਚ ਪ੍ਰਾਪਤ ਨਹੀਂ।

ਮੁਸਲਿਮ ਸਾਹਿਤ ਵਿਚ ਨਾਟਕਾਂ ਦੇ ਅਭਾਵ ਦਾ ਕਾਰਨ ਉਨ੍ਹਾਂ ਦੇ ਮੂਰਤੀ-ਪੂਜਾ-ਵਿਰੋਧੀ ਵਿਚਾਰਾਂ ਦਾ ਹੀ ਸਿੱਟਾ ਹੈ। ਮੁਸਲਮਾਨ ਭਾਗਵਾਦ ਵਿਚ ਵਿਸ਼ਵਾਸ਼ ਰਖਦੇ ਹਨ, ਪਰੰਤੂ ਕਰਮਵਾਦ ਵਿਚ ਨਹੀਂ। ਇਸੇ ਪ੍ਰਕਾਰ ਉਰਦੂ ਦੇ ਕਵੀਆਂ ਵਿਚ ਹਿੰਦੀ ਦੇ ਕਵੀਆਂ ਨਾਲੋਂ ਪ੍ਰੇਮ (ਇਸ਼ਕ) ਦੇ ਵਰਣਨ ਕਰਨ ਦੀ ਭਾਵਨਾ ਵਧੇਰੇ ਪ੍ਰਬਲ ਹੈ।

ਭਾਰਤੀ ਇਸਤਰੀਆਂ ਨੂੰ ਗਹਿਣਾ ਬਹੁਤ ਪਿਆਰਾ ਹੁੰਦਾ ਹੈ, ਇਸੇ ਪ੍ਰਕਾਰ ਭਾਰਤੀ ਕਵੀਆਂ ਨੂੰ ਅਲੰਕਾਰ ਆਮ ਤੌਰ ਤੇ ਪੁਰਾਣੇ ਸਮਿਆਂ ਵਿਚ ਪੱਛਮ ਦੇ ਮੁਕਾਬਲੇ ਵਿਚ ਅਲੰਕਾਰ-ਪ੍ਰਿਅਤਾ ਵਧੇਰੇ ਹੈ।

ਸ਼ੈਕਸਪੀਅਰ ਤੇ ਤੁਲਸੀਦਾਸ ਵਿਭਿੰਨ ਪਰਿਸਥਿਤੀਆਂ ਵਿਚ ਵਿਚਰਦਿਆਂ ਇਕ ਦੂਜੇ ਵਰਗਾ ਚਰਿਤ ਸਾਹਿਤ ਬਾਰੇ ਕਲਪਨਾ ਵੀ ਨਹੀਂ ਕਰ ਸਕਦੇ। ਸ਼ੈਕਸਪੀਅਰ ਲਈ 'ਰਾਮ ਚਰਿਤ ਮਾਨਸ' ਦੀ ਕਲਪਨਾ ਇਸ ਲਈ ਅਸੰਭਵ ਹੈ, ਕਿਉਂਕਿ ਉਸ ਦੇ ਦੇਸ਼ ਅਥਵਾ ਜਾਤੀ ਦਾ ਆਪਣਾ ਵਿਅਕਤਿਤਵ ਹੈ, ਉਹ ਸ੍ਰੀ ਰਾਮ ਚੰਦਰ ਵਰਗਾ ਮਰਯਾਦਾ-ਪੁਰਸ਼ੋਤਮ ਯੁਗ-ਪੁਰਸ਼ ਪੈਦਾ ਨਹੀਂ ਕਰ ਸਕੇ। ਇਸੇ ਪ੍ਰਕਾਰ ਤੁਲਸੀਦਾਸ ਪਾਸੋਂ ਮਿਲਟਨ ਦੇ 'ਪੈਰਾਡਾਈਜ਼ ਲਾਸਟ' (Paradise Lost) ਦੀ ਕਲਪਨਾ ਦੀ ਆਸ ਕਰਨੀ ਬੇਅਰਥ ਹੈ। ਇਸ ਵਿਚ ਸ਼ੈਤਾਨ ਨੂੰ ਭਗਵਾਨ ਦੇ ਵਿਰੁਧ ਬਗਾਵਤ ਕਰਦਾ ਵਿਖਾਇਆ ਗਿਆ ਹੈ, ਪਰੰਤੂ ਭਾਰਤ ਦੀਆਂ ਪਰਿਸਥਿਤੀਆਂ ਵਿਚ ਅਜਿਹੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ।

ਇਸ ਲਈ ਹਰ ਸਮਾਜ ਦੀਆਂ ਕੁਝ ਆਪਣੀਆਂ ਨਿਜੀ ਮਾਨਤਾਵਾਂ ਤੇ ਭਾਵਨਾਵਾਂ ਹੁੰਦੀਆਂ ਹਨ, ਅਰਥਾਤ ਹਰ ਸਮਾਜ ਜਾਂ ਜਾਤੀ ਦਾ ਨਿਜਤਵ ਉਸ ਨੂੰ ਦੂਜੀ ਜਾਤੀ ਤੇ ਸਮਾਜ ਤੋਂ ਨਿਖੇੜਦਾ ਹੈ। ਅਤੇ ਇਸ ਦਾ ਪ੍ਰਭਾਵ ਸਾਹਿਤ ਤੇ ਵੀ ਪੈਂਦਾ ਹੈ।

ਸਮਾਜ ਜਿਸ ਪ੍ਰਕਾਰ ਉੱਨਤ ਜਾਂ ਅਵਨਤ ਹੋਵੇਗਾ, ਉਸੇ ਪ੍ਰਕਾਰ ਦਾ ਉਸ ਦਾ ਸਾਹਿਤ ਹੋਵੇਗਾ। ਅਸਭਿਅ ਸਮਾਜ ਦਾ ਸਾਹਿਤ ਨਹੀਂ ਹੁੰਦਾ, ਕਿਉਂਕਿ ਉਹ ਆਪਣੇ ਦੁਖ-ਸੁਖ, ਹਾਰ-ਜਿੱਤ ਅਤੇ ਹਰਖ ਸੋਗ ਦੇ ਭਾਵਾਂ ਨੂੰ ਲਿਖਤ-ਰੂਪ ਨਹੀਂ ਦੇ ਸਕਦਾ। ਸਾਹਿਤ ਸਭਿਅ ਸਮਾਜ ਦੀਆਂ ਵਿਕਾਸਸ਼ੀਲ ਭਾਵਨਾਵਾਂ ਦੀ ਅਸਲ ਅਭਿਵਿਅਕਤੀ ਹੈ। ਸ੍ਰਿਸ਼ਟੀ ਦੇ ਆਰੰਭ ਵਿਚ ਜਦੋਂ ਮਾਨਵ ਅਸਭਿਅ ਸੀ ਤਾਂ ਉਹ ਆਪਣੇ ਮਨੋਭਾਵਾਂ ਅਤੇ ਵਿਚਾਰਾਂ ਨੂੰ ਲਿਖਤੀ-ਸਾਹਿਤ ਦੇ ਰੂਪ ਵਿਚ ਸੁਰੱਖਿਅਤ ਨਾ ਰਖ ਸਕਿਆ। ਜਦੋਂ ਉਸ ਨੇ ਉੱਨਤੀ ਕੀਤੀ ਅਤੇ ਸਮੇਂ ਨਾਲ ਉਸ ਦੀ ਬੁੱਧੀ ਦੇ ਵਿਕਾਸ ਹੋਣ ਨਾਲ ਸਮਾਜ ਦਾ ਸੰਗਠਨ ਹੋਇਆ, ਉਪਰੰਤ ਭਾਸ਼ਾਵਾਂ ਦੀਆਂ ਲਿਪੀਆਂ ਹੋਂਦ ਵਿਚ ਆਈਆਂ ਤੇ ਸਾਹਿਤ-ਰਚਨਾ ਆਰੰਭ ਹੋਈ। ਸਮਾਜ ਨੇ ਜਿਸ ਪ੍ਰਕਾਰ ਕਰਵਟਾਂ

ਬਦਲੀਆਂ, ਕਦੇ ਉਠਿਆ, ਕਦੇ ਸੁੱਤਾ, ਕਦੇ ਠੋਕਰਾਂ ਖਾਣ ਤੋਂ ਬਾਦ ਫਿਰ ਸੰਘਰਸ਼ ਵਿਚ ਲਗ ਗਿਆ, ਉਸ ਦਾ ਚਿਤਰ ਸਾਰੇ ਸਾਹਿਤ ਵਿਚ ਸਾਫ਼ ਦਿਖਾਈ ਦਿੰਦਾ ਹੈ। ਸਾਹਿਤਕਾਰ ਸਮਾਜਕ ਪ੍ਰਾਣੀ ਹੋਣ ਕਰਕੇ ਪ੍ਰਤਿਨਿਧ ਬਣ ਕੇ ਆਪਣੇ ਯੁਗ ਦੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਲੇਖਣੀ ਰਾਹੀਂ ਪ੍ਰਗਟ ਕਰਦਾ ਹੈ। ਇਸੇ ਲਈ ਸਾਹਿਤ ਨੂੰ ਯੁਗ ਦਾ ਸ਼ੀਸ਼ਾ ਅਤੇ ਵਰਤਮਾਨ ਦਾ ਪ੍ਰਤੀਬਿੰਬ ਮੰਨਿਆ ਜਾਂਦਾ ਹੈ।

ਜਿਸ ਪ੍ਰਕਾਰ ਸਾਹਿਤ ਵਿਚ ਸਮਾਜਕ ਭਾਵਾਂ ਦੀ ਛਾਇਆ ਰਹਿੰਦੀ ਹੈ, ਉਸੇ ਤਰ੍ਹਾਂ ਸਾਹਿਤ ਵੀ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਸਾਹਿਤ ਤੇ ਸਮਾਜ ਲਗਾਤਾਰ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ, ਦੋਨਾਂ ਵਿਚ ਆਦਾਨ ਪ੍ਰਦਾਨ ਅਤੇ ਕ੍ਰਿਆ-ਪ੍ਰਤਿਕ੍ਰਿਆ ਦੇ ਭਾਵ ਚਲਦੇ ਰਹਿੰਦੇ ਹਨ। ਇਸ ਤੋਂ ਸਮਾਜਕ ਉਨੱਤੀ ਦੀ ਬੁਨਿਆਦ ਦ੍ਰਿੜ੍ਹ ਬਣਦੀ ਹੈ। ਡਾ: ਗੋਬਿੰਦ ਤ੍ਰਿਗੁਣਾਇਤ ਅਨੁਸਾਰ ਸਾਹਿਤ ਅਤੇ ਸਮਾਜ ਦੋਨਾਂ ਦੀ ਜੜ੍ਹ ਆਤਮ-ਰੱਖਿਆ ਅਤੇ ਆਤਮ-ਉੱਨਤੀ ਦੀ ਕਾਮਨਾ ਉਤੇ ਰਖੀ ਹੋਈ ਹੁੰਦੀ ਹੈ।[49] ਜਿਵੇਂ ਉਪਰ ਵਰਣਨ ਕੀਤਾ ਜਾ ਚੁਕਿਆ ਹੈ ਕਿ ਸਾਹਿਤਕਾਰ ਜਾਂ ਕਵੀ ਸਮਾਜ ਦੇ ਪ੍ਰਤਿਨਿਧ ਹੁੰਦੇ ਹਨ, ਉਹ ਆਪਣੇ ਵਿਅਕਤਿਤਵ ਦੇ ਆਧਾਰ ਤੇ ਨਵੇਂ ਭਾਵ ਤੇ ਵਿਚਾਰ ਪ੍ਰਦਾਨ ਕਰਦੇ ਹਨ। ਜਿਸ ਪ੍ਰਕਾਰ ਸਾਹਿਤ ਆਪਣੇ ਕਲਾਵੇ ਵਿਚ ਸਮਾਜ ਦੇ ਵਿਭਿੰਨ ਰੂਪਾਂ ਨੂੰ ਮੁਕਤ ਭਾਵ ਨਾਲ ਗ੍ਰਹਿਣ ਕਰਦਾ ਹੈ, ਉਸੇ ਤਰ੍ਹਾਂ ਸਮਾਜ ਨਿਰਸੰਕੋਚ ਭਾਵ ਨਾਲ ਸਾਹਿਤ ਦੁਆਰਾ ਆਪਣੀ ਦਿਸ਼ਾ ਨਿਰਧਾਰਿਤ ਕਰਦਾ ਹੈ। ਜਿਵੇਂ ਪੂਰਵ ਨਾਨਕ-ਕਾਲ ਵਿਚ ਵਿਦੇਸ਼ੀ ਹਮਲਾਵਰਾਂ ਕਾਰਨ ਅਤੇ ਦੇਸੀ ਰਾਜਿਆਂ ਦੀ ਆਪਸੀ ਫੁਟ ਕਾਰਣ ਅਰਾਜਕਤਾ ਫੈਲੀ ਹੋਈ ਸੀ।[50] ਫਲਸਰੂਪ ਸਾਹਿਤ ਵਿਚ ਬੀਰ ਰਸੀ ਵਾਰਾਂ ਦੀ ਸਿਰਜਣਾ ਹੋਈ। ਇਸੇ ਤਰ੍ਹਾਂ ਮੱਧ ਕਾਲ ਵਿਚ ਦੱਖਣ ਵਿਚੋਂ ਉਤਪੰਨ ਹੋਇਆ ਭਗਤੀ ਅੰਦੋਲਨ ਨਿਰਉਤਸ਼ਾਹਿਤ ਜਨਤਾ ਲਈ ਨਵੀਂ ਆਸ਼ਾ ਲੈ ਕੇ ਉਤਰੀ ਭਾਰਤ ਵਿਚ ਆਇਆ ਫਲਸਰੂਪ ਭਗਤੀ ਸਾਹਿਤ ਦੀ ਰਚਨਾ ਹੋਈ।

ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਸਮਾਜ ਤੋਂ ਪ੍ਰਭਾਵਿਤ ਹੋ ਕੇ ਸਾਹਿਤ-ਸਿਰਜਣਾ ਹੁੰਦੀ ਹੈ, ਪਰੰਤੂ ਸਾਹਿਤ ਦੀ ਜ਼ਿੰਮੇਵਾਰੀ ਸਮਾਜ ਦੇ ਕਰਤੱਵ ਨਾਲੋਂ ਕੁਝ ਵਧੇਰੇ ਹੁੰਦੀ ਹੈ। ਡਾ: ਗੁਲਾਬ ਰਾਏ ਅਨੁਸਾਰ ਸਾਹਿਤ ਦੁਆਰਾ ਸਮਾਜ ਵਿਚ ਜੋ ਪਰਿਵਰਤਨ ਹੁੰਦਾ ਹੈ, ਉਹ ਤਲਵਾਰ ਦੁਆਰਾ ਕੀਤੇ ਗਏ ਪਰਿਵਰਤਨ ਤੋਂ ਵਧੇਰੇ ਸਥਾਈ ਹੁੰਦਾ ਹੈ।[51] ਅਸਲ ਵਿਚ ਸਾਹਿਤ ਦਾ ਪ੍ਰਭਾਵ ਏਨਾ ਗਹਿਰਾ ਤੇ ਵਿਆਪਕ ਹੁੰਦਾ ਹੈ ਕਿ ਉਸ ਦੇ ਪ੍ਰਭਾਵ ਸਾਹਮਣੇ ਸ਼ਸਤਰਾਂ ਦਾ ਪ੍ਰਭਾਵ ਫਿੱਕਾ ਪੈ ਜਾਂਦਾ ਹੈ। ਸਾਹਿਤਕ ਜਿੱਤ ਵਧੇਰੇ ਸ਼ਕਤੀਸ਼ਾਲੀ ਹੁੰਦੀ ਹੈ। ਅੰਗਰੇਜ਼ ਤਲਵਾਰ ਦੁਆਰਾ ਭਾਰਤ ਨੂੰ ਦਾਸਤਾ ਦੀਆਂ ਜ਼ੰਜੀਰਾਂ ਵਿਚ ਏਨੀ ਦ੍ਰਿੜ੍ਹਤਾ ਨਾਲ ਨਹੀਂ ਬੰਨ੍ਹ ਸਕੇ, ਜਿੰਨਾ ਆਪਣੇ ਸਾਹਿਤ ਦਾ ਪ੍ਰਭਾਵ ਪਾ ਕੇ ਅਤੇ ਸਾਡੇ ਭਾਰਤੀ ਸਾਹਿਤ ਦਾ ਖ਼ਾਤਮਾ

---

49. ਸ਼ਾਸਤ੍ਰੀਯ ਸਮੀਖਿਆ ਕੇ ਸਿਧਾਂਤ, ਪੰ: 28, ਡਾ: ਗੋਬਿੰਦ ਤ੍ਰਿਗੁਣਾਇਤ।
50. ਵਿਸਥਾਰ ਲਈ ਦੇਖੋ: ਤੀਜਾ ਅਧਿਆਇ, ਰਾਜਨੀਤਕ ਪਰਿਸਥਿਤੀਆਂ ਅਤੇ ਬਾਬਰ ਦੇ ਹਮਲੇ।
51. ਕਾਵਯ ਕੇ ਰੂਪ, ਪੰ: 7, ਡਾ: ਗੁਲਾਬਰਾਏ।

ਜੋ ਇਸ ਵਿਚ ਮਿਲਾਵਟ ਕਰਕੇ ਸਫਲ ਹੋ ਸਕੇ। ਅਜ ਉਨ੍ਹੇ ਅੰਗਰੇਜ਼ਾਂ ਦੇ ਪ੍ਰਭਾਵ ਸਦਕਾ ਹੀ ਸਾਡੇ ਸੌਂਦਰਯ ਸੰਬੰਧੀ ਵਿਚਾਰ, ਸਾਡੀ ਕਲਾ ਦਾ ਆਦਰਸ਼, ਸਾਡਾ ਸ਼ਿਸ਼ਟਾਚਾਰ ਆਦਿ ਸਭ ਪੱਛਮ ਤੋਂ ਪ੍ਰਭਾਵਿਤ ਹੋ ਰਹੇ ਹਨ। ਯੂਨਾਨ ਨੇ ਆਪਣੀ ਕਲਾ ਦੁਆਰਾ ਸੰਪੂਰਨ ਪੱਛਮੀ ਜੀਵਨ ਨੂੰ ਪ੍ਰਾਚੀਨ ਕਾਲ ਤੋਂ ਲੈ ਕੇ ਅੱਜ ਤਕ ਪ੍ਰਭਾਵਿਤ ਕਰ ਰਖਿਆ ਹੈ, ਇਹ ਸਮਾਜ ਉਤੇ ਸਾਹਿਤ ਦੇ ਪ੍ਰਭਾਵ ਦਾ ਪ੍ਰਤੀਕ ਹੈ।

ਸਾਹਿਤ ਜੀਵਨ ਤੋਂ ਪ੍ਰਭਾਵਿਤ ਵੀ ਹੁੰਦਾ ਹੈ ਅਤੇ ਜੀਵਨ ਦਰਸ਼ਨ ਲਈ ਉਪਯੋਗੀ ਤੱਥਾਂ ਤੇ ਤੱਤਾਂ ਦੀ ਸਿਰਜਣਾ ਵੀ ਕਰਦਾ ਹੈ। ਬਾਲਮੀਕੀ, ਕਬੀਰ, ਤੁਲਸੀ ਅਤੇ ਗੁਰੂ-ਕਵੀਆਂ ਦੇ ਸਾਹਿਤ ਨੇ ਅਣਗਿਣਤ ਨਿਰਾਸ਼ ਅਤੇ ਨਿਰ-ਉਤਸ਼ਾਹੀ ਪ੍ਰਾਣੀਆਂ ਵਿਚ ਹੌਸਲਾ ਜੀਵਨ ਦਾ ਸੰਚਾਰ ਕੀਤਾ। ਸੰਸਾਰ ਵਿਚ ਹੁਣ ਤਕ ਹੋਈ ਸੰਪੂਰਨ ਪਰਿਵਰਤਨ (ਇਨਕਲਾਬ) ਜਾਂ ਰਾਜ ਪਲਟਿਆਂ ਦੇ ਪਿਛੋਕੜ ਵਿਚ ਕੋਈ ਨਾ ਕੋਈ ਵਿਚਾਰਧਾਰਾ ਕੰਮ ਕਰਦੀ ਆਈ ਹੈ। ਇਸ ਵਿਚਾਰਧਾਰਾ ਦਾ ਨਿਰਮਾਣ ਸਾਹਿਤ ਦੁਆਰਾ ਹੁੰਦਾ ਹੈ। ਸਾਹਿਤ ਗਿਆਨ ਨੂੰ ਵਿਸਤ੍ਰਿਤ ਕਰਕੇ ਸਾਡੇ ਵਰਤਮਾਨ ਜੀਵਨ ਦੀਆਂ ਵਿਖਮਤਾਵਾਂ ਦਾ ਚਿਤਰਣ ਕਰਕੇ, ਸਾਨੂੰ ਵਰਤਮਾਨ ਪ੍ਰਤੀ ਅਸੰਤੁਸ਼ਟ ਬਣਾਉਂਦਾ ਹੈ। ਸਾਹਿਤ ਦੁਆਰਾ ਜਦੋਂ ਅਸੀ ਦੂਜਿਆਂ ਨਾਲ ਆਪਣੀ ਅਵਸਥਾ ਦੀ ਤੁਲਨਾ ਕਰਕੇ ਆਪਣੇ ਆਪ ਨੂੰ ਬੇਵਸ ਅਨੁਭਵ ਕਰਦੇ ਹਾਂ ਤਾਂ ਸਾਡੇ ਹਿਰਦੇ ਵਿਚ ਅਸੰਤੋਖ ਦੀ ਅਗਨੀ ਭੜਕ ਉਠਦੀ ਹੈ। ਫਰਾਂਸ ਦੀ ਪ੍ਰਸਿੱਧ ਕ੍ਰਾਂਤੀ ਪਿੱਛੇ ਰੂਸੋ ਅਤੇ ਵਾਲਟੇਅਰ ਦੇ ਕ੍ਰਾਂਤੀਕਾਰੀ ਵਿਚਾਰ ਕੰਮ ਕਰ ਰਹੇ ਸਨ। ਰੂਸ ਦੀ ਕ੍ਰਾਂਤੀ ਉਥੋਂ ਦੇ ਸਾਮਵਾਦੀ ਵਿਚਾਰਾਂ ਦਾ ਹੀ ਪਰਿਣਾਮ ਸੀ। ਮੁਗਲਕਾਲੀਨ ਪੰਜਾਬ ਵਿਚ ਕਿਰਤੀ ਕਿਸਾਨਾਂ ਨੇ ਸਿਖ ਪੰਥ ਦੇ ਸੰਗਠਨ ਵਿਚ ਮੁਗਲ-ਸ਼ਾਹੀ ਵਿਰੁੱਧ ਜਿਹੜਾ ਅੰਦੋਲਨ ਚਲਾਇਆ ਉਸ ਪਿਛੇ ਗੁਰੂ ਗ੍ਰੰਥਸਾਹਿਬ ਦੁਆਰਾ ਪ੍ਰਤਿਪਾਦਿਤ ਵਿਚਾਰਧਾਰਾ ਕੰਮ ਕਰ ਰਹੀ ਸੀ। ਭਾਰਤੀ ਸੁਤੰਤਰਤਾ ਸੰਗਰਾਮ ਵਿਚ ਸੁਤੰਤਰ ਦੇਸ਼ਾਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਾਹਿਤ ਨੇ ਬਹੁਤ ਵੱਡਾ ਹਿੱਸਾ ਪਾਇਆ।

ਸਾਹਿਤ ਅਤੇ ਸਮਾਜ ਵਿਚ ਗੂੜ੍ਹਾ ਸੰਬੰਧ ਸਥਾਪਿਤ ਹੋਣ ਤੇ ਵੀ ਥੋੜਾ ਜਿਹਾ ਅੰਤਰ ਰਹਿ ਜਾਂਦਾ ਹੈ। ਜੀਵਨ ਇਕ ਨਿਰੰਤਰ ਪ੍ਰਵਾਹ ਹੈ, ਸਾਹਿਤ ਵਿਚ ਉਸ ਦੀਆਂ ਪ੍ਰਾਣਦਾਇਕ ਅਤੇ ਰਮਣੀਕ ਬੂੰਦਾਂ ਨਿਯਮਤ-ਅਨਿਯਮਤ ਅਤੇ ਗਿਆਤ-ਅਗਿਆਤ ਘਟਨਾਵਾਂ ਦੇ ਮਿਸ਼ਰਣ ਦਾ ਸੰਯੁਕਤ ਰੂਪ ਹਨ। ਇਹ ਠੀਕ ਹੈ ਕਿ ਤੱਤਕਾਲੀਨ ਸਮਾਜ ਸਾਹਿਤ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ, ਪਰੰਤੂ ਸਾਹਿਤਕਾਰ ਦਾ ਸੰਬੰਧ ਕੇਵਲ ਵਰਤਮਾਨ ਨਾਲ ਹੀ ਨਹੀਂ, ਸਗੋਂ ਅਤੀਤ ਅਤੇ ਭਵਿਖਤ ਨਾਲ ਵੀ ਹੁੰਦਾ ਹੈ। ਮਹਾਨ ਸਾਹਿਤਕਾਰ ਤਾਂ ਦੇਸ਼ ਅਤੇ ਕਾਲ ਦੀ ਸੀਮਾ ਤੋਂ ਉਪਰ ਉਠ ਕੇ ਵਿਸ਼ਵ-ਵਿਆਪੀ ਸਮਾਜ ਦੀ ਪ੍ਰਤਿਨਿਧਤਾ ਕਰਦੇ ਹਨ। ਉਨ੍ਹਾਂ ਲਈ ਤਤਕਾਲੀਨ ਅਤੇ ਸਥਾਨਕ ਜੀਵਨ ਦਾ ਓਨਾ ਹੀ ਮਹੱਤਵ ਹੈ, ਜਿੰਨਾ ਉਹ ਉਨ੍ਹਾਂ ਦੇ ਵਿਰਾਟ ਸਰਬਕਾਲੀਨ ਯਥਾਰਥ ਜੀਵਨ ਦੀ ਕਲਪਨਾ ਵਿਚ ਸਹਾਇਕ ਬਣ ਸਕਦਾ ਹੈ। ਇਸ ਤੋਂ ਇਲਾਵਾ ਸਾਹਿਤ ਵਿਚ ਕੁਝ ਵਿਸ਼ੇਸ਼ ਵਰਣਨ ਵੀ ਹੁੰਦਾ ਹੈ, ਜੋ ਯਥਾਰਥ ਜੀਵਨ ਨਾਲ ਮੇਲ ਨਹੀਂ ਖਾਂਦਾ। ਇਸ

ਦਾ ਕਾਰਣ ਇਹ ਹੈ ਕਿ ਸਾਹਿਤਕਾਰ ਸਮਾਜ ਦੇ ਨਾਲ ਚਲਦਾ ਹੋਇਆ ਵੀ ਸਮਾਜ ਤੋਂ ਅਗੇਰੇ ਹੁੰਦਾ ਹੈ। ਉਸ ਦਾ ਕਾਲਪਨਿਕ ਜੀਵਨ ਵੀ ਯਥਾਰਥਕ ਜੀਵਨ ਨਾਲੋਂ ਕੁਛ ਨਾ ਕੁਛ ਵਖਰਾ ਹੁੰਦਾ ਹੈ। ਸਾਹਿਤਕਾਰ ਸਮਾਜਕ ਜੀਵਨ ਨੂੰ ਆਪਣੇ ਕਾਲਪਨਿਕ ਜੀਵਨ ਅਨੁਸਾਰ ਬਣਿਆ ਵੇਖਣ ਦਾ ਇੱਛਕ ਹੁੰਦਾ ਹੈ, ਇਸੇ ਲਈ ਉਹ ਆਪਣੇ ਪਾਠਕਾਂ ਨੂੰ ਉਥੇ ਤਕ ਜਾਣ ਲਈ ਪ੍ਰੇਰਿਤ ਕਰਦਾ ਹੈ। ਇਥੇ ਆ ਕੇ ਸਾਹਿਤ ਦਾ ਕਰਤੱਵ ਸਮਾਜਕ ਜੀਵਨ ਦਾ ਮਾਰਗ-ਦਰਸ਼ਨ ਕਰਨਾ ਬਣ ਜਾਂਦਾ ਹੈ।

(ਅ) <u>ਪੰਜਾਬੀ ਸਾਹਿਤ ਅਤੇ ਸਮਾਜ ਦਾ ਸੰਬੰਧ:</u>

ਸਾਹਿਤ ਅਤੇ ਸਮਾਜ ਦਾ ਸੰਬੰਧ ਅਤੇ ਇਸ ਦੇ ਪਰਸਪਰ ਆਦਾਨ-ਪ੍ਰਦਾਨ ਬਾਰੇ ਵਿਚਾਰ ਕਰਨ ਉਪਰੰਤ ਹੁਣ ਅਸੀਂ ਪੰਜਾਬੀ ਸਾਹਿਤ ਅਤੇ ਸਮਾਜ ਦੇ ਸੰਬੰਧਾਂ ਬਾਰੇ ਸੰਖੇਪ ਵਰਣਨ ਕਰਾਂਗੇ। ਇਹ ਵਿਚਾਰ ਪੰਜਾਬੀ ਸਾਹਿਤ ਦੇ ਆਦਿ - ਕਾਲ (ਨਾਥ ਜੋਗੀਆਂ ਦਾ ਸਾਹਿਤ) ਤੋਂ ਲੈ ਕੇ 1675 ਈ: (ਸਾਡੇ ਖੋਜ ਪ੍ਰਬੰਧ ਦੇ ਨਿਰਧਾਰਿਤ ਕਾਲ ਤਕ) ਤਕ ਸੀਮਤ ਹੋਵੇਗੀ।

ਪੰਜਾਬੀ ਸਾਹਿਤ ਦਾ ਸਮਾਜ ਨਾਲ ਬਹੁਤ ਗੂੜ੍ਹਾ ਸੰਬੰਧ ਹੈ। ਇਹ ਪੰਜਾਬੀ ਜੀਵਨ ਦੀਆਂ ਸਮਾਜਕ ਪਰਿਸਥਿਤੀਆਂ ਦੀ ਉਪਜ ਹੈ। ਪੰਜਾਬੀ ਸਾਹਿਤ ਦੇ ਪ੍ਰਾਰੰਭਕ ਕਾਲ ਦੇ ਉਪਲੱਬਧ ਸਾਹਿਤ (ਨਾਥ ਸਾਹਿਤ) ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਪਿੱਛੇ ਪੰਜਾਬੀ ਜੀਵਨਧਾਰਾ ਦਾ ਪ੍ਰਵਾਹ ਚਲ ਰਿਹਾ ਹੈ। ਇਸ ਪ੍ਰਵਾਹ-ਧਾਰਾ ਵਿਚੋਂ ਪੰਜਾਬੀ ਸਾਹਿਤ ਦੀ ਸਿਰਜਣਾ ਹੁੰਦੀ ਰਹੀ ਅਤੇ ਬਦਲੇ ਵਿਚ ਪੰਜਾਬੀ ਸਾਹਿਤ ਇਸ ਨੂੰ ਕੁਛ ਦਿੰਦਾ ਵੀ ਰਿਹਾ। ਆਦਿ ਗ੍ਰੰਥ ਦੇ ਗੁਰੂ-ਕਾਵਿ ਅਤੇ ਪੰਜਾਬੀ ਕਿੱਸਾ ਕਾਵਿ ਵਿਚ ਜੋਗ ਮਤ ਦਾ ਕਾਫ਼ੀ ਵਰਣਨ ਮਿਲਦਾ ਹੈ।[52] ਉਸ ਸਮੇਂ ਪੰਜਾਬ ਦੀ ਧਾਰਮਿਕ ਤੇ ਸਮਾਜਕ ਅਗਵਾਈ ਨਾਥ ਜੋਗੀਆਂ ਨੇ ਕੀਤੀ। ਜੋਗ ਮਤ ਆਪਣੇ ਸਮੇਂ ਸਾਮੰਤੀ ਵਿਚ ਆ ਚੁਕੀਆਂ ਕੁਰੀਤੀਆਂ ਵਿਰੁਧ ਇਕ ਤਕੜੀ ਆਵਾਜ਼ ਸੀ।[53]

---

52. ਉਦਾਹਰਣ ਵਜੋਂ:-
(ੳ) ਰਾਮਕਲੀ ਮ: 1, ਸਿਧ ਗੋਸਟਿ, ਸ਼ਬਦਾਰਥ ਪੰ: 938-46.
(ਅ) ਹੀਰ ਵਾਰਸ ਸ਼ਾਹ (ਰਾਂਝੇ ਦਾ ਟਿਲੇ ਦੇ ਬਾਲਨਾਥ ਜੋਗੀ ਪਾਸੋਂ ਜੋਗ ਮਤ ਅਖਤਿਆਰ ਕਰਨਾ)।

53. (ੳ) ਸਾਂਗ ਕਾ ਪੂਰਾ, ਗਿਆਨ ਕਾ ਊਰਾ। ਪੇਟ ਦਾ ਤੂਟਾ, ਗਿਆਨ ਕਾ ਸੂਰਾ।
ਬਦੰਤ ਗੋਰਖ ਨਾਥ ਨ ਪਾਇਆ ਜੋਗ। ਕਰ ਪਾਖੰਡ ਰਿਝਾਇਆ ਲੋਗ।
(ਗੋਰਖ ਬਾਣੀ, ਪੰ: 64, ਪੀਤੰਬਰ ਦਾਸ ਬੜਥਵਾਲ)।
(ਅ) ਕਾਜੀ ਮੁਲਾਂ ਕੁਰਾਣ ਲਗਾਇਆ, ਬ੍ਰਹਮ ਲਗਾਇਆ ਬੇਦੰ।
ਕਾਪੜੀ ਸੰਨਿਆਸੀ ਤੀਰਥ ਭ੍ਰਮਾਇਆ, ਨਾ ਪਾਇਆ ਨਿਰਬਾਣ ਪਦ ਦਾ ਭੇਦੰ। (ਉਹੀ, ਪੰ: 53
(ੲ) ਜੋਗੀਆਂ ਦੀ ਕਾਮ-ਬ੍ਰਿਤੀ ਬਾਰੇ 'ਚਰਪਟ' ਦੇ ਸ਼ਬਦ:
ਸਿਖ ਕੀ ਘਰਿਨੀ ਲਾਗੇ ਪਾਇ।
ਉਸ ਕਾ ਰੂਪ ਦੇਖਿ, ਉਸ ਕਾ ਕਾਮ ਵਧ ਜਾਇ।
ਸਿਖ ਕੇ ਪੁਤਰ ਦਾ ਮੁਖ ਲੈ ਚਲੈ।
ਜੈਸੇ ਕੁਤਾ ਹਾਂਡ ਕਉ ਬਿਰੋਲੈ।
(ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰ: 58, ਡਾ: ਜੀਤ ਸਿੰਘ ਸੀਤਲ)।
(ਸ) ਅੰਦਰ ਗੰਦਾ, ਬਾਹਰ ਗੰਦਾ। ਤੂੰ ਕਿਉਂ ਮੁੰਨਿਆ ਚਰਪਟ ਅੰਧਾ। (ਉਹੀ, ਪੰ: 57)

ਉਹ ਗ੍ਰਿਹਸਥ ਮਾਰਗ ਦੇ ਵਿਰੁਧ ਸਨ, ਇਸ ਲਈ ਉਨ੍ਹਾਂ ਦੀ ਸਿਖਿਆ ਸੰਸਾਰ ਤੋਂ ਉਪਰਾਮਤਾ ਸਿਖਾਂਦੀ ਹੈ। ਉਹ ਜਾਤ ਪਾਤ ਵਿਚ ਵਿਸ਼ਵਾਸ ਨਹੀਂ ਸਨ ਰਖਦੇ। ਉਨ੍ਹਾਂ ਮਨੁਖ ਜਾਤੀ ਦੇ ਏਕੇ ਦਾ ਪ੍ਰਚਾਰ ਕੀਤਾ। ਸਮਾਂ ਪਾ ਕੇ ਉਨ੍ਹਾਂ ਵਿਚ ਗਿਰਾਵਟ ਆ ਗਈ। ਸਦਾਚਾਰ ਦੀ ਸਿਖਿਆ ਦੇਣ ਦੀ ਬਜਾਏ ਲੋਕਾਂ ਨੂੰ ਜੰਤਰਾਂ, ਮੰਤਰਾਂ ਵਿਚ ਪਾ ਕੇ ਕੁਰਾਹੇ ਪਾਉਣ ਲਗ ਪਏ। ਨਾਥ ਜੋਗੀਆਂ ਦੇ ਸਾਹਿਤ ਵਿਚ ਤਤਕਾਲੀਨ ਸਮਾਜ ਦੇ ਦਰਸ਼ਨ ਹੁੰਦੇ ਹਨ।[54] ਉਨ੍ਹਾਂ ਇਸਤਰੀ ਨੂੰ ਮਨੁੱਖ ਤੋਂ ਨੀਵੀਂ ਆਖਿਆ।[55]

ਇਸ ਕਾਲ ਦੀ ਦੂਜੀ ਵਿਚਾਰਧਾਰਾ ਸੂਫੀ-ਕਾਵਿ-ਸਾਹਿਤ ਦੀ ਹੈ। ਪ੍ਰਸਿੱਧ ਪੰਜਾਬੀ ਸੂਫੀ ਸ਼ੇਖ ਫਰੀਦ ਸ਼ਕਰਗੰਜ (1173-1265 ਈ:) ਆਪਣੇ ਸਮੇਂ ਦਾ ਪ੍ਰਤਿਨਿਧ ਕਵੀ ਹੈ। ਉਸ ਦੀ ਕਾਵਿ-ਰਚਨਾ ਦਾ ਪੰਜਾਬੀ ਜੀਵਨ ਤੇ ਬਹੁਤ ਪ੍ਰਭਾਵ ਹੈ। ਡਾ: ਮੋਹਨ ਅਨੁਸਾਰ ਸ਼ੇਖ ਫਰੀਦ ਭਾਰਤੀ ਲੋਕ ਭਾਸ਼ਾਵਾਂ ਦੇ ਪਹਿਲੇ ਸੂਫੀ ਕਵੀ ਹੋਏ ਹਨ, ਜਿਹੜੇ ਆਪਣੇ ਪਿੱਛੇ ਇਕ ਅਜਿਹੀ ਅਧਿਆਤਮਕ ਪਰੰਪਰਾ ਤੇ ਆਦਰਸ਼ਕ ਜੀਵਨ ਦੀ ਮਿਸਾਲ ਛਡ ਗਏ, ਜਿਹੜੀ ਅਜ ਤਕ ਜਨ-ਸਮੂਹ ਨੂੰ ਸੱਚੀ ਸੁੱਚੀ ਕਿਰਤ ਕਮਾਈ ਤੇ ਬੰਦਗੀ ਦੀ ਅਜ਼ਮਤ ਤੇ ਸ਼ਾਨ ਦਸਦੀ ਆ ਰਹੀ ਹੈ।[56] ਫਰੀਦ-ਕਾਵਿ ਦੀਆਂ ਕਈ ਤੁਕਾਂ ਤਾਂ ਮੁਹਾਵਰੇ ਬਣ ਕੇ ਹੀ ਲੋਕਾਂ ਦੇ ਮੂੰਹ ਚੜ੍ਹੀਆਂ ਹੋਈਆਂ ਹਨ।[57] ਪ੍ਰੋ: ਮੋਹਨ ਸਿੰਘ ਅਨੁਸਾਰ ਫਰੀਦ (ਆਪਣੇ ਤਿਆਗ ਤੇ ਵੈਰਾਗ ਦੇ ਬਾਵਜੂਦ) ਸਮਾਜ ਦੇ ਸੰਗਠਤ ਰੂਪ ਦਾ ਸਮਰਥਕ ਹੈ। ਇਹ ਗੱਲ ਉਸ ਦੇ ਸਦਾਚਾਰ-ਪ੍ਰਬੰਧ ਤੋਂ ਹੀ ਸਿੱਧ ਹੈ। ਸੱਚ-ਮਿਤ੍ਰਤਾ, ਖਿਮਾ, ਪ੍ਰਾਹੁਣਾ ਚਾਰੀ, ਮਿਠ ਬੋਲਣ, ਦੁਖ-ਸੁਖ ਦੀ ਸੰਭਾਵਨਾ ਤੇ ਸੰਤੋਖਵਾਦ ਦਾ ਗ੍ਰਹਿਣ ਅਤੇ ਕ੍ਰੋਧ, ਸਵੈ-ਅਭਿਮਾਨ ਲਾਲਚ ਤੇ ਕੁਕਰਮਾਂ ਦੇ ਤਿਆਗ ਨਾਲ ਫਰੀਦ ਇਕ ਸਦਾਚਾਰਕ ਵਿਅਕਤੀ ਦੀ ਕਲਪਣਾ ਕਰਦਾ ਹੈ, ਜਿਹੜਾ ਇਕ ਆਦਰਸ਼ ਸਮਾਜ ਨੂੰ ਜਨਮ ਦੇਵੇਗਾ, ਜਿਸ ਦੇ ਅੰਦਰ ਵਿਚਰਨ ਦੇ ਬਾਵਜੂਦ ਉਹ ਉਸ ਵਿਚ ਖਚਿਤ ਨਹੀਂ ਹੋਵੇਗਾ। ਦੂਜੇ ਸਾਰੇ ਸੂਫੀਆਂ ਵਾਂਗ, ਫਰੀਦ ਦਾ ਸਮਾਜ ਵਿਅਕਤੀ ਕੇਂਦ੍ਰਿਤ ਹੈ; ਵਿਅਕਤੀ ਹੀ ਉਸਾਰੀ ਦੀ ਨੀਂਹ ਵੀ ਹੈ ਤੇ ਜ਼ਮਾਨਤ ਵੀ। ਸ਼ੇਖ ਫਰੀਦ ਦੀ ਰਚਨਾ ਤੇ ਵਿਅਕਤਿਤਵ ਦੇ ਪ੍ਰਭਾਵ ਨਾਲ ਬਹੁਤ ਸਾਰੇ ਹਿੰਦੂ ਆਪਣੇ ਆਪ ਹੀ ਮੁਸਲਮਾਨ ਬਣ ਗਏ। ਮੁਸਲਿਮ-ਸ਼ਾਸਕਾਂ ਦੀ ਤਲਵਾਰ

---

54. ਵਿਸਥਾਰ ਲਈ ਵੇਖੋ: ਪਹਿਲਾ ਅਧਿਆਇ ------- ਨਾਥ ਸਾਹਿਤ।

55. ਦਾਸਿ ਕਾਜਿ ਬਾਘਨਿ ਲੈ ਆਇਆ। ਸਾਸੂ ਕਹੈ ਮੇਰਾ ਪੂਤ ਬਿਆਹਿਆ।
ਗੀਲੀ ਲਕੜੀ ਕਚੂ ਘੁਨ ਖਾਇਆ। ਤਿਨ ਤਾਲ ਮੂਲ ਗਹਿ ਖਾਇਆ।
(ਗੋਰਖ ਬਾਣੀ, ਪੰ: 3, ਪੀਤੰਬਰ ਦਾਸ ਬੜਥਵਾਲ)।

56. ਉਹੀ, ਪੰ: 72.

57. (ੳ) ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖ।
ਆਪਨੜੇ ਗਿਰੀਵਾਨ ਮਹਿ, ਸਿਰੁ ਨੀਵਾਂ ਕਰਿ ਵੇਖੁ।6। (ਸਲੋਕ ਸ਼ੇਖ ਫਰੀਦ ਕੇ, ਗ੍ਰੰਥ:, ਪੰ: 1378)
(ਅ) ਨਿਵਣੁ ਸੁਅਖਰੁ ਖਵਣੁ ਗੁਣੁ, ਜਿਹਬਾ ਮਣੀਆ ਮੰਤੁ।
ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ। 127। (ਉਹੀ, ਪੰ: 1384)
(ੲ) ਇਕ ਫਿਕਾ ਨ ਗਾਲਾਇ, ਸਭਨਾ ਮੈ ਸਚਾ ਧਣੀ। 129। (ਉਹੀ, ਪੰ: 1384)
(ਸ) ਜੋਬਨ ਜਾਂਦੇ ਨ ਡਰਾਂ, ਜੇ ਸਹੁ ਪ੍ਰੀਤਿ ਨ ਜਾਇ।34। (ਉਹੀ, ਪੰ: 1379)

(ਚਲਦਾ ਅਗਲੇ ਪੰਨੇ ਤੇ)

ਨਾਲੋਂ ਫਰੀਦ ਰਚਿਤ-ਸਾਹਿਤ ਨੇ ਭਾਰਤੀ ਜਨਤਾ, ਵਿਸ਼ੇਸ਼ ਤੌਰ ਤੇ ਪੰਜਾਬੀ ਲੋਕਾਂ ਤੇ ਵਧੇਰੇ ਪ੍ਰਭਾਵ ਪਾਇਆ। ਇਸੇ ਲਈ ਕਿਹਾ ਜਾਂਦਾ ਹੈ ਕਿ ਕਲਮ ਤਲਵਾਰ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੁੰਦੀ ਹੈ।

ਇਸੇ ਪ੍ਰਕਾਰ ਨਾਨਕ ਕਾਲ ਵਿਚ ਸੂਫ਼ੀ ਕਾਵਿ ਦਾ ਵਿਕਾਸ ਹੋਇਆ। ਸ਼ਾਹ ਹੁਸੈਨ, ਸੁਲਤਾਨ ਬਾਹੂ ਤੇ ਸ਼ਾਹ ਸ਼ਰਫ਼ ਆਦਿ ਸੂਫ਼ੀਆਂ ਨੇ ਜਨ-ਜੀਵਨ ਦੇ ਵਧੇਰੇ ਨੇੜੇ ਹੋ ਕੇ ਰਚਨਾ ਕੀਤੀ।[59]

ਪੂਰਵ ਨਾਨਕ-ਕਾਲ ਦਾ ਅਧਿਕਤਰ ਸਾਹਿਤ ਆਦਰਸ਼ਵਾਦੀ ਹੈ। ਮਹਾਤਮਾ ਬੁੱਧ ਤੋਂ ਬਾਦ ਬੋਧੀਆਂ ਨੇ ਬੁੱਤ-ਪੂਜਾ ਵੀ ਸ਼ੁਰੂ ਕਰ ਦਿੱਤੀ ਸੀ। ਗੁਪਤਕਾਲ ਵਿਚ ਬ੍ਰਾਹਮਣਵਾਦ ਦੇ ਦੋਬਾਰਾ ਸ਼ੁਰੂ ਹੋ ਜਾਣ ਕਾਰਨ ਹਿੰਦੂ-ਅਵਤਾਰਾਂ ਦੀ ਪੂਜਾ ਹੋਣ ਲੱਗੀ। ਫਲ ਸਰੂਪ ਰਾਮ-ਕਾਵਿ ਤੇ ਕ੍ਰਿਸ਼ਨ-ਕਾਵਿ ਦੀ ਉਤਪਤੀ ਹੋਈ। ਉਪਰੰਤ ਇਸਲਾਮੀ ਰਾਜ ਦੀ ਸਥਾਪਨਾ ਹੋਣ ਨਾਲ ਪੰਜਾਬ ਨੇ ਮੁਸਲਮਾਨਾਂ ਦੇ ਸਭਿਆਚਾਰਕ, ਧਾਰਮਿਕ ਤੇ ਸਾਹਿਤਕ ਪ੍ਰਭਾਵ ਨੂੰ ਕਬੂਲ ਕੀਤਾ। ਇਸ ਸਮੇਂ ਸਮਾਜਕ ਅਧੋਗਤੀ ਸਿਖਰ ਤੇ ਸੀ। ਜਨਮ ਦੇ ਆਧਾਰ ਤੇ ਵਰਣ ਵੰਡ ਪੱਕੀ ਹੋ ਚੁੱਕੀ ਸੀ। ਸ਼ਾਸਕ ਪਰਜਾ ਪ੍ਰਤੀ ਕਰਤੱਵਾਂ ਨੂੰ ਭੁਲਾ ਬੈਠੇ ਸਨ। ਭਾਰਤੀ ਜਨਤਾ ਸ਼ਾਸਕ ਵਰਗ ਦੀ ਦਬੈਲ ਬਣੀ ਹੋਈ ਸੀ। ਫਲਸਰੂਪ ਪੰਜਾਬ ਦੀ ਪਰਾਧੀਨ ਆਤਮਾ ਪੰਜਾਬੀ ਸਾਹਿਤ ਵਿਚ ਨਜ਼ਰ ਆਉਣ ਲੱਗ ਪਈ। ਸਾਹਿਤ ਨੇ ਆਪਣੇ ਆਪ ਨੂੰ ਤਤਕਾਲੀਨ ਪਰਿਸਥਿਤੀਆਂ ਅਨੁਸਾਰ ਢਾਲਿਆ ਤੇ ਫਲਸਰੂਪ ਭਗਤੀ ਅੰਦੋਲਨ ਦਾ ਉਦੈ ਹੋਇਆ। ਇਸ ਨੇ ਜਨਸਾਧਾਰਣ ਨੂੰ ਸਮਾਜ ਦੀਆਂ ਲੋੜਾਂ ਅਨੁਸਾਰ ਨਵੀਂ ਚੇਤਨਾ ਤੇ ਭਗਤੀ ਭਾਵਨਾ ਦਿੱਤੀ। ਭਗਤ ਰਾਮਾਨੰਦ, ਕਬੀਰ, ਨਾਮਦੇਵ, ਰਵਿਦਾਸ, ਮੀਰਾਂ ਬਾਈ ਆਦਿ ਇਸ ਭਗਤੀ-ਅੰਦੋਲਨ ਦੇ ਪ੍ਰਸਿੱਧ ਮਹਾਂ-ਪੁਰਸ਼ ਅਤੇ ਭਗਤੀ-ਸਾਹਿਤ ਦੇ ਰਚਨਹਾਰੇ ਸਨ। ਇਸ ਕਾਲ ਵਿਚ ਜਾਬਰ ਸ਼ਾਸਕਾਂ ਦਾ ਮੁਕਾਬਲਾ ਕਰਨਾ ਕਠਿਨ ਸੀ, ਇਸੇ ਲਈ ਭਗਤ-ਕਵੀਆਂ ਨੇ ਲੋਕਾਂ ਨੂੰ ਅਧਿਆਤਮਕ ਸੇਧ ਦੇ ਕੇ ਆਤਮਕ ਸਹਾਰਾ ਦਿੱਤਾ। ਸਮਾਜਕ ਖੇਤਰ ਵਿਚ ਭਗਤੀ ਸਾਹਿਤ ਨੇ ਕ੍ਰਾਂਤੀਕਾਰੀ ਯੋਗਦਾਨ ਦਿੱਤਾ। ਦਬੇ ਹੋਏ ਲੋਕਾਂ ਨੂੰ ਅਧਿਆਤਮਕ ਸੇਧ ਦੇਣ ਦੇ ਨਾਲ ਧਾਰਮਿਕ, ਸਮਾਜਕ ਅਤੇ ਰਾਜਨੀਤਕ ਕੁਰੀਤੀਆਂ ਦਾ ਖੰਡਨ ਕੀਤਾ, ਨਿਵਿਰਤੀ ਮਾਰਗ ਦਾ ਵਿਰੋਧ ਕੀਤਾ, ਸਮਾਜਕ ਜੀਵਨ ਲਈ ਲੋਕਾਂ ਵਿਚ ਉਤਸ਼ਾਹ ਪੈਦਾ ਕੀਤਾ। ਉਨ੍ਹਾਂ ਨੇ ਸਮਾਜ ਵਿਚ ਪ੍ਰਚੱਲਤ ਗਲਤ ਕੀਮਤਾਂ ਵਿਰੁਧ ਨਿਰਸੰਕੋਚ ਵਿਚਾਰ ਪ੍ਰਗਟਾਏ।[60]

(ਹ) ਫਰੀਦਾ ਜੰਗਲੁ ਜੰਗਲੁ ਕਿਆ ਭਵਹਿ, ਵਣਿ ਕੰਡਾ ਮੋੜੇਹਿ।
ਵਸੀ ਰਬੁ ਹਿਆਲੀਐ, ਜੰਗਲੁ ਕਿਆ ਢੂਢੇਹਿ।19। (ਉਹੀ, ਪੰ: 1378)
(ਕ) ਰੁਖੀ ਸੁਖੀ ਖਾਇਕੈ, ਠੰਡਾ ਪਾਣੀ ਪੀਉ।29। (ਉਹੀ, ਪੰ: 1379)

58. ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 386, ਭਾਸ਼ਾ ਵਿਭਾਗ।

59. ਵਿਸਥਾਰ ਲਈ ਵੇਖੋ:
(ੳ) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 571, ਭਾਸ਼ਾ ਵਿਭਾਗ।
(ਅ) ਪੰਜਾਬੀ ਸਾਹਿਤ ਦਾ ਇਤਿਹਾਸ, ਪੰ: 282, ਡਾ: ਸੁਰਿੰਦਰ ਸਿੰਘ ਕੋਹਲੀ।

60.(ੳ) ਹਿੰਦੂ ਅੰਨ੍ਹਾ ਤੁਰਕੂ ਕਾਣਾ। ਦੁਹਾਂ ਤੇ ਗਿਆਨੀ ਸਿਆਣਾ।
ਹਿੰਦੂ ਪੂਜੈ ਦੇਹੁਰਾ, ਮੁਸਲਮਾਣੁ ਮਸੀਤਿ।
ਨਾਮੇ ਸੋਈ ਸੇਵਿਆ, ਜਹ ਦੇਹੁਰਾ ਨ ਮਸੀਤਿ।(ਰਾਗ ਗੋਂਡ ਨਾਮਦੇਵ, ਸਬਦ:, ਪੰ: 875)

(ਚਲਦਾ ਅਗਲੇ ਪੰਨੇ ਤੇ)

ਤਤਕਾਲੀਨ ਪੰਜਾਬ ਦਾ ਇਤਿਹਾਸ ਵਿਦੇਸ਼ੀ ਹਮਲਾਵਰਾਂ ਨਾਲ ਹੋਈਆਂ ਲੜਾਈਆਂ ਅਤੇ ਇਥੋਂ ਦੇ ਦੇਸੀ ਰਾਜਿਆਂ ਦੇ ਆਪਸੀ ਯੁੱਧਾਂ ਦੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ।[61] ਫਲਸਰੂਪ ਵਾਰ ਸਾਹਿਤ ਦੀ ਸਿਰਜਣਾ ਹੋਈ। ਇਤਿਹਾਸਿਕ ਕਾਲ ਵਿਚ ਨੌ ਲੋਕ ਵਾਰਾਂ ਦੀ ਰਚਨਾ ਹੋਈ, ਜਿਨ੍ਹਾਂ ਵਿਚ ਛੇ ਵਾਰਾਂ ਪੂਰਵ ਨਾਨਕ ਕਾਲ ਨਾਲ ਅਤੇ ਤਿੰਨ ਵਾਰਾਂ ਨਾਨਕ ਕਾਲ ਨਾਲ ਸੰਬੰਧਿਤ ਹਨ। ਇਨ੍ਹਾਂ ਵਾਰਾਂ ਦੀਆਂ ਧੁਨੀਆਂ ਤੇ ਆਦਿ ਗ੍ਰੰਥ ਵਿਚ ਸੰਕਲਿਤ ਬਾਣੀ ਵਾਰਾਂ ਵਿਚੋਂ ਨੌ ਵਾਰਾਂ ਦੀਆਂ ਪਉੜੀਆਂ ਨੂੰ ਗਾਇਣ ਕਰਨ ਦੀ ਆਗਿਆ ਕੀਤੀ ਗਈ ਹੈ। ਇਹ ਵਾਰਾਂ ਸਾਡੇ ਸਮਾਜਕ ਤੇ ਸਾਹਿਤਕ ਜੀਵਨ ਦਾ ਬਹੁਮੁੱਲਾ ਵਿਰਸਾ ਹਨ।[62]

ਪੂਰਵ ਨਾਨਕ ਕਾਲ ਵਿਚ ਉਪਲਬਧ ਲੋਕ-ਸਾਹਿਤ ਪ੍ਰਤੀ ਜੀਵਨ ਦੀ ਤਸਵੀਰ ਸਾਫ ਵੇਖੀ ਜਾ ਸਕਦੀ ਹੈ। ਡਾ: ਮਹਿੰਦਰ ਸਿੰਘ ਬੇਦੀ ਅਨੁਸਾਰ ਲੋਕ ਸਾਹਿਤ ਵਿਚ ਸਮੁੱਚੀ ਜਾਤੀ ਦੇ ਸੰਸਕਾਰ, ਮਨੋਵੇਗ, ਭਾਵਨਾਵਾਂ, ਜੀਵਨ ਢੰਗ, ਵਿਚਾਰ ਤੇ ਦ੍ਰਿਸ਼ਟੀਆਂ ਇੱਕਤਰ ਤੇ ਸਮੂਹਿਕ ਰੂਪ ਵਿਚ ਬਦਲ ਕੇ ਰੂਪਮਾਨ ਹੁੰਦੀਆਂ ਹਨ। ਲੋਕ ਸਾਹਿਤ ਉਹ ਸ਼ੀਸ਼ਾ ਹੈ ਜਿਸ ਦੇ ਮੂੰਹ ਵਿਚ ਝਾਤੀ ਪਾ ਕੇ ਕੋਈ ਸਮਾਜ ਆਪਣੇ ਮੂੰਹ ਦੇ ਦ੍ਰਿਸ਼ਟੀਗੋਚਰ ਨੈਣ ਨਕਸ਼ ਹੀ ਨਹੀਂ, ਅੰਤਰ ਘਟ ਦੀ ਹਰ ਅਦ੍ਰਿਸ਼ਟ ਰੇਖਾ ਨੂੰ ਵੀ ਵੇਖ ਸਕਦਾ ਹੈ।[63] ਅਮੀਰ ਖੁਸਰੋ ਦੀਆਂ ਬੁਝਾਰਤਾਂ ਤੇ ਕਹਿ ਮੁਕਰਨੀਆਂ ਬਹੁਤ ਪ੍ਰਸਿੱਧ ਹਨ। ਲੋਕ ਗੀਤਾਂ ਦੀਆਂ ਵੰਨਗੀਆਂ ਉਪਲੱਬਧ ਹਨ। ਜਿਸ ਲੋਕ ਸਾਹਿਤ ਵਿਚ ਸਮਾਜਕ ਜੀਵਨ ਦਾ ਚਿਤ੍ਰਣ ਕੀਤਾ ਗਿਆ ਹੈ।[64]

(ਅ) ਜਿਨ ਆਤਮ ਤਤੁ ਨ ਚੀਨਿਆ, ਸਭ ਫੋਕਟ ਧਰਮ ਅਬੀਨਿਆ।
ਕਹੁ ਬੇਣੀ ਗੁਰਮੁਖਿ ਧਿਆਵੈ। ਬਿਨੁ ਸਤਿਗੁਰ ਬਾਟ ਨ ਪਾਵੈ।
(ਰਾਗ ਗੋਂਡ, ਨਾਮਦੇਵ, ਸ਼ਬਦਾ:, ਪੰ: 875)

(ੲ) ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ,
ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ।
(ਪ੍ਰਭਾਤੀ ਕਬੀਰ ਜੀ, ਉਹੀ, ਪੰ: 1349-50)

(ਸ) ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ। ਤਉ ਆਨ ਬਾਟ ਕਾਹੇ ਨਹੀ ਆਇਆ।
ਤੁਮ ਕਤ ਬ੍ਰਾਹਮਣ ਹਮ ਕਤ ਸੂਦ। ਹਮ ਕਤ ਲੋਹੂ, ਤੁਮ ਕਤ ਦੂਧ।
(ਗਉੜੀ ਕਬੀਰ ਜੀ, ਉਹੀ, ਪੰ: 324)

(ਹ) ਜੀਵਤ ਪਿਤਰ ਨ ਮਾਨੈ ਕੋਊ, ਮੂਏਂ ਸਿਰਾਧ ਕਰਾਹੀ।
(ਗਉੜੀ ਕਬੀਰ ਜੀ, ਉਹੀ, ਪੰ: 332)

(ਕ) ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ।
ਗਲੀ ਜਿਨਾ ਜਪਮਾਲੀਆ, ਲੋਟੇ ਹਥਿ ਨਿਬਗ।
ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ।
(ਆਸਾ ਕਬੀਰ ਜੀ, ਉਹੀ, ਪੰ: 475-76)

(ਖ) ਬ੍ਰਹਮਨ ਬੈਸ ਸੂਦ ਅਰ ਖਤ੍ਰੀ, ਡੋਮ ਚੰਡਾਰ ਮਲੇਛ ਮਨ ਸੋਇ।
ਹੋਇ ਪੁਨੀਤ ਭਗਵੰਤ ਭਜਨ ਤੇ, ਆਪੁ ਤਾਰਿ ਤਾਰੇ ਕੁਲ ਦੋਇ।
(ਬਿਲਾਵਲ ਰਵਿਦਾਸ ਜੀ, ਉਹੀ, ਪੰ: 858)

(ਗ) ਵਿਸਥਾਰ ਲਈ ਵੇਖੋ: ਪਹਿਲਾ ਅਧਿਆਇ, (ਭਗਤੀ ਸਾਹਿਤ)।

61. ਵਿਸਥਾਰ ਲਈ ਵੇਖੋ: ਪਹਿਲਾ ਅਧਿਆਇ,—ਵਾਰ ਸਾਹਿਤ।
62. ਵਿਸਥਾਰ ਲਈ ਵੇਖੋ: ਪਹਿਲਾ ਅਧਿਆਇ,— ਵਾਰ ਸਾਹਿਤ।

ਨਾਨਕ ਕਾਲ ਵਿਚ ਸੰਪਾਦਿਤ ਕੀਤੇ ਗਏ ਆਦਿ-ਗ੍ਰੰਥ ਦੇ ਗੁਰੂ-ਕਾਵਿ ਦਾ ਸਮਾਜਕ ਪੱਖ ਇਸ ਖੋਜ-ਪ੍ਰਬੰਧ ਦਾ ਵਿਸ਼ਾ ਹੈ, ਜਿਸ ਦਾ ਵਿਸਤ੍ਰਿਤ ਵਰਣਨ ਅਗਲੇ ਤਿੰਨ ਅਧਿਆਇਆਂ ਵਿਚ ਕੀਤਾ ਗਿਆ ਹੈ। ਗੁਰ-ਕਾਵਿ ਵਿਚ ਪੰਜਾਬੀ ਜੀਵਨ ਦਾ ਸਮੁੱਚਾ ਚਿਤਰ ਪੇਸ਼ ਕੀਤਾ ਗਿਆ ਹੈ। ਜੇ ਗੁਰੂ-ਕਾਵਿ ਨੂੰ ਭਗਤੀ-ਅੰਦੋਲਨ ਦਾ ਅੰਗ ਮੰਨ ਲਿਆ ਜਾਵੇ ਤਾਂ ਇਹ ਭਗਤੀ-ਅੰਦੋਲਨ ਦਾ ਸਿਖਰ ਸੀ, ਜਿਸ ਨੇ ਸਮਾਜ ਨੂੰ ਇਸ ਪ੍ਰਕਾਰ ਅਗਵਾਈ ਦਿੱਤੀ ਕਿ ਇਹ ਕ੍ਰਾਂਤੀਕਾਰੀ ਹੋ ਨਿਬੜਿਆ। ਗੁਰੂ ਸਾਹਿਬਾਨ ਨੇ ਰਾਜਨੀਤਕ, ਸਮਾਜ, ਆਰਥਿਕ, ਸਭਿਆਚਾਰਕ ਅਤੇ ਧਾਰਮਿਕ ਅਧੋਗਤੀ ਦਾ ਯਥਾਰਥਕ ਚਿਤ੍ਰਣ ਕੀਤਾ ਹੈ। ਅਸਲ ਵਿਚ ਗੁਰੂ-ਕਾਵਿ ਤਤਕਾਲੀਨ ਸਮਾਜ ਦਾ ਸਹੀ ਪ੍ਰਤਿਬਿੰਬ ਹੈ। ਡਾਕਟਰ ਮੋਹਨ ਸਿੰਘ ਅਨੁਸਾਰ ਗੁਰੂ-ਘਰ ਨੇ ਸਮਾਜਕ ਅਧੋਗਤੀ ਦੇ ਵਾਤਾਵਰਣ ਵਿਚ, ਰਾਜਸੀ-ਪਤਨ-ਕਾਲ ਵਿਚ ਸਾਹਿਤ ਦਾ ਸੋਨ ਸੁਨਹਿਰਾ ਕਾਲ ਲਿਆਂਦਾ, ਕਿਉਂ ਜੋ ਸਾਰੇ ਗੁਰੂਆਂ ਨੇ ਉੱਚ-ਆਦਰਸ਼ ਨੂੰ ਹਮੇਸ਼ਾਂ ਸਾਹਮਣੇ ਰਖਿਆ। ਉਹ ਮਨੁੱਖੀ ਆਤਮਾਵਾਂ ਦੇ ਉਸਰਈਏ ਸਨ। ਉਹ ਨਾ ਕੇਵਲ ਯਥਾਰਥ ਦੇ ਦਰਸ਼ਕ ਸਨ ਸਗੋਂ ਅਜਿਹੇ ਘਾੜੇ ਸਨ, ਜਿਨ੍ਹਾਂ ਨੇ ਮਨੁੱਖੀ ਜੀਵਨ ਨੂੰ ਨਵਾਂ ਰੂਪ ਦਿਤਾ। ਉਨ੍ਹਾਂ ਵਿਚ ਆਪਣੀ ਰਚਨਾ ਪ੍ਰਤੀ ਵੀ ਸਤਿਕਾਰ ਸੀ ਅਤੇ ਮਨੁਖੀ ਆਤਮਾ ਲਈ ਜ਼ਿੰਮੇਵਾਰੀ ਦਾ ਅਹਿਸਾਸ ਸੀ। ਉਨ੍ਹਾਂ ਲੋਕ-ਮੰਤ੍ਰ[55] ਤੇ ਲੋਕ-ਅਧਿਆਤਮਕ ਸਰਮਾਏ ਨੂੰ ਸਾਕਾਰ ਕੀਤਾ। ਉਨ੍ਹਾਂ ਦਾ ਅਮਰ ਸਾਹਿਤ ਜੀਵਨ ਤੋਂ ਅਭੇਦ ਸੀ। ਇਸ ਗੁਰੂ ਕਾਵਿ ਸਾਹਿਤ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਾਹਿਤ ਆਪਣੀ ਸਾਮਗ੍ਰੀ ਸਮਾਜ ਵਿਚੋਂ ਲੈਂਦਾ ਹੈ ਤੇ ਉਸ ਦੇ ਬਦਲੇ ਸਮਾਜ ਨੂੰ ਸੁਯੋਗ ਅਗਵਾਈ ਪ੍ਰਦਾਨ ਕਰਦਾ ਹੈ।

ਇਸ ਕਾਲ (1675 ਈ: ਤਕ) ਦੇ ਅਧਿਆਤਮਕ ਸਾਹਿਤ ਵਿਚ ਗੁਰੂ-ਕਾਵਿ ਤੋਂ ਇਲਾਵਾ ਭਾਈ ਗੁਰਦਾਸ ਜੀ ਕਾਨ੍ਹਾ, ਛੱਜੂ, ਪੀਲੂ ਤੇ ਸੁਥਰਾ ਆਦਿ ਕਵੀਆਂ ਦੁਆਰਾ ਰਚਿਤ ਰਚਨਾ ਵਿਚ ਪੰਜਾਬੀ ਜੀਵਨ ਸਪਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਮੁਗ਼ਲ-ਰਾਜ, ਵਿਸ਼ੇਸ਼ ਤੌਰ ਤੇ ਅਕਬਰ ਦੇ ਰਾਜ ਸਥਾਪਿਤ ਹੋਣ ਨਾਲ ਰਾਜਨੀਤਕ ਸਥਿਰਤਾ ਪੈਦਾ ਹੋ ਗਈ ਅਤੇ ਇਸ ਦੇ ਨਾਲ ਕੁਝ ਆਰਥਿਕ ਸਥਿਰਤਾ ਦੇ ਚਿੰਨ੍ਹ ਵੀ ਪਰਗਟ ਹੋਣ ਲਗ ਪਏ। ਅਜਿਹੀਆਂ ਪਰਿਸਥਿਤੀਆਂ ਵਿਚ ਮਨੁੱਖ ਖ਼ੁਸ਼ੀ ਦਾ ਹੁਲਾਰਾ ਲੈਣਾ ਲੋਚਦਾ ਹੈ। ਅਜਿਹੇ ਮਨੋਭਾਵਾਂ ਦੇ ਪ੍ਰਤਿਕਰਮ ਵਜੋਂ ਰੀਤੀਕਾਲੀਨ ਸਾਹਿਤ ਦੀ ਉਪਜ ਹੋਈ, ਜਿਸ ਵਿਚ ਸ਼ਿੰਗਾਰ ਰਸ ਪ੍ਰਧਾਨ ਸੀ। ਪੰਜਾਬੀ ਸਾਹਿਤ ਵਿਚ ਇਹ ਕਿੱਸਾ-ਕਾਵਿ ਦੇ ਰੂਪ ਵਿਚ ਹੋਂਦ ਵਿਚ ਆਇਆ। ਦਮੋਦਰ, ਪੀਲੂ, ਅਹਿਮਦ ਤੇ ਹਾਫ਼ਜ਼ ਬਰਖੁਰਦਾਰ ਆਦਿ ਨੇ ਕਿੱਸੇ ਲਿਖੇ। ਜਿਥੇ ਇਨ੍ਹਾਂ ਕਿੱਸਿਆਂ ਰਾਹੀਂ ਜਨ ਸਾਧਾਰਣ ਦੇ ਸ਼ਿੰਗਾਰ ਰਸੀ ਮਨੋਭਾਵਾਂ ਦੀ ਤ੍ਰਿਪਤੀ ਹੁੰਦੀ ਹੈ, ਉਥੇ ਇਹ ਕਿੱਸੇ ਤਤਕਾਲੀਨ ਸਮਾਜਕ ਪਰਿਸਥਿਤੀਆਂ ਦਾ ਸ਼ੀਸ਼ਾ

---

63. ਪੰਜਾਬ ਦਾ ਲੋਕ ਸਾਹਿਤ, ਪੰ: 7, ਡਾ: ਸੋਹਿੰਦਰ ਸਿੰਘ ਬੇਦੀ (ਵਣਜਾਰਾ ਬੇਦੀ)।

64. ਵਿਸਥਾਰ ਲਈ ਦੇਖੋ: ਪਹਿਲਾ ਅਧਿਆਇ, ਲੋਕ ਸਾਹਿਤ।

65. An Intro duction to Panjabi Lite Rature,P-56,Dr. Mohan Singh.

ਦੀ ਹਨ। ਇਹ ਕਿੱਸੇ ਪੰਜਾਬੀ ਕਾਵਿ ਨੂੰ ਅਧਿਆਤਮਕ ਵਲਗਣ ਚੋਂ ਕਢ ਕੇ ਲੋਕ-ਭਾਵਨਾ ਨਾਲ ਜੋੜਦੇ ਹਨ।[66]

ਕਾਵਿ ਸਾਹਿਤ ਤੋਂ ਇਲਾਵਾ ਸਾਡੇ ਖੋਜ-ਪ੍ਰਬੰਧ ਦੇ ਨਿਰਧਾਰਿਤ ਕਾਲ ਦੇ ਦੌਰਾਨ ਪੰਜਾਬੀ ਵਾਰਤਕ ਦਾ ਆਰੰਭ ਵੀ ਹੋ ਜਾਂਦਾ ਹੈ, ਜੋ ਸਾਹਿਤ ਦੇ ਵਿਕਾਸ ਦਾ ਵਿਸ਼ੇਸ਼ ਚਿੰਨ੍ਹ ਹੈ। ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ, ਗੋਸ਼ਟਾਂ ਤੇ ਗੁਰਬਾਣੀ ਦੀ ਵਿਆਖਿਆ ਵਾਰਤਕ ਵਿਚ ਮਿਲਦੀ ਹੈ। ਕਿਉਂਕਿ ਗੁਰੂ ਕਾਵਿ ਤਤਕਾਲੀਨ ਸਮਾਜਕ ਜੀਵਨ ਨਾਲ ਓਤਪੋਤ ਸੀ, ਇਸ ਲਈ ਵਾਰਤਕ ਵਿਚ ਵੀ ਸਮਾਜਕ-ਤੱਤ ਦਿਖਾਈ ਦਿੰਦੇ ਹਨ।

ਇਸ ਪ੍ਰਕਾਰ ਮੱਧਕਾਲੀਨ ਪੰਜਾਬੀ ਸਾਹਿਤ ਸਮਾਜਕ ਪਰਿਸਥਿਤੀਆਂ ਦੀ ਉਪਜ ਹੈ ਤੇ ਸਮੇਂ ਅਨੁਸਾਰ ਇਹ ਸਮਾਜ ਦੀ ਅਗਵਾਈ ਵੀ ਕਰਦਾ ਰਿਹਾ ਹੈ ਤੇ ਹੁਣ ਵੀ ਕਰ ਰਿਹਾ ਹੈ। ਪੰਜਾਬੀ ਸਾਹਿਤ ਪੰਜਾਬੀਆਂ ਦੇ ਸੁਭਾਅ ਅਤੇ ਜੀਵਨ ਦਾ ਪ੍ਰਤਿਬਿੰਬ ਹੈ। ਪੰਜਾਬੀ ਸਾਹਿਤ ਦੇ ਰਚਨਹਾਰਿਆਂ ਦੀਆਂ ਰਚਨਾਵਾਂ ਤਤਕਾਲੀਨ ਰਾਜਨੀਤਕ, ਸਮਾਜਕ, ਆਰਥਕ, ਸਭਿਆਚਾਰਕ ਅਤੇ ਧਾਰਮਿਕ ਪਰਿਸਥਿਤੀਆਂ ਦਾ ਦਰਪਨ ਹਨ। ਉਨ੍ਹਾਂ ਨੇ 'ਕਲਾ, ਕਲਾ ਲਈ' ਦੇ ਸਿਧਾਂਤ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਲੋਕਾਂ ਦੀ ਸਮਾਜਕ ਤੇ ਸਭਿਆਚਾਰਕ ਅਗਵਾਈ ਕੀਤੀ।

(ਦ) <u>ਕਾਵਿ ਵਿਚ ਸਮਾਜਕ ਪੱਖ ਤੋਂ ਭਾਵ:</u>

ਸਾਹਿਤ ਤੇ ਸਮਾਜ ਦਾ ਵਰਣਨ ਕਰਦਿਆਂ ਉਪਰ ਦੱਸਿਆ ਜਾ ਚੁਕਿਆ ਹੈ ਕਿ 'ਕਾਵਿ' ਸ਼ਬਦ ਸਾਹਿਤ ਦਾ ਪ੍ਰਯਾਇਵਾਚੀ ਹੈ। ਸਾਡਾ ਭਾਵ ਆਦਿ-ਗ੍ਰੰਥ ਦੇ ਗੁਰੂ-ਕਾਵਿ ਦੇ ਸਮਾਜਕ ਪੱਖ ਦੀ ਰੂਪ ਰੇਖਾ ਤੋਂ ਹੈ ਜੋ ਇਸ ਖੋਜ-ਪ੍ਰਬੰਧ ਦਾ ਵਿਸ਼ਾ ਹੈ। ਕਿਸੇ ਕਾਵਿ ਦੇ ਸਮਾਜਕ ਪੱਖ ਦੇ ਨਿਰੂਪਣ ਵਿਚ ਹੇਠ ਲਿਖੇ ਪਹਿਲੂਆਂ ਤੇ ਵਿਚਾਰ ਕੀਤੀ ਜਾਂਦੀ ਹੈ:-

1. ਰਾਜਨੀਤਕ ਪੱਖ,
2. ਸਮਾਜਕ ਤੇ ਸਭਿਆਚਾਰਕ ਪੱਖ, ਅਤੇ
3. ਧਾਰਮਿਕ ਪੱਖ ਆਦਿ।

ਇਨ੍ਹਾਂ ਬਾਰੇ ਸੰਖੇਪ ਵਰਣਨ ਕਰਨਾ ਵੀ ਯੋਗ ਹੋਵੇਗਾ ਜੋ ਇਸ ਪ੍ਰਕਾਰ ਹੈ:-

<u>1. ਰਾਜਨੀਤਕ ਪੱਖ:</u>

ਕਿਸੇ ਕਵੀ ਦੀ ਕਾਵਿ-ਰਚਨਾ ਨੂੰ ਵਾਚਣ ਲਗਿਆਂ ਸਮਕਾਲੀਨ ਰਾਜਨੀਤਕ ਪਰਿਸਥਿਤੀਆਂ ਦੀ

66.(ੳ) 'ਹੀਰ ਦਮੋਦਰ ਪਹਿਲਾ ਪੰਜਾਬੀ ਕਿੱਸਾ ਹੈ, ਜਿਸ ਵਿਚ ਉਸ ਸਮੇਂ ਦੇ ਸਮਾਜ ਦਾ ਹੂ-ਬ-ਹੂ ਚਿਤ੍ਰ ਚਿਤ੍ਰਿਆ ਗਿਆ ਹੈ। ਜਨਮ, ਮੌਤ, ਵਿਆਹ ਆਦਿ ਦੀਆਂ ਰਸਮਾਂ ਦਾ ਵਿਸਥਾਰ ਦਿੱਤਾ ਗਿਆ ਹੈ। ਸਮਾਜ ਜਾਤਾਂ, ਗੋਤਾਂ, ਕਿੱਤਿਆਂ, ਪੇਸ਼ਿਆਂ ਤੇ ਜਿਮੀਂਦਾਰਾਂ, ਕਾਮਿਆਂ ਵਿਚ ਵੰਡਿਆ ਸੀ। —ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰ: 257, ਡਾ: ਜੀਤ ਸਿੰਘ ਸੀਤਲ।

(ਅ) 'ਇਨ੍ਹਾਂ ਕਿੱਸਿਆਂ ਦਾ ਇਕ ਖਾਸ ਲੱਛਣ ਜੋ ਪਿੱਛੋਂ ਜਾ ਕੇ ਬਹੁਤ ਉਘੜਿਆ ਤੇ ਵਿਸ਼ੇਸ਼ ਹੱਦ ਤਕ ਪੱਕਾ ਹੋ ਗਿਆ, ਉਹ ਸੀ ਇਨ੍ਹਾਂ ਰਾਹੀਂ ਸਦਾਚਾਰਕ ਤੇ ਧਰਮ ਆਦਰਸ਼ਾਂ ਦਾ ਪਰਚਾਰ। ਇਹ ਰੁਚੀ ਸਮੇਂ ਦੇ ਗੁਜ਼ਰਨ ਨਾਲ ਵਧੇਰੇ ਤੇਜ਼ ਹੁੰਦੀ ਗਈ। ਦਮੋਦਰ ਦੀ ਹੀਰ ਜਾਂ ਪੀਲੂ ਦੇ ਮਿਰਜ਼ੇ ਵਿਚ ਧਰਮ-ਸਿਖਿਆ ਔਂਦਲ ਤਾਂ ਹੈ ਨਹੀਂ। ਜੇ ਹੈ ਤਾਂ ਬਹੁਤ ਸੂਖਮ ਜਹੀ ਹੋਰਾਂ ਕਵੀਆਂ ਦਾ

(ਚਲਦਾ ਅਗਲੇ ਪੰਨੇ ਤੇ)

ਅਵੱਸ਼ ਜਾਣਕਾਰੀ ਪ੍ਰਾਪਤ ਕਰਨੀ ਪੈਂਦੀ ਹੈ। ਸਾਹਿਤ ਸਮਕਾਲੀਨ ਸਮਾਜ ਦਾ ਪ੍ਰਤਿਬਿੰਬ ਹੁੰਦਾ ਹੈ ਅਤੇ ਸਮਾਜ ਸਮਕਾਲੀਨ ਰਾਜਨੀਤਕ ਪਰਿਸਥਿਤੀਆਂ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਇਸ ਲਈ ਇਸ ਪ੍ਰਥਾਇ ਸਮਕਾਲੀਨ ਸ਼ਾਸਕ ਦੇ ਦ੍ਰਿਸ਼ਟੀਕੋਣ ਤੋਂ ਭਲੀ ਭਾਂਤ ਜਾਣੂ ਹੋਣਾ ਲੋੜੀਂਦਾ ਹੈ, ਉਹ ਰਾਜ ਦੇ ਸਿਧਾਂਤਾਂ ਵਿਚੋਂ ਕਿਸ ਪ੍ਰਕਾਰ ਦੇ ਸਿਧਾਂਤ ਵਿਚ ਵਿਸ਼ਵਾਸ ਰਖਦਾ ਹੈ ? ਉਹ ਪਰਜਾ ਪ੍ਰਤੀ ਕਰਤੱਵਾਂ ਦਾ ਪਾਲਣਾ ਕਰਦਾ ਹੈ ਜਾਂ ਨਹੀਂ ? ਉਸ ਦੇ ਸ਼ਾਸਨ ਕਾਲ ਸਮੇਂ ਬਾਹਰੋਂ ਹੋਏ ਹਮਲੇ ਦਾ ਕੀ ਪ੍ਰਤਿਕਰਮ ਹੋਇਆ, ਰਾਜ ਦੀ ਅੰਦਰਲੀ ਵਿਵਸਥਾ ਕਿਸ ਪ੍ਰਕਾਰ ਦੀ ਹੈ ? ਹਾਕਮ ਜੁੰਡੀ ਨੇ ਸ਼ਾਸਕ ਪਿੱਛੇ ਚਲਣਾ ਹੁੰਦਾ ਹੈ, ਜੇ ਰਾਜਾ ਨਿਆਂਕਾਰੀ ਹੋਵੇਗਾ ਤਾਂ ਕਰਮਚਾਰੀ ਵੀ ਉਸ ਦੇ ਪੂਰਨਿਆਂ ਤੇ ਚਲਣਗੇ। ਅਤਿਆਚਾਰੀ ਸ਼ਾਸਕਾਂ ਦੇ ਕਰਮਚਾਰੀ ਵੀ ਅਤਿਆਚਾਰੀ ਹੁੰਦੇ ਹਨ। ਸ਼ਾਸਕ ਦੀ ਵਿਤਕਰੇ ਵਾਲੀ ਨੀਤੀ ਰਾਜ ਲਈ ਕਿਸੇ ਵੇਲੇ ਵੀ ਮਾਰੂ ਸਿੱਧ ਹੋ ਸਕਦੀ ਹੈ।

ਸ਼ਾਸਕ ਦੇ ਸ਼ਾਸਨ-ਪ੍ਰਬੰਧ ਦਾ ਸਮਕਾਲੀਨ ਸਾਹਿਤ ਤੇ ਵਿਸ਼ੇਸ਼ ਤੌਰ ਤੇ ਪ੍ਰਭਾਵ ਪੈਂਦਾ ਹੈ, ਕਿਉਂਕਿ ਸਾਹਿਤਕਾਰ ਇਕ ਸਮਾਜਕ ਪ੍ਰਾਣੀ ਹੁੰਦਾ ਹੈ, ਉਹ ਜਨ ਸਾਧਾਰਣ ਵਿਚ ਵਿਚਰਦਿਆਂ ਰਾਜੇ ਪ੍ਰਤੀ ਉਸ ਦੇ ਵਿਚਾਰਾਂ ਤੋਂ ਜਾਣੂ ਹੁੰਦਾ ਹੈ। ਉਹ ਕਿਸੇ ਨਾ ਕਿਸੇ ਢੰਗ ਨਾਲ ਸਮਕਾਲੀਨ-ਸ਼ਾਸਨ-ਵਿਵਸਥਾ ਬਾਰੇ ਆਪਣੇ ਵਿਚਾਰ ਅਭਿਵਿਅਕਤ ਕਰਦਾ ਹੈ।

ਸਾਹਿਤਕਾਰ ਦੇ ਸਮਕਾਲੀਨ ਸ਼ਾਸਕ ਨਾਲ ਕਿਸ ਪ੍ਰਕਾਰ ਦੇ ਸੰਬੰਧ ਹਨ ? ਇਹ ਜਾਣਕਾਰੀ ਵਿਸ਼ੇਸ਼ ਤੌਰ ਤੇ ਉਦੋਂ ਹੋਰ ਵੀ ਵਧੇਰੇ ਅਵੱਸ਼ਕ ਹੋ ਜਾਂਦੀ ਹੈ, ਜਦੋਂ ਸਾਹਿਤਕਾਰ ਗੁਰੂ ਸਾਹਿਬਾਨ ਵਾਂਗ ਕਿਸੇ ਵਿਸ਼ੇਸ਼ ਜਥੇਬੰਦੀ ਦੀ ਅਗਵਾਈ ਕਰ ਰਿਹਾ ਹੋਵੇ।

ਜੇ ਸ਼ਾਸਕ ਅਤਿਆਚਾਰੀ ਹੋਵੇ, ਉਸ ਦੇ ਕਰਮਚਾਰੀ ਅਨਿਆਂਕਾਰੀ ਹੋਣ, ਪਰਜਾ ਦੁਖੀ ਹੋਵੇ ਤਾਂ ਉਸ ਸਮੇਂ ਸਾਹਿਤਕਾਰ ਦਾ ਕਰਤੱਵ ਬਣਦਾ ਹੈ ਕਿ ਆਪਣੀ ਸਾਹਿਤ ਰਚਨਾ ਵਿਚ ਸਹੀ ਪਰਿਸਥਿਤੀਆਂ ਦਾ ਵਰਣਨ ਕਰੇ, ਨਿਰਪੱਖ ਤੇ ਨਿਡਰ ਹੋ ਕੇ ਰਾਜੇ ਤੇ ਉਸ ਦੇ ਕਰਮਚਾਰੀਆਂ ਦੀ ਆਲੋਚਨਾ ਕਰੇ। ਕਈ ਵਾਰ ਸਾਹਿਤਕਾਰ ਯੁਗ ਪੁਰਸ਼ ਹੋ ਨਿਬੜਦਾ ਹੈ ਅਤੇ ਲੋਕਾਂ ਦੀ ਰਾਜਨੀਤਕ ਅਗਵਾਈ ਵੀ ਕਰਦਾ ਹੈ।

ਉਪਰੋਕਤ ਵਿਚਾਰ ਅਨੁਸਾਰ ਅਸੀਂ ਅਗਲੇ (ਤੀਜੇ) ਅਧਿਆਇ ਵਿਚ ਆਦਿ-ਗ੍ਰੰਥ ਦੇ ਗੁਰੂ-ਕਾਵਿ ਦੀਆਂ ਰਾਜਨੀਤਕ ਪਰਿਸਥਿਤੀਆਂ ਦਾ ਵਰਣਨ ਕਰਦਿਆਂ ਗੁਰੂ-ਕਾਵਿ ਦਾ ਕਾਲ ਨਿਸ਼ਚਿਤ ਕਰਨ ਉਪਰੰਤ ਲੋਧੀ, ਸੂਰੀ ਤੇ ਮੁਗ਼ਲ ਸ਼ਾਸਕਾਂ ਦੀਆਂ ਤਤਕਾਲੀਨ ਰਾਜਨੀਤਕ ਪਰਿਸਥਿਤੀਆਂ ਦਾ ਵਰਣਨ ਕੀਤਾ ਹੈ ਅਤੇ

ਪਿਛਲੇ ਪੰਨੇ ਦੀ ਬਾਕੀ:

ਸਦਾਚਾਰ ਤੇ ਸਮਾਜਕ ਦ੍ਰਿਸ਼ਟੀਕੋਣ ਗੁਰੂਆਂ ਦੀਆਂ ਰਚਨਾਵਾਂ ਵਿਚ ਮੌਜੂਦ ਹੈ ਤੇ ਇਸ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਰਚਨਾਵਾਂ ਗੁਰੂਆਂ ਕੀਮਤਾਂ ਦੀਆਂ ਧਾਰਨੀ ਹਨ ਜੋ ਗੁਰੂਆਂ ਦੇ ਰਚਨਾ-ਕਾਲ ਦੀਆਂ ਵਿਸ਼ੇਸ਼ ਸਦਾਚਾਰਕ ਤੇ ਸਮਾਜਕ ਕੀਮਤਾਂ ਸਨ।

——— ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 577, ਭਾਸ਼ਾ ਵਿਭਾਗ।

ਉਨ੍ਹਾਂ ਦੇ ਸ਼ਾਸਨ ਪ੍ਰਬੰਧ ਬਾਰੇ ਵੀ ਰੋਸ਼ਨੀ ਪਾਈ ਹੈ। ਉਪਰੰਤ ਤਤਕਾਲੀਨ ਸ਼ਾਸਕਾਂ ਅਤੇ ਗੁਰੂ ਕਵੀਆਂ ਦੇ ਆਪਸੀ ਸੰਬੰਧਾਂ ਬਾਰੇ ਵਿਚਾਰ ਕੀਤਾ ਗਿਆ ਹੈ। ਅਮੀਰਾਂ ਤੇ ਰਾਜਿਆਂ ਬਾਰੇ ਬਣੇ ਸੰਕਲਪ ਅਤੇ ਗੁਰੂ-ਕਵੀਆਂ ਦੁਆਰਾ ਇਨ੍ਹਾਂ ਦੀ ਕੀਤੀ ਗਈ ਆਲੋਚਨਾ ਅਤੇ ਉਨ੍ਹਾਂ ਦੁਆਰਾ ਪ੍ਰਸਤੁਤ ਆਦਰਸ਼ਕ ਰਾਜ ਦੇ ਸੰਕਲਪ ਬਾਰੇ ਵੀ ਵਿਵੇਚਨ ਕੀਤਾ ਗਿਆ ਹੈ।

2. ਸਮਾਜਕ ਤੇ ਸਭਿਆਚਾਰਕ ਪੱਖ।

ਕਿਸੇ ਕਾਵਿ-ਵਿਸ਼ੇਸ਼ ਦਾ ਸਮਾਜਕ ਤੇ ਸਭਿਆਚਾਰਕ ਪੱਖ ਦਾ ਵਿਵੇਚਨ ਕਰਨ ਲਈ ਸਮਕਾਲੀਨ ਸਮਾਜਕ ਤੇ ਸਭਿਆਚਾਰਕ ਪਰਿਸਥਿਤੀਆਂ ਦਾ ਅਧਿਐਨ ਕਰਨਾ ਅਤਿ ਆਵਸ਼ਕ ਹੈ, ਸਮਾਜਕ ਵਰਗਾਂ ਦੀ ਵੰਡ ਪ੍ਰਕਾਰ, ਵਰਗਾਂ ਦਾ ਆਪਸੀ ਮੇਲ ਜੋਲ ਜਾਂ ਵਿਤਕਰੇ ਦਾ ਗੂੜ੍ਹਾ ਚਿੰਤਨ ਕਰਨਾ ਲੋੜੀਂਦਾ ਹੈ, ਪਰਿਵਾਰ ਜਾਤੀ ਸਮਾਜ ਦੀ ਸਭ ਤੋਂ ਛੋਟੀ ਇਕਾਈ ਹੈ ਅਤੇ ਵਿਆਹ ਪਰਿਵਾਰ ਦੀ ਨੀਂਹ ਹੈ, ਇਸ ਲਈ ਇਸ ਵਿਚ ਪ੍ਰਾਚੀਨ ਪਰਿਵਾਰ ਤੇ ਵਿਆਹ ਵਰਗੀਆਂ ਸਮਾਜਕ ਸੰਸਥਾਵਾਂ ਦਾ ਅਧਿਐਨ ਤੇ ਵਰਣਨ ਬਹੁਤ ਜ਼ਰੂਰੀ ਹੈ। ਹਰ ਸਮਾਜ ਵਿਚ ਚੰਗਿਆਈਆਂ ਦੇ ਨਾਲ ਬੁਰਾਈਆਂ ਵੀ ਹੁੰਦੀਆਂ ਹਨ। ਚੇਤੰਨ ਸਾਹਿਤਕਾਰ ਸਮਕਾਲੀਨ ਸਮਾਜਕ ਬੁਰਾਈਆਂ ਨੂੰ ਨੰਗਿਆਂ ਕਰਦਾ ਹੈ, ਉਨ੍ਹਾਂ ਦਾ ਖੰਡਨ ਕਰਕੇ ਆਪਣੇ ਦੁਆਰਾ ਰਚਿਤ ਸਾਹਿਤ ਨੂੰ ਮਾਧਿਅਮ ਬਣਾ ਕੇ ਸਮਾਜ ਦੀ ਯੋਗ ਅਗਵਾਈ ਕਰਦਾ ਹੈ।

ਸੁਚੱਜੀ ਅਰਥ-ਵਿਵਸਥਾ ਕਿਸੇ ਵੀ ਪ੍ਰਕਾਰ ਦੇ ਸਮਾਜਕ ਢਾਂਚੇ ਦੀ ਨੀਂਹ ਹੁੰਦੀ ਹੈ। ਇਸ ਲਈ ਕੋਈ ਵੀ ਸਾਹਿਤਕਾਰ ਸਾਹਿਤ ਨਾਲ ਬੇਇਨਸਾਫ਼ੀ ਕਰਦਾ ਹੈ ਜੇ ਉਹ ਸਮਕਾਲੀਨ ਆਰਥਿਕ ਪਰਿਸਥਿਤੀਆਂ ਨੂੰ ਅੱਖੋਂ ਉਹਲੇ ਕਰਕੇ ਰਚਨਾ ਕਰਦਾ ਹੈ। ਚੇਤੰਨ ਸਾਹਿਤਕਾਰ ਆਰਥਿਕ ਵਿਵਸਥਾ ਦੁਆਰਾ ਪੀੜਤ ਵਰਗ ਨਾਲ ਹਮਦਰਦੀ ਰੱਖਦਾ ਹੈ ਅਤੇ ਸ਼ੋਸ਼ਣ ਕਰਨ ਵਾਲੇ ਵਰਗ ਦਾ ਪਾਜ ਆਪਣੀ ਲੇਖਣੀ ਰਾਹੀਂ ਉਘਾੜਦਾ ਹੈ। ਯੁਗ ਪੁਰਸ਼ ਦੇ ਰੂਪ ਵਿਚ ਸਾਹਿਤਕਾਰ ਪੀੜਤ ਲੋਕਾਂ ਦੀ ਅਗਵਾਈ ਕਰਕੇ ਆਰਥਿਕ-ਸੁਧਾਰ ਉਤੇਜਿਤ ਕਰਨ ਵਿਚ ਸਹਾਇਕ ਵੀ ਹੋ ਸਕਦਾ ਹੈ। ਚੰਗੀ ਆਰਥਿਕ-ਵਿਵਸਥਾ ਹੋਣ ਨਾਲ ਹੀ ਜੀਵਨ ਪੱਧਰ ਉੱਚਾ ਹੋ ਸਕਦਾ ਹੈ।

ਇਸੇ ਪ੍ਰਕਾਰ ਕਿਸੇ ਸਾਹਿਤ-ਵਿਸ਼ੇਸ਼ ਦਾ ਸਭਿਆਚਾਰਕ ਪੱਖ ਨਿਰੂਪਣ ਕਰਨ ਲਈ ਸਮਕਾਲੀਨ ਰਹਿਣ-ਸਹਿਣ (ਭੋਜਨ, ਬਸਤਰ ਤੇ ਘਰ) ਬਾਰੇ ਗਿਆਨ ਹੋਣਾ ਅਤਿ ਜ਼ਰੂਰੀ ਹੈ। ਇਸ ਤੋਂ ਇਲਾਵਾ ਲੋਕਾਂ ਦੇ ਮਨੋਰੰਜਨ ਬਾਰੇ ਜਾਣਕਾਰੀ ਵੀ ਆਵੱਸ਼ਕ ਹੈ। ਮੇਲੇ ਤੇ ਤਿਉਹਾਰ ਸਭਿਆਚਾਰ ਦੀ ਜਿੰਦ ਜਾਨ ਹੁੰਦੇ ਹਨ। ਹਰ ਚੇਤੰਨ ਸਾਹਿਤਕਾਰ ਦੀ ਰਚਨਾ ਵਿਚ ਇਨ੍ਹਾਂ ਬਾਰੇ ਵਰਣਨ ਸੁਤੇ ਸਿੱਧ ਹੀ ਆ ਜਾਂਦਾ ਹੈ।

ਇਸ ਵਿਚ ਸੰਬੰਧੀ ਆਦਿ ਗ੍ਰੰਥ ਦੇ ਗੁਰੂ-ਕਾਵਿ ਦੇ ਨਿਰਧਾਰਿਤ ਕਾਲ ਦੀਆਂ ਸਮਕਾਲੀਨ ਸਮਾਜਕ, ਆਰਥਿਕ ਤੇ ਸਭਿਆਚਾਰਕ ਪਰਿਸਥਿਤੀਆਂ ਦਾ ਵਿਵੇਚਨ ਇਸ ਸ਼ੋਧ-ਪ੍ਰਬੰਧ ਦੇ ਚੌਥੇ ਅਧਿਆਇ ਵਿਚ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਮਾਜ ਸੁਧਾਰਕ ਪੱਖੋਂ ਗੁਰੂ ਕਾਵਿ ਉਤੇ ਆਧਾਰਤ ਸਮਾਜ-ਸੁਧਾਰੂ ਆਲੋਚਨਾ ਵੀ ਕੀਤੀ ਗਈ ਹੈ।

3. ਧਾਰਮਿਕ ਪੱਖ:

ਧਰਮ ਦਾ ਜੀਵਨ ਦੇ ਹਰ ਪੱਖ ਤੇ ਪ੍ਰਭਾਵ ਹੋਂਦਾ ਹੈ। ਸਮਾਜ ਤੇ ਧਰਮ ਦਾ ਬਹੁਤ ਡੂੰਘਾ ਸੰਬੰਧ ਹੈ। ਸਮਾਜ ਦੇ ਨਿਰਮਾਣ ਲਈ ਧਰਮ ਦੀ ਮਰਯਾਦਾ ਅਤਿ ਆਵੱਸ਼ਕ ਹੈ। ਇਸ ਲਈ ਕਿਸੇ ਕਾਵਿ ਦਾ ਸਮਾਜਕ ਪੱਖ ਉਜਾਗਰ ਕਰਨ ਲਈ ਸਮਕਾਲੀਨ ਧਾਰਮਿਕ ਪਰਿਸਥਿਤੀਆਂ ਬਾਰੇ ਜਾਣਕਾਰੀ ਅਤਿ ਲੋੜੀਂਦੀ ਹੈ। ਕੋਈ ਸਾਹਿਤਕਾਰ ਸਮਕਾਲੀਨ ਧਾਰਮਿਕ ਪਰਿਸਥਿਤੀਆਂ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ, ਵਿਸ਼ੇਸ਼ ਤੌਰ ਤੇ ਉਦੋਂ ਜਦੋਂ ਕਿ ਉਹ ਆਪ ਵੀ ਕਿਸੇ ਵਿਸ਼ੇਸ਼ ਧਾਰਮਿਕ ਵਿਚਾਰਧਾਰਾ ਨਾਲ ਸੰਬੰਧਤ ਹੋਵੇ। ਨਵੀਨ ਧਾਰਮਿਕ ਵਿਚਾਰਧਾਰਾ ਨਿਰੂਪਣ ਕਰਨ ਵਾਲਾ ਸਾਹਿਤਕਾਰ ਸਮਕਾਲੀਨ ਧਰਮਾਂ ਦਾ ਵਿਸ਼ੇਸ਼ ਅਧਿਐਨ ਕਰਕੇ ਉਨ੍ਹਾਂ ਦੀਆਂ ਮਾੜੀਆਂ ਚੰਗੀਆਂ ਗੱਲਾਂ ਦਾ ਖੰਡਨ ਮੰਡਨ ਕਰਕੇ ਸਮਾਜ ਦੀ ਉਸਾਰੀ ਲਈ ਅਗਵਾਈ ਕਰਦਾ ਹੈ।

ਇਸੇ ਲਈ ਆਦਿ ਗ੍ਰੰਥ ਦੇ ਗੁਰੂ-ਕਾਵਿ ਦੇ ਸਮਾਜਕ ਪੱਖ ਦਾ ਨਿਰੂਪਣ ਕਰਨ ਹਿੱਤ ਇਸ ਖੋਜ ਪ੍ਰਬੰਧ ਦੇ 'ਪੰਜਵੇਂ ਅਧਿਆਇ' ਵਿਚ ਗੁਰੂ-ਕਾਵਿ ਦੇ ਧਾਰਮਿਕ ਪੱਖ ਦਾ ਵਰਣਨ ਕੀਤਾ ਗਿਆ ਹੈ। ਗੁਰੂ ਕਾਲੀਨ ਧਾਰਮਿਕ ਪਰਿਸਥਿਤੀਆਂ ਅਤੇ ਅਨੀਤੀ ਦਾ ਵਰਣਨ ਕਰਨ ਉਪਰੰਤ ਪ੍ਰਚੱਲਤ ਧਰਮਾਂ— ਜੈਨ, ਬੁਧ, ਹਿੰਦੂ ਧਰਮ ਤੇ ਇਸ ਦੀਆਂ ਸੰਪਰਦਾਵਾਂ, ਨਾਥ, ਇਸਲਾਮ ਤੇ ਸੂਫ਼ੀ ਮਤ — ਦਾ ਵਿਵੇਚਨ ਕੀਤਾ ਗਿਆ ਹੈ। ਹਰ ਧਰਮ ਦਾ ਵਰਣਨ ਕਰਦਿਆਂ ਗੁਰੂ-ਕਵੀਆਂ ਦੁਆਰਾ ਕੀਤੀ ਗਈ ਉਨ੍ਹਾਂ ਦੀ ਆਲੋਚਨਾ ਅਤੇ ਹਰੇਕ ਧਰਮ ਸੰਬੰਧੀ ਗੁਰੂਆਂ ਦੇ ਮੱਤ ਦੀ ਸਥਾਪਨਾ ਦਰਸਾਈ ਗਈ ਹੈ।

....

ਅਧਿਆਇ ਤੀਜਾ

'[illegible] ਦਾ ਰਾਜਨੀਤਕ ਪੱਖ'

ਅਧਿਆਇ ਤੀਜਾ

'ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਰਾਜਨੀਤਕ ਪੱਖ'

ਰਾਜਨੀਤੀ ਅਤੇ ਸਮਾਜ ਦਾ ਅਨਿੱਖੜਵਾਂ ਸੰਬੰਧ ਹੈ। ਸਮਾਜਕ ਪਰਿਸਥਿਤੀਆਂ ਨੂੰ ਸਮਾਨ ਬਣਾਈ ਰਖਣ ਲਈ ਅਤੇ ਉਸ ਵਿਚ ਪਰਿਵਰਤਨ ਲਿਆਉਣ ਵਿਚ ਸਮਕਾਲੀਨ ਰਾਜਨੀਤੀ ਦਾ ਵਿਸ਼ੇਸ਼ ਹਿੱਸਾ ਹੁੰਦਾ ਹੈ। ਸਾਹਿਤ ਕਿਉਂਕਿ ਸਮਾਜਕ ਪਰਿਸਥਿਤੀਆਂ ਦੀ ਉਪਜ ਹੁੰਦਾ ਹੈ, ਇਸ ਲਈ ਸਾਹਿਤ ਤੇ ਰਾਜਨੀਤੀ ਦਾ ਵੀ ਆਪੋ ਵਿਚ ਸੰਬੰਧ ਜੁੜ ਜਾਂਦਾ ਹੈ। ਸਾਹਿਤਕਾਰ ਸਮਾਜ ਵਿਚ ਵਿਚਰਦਿਆਂ ਸਮਕਾਲੀਨ ਰਾਜਨੀਤਕ ਪਰਿਸਥਿਤੀਆਂ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ। ਆਦਿ-ਗ੍ਰੰਥ, ਨਿਰਸੰਦੇਹ, ਇਕ ਰਾਜਨੀਤੀ-ਸ਼ਾਸਤਰ ਨਹੀਂ, ਫਿਰ ਵੀ ਇਸ ਦੇ ਰਚਨਹਾਰੇ ਗੁਰੂ-ਕਵੀਆਂ ਨੇ ਯੁਗ-ਪੁਰਸ਼ ਹੋਣ ਦੇ ਨਾਤੇ ਆਪਣੇ ਅਧਿਆਤਮਕ ਅਨੁਭਵਾਂ ਦਾ ਚਿਤਰਣ ਕਰਦਿਆਂ ਅਤੇ ਜਨ-ਕਲਿਆਣ ਲਈ ਉਸਾਰੂ ਸਮਾਜਕ ਆਲੋਚਨਾ ਕਰਦਿਆਂ ਸਮਕਾਲੀਨ ਰਾਜਨੀਤਕ ਅਨੁਭਵਾਂ ਨੂੰ ਵੀ ਕਾਵਿਬੱਧ ਕੀਤਾ ਤੇ ਲੋੜ ਅਨੁਸਾਰ ਉਸ ਸਮੇਂ ਦੀ ਰਾਜਨੀਤੀ ਦੀ ਆਲੋਚਨਾ ਵੀ ਕੀਤੀ। ਇਸੇ ਲਈ ਇਸ ਖੋਜ-ਪ੍ਰਬੰਧ ਦੇ ਸਿਰਲੇਖ ਅਨੁਸਾਰ ਆਦਿ ਗ੍ਰੰਥ ਦੇ ਗੁਰੂ-ਕਾਵਿ ਦੇ ਸਮਾਜਕ ਪੱਖ ਦਾ ਨਿਰੂਪਣ ਕਰਦਿਆਂ ਇਸ ਦੇ ਰਾਜਨੀਤਕ ਪੱਖ ਦਾ ਵਰਣਨ ਕਰਨਾ ਅਤਿ-ਆਵੱਸ਼ਕ ਸਮਝਿਆ ਗਿਆ ਹੈ।

ਇਸ ਅਧਿਆਇ ਵਿਚ ਇਸ ਖੋਜ ਪ੍ਰਬੰਧ ਦਾ ਕਾਲ ਨਿਸ਼ਚਿਤ ਕਰਨ ਉਪਰੰਤ, ਸਮਕਾਲੀਨ ਰਾਜਨੀਤਕ ਵਿਵਸਥਾ, ਗੁਰੂ ਸਾਹਿਬਾਨ ਦੇ ਸਮਕਾਲੀਨ ਸ਼ਾਸਕਾਂ ਨਾਲ ਸੰਬੰਧ, ਸ਼ਾਸਨ ਪ੍ਰਬੰਧ ਅਰਥਾਤ ਸੁਲਤਾਨ/ਸਮਰਾਟ, ਕਰਮਚਾਰੀ ਵਰਗ — ਉਲਮਾ, ਉਮਰਾ, ਵਜ਼ੀਰ, ਨਾਇਬ, ਦੀਵਾਨ, ਸਿੱਕਦਾਰ, ਮੁਕੱਦਮ, ਕਰ-ਪ੍ਰਣਾਲੀ; ਨਿਆਂ-ਪ੍ਰਬੰਧ ਆਦਿ ਦਾ ਵਰਣਨ ਕਰਕੇ ਆਦਿ ਗ੍ਰੰਥ ਦੇ ਗੁਰੂ-ਕਵੀਆਂ ਦੁਆਰਾ ਪ੍ਰਤਿਪਾਦਤ ਆਦਰਸ਼ ਰਾਜੇ ਅਤੇ ਰਾਮਰਾਜ ਦੇ ਸੰਕਲਪ ਦਾ ਵਿਵੇਚਨ ਕੀਤਾ ਜਾਵੇਗਾ।

ਸਾਡੇ ਖੋਜ-ਪ੍ਰਬੰਧ ਦਾ ਨਿਸ਼ਚਿਤ ਕਾਲ (ਆਦਿ ਗ੍ਰੰਥ ਦਾ ਗੁਰੂ-ਕਾਵਿ) 1469 ਈ: (ਗੁਰੂ ਨਾਨਕ ਦੇਵ ਜੀ ਦਾ ਜਨਮ) ਤੋਂ ਲੈ ਕੇ 1675 ਈ: (ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ) ਤਕ ਹੈ। ਇਸ ਵਿਚਾਰ ਅਧੀਨ ਸਮੇਂ ਵਿਚਕਾਰ ਦਿੱਲੀ ਦੇ ਸਿੰਘਾਸਨ ਤੇ ਲੋਧੀ, ਸੂਰੀ ਤੇ ਮੁਗ਼ਲ ਵੰਸ਼ਾਂ ਦੇ ਸ਼ਾਸਕਾਂ ਨੇ ਰਾਜ ਕੀਤਾ।

ਗੁਰੂ ਨਾਨਕ ਦੇਵ ਜੀ ਦੇ ਜਨਮ (1469 ਈ:) ਸਮੇਂ ਭਾਰਤ ਦਾ ਸੁਲਤਾਨ ਬਹਿਲੋਲ ਲੋਧੀ ਸੀ। ਇਸ ਵੰਸ਼ ਦੇ ਸੁਲਤਾਨਾਂ ਨੇ 1526 ਈ: ਤਕ ਰਾਜ ਕੀਤਾ ਤੇ ਇਸ ਸਮੇਂ ਵਿਚ ਬਹਿਲੋਲ ਲੋਧੀ ਤੋਂ ਇਲਾਵਾ ਸਿਕੰਦਰ ਲੋਧੀ ਤੇ ਇਬਰਾਹੀਮ ਲੋਧੀ ਦਿੱਲੀ ਦੇ ਤਖ਼ਤ ਤੇ ਕਾਬਜ਼ ਰਹੇ।

1526-40 ਈ: ਅਤੇ 1556-1675 ਈ: ਤਕ ਭਾਰਤ ਉਪਰ ਮੁਗ਼ਲ ਸਮਰਾਟਾਂ — ਬਾਬਰ, ਹਮਾਯੂੰ, ਅਕਬਰ, ਜਹਾਂਗੀਰ, ਸ਼ਾਹਜਹਾਨ ਅਤੇ ਔਰੰਗਜ਼ੇਬ ਨੇ ਰਾਜ ਕੀਤਾ।

ਇਸੇ ਪ੍ਰਕਾਰ 1540-56 ਈ: ਤਕ ਸੂਰੀ ਵੰਸ਼ ਦੇ ਸੁਲਤਾਨਾਂ ਨੇ ਦਿੱਲੀ ਸਲਤਨਤ ਨੂੰ ਸੰਭਾਲਿਆ। ਇਸ ਵੰਸ਼ ਦੇ ਪ੍ਰਮੁਖ ਸੁਲਤਾਨ ਸ਼ੇਰਸ਼ਾਹ ਸੂਰੀ, ਇਸਲਾਮ ਸ਼ਾਹ ਸੂਰੀ, ਮੁਹੰਮਦ ਆਦਿਲ ਸ਼ਾਹ ਅਤੇ ਸਿਕੰਦਰ ਸੂਰੀ ਸਨ।

(ੳ) ਰਾਜਨੀਤਕ ਵਿਵਸਥਾ:

ਲੋਧੀਆਂ ਸਮੇਂ ਭਾਰਤ ਅਤੇ ਵਿਸ਼ੇਸ਼ ਤੌਰ ਤੇ ਪੰਜਾਬ ਵਿਚ ਰਾਜਨੀਤਕ ਅਸ਼ਾਂਤੀ ਦਾ ਬੋਲਬਾਲਾ ਸੀ। ਅਸਲ ਵਿਚ ਮਹਿਮੂਦ ਗਜ਼ਨਵੀ ਦੇ ਸਮੇਂ ਤੋਂ ਲੈ ਕੇ ਹਮਲਾਵਰਾਂ ਦੇ ਰਸਤੇ ਵਿਚ ਹੋਣ ਕਾਰਨ ਇਸ ਬਦਕਿਸਮਤ ਪ੍ਰਦੇਸ਼ ਵਿਚ ਸ਼ਾਂਤੀ ਕਾਇਮ ਨਾ ਹੋ ਸਕੀ। ਦਿੱਲੀ ਸਲਤਨਤ ਦਾ ਭਾਗ ਹੋਣ ਦੇ ਬਾਵਜੂਦ ਵੀ ਇਹ ਅਫ਼ਗਾਨ ਗਵਰਨਰਾਂ ਦੇ ਰਹਿਮ ਤੇ ਸੀ, ਜੋ ਨਾ ਕੇਵਲ ਆਪਣੇ ਕਮਜ਼ੋਰ ਸੁਲਤਾਨਾਂ ਤੋਂ ਸੁਤੰਤਰ ਹੋਣ ਲਈ ਪ੍ਰਯਤਨਸ਼ੀਲ ਰਹਿੰਦੇ ਸਨ, ਸਗੋਂ ਇਥੋਂ ਦੇ ਬਦਕਿਸਮਤ ਲੋਕਾਂ ਤੇ ਅਤਿਆਚਾਰ ਕਰਕੇ ਖੁਸ਼ਹਾਲ ਹੋ ਰਹੇ ਸਨ।[1]

ਬਹਿਲੋਲ ਲੋਧੀ ਦਾ ਆਪਣੇ ਅਧੀਨ ਪ੍ਰਾਂਤਾਂ ਤੇ ਕਾਬੂ ਢਿੱਲਾ ਸੀ। ਅਫ਼ਗਾਨ ਸਰਦਾਰ ਸੁਲਤਾਨ ਨੂੰ ਕੇਵਲ ਨਾਮ-ਮਾਤਰ ਆਪਣਾ ਹਾਕਮ ਸਮਝਦੇ ਸਨ।[2] ਲੋਧੀਆਂ ਵਿਚ ਸਿਕੰਦਰ ਲੋਧੀ ਸਖ਼ਤ ਹੁਕਮਰਾਨ ਸੀ। ਉਸ ਨੇ ਅਫ਼ਗਾਨ ਸਰਦਾਰਾਂ ਨੂੰ ਸੁਲਤਾਨ ਦੀ ਸ਼ਕਤੀ ਦਾ ਸਿੱਕਾ ਮੰਨਣ ਲਈ ਮਜਬੂਰ ਕੀਤਾ। ਉਹ ਹਿੰਦੂਆਂ ਪ੍ਰਤੀ ਬੜਾ ਕੱਟੜ ਸੀ ਤੇ ਉਸ ਨੇ ਉਨ੍ਹਾਂ ਉਤੇ ਬੜੇ ਅਤਿਆਚਾਰ ਕੀਤੇ।[3] ਇਬਰਾਹੀਮ ਲੋਧੀ ਬੇਵਕੂਫ ਤੇ ਘੁਮੰਡੀ ਹੁਕਮਰਾਨ ਸੀ ਜੋ ਆਪਣੇ ਅਫ਼ਗਾਨ ਸਰਦਾਰਾਂ ਨੂੰ ਨਾ ਸਮਝ ਸਕਿਆ। ਰਾਜੇ ਦੇ ਦੈਵੀ ਸਿਧਾਂਤ ਵਿਚ ਵਿਸ਼ਵਾਸ ਰਖਣ ਕਾਰਨ ਉਸ ਨੇ ਆਪਣੇ ਦਰਬਾਰ ਵਿਚ ਨਮਰਤਾ ਅਤੇ ਸਖ਼ਤ ਅਨੁਸ਼ਾਸਨ ਤੇ ਜ਼ੋਰ ਦਿੱਤਾ।[4] ਇਸ ਲੋਧੀ ਵੰਸ਼ ਦੇ ਅੰਤਿਮ ਸੁਲਤਾਨ ਨੇ ਆਪਣੀ ਤੰਗ ਦਿਲੀ ਦੀ ਨੀਤੀ ਕਾਰਨ (ਦਰਬਾਰੀਆਂ ਤੇ ਅਮੀਰਾਂ ਪ੍ਰਤੀ ਭੈੜਾ ਵਿਹਾਰ ਅਤੇ ਅਤਿਆਚਾਰ) ਕੁਝ ਵਰ੍ਹਿਆਂ ਵਿਚ ਹੀ ਲਗਪਗ ਸਭ ਨੂੰ ਆਪਣਾ ਦੁਸ਼ਮਣ ਬਣਾ ਲਿਆ।[5] ਫਲਸਰੂਪ ਇਬਰਾਹੀਮ ਦਾ ਚਾਚਾ ਆਲਮ ਖਾਂ ਦਿੱਲੀ ਦਾ ਸੁਲਤਾਨ ਬਣਨਾ ਚਾਹੁੰਦਾ ਸੀ। ਪੰਜਾਬ ਦੇ ਸੂਬੇਦਾਰ ਦੌਲਤ ਖਾਂ ਲੋਧੀ ਨੇ ਪੰਜਾਬ ਵਿਚ ਸੁਤੰਤਰ ਰਾਜ ਸਥਾਪਿਤ ਕਰਨ ਦਾ ਯਤਨ

---

1. 'Confusion & bloodshed prevailed throughout India, and no where more so than in the Punjab. Lying in the very path of the invader this unhappy land had been a stranger to peace since Mehmud of Ghazni first led his victorious armies across the Indus. Though nominally a part of Delhi Kingdom, it had long been at the mercy of the Afghan governors, who, despising the authority of the weak masters sought only to secure their own independence and to enrich themselves at the expense of the unfortunate people over whom they held their tyrannical sway.
----A Short History of the Sikhs, P-17, C.H.Payne.
2. History of India under Babur and Humayun, Vol.I, P-411, Erskine.
3. ਵਿਸਥਾਰ ਲਈ ਵੇਖੋ: ਇਹੋ ਅਧਿਆਇ, ਸ਼ਾਸਨ ਪ੍ਰਬੰਧ ਦੇ ਅਧੀਨ, 'ਸੁਲਤਾਨ /
4. The Mughal Empire, (4th Ed.) P-1, A.L. Srivastva.
5. A short History of Muslim Rule in India, P-271, Dr. Ishwari Prasad.

ਕੀਤਾ। ਇਸ ਤੋਂ ਇਲਾਵਾ ਮੇਵਾੜਪਤੀ ਰਾਜਪੂਤ ਰਾਣਾ ਸਾਂਗਾ ਵੀ ਇਬਰਾਹੀਮ ਲੋਧੀ ਨੂੰ ਪਰਾਜਿਤ ਕਰਕੇ ਭਾਰਤ ਵਿਚ ਸੁਤੰਤਰ ਰਾਜਪੂਤ ਰਾਜ ਦੀ ਨੀਂਹ ਰਖਣ ਦਾ ਇੱਛਕ ਸੀ। ਇਨ੍ਹਾਂ ਤਿੰਨਾਂ ਪਾਰਟੀਆਂ ਨੇ ਕਾਬਲਪਤੀ ਬਾਬਰ ਨਾਲ ਸੰਪਰਕ ਸਥਾਪਿਤ ਕੀਤਾ। ਦੌਲਤ ਖਾਂ ਲੋਧੀ, ਬਾਬਰ ਕੋਲ ਆਪਣਾ ਪੁੱਤਰ[6] ਦਿਲਾਵਰ ਖਾਂ ਭੇਜ ਕੇ ਭਾਰਤ ਤੇ ਹਮਲਾ ਕਰਵਾਉਣ ਲਈ ਬੜਾ ਤਰੁੱਦ ਕਰਨ ਵਿਚ ਸਭ ਤੋਂ ਮੋਹਰੇ ਸੀ।

ਅਜਿਹੀ ਰਾਜਨੀਤਕ ਅਸਥਿਰਤਾ ਕਾਰਨ ਪੰਜਾਬ ਵਿਚ ਤਾਂ ਕੀ, ਸਾਰੇ ਭਾਰਤ ਵਿਚ ਹੀ ਅਰਾਜਕਤਾ ਫੈਲੀ ਹੋਈ ਸੀ। ਇਥੋਂ ਦੀ ਅੰਦਰੂਨੀ ਫੁੱਟ ਅਤੇ ਰਾਜਨੀਤਕ ਅਸਥਿਰਤਾ ਕਾਰਨ ਬਾਬਰ ਨੂੰ ਭਾਰਤ ਤੇ ਹਮਲੇ ਕਰਨ ਦਾ ਸੁਨਹਿਰੀ ਮੌਕਾ ਮਿਲਿਆ।

ਬਾਬਰ ਨੇ ਭਾਰਤ ਦਾ ਸਮਰਾਟ ਬਣਨ ਤੋਂ ਪਹਿਲਾਂ ਇਸ ਦੇਸ਼ ਤੇ ਕਈ ਹਮਲੇ ਕੀਤੇ। ਉਹ ਲੁਟ ਮਾਰ ਕਰਕੇ ਵਾਪਸ ਕਾਬਲ ਜਾਂਦਾ ਰਿਹਾ। ਪਰ 1520-21 ਈ: ਦੇ ਹਮਲੇ ਵਿਚ ਸੈਦਪੁਰ ਦੇ ਅ ਅਫ਼ਗਾਨਾਂ ਉਸ ਦਾ ਡਟ ਕੇ ਮੁਕਾਬਲਾ ਕੀਤਾ। ਬਾਬਰ ਨੇ ਕਤਲਿ-ਆਮ ਤੇ ਲੁਟ ਮਾਰ ਦਾ ਹੁਕਮ ਦੇ ਦਿੱਤਾ, ਜਿਸ ਦਾ ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਹਿਰਦੈ-ਵੇਧਕ ਵਰਣਨ ਕੀਤਾ ਗਿਆ ਹੈ। ਗੁਰੂ-ਨਾਨਕ ਨੇ ਇਸ ਸੈਦਪੁਰ ਦੀ ਕੱਟ-ਵੱਢ ਨੂੰ ਅੱਖੀਂ ਵੇਖਿਆ, ਇਸ ਦਾ ਖੰਡਨ ਕੀਤਾ ਅਤੇ ਗਰੀਬ ਜਨਤਾ ਦੀ ਦੁਰਦਸ਼ਾ ਤਕ ਕੇ ਹਮਦਰਦੀ ਵਜੋਂ ਉਨ੍ਹਾਂ ਕਾਵਿ-ਰਚਨਾ ਰਾਹੀਂ ਕੀਰਨੇ ਪਾਏ।

ਗੁਰੂ ਜੀ ਅਨੁਸਾਰ ਬਾਬਰ ਨੇ ਆਪਣੀ ਰਾਜਧਾਨੀ ਖੁਰਾਸਾਨ ਨੂੰ ਕਿਸੇ ਦੇ ਸਪੁਰਦ ਕਰਕੇ ਜਮਰਾਜ ਦੇ ਰੂਪ ਵਿਚ ਹਿੰਦੁਸਤਾਨ ਤੇ ਹਮਲਾ ਕੀਤਾ। ਕਰਤੱਵ ਭੁਲਾਈ ਬੈਠੇ ਅਤੇ ਵਿਲਾਸਤਾ ਭਰਿਆ ਜੀਵਨ ਬਿਤਾ ਰਹੇ ਲੋਧੀ ਬੰਸ ਦੇ ਪਠਾਨ ਹਾਕਮਾਂ ਨੂੰ ਤਾਂ ਦੰਡ ਮਿਲਣਾ ਹੀ ਸੀ, ਪਰੰਤੂ ਨਿਹੱਥੇ ਲੋਕਾਂ ਨੂੰ ਜੋ ਮਾਰ ਪਈ, ਇਸਤਰੀਆਂ ਦੀ ਬੇਪੱਤੀ ਹੋਈ, ਉਸ ਬਾਰੇ ਗੁਰੂ ਜੀ ਨੇ ਪਰਮਾਤਮਾ ਨੂੰ ਉਲ੍ਹਾਮਾ ਦਿੱਤਾ। ਗੁਰੂ ਜੀ ਲਈ ਇਹ ਦ੍ਰਿਸ਼ ਅਸਹਿ ਸੀ, ਉਨ੍ਹਾਂ ਦੁਖੀ ਹਿਰਦੇ ਨਾਲ ਕਿਹਾ ਕਿ ਇਨ੍ਹਾਂ ਮੁਗ਼ਲ ਰੂਪੀ ਕੁਤਿਆਂ ਨੇ ਹੀਰਿਆਂ ਵਰਗੇ ਹਿੰਦੁਸਤਾਨੀਆਂ ਨੂੰ ਮਿੱਟੀ ਵਿਚ ਰੋਲ ਦਿਤਾ ਹੈ, ਜਿਨ੍ਹਾਂ ਦੇ ਮੋਇਆਂ ਦੀ ਸਾਰ ਵੀ ਕੋਈ ਨਹੀਂ ਲੈਂਦਾ।[7]

ਇਸ ਹਮਲੇ ਦੌਰਾਨ ਬਾਬਰ ਦੇ ਸੈਨਿਕਾਂ ਨੇ ਇਸਤਰੀਆਂ ਦੀ ਜੋ ਬੇਪਤੀ ਕੀਤੀ, ਉਹਦੀ ਕਰੁਣਾਮਈ ਤਸਵੀਰ ਗੁਰੂ ਨਾਨਕ ਦੀ ਕਲਮ ਤੋਂ ਵਧਕੇ ਕੋਈ ਹੋਰ ਨਹੀਂ ਉਲੀਕ ਸਕਿਆ। ਜਿਨ੍ਹਾਂ ਇਸਤਰੀਆਂ ਦੀ ਮਾਂਗ ਵਿਚ ਸੰਧੂਰ ਭਰਿਆ ਹੋਇਆ ਸੀ, ਉਨ੍ਹਾਂ ਦੇ ਸੁੰਦਰ ਕੇਸ ਬਾਬਰ ਦੇ ਸੈਨਿਕਾਂ ਨੇ ਕੈਂਚੀਆਂ ਨਾਲ ਮੁੰਨ ਸੁੱਟੇ। ਉਨ੍ਹਾਂ ਦੇ ਸਿਰ ਵਿਚ ਖਾਕ ਪਾਈ। ਗਰੀ ਕੁਹਾਰੇ ਮੰਦਰਾਂ ਤੇ ਸੇਜਾਂ ਮਾਣਦੀਆਂ

---

6. The Evolution of the Khalsa, Vol. I, P-36, Indu Bhushan Bannerjee.

7. 'ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜ੍ਹਾਇਆ।
ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨ ਆਇਆ।……………
ਰਤਨ ਵਿਗਾੜਿ ਵਿਗੋਏ ਕੁਤੀ, ਮੁਇਆ ਸਾਰ ਨ ਕਾਈ।

(ਆਸਾ ਮ: 1, ਸ਼ਬਦਾਰਥ, ਪੰ: 360)

ਸੁੰਦਰ ਇਸਤਰੀਆਂ ਦੇ ਗਲਾਂ ਵਿਚ ਮੋਤੀਆਂ ਦੀਆਂ ਲੜੀਆਂ ਤੋੜ ਕੇ ਜ਼ੰਜੀਰਾਂ ਪਾਈਆਂ ਗਈਆਂ। ਧਨ ਤੇ ਜੋਬਨ ਵਿਚ ਮਸਤ ਇਨ੍ਹਾਂ ਇਸਤਰੀਆਂ ਦੀ ਬਾਬਰ ਦੇ ਸੈਨਿਕ ਪੱਤ ਲੁਟ ਕੇ ਲਿਜਾ ਰਹੇ ਸਨ। ਇਹ ਦੁਰਦਸ਼ਾ ਮੁਸਲਮਾਨੀਆਂ ਤੇ ਹਿੰਦਵਾਨੀਆਂ ਦੋਹਾਂ ਕੌਮਾਂ ਦੀਆਂ ਇਸਤਰੀਆਂ ਨਾਲ ਹੋਈ। ਜਿਨ੍ਹਾਂ ਵਿਚਾਰੀਆਂ ਦੇ ਪਤੀ ਬਾਬਰ ਦੇ ਹਮਲੇ ਦਾ ਸ਼ਿਕਾਰ ਹੋ ਗਏ ਸਨ, ਉਨ੍ਹਾਂ ਦੇ ਕਰਮਾਂ ਵਿਚ ਸਾਰੀ ਉਮਰ ਦਾ ਰੋਣਾ ਲਿਖਿਆ ਗਿਆ।[8]

ਇਨ੍ਹਾਂ ਬਦਕਿਸਮਤ ਇਸਤਰੀਆਂ ਦਾ ਚਿਤਰਨ ਹਿਰਦੇ ਵੇਧਕ ਸ਼ਬਦਾਂ ਵਿਚ ਚਿਤਰਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਅਨੇਕ ਹਿੰਦਵਾਣੀਆਂ, ਪਠਾਣੀਆਂ, ਭਟਿਆਣੀਆਂ ਤੇ ਠਕੁਰਾਣੀਆਂ ਦੇ ਬੁਰਕੇ ਸਿਰ ਤੋਂ ਲੈ ਕੇ ਪੈਰਾਂ ਤਕ ਪਾਟ ਗਏ ਤੇ ਕਈ ਮਰ ਗਈਆਂ। ਜਿਨ੍ਹਾਂ ਦੇ ਸੁੰਦਰ ਪਤੀ ਘਰ ਮੁੜ ਕੇ ਨਾ ਆਏ ਉਨ੍ਹਾਂ ਦੀ ਰਾਤ ਕਿਵੇਂ ਬੀਤੀ ਹੋਵੇਗੀ।[9]

ਇਸਤਰੀ ਜਾਤੀ ਨਾਲ ਹੋਈਆਂ ਵਧੀਕੀਆਂ ਕਾਰਨ ਗੁਰੂ ਨਾਨਕ ਦੇਵ ਜੀ ਬਾਬਰ ਦੇ ਹਮਲੇ ਦੀ ਨਿਖੇਧੀ ਕਰਦੇ ਹੋਏ ਕਹਿੰਦੇ ਹਨ ਕਿ ਉਹ ਜਮ ਦਾ ਰੂਪ ਧਾਰਣ ਕਰਕੇ ਪਾਪ ਰੂਪੀ ਬਰਾਤ ਲੈ ਕੇ ਕਾਬਲੋਂ ਚੜ੍ਹ ਕੇ ਆਇਆ ਹੈ ਅਤੇ ਜ਼ਬਰਦਸਤੀ ਹਿੰਦ-ਰੂਪੀ ਵਹੁਟੀ ਦਾ ਕੰਨਿਆ ਦਾਨ ਮੰਗਦਾ ਹੈ। ਸ਼ਰਮ ਤੇ ਧਰਮ ਦੋਵੇਂ ਲੁਪ ਹੋ ਗਏ ਹਨ ਤੇ ਕੂੜ (ਝੂਠ) ਪ੍ਰਧਾਨ ਅਥਵਾ ਚੌਧਰੀ ਬਣਿਆ ਫਿਰਦਾ ਹੈ। ਕਾਜ਼ੀਆਂ ਤੇ ਬ੍ਰਾਹਮਣਾਂ ਦੀ ਥਾਂ ਸ਼ੈਤਾਨ ਵਿਆਹ ਅਥਵਾ ਨਿਕਾਹ ਪੜ੍ਹਾ ਰਿਹਾ ਹੈ, ਮੁਗ਼ਲ ਫ਼ੌਜੀ ਹਿੰਦੂ ਔਰਤਾਂ ਤੋਂ ਇਲਾਵਾ ਮੁਸਲਮਾਨ ਪਠਾਣੀਆਂ ਤੇ ਵੀ ਜ਼ੁਲਮ ਢਾਹ ਰਹੇ ਹਨ, ਖ਼ੂਨ ਦੇ ਸੋਹਿਲੇ ਗਾਵ ਦੁਖਾਂ ਦੇ ਵੈਣ ਪਾਏ ਜਾ ਰਹੇ ਹਨ ਅਤੇ ਕੇਸਰ ਦੀ ਥਾਂ ਲਹੂ ਛਿੜਕਿਆ ਜਾ ਰਿਹਾ ਹੈ।[10]

---

8. 'ਜਿਨ ਸਿਰ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰ।
ਸੇ ਸਿਰ ਕਾਤੀ ਮੁੰਨੀਅਨਿ, ਗਲ ਵਿਚਿ ਆਵੈ ਧੂੜਿ।
ਮਹਲਾ ਅੰਦਰਿ ਹੋਦੀਆ, ਹੁਣਿ ਬਹਣਿ ਨ ਮਿਲਨਿ ਹਦੂਰਿ।...............
ਗਰੀ ਛੁਹਾਰੇ ਖਾਂਦੀਆ, ਮਾਣਨਿ ਸੇਜੜੀਆ।
ਤਿਨ ਗਲਿ ਸਿਲਕਾ ਪਾਈਆ, ਤੁਟਨਿ ਮੋਤਸਰੀਆ।
ਧਨੁ ਜੋਬਨੁ ਦੁਇ ਵੈਰੀ ਹੋਏ, ਜਿਨੀ ਰਖੇ ਰੰਗੁ ਲਾਇ।
ਦੂਤਾ ਨੋ ਫੁਰਮਾਇਆ, ਲੈ ਚਲੇ ਪਤਿ ਗਵਾਇ।.......
ਇਕਨਾ ਏਹੋ ਲਿਖਿਆ, ਬਹਿ ਬਹਿ ਰੋਵਹਿ ਦੁਖ(ਆਸਾ ਮ: 1, ਅਸਟਪਦੀਆਂ ਘਰ 3, ਪੋਥੀ, ਪੰ:417)

9. ਇਕ ਹਿੰਦਵਾਣੀ ਅਵਰ ਤੁਰਕਾਣੀ, ਭਟਿਆਣੀ ਠਕੁਰਾਣੀ।
ਇਕਨਾ ਪੇਰਣ ਸਿਰ ਖੁਰ ਪਾਟੇ, ਇਕਨਾ ਵਾਸੁ ਮਸਾਣੀ
ਜਿਨਕੇ ਬੰਕ ਘਰੀ ਨਾ ਆਇਆ, ਤਿਨ ਕਿਉ ਰੈਣਿ ਵਿਹਾਣੀ।(ਆਸਾ ਮ: 1, ਪੋਥੀ, ਪੰ: 417-18)

10. ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨ ਵੇ ਲਾਲੋ।
ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨ ਵੇ ਲਾਲੋ।
ਮੁਸਲਮਾਨੀਆ ਪੜਹਿ ਕਤੇਬਾ, ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।

(ਚਲਦਾ ਅਗਲੇ ਪੰਨੇ ਤੇ)....

ਇਸ ਪ੍ਰਕਾਰ ਦਾ ਜ਼ੁਲਮ ਤਕ ਕੇ ਗੁਰੂ ਜੀ ਭਵਿਸ਼ ਵਾਣੀ ਕਰਦੇ ਹਨ ਕਿ ਪਰਮਾਤਮਾ ਇਨਸਾਫ਼ ਕਰੇਗਾ ਅਤੇ 'ਅਠੱਤਰ' ਵਿਚ ਆਉਣ ਵਾਲੇ ਮੁਗ਼ਲ 'ਸਤਾਨਵੇਂ' ਵਿਚ ਜਾਣਗੇ, ਜਦੋਂ 'ਇਕ ਮਰਦ ਦਾ ਚੇਲਾ ਉਠੇਗਾ'। (ਇਥੇ ਗੁਰੂ ਜੀ ਨੇ ਸ਼ੇਰਸ਼ਾਹ ਸੂਰੀ ਵਲ ਇਸ਼ਾਰਾ ਕੀਤਾ ਹੈ, ਜਿਸ ਨੇ ਹਮਾਯੂੰ ਨੂੰ ਤਖ਼ਤੋਂ ਉਤਾਰ ਕੇ ਸੁਤੰਤਰ ਸੂਰੀ ਵੰਸ ਦੀ ਨੀਂਹ ਰੱਖੀ) ਇਹ ਸੱਚੀ ਗੱਲ ਗੁਰੂ ਜੀ ਨੇ ਕਹੀ, ਕਿਉਂਕਿ ਸੱਚ ਨੂੰ ਸੁਣਾਉਣ ਦਾ ਵੇਲਾ ਸੀ।[11]

ਇਬਰਾਹੀਮ ਲੋਧੀ ਨੇ 21 ਅਪਰੈਲ, 1526 ਈ: ਨੂੰ ਪਾਨੀਪਤ ਦੇ ਮੈਦਾਨ ਵਿਚ ਇਕ ਲੱਖ ਘੋੜ ਸਵਾਰ ਤੇ 100 ਹਾਥੀਆਂ ਦੀ ਫ਼ੌਜ ਨਾਲ ਬਾਬਰ ਦੀ ਤੇਰਾਂ ਹਜ਼ਾਰ ਘੋੜ ਸਵਾਰ ਫ਼ੌਜ ਦਾ ਮੁਕਾਬਲਾ ਕੀਤਾ ਪਰੰਤੂ ਰਣ ਭੂਮੀ ਵਿਚ ਦਿੱਲੀ ਦਾ ਸੁਲਤਾਨ ਮਾਰਿਆ ਗਿਆ ਅਤੇ ਬਾਬਰ ਨੇ 22 ਅਪ੍ਰੈਲ 1526 ਈ: ਦਿੱਲੀ ਤੇ ਕਬਜ਼ਾ ਕਰਕੇ ਭਾਰਤ ਵਿਚ ਸੁਤੰਤਰ ਮੁਗ਼ਲ ਵੰਸ ਦੀ ਨੀਂਹ ਰਖੀ।[12]

ਗੁਰੂ ਜੀ ਇਨ੍ਹਾਂ ਹਮਲਿਆਂ ਦੁਆਰਾ ਹੋਈ ਦੀ ਬਹੁਤ ਜ਼ਿਆਦਾ ਬਰਬਾਦੀ ਦਾ ਕਾਰਣ ਲੋਧੀ ਪਠਾਣਾਂ ਅਤੇ ਅਮੀਰਾਂ ਦਾ ਵਿਲਾਸਤਾ ਭਰਿਆ ਜੀਵਨ ਦਸਦੇ ਹਨ। ਬਾਬਰ ਦੇ ਹਮਲੇ ਨੇ ਉਨ੍ਹਾਂ ਦੇ ਘੋੜੇ ਤੇ ਘੋੜਿਆਂ ਦੇ ਤਬੇਲੇ, ਵਾਜੇ, ਤੂਤੀਆਂ, ਤਲਵਾਰਾਂ ਤੇ ਗਾਤਰੇ, ਰਥ ਤੇ ਲਾਲ ਵਰਦੀਆਂ ਸਭ ਬਰਬਾਦ ਕਰ ਦਿੱਤੇ। ਉਨ੍ਹਾਂ ਦੀਆਂ ਮਹਿਲ ਮਾੜੀਆਂ ਤੇ ਸੁਹਣੀਆਂ ਸਰਾਵਾਂ ਬਾਬਰ ਦੇ ਸੈਨਿਕਾਂ ਨੇ ਸਾੜ ਫੂਕ ਦਿੱਤੀਆਂ। ਜਿਨ੍ਹਾਂ ਸੁੰਦਰ ਇਸਤਰੀਆਂ ਦਾ ਰੂਪ ਤਕ ਕੇ ਨੀਂਦ ਹਰਾਮ ਹੋ ਜਾਂਦੀ ਸੀ, ਉਨ੍ਹਾਂ ਦੀ ਇੱਜ਼ਤ ਵੀ ਲੋਧੀ ਨਾ ਬਚਾ ਸਕੇ। ਲੋਧੀ ਹਾਕਮਾਂ ਨੂੰ ਬਹਾਦਰੀ ਨਾਲ ਬਾਬਰ ਦਾ ਮੁਕਾਬਲਾ ਕਰਨਾ ਚਾਹੀਦਾ ਸੀ। ਇਸ ਦੀ ਬਜਾਏ ਕਰੋੜਾਂ ਪੀਰਾਂ ਦੇ ਟੂਣੇ ਤੇ ਤਵੀਤਾਂ ਦੀ ਤਾਕਤ ਨਾਲ ਮੀਰ ਬਾਬਰ ਨੂੰ ਰੋਕਣ ਦਾ ਯਤਨ ਕੀਤਾ, ਪਰੰਤੂ ਬਾਬਰ ਦੇ ਸਿਪਾਹੀਆਂ ਨੇ ਉਨ੍ਹਾਂ ਪੀਰਾਂ ਦੇ ਤਕੀਏ ਤੇ ਟਿਕਾਣੇ ਸਾੜ ਦਿੱਤੇ। ਬੱਜਰ ਵਾਂਗ ਪੱਕੇ ਮੰਦਰ ਸਾੜ ਕੇ ਸੁਆਹ ਕਰ ਦਿੱਤੇ। ਸ਼ਹਿਜ਼ਾਦਿਆਂ ਦੇ ਟੋਟੇ ਟੋਟੇ ਕਰਕੇ ਉਨ੍ਹਾਂ ਨੂੰ ਮਿੱਟੀ ਵਿਚ ਰੋਲ ਦਿੱਤਾ। ਪੀਰਾਂ ਦੇ ਲੱਖਾਂ ਯਤਨ ਕਰਨ ਤੇ ਵੀ ਕੋਈ ਮੁਗ਼ਲ ਅੰਨ੍ਹਾ ਨਾ ਹੋਇਆ,

---

ਜਾਤਿ ਸਨਾਤੀ ਹੋਰਿ ਹਿਦਵਾਣੀਆ, ਏਹਿ ਭਿ ਲੇਖੈ ਲਾਇ ਵੇ ਲਾਲੋ।
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ।
(ਤਿਲੰਗ ਮ: 1, ਸ਼ਬਦਾਰਥ, ਪੰ: 722)

11. ਸਾਚਾ ਸੋ ਸਾਹਿਬੁ ਸਚੁ ਤਪਾਵਸੁ, ਸਚੜਾ ਨਿਆਉ ਕਰੇਗੁ ਮਸੋਲਾ।
ਕਾਇਆ ਕਪੜੁ ਟੁਕੁ ਟੁਕੁ ਹੋਸੀ, ਹਿੰਦੁਸਤਾਨੁ ਸਮਾਲਸੀ ਬੋਲਾ।
ਆਵਨਿ ਅਠਤਰੈ ਜਾਨਿ ਸਤਾਨਵੈ, ਹੋਰੁ ਭੀ ਉਠਸੀ ਮਰਦ ਕਾ ਚੇਲਾ
ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ।
(ਉਹੀ, ਪੰਨਾ 723, ਉਹੀ)

12. Twilight of the Sultanate, P. 219-25, K.S.Lal

ਕਿਸੇ ਦਾ ਵੀ ਮੰਤਰ ਨਾ ਚਲਿਆ।[13]

ਹਾਕਮ (ਲੋਧੀ) ਤਾਂ ਆਪਣੇ ਰੰਗ ਤਮਾਸ਼ਿਆਂ ਵਿਚ ਲਿਵਲੀਨ ਸਨ, ਪਰ ਜਦੋਂ ਬਾਬਰ ਦੀ ਆਮਦ ਸੁਣੀ ਤਾਂ ਰਾਜਕੁਮਾਰਾਂ ਦੀ ਵੀ ਰੋਟੀ ਛੁਟ ਗਈ, ਜਦ ਮੁਸੀਬਤਾਂ ਵਿਚ ਕੁਝ ਨਹੀਂ ਸੁਝਦਾ ਸੀ।[14]

ਯੁਧ ਦਾ ਕਾਰਣ ਗੁਰੂ ਜੀ ਨੇ 'ਦੌਲਤ' ਦਸਿਆ ਹੈ। ਦੌਲਤ ਕਮਾਉਣਾ ਨੂੰ ਵੀ ਪਾਪ ਕਿਹਾ ਹੈ। ਮੁਗਲ ਤੇ ਲੋਧੀ ਪਠਾਣ ਭੇੜ ਹੀ ਸਨ। ਜਦੋਂ ਕੋਈ ਬਾਦਸ਼ਾਹ ਤੇ ਆਵੇ ਤਾਂ ਸਾਰ ਦੌਲਤ ਦੇ ਲਾਲਚ ਕਾਰਣ ਕਤਲਾਂ ਵਿਚ ਕੁੱਟ ਪੈ ਜਾਂਦੀ ਹੈ। ਇਸ ਦੌਲਤ ਕਾਰਣ ਬਹੁਤ ਦੁਨੀਆਂ ਖੁਆਰ ਹੋਈ। ਪਾਪ ਕੀਤੇ ਬਿਨਾ ਇਹ ਇਕੱਠੀ ਨਹੀਂ ਹੁੰਦੀ। ਪਰ ਮੌਤ ਤੋਂ ਬਾਦ ਇਹ ਨਾਲ ਵੀ ਨਹੀਂ ਜਾਂਦੀ। ਜਿਸ ਨੂੰ ਖੁਆਰ ਕਰਨਾ ਹੁੰਦਾ ਹੈ, ਉਸ ਪਾਸੋਂ ਪ੍ਰਭੂ ਚੰਗਿਆਈਆਂ ਖੋਹ ਲੈਂਦਾ ਹੈ।[15]

ਬਾਬਰ ਨੇ ਲੋਧੀ ਹਾਕਮਾਂ ਦੇ ਵਿਰੋਧ ਹੋ ਕੇ ਮੇਵਾੜ ਦੇ ਰਾਣਾ ਸਾਂਗਾ ਨੂੰ ਕਨਵਾਹਾ ਦੇ ਯੁਧ ਵਿਚ ਕਰਾਰੀ ਹਾਰ ਦਿੱਤੀ ਇਹ ਯੁੱਧ ਉਸ ਨੇ ਆਪਣੀ ਫ਼ੌਜ ਵਿਚ ਜਹਾਦ ਦਾ ਨਾਅਰਾ ਲਾ ਕੇ ਜਿੱਤਿਆ।[16] ਦਿੱਲੀ ਸਲਤਨਤ ਦੇ ਪਤਨ ਤੋਂ ਉਤਸ਼ਾਹਿਤ ਹੋ ਕੇ ਰਾਜਪੂਤ ਆਪਣੀ ਰਾਜਨੀਤਕ ਸੁਤੰਤਰਤਾ ਦੀ ਮੁੜ ਸਥਾਪਨਾ ਦੀ ਜੋ ਆਸ ਲਾਈ ਬੈਠੇ ਸਨ, ਉਹ ਇਸ ਯੁਧ ਦੇ ਸਿੱਟੇ ਵਜੋਂ ਖਤਮ ਹੋ ਗਈ।[17]

ਹਮਾਯੂੰ ਦੇ ਸ਼ਾਸਨ ਕਾਲ ਦੌਰਾਨ ਵਿਸ਼ੇਸ਼ ਤੌਰ ਤੇ ਪੰਜਾਬ ਵਿਚ ਅਰਾਜਕਤਾ ਅਤੇ ਅਸ਼ਾਂਤੀ ਦਾ ਬੋਲ ਬਾਲਾ ਰਿਹਾ।

ਸੂਰੀ ਵੰਸ਼ ਦੇ ਸ਼ੇਰ ਸ਼ਾਹ ਨੇ ਹਮਾਯੂੰ ਤੋਂ ਭਾਰਤ ਦਾ ਸ਼ਾਸਨ ਖੋਹ ਕੇ ਆਪਣੇ ਰਾਜ ਪ੍ਰਬੰਧ ਦੀ

---

13. ਕਹਾ ਸੁ ਖੇਲ ਤਬੇਲਾ ਘੋੜੇ, ਕਹਾ ਭੇਰੀ ਸਹਨਾਈ।
ਕਹਾ ਸੁ ਤੇਗਬੰਦ ਗਾਡੇਰੜਿ, ਕਹਾ ਸੁ ਲਾਲ ਕਵਾਈ।
ਕਹਾ ਸੁ ਆਰਸੀਆ ਮੁਹ ਬੰਕੇ, ਐਥੈ ਦਿਸਹਿ ਨਾਹੀ।.........
ਕਹਾ ਸੁ ਘਰ ਦਰ ਮੰਡਪ ਮਹਲਾ, ਕਹਾ ਸੁ ਬੰਕ ਸਰਾਈ।
ਕਹਾ ਸੁ ਸੇਜ ਸੁਖਾਲੀ ਕਾਮਣਿ, ਜਿਸੁ ਵੇਖਿ ਨੀਦ ਨ ਪਾਈ।
ਕਹਾ ਸੁ ਪਾਨ ਤੰਬੋਲੀ ਹਰਮਾ, ਹੋਈਆ ਛਾਈ ਮਾਈ। ....
ਕੋਟੀ ਹੂ ਪੀਰ ਵਰਜਿ ਰਹਾਏ, ਜਾ ਮੀਰੁ ਸੁਣਿਆ ਧਾਇਆ।
ਥਾਨ ਮੁਕਾਮ ਜਲੇ ਬਿਜ ਮੰਦਰ, ਮੁਛਿ ਮੁਛਿ ਕੁਇਰ ਰੁਲਾਇਆ।
ਕੋਈ ਮੁਗਲੁ ਨ ਹੋਆ ਅੰਧਾ, ਕਿਨੈ ਨ ਪਰਚਾ ਲਾਇਆ।......(ਆਸਾ ਮ:1, ਉਹੀ, ਪੰ: 417-18)
14. ਸਾਹਾਂ ਸੁਰਤਿ ਗਵਾਈਆ, ਰੰਗਿ ਤਮਾਸੈ ਚਾਇ।
ਬਾਬਰਵਾਣੀ ਫਿਰਿ ਗਈ, ਕੁਇਰੁ ਨ ਰੋਟੀ ਖਾਇ। (ਆਸਾ ਮ:1, ਉਹੀ, ਪੰ: 417)
15. ਇਹੁ ਜਗੁ ਤੇਰਾ ਤੂ ਗੋਸਾਈ।
ਏਕ ਘੜੀ ਮਹਿ ਥਾਪਿ ਉਥਾਪੇ, ਜਰੁ ਵੰਡਿ ਦੇਵੈ ਭਾਂਈ।੧।ਰਹਾਉ।
ਇਸੁ ਜਰੁ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ।
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ।
ਜਿਸ ਨੋ ਆਪਿ ਖੁਆਏ ਕਰਤਾ, ਖੁਸਿ ਲਏ ਚੰਗਿਆਈ। ....
(ਆਸਾ ਮ: 1, ਉਹੀ, ਪੰ: 417-18)

.....ਬਾਕੀ ਅਗੇ ਪੰਨੇ ਤੇ.....

ਪਰੰਤੂ ਉਸ ਦੇ ਉੱਤਰ-ਅਧਿਕਾਰੀ ਐਸ਼ਪ੍ਰਸਤ ਤੇ ਕਠੋਰ ਹੋਣ ਕਾਰਨ ਬਹੁਤਾ ਸਮਾਂ ਰਾਜ ਨਾ ਕਰ ਸਕੇ। ਵਿਸ਼ੇਸ਼ ਤੌਰ ਤੇ ਉਨ੍ਹਾਂ ਦੀ ਆਪਸੀ ਫੁੱਟ ਸੂਰ ਵੰਸ਼ ਦੇ ਪਤਨ ਦਾ ਕਾਰਨ ਬਣੀ। ਸ਼ੇਰ ਸ਼ਾਹ ਵਰਗੀ ਮਹਾਨ ਸ਼ਖਸੀਅਤ ਦੀ ਅਣਹੋਂਦ ਕਾਰਨ ਅਫ਼ਗਾਨ ਸਰਦਾਰਾਂ ਵਿਚਕਾਰ ਦੋਬਾਰਾ ਈਰਖਾ ਭਾਵ ਜਾਗ ਪਏ ਅਤੇ ਮੁਗ਼ਲ ਰਾਜ ਦੀ ਪੁਨਰ ਸਥਾਪਤੀ ਦਾ ਰਾਹ ਖੁਲ੍ਹ ਗਿਆ।[18] ਇਸ ਪ੍ਰਕਾਰ ਸੂਰੀ ਬੰਸ ਦੇ ਸ਼ਾਸਕੀ ਸਮੇਂ ਵੀ ਸਥਾਈ ਰੂਪ ਵਿਚ ਸ਼ਾਂਤੀ ਨਾ ਕਾਇਮ ਹੋ ਸਕੀ।

ਹੁਮਾਯੂੰ ਦੀ ਮੌਤ ਸਮੇਂ ਹਰ ਪਾਸੇ ਅਰਾਜਕਤਾ ਦਾ ਬੋਲਬਾਲਾ ਸੀ। ਅਫ਼ਗਾਨ ਸਰਦਾਰ ਦਿੱਲੀ ਦੇ ਤਖਤ ਲਈ ਪ੍ਰਯਤਨ ਸ਼ੀਲ ਸਨ। ਹੁਮਾਯੂੰ ਦੇ ਵਜ਼ੀਰ ਹੇਮੂ ਨੇ ਦਿੱਲੀ ਤੇ ਆਗਰੇ ਤੇ ਕਬਜ਼ਾ ਕਰ ਲਿਆ ਸੀ। ਅਕਬਰ ਨੇ ਹੇਮੂੰ ਨੂੰ 'ਪਾਨੀਪਤ ਦੀ ਦੂਜੀ ਲੜਾਈ (5 ਨਵੰਬਰ, 1556 ਈ:) ਵਿਚ ਪਰਾਜੇਤ ਕਰਕੇ ਕਤਲ ਕਰ ਦਿੱਤਾ। ਫਲਸਰੂਪ ਮੁਗ਼ਲ ਭਾਰਤ ਦੇ ਦੋਬਾਰਾ ਸੁਆਮੀ ਬਣ ਗਏ ਅਤੇ ਹੇਮੂ ਦੀ ਮੌਤ ਨਾਲ ਭਾਰਤ ਵਿਚ ਹਿੰਦੂ ਰਾਜ ਜਾਂ ਅਫ਼ਗਾਨਾਂ ਦੀ ਸਲਤਨਤ ਬਣਨ ਦੀ ਸੰਭਾਵਨਾ ਸਦਾ ਲਈ ਸਮਾਪਤ ਹੋ ਗਈ।[19] ਅਕਬਰ ਨੇ ਸਖਤੀ ਨਾਲ ਸਭ ਰਾਜ ਵਿਦਰੋਹੀਆਂ ਨੂੰ ਦਬਾ ਦਿੱਤਾ।

ਅਫ਼ਗਾਨ ਸਰਦਾਰਾਂ ਨੇ ਅਕਬਰ ਦੇ ਸੌਤੇਲੇ ਭਰਾ, ਮਿਰਜ਼ਾ ਹਕੀਮ ਨੂੰ ਰਾਜ ਪਲਟੇ ਲਈ ਉਕਸਾ ਕੇ ਬਗ਼ਾਵਤ ਕਰਵਾਈ ਤਾਂ ਮੁਗ਼ਲ ਸਰਕਾਰ ਦਾ ਹੈੱਡਕੁਆਟਰ 13 ਸਾਲ (1585- 98) ਲਾਹੌਰ ਹੀ ਰਿਹਾ। ਅਕਬਰ ਇਸ ਦੌਰਾਨ ਬਹੁਤਾ ਸਮਾਂ ਪੰਜਾਬ ਵਿਚ ਹੀ ਰਿਹਾ।

---

16. The Mughal Empire, P-26, A.L. Srivastva.

17. ' The Battle of Kanwaha destroyed the chance of Political revival of the Rajputs for which they had made a bid on the decay of the Turk-Afghan Sultanate.

-------An Advanced History of India, P-429, R.C. Majumdar.

18. 'The disappearance of the strong personality of Sher Shah and the weakness of his successors led to the reappearance of jealousies and refractoriness among the Afghan nobles, which Plunged the whole kingdom into a welter of anarchy & thus paved the way for the Mughal restoration.

-------'Panjab under the Great Mughals,' P-27, Dr.B.S.Nijjar.

19. 'The result of the 'Second Battle of Panipat' was decisive to drought to a close the Afghan-Mughal contest for supremacy in India by giving a verdict in favour of the later.

----- An Advanced History of India, P-446, R.C. Majumdar.

ਅਕਬਰ ਨੇ ਰਾਜਪੂਤਾਂ ਨਾਲ ਸੁਲਹ ਕਰਕੇ ਅਤੇ ਯੁੱਧ ਨੀਤੀ ਦੀ ਥਾਂ ਮਿੱਤਰਤਾ ਪੂਰਨ ਨੀਤੀ ਅਪਨਾਈ, ਕਿਉਂਕਿ ਰਾਜਪੂਤਾਂ ਦੇ ਮਿਲਵਰਤਣ ਤੋਂ ਬਿਨਾ ਮੁਸਲਿਮ ਰਾਜ ਦਾ ਕਾਇਮ ਰਹਿਣਾ ਸੰਭਵ ਨਹੀਂ ਸੀ।[20]

ਜਹਾਂਗੀਰ ਦਾ ਸ਼ਾਸਨ ਕਾਲ ਅਰਾਜਿਕਤਾ ਭਰਿਆ ਸੀ। ਉਸ ਦੇ ਰਾਜ ਸਿੰਘਾਸਨ ਸੰਭਾਲਣ ਤੋਂ ਜਲਦੀ ਬਾਦ ਹੀ ਉਸ ਦੇ ਆਪਣੇ ਪੁੱਤਰ ਖੁਸਰੋ ਨੇ ਬਗ਼ਾਵਤ (1606 ਈ:) ਕਰ ਦਿੱਤੀ। ਰਾਜ ਵਿਦਰੋਹੀ ਖੁਸਰੋ ਦੀ ਕਥਿਤ ਮਦਦ ਦਾ ਬਹਾਨਾ ਲਾ ਕੇ ਸਮਰਾਟ ਨੇ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕਰਵਾ ਦਿੱਤਾ।[21]

ਜਹਾਂਗੀਰ ਆਪਣੀ ਮਹਾਰਾਣੀ ਨੂਰ ਜਹਾਂ ਦੇ ਪ੍ਰਭਾਵ ਥੱਲੇ[22] ਆ ਕੇ ਅਤਿਅੰਤ ਵਿਲਾਸ-ਪ੍ਰੇਮੀ ਬਣ ਗਿਆ। ਉਹ ਸ਼ਰਾਬ ਨੂੰ ਆਪਣਾ ਮਿੱਤਰ ਸਮਝਣ ਲੱਗਾ ਅਤੇ ਸ਼ਾਹੀ ਪਦਵੀ ਨਾਲ ਸੰਬੰਧਿਤ ਫ਼ਰਜ਼ਾਂ ਨੂੰ ਭੁੱਲ ਗਿਆ।[23]

ਨੂਰ ਜਹਾਂ ਨੇ ਆਪਣੀ ਲੜਕੀ ਲਾਡਲੀ ਬੇਗਮ (ਜੋ ਉਸ ਦੇ ਪਹਿਲੇ ਪਤੀ ਸ਼ੇਰ ਅਫ਼ਗਾਨ ਵਲੋਂ ਆਈ ਸੀ) ਦਾ ਵਿਆਹ ਸ਼ਹਿਜ਼ਾਦਾ ਸ਼ਹਿਰਯਾਰ ਨਾਲ ਕਰ ਦਿੱਤਾ ਤੇ ਉਸ ਨੂੰ ਗੱਦੀ ਦਾ ਵਾਰਿਸ ਬਣਾਉਣ ਲਈ ਸ਼ਹਿਜ਼ਾਦਾ ਖ਼ੁੱਰਮ ਵਿਰੁੱਧ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਕੰਧਾਰ ਦੀ ਮੁਹਿੰਮ (1622 ਈ:) ਲਈ ਖ਼ੁੱਰਮ ਨੂੰ ਭਿਜਵਾਉਣ ਦੀ ਉਸ ਨੇ ਸਲਾਹ ਦਿੱਤੀ ਪਰੰਤੂ ਖ਼ੁੱਰਮ ਤਾੜ ਗਿਆ ਤੇ ਉਸ ਨੇ ਬਗ਼ਾਵਤ ਕਰ ਦਿੱਤੀ।[24] ਨੂਰਜਹਾਂ ਦੀ ਗ਼ਲਤ ਨੀਤੀ ਕਾਰਣ ਸੈਨਾਪਤੀ ਮਹਾਂਬਤ ਖਾਂ ਨੇ ਵੀ ਬਗ਼ਾਵਤ ਕੀਤੀ।

ਸ਼ਾਹ ਜਹਾਨ ਦੇ ਸਮੇਂ ਬੁੰਦੇਲਿਆਂ ਤੇ ਖਾਨ ਜਹਾਨ ਲੋਧੀ ਨੇ ਬਗ਼ਾਵਤਾਂ ਕੀਤੀਆਂ। ਸਮਰਾਟ ਨੂੰ ਦੱਖਣ ਦੇ ਸ਼ੀਆ ਰਾਜਾਂ ਵਿਰੁੱਧ ਵੀ ਯੁੱਧ ਕਰਨੇ ਪਏ। ਕੰਧਾਰ ਨੂੰ ਜਿੱਤਣ ਲਈ ਸ਼ਾਹਜਹਾਨ ਨੇ ਤਿੰਨ ਅਸਫਲ ਹਮਲੇ ਕਰਵਾਏ, ਜਿਸ ਨਾਲ ਮੁਗ਼ਲਾਂ ਦੀ ਸੈਨਿਕ ਸ਼ਕਤੀ ਦਾ ਪਾਜ ਖੁਲ੍ਹ ਗਿਆ।[25] ਗੁਰੂ ਹਰਿਗੋਬਿੰਦ ਜੀ ਨਾਲ ਮੁਗ਼ਲਾਂ ਦੀਆਂ ਤਿੰਨ ਲੜਾਈਆਂ ਹੋਈਆਂ, ਜਿਨ੍ਹਾਂ ਵਿਚ ਮੁਗ਼ਲ ਫ਼ੌਜਾਂ ਹਰ ਵਾਰ ਪਰਾਜਿਤ ਹੋਈਆਂ।[26]

ਸ਼ਾਹਜਹਾਨ ਦੇ ਸਮੇਂ ਦੂਜੇ ਮੁਗ਼ਲ ਸ਼ਾਸਕਾਂ ਦੇ ਮੁਕਾਬਲੇ ਰਾਜਸੀ ਵਿਵਸਥਾ ਵਧੇਰੇ ਦ੍ਰਿੜ੍ਹ ਸੀ। ਸ਼ਾਂਤੀ ਤੇ ਖੁਸ਼ਹਾਲੀ ਆਪਣੀ ਟੀਸੀ ਤੇ ਸਨ। ਉਸਦਾ ਰਾਜ ਪਿਤਰੀ ਸਨੇਹ ਨਾਲ ਭਰਿਆ ਹੋਇਆ ਸੀ।[27]

---

20. A short History of Muslim Rule in India, P-321, Dr. Ishwari Prasad
21. History of the Panjab, P-254, S.M. Latif.
22. History of Jahangir, P-168, Dr. Beni Prasad.
23. A Short History of Muslim Rule in India, P-288, Dr. Ishwari Prasad.
24. Studies in Mughal India, P-125, J.N. Sarkar.
25. Oxford History of India, P-296, V.A. Smith.
26. History of Panjab, P-114-17, Dr. K.S. Narang & Dr. H.R. Gupta.
27. Travels I, P-343, Tavernier.

ਇਸ ਲਈ ਉਸ ਦੇ ਕਾਲ ਨੂੰ 'ਮੁਗਲਾਂ ਦਾ ਸੁਨਹਿਰੀ ਯੁਗ' ਕਿਹਾ ਜਾਂਦਾ ਹੈ। ਪਰੰਤੂ ਕੁਝ ਇਤਿਹਾਸਕਾਰਾਂ ਇਸ ਦੇ ਉਲਟ ਵਿਚਾਰ ਰਖਦੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਵਿਦੇਸ਼ੀ ਯਾਤਰੀਆਂ ਅਤੇ ਭਾਰਤੀ ਇਤਿਹਾਸਕਾਰਾਂ ਨੇ ਸ਼ਾਹ ਜਹਾਨ ਦੁਆਰਾ ਨਿਰਮਿਤ ਸੁੰਦਰ ਭਵਨਾਂ ਅਤੇ ਮੁਗਲ ਦਰਬਾਰ ਦੀ ਸਜਾਵਟ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਸ਼ਾਸਨ ਕਾਲ ਦੀ ਪ੍ਰਸੰਸਾ ਕੀਤੀ ਹੈ। ਅਸਲ ਵਿਚ ਸਮਰਾਟ ਨੇ ਭਵਨ-ਨਿਰਮਾਣ ਤੇ ਹੋਰ ਬੇਅਰਥ ਕੰਮਾਂ ਤੇ ਬਹੁਤ ਸਾਰਾ ਧਨ ਖਰਚ ਕਰਕੇ ਰਾਜ ਦੀ ਆਰਥਿਕ ਵਿਵਸਥਾ ਕਮਜ਼ੋਰ ਕੀਤੀ। ਕੰਧਾਰ ਤੇ ਮੱਧ ਏਸ਼ੀਆ ਦੇ ਵਿਰੁੱਧ ਅਸਫਲ ਹਮਲਿਆਂ ਕਾਰਣ ਬਹੁਤ ਹਾਨੀ ਹੋਈ।[28]

ਸ਼ਾਹ ਜਹਾਨ ਦੇ ਜੀਂਦੇ ਜੀਅ ਉਸ ਦੇ ਪੁੱਤਰਾਂ ਵਿਚਕਾਰ ਯੁੱਧ ਛਿੜ ਪਿਆ। ਇਸ ਸੰਘਰਸ਼ ਵਿਚ ਔਰੰਗਜ਼ੇਬ ਜੇਤੂ ਰਿਹਾ। ਉਸ ਨੇ ਆਪਣੇ ਪਿਤਾ ਸ਼ਾਹਜਹਾਨ ਨੂੰ ਵੀ ਕੈਦ ਕਰ ਲਿਆ ਤੇ ਜੇਲ੍ਹ ਦੀ ਕੂਪ ਵਿਚ ਹੀ ਸ਼ਾਹਜਹਾਨ ਦੀ ਮੌਤ ਹੋਈ।

ਰਾਜ ਸਿੰਘਾਸਨ ਦੇ ਯੁੱਧ ਕਾਰਣ ਦੇਸ਼ ਵਿਚ ਬਹੁਤ ਗੜਬੜ ਫੈਲ ਗਈ। ਗੱਦੀ ਤੇ ਕਬਜ਼ਾ ਕਰਕੇ ਔਰੰਗਜ਼ੇਬ ਨੇ ਆਪਣੇ ਭਰਾਵਾਂ ਨੂੰ ਖਤਮ ਕਰਨ ਉਪਰੰਤ ਰਾਜ ਪ੍ਰਬੰਧ ਦੀ ਵਿਵਸਥਾ ਵਿਚ ਸੁਧਾਰ ਕੀਤਾ। ਪਰੰਤੂ ਉਹ ਇਸਲਾਮੀ ਰਾਜ ਦੇ ਸਿਧਾਂਤ (Muslim Theocracy) ਅਨੁਸਾਰ ਇਸਲਾਮ ਵਿਰੋਧੀ ਸ਼ਕਤੀਆਂ ਅਤੇ ਰਸਮਾਂ ਰਿਵਾਜਾਂ ਦਾ ਅੰਤ ਕਰਕੇ ਭਾਰਤ ਵਿਚ ਇਸਲਾਮੀ ਰਾਜ ਸਥਾਪਿਤ ਕਰਨਾ ਚਾਹੁੰਦਾ ਸੀ। ਉਸ ਦੀ ਕੱਟੜ ਨੀਤੀ ਦੇ ਫਲਸਰੂਪ ਰਾਜਿਸਥਾਨ ਦੇ ਸਤਨਾਮੀਆਂ, ਮਹਾਰਾਸ਼ਟਰ ਦੇ ਮਰਾਠਿਆਂ ਅਤੇ ਪੰਜਾਬ ਵਿਚ ਸਿੱਖਾਂ ਨੇ ਬਗਾਵਤ ਕੀਤੀ।

ਔਰੰਗਜ਼ੇਬ ਦੀ ਦਮਨ ਨੀਤੀ ਕਾਰਣ ਰਾਜਪੂਤ ਵੀ ਉਸ ਨਾਲ ਰੁੱਠ ਗਏ। ਉਹ ਕੌਮ ਜੋ ਅਕਬਰ ਵੇਲੇ ਰਾਜ ਦੀ ਸੱਜੀ ਬਾਂਹ ਸੀ, ਹੁਣ ਉਸ ਦੀ ਦੁਸ਼ਮਣ ਬਣ ਗਈ।[29] ਮੁਗਲਾਂ ਤੇ ਰਾਜਪੂਤਾਂ ਵਿਚਾਲੇ ਯੁੱਧਾਂ ਨੇ ਕੁਅੰਡੀ ਇਲਾਕਿਆਂ ਤੇ ਪ੍ਰਭਾਵ ਪਾ ਕੇ ਰਾਜ ਲਈ ਅਜੀਬ ਔਕੜਾਂ ਪੈਦਾ ਕਰ ਦਿਤੀਆਂ।[30]

ਔਰੰਗਜ਼ੇਬ ਦੀ ਦੱਖਣ ਨੀਤੀ ਵੀ ਉਸ ਦੇ ਰਾਜ ਲਈ ਮਾਰੂ ਸਿੱਧ ਹੋਈ। ਉਹ 26 ਸਾਲ ਦੱਖਣ ਵਿਚ ਯੁੱਧ ਕਰਦਾ ਰਿਹਾ ਤੇ ਉਥੋਂ ਜੀਉਂਦਾ ਵਾਪਸ ਵੀ ਨਾ ਪਰਤ ਸਕਿਆ।[31]

ਗੁਰੂ ਤੇਗ ਬਹਾਦਰ ਜੀ ਵੀ ਉਸ ਦੀ ਕੱਟੜ ਧਾਰਮਿਕ ਨੀਤੀ ਦੇ ਸ਼ਿਕਾਰ ਹੋਏ। ਆਖੀਰ ਉਹ ਬੁਰੀਆਂ ਨੀਤੀਆਂ ਦੇ ਫਲਸਰੂਪ ਬੁਰੀਤਰ੍ਹਾਂ ਅਸਫਲ ਹੋ ਕੇ ਚਲ ਵੱਸਿਆ।

ਉਪਰੋਕਤ ਵਿਚਾਰ ਅਨੁਸਾਰ ਇਸ ਸਿੱਟੇ ਤੇ ਪੁਜਦੇ ਹਾਂ ਕਿ ਸਮੂਹਿ ਤੌਰ ਤੇ ਸਾਡੇ ਖੋਜ ਪ੍ਰਬੰਧ ਦੇ ਨਿਰਧਾਰਿਤ ਕਾਲ ਵਿਚ ਰਾਜਨੀਤਕ ਅਸਥਿਰਤਾ ਹੀ ਰਹੀ। ਸੈਨਾ ਦੇ ਬਲਬੋਤੇ ਲੋਧੀ, ਸੂਰੀ ਤੇ ਮੁਗਲ ਰਾਜ ਕਰਦੇ ਰਹੇ।

---

28. Mughal Rule in India, P-295, Edward & Garret.
29. Aurangzeb, P-157, Lane Pool Stanley.
30. History of Aurangzeb, P-162, J.N.Sarkar.
31. ਉਹੀ, ਪੰ: 221.

(ਅ) <u>ਗੁਰੂ ਸਾਹਿਬਾਨ ਅਤੇ ਸਮਕਾਲੀਨ ਸੁਲਤਾਨਾਂ/ਬਾਦਸ਼ਾਹਾਂ ਦੇ ਸੰਬੰਧ:</u>

ਇਸ ਖੋਜ ਪ੍ਰਬੰਧ ਦੇ ਨਿਸ਼ਚਿਤ ਕਾਲ ਦੀ ਸਮਕਾਲੀਨ ਰਾਜਨੀਤਕ ਵਿਵਸਥਾ ਦਾ ਵਰਣਨ ਕਰਨ ਉਪਰੰਤ ਆਇ ਖੁਬ ਦੇ ਗੁਰੂ-ਕਾਲ ਦਾ ਰਾਜਨੀਤਕ ਪੱਖ ਉਜਾਗਰ ਕਰਨ ਲਈ ਗੁਰੂ ਸਾਹਿਬਾਨ ਅਤੇ ਸਮਕਾਲੀਨ ਸੁਲਤਾਨਾਂ ਅਤੇ ਬਾਦਸ਼ਾਹਾਂ ਦੇ ਆਪਸੀ ਸੰਬੰਧਾਂ ਦਾ ਵਰਣਨ ਕਰਨਾ ਉਚਿਤ ਸਮਝਿਆ ਗਿਆ ਹੈ।

ਇਸ ਕਾਲ ਦੌਰਾਨ ਲੋਧੀ ਅਤੇ ਸੂਰੀ ਬੰਸ ਦੇ ਸੁਲਤਾਨਾਂ ਅਤੇ ਗੁਰੂ ਸਾਹਿਬਾਨ ਦੇ ਸੰਬੰਧ ਠੀਕ ਹੀ ਰਹੇ, ਕਿਸੇ ਪ੍ਰਕਾਰ ਦੀ ਅਧੇਰ ਘਟਨਾ ਨਹੀਂ ਵਾਪਰੀ। ਪਰੰਤੂ ਮੁਗਲ ਸਮਰਾਟਾਂ ਅਤੇ ਗੁਰੂ ਸਾਹਿਬਾਨ ਦੇ ਸੰਬੰਧਾਂ ਵਿੱਚ ਵਿਰੋਧਾਭਾਸ ਰਹੀ। ਇਸ ਸਬੰਧੀ ਹੇਠਾਂ ਵਿਚਾਰ ਕਰ ਰਹੇ ਹਾਂ।

ਇਹ ਇਕ ਅਜੀਬ ਸੰਜੋਗ ਵਾਲੀ ਗਲ ਹੈ ਕਿ ਸਿੱਖ ਧਰਮ ਦੇ ਦਸ ਗੁਰੂ ਸਾਹਿਬਾਨ ਅਤੇ ਮੁਗਲ ਰਾਜ ਦੇ ਪਹਿਲੇ ਛੇ ਸਮਰਾਟ ਸਮਕਾਲੀ ਸਨ। ਭਾਰਤ ਵਿਚ ਮੁਗਲ ਰਾਜ ਦੇ ਬਾਨੀ ਬਾਬਰ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਭਾਰਤ ਤੇ ਹਮਲਾ ਕੀਤਾ ਅਤੇ ਛੇਵੇਂ ਸਮਰਾਟ ਔਰੰਗਜ਼ੇਬ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੋਂ ਇਕ ਸਾਲ ਪਹਿਲਾਂ ਚਲ ਵੱਸਿਆ।

ਬਾਬਰ ਨੇ ਭਾਰਤ ਤੇ ਕਈ ਹਮਲੇ ਕੀਤੇ। ਸੈਦਪੁਰ (ਏਮਨਾਬਾਦ) ਦੀ ਕਤਲਿ-ਆਮ ਦਾ ਦ੍ਰਿਸ਼ ਗੁਰੂ ਨਾਨਕ ਦੇਵ ਜੀ ਨੇ ਆਪਣੀ ਅੱਖੀਂ ਤੱਕਿਆ। ਇਸ ਲੜਾਈ ਵਿਚ ਅਨੇਕ ਲੋਕਾਂ ਦੇ ਨਾਲ ਗੁਰੂ ਨਾਨਕ ਦੇਵ ਜੀ ਨੂੰ ਵੀ ਬੰਦੀ ਬਣਾਇਆ ਗਿਆ ਅਤੇ ਉਨ੍ਹਾਂ ਪਾਸੋਂ ਭਾਰ ਚੁਕਵਾਇਆ ਗਿਆ ਤੇ ਚੱਕੀ ਪਿਸਵਾਈ ਗਈ। ਉਨ੍ਹਾਂ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਬਾਬਰ ਦੇ ਸੈਨਿਕ ਕਰਮਚਾਰੀਆਂ ਨੇ ਬਾਬਰ ਦੀ ਭੇਟ ਗੁਰੂ ਜੀ ਨਾਲ ਕਰਵਾਈ। ਇਸ ਭੇਟ ਦੇ ਫਲਸਰੂਪ ਗੁਰੂ ਜੀ ਦੇ ਕਹਿਣ ਪੁਰ ਬਾਬਰ ਨੇ ਸਭ ਕੈਦ ਕੀਤੇ ਮਨੁਖ ਤੇ ਇਸਤਰੀਆਂ ਛਡ ਦਿੱਤੇ।[32]

ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਿਤ ਬਾਣੀ ਵਿਚ ਬਾਬਰ ਦੇ ਹਮਲੇ ਅਤੇ ਉਹਦੇ ਸੈਨਿਕਾਂ ਦੁਆਰਾ ਭਾਰਤ ਦੇ ਲੋਕਾਂ, ਵਿਸ਼ੇਸ਼ ਤੌਰ ਤੇ ਇਸਤਰੀਆਂ ਤੇ ਜੋ ਅਤਿਆਚਾਰ ਹੋਏ, ਦਾ ਕਰੜੇ ਸ਼ਬਦਾਂ ਵਿਚ ਖੰਡਨ ਕੀਤਾ।[33] ਡਾ: ਛਾਬੜਾ ਅਨੁਸਾਰ ਮੁਗਲਾਂ ਇਸ ਦੇਸ਼ ਵਿਚ ਬਰਬਾਦੀ ਅਤੇ ਧਾਰਮਿਕ ਅਤਿਆਚਾਰ ਕਰਨ ਲਈ ਪ੍ਰਵੇਸ਼ ਕੀਤਾ ਅਤੇ ਸਿਖ ਗੁਰੂ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਅਤੇ ਸ਼ਾਂਤੀ ਦਾ ਸੰਦੇਸ਼ ਦੇਣ ਲਈ ਆਏ। ਦੋਨਾਂ ਧਿਰਾਂ ਵਿਚਕਾਰ ਵਿਰੋਧ ਲਾਜ਼ਮੀ ਸੀ।[34]

ਬਾਬਰ ਦੇ ਉੱਤਰ-ਅਧਿਕਾਰੀ ਹਮਾਯੂੰ ਨੂੰ ਗੁਰੂ ਨਾਨਕ ਦੇਵ ਜੀ ਦੇ ਉੱਤਰ-ਅਧਿਕਾਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਣ ਦਾ ਅਵਸਰ ਪ੍ਰਾਪਤ ਹੋਇਆ। ਹਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਗੁਰੂ ਅੰਗਦ

---

32. An Advanced History of the Panjab, P-546, Dr. G.S. Chhabra.
ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ: 'ਰਾਜਨੀਤਕ ਵਿਵਸਥਾ'।
33. ਓਹੀ
34. An Advanced History of Panjab, P.547, Dr. G.S. Chhabra.

ਦੇਵ ਜੀ ਦੇ ਦਰਬਾਰ ਵਿਚ ਆਇਆ।[35] ਗੁਰੂ ਜੀ ਦੇ ਸਮਾਧੀ ਵਿਚ ਲੀਨ ਹੋਣ ਕਰਕੇ ਹਮਾਯੂੰ ਨੂੰ ਕੁਝ ਉਡੀਕ ਕਰਨੀ ਪਈ। ਮੁਗਲ ਸਮਰਾਟ ਨੇ ਗੁੱਸੇ ਵਿਚ ਆ ਕੇ ਤਲਵਾਰ ਦੀ ਮੁੱਠ ਨੂੰ ਹਥ ਪਾਇਆ। ਗੁਰੂ ਜੀ ਨੇ ਮੁਸਕਰਾਂਦਿਆਂ ਕਿਹਾ, 'ਕੀ ਚੰਗਾ ਹੁੰਦਾ ਜੇ ਇਹ ਤਲਵਾਰ ਤੁਸੀਂ ਸ਼ੇਰ ਸ਼ਾਹ ਦੇ ਵਿਰੁੱਧ ਵਰਤਦੇ।[36] ਇਹ ਸੁਣ ਕੇ ਹਮਾਯੂੰ ਸ਼ਰਮਿੰਦਾ ਹੋਇਆ ਤੇ ਆਪਣੇ ਰਾਹ ਪਿਆ। ਡਾ: ਛਾਬੜਾ ਅਨੁਸਾਰ ਗੁਰੂ ਜੀ ਜੇਕਰ ਸਹਿਣਸ਼ੀਲਤਾ ਤੋਂ ਕੰਮ ਨਾ ਲੈਂਦੇ ਤਾਂ ਪਹਿਲੀ ਸਿਖ ਸ਼ਹੀਦੀ ਉਸੇ ਸਮੇਂ ਹੀ ਹੋ ਜਾਂਦੀ।[37]

ਅਕਬਰ ਸਮਰਾਟ ਦੇ ਸ਼ਾਸਨ ਦੌਰਾਨ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਤਿੰਨਾਂ ਗੁਰੂ ਸਾਹਿਬਾਨ ਨਾਲ ਹੀ ਉਸ ਦਾ ਸੰਪਰਕ ਰਿਹਾ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਸਾ ਕੇ ਇਕ 'ਬਾਉਲੀ' ਦਾ ਨਿਰਮਾਣ ਕਰਵਾਇਆ। ਹਰ ਇਕ ਧਰਮ ਅਤੇ ਜਾਤ ਦੇ ਲੋਕਾਂ ਨੂੰ ਇਸ ਵਿਚ ਇਸ਼ਨਾਨ ਕਰਨ ਦੀ ਆਗਿਆ ਦਿੱਤੀ, ਗੁਰੂ ਕੇ ਲੰਗਰ ਦੀ ਸੰਸਥਾ ਨੂੰ ਸੁਦ੍ਰਿੜ੍ਹ ਬਣਾਇਆ। ਇਸ ਪ੍ਰਕਾਰ ਜਾਤਪਾਤ ਦੇ ਖਾਤਮੇ ਅਤੇ ਮਨੁੱਖਾਂ ਵਿਚ ਅਮਲੀ ਤੌਰ ਤੇ ਸਮਾਨਤਾ ਪੈਦਾ ਹੁੰਦੀ ਤਕ ਕੇ ਅਤੇ ਗੁਰੂ ਜੀ ਵਲ ਹਿੰਦੂ ਅਤੇ ਮੁਸਲਮਾਨ ਆਕਰਸ਼ਤ ਹੁੰਦੇ ਦੇਖ ਕੇ ਬ੍ਰਾਹਮਣ ਤੇ ਸ਼ੇਖ ਬਹੁਤ ਈਰਖਾ ਕਰਨ ਲਗੇ। ਉਨ੍ਹਾਂ ਨੇ ਗੁਰੂ ਜੀ ਦੇ ਵਿਰੁਧ ਸਮਰਾਟ ਅਕਬਰ ਪਾਸ ਸ਼ਿਕਾਇਤ ਕੀਤੀ। ਬਹੁਤ ਬਿਰਧ ਹੋਣ ਕਾਰਨ ਗੁਰੂ ਜੀ ਨੇ ਆਪਣੀ ਪ੍ਰਤਿਨਿਧਤਾ ਕਰਨ ਲਈ ਭਾਈ ਜੇਠਾ ਜੀ (ਬਾਦ ਵਿਚ ਗੁਰੂ ਰਾਮਦਾਸ ਜੀ) ਨੂੰ ਭੇਜਿਆ। ਸਮਰਾਟ ਨੇ ਭਾਈ ਜੇਠਾ ਜੀ ਦੀਆਂ ਦਲੀਲਾਂ ਸੁਣ ਕੇ ਗੁਰੂ ਵਿਰੋਧੀਆਂ ਦੀ ਅਰਜ਼ੀ ਖਾਰਜ ਕਰ ਦਿੱਤੀ।

ਚਿਤੌੜ ਦੀ ਜਿੱਤ ਤੋਂ ਬਾਦ ਅਕਬਰ ਲਾਹੌਰ ਜਾਂਦਾ ਹੋਇਆ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਖੁਦ ਹਾਜ਼ਰ ਹੋਇਆ। ਉਸ ਨੇ ਜਨਸਾਧਾਰਣ ਦੇ ਨਾਲ ਪੰਗਤ ਵਿਚ ਬੈਠਕੇ ਗੁਰੂ ਕਾ ਲੰਗਰ ਛਕਿਆ। ਮਨੁੱਖਤਾ ਵਿਚ ਅਮਲੀ ਤੌਰ ਤੇ ਸਮਾਨਤਾ ਦਾ ਆਦਰਸ਼ ਤੱਕ ਕੇ ਅਕਬਰ ਨੇ ਗੁਰੂ ਕੇ ਲੰਗਰ ਲਈ ਜਾਗੀਰ ਵਜੋਂ ਕੁਝ ਪਿੰਡ ਭੇਟ ਕਰਨ ਲਈ ਇੱਛਾ ਪ੍ਰਗਟ ਕੀਤੀ। ਪਰੰਤੂ ਗੁਰੂ ਜੀ ਨੇ ਸਮਰਾਟ ਦੀ ਇਹ ਪੇਸ਼ਕਸ਼ ਠੁਕਰਾ ਦਿੱਤੀ।[38] ਫਿਰ ਵੀ ਅਕਬਰ ਨੇ ਗੁਰੂ ਜੀ ਦੀ ਸਪੁੱਤਰੀ ਬੀਬੀ ਭਾਨੀ ਦੇ ਨਾਂ ਕੁਝ ਪਿੰਡਾਂ ਦਾ ਪਟਾ ਲਿਖਵਾ ਦਿੱਤਾ। ਅਕਬਰ ਦੁਆਰਾ ਗੁਰੂ ਜੀ ਦੇ ਦਰਸ਼ਨ ਕਰਨ ਆਉਣ ਨਾਲ ਗੁਰੂ ਜੀ ਦੇ ਮਾਣ-ਪ੍ਰਤਿਸ਼ਠਾ ਵਿਚ ਬਹੁਤ ਵਾਧਾ ਹੋਇਆ[39] ਅਤੇ ਵੱਡੀ ਗਿਣਤੀ ਵਿਚ ਲੋਕ ਗੁਰੂ ਜੀ ਦੇ ਅਨੁਯਾਈ ਬਣਨ ਲੱਗੇ।

---

35. ਗੁਰੂ ਅੰਗਦ ਦੇਵ ਜੀ, ਪੰ: 8, ਡਾ: ਤਾਰਨ ਸਿੰਘ।

36. History of the Panjab, P-77-78, Dr. K.S.Narang and Dr. H.R.Gup

37. An Advanced History of Panjab, P-647, Dr. G.S. Chhabra.

38. History of the Panjab, P-161, Dr. K.S. Narang & Dr. H.R.Gupta.

39. Transformation of Sikhism, P-37, Dr. G.C. Narang.

ਗੁਰੂ ਰਾਮਦਾਸ ਜੀ ਨਾਲ ਵੀ ਸਮਰਾਟ ਅਕਬਰ ਦੇ ਮਿੱਤਰਤਾ ਭਰੇ ਸੰਬੰਧ ਰਹੇ। ਇਸ ਸਬੰਧ ਦਾ ਇਹ ਲਾਭ ਹੋਇਆ ਕਿ ਤੁੰਗ ਪਿੰਡ ਦੇ ਮੁਸਲਮਾਨਾਂ ਪਾਸੋਂ 500 ਵਿਘੇ ਜ਼ਮੀਨ ਸਮਰਾਟ ਨੇ ਗੁਰੂ ਜੀ ਨੂੰ ਕੇਵਲ 700 ਦਾਮਾਂ ਵਿਚ ਦਿਵਾਈ,[40] ਜਿਥੇ ਚੱਕ ਰਾਮਦਾਸ (ਵਰਤਮਾਨ ਅੰਮ੍ਰਿਤਸਰ) ਵਸਾਇਆ ਗਿਆ, ਜੋ ਸਮਾਂ ਪਾ ਕੇ ਪਵਿੱਤਰ ਤੀਰਥ ਸਥਾਨ ਬਣ ਗਿਆ। ਇਕ ਸਾਲ ਕਾਲ ਪੈਣ ਸਮੇਂ ਗੁਰੂ ਜੀ ਦੇ ਕਹਿਣ ਤੇ ਸਮਰਾਟ ਨੇ ਇਕ ਸਾਲ ਲਈ ਪੰਜਾਬ ਦੇ ਕਿਸਾਨਾਂ ਨੂੰ ਲਗਾਨ ਮੁਆਫ਼ ਕਰ ਦਿੱਤਾ। ਇਸ ਨਾਲ ਗੁਰੂ ਜੀ ਜ਼ਿਮੀਂਦਾਰਾਂ ਵਿਚ ਬਹੁਤ ਹਰਮਨ ਪਿਆਰੇ ਹੋਏ ਅਤੇ ਸਭ ਪਾਸਿਉਂ ਉਨ੍ਹਾਂ ਪਾਸ ਬਹੁਤ ਵੱਡੀ ਗਿਣਤੀ ਵਿਚ ਆਉਣ ਲੱਗੇ ਜਿਸ ਨਾਲ ਗੁਰੂ ਜੀ ਦੀ ਸ਼ਕਤੀ ਤੇ ਮਾਣ ਵਿਚ ਵਾਧਾ ਹੋਇਆ।[41]

ਗੁਰੂ ਅਰਜਨ ਦੇਵ ਜੀ ਅਤੇ ਸਮਰਾਟ ਅਕਬਰ ਦੇ ਆਪਸੀ ਸੰਬੰਧ ਠੀਕ ਹੀ ਰਹੇ, ਪਰੰਤੂ ਉਸ ਦੇ ਕਰਮਚਾਰੀਆਂ ਦੁਆਰਾ ਗੁਰੂ ਜੀ ਨੂੰ ਕਈ ਵਾਰ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ। ਗੁਰੂ ਅਰਜਨ ਦੇਵ ਜੀ ਦੁਆਰਾ ਸਿਖ ਧਰਮ ਦਾ ਵਿਸ਼ੇਸ਼ ਸੰਗਠਨ ਕਰਨ ਕਰਕੇ ਮੌਲਾਣੇ ਤੇ ਬ੍ਰਾਹਮਣ ਉਨ੍ਹਾਂ ਨਾਲ ਕੁਝ ਵਧੇਰੇ ਹੀ ਖੁਣਸ ਖਾਣ ਲਗ ਪਏ ਸਨ ਤੇ ਉਨ੍ਹਾਂ ਨਾਲ ਗੁਰੂ ਜੀ ਦਾ ਵੱਡਾ ਭਰਾ ਪ੍ਰਿਥੀਚੰਦ (ਜਿਸ ਨੂੰ ਅਯੋਗ ਹੋਣ ਕਾਰਨ ਗੁਰਗੱਦੀ ਨਹੀਂ ਮਿਲੀ ਸੀ) ਤੇ ਦੀਵਾਨ ਚੰਦੂ ਲਾਲ (ਜਿਸ ਦੀ ਲੜਕੀ ਦਾ ਰਿਸ਼ਤਾ ਉਸ ਦੀ ਆਪਣੀ ਗ਼ਲਤੀ ਕਾਰਨ ਹੀ ਗੁਰੂ ਜੀ ਨੇ ਸੰਗਤਾਂ ਦੇ ਕਹਿਣ ਤੇ ਮੋੜ ਦਿੱਤਾ ਸੀ) ਮਿਲ ਗਏ। ਸਭ ਤੋਂ ਪਹਿਲਾਂ ਪ੍ਰਿਥੀ ਚੰਦ ਨੇ ਚੰਦੂ ਲਾਲ ਨਾਲ ਮਿਲਕੇ ਗੁਰੂ ਜੀ ਦੇ ਵਿਰੁਧ 'ਮਹਜਰ' (ਸ਼ਿਕਾਇਤਨਾਮਾ) ਤਿਆਰ ਕਰਕੇ ਸਮਰਾਟ ਅਕਬਰ ਦੇ ਦਰਬਾਰ ਵਿਚ ਪੇਸ਼ ਕੀਤਾ ਪਰੰਤੂ ਸਮਰਾਟ ਨੇ ਖੁਦ ਤਫ਼ਤੀਸ਼ ਕਰਕੇ ਖਾਰਜ ਕਰ ਦਿੱਤਾ। ਗੁਰੂ ਜੀ ਨੇ ਇਸ ਸਬੰਧੀ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਇਕ ਸ਼ਬਦ ਵੀ ਉਚਾਰਨ ਕੀਤਾ।[42]

ਅਕਬਰ ਸਮਰਾਟ ਲਾਹੌਰ ਜਾਂਦਿਆਂ 24 ਨਵੰਬਰ, 1598 ਈ: ਨੂੰ ਗੁਰੂ ਅਰਜਨ ਦੇਵ ਜੀ ਨੂੰ ਗੋਇੰਦਵਾਲ ਵਿਖੇ ਮਿਲਿਆ। ਗੁਰੂ ਜੀ ਨੇ ਸਮਰਾਟ ਪਾਸੋਂ ਪੰਜਾਬ ਦੇ ਕਿਸਾਨਾਂ ਲਈ ਇਕ ਸਾਲ

---

40. History of the Panjab, P-68, Dr. K.S. Narang & Dr. H.R. Gupta.
41. History of the Panjab, P-252-53, S.M. Latif.
42. ਮਹਜਰੁ ਝੂਠਾ ਕੀਤੋਨੁ ਆਪਿ। ਪਾਪੀ ਕਉ ਲਾਗਾ ਸੰਤਾਪੁ।1।

ਜਿਸਹਿ ਸਹਾਈ ਗੋਬਿਦ ਮੇਰਾ। ਤਿਸੁ ਕਉ ਜਮੁ ਨਹੀਂ ਆਵੈ ਨੇਰਾ।1।ਰਹਾਉ।
ਸਾਚੀ ਦਰਗਹ ਬੋਲੈ ਕੂੜੁ। ਸਿਰ ਹਾਥ ਪਛੋੜੈ ਅੰਧਾ ਮੂੜੁ।2।
ਰੋਗ ਬਿਆਪੇ ਕਰਦੇ ਪਾਪ। ਅਦਲੀ ਹੋਇ ਬੈਠਾ ਪ੍ਰਭੁ ਆਪਿ।3।
ਅਪਨ ਕਮਾਇਐ ਆਪੇ ਬਾਧੇ। ਦਰਬੁ ਗਇਆ ਸਭੁ ਜੀਅ ਕੈ ਸਾਥੈ।4।
ਨਾਨਕ ਸਰਣਿ ਪਰੇ ਦਰਬਾਰਿ। ਰਾਖੀ ਪੈਜ ਮੇਰੈ ਕਰਤਾਰਿ।5।

—(ਗਉੜੀ ਮ: 5, ਸ਼ਬਦਾਰਥ ਪੰ: 199)

ਦਾ ਲਗਾਨ ਮੁਆਫ਼ ਕਰਵਾ ਦਿੱਤਾ।[43] ਪਰ ਖੁਲਾਸਤ-ਉਤ-ਤਵਾਰੀਖ ਦੇ ਕਰਤਾ ਮੁਨਸ਼ੀ ਸੁਜਾਨ ਰਾਏ ਅਨੁਸਾਰ ਸਮਰਾਟ ਨੇ ਕਿਸਾਨਾਂ ਤੋਂ ਦਸਵੇਂ ਜਾਂ ਬਾਰ੍ਹਵੇਂ ਹਿੱਸਾ ਲਗਾਨ ਘੱਟ ਕਬੂਲ ਕਰਨ ਲਈ ਹੁਕਮ ਜਾਰੀ ਕੀਤਾ।[44] ਮੁਕਦੀ ਗਲ ਇਹ ਕਿ ਗੁਰੂ ਜੀ ਦੀ ਪ੍ਰਸਿੱਧੀ ਵਿਚ ਹੋਰ ਵਾਧਾ ਹੋਇਆ।

ਅਕਬਰ ਨਾਲ ਮਿੱਤਰਤਾ ਅਤੇ ਸੰਬੰਧ ਹੋਣ ਦੇ ਬਾਵਜੂਦ ਵੀ ਬੀਰਬਲ ਵਰਗੇ ਪੰਜਾਬ ਦੇ ਹਾਕਮ ਗੁਰੂ ਜੀ ਦੀ ਪ੍ਰਸਿੱਧਤਾ ਤੋਂ ਈਰਖਾ ਕਰਦੇ ਸਨ। ਉਸ ਨੂੰ ਗੁਰੂ ਜੀ ਨੂੰ ਕਿਹਾ ਕਿ ਉਹ ਆਪਣੇ ਸਿੱਖਾਂ ਨੂੰ ਪ੍ਰਤੀ ਘਰ ਇਕ ਰੁਪਿਆ ਟੈਕਸ ਦੇ ਰੂਪ ਵਿਚ ਦੇਣ ਲਈ ਹੁਕਮ ਕਰਨ। ਗੁਰੂ ਜੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਫਲਸਰੂਪ ਬੀਰਬਲ ਨੇ ਅੰਮ੍ਰਿਤਸਰ ਨੂੰ ਸਾੜ ਦੇਣ ਦੀ ਕਸਮ ਖਾਧੀ। ਪਰੰਤੂ ਉਸ ਨੂੰ ਸਮਰਾਟ ਵਲੋਂ ਯੂਸਫਜ਼ਈਆਂ ਦੇ ਵਿਰੁਧ ਯੁੱਧ ਕਰਨ ਲਈ ਪੰਜਾਬ ਨੂੰ ਤੁਰੰਤ ਹੀ ਛਡ ਜਾਣ ਦਾ ਹੁਕਮ ਮਿਲਿਆ ਤੇ ਉਸੇ ਯੁੱਧ ਵਿਚ ਉਹ ਕਾਲਵੱਸ ਹੋ ਗਿਆ।[45]

ਗੁਰੂ-ਵਿਰੋਧੀਆਂ ਨੇ ਰਲ ਮਿਲਕੇ ਸੁਲਹੀ ਖਾਂ ਫੌਜਦਾਰ ਨੂੰ ਗੁਰੂ ਅਰਜਨ ਦੇਵ ਜੀ ਤੇ ਚੜ੍ਹਾਇਆ। ਗੁਰੂ ਜੀ ਨੂੰ ਸਿਖਾਂ ਨੇ ਸਲਾਹ ਦਿਤੀ ਕਿ ਉਹ ਸੁਲਹੀ ਖਾਂ ਨੂੰ ਚਿਠੀ ਭੇਜ ਕੇ ਰੋਕ ਦੇਣ ਜਾਂ ਦੋ ਸਿਆਣੇ ਮਨੁੱਖ ਭੇਜ ਕੇ ਵੈਰੀ ਨੂੰ ਰੋਕਣ ਜਾਂ ਫਿਰ ਕੋਈ ਨਾ ਕੋਈ ਉਪਾਅ ਅਵੱਸ਼ ਕਰਨ। ਗੁਰੂ ਜੀ ਨੇ ਕੇਵਲ ਪ੍ਰਭੂ ਦਾ ਸਿਮਰਣ ਕੀਤਾ, ਕਿਉਂਕਿ ਉਸ ਦਾ ਆਸਰਾ ਲੈਣ ਨਾਲ ਸਹਜ ਅਵਸਥਾ ਪ੍ਰਾਪਤ ਹੁੰਦੀ ਹੈ ਤੇ ਸਾਰੇ ਵੈਰੀ ਆਪਣੇ ਆਪ ਹੀ ਖਤਮ ਹੋ ਜਾਂਦੇ ਹਨ। ਸੁਲਹੀ ਖਾਂ ਰਸਤੇ ਵਿਚ ਹੀ ਬਲਦੇ ਆਵੇ ਵਿਚ ਸੜ ਮੋਇਆ। ਪ੍ਰਭੂ ਦੁਆਰਾ ਰਖਿਆ ਕਰਨ ਤੇ ਗੁਰੂ ਜੀ ਨੇ ਸ਼ੁਕਰਾਨੇ ਵਜੋਂ ਸ਼ਬਦ ਉਚਾਰਨ ਕੀਤਾ।[47] ਸੁਲਹੀ ਖਾਂ ਦਿੱਲੀਉਂ ਦਾੜ੍ਹੀ ਉਤੇ ਹੱਥ ਫੇਰ ਕੇ ਟੁਰਿਆ ਸੀ ਕਿ ਗੁਰੂ ਅਰਜਨ ਦੇਵ ਨੂੰ ਗੱਦੀਉਂ ਲਾਹ ਕੇ ਬਾਬਾ ਪ੍ਰਿਥੀ ਚੰਦ ਨੂੰ ਗੁਰੂ ਬਣਵਾ ਕੇ ਆਵਾਂਗਾ, ਪਰ ਗਰੀਬਾਂ ਉਤੇ ਪਿੱਟਣ ਵਾਲੀ ਦਾੜ੍ਹੀ ਆਵੇ ਦੀ ਅੱਗ ਵਿਚ ਸੜੀ। ਆਦਿ ਗ੍ਰੰਥ ਦੇ ਸੰਪਾਦਨ ਕਾਰਣ ਪ੍ਰਿਥੀ ਚੰਦ ਅਤੇ ਉਸ ਦੇ ਗੁਰੂ-ਵਿਰੋਧੀ ਸਾਥੀਆਂ ਨੂੰ ਸਮਰਾਟ ਪਾਸ ਸ਼ਿਕਾਇਤ ਕਰਨ ਦਾ ਇਕ ਹੋਰ ਮੌਕਾ ਮਿਲਿਆ। ਉਨ੍ਹਾਂ ਨੇ ਕਿਹਾ ਕਿ ਇਸ ਧਾਰਮਿਕ ਗ੍ਰੰਥ ਵਿਚ ਹਿੰਦੂ ਅਤੇ ਇਸਲਾਮ ਧਰਮ ਦੇ ਵਿਰੁਧ ਕਰਕੇ ਸ਼ਬਦਾਂ ਵਿਚ ਟੀਕਾ ਟਿਪਣੀ ਕੀਤੀ ਗਈ ਹੈ। ਸਮਰਾਟ ਨੇ ਗੁਰੂ ਜੀ ਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਬੁਲਾਇਆ। ਗੁਰੂ ਅਰਜਨ ਦੇਵ ਜੀ ਨੇ ਭਾਈ ਬੁਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਭੇਜਿਆ, ਵੱਖ ਵੱਖ ਪਖਿਆਂ ਤੋਂ ਗੁਰੂ ਜੀ ਦੀਆਂ ਸਿਖਿਆਵਾਂ ਸਪਸ਼ਟ ਕਰਕੇ ਸਮਰਾਟ

---

43. History of the Punjab, P-257, S.Mohd Latif.
44. As quoted by Dr. K.S. Narang & Dr. H.R. Gupta in History of the Punjab, P.162-63.
45. ਉਹੀ, ਪੰ: 102.
46. ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ। ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ।
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ। ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।
ਮਹਾ ਅਨੰਦ ਅਚਿੰਤ ਸਹਜਾਇਆ। ਦੁਸਮਨ ਦੂਤ ਮੁਏ ਸੁਖੁ ਪਾਇਆ।1।ਰਹਾਉ।
.... ਪ੍ਰਭਿ ਰਾਖੀ ਪੈਜ ਵਡੋ ਦਾਤਾਰੀ।
-(ਆਸਾ ਮ: 5, ਸ਼ਬਦਾਰਥ ਪੰ: 371-72)

(ਬਾਕੀ ਅਗਲੇ ਪੰਨੇ ਤੇ)

ਬਹੁਤ ਪ੍ਰਸੰਨ ਹੋਇਆ ਤੇ ਕਿਹਾ 'ਇਹ ਰੁੱਖ ਤਾਂ ਪੂਜਾ ਦੇ ਯੋਗ ਹੈ।[49]

ਸਮਰਾਟ ਜਹਾਂਗੀਰ ਆਪਣੇ ਪਿਤਾ ਅਕਬਰ ਦੇ ਉਲਟ ਕੱਟੜ ਮੁਸਲਮਾਨ ਤੇ ਅਸਹਿਣਸ਼ੀਲ ਸ਼ਾਸਕ ਸੀ। ਅਕਬਰ ਤੇ ਮੁਲਾਣਿਆਂ ਤੇ ਬ੍ਰਾਹਮਣਾਂ ਦਾ ਜ਼ੋਰ ਨਾ ਚੱਲਿਆ ਪਰੰਤੂ ਜਹਾਂਗੀਰ ਤੇ ਉਨ੍ਹਾਂ ਦਾ ਦਾਅ ਚਲ ਗਿਆ। ਜਹਾਂਗੀਰ ਦੇ ਰਾਜ ਸਿੰਘਾਸਣ ਤੇ ਬੈਠਦਿਆਂ ਹੀ ਉਸ ਦੇ ਪੁੱਤਰ ਖੁਸਰੋ ਨੇ ਉਹਦੇ ਵਿਰੁੱਧ ਬਗਾਵਤ ਕੀਤੀ ਤੇ ਪੰਜਾਬ ਵਲ ਨੱਠ ਤੁਰਿਆ ਤੇ ਰਸਤੇ ਵਿਚ ਗੁਰੂ ਅਰਜਨ ਦੇ ਦਰਬਾਰ ਵਿਚ ਹਾਜ਼ਰ ਹੋ ਆਸ਼ੀਰਵਾਦ ਪ੍ਰਾਪਤ ਕੀਤਾ। ਜਹਾਂਗੀਰ ਸਮਰਾਟ ਬਣਨ ਤੋਂ ਪਹਿਲਾਂ ਹੀ ਸਿਖ ਧਰਮ ਦੇ ਵਿਰੁਧ ਸੀ, ਜਿਸ ਦਾ ਵਰਣਨ ਉਸ ਨੇ ਆਪਣੀ ਆਤਮ-ਕਥਾ ਵਿਚ ਕੀਤਾ ਹੈ।

'ਗੋਇੰਦਵਾਲ' ਵਿਚ ਜੋ ਕਿ ਬਿਆਹ (ਬਿਆਸ) ਦਰਿਆ ਦੇ ਕੰਢੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਦਾ ਇੱਕ ਹਿੰਦੂ ਸੀ, ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂ ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤਰੀਕਿਆਂ (ਧਾਰਮਿਕ ਰਹਿਤ ਬਹਿਤ) ਦਾ ਸਿਦਕੀ ਬਣਾਕੇ ਆਪਣੀ ਬਜ਼ੁਰਗੀ ਤੇ ਈਸ਼ਵਰ ਨਾਲ ਨਜ਼ਦੀਕੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ।

ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਫਰੇਬੀ ਤੇ ਫਰੇਬ ਦੇ ਪੁਜਾਰੀ ਉਸ ਪਾਸ ਆ ਕੇ ਉਸ (ਗੁਰੂ) ਉਤੇ ਪੂਰਾ ਪੂਰਾ ਇਤਕਾਦ (ਸਿਦਕ, ਭਰੋਸਾ) ਜ਼ਾਹਿਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ) ਨੂੰ ਮੁਸਲਮਾਨਾਂ ਦੇ ਮੱਤ ਵਿਚ ਲਿਆਉਣਾ ਚਾਹੀਦਾ ਹੈ। ਇਥੋਂ ਤਕ ਕਿ ਇਨ੍ਹਾਂ ਦਿਨਾਂ ਵਿਚ ਹੀ ਖੁਸਰੋ ਇਥੋਂ ਦੀ ਦਰਿਆ ਪਾਰ

---

47. ਸੁਲਹੀ ਤੇ ਨਾਰਾਇਣ ਰਾਖੁ। ਸੁਲਹੀ ਕਾ ਹਾਥੁ ਕਹੀ ਨ ਪਹੁਚੈ, ਸੁਲਹੀ ਹੋਇ ਮੂਆ ਨਾਪਾਕੁ।1।ਰਹਾਉ।
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ, ਖਿਨ ਮਹਿ ਹੋਇ ਗਇਆ ਹੈ ਖਾਕੁ।
ਮੰਦਾ ਚਿਤਵਤ ਚਿਤਵਤ ਪਚਿਆ, ਜਿਨਿ ਰਚਿਆ ਤਿਨ ਦੀਨਾ ਧਾਕੁ।
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ, ਛੋਡਿ ਗਇਆ ਸਭ ਭਾਈ ਸਾਕੁ।
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ, ਜਿਨ ਜਨ ਕਾ ਕੀਨੋ ਪੂਰਨ ਵਾਕੁ।2।
(ਬਿਲਾਵਲ ਮ: 5, ਉਹੀ, ਪੰ: 825)

48. ਸ਼ਬਦਾਰਥ ਪੰ: 199, ਫੁਟ ਨੋਟ, ਗੁਰੂ ਜੀ ਦੁਆਰਾ ਰਚਿਤ ਸ਼ਬਦ ਇਸ ਪ੍ਰਕਾਰ ਹੈ:-
'ਕਰੋਧਾ ਉਪਜਿ ਜਿ ਖਿਨੀ ਦਾਤੀ। ਪਾਰ ਬ੍ਰਹਮਿ ਸਾ ਅਗਨਿ ਮਹਿ ਸਾਖੀ।
ਪੂਰਾ ਨਿਆਉ ਕਰੇ ਕਰਤਾਰੁ। ਅਪੁਨੇ ਦਾਸ ਕਉ ਰਾਖਨਹਾਰੁ।1।ਰਹਾਉ।
ਆਦਿ ਜੁਗਾਦਿ ਪ੍ਰਗਟਿ ਪਰਤਾਪੁ। ਨਿੰਦਕੁ ਮੂਆ ਉਪਜਿ ਵਡ ਤਾਪੁ।2।
ਤਿਨ ਮਾਰਿਆ ਜਿ ਰਖੈ ਨ ਕੋਇ। ਆਗੈ ਪਾਛੈ ਮੰਦੀ ਸੋਇ।3।
ਅਪੁਨੇ ਦਾਸ ਰਾਖੈ ਕੰਠਿ ਲਾਇ। ਸਰਣਿ ਨਾਨਕ ਹਰਿ ਨਾਮੁ ਧਿਆਇ।4।(ਗਉੜੀ ਮ:5, ਉਹੀ, ਪੰ :199

49. History of the Panjab, P-102, Dr. K.S. Narang and Dr. H.R. Gupta.

ਹੋ ਗਿਆ। ਇਸ ਜਾਹਲ ਤੇ ਹਕੀਰ ਆਦਮੀ ਨੇ ਇਰਾਦਾ ਕੀਤਾ ਕਿ ਸਦਾ ਉਸ ਦੇ ਨਜ਼ਦੀਕ ਰਹੇ। ਉਸ ਥਾਂ ਤੇ ਜਿੱਥੇ ਉਸ ਦੇ ਰਹਿਣ ਦੀ ਥਾਂ ਸੀ, ਖੁਸਰੋ ਨੇ ਪੜਾਉ ਕੀਤਾ। ਇਹ ਉਸ ਨੂੰ ਮਿਲਿਆ ਤੇ ਕਈ ਪਹਿਲੇ ਮਿਥੀਆਂ ਹੋਈਆਂ ਗੱਲਾਂ ਉਸ ਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ ਨਾਲ ਲਕੀਰ ਉਸ ਦੇ ਮੱਥੇ ਤੇ ਖਿੱਚੀ ਜਿਸ ਨੂੰ ਹਿੰਦੂ 'ਤਿਲਕ' ਕਹਿੰਦੇ ਹਨ ਤੇ ਚੰਗਾ ਸ਼ਗਨ ਜਾਣਦੇ ਹਨ।

ਜਦ ਇਹ ਗੱਲ ਮੇਰੀ ਕੰਨੀ ਪਈ, ਅਤੇ ਮੈਂ ਇਨ੍ਹਾਂ ਦੇ ਝੂਠ ਦੇ ਝੂਠ ਨੂੰ ਮੈਂ ਚੰਗੀ ਤੇ ਪੂਰੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿੱਤਾ ਕਿ ਉਸ (ਗੁਰੂ ਅਰਜਨ) ਨੂੰ ਹਾਜ਼ਰ ਕਰਨ ਤੇ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਂ ਨੂੰ ਬਖਸ਼ ਦਿੱਤਾ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦੇਣ। ਭਰਾਊਣ, ਮਾਰਨ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰ ਦੇਣ।[50]

ਵਿਰੋਧੀਆਂ ਨੇ ਜਹਾਂਗੀਰ ਦੇ ਮੁਤਅੱਸਬ ਦਾ ਫਾਇਦਾ ਉਠਾ ਕੇ ਉਸ ਦੇ ਬਾਗੀ ਪੁੱਤਰ ਖੁਸਰੋ ਦੀ ਕਥਿਤ ਮਦਦ ਦਾ ਬਹਾਨਾ ਬਣਾ ਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਦਿੱਤਾ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਾਰਨ ਸਿੱਖ ਧਰਮ ਵਿਚ ਇਕ ਮੋੜ ਆਇਆ। ਗੁਰੂ ਹਰਿ ਗੋਬਿੰਦ ਜੀ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਕਰਕੇ ਆਪਣੇ ਸਿੱਖਾਂ ਨੂੰ ਸੰਤ - ਸਿਪਾਹੀ ਬਣਾ ਦਿੱਤਾ। ਸਿੱਖਾਂ ਨੂੰ ਸ਼ਸਤਰ-ਬੱਧ ਹੁੰਦਿਆਂ ਤੱਕ ਕੇ ਮੁਗਲ ਸਮਰਾਟ ਨੂੰ ਸ਼ੱਕ ਹੋ ਗਿਆ। ਗੁਰੂ ਹਰਿ ਗੋਬਿੰਦ ਜੀ ਨੂੰ ਕੈਦ ਕਰਕੇ ਗੁਆਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਕੁਝ ਸਮੇਂ ਬਾਦ ਸਾਂਈ ਮੀਆਂ ਮੀਰ ਦੇ ਦਖਲ ਦੇਣ ਨਾਲ ਸਮਰਾਟ ਜਹਾਂਗੀਰ ਨੇ ਗੁਰੂ ਜੀ ਨੂੰ ਰਿਹਾ ਕਰ ਦਿੱਤਾ ਅਤੇ ਦੀਵਾਨ ਚੰਦੂ ਨਾਲ ਨੂੰ ਵੀ ਗੁਰੂ ਜੀ ਦੇ ਹਵਾਲੇ ਕਰ ਦਿੱਤਾ ਜਿਸ ਨੇ ਗੁਰੂ ਸ੍ਰੀ ਅਰਜਨ ਦੇਵ ਜੀ ਨੂੰ ਅਕਹਿ ਤੇ ਅਸਹਿ ਕਸ਼ਟ ਦੇ ਕੇ ਸ਼ਹੀਦ ਕਰਵਾਇਆ ਸੀ। ਉਪਰੰਤ ਜਹਾਂਗੀਰ ਨਾਲ ਗੁਰੂ ਜੀ ਦੇ ਸੰਬੰਧ ਮਿੱਤਰਤਾ ਭਰੇ ਰਹੇ।

---

50. ਅਸਲ ਇਬਾਰਤ ਇਸ ਪ੍ਰਕਾਰ ਹੈ:-

'ਦਰ ਗੋਇੰਦਵਾਲ ਕਿ ਬਰ ਕਿਨਾਰ ਦਰਿਆਏ ਬਿਆਹ ਵਾਕਿਅ ਅਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸ ਪੀਰੀ ਵਾ ਸ਼ੇਖੀ, ਚੁਨਾਂਕਿ ਬਿਸਿਆਰੇ ਅਜ਼ ਸਾਦਾ ਲੌਹਾਨੇ ਹਨੂਦ ਬਲਕਿ ਨਾਦਾਨੇ ਸਫੀਹਾਨ ਇਸਲਾਮ ਮੁਰੀਦਿ ਅਤਵਾਰ-ਓ-ਔਜ਼ਾਹਿ ਖੁਦ ਸਾਖਤਾ ਕੌਸਿ ਪੀਰੀ-ਓ-ਵਲਾਇਤ ਰਾ ਬੁਲੰਦ ਆਵਾਜ਼ਾ ਗਰਦਾਨੀਦਾ ਬੂਦ। ਊਰਾ ਗੁਰੂ ਮੀਗੁਫਤੰਦ, ਵਾ ਅਜ਼ ਅਤਰਾਫ ਜਵਾਨਿਬ ਗੋਲਾਂ ਵਾ ਗੋਲ ਪਰਸਤਾਂ ਬਦੋ ਰਜੂ ਆਵੁਰਦਾ ਇਅਤਕਾਦ ਤਮਾਮ ਬਊ ਇਜ਼ਹਾਰ ਮੀਕਰਦੰਦ। ਅਜ਼ ਸਿਹ ਚਹਾਰ ਪੁਸ਼ਤਿ ਊ ਈਂ ਦੁਕਾਨ ਰਾ ਗਰਮ ਮੀਦਾਸ਼ਤੰਦ। ਮੁਦਤਹਾ ਬਖਾਤਰ ਮੀਰਸੀਦ, ਕਿ ਈਂ ਦੁਕਾਨਿ ਬਾਤਿਲ ਰਾ ਬਰਤਰਫ ਬਾਇਦ ਸਾਖਤ, ਯਾ ਊ ਰਾ ਦਰ ਜਰਗਾ ਏ ਅਹਲਿ ਇਸਲਾਮ ਦਰ ਬਾਇਦ ਆਵੁਰਦ, ਤਾ ਆਂ ਕਿ ਦਰੀਂ ਅੱਯਾਮ ਖੁਸਰੋ ਅਜ਼ ਆਂ ਰਾਹ ਅਬੂਰ ਮੀਨਮੂਦ, ਈਂ ਮਰਦ ਕਿ ਮਜ਼ਹਲ ਇਰਾਦਾ ਕਰਦ ਕਿ ਮੁਲਾਜ਼ਮਤਿ ਊ ਦਰ ਯਾਬਦ। ਦਰ ਮੰਜ਼ਲੇ ਕਿ ਜਾਵਾ ਮੁਕਾਮਿ ਊ ਬੂਦ ਖੁਸਰੋ ਰਾ ਨਜ਼ੂਲ ਉਫਤਾਦ, ਆਮਦਾ ਊ ਰਾ ਦੀਦ ਵਾ ਬਾਅਜ਼ੇ ਮੁਕਦਮਾਤ ਫਿ ਮਾਬੀਨ ਗੁਫਤਾ ਰਾਜੂ ਰਸਾਨੀਦ, ਵਾ ਬਰ ਪੇਸ਼ਾਨੀਏ ਊ ਅੰਗੁਸ਼ਤੇ ਅਜ਼ ਜ਼ਾਫਰਾਨ ਕਿ ਦਰ-ਇਸਤਲਾਹਿ ਹਿੰਦੂਆਂ ਕਸ਼ਕਾ ਗੋਇੰਦ ਕਸ਼ੀਦ ਵਾ ਆਂ ਰਾ ਸ਼ਗੂਨ ਮੀਦਾਨੰਦ।

ਚੂੰ ਈਂ ਮੁਕਦਮਾ ਬਮਸਾਮਏ ਜਹੋ ਜਲਾਲ ਮੀਰਸਦ ਵ ਬੁਤਲਾਨੇ ਊਰਾ ਬਵਜੂਹ ਅਕਮਲ ਮੀਦਾਨਿਸਤਮ। ਅਮਰ ਕਰਦਮ ਕਿ ਊ ਰਾ ਹਾਜ਼ਰ ਸਾਖਤੰਦ ਵਾ ਮਸਾਕਿਨ ਵਾ ਮਨਾਜ਼ਿਲ ਵਾ ਫਰਜ਼ੰਦਾਨੇ ਊ ਰ ਬਮੁਰਤਜ਼ਾਖਾਨ ਇਨਾਇ ਨਮੂਦਮ ਵਾ ਅਸਬਾਬੋ ਅਮਵਾਲਿ ਊ ਰਾ ਬਕੈਦਿ ਜ਼ਬਤ ਦਰ ਆਵੁਰਦਾ ਫਰਮੂਦਮ ਊ ਰਾ ਬ-ਸਿਆਸਤ ਵਾ ਬ-ਯਾਸਾ ਰਸਾਨੰਦ।—ਤੁਜ਼ਕ ਜਹਾਂਗੀਰੀ, ਪੰ:35, ਪੰਜਾਬੀ ਦੁਨੀਆਂ, ਜੂਨ,ਜੁਲਾਈ, 1953, ਪੰ0 60–62 ਤੋਂ ਪ੍ਰ43)

ਗੁਰੂ ਹਰਿ ਗੋਬਿੰਦ ਸਾਹਿਬ ਤੇ ਸ਼ਾਹਜਹਾਨ ਸਮਰਾਟ ਦੇ ਸੰਬੰਧ ਵਿਗੜ ਗਏ। ਮੁਗਲ ਸੈਨਾਂ ਤੇ ਗੁਰੂ ਜੀ ਵਿਚਾਲੇ ਤਿੰਨ ਲੜਾਈਆਂ (ਅੰਮ੍ਰਿਤਸਰ, ਰੁਹਿਲਾ ਤੇ ਕਰਤਾਰਪੁਰ) ਹੋਈਆਂ, ਦੋਹਾਂ ਪਾਸੇ ਬਹੁਤ ਨੁਕਸਾਨ ਹੋਇਆ। ਭਾਵੇਂ ਲੜਾਈਆਂ ਦੇ ਕਾਰਣ ਬੜੇ ਮਾਮੂਲੀ ਹੁੰਦੇ ਸਨ ਪਰ ਅਸਲ ਵਿਚ ਇਸ ਪਿਛੇ ਪਿਛਲੀ ਦੁਸ਼ਮਨੀ ਹੀ ਸੀ। ਹਰ ਲੜਾਈ ਵਿਚ ਗੁਰੂ ਜੀ ਨੂੰ ਸਫਲਤਾ ਪ੍ਰਾਪਤ ਹੋਈ।[51] ਫਲਸਰੂਪ ਸਿੱਖਾਂ ਵਿਚ ਆਤਮ ਵਿਸ਼ਵਾਸ ਅਤੇ ਆਪਣੀ ਸ਼ਕਤੀ ਤੇ ਮਹੱਤਵ ਦੀ ਭਾਵਨਾ ਪੈਦਾ ਹੋ ਗਈ। ਉਸ ਸਮੇਂ ਤਕ ਉਹ ਮੁਸਲਮਾਨਾਂ ਦੇ ਪੈਰਾਂ ਥੱਲੇ ਦੱਬੇ ਹੋਏ ਸਨ, ਪਰ ਹੁਣ ਉਨ੍ਹਾਂ ਨੂੰ ਪਹਿਲੀ ਵਾਰ ਮਾਲੂਮ ਹੋਇਆ ਕਿ ਠੀਕ ਅਗਵਾਈ ਹੇਠਾਂ ਰਹਿ ਕੇ ਮੁਸਲਮਾਨਾਂ ਦੀ ਬਰਾਬਰੀ ਅਤੇ ਮੁਕਾਬਲੇ ਵਿਚ ਆ ਸਕਦੇ ਹਨ, ਸਗੋਂ ਉਨ੍ਹਾਂ ਨਾਲੋਂ ਵੀ ਚੰਗੇਰੇ ਬਣ ਸਕਦੇ ਹਨ।[52] ਆਪਣੇ ਜੀਵਨ ਕਾਲ ਦੇ ਆਖਰੀ 11 ਸਾਲ ਗੁਰੂ ਜੀ ਕੀਰਤਪੁਰ ਸਾਹਿਬ ਚਲੇ ਗਏ। ਅਤੇ ਸੁਖ ਸ਼ਾਂਤੀ ਨਾਲ ਹੀ ਰਹੇ।

ਗੁਰੂ ਹਰਿ ਰਾਏ ਜੀ ਦਾ ਸ਼ਾਹਜਹਾਨ ਨਾਲ ਕੋਈ ਯੁੱਧ ਨਹੀਂ ਹੋਇਆ। ਭਾਵੇਂ ਗੁਰੂ ਜੀ ਹਰ ਸਮੇਂ ਸਵੈ-ਰੱਖਿਆ ਲਈ 2200 ਸ਼ਸਤਰ ਬੱਧ ਜਵਾਨ ਆਪਣੇ ਨਾਲ ਰਖਦੇ ਸਨ। ਸਮਰਾਟ ਸ਼ਾਹਜਹਾਨ ਦੇ ਵੱਡੇ ਲੜਕੇ ਦਾਰਾ ਨੇ ਗੁਰੂ ਜੀ ਨਾਲ ਸੰਬੰਧ ਵਧਾਏ। ਉਸ ਦੇ ਬੀਮਾਰ ਹੋਣ ਤੇ ਸਮਰਾਟ ਦੁਆਰਾ ਬੇਨਤੀ ਕਰਨ ਤੇ ਗੁਰੂ ਜੀ ਦੁਆਰਾ ਭੇਜੀ ਗਈ ਦੁਆਈ ਨਾਲ ਦਾਰਾ ਨੂੰ ਆਰਾਮ ਆ ਗਿਆ। ਸਮਰਾਟ ਨੇ ਗੁਰੂ ਜੀ ਪ੍ਰਤੀ ਦੁਸ਼ਮਣੀ ਭੁਲਾ ਦਿੱਤੀ।[53]

ਤਖਤ ਨਸ਼ੀਨੀ ਦੇ ਸੰਘਰਸ਼ ਵਿਚ ਸਾਮੂਗੜ੍ਹ ਦੀ ਲੜਾਈ ਵਿਚ ਪਰਾਜਿਤ ਹੋ ਕੇ ਔਰੰਗਜ਼ੇਬ ਦਾ ਵੱਡਾ ਭਰਾ ਦਾਰਾ ਪੰਜਾਬ ਵਲ ਨਠ ਕੇ ਆਇਆ ਤੇ ਇਥੋਂ ਦੇ ਸਰਦਾਰਾਂ ਤੋਂ ਇਲਾਵਾ ਉਹ ਗੁਰੂ ਹਰਿ ਰਾਏ ਜੀ ਦੇ ਦਰਬਾਰ ਵਿਚ ਵੀ ਹਾਜ਼ਰ ਹੋਇਆ। [illegible] ਮਾਰੂ ਨੀਤੀ ਨਾਲ ਔਰੰਗਜ਼ੇਬ ਨੇ ਸ਼ਾਹਜਹਾਨ ਦੇ ਰਾਜ ਸਿੰਘਾਸਨ ਤੇ ਕਬਜ਼ਾ ਕਰ ਲਿਆ। ਰਾਜ ਗੱਦੀ ਪ੍ਰਾਪਤ ਕਰਨ ਤੋਂ ਬਾਅਦ ਉਸ ਨੇ ਆਪਣੇ ਵਿਰੋਧੀਆਂ ਦਾ ਖਾਤਮਾ ਕੀਤਾ। ਦਾਰਾ ਦੀ ਕੱਥਿਤ ਮਦਦ ਦੇ ਕਾਰਨ ਔਰੰਗਜ਼ੇਬ ਨੇ ਗੁਰੂ ਹਰਿ ਰਾਏ ਨੂੰ ਤਲਬ ਕੀਤਾ, ਪਰੰਤੂ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਭੇਜਿਆ। ਉਸ ਨੇ ਗੁਰੂ ਜੀ ਦੀ ਆਗਿਆ ਦੇ ਉਲਟ ਮੁਗਲ ਦਰਬਾਰ ਵਿਚ ਕਰਾਮਾਤਾਂ ਦਿਖਾਈਆਂ ਤੇ ਗੁਰੂ ਨਾਨਕ ਦੁਆਰਾ ਰਚਿਤ ਬਾਣੀ ਦੀ ਇਕ ਤੁਕ ਵੀ ਬਦਲ ਦਿੱਤੀ।[54] ਜਿਸ ਕਾਰਨ ਗੁਰੂ ਹਰਿ ਰਾਏ ਜੀ ਨੇ ਉਸ ਨੂੰ ਗੁਰ ਗੱਦੀ ਦੇ ਹੱਕ ਤੋਂ ਵੰਚਿਤ ਕਰ ਦਿੱਤਾ ਤੇ ਉਸ

---

51. Advanced History of the Panjab, P-216-220, Dr. G.S. Chhabra.
52. Evolution of the Khalsa, Vol.II, P-34, Indu Bhushan Bannerjee.
53. The Sikh Religion, Vol.IV, P.277-79, Macauliffe.
54. 'ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮ੍ਹਿਆਰ' (ਵਾਰ ਆਸਾ ਮਹਲਾ 1, ਪਉੜੀ 6 ਦੇ ਨਾਲ ਸਲੋਕ ਸ਼ਬਦਾਰਥ ਪੰ: 466), ਦੀ ਥਾਂ ਉਸ ਨੇ 'ਮਿਟੀ ਬੇਈਮਾਨ ਕੀ' ਕਰ ਦਿੱਤਾ ਸੀ।

ਦੀ ਥਾਂ ਛੋਟੇ ਪੁੱਤਰ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਗੁਰਿਆਈ ਦੇ ਦਿੱਤੀ।[55]

ਰਾਮਰਾਏ ਨੇ ਸਮਰਾਟ ਪਾਸ ਗੁਰਗੱਦੀ ਦੇ ਹੱਕ ਬਾਰੇ ਸ਼ਿਕਾਇਤ ਕੀਤੀ। ਸਮਰਾਟ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਤਲਬ ਕੀਤਾ।[56] ਗੁਰੂ ਜੀ ਰਾਜਾ ਜੈ ਸਿੰਘ ਨਾਲ ਦਿੱਲੀ ਤਾਂ ਲੈ ਗਏ, ਪਰੰਤੂ ਉਨ੍ਹਾਂ ਨੇ ਸਮਰਾਟ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਉਥੇ ਉਹਨਾਂ ਨੂੰ ਚੇਚਕ ਨਿਕਲ ਆਈ ਤੇ ਜੋਤੀ ਜੋਤ ਸਮਾ ਗਏ।

ਗੁਰੂ ਤੇਗ ਬਹਾਦਰ ਜੀ ਨਾਲ ਔਰੰਗਜ਼ੇਬ ਦੀ ਰਾਜਸੀ ਟੱਕਰ ਹੋਈ। ਇਸਲਾਮੀ ਰਾਜ ਦੇ ਸਿਧਾਂਤ ਵਿਚ ਵਿਸ਼ਵਾਸ ਰਖਣ ਵਾਲੇ ਸਮਰਾਟ ਨੇ ਭਾਰਤ ਵਿਚ ਵਸਦੀ ਬਹੁ ਗਿਣਤੀ ਹਿੰਦੂ ਜਨਤਾ ਨੂੰ ਇਸਲਾਮ ਵਿਚ ਲਿਆਉਣ ਲਈ ਹਰ ਸੰਭਵ ਯਤਨ ਕੀਤੇ।[57] ਕਸ਼ਮੀਰ ਤੇ ਬਹੁਤ ਸਖਤੀ ਕੀਤੀ ਗਈ। ਜੋ ਹਿੰਦੂ ਜਬਰਦਸਤੀ ਕਰਨ ਤੇ ਵੀ ਮੁਸਲਮਾਨ ਬਣਨ ਲਈ ਨਾ ਮੰਨੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਕਸ਼ਮੀਰੀ ਬ੍ਰਾਹਮਣਾਂ ਦੀ ਫਰਿਆਦ ਕਰਨ ਤੇ, ਗੁਰੂ ਜੀ ਨੇ ਧਰਮ ਦੀ ਰਖਿਆ ਲਈ 1675 ਈ: ਵਿਚ ਦਿੱਲੀ ਵਿਖੇ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦੀ ਪਾਈ।

ਇਹ ਸ਼ਹੀਦੀ ਅੱਗ ਦਾ ਗੋਲਾ ਸਾਬਤ ਹੋਈ। ਇਸ ਨੇ ਉਨ੍ਹਾਂ ਦੇ ਬੇਟੇ, ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖਾਂ ਨੂੰ ਕਰਾਰੇ ਸੈਨਿਕਾਂ ਵਿਚ ਤਬਦੀਲ ਕਰਨ ਵਿਚ ਸਹਾਇਤਾ ਕੀਤੀ।[58] ਉਨ੍ਹਾਂ ਦੀ ਸ਼ਹਾਦਤ ਹਿੰਦੂਆਂ ਨੇ ਆਪਣੇ ਲਈ ਹੋਈ ਮੰਨ ਲਿਆ ਤੇ ਸਾਰਾ ਪੰਜਾਬ ਗੁੱਸੇ ਅਤੇ ਬਦਲੇ ਦੀ ਅੱਗ ਵਿਚ ਭੜਕ ਉਠਿਆ।[59] ਗੁਰੂ ਜੀ ਦੀ ਸ਼ਹਾਦਤ ਸਦਕਾ ਪੰਜਾਬ ਵਿਚ ਇਕ ਐਸਾ ਤੂਫਾਨ ਉਠਿਆ ਜੋ ਔਰੰਗਜ਼ੇਬ ਦੀ ਹਕੂਮਤ ਨੂੰ ਇੰਜ ਰੁੜਾ ਕੇ ਲੈ ਗਿਆ ਜਿਵੇਂ ਇਹ ਕਿਸੇ ਸੜਕ ਤੇ ਇਕ ਸੁਕਿਆ ਪੱਤਾ ਹੋਵੇ।[60] ਅਸਲ ਵਿਚ ਇਸ ਸ਼ਹਾਦਤ ਨੇ ਮਜਬੂਰ ਕਰ ਦਿੱਤਾ ਕਿ ਸਿਖ ਕੌਮ ਪੂਰਨ ਤੌਰ ਤੇ ਸ਼ਸਤਰਬੱਧ ਹੋਵੇ।[61] ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਖਾਲਸੇ ਦੇ ਰੂਪ ਵਿਚ ਪੂਰਨ ਸੈਨਿਕ ਸੰਗਠਨ ਮੁਗਲ ਰਾਜ ਲਈ ਪਤਨ ਦਾ ਕਾਰਣ ਸਿੱਧ ਹੋਇਆ ਤੇ ਆਖਰ ਉਨ੍ਹਾਂ ਨੇ ਪੰਜਾਬ ਵਿਚ ਆਪਣਾ ਸੁਤੰਤਰ ਰਾਜ ਸਥਾਪਿਤ ਕਰ ਲਿਆ।

(ੲ) <u>ਸ਼ਾਸਨ ਪ੍ਰਬੰਧ</u>:

ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਰਾਜਨੀਤਕ ਪੱਖ ਉਜਾਗਰ ਕਰਨ ਲਈ ਤਤਕਾਲੀਨ ਰਾਜਨੀਤਕ ਵਿਵਸਥਾ ਅਤੇ ਸੁਲਤਾਨਾਂ/ਸਮਰਾਟਾਂ ਤੇ ਗੁਰੂ ਸਾਹਿਬਾਨ ਦੇ ਸੰਬੰਧਾਂ ਤੇ ਵਿਚਾਰ ਕਰਨ ਉਪਰੰਤ ਹੁਣ ਅਸੀਂ

---

55. Evolution of the Khalsa, Vol.II, P-52, Indu Bhushan Bannerjee.
56. Advanced History of the Panjab, P-232, Dr. G.S. Chhabra.
57. Religious Policy of the Mughal Emperors, P-162, S.R. Sharma.
58. ਉਹੀ, ਪੰ: 166.
59. Transformation of Sikhism, P-116, G.C. Narang.
60. History of the Panjab, P-134, Dr. K.S. Narang and Dr. H.R.Gupta.
61. History of the Panjab, P-261, S.Mohd Latif.

ਤਤਕਾਲੀਨ ਸ਼ਾਸਨ ਪ੍ਰਬੰਧ ਬਾਰੇ ਵਿਵੇਚਨ ਕਰਾਂਗੇ ਅਤੇ ਆਦਿ ਗ੍ਰੰਥ ਦੇ ਗੁਰੂ-ਕਥਨਾਂ ਦੁਆਰਾ ਕਰਤੱਵਹੀਨ ਸ਼ਾਸਕ ਤੇ ਅਨਿਆਂਸ਼ੀਲ ਕਰਮਚਾਰੀ ਵਰਗ ਦੀ ਆਲੋਚਨਾ ਦਾ ਵਰਣਨ ਕਰਾਂਗੇ। ਇਸ ਤੋਂ ਇਲਾਵਾ ਗੁਰੂ-ਕਾਵਿ ਵਿਚ ਵਰਣਿਤ ਆਦਰਸ਼ਕ ਰਾਜੇ ਅਤੇ ਰਾਮ ਰਾਜ ਦੇ ਵਿਕਲਪ ਦੀ ਚਰਚਾ ਵੀ ਕੀਤੀ ਜਾਵੇਗੀ।

ਸੁਲਤਾਨ/ਬਾਦਸ਼ਾਹ:-

ਦਿੱਲੀ ਦੇ ਸੁਲਤਾਨ ਅਤੇ ਬਾਦਸ਼ਾਹ (ਸਮਰਾਟ) ਰਾਜ ਦੇ ਦੈਵੀ ਸਿਧਾਂਤ (Divine right of Kingship) ਵਿਚ ਵਿਸ਼ਵਾਸ ਰਖਦੇ ਸਨ। ਉਹ ਆਪਣੇ ਆਪ ਨੂੰ ਧਰਤੀ ਉਤੇ ਖੁਦਾ ਦੇ ਪ੍ਰਤਿਨਿਧ ਦੇ ਰੂਪ ਵਿਚ ਮੰਨ ਕੇ ਨਿਰੰਕੁਸ਼ ਨੀਤੀ ਦੇ ਧਾਰਨੀ ਸਨ।

ਸੁਲਤਾਨ ਦੀ ਇੱਛਾ ਹੀ ਕਾਨੂੰਨ ਹੁੰਦਾ ਸੀ। ਮੰਤਰੀ ਮੰਡਲ ਉਸ ਸਮੇਂ ਵੀ ਹੁੰਦਾ ਸੀ। ਪਰੰਤੂ ਉਸ ਨੂੰ ਅਜੋਕੀ ਕਾਰਜਪਾਲਕਾ ਵਾਂਗ ਅਧਿਕਾਰ ਨਹੀਂ ਸਨ ਹੁੰਦੇ। ਇਸੇ ਪ੍ਰਕਾਰ ਨਿਆਂਪਾਲਕਾ ਦਾ ਮੁਖੀ ਵੀ ਸੁਲਤਾਨ ਆਪ ਹੀ ਹੁੰਦਾ ਸੀ। ਇਸ ਦੇ ਨਾਲ ਉਹ ਮੁਖ ਸੈਨਾਪਤੀ ਵੀ ਆਪ ਹੀ ਸੀ। ਇਸ ਲਈ ਉਸ ਦੀ ਸ਼ਕਤੀ ਨੂੰ ਕੋਈ ਮਨੁੱਖ ਚੁਣੌਤੀ ਨਹੀਂ ਸੀ ਦੇ ਸਕਦਾ।

ਸੁਲਤਾਨਾਂ ਦੀ ਸਲਤਨਤ ਵਿਚ ਖਲੀਫ਼ੇ ਦੀ ਪ੍ਰਭੂਸੱਤਾ ਨੂੰ ਵੀ ਸਵਿਕਾਰਿਆ ਜਾਂਦਾ ਸੀ। ਅਲਾਉਦੀਨ ਖਿਲਜੀ ਅਤੇ ਉਸਦੇ ਪੁੱਤਰ ਕੁੱਤਬ-ਉਦ-ਦੀਨ ਮੁਬਾਰਿਕ ਤੋਂ ਇਲਾਵਾ ਦਿੱਲੀ ਦੇ ਸਾਰੇ ਸੁਲਤਾਨਾਂ ਨੇ ਇਸ ਪਰੰਪਰਾ ਨੂੰ ਜਾਰੀ ਰਖਿਆ ਅਤੇ ਖੁਤਬੇ ਵਿਚ ਅਤੇ ਆਪਣੇ ਸਿੱਕਿਆਂ ਤੇ ਖਲੀਫ਼ੇ ਦਾ ਨਾਂ ਖੁਦਵਾਂਦੇ ਰਹੇ।[62]

ਬਾਬਰ ਨੇ ਦਿੱਲੀ ਤੇ ਕਬਜ਼ਾ ਕਰਨ ਉਪਰੰਤ ਸੁਲਤਾਨ ਦੀ ਬਜਾਏ 'ਬਾਦਸ਼ਾਹ' (ਸਮਰਾਟ) ਦੀ ਪਦਵੀ ਧਾਰਨ ਕੀਤੀ, ਭਾਰਤ ਤੋਂ ਬਾਹਰ ਦੇ ਕਿਸੇ ਖਲੀਫ਼ੇ ਦੀ ਪ੍ਰਭੂਸੱਤਾ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਆਪ ਨੂੰ ਆਪਣੇ ਸਮੇਂ ਦਾ ਖਲੀਫ਼ਾ ਆਖਿਆ।[63] ਇਸੇ ਤਰ੍ਹਾਂ ਹੀ ਉਸ ਦੇ ਉਤਰ-ਅਧਿਕਾਰੀਆਂ ਨੇ ਵੀ ਆਪਣੇ ਤੋਂ ਸਿਵਾਇ ਕਿਸੇ ਹੋਰ ਨੂੰ ਇਸਲਾਮ ਜਾਂ ਸ਼ਰ੍ਹਾ ਦਾ ਮੁਖੀ ਨਹੀਂ ਮੰਨਿਆ।

ਕੁਰਾਨ ਦੇ ਸਿਧਾਂਤ ਅਨੁਸਾਰ ਸਮਰਾਟ ਅਮੀਰ-ਉਲ-ਮੋਮਨ ਅਤੇ ਮੁਸਲਿਮ ਜਮੀਅਤ ਪ੍ਰਤੀ ਉਤਰਦਾਈ ਸੀ, ਪਰੰਤੂ ਵਿਵਹਾਰਿਕ ਰੂਪ ਵਿਚ ਉਹ ਪਰਜਾ ਦਾ ਸ਼ਾਸਕ ਅਤੇ ਧਾਰਮਿਕ ਮੁਖੀਆ ਅਤੇ ਗੈਰ ਮੁਸਲਿਮ ਪਰਜਾ ਦਾ ਵੀ ਸ਼ਾਸਕ ਸੀ। ਕੁਰਾਨ ਦੇ ਨਿਯਮਾਂ ਦੇ ਉਲਟ ਚਲਣ ਤੇ ਉਲਮਾਂ ਵਲੋਂ ਉਸ ਤੇ ਫਤਵਾ ਲਗਾਇਆ ਜਾ ਸਕਦਾ ਸੀ, ਪਰੰਤੂ ਜਦੋਂ ਤਕ ਸਮਰਾਟ ਸ਼ਕਤੀਸ਼ਾਲੀ ਸੈਨਾ ਦਾ ਮਾਲਕ ਰਹਿੰਦਾ, ਉਦੋਂ ਤਕ ਫਤਵਾ ਕੇਵਲ ਕਾਗਜ਼ ਦਾ ਪੁਰਜ਼ਾ ਹੀ ਸਮਝਿਆ ਜਾਂਦਾ ਸੀ।[64]

---

62. Medieval Indian Culture, P-8-9, A.L. Srivastva.
63. ਉਹੀ, ਪੰ: 9.
64. The Mughal Empire, P-490, S.M. Jaffar.

ਸੂਰੀ ਬੰਸ ਦੇ ਸ਼ਾਸਕ ਵੀ ਨਿਰੰਕੁਸ਼ ਸਨ। ਸ਼ੇਰਸ਼ਾਹ ਰਾਜ ਦੀਆਂ ਸਾਰੀਆਂ ਸ਼ਕਤੀਆਂ ਦਾ ਸੋਮਾ ਸੀ ਅਤੇ ਕਿਸੇ ਵੀ ਮਨੁੱਖੀ ਸ਼ਕਤੀ ਸਾਹਵੇਂ ਜੁਆਬਦੇਹ ਨਹੀਂ ਸੀ।[65] ਭਾਵੇਂ ਉਹ ਕੱਟੜ ਸੁੰਨੀ ਸੀ ਫਿਰ ਵੀ ਉਸ ਨੇ ਉਲਮਾ ਨੂੰ ਰਾਜਨੀਤੀ ਵਿਚ ਦਖ਼ਲ ਨਹੀਂ ਦੇਣ ਦਿੱਤਾ।[56]

ਮੁਗ਼ਲ ਬਾਦਸ਼ਾਹ ਆਪਣੇ ਆਪ ਨੂੰ ਜ਼ਿਲ-ਇ-ਇਲਾਹੀ (ਪ੍ਰਮਾਤਮਾ ਦੀ ਛਾਇਆ) ਸਮਝਦੇ ਸਨ। ਅਬੁਲ ਫ਼ਜ਼ਲ ਨੇ ਰਾਜੇ ਦੀ ਪਦਵੀ ਨੂੰ ਆਮ ਆਦਮੀ ਤੋਂ ਉਚੇਰੀ ਦੱਸਿਆ ਕਿਉਂਕਿ ਰਾਜਾ ਧਰਤੀ ਤੇ ਪਰਮਾਤਮਾ ਦਾ ਪ੍ਰਤਿਨਿਧ ਹੈ। ਉਸ ਨੂੰ ਪਰਜਾ ਨਾਲ ਮਾਤਾ-ਪਿਤਾ ਵਾਲਾ ਵਿਵਹਾਰ ਕਰਨਾ ਚਾਹੀਦਾ ਹੈ। ਸਭ ਸ਼੍ਰੇਣੀਆਂ ਤੇ ਧਰਮਾਂ ਦੇ ਲੋਕਾਂ ਨੂੰ ਜੇ ਉਹ ਇੱਕੋ ਅੱਖ ਨਾਲ ਨਹੀਂ ਵੇਖਦਾ ਤਾਂ ਉਸ ਨੂੰ ਰਾਜੇ ਦਾ ਪੱਦ ਹੀ ਨਹੀਂ ਧਾਰਣ ਕਰਨਾ ਚਾਹੀਦਾ।[67]

ਰਾਜੇ ਦੇ ਕਰੱਤਵਾਂ ਬਾਰੇ 'ਆਈਨ-ਇ-ਅਕਬਰੀ' ਵਿਚ ਵੀ ਵਰਣਨ ਆਉਂਦਾ ਹੈ ਕਿ ਰਾਜੇ ਨੂੰ ਆਪਣੀ ਪਰਜਾ ਦਾ ਸ਼ੁਭ ਚਿੰਤਕ ਅਤੇ ਸਰਪ੍ਰਸਤ ਹੋਣਾ ਚਾਹੀਦਾ ਹੈ। ਉਸ ਨੂੰ ਨਿਆਂਸ਼ੀਲ, ਨਿਰਪੱਖ ਅਤੇ ਭਲਾਈ ਕਰਨ ਵਾਲਾ ਹੋਣਾ ਚਾਹੀਦਾ ਹੈ। ਉਸ ਨੂੰ ਚੰਗਾ ਪ੍ਰਬੰਧਕ ਹੋਣਾ ਚਾਹੀਦਾ ਹੈ। ਸਮਰਾਟ ਨੂੰ ਵਿਸ਼ੇਸ਼ ਤੌਰ ਤੇ ਅਤਿਆਚਾਰੀ ਨਹੀਂ ਹੋਣਾ ਚਾਹੀਦਾ। ਰਾਜੇ ਨੂੰ ਆਪਣੀ ਸਲਤਨਤ ਵਿਚਲੇ ਸਭ ਧਰਮਾਂ ਪ੍ਰਤੀ ਸਹਿਣਸ਼ੀਲ ਹੋਣਾ ਚਾਹੀਦਾ ਹੈ।[68]

ਰਾਜ ਦੇ ਦੈਵੀ ਸਿਧਾਂਤ ਅਧੀਨ ਸੁਲਤਾਨ ਅਤੇ ਬਾਦਸ਼ਾਹ ਰਾਜ ਕਰਨਾ ਆਪਣਾ ਹੱਕ ਸਮਝਦੇ ਸਨ, ਪਰੰਤੂ ਮੁਸਲਮਾਨ ਹੋਣ ਦੇ ਨਾਤੇ ਉਨ੍ਹਾਂ (ਅਕਬਰ ਨੂੰ ਛੱਡ ਕੇ) 'ਇਸਲਾਮੀ ਰਾਜ ਦਾ ਸਿਧਾਂਤ' (Muslim Theocracy) ਅਪਣਾਇਆ ਸੀ। ਉਹ ਉਲਮਾਂ ਤੇ ਕਾਜ਼ੀ ਦੁਆਰਾ ਕੁਰਾਨ ਦੀ ਵਿਆਖਿਆ ਅਨੁਸਾਰ ਰਾਜ ਪ੍ਰਬੰਧ ਚਲਾਉਂਦੇ ਸਨ। ਇਸ ਸਿਧਾਂਤ ਅਨੁਸਾਰ ਮੁਸਲਿਮ ਸ਼ਾਸਕ ਦਾ ਸਭ ਤੋਂ ਵੱਡਾ ਕਰਤੱਵ ਇਸਲਾਮ-ਵਿਰੋਧੀਆਂ ਵਿਰੁੱਧ ਜਹਾਦ ਕਰਨਾ, ਉਨ੍ਹਾਂ ਨੂੰ ਇਸਲਾਮੀ ਸਲਤਨਤ ਵਿਚ ਮਿਲਾਉਣਾ ਅਤੇ ਹਿੰਦ ਦੇ ਲੋਕਾਂ ਨੂੰ ਇਸਲਾਮ ਧਾਰਨ ਕਰਵਾਉਣਾ ਸੀ।[69]

ਇਸਲਾਮੀ ਰਾਜ ਦੇ ਸਿਧਾਂਤ ਅਨੁਸਾਰ ਉਲਮਾ ਇਕ ਵਿਸ਼ੇਸ਼ ਅਧਿਕਾਰੀ ਹੁੰਦਾ ਸੀ, ਜੋ ਵੇਖਦਾ ਸੀ ਕਿ ਸਮਰਾਟ ਇਸਲਾਮੀ ਪਰੰਪਰਾਵਾਂ ਅਨੁਸਾਰ ਰਾਜ ਕਰਦਾ ਹੈ ਜਾਂ ਨਹੀਂ। ਗਲਤੀ ਕਰਨ ਤੇ ਸਮਰਾਟ ਤੇ ਉਹ ਫਤਵਾ ਲਗਾ ਸਕਦਾ ਸੀ। ਸ਼ਰੀਅਤ ਦੀ ਵਿਆਖਿਆ ਕਰਨ ਕਰਕੇ ਰਾਜਨੀਤੀ ਵਿਚ ਉਸ ਦਾ

---

65. Sher Shah was the fountain of all the authority. He was the shadow of God on earth, answerable to no human authority.
---- The Mughal Empire, P-42, S.M. Jaffar.

66. The Mughal Empire, P-182, Dr. Ishwari Prasad.

67. Akbar Nama, Vol.II, P-265, Beveridge, Vol.II, P-421.

68. Ain-i-Akbari, Vol III, P-451, Blochmann.

69. Aurangzeb, Vol.III, P-249, J.N.Sarkar.

ਵਿਸ਼ੇਸ਼ ਸਥਾਨ ਸੀ। ਉਲਮਾ ਬੜੇ ਤੰਗ ਦਿਲ ਹੁੰਦੇ ਸਨ। ਸ਼ਕਤੀ, ਘੁਮੰਡ ਅਤੇ ਫਿਰਕਾਪ੍ਰਸਤੀ ਨਾਲ ਭਰਪੂਰ ਉਲਮਾਵਾਂ ਦੁਆਰਾ ਕੁਫ਼ਰ ਦੇ ਦੋਸ਼ ਵਜੋਂ ਵੱਡੀ ਗਿਣਤੀ ਵਿਚ ਗੈਰ ਮੁਸਲਮਾਨਾਂ ਨੂੰ ਮੌਤ ਦੀ ਸਜ਼ਾ ਦਿਵਾਈ ਗਈ। ਉਹ ਖੁਦ ਇਕ ਮੁਸਲਮਾਨ ਨੂੰ ਉਤਨੀ ਹੀ ਘ੍ਰਿਣਾ ਕਰਦੇ ਸਨ, ਜਿੰਨੀ ਕਿ ਉਹ ਗੈਰ ਮੁਸਲਿਮ ਅਬਾਦੀ ਸ਼ੀਆਂ ਨੂੰ, ਵਿਸ਼ੇਸ਼ ਤੌਰ ਤੇ ਹਿੰਦੂਆਂ ਨੂੰ ਤਾਂ ਬਹੁਤ ਹੀ ਘ੍ਰਿਣਾ ਦੀ ਨਿਗਾਹ ਨਾਲ ਵੇਖਦੇ ਸਨ। ਉਹ ਸਮਰਾਟ ਦੁਆਰਾ ਹਿੰਦੂਆਂ ਨੂੰ ਦਿੱਤੀ ਗਈ ਕਿਸੇ ਵੀ ਰਿਆਇਤ ਨੂੰ ਸਹਿਣ ਨਹੀਂ ਸਨ ਕਰਦੇ।[70] ਕਿਉਂਕਿ ਉਲਮਾ ਸਰਕਾਰੀ ਕਰਮਚਾਰੀ ਹੁੰਦੇ ਸਨ, ਇਸ ਲਈ ਸਮਰਾਟ ਆਪਣੇ ਸਵਾਰਥ ਲਈ ਉਨ੍ਹਾਂ ਦੀ ਧਾਰਮਿਕ ਪ੍ਰਭੂਤਾ ਦਾ ਸ਼ੋਸ਼ਣ ਵੀ ਕਰ ਲੈਂਦੇ ਸਨ। ਕਈ ਵਾਰ ਸਾਹਸੀ ਉਲਮਾ ਤੇਜ਼ੀ ਨੇਤਾਵਾਂ ਦੀਆਂ ਸਾਜ਼ਸ਼ਾਂ ਵਿਚ ਸ਼ਾਮਿਲ ਹੋ ਜਾਂਦੇ ਸਨ। ਬਹੁਤ ਸਾਰੇ ਸਮਰਾਟ ਅਜਿਹੇ ਸਮਿਆਂ ਤੇ ਸੂਫੀਆਂ ਦੀ ਮਦਦ ਨਾਲ ਪਰਿਸਥਿਤੀਆਂ ਤੇ ਕਾਬੂ ਪਾ ਲੈਂਦੇ ਸਨ। ਕੋਈ ਵੀ ਸਮਰਾਟ, ਉਲਮਾ, ਸੂਫੀ ਤੇ ਸੈਨਿਕ ਅਫਸਰਾਂ ਦੀ ਮਦਦ ਤੋਂ ਬਿਨਾ ਸਫਲਤਾ ਨਾਲ ਸ਼ਕਤੀ ਦਾ ਪ੍ਰਯੋਗ ਨਹੀਂ ਸੀ ਕਰ ਸਕਦਾ।[71] ਉਲਮਾ ਨੂੰ ਸਮਰਾਟ ਦੀ ਸਰਪ੍ਰਸਤੀ ਦੀ ਲੋੜ ਹੁੰਦੀ ਸੀ, ਇਸ ਲਈ ਉਸ ਦੀ ਇੱਛਾ ਅਨੁਸਾਰ ਉਲਮਾ ਇਸਲਾਮੀ ਸ਼ਰ੍ਹਾ ਦੀ ਵਿਆਖਿਆ ਕਰਕੇ ਫਤਵਾ ਦੇ ਦਿੰਦੇ ਸਨ। ਇਸ ਪ੍ਰਕਾਰ ਇਹ ਦੋਵੇਂ ਆਪਣੇ ਸਵਾਰਥ ਦੀ ਖਾਤਰ ਇਕ ਦੂਜੇ ਨਾਲ ਜੁੜੇ ਹੋਏ ਸਨ।[72] ਗੈਰ ਮੁਸਲਿਮ ਜਨਤਾ ਤੇ ਸਮਰਾਟਾਂ ਦੁਆਰਾ ਅਤਿਆਚਾਰ ਦੇ ਬਹੁਤੇ ਜ਼ਿੰਮੇਵਾਰ ਇਹ ਉਲਮਾ ਵੀ ਕਹੇ ਜਾ ਸਕਦੇ ਹਨ।[73]

ਇਨ੍ਹਾਂ ਕਾਫ਼ਰਾਂ (ਗੈਰ-ਮੁਸਲਿਮ) ਦਾ ਵਿਨਾਸ਼ ਸੁਲਤਾਨਾਂ/ਬਾਦਸ਼ਾਹਾਂ ਦਾ ਮੁੱਖ ਕਰਤੱਵ ਸੀ ਤੇ ਇਸ ਨੂੰ ਉਹ ਸਵਾਬ (ਪੁੰਨ) ਸਮਝਦੇ ਸਨ। ਇਸਲਾਮੀ ਰਾਜ ਦੇ ਸਿਧਾਂਤ ਅਨੁਸਾਰ ਕੇਵਲ ਮੁਸਲਮਾਨਾਂ ਨੂੰ ਹੀ ਨਾਗਰਿਕਤਾ ਦੇ ਪੂਰੇ ਅਧਿਕਾਰ ਪ੍ਰਾਪਤ ਸਨ।[74]

ਇਸਲਾਮ ਦੀ ਸ਼ਰ੍ਹਾ ਅਨੁਸਾਰ ਰਾਜ ਕਰਨ ਦੇ ਸਿਧਾਂਤ ਨੇ ਦਿੱਲੀ ਦੇ ਸੁਲਤਾਨਾਂ ਨੂੰ ਮਜਬੂਰ ਕੀਤਾ ਕਿ ਉਹ ਅਜਿਹੀ ਨੀਤੀ ਅਪਨਾਉਣ ਜਿਸ ਨਾਲ ਉਨ੍ਹਾਂ ਦੇ ਰਾਜ ਦੀ ਵੱਡੀ ਆਬਾਦੀ ਭਾਵ ਹਿੰਦੂ ਕਮਜ਼ੋਰ ਹੋ ਜਾਣ, ਉਨ੍ਹਾਂ ਵਿਚ ਅਨੈਤਿਕਤਾ ਆ ਜਾਵੇ, ਉਨ੍ਹਾਂ ਦੀ ਸ਼ਕਤੀ ਤੇ ਸ਼ਾਨ ਇਸ ਹੱਦ ਤੱਕ ਖਤਮ ਕੀਤੀ ਜਾਵੇ ਕਿ ਉਨ੍ਹਾਂ ਵਿਚ ਹੀਣਤਾ ਦੀ ਭਾਵਨਾ (Inferiority complex) ਪੈਦਾ ਹੋ ਜਾਵੇ।[75]

---

70. The Mughal Empire, P-118, S.M. Jaffar.
71. The Religious and Intellectual History of Muslims in Akbar's Reign, P-6, Dr. S.A.A. Rizvi.
72. Guru Nanak and His Times, P-24, A.C. Bannerjee.
73. Medieval Indian Culture, P-6, A.L. Srivastva.
74. 'In Islamic Theocracy only Muslims were entitled to full citizenship and all privileges following from that status.
----Guru Nanak & His Times, P-23, A.C. Bannerjee.
75. 'Islamic law as also political necessity compelled the Sultans of Delhi to persue policies calculated to humiliate and weaken the Hindus to demoralise them and to sap their vigour & vitality through the crippling sense of inferiority'.---- P-24.

ਲੋਧੀ ਵੰਸ਼ ਦੇ ਸੁਲਤਾਨਾਂ ਵਿਚ ਸਿਕੰਦਰ ਲੋਧੀ ਬਹੁਤ ਕੱਟੜ ਸੀ। ਰਾਜ ਸਿੰਘਾਸਣ ਤੇ ਕਬਜ਼ਾ ਕਰਨ ਤੋਂ ਪਹਿਲਾਂ ਹੀ ਕੁਰੂਕਸ਼ੇਤਰ ਵਿਚ ਇਕੱਠੇ ਹੋਏ ਹਿੰਦੂਆਂ ਨੂੰ ਖ਼ਤਮ ਕਰਨ ਦਾ ਉਸਦਾ ਇਰਾਦਾ,[76] ਬੋਧਨ ਨਾਮ ਬ੍ਰਾਹਮਣ ਨੂੰ ਕਤਲ ਕਰਨਾ,[77] ਭਗਤ ਕਬੀਰ ਨੂੰ ਅਨੇਕ ਪ੍ਰਕਾਰ ਦੇ ਕਸ਼ਟ ਦੇਣਾ,[78] ਮਥਰਾ ਦੇ ਹਿੰਦੂਆਂ ਲਈ ਸਿਰ ਅਤੇ ਦਾੜ੍ਹੀ ਦੇ ਵਾਲ ਮੁੰਨਣ ਤੋਂ ਮਨਾਹੀ ਕਰ ਦੇਣੀ,[79] ਜਮਨਾ ਨਦੀ ਵਿਚ ਇਸ਼ਨਾਨ ਕਰਨ ਲਈ ਹਿੰਦੂਆਂ ਤੇ ਪਾਬੰਦੀ ਲਾ ਦੇਣੀ,[80] ਮਥਰਾ ਦੇ ਮੰਦਰ ਗਿਰਵਾ ਕੇ ਮਸਜਿਦਾਂ ਦਾ ਨਿਰਮਾਣ ਕਰਵਾਉਣਾ ਅਤੇ ਕਸਾਈਆਂ ਨੂੰ ਮਾਸ ਤੋਲਣ ਲਈ ਮੂਰਤੀਆਂ ਦਾ ਦੇਣਾ[81] ਆਦਿ ਹਿੰਦੂਆਂ ਪ੍ਰਤੀ ਬੁਰੇ ਵਤੀਰੇ ਦਾ ਸਿਲਸਿਲਾ ਸੁਲਤਾਨਾਂ ਵਿਚ ਪਰੰਪਰਾਗਤ ਹੀ ਚਲਿਆ ਆ ਰਿਹਾ ਸੀ। ਟਿਟਸ ਅਨੁਸਾਰ ਸਿਕੰਦਰ ਲੋਧੀ ਦਾ ਸ਼ਾਸਨ ਕਾਲ ਬੜਾ ਭਿਆਨਕ ਸੀ, ਹਿੰਦੂਆਂ ਨੂੰ ਗਾਜਰ ਮੂਲੀ ਦੀ ਤਰ੍ਹਾਂ ਕੱਟ ਕੇ ਸੁੱਟ ਦਿੱਤਾ ਜਾਂਦਾ ਸੀ। ਉਸ ਦੀ ਕੱਟੜਤਾ ਇਸ ਹਦ ਤਕ ਵਧ ਚੁੱਕੀ ਸੀ ਕਿ ਇਕ ਦਿਨ ਪੰਦਰਾਂ ਪੰਦਰਾਂ ਸੌ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰਨ ਤੋਂ ਉਹ ਸੰਕੋਚ ਨਹੀਂ ਕਰਦਾ ਸੀ।[83]

ਬਾਬਰ ਤੇ ਹਮਾਯੂੰ ਇਸਲਾਮੀ ਰਾਜ ਦੇ ਸਿਧਾਂਤ ਵਿਚ ਦ੍ਰਿੜ੍ਹ ਵਿਸ਼ਵਾਸ ਰਖਦੇ ਸਨ ਅਤੇ ਜਿੱਥੇ ਤਕ ਹੋ ਸਕਿਆ, ਉਨ੍ਹਾਂ ਨੇ ਇਸਲਾਮੀ ਕਾਨੂੰਨ ਲਾਗੂ ਕਰਨ ਦਾ ਪ੍ਰਯਤਨ ਕੀਤਾ। ਬਾਬਰ ਨੇ ਹਿੰਦੂਆਂ

---

76. History of Panjab, P-16, Dr. K.S. Narang & Dr. H.R. Gupta.
77. Abdulla, Tarikh-i-Daudi, Elliot & Dowson, Vol.IV, P-464-65. ਅਤੇ ਭਾਰਤ ਮੇਂ ਮੁਸਲਿਮ ਸ਼ਾਸਨ ਕਾ ਇਤਿਹਾਸ, ਪੰ: 162-63, ਐਸ.ਆਰ. ਸ਼ਰਮਾ।
78. ਕਬੀਰ ਦੀ ਆਪਣੀ ਰਚਿਤ ਬਾਣੀ ਵਿਚ ਉਨ੍ਹਾਂ ਕਸ਼ਟਾਂ ਦਾ ਵਰਨਣ ਵੇਖੋ:
   (ੳ) 'ਭੁਜਾ ਬਾਂਧਿ ਭਿਲਾ ਕਰਿ ਡਾਰਿਓ, ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ....
   (ਰਾਗ ਗੋਂਡ ਕਬੀਰ ਜੀ, ਸ਼ਬਦਾਰਥ, ਪੰ: 871)
   (ਅ) 'ਗੰਗਾ ਗੁਸਾਇਨਿ ਗਹਿਰ ਗੰਭੀਰ, ਜੰਜੀਰ ਬਾਂਧਿ ਕਰਿ ਖਰੇ ਕਬੀਰ...........
   (ਰਾਗ ਭੈਰਉ ਕਬੀਰ ਜੀ, ਉਹੀ, ਪੰ: 1162)
79. Abdulla, Tarikh-i-Daudi, Elliot & Dowson, Vol.IV, P-447
80. ਕਬੀਰ ਕੀ ਵਿਚਾਰਧਾਰਾ, ਪੰ: 71, ਡਾ: ਗੋਵਿੰਦ ਤ੍ਰਿਗੁਣਾਇਤ।
81. Sultanate of Delhi, P-174, V.D. Mahajan.
82. ਉਦਾਹਰਣ ਵਜੋਂ: ਸੁਲਤਾਨ ਅਲਾਉਦੀਨ ਖ਼ਿਲਜੀ ਦੇ ਰਾਜ ਵਿਚ ਹਿੰਦੂਆਂ ਬਾਰੇ ਕਾਜ਼ੀ ਮੁਗ਼ੀਸ-ਉਦ-ਦੀਨ ਨੇ ਰਾਏ ਦਿੱਤੀ ਕਿ ਜਦ ਵੀ ਮਾਲ ਅਫ਼ਸਰ ਹਿੰਦੂਆਂ ਪਾਸੋਂ ਮਾਲੀਆ ਉਗਰਾਹੁਣ ਜਾਣ ਤਾਂ ਉਨ੍ਹਾਂ ਨੂੰ ਨਿਮਰਤਾ ਤੇ ਸਤਿਕਾਰ ਸਹਿਤ ਬਿਨਾ ਹਿਚਕਚਾਹਟ ਤੋਂ ਮਾਲੀਆ ਅਦਾ ਕਰਨਾ ਚਾਹੀਦਾ ਹੈ। ਜੇਕਰ ਟੈਕਸ ਇਕੱਠਾ ਕਰਨ ਵਾਲਾ ਅਫ਼ਸਰ ਕਿਸੇ ਹਿੰਦੂ ਦੇ ਮੂੰਹ ਵਿਚ ਥੁੱਕਣਾ ਚਾਹਵੇ ਤਾਂ ਬਿਨਾ ਕਿਸੇ ਝਿਜਕ ਤੋਂ ਹਿੰਦੂ ਨੂੰ ਮੂੰਹ ਖੋਲ੍ਹ ਦੇਣਾ ਚਾਹੀਦਾ ਹੈ—ਪੈਗੰਬਰ ਨੇ ਕਿਹਾ ਹੈ ਕਿ ਜਾਂ ਤਾਂ ਹਿੰਦੂਆਂ ਨੂੰ ਇਸਲਾਮ ਧਾਰਣ ਕਰ ਲੈਣਾ ਚਾਹੀਦਾ ਹੈ ਜਾਂ ਇਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦੇਣਾ ਚਾਹੀਦਾ ਹੈ, ਜਾਂ ਇਨ੍ਹਾਂ ਨੂੰ ਗ਼ੁਲਾਮ ਬਣਾ ਲੈਣਾ ਚਾਹੀਦਾ ਹੈ ਅਤੇ ਇਨ੍ਹਾਂ ਦੀ ਸੰਪੱਤੀ ਜ਼ਬਤ ਕਰ ਲੈਣੀ ਚਾਹੀਦੀ ਹੈ।

   —— Guru Nanak & His Times, P-26, A. C. Bannerjee.

83. Indian Islam, P-11-12, Titus.

ਵਿਰੁਧ ਜਹਾਦ ਦੀ ਘੋਸ਼ਣਾ ਕੀਤੀ ਸੀ। ਉਹ ਹਿੰਦੂਆਂ ਤੋਂ 'ਜਜ਼ੀਆ' ਵਸੂਲ ਕਰਦਾ ਸੀ।[84] ਉਹ ਹਿੰਦੂਆਂ ਨੂੰ ਮਾਰ ਮੁਕਾਉਣ ਵਿੱਚ ਵੀ ਫਖ਼ਰ ਅਨੁਭਵ ਕਰਦਾ ਸੀ।[85]

ਹਮਾਯੂੰ ਦਾ ਝੁਕਾਉ ਸ਼ੀਆ ਮੱਤ ਵਲ ਸੀ, ਕਿਉਂਕਿ ਉਸ ਨੇ ਬਹੁਤਾ ਕਰਕੇ ਸ਼ੀਆ ਮੱਤ ਦੇ ਲੋਕਾਂ ਨੂੰ ਸਰਕਾਰ ਦੇ ਉੱਚੇ ਔਹਦੇ ਸੌਂਪੇ ਹੋਏ ਸਨ।[86] ਮੰਦਰਾਂ ਨੂੰ ਢਹਿ ਢੇਰੀ ਕਰਨ ਤੋਂ ਹਿੰਦੂਆਂ ਪ੍ਰਤੀ ਉਸਦੀ ਅਸਹਿਣਸ਼ੀਲਤਾ ਦਾ ਪਤਾ ਲਗਦਾ ਹੈ। ਆਪਣੇ ਬਾਪ ਵਾਂਗ ਉਸ ਨੇ ਵੀ ਜਜ਼ੀਆ ਲਾਈ ਰਖਿਆ।

ਸ਼ੇਰ ਸ਼ਾਹ ਸੂਰੀ ਕੱਟੜ ਸੁੰਨੀ ਸੀ। ਉਸ ਨੇ ਭਾਵੇਂ ਹਿੰਦੂਆਂ ਤੇ ਸਖਤੀ ਨਹੀਂ ਕੀਤੀ, ਪਰ ਜਜ਼ੀਆ ਵੀ ਖਤਮ ਨਹੀਂ ਕੀਤਾ।[87] ਉਸ ਨੇ ਜੋਧਪੁਰ ਦੀ ਜਿੱਤ ਤੋਂ ਬਾਦ ਉਥੇ ਦੇ ਕਿਲ੍ਹੇ ਵਿਚ ਹਿੰਦੂ ਮੰਦਰ ਢਾਹ ਦਿੱਤੇ ਅਤੇ ਉਨ੍ਹਾਂ ਦੀ ਥਾਂ ਮਸਜਿਦ ਦਾ ਨਿਰਮਾਣ ਕਰਵਾਇਆ।[88]

ਅਕਬਰ ਨੇ ਵੀ ਆਪਣੇ ਰਾਜ ਸਿੰਘਾਸਣ ਸੰਭਾਲਣ (1556 ਈ:) ਤੋਂ ਲੈ ਕੇ 22 ਸਾਲ (1578 ਈ: ਤਕ) ਕੱਟੜ ਸੁੰਨੀ ਮੁਸਲਮਾਨ ਵਾਲਾ ਜੀਵਨ ਬਿਤਾਇਆ।[89] ਉਸ ਨੇ ਸਮੇਂ ਦੇ ਹਾਲਾਤ ਅਨੁਸਾਰ ਆਪਣੇ ਆਪ ਨੂੰ ਬਦਲਿਆ। ਉਸ ਨੇ ਉਲਮਾ ਦੇ ਅਧਿਕਾਰ ਵੀ ਖੋਹ ਲਏ। ਇਸਤਰ੍ਹਾਂ ਉਹ ਸਮਰਾਟ ਹੋਣ ਦੇ ਨਾਲ ਸਿਧਾਂਤਕ ਤੌਰ ਤੇ ਧਾਰਮਿਕ ਮੁਖੀ ਵੀ ਬਣ ਗਿਆ।[90] ਉਹਦੇ ਵਿਚਾਰ ਵਿਚ ਇਨ੍ਹਾਂ ਦੋਹਾਂ ਸ਼ਕਤੀਆਂ ਦੇ ਅਲੱਗ ਹੋਣ ਨਾਲ ਰਾਜ ਕਮਜ਼ੋਰ ਹੁੰਦਾ ਸੀ।[91]

ਅਕਬਰ ਨੇ ਰਾਜਪੂਤਾਂ ਨਾਲ ਖੂਨ ਖਰਾਬੇ ਅਤੇ ਯੁਧ ਨੀਤੀ ਦੀ ਥਾਂ ਮਿਤਰਤਾ ਪੂਰਨ ਨੀਤੀ ਅਪਣਾਈ। ਰਾਜਪੂਤਾਂ ਦੇ ਮਿਲਵਰਤਣ ਤੋਂ ਬਿਨਾ ਮੁਸਲਿਮ ਸਾਮਰਾਜ ਦੀ ਸਥਾਪਨਾ ਸੰਭਵ ਨਹੀਂ ਸੀ।[92] ਉਸ ਨੇ ਰਾਜਪੂਤਾਂ ਨਾਲ ਵਿਆਹ ਸੰਬੰਧ ਸਥਾਪਿਤ ਕੀਤੇ ਤੇ ਉਨ੍ਹਾਂ ਨੂੰ ਉੱਚੇ ਅਹੁਦੇ ਦਿੱਤੇ। ਇਹ ਨੀਤੀ ਮੁਗਲ ਸਾਮਰਾਜ ਲਈ ਬਹੁਤ ਲਾਭਦਾਇਕ ਸਾਬਤ ਹੋਈ। ਮੁਗਲ ਸਮਰਾਟਾਂ ਨੂੰ ਮਹਾਨ ਜਰਨੈਲਾਂ ਅਤੇ ਨੀਤੀਵਾਨਾਂ ਦੀਆਂ ਸੇਵਾਵਾਂ ਪ੍ਰਾਪਤ ਹੋਈਆਂ।[93]

ਅਕਬਰ ਨੇ ਹਿੰਦੂਆਂ ਤੇ ਲੱਗੇ ਹੋਏ 'ਯਾਤਰਾ ਕਰ' ਅਤੇ 'ਜਜ਼ੀਆ ਕਰ' ਹਟਾ ਦਿੱਤੇ, ਜਿਸ

---

84. Religious Policy of Mughal Emperors, P-2, Dr. S.R. Sharma.
85. ਭਾਰਤ ਮੇਂ ਮੁਸਲਿਮ ਸ਼ਾਸਨ ਕਾ ਇਤਿਹਾਸ, ਪੰ: 162, ਉਹੀ।
86. The Mughal Empire, P-48, S.M. Jaffar.
87. The Mughal Empire, P-182, Dr. Ishwari Prasad.
88. The Mughal Empire, P-112, A.L. Srivastva.
89. The Mughal Empire, P-116, S.M. Jaffar.
90. The Mughal Empire, P-490-91, A.L. Srivastva.
91. Medieval Indian Culture, P-24, ਉਹੀ।
92. A Short History of Muslim Rule in India, P-321, Dr. Ishwari Pras
93. History of Jehangir, P-27, Dr. Beni Prasad.

ਨਾਲ ਹਿੰਦੂ ਤੇ ਮੁਸਲਮਾਨ ਰਾਜ ਦੇ ਇਕੋ ਜਿਹੇ ਸ਼ਹਿਰੀ ਬਣ ਗਏ।[94] ਜਿਹੜੇ ਹਿੰਦੂ ਮੁਸਲਮਾਨ ਬਣਾਏ ਗਏ ਸਨ, ਉਨ੍ਹਾਂ ਨੂੰ ਵਾਪਸ ਹਿੰਦੂ ਧਰਮ ਵਿਚ ਆਉਣ ਦੀ ਆਗਿਆ ਦਿੱਤੀ ਗਈ।[95] ਉਸ ਨੇ ਹਿੰਦੂਆਂ ਨੂੰ ਉਚੀਆਂ ਪਦਵੀਆਂ ਦਿਤੀਆਂ। ਉਸ ਦੀ ਸੈਨਾ ਵਿਚ ਕਈ ਮਨਸਬਦਾਰ ਹਿੰਦੂ ਸਨ ਅਤੇ ਕਾਫੀ ਪ੍ਰਾਂਤਾਂ ਦੇ ਦੀਵਾਨ ਵੀ ਹਿੰਦੂ ਸਨ। ਅਸਲ ਵਿਚ ਧਰਮ, ਵਰਗ ਅਤੇ ਕੌਮ ਦੇ ਮਤ ਭੇਦਾਂ ਨੂੰ ਦੂਰ ਕਰਕੇ ਅਕਬਰ ਨੇ ਇਕ ਅਜਿਹੇ ਰਾਜ ਦੀ ਸਥਾਪਨਾ ਕੀਤੀ, ਜਿਸ ਨੂੰ ਆਪਣੀ ਪਰਜਾ ਦਾ ਮਿਲਵਰਤਣ ਪ੍ਰਾਪਤ ਸੀ ਅਤੇ ਜਿਸ ਨੂੰ ਬਿਨਾ ਕਿਸੇ ਸੰਦੇਹ ਦੇ ਰਾਸ਼ਟਰ ਰਾਜ ਕਿਹਾ ਜਾ ਸਕਦਾ ਸੀ।[96]

ਕੁਝ ਕੁ ਫਰਕ ਨਾਲ ਜਹਾਂਗੀਰ ਨੇ ਵੀ ਇਸੇ ਨੀਤੀ ਨੂੰ ਅਪਣਾਇਆ, ਭਾਵੇਂ ਉਸ ਵਿਚ ਕੱਟੜਪਨ ਵੀ ਸੀ, ਜਿਵੇਂ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਦਿੱਤਾ ਸੀ।

ਸ਼ਾਹਜਹਾਨ ਨੇ ਆਪਣੇ ਦਾਦਾ ਅਕਬਰ ਦੇ ਸ਼ਾਸਨ ਸਿਧਾਂਤ ਦਾ ਤਿਆਗ ਕਰ ਦਿੱਤਾ ਅਤੇ ਔਰੰਗਜ਼ੇਬ ਵੇਲੇ ਤਾਂ ਪ੍ਰਮੁੱਖ-ਇਸਲਾਮੀ ਸਿਧਾਂਤ ਨੂੰ ਸਮਰਾਟ ਲਈ ਸੇਧ ਦੇਣ ਵਾਲਾ ਪੱਕਾ ਨਿਯਮ ਹੀ ਬਣਾ ਦਿੱਤਾ ਗਿਆ ਸੀ।[97] ਉਹ ਇਸਲਾਮ ਵਿਰੋਧੀ ਸ਼ਕਤੀਆਂ ਅਤੇ ਰਸਮਾਂ ਰਿਵਾਜਾਂ ਦਾ ਅੰਤ ਕਰਕੇ ਭਾਰਤ ਵਿਚ ਇਸਲਾਮੀ ਰਾਜ ਸਥਾਪਿਤ ਕਰਨਾ ਚਾਹੁੰਦਾ ਸੀ। ਉਸ ਦੇ ਜੀਵਨ ਦਾ ਮੁਖ ਮੰਤਵ ਕੁਫਰ ਨੂੰ ਖਤਮ ਕਰਕੇ 'ਦਾਰ-ਉਲ-ਹਰਬ' (ਕਾਫਰਾਂ ਦੀ ਧਰਤੀ) ਦੀ ਥਾਂ 'ਦਾਰ-ਉਲ-ਇਸਲਾਮ' (ਇਸਲਾਮ ਦੀ ਧਰਤੀ)ਸਥਾਪਿਤ ਕਰਨਾ ਸੀ। ਉਸਦੇ ਵਿਚਾਰ ਅਨੁਸਾਰ ਉਸ ਦੇ ਵਡੇ ਵਡੇਰਿਆਂ, ਵਿਸ਼ੇਸ਼ ਤੌਰ ਤੇ ਅਕਬਰ ਨੇ ਇਸਲਾਮੀ ਰਾਜ ਦੇ ਸਿਧਾਂਤ ਦੀ ਬਜਾਇ ਹਿੰਦੂ ਆਦਰਸ਼ਵਾਦ ਦੇ ਰਾਜ ਦੇ ਸਿਧਾਂਤ ਨੂੰ ਲਾਗੂ ਕਰਕੇ ਬੜੀ ਵੱਡੀ ਗਲਤੀ ਕੀਤੀ ਸੀ।[98]

ਔਰੰਗਜ਼ੇਬ ਨੇ ਗੈਰ ਮੁਸਲਿਮ ਪਰਜਾ, ਵਿਸ਼ੇਸ਼ ਤੌਰ ਤੇ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਲਈ ਹਰ ਸੰਭਵ ਢੰਗ ਅਪਣਾਏ।[99] ਉਸ ਨੇ ਮੁਸਲਮਾਨਾਂ ਦੇ ਮੁਕਾਬਲੇ ਹਿੰਦੂਆਂ ਪਾਸੋਂ ਵਧੇਰੇ 'ਚੁੰਗੀ' ਕਰ ਲੈਣ ਦਾ ਹੁਕਮ ਦਿੱਤਾ। ਪਵਿੱਤਰ ਤਿਉਹਾਰ ਹੋਲੀ, ਦੀਵਾਲੀ, ਦੁਸਹਿਰਾ ਆਦਿ ਮਨਾਉਣ ਤੇ ਪਾਬੰਦੀ ਲਾ ਦਿੱਤੀ। ਰਾਜਪੂਤਾਂ ਨੂੰ ਛਡ ਕੇ ਕੋਈ ਹਿੰਦੂ ਘੋੜੀ, ਪਾਲਕੀ ਜਾਂ ਹਾਥੀ ਦੀ ਸਵਾਰੀ ਨਹੀਂ ਸੀ ਕਰ ਸਕਦਾ। ਹਿੰਦੂ-ਮੰਦਿਰਾਂ ਨੂੰ ਬਹੁਤ ਬੇਰਹਿਮੀ ਨਾਲ ਢਾਹਿਆ ਗਿਆ। ਹਿੰਦੂਆਂ ਨੂੰ ਨੌਕਰੀਆਂ ਤੋਂ ਕਢ ਦਿੱਤਾ ਗਿਆ। ਅਕਬਰ ਦੇ ਸਮੇਂ ਤੇ ਹਟਾਇਆ ਗਿਆ 'ਜਜ਼ੀਆ' ਇਸਲਾਮ ਫੈਲਾਉਣ ਦੀ ਨੀਅਤ ਨਾਲ ਅਪ੍ਰੈਲ 1679 ਈ: ਵਿਚ ਲਾਗੂ ਕਰ ਦਿੱਤਾ[100]

---

94. The Making of Modern India, P-176, Dr. S.R. Sharma.

95. The Punjab under the Great Mughals, P-128, Dr. B.S. Nijjar.

96. Muslim Polity, P-67, Dr. P. Saran.
97. The Mughal Empire, P-491, A.L. Srivastva.
98. ਉਹੀ, ਪੰ: 339.

99. Religious Policy of the Mughal Emperors, P-162, S.R. Sharma.

100. History Of Aurangzeb, Vol. III, P-274, J.N. Sarkar.

ਮਨੂਚੀ ਅਨੁਸਾਰ ਬਹੁਤ ਸਾਰੇ ਹਿੰਦੂ, ਜੋ ਜਜ਼ੀਆ ਨਹੀਂ ਦੇ ਸਕਦੇ ਸਨ, ਇਸ ਟੈਕਸ ਦੀ ਵਸੂਲੀ ਕਰਨ ਵੇਲੇ ਅਫ਼ਸਰਾਂ ਦੇ ਅਪਮਾਨ ਤੋਂ ਡਰਦੇ ਮੁਸਲਮਾਨ ਬਣ ਗਏ।[101] ਔਰੰਗਜ਼ੇਬ ਏਨੇ ਕੱਟੜ ਵਿਚਾਰਾਂ ਦਾ ਸੀ ਕਿ ਉਸ ਨੇ ਸਿੱਕਿਆਂ ਤੋਂ ਕਲਮਾ ਖ਼ਤਮ ਕਰਵਾ ਦਿੱਤਾ ਤਾਂ ਜੋ ਗ਼ੈਰ ਮੁਸਲਮਾਨਾਂ ਦੇ ਅਪਵਿੱਤਰ ਹੱਥਾਂ ਨਾਲ ਭਿੱਟ ਜਾਣ ਦਾ ਡਰ ਸੀ।[102] ਉਸ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਨੌਕਰੀਆਂ ਦਾ ਲਾਲਚ ਦਿੱਤਾ। ਜੇ ਦੋ ਹਿੰਦੂਆਂ ਦਾ ਆਪਸੀ ਝਗੜਾ ਹੋ ਜਾਂਦਾ ਤਾਂ ਨਿਆਂ ਉਸ ਆਦਮੀ ਦੇ ਹੱਕ ਵਿਚ ਕਰ ਦਿੱਤਾ ਜਾਂਦਾ ਜੋ ਮੁਸਲਮਾਨ ਬਣ ਜਾਂਦਾ।

ਉਸ ਨੇ ਸ਼ਹਿਰਾਂ ਵਿਚ 'ਮੁਹਤਸਿਬ' ਨਿਯੁਕਤ ਕੀਤੇ ਜੋ ਲੋਕਾਂ ਨੂੰ ਸ਼ਰੀਅਤ ਅਨੁਸਾਰ ਜੀਵਨ ਬਿਤਾਉਣ ਲਈ ਮਜਬੂਰ ਕਰਦੇ ਸਨ।[103] ਉਸ ਨੇ ਆਪਣੇ ਦਰਬਾਰ ਵਿਚੋਂ ਸੰਗੀਤ ਦੀ ਮਨਾਹੀ ਕਰ ਦਿੱਤੀ ਅਤੇ ਝਰੋਖਾ ਦਰਸ਼ਨ ਵੀ ਬੰਦ ਕਰ ਦਿੱਤਾ।

ਇਸ ਕੱਟੜ ਨੀਤੀ ਦੇ ਫਲਸਰੂਪ ਰਾਜਸਥਾਨ ਦੇ ਸਤਨਾਮੀਆਂ, ਮਹਾਰਾਸ਼ਟਰ ਵਿਚ ਮਰਾਠਿਆਂ ਅਤੇ ਪੰਜਾਬ ਵਿਚ ਸਿੱਖਾਂ ਨੇ ਬਗ਼ਾਵਤ ਕੀਤੀ। ਇਸ ਦਮਨ ਨੀਤੀ ਕਾਰਨ ਰਾਜਪੂਤ ਵੀ ਔਰੰਗਜ਼ੇਬ ਨਾਲ ਰੁੱਠ ਗਏ। ਉਹ ਕੌਮ ਜੋ ਅਕਬਰ ਵੇਲੇ ਰਾਜ ਦੀ ਸੱਜੀ ਬਾਂਹ ਸੀ, ਹੁਣ ਉਸ ਦੀ ਦੁਸ਼ਮਣ ਬਣ ਗਈ।[104] ਮੁਗ਼ਲਾਂ ਤੇ ਰਾਜਪੂਤਾਂ ਵਿਚਾਲੇ, ਯੁੱਧਾਂ ਦੇ ਕਾਰਨ ਰਾਜਸਥਾਨ ਵਿਚ ਫੈਲੀ ਹੋਈ ਗੜਬੜ ਨੇ ਜਲਦੀ ਹੀ ਦੁਆਬੀ ਇਲਾਕਿਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਤੇ ਰਾਜ ਲਈ ਅਜੀਬ ਔਕੜਾਂ ਪੈਦਾ ਕਰ ਦਿੱਤੀਆਂ।[105]

ਇਸ ਪ੍ਰਕਾਰ ਹਿੰਦੂ ਆਪਣੇ ਹੀ ਵਤਨ ਵਿਚ ਦੂਜੇ ਨੰਬਰ ਦੇ ਸ਼ਹਿਰੀ (ਨਾਗਰਿਕ) ਸਮਝੇ ਜਾਂਦੇ। ਮੁਸਲਮਾਨਾਂ ਦੇ ਰਾਜ ਵਿਚ ਹਿੰਦੂ ਜਨਤਾ ਦਾ ਮਾਨ, ਗੌਰਵ ਅਤੇ ਉਤਸ਼ਾਹ ਮਿਟ ਗਿਆ। ਹਿੰਦੂਆਂ ਦੇ ਸਾਹਮਣੇ ਹੀ ਉਨ੍ਹਾਂ ਦੇ ਮੰਦਰ ਢਾਹੇ ਜਾਂਦੇ, ਦੇਵਤਿਆਂ ਦੀਆਂ ਮੂਰਤੀਆਂ ਤੋੜੀਆਂ ਜਾਂਦੀਆਂ ਅਤੇ ਪੂਜਨੀਕ ਮਹਾਂਪੁਰਸ਼ਾਂ ਦਾ ਅਪਮਾਨ ਕੀਤਾ ਜਾਂਦਾ, ਪਰੰਤੂ ਉਹ ਕੁਝ ਨਹੀਂ ਕਰ ਸਕਦੇ ਸਨ। ਕੋਈ ਵੀ ਹਿੰਦੂ-ਰਾਜ ਕੇਂਦਰੀ ਸ਼ਕਤੀ ਨਾਲ ਟੱਕਰ ਲੈਣ ਵਾਲਾ ਨਾ ਰਹਿ ਗਿਆ। ਅਜਿਹੀਆਂ ਪਰਿਸਥਿਤੀਆਂ ਵਿਚ ਭਗਤੀ ਲਹਿਰ ਦਾ ਨਿਰਮਾਣ ਹੋਇਆ। ਭਗਤ ਰਾਮਾਨੁਜ, ਰਾਮਾਨੰਦ ਅਤੇ ਕਬੀਰ ਜੀ ਵਰਗਿਆਂ ਨੇ ਸਮਾਜ ਸੁਧਾਰ ਲਈ ਆਪਣਾ ਧਨ, ਮਨ ਅਤੇ ਧਨ ਲਾ ਦਿੱਤਾ, ਪਰੰਤੂ ਰਾਜਨੀਤੀ ਵਿਰੁੱਧ ਕਿਸੇ ਆਵਾਜ਼ ਬੁਲੰਦ ਨਹੀਂ ਕੀਤੀ।[106]

---

101. Manuchi as quoted by A.L. Srivastva in 'The Mughal Empire, P-341 and Dr. Ishwari Prasad in The Mughal Empire, P-598.
102. The Mughal Empire, P-340, A.L. Srivastva.
103. Mughal Administration, P-29-31, J.N. Sarkar.
104. Aurangzeb, P-157, Lane Pool, Stanley.
106. History of Aurangzeb, P-162, J.N. Sarkar.
106. ਗੁਰੂ ਨਾਨਕ ਦਰਸ਼ਨ, ਪੰ: 30, ਡਾ: ਤਾਰਨ ਸਿੰਘ ਬੇਦੀ।

ਰਜਪੂਤ ਰਾਜਿਆਂ ਅਤੇ ਉਨ੍ਹਾਂ ਦੇ ਕਰਮਚਾਰੀਆਂ ਵਿਰੁਧ ਮਧਯੁਗੀਨ ਭਾਰਤੀ ਸਾਹਿਤ ਵਿਚ ਕੇਵਲ ਗੁਰੂ-ਬਾਣੀ ਵਿਚ ਹੀ ਸੰਕੇਤ ਮਿਲਦੇ ਹਨ। ਗੁਰੂ ਸਾਹਿਬ ਨੇ ਭਗਤੀ ਸਾਹਿਤ ਨੂੰ ਭਗਤੀ ਖੇਤਰ ਵਿਚੋਂ ਉਤਾਂਹ ਚੁਕ ਕੇ ਜੀਵਨ ਅਤੇ ਰਾਜਨੀਤੀ ਨਾਲ ਸੰਬੰਧਤ ਕੀਤਾ, ਗੁਰੂ ਸਾਹਿਬ ਮਾਨੋ ਇਸ ਬਾਰੇ ਚੇਤੰਨ ਸਨ ਕਿ ਬਾਣੀ ਜੀਵਨ ਨਹੀਂ ਹੈ ਅਤੇ ਰਾਜਨੀਤੀ ਜੀਵਨ ਦਾ ਇਕ ਵਿਸ਼ੇਸ਼ ਅੰਗ ਹੈ।[107] ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕਿਸੇ ਵੀ ਭਗਤੀ ਦੇ ਆਚਾਰੀਆ ਨੇ ਰਾਜਸੀ ਅਤੇ ਇਤਿਹਾਸਕ ਪ੍ਰਸ਼ਨਾਂ ਵਲ ਬਹੁਤਾ ਧਿਆਨ ਨਹੀਂ ਦਿੱਤਾ। ਉਨ੍ਹਾਂ ਤੋਂ ਪਹਿਲਾਂ ਹੋਏ ਭਗਤ ਕਵੀਆਂ ਦਾ ਬਹੁਤਾ ਜ਼ੋਰ ਆਤਮਕ ਸ਼ੁਧੀ, ਜਪ-ਪਾਠ ਆਦਿ ਤੇ ਰਹਿੰਦਾ ਰਿਹਾ। ਉਹ ਵਧੇਰੇ ਕਰਕੇ ਨਾਮ-ਸਿਮਰਨ, ਪ੍ਰੇਮਾ-ਭਗਤੀ ਅਤੇ ਮਸਤੀ ਵਿਚ ਮਖ਼ਮੂਰ ਰਹਿਣ ਤੇ ਹੀ ਜ਼ੋਰ ਦਿੰਦੇ ਸਨ। ਇਸ ਵਿਚ ਕੋਈ ਸ਼ਕ ਨਹੀਂ ਕਿ ਵਲਭ, ਕਬੀਰ, ਚੈਤੰਨਯ ਅਤੇ ਭਗਤੀ ਦੇ ਹੋਰ ਅਚਾਰੀਆਂ ਨੇ ਧਾਰਮਿਕ ਭੇਖਾਂ ਅਤੇ ਪਾਖੰਡਾਂ ਦੀ ਨਿਖੇਧੀ ਕੀਤੀ, ਪਰ ਉਹ ਆਪਣੇ ਸਮੇਂ ਦੇ ਰਾਜਸੀ ਜਬਰਾਂ ਅਤੇ ਜ਼ੁਲਮਾਂ ਦੀ ਵਿਰੋਧਤਾ ਅਤੇ ਦੁਖੀ ਜਨਤਾ ਦੀ ਅਗਵਾਈ ਉਸੀ ਸਫਲਤਾ ਨਾਲ ਨਹੀਂ ਕਰ ਸਕੇ, ਜਿੰਨੀ ਸਫਲਤਾ ਨਾਲ ਗੁਰੂ ਨਾਨਕ ਦੇਵ ਜੀ ਨੇ ਕੀਤੀ।[108]

ਬਾਬਰ ਦੇ ਹਮਲੇ ਦੀ ਨਿਖੇਧੀ ਗੁਰੂ ਜੀ ਨੇ ਕਰੜੇ ਸ਼ਬਦਾਂ ਵਿਚ ਕੀਤੀ। ਸੈਦਪੁਰ ਦੀ ਕਤਲਾਮ ਸਮੇਂ ਗੁਰੂ ਨਾਨਕ ਦੇਵ ਜੀ ਖੁਦ ਮੌਜੂਦ ਸਨ।[109] ਬਾਬਰ ਦੇ ਸੈਨਿਕਾਂ ਨੇ ਜਨਤਾ ਦੀ, ਵਿਸ਼ੇਸ਼ ਤੌਰ ਤੇ ਇਸਤਰੀਆਂ ਦੀ ਜੋ ਦੁਰਗਤੀ ਕੀਤੀ, ਉਸ ਦਾ ਵਰਣਨ ਪਿਛੇ ਅਧਿਆਇ ਵਿਚ ਪਹਿਲਾਂ ਕੀਤਾ ਜਾ ਚੁਕਿਆ ਹੈ। ਬਾਬਰ ਨੇ ਜਮਰਾਜ ਦਾ ਰੂਪ ਧਾਰਣ ਕਰਕੇ ਭਾਰਤ ਤੇ ਹਮਲੇ ਕੀਤੇ।[110] ਗੁਰੂ ਸਾਹਿਬ ਨਾ ਕੇਵਲ ਮੁਗ਼ਲ ਹਮਲਾਵਰਾਂ ਦੀ ਹੀ ਆਲੋਚਨਾ ਕਰਦੇ ਹਨ, ਸਗੋਂ ਇਸ ਦੀ ਜ਼ਿੰਮੇਵਾਰੀ ਲੋਧੀ ਹਾਕਮਾਂ ਤੇ ਵੀ ਸੁਟਦੇ ਹਨ ਜੋ ਲੋਕਾਂ ਦੀ ਰਖਿਆ ਨਾ ਕਰ ਸਕੇ।[111]

1469-1675 ਈ: ਦੌਰਾਨ ਦਿੱਲੀ ਦੇ ਸ਼ਾਸਕ ਭਾਵੇਂ ਸੁਲਤਾਨ ਸਨ ਜਾਂ ਸਮਰਾਟ, ਉਹ ਸਾਰੇ ਹੀ ਨਿਰੰਕੁਸ਼ ਸਨ। ਰਾਜੇ ਦੇ ਦੈਵੀ ਸ਼ਕਤੀ ਦੇ ਸਿਧਾਂਤ ਦੇ ਧਾਰਣੀ ਸਨ। ਬੇਸ਼ਕ ਸਿਧਾਂਤਕ ਤੌਰ ਤੇ ਉਹ ਧਰਤੀ ਤੇ ਆਪਣੇ ਆਪ ਨੂੰ ਪ੍ਰਮਾਤਮਾ ਦਾ ਪ੍ਰਤਿਨਿਧ ਸਮਝਦੇ ਸਨ, ਪਰੰਤੂ ਇਹ ਸਿਧਾਂਤ ਉਨ੍ਹਾਂ ਦੀਆਂ ਸ਼ਕਤੀਆਂ ਤਕ ਹੀ ਸੀਮਿਤ ਰਹਿ ਜਾਂਦਾ ਸੀ, ਲੋਕ ਭਲਾਈ ਨੂੰ ਉਨ੍ਹਾਂ ਨੇ ਛਿੱਕੇ ਟੰਗਿਆ ਹੋਇਆ ਸੀ।

---

107. ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰ: 82, ਡਾ: ਮਨਮੋਹਨ ਸਿੰਘ।
108. ਉਹੀ, ਪੰਨਾ 81.
109. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ, ਪੋਥੀ ਤੀਜੀ, ਪੰ: 77 ਦਾ ਨੋਟ, ਪ੍ਰੋ: ਸਾਹਿਬ ਸਿੰਘ ਡੀ.ਲਿਟ।
110. 'ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।'
(ਆਸਾ ਮ: 1, ਸ਼ਬਦਾਰਥ, ਪੰ: 360)
111. ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ।
ਰਤਨ ਵਿਗਾੜਿ ਵਿਗੋਏ ਕੁਤੀ, ਮੁਇਆ ਸਾਰ ਨ ਕਾਈ। (ਉਹੀ, ਪੰ: 360)

ਆਪਣੇ ਕਰਤੱਵ ਭੁਲਾ ਕੇ ਵਿਲਾਸਤਾ ਭਰਿਆ ਜੀਵਨ ਬਿਤਾ ਰਿਹਾ ਸ਼ਾਸਕ ਵਰਗ ਪਰਜਾ ਤੇ ਅਤਿਆਚਾਰ ਕਰ ਰਿਹਾ ਸੀ। ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਸ਼ਾਸਕ ਵਰਗ ਦੁਆਰਾ ਪਰਜਾ ਤੇ ਕੀਤੇ ਜਾ ਰਹੇ ਸ਼ੋਸ਼ਣ ਦਾ ਖੰਡਨ ਕੀਤਾ ਗਿਆ ਹੈ।

ਗੁਰੂ-ਕਾਵਿ ਵਿਚ ਤਤਕਾਲੀਨ ਰਾਜੇ ਨੂੰ ਕਸਾਈ ਨਾਲ ਤੁਲਨਾ ਦਿੱਤੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਇਹ ਅਤਿਆਚਾਰੀ ਰਾਜ ਦਾ ਸਮਾਂ ਹੀ ਕਲਿਜੁਗ ਹੈ। ਇਸ ਸਮੇਂ ਧਰਮ ਖੰਭ ਲਾ ਕੇ ਉਡ ਗਿਆ ਹੈ, ਕੂੜ ਰੂਪੀ ਮੱਸਿਆ ਵਿਚ ਸਚ ਰੂਪੀ ਚੰਦ੍ਰਮਾ ਦਿਖਾਈ ਨਹੀਂ ਦਿੰਦਾ।[112]

ਰਾਜਿਆਂ ਵਲੋਂ ਕੀਤੀਆਂ ਗਈਆਂ ਵਧੀਕੀਆਂ ਨੂੰ ਮੁਖ ਰਖ ਕੇ ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਉਨ੍ਹਾਂ ਨੂੰ 'ਰਤੁ-ਪੀਣੇ' ਕਿਹਾ ਗਿਆ ਹੈ।[113] ਉਹ ਲਬ (ਲਾਲਚ) ਦਾ ਪ੍ਰਤੀਕ ਸਨ ਅਤੇ ਉਨ੍ਹਾਂ ਦੇ ਕਰਮਚਾਰੀ ਉਨ੍ਹਾਂ ਦੇ ਪੂਰਨਿਆਂ ਤੇ ਚਲਦਿਆਂ ਪਾਪ, ਕੂੜ ਤੇ ਕਾਮ ਆਦਿ ਕੁ-ਕ੍ਰਿਤੀਆਂ ਵਿਚ ਗ੍ਰਸਤ ਸਨ।[114]

ਇਸ ਰਾਜਸੀ ਜੁਗ ਗਰਦੀ ਵਿਚ ਫਕੀਰਾਂ ਨੂੰ ਪਾਤਸ਼ਾਹ, ਮੂਰਖਾਂ ਨੂੰ ਪੰਡਤ, ਅੰਨ੍ਹੇ ਨੂੰ ਪਾਰਖੂ ਅਤੇ ਸ਼ਰਾਰਤੀ ਨੂੰ ਚਉਧਰੀ ਕਿਹਾ ਜਾਂਦਾ ਸੀ। ਗੁਰੂ-ਕਾਵਿ ਵਿਚ ਅਜਿਹੇ ਭ੍ਰਿਸ਼ਟਾਚਾਰੀ ਸ਼ਾਸਨ ਦਾ ਪਾਜ ਉਘੇੜਿਆ ਗਿਆ ਹੈ।[115]

ਸੁਲਤਾਨ ਜਾਂ ਬਾਦਸ਼ਾਹ ਆਪਣੀ ਸੈਨਾ ਦੇ ਬਲਬੂਤੇ ਤੇ ਆਪਣੇ ਤਖਤ ਤੇ ਕਾਇਮ ਰਹਿੰਦਾ ਸੀ। ਉਹਦੇ ਪਾਸ ਵਿਸ਼ਾਲ ਸੈਨਾ ਹੁੰਦੀ ਸੀ, ਜਿਸ ਦੀ ਗਿਣਤੀ ਕਈ ਲੱਖਾਂ ਹੁੰਦੀ ਸੀ। ਘੋੜ ਸਵਾਰ, ਪੈਦਲ ਸੈਨਾ, ਸਮੁੰਦਰੀ ਬੇੜਾ, ਹਾਥੀ ਤੇ ਤੋਪਖਾਨਾ ਆਦਿ ਇਸ ਦੇ ਮੁਖ ਅੰਗ ਸਨ। ਮੁਗ਼ਲਾਂ ਵੇਲੇ ਮਨਸਬਦਾਰੀ ਪ੍ਰਣਾਲੀ ਪ੍ਰਚੱਲਤ ਹੋਈ। ਇਸ ਦੁਆਰਾ ਮੁਗ਼ਲ ਕਰਮਚਾਰੀ ਦਾ ਦਰਜਾ, ਤਨਖਾਹ, ਉਸ ਰਾਹੀਂ ਰਖੇ ਗਏ ਸੈਨਿਕਾਂ ਤੇ ਹਾਥੀਆਂ ਘੋੜਿਆਂ ਆਦਿ ਦੀ ਗਿਣਤੀ ਦਾ ਪਤਾ ਲਗਦਾ ਸੀ। ਮਨਸਬਦਾਰਾਂ

---

112. ਕਲਿਕਾਤੀ ਰਾਜੇ ਕਾਸਾਈ, ਧਰਮ ਪੰਖ ਕਰ ਉਡਰਿਆ।
ਕੂੜ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ।
(ਸਲੋਕ ਮ: 1, ਵਾਰ ਮਾਝ, ਪਉੜੀ 16 ਦਾ ਸਲੋਕ, ਉਹੀ, ਪੰ: 145)

113. 'ਜੇ ਦੇਹੈ ਦੁਖੁ ਲਾਈਐ, ਪਾਪ ਗਰਹ ਦੁਇ ਰਾਹੁ।
ਰਤ ਪੀਣੇ ਰਾਜੇ ਸਿਰੈ ਉਪਰ ਰਖੀਅਹਿ, ਏਵੈ ਜਾਪੈ ਭਾਉ।'
(ਸਲੋਕ ਮ: 1, ਵਾਰ ਮਾਝ, ਪਉੜੀ 7 ਦਾ ਸਲੋਕ, ਉਹੀ, ਪੰ: 142)

114. 'ਲਬੁ ਪਾਪ ਦੋਇ ਰਾਜਾ ਮਹਤਾ, ਕੂੜ ਹੋਆ ਸਿਕਦਾਰ।
ਕਾਮਨੇਬ ਸਦਿ ਪੁਛੀਐ, ਬਹਿ ਬਹਿ ਕਰੇ ਬਿਚਾਰ।'
(ਵਾਰ ਆਸਾ ਮ:1, ਪਉੜੀ 11 ਦਾ ਸਲੋਕ, ਉਹੀ, ਪੰ: 468-69)

115. ਨਾਉ ਫਕੀਰੈ ਪਾਤਿਸਾਹੁ, ਮੂਰਖ ਪੰਡਿਤੁ ਨਾਉ।
ਅੰਧੇ ਕਾ ਨਾਉ ਪਾਰਖੂ, ਏਵੈ ਕਰੇ ਗੁਆਉ।
ਇਲਤਿ ਕਾ ਨਾਉ ਚਉਧਰੀ, ਕੂੜੀ ਪੂਰੇ ਥਾਉ।
ਨਾਨਕ ਗੁਰਮੁਖਿ ਜਾਣੀਐ, ਕਲਿ ਕਾ ਏਹੁ ਨਿਆਉ।
(ਸਲੋਕ ਮ: 2, ਵਾਰ ਮਲਾਰ ਮ: 1 ਦੀ ਪਉੜੀ 22 ਦਾ ਸਲੋਕ, ਸ਼ਬਦਾਰਥ, ਪੰਨਾ 1288).

ਹੋਈਆਂ 60 ਸੂਟੀਆਂ ਸਨ, ਜੋ 10 ਤੋਂ ਲੈ ਕੇ ਦਸ ਹਜ਼ਾਰ ਤਕ ਜਾਂਦੀਆਂ ਸਨ।[116] ਪਰੰਤੂ ਇਸ ਸੈਨਿਕ ਪ੍ਰਬੰਧ ਵਿਚ ਕਈ ਤੋਂ ਤਰੁਟੀਆਂ ਹੋਣ ਦੇ ਨਾਲ ਖੁਦ ਸਮੇਂ ਸੈਨਾਪਤੀ ਤੇ ਸੈਨਿਕ ਰਣ ਖੇਤਰ ਵਿਚ ਆਪਣੀਆਂ ਬੇਗਮਾਂ, ਨਾਰੀਆਂ ਤੇ ਸ਼ਰਾਬ ਆਦਿ ਲੈ ਜਾਂਦੇ ਸਨ, ਲੜਦੇ ਸਮੇਂ ਵਿਚ ਵੀ ਉਹ ਭੋਗ ਵਿਲਾਸ ਵਿਚ ਡੁੱਬੇ ਰਹਿੰਦੇ ਸਨ।[117]

ਇਸ ਤੋਂ ਇਲਾਵਾ ਇਸਲਾਮੀ ਰਾਜ ਵਿਚ ਉੱਤਰ-ਅਧਿਕਾਰ ਦਾ ਕੋਈ ਵਿਸ਼ੇਸ਼ ਸਿਧਾਂਤ ਨਹੀਂ ਸੀ। ਆਮ ਤੌਰ ਤੇ ਵੱਡੇ ਪੁੱਤਰ ਦਾ ਰਾਜ ਸਿੰਘਾਸਨ ਪ੍ਰਤੀ ਵਧੇਰੇ ਹੱਕ ਸਮਝਿਆ ਜਾਂਦਾ ਸੀ, ਪਰੰਤੂ ਸਭ ਤੋਂ ਸ਼ਕਤੀਸ਼ਾਲੀ ਪੁੱਤਰ ਹੀ ਰਾਜ ਸਿੰਘਾਸਨ ਦਾ ਵਾਰਸ ਬਣਦਾ ਸੀ। ਇਸ ਲਈ ਹਰ ਸੁਲਤਾਨ/ ਸਮਰਾਟ ਦੀ ਮੌਤ ਉਪਰ ਰਾਜ ਦੇ ਦਾਅਵੇਦਾਰਾਂ ਵਿਚਕਾਰ ਯੁੱਧ ਹੁੰਦਾ ਸੀ। ਔਰੰਗਜ਼ੇਬ ਵਰਗੇ ਨੇ ਤਾਂ ਭਰਾਵਾਂ ਨੂੰ ਖਤਮ ਕਰਨ ਦੇ ਨਾਲ ਆਪਣੇ ਬਾਪ ਨੂੰ ਵੀ ਕੈਦ ਕੀਤਾ ਸੀ ਤੇ ਕੈਦੀ ਦੇ ਰੂਪ ਵਿਚ ਹੀ ਉਸ ਦੀ ਮੌਤ ਹੋਈ ਸੀ।

ਇਸ ਪ੍ਰਕਾਰ ਸੈਨਾ ਦੀ ਸ਼ਕਤੀ ਨਾਲ ਹੀ ਮੱਧਕਾਲੀਨ ਸ਼ਾਸਕ ਰਾਜ ਕਰਦੇ ਰਹੇ। [redacted] ਸਮਰਾਟ ਦੇ ਅਧੀਨ ਰਾਜ ਵਿਚ ਉਸੇ ਦਾ ਹੁਕਮ ਆਦਿ ਰਬ ਦੇ ਤੁੱਲ ਹੀ ਸਨ।[118] ਆਗਿਆ ਦੀ ਅਵਹੇਲਨਾ ਕਰਨ ਵਾਲੇ ਨੂੰ ਸਖਤ ਸਜ਼ਾ ਦਿੱਤੀ ਜਾਂਦੀ ਸੀ, ਕਿਉਂਕਿ ਜਿਸ ਦੀ ਸਰਕਾਰ ਹੋਵੇ ਉਸ ਸ਼ਾਸਕ ਦਾ ਹੀ ਸਭ ਕੁਛ ਸਮਝਿਆ ਜਾਂਦਾ ਹੈ।[119]

<u>ਕਰਮਚਾਰੀ ਵਰਗ</u> :- ਸ਼ਾਸਨ ਪ੍ਰਬੰਧ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਕਰਮਚਾਰੀ ਵਰਗ ਦੀ ਹੋਂਦ ਲਾਜ਼ਮੀ ਹੈ। ਸਾਡੇ ਖੋਜ ਪ੍ਰਬੰਧ ਦੇ ਨਿਸ਼ਚਿਤ ਕਾਲ ਦੌਰਾਨ ਕਰਮਚਾਰੀ ਵਰਗ ਦੇ ਵੱਡੇ ਅਹੁਦੇਦਾਰ ਮਨਸਬਦਾਰ, ਅਮੀਰ ਅਤੇ ਵਜ਼ੀਰ ਹੁੰਦੇ ਸਨ। ਇਨ੍ਹਾਂ ਨੂੰ ਖਾਨ, ਮਲਕ, ਅਮੀਰ ਤੇ ਸਿਪਾਹਸਾਲਾਰ ਕਿਹਾ ਜਾਂਦਾ ਸੀ।[120] ਇਹ ਲੋਕ ਰਾਜਿਆਂ ਵਾਂਗ ਹੀ ਬੜੀ ਸ਼ਾਨ ਨਾਲ ਮਹੱਲਾਂ ਵਿਚ ਰਹਿੰਦੇ ਸਨ। ਆਪਣੇ ਕਰਤੱਵ ਨੂੰ ਭੁਲਾ ਕੇ ਇਸਤਰੀ, ਸ਼ਰਾਬ, ਨਾਚ ਗਾਣਾ, ਸ਼ਤਰੰਜ, ਚੌਗਾਨ, ਆਦਿ ਸ਼ੁਗਲਾਂ ਵਿਚ ਮਸਰੂਫ ਰਹਿੰਦੇ ਸਨ।[121] ਇਨ੍ਹਾਂ ਅਮੀਰਾਂ-ਵਜ਼ੀਰਾਂ ਦੀ ਐਸ਼-ਪ੍ਰਸਤੀ ਦਾ ਪ੍ਰਭਾਵ ਦੇਸ਼ ਦੀ ਆਰਥਿਕ ਅਵਸਥਾ ਤੇ ਬੁਰਾ ਪਿਆ।[122] ਪ੍ਰੰਤੂ ਗਵਰਨਰਾਂ ਅਤੇ ਕਰਮਚਾਰੀਆਂ ਪਾਸ ਅਸੀਮਤ ਅਧਿਕਾਰ ਸਨ, ਜਦੋਂ ਉਨ੍ਹਾਂ ਦੀ ਆਮਦਨ ਦੇ ਸਾਧਨ ਘਟ ਜਾਂਦੇ ਤਾਂ ਸਾਰਾ ਬੋਝ ਕਿਸਾਨਾਂ ਅਤੇ ਆਮ ਲੋਕਾਂ ਤੇ ਪਾ ਦਿੰਦੇ ਸਨ।[123]

---

116. The Provincial Government of the Mughals, P-206, Dr. P. Saran.

117. ਭਾਰਤੀ ਇਤਿਹਾਸ ਦਾ ਮੁਸਲਿਮ ਯੁਗ, (ਮੁਗਲ ਸਲਤਨਤ), ਪੰ:459, ਏ.ਐਲ.ਸ੍ਰੀਵਾਸਤਵ।

118. ਸੁਲਤਾਨੁ ਹੋਵਾ ਮੇਲਿ ਲਸਕਰ, ਤਖਤਿ ਰਾਖਾ ਪਾਉ।
ਹੁਕਮੁ ਹਾਸਲੁ ਕਰੀ ਬੈਠਾ, ਨਾਨਕਾ ਸਭ ਵਾਉ।
(ਸਿਰੀ ਰਾਗ ਮ: 1, ਸ਼ਬਦਾਰਥ ਪੰ: 14)

119. ਜਿਸ ਹੀ ਕੀ ਸਿਰਕਾਰ ਹੈ, ਤਿਸ ਹੀ ਕਾ ਸਭੁ ਕੋਇ।
(ਸਿਰੀ ਰਾਗ ਮ: 3, ਘਰ 1, ਪੁਰੀ, ਪੰਨਾ 27)

120.

121. History of India, vol.III, Elliot & Dowson.

122. Panjab under the Sultans, P-138, Dr. B.S. Nijjar.

India at the death of Akbar, P-262, Moreland.

ਇਨ੍ਹਾਂ ਉੱਚੇ ਅਹੁਦੇਦਾਰਾਂ ਦੇ ਵਿਲਾਸ ਭਰੇ ਜੀਵਨ ਦਾ ਆਦਿ ਗ੍ਰੰਥ ਦੇ ਗੁਰੂ-ਭਾਗ ਵਿਚ ਖੰਡਨ ਕੀਤਾ ਗਿਆ ਹੈ। ਕਰਤੱਵ ਹੀਣ ਸਮਾਜ ਵਰਗ ਦੀਆਂ ਕੁਰੀਤੀਆਂ ਦਰਸਾ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਅਸਥਾਈ ਪ੍ਰਸੰਨਤਾ ਵਾਲੇ ਜੀਵਨ ਤੋਂ ਚੇਤਾਵਨੀ ਦਿੰਦਿਆਂ ਪਰਮਾਤਮਾ ਦੀ ਸਰਣ ਲੈਣ ਲਈ ਪ੍ਰੇਰਣਾ ਦਿੱਤੀ ਹੈ।[124] ਛਤਰਧਾਰੀ ਬਾਦਸ਼ਾਹ, ਧਨੀ ਸੇਠ (ਸਰਮਾਏਦਾਰੀ), ਵਡੇ ਭੂਮੀਪੱਤੀ (ਜ਼ਿਮੀਂਦਾਰ ਤੇ ਮਨਸਬਦਾਰ) ਆਪਣੇ ਕਰਤੱਵ ਨੂੰ ਭੁਲ ਕੇ ਹਉਮੈ ਅਧੀਨ ਧਨ ਦੀ ਦੁਰਵਰਤੋਂ ਕਰਕੇ ਅਨੇਕ ਪ੍ਰਕਾਰ ਦੀਆਂ ਸੁੰਦਰ ਨਾਰੀਆਂ ਨਾਲ ਵਿਲਾਸ ਕਰਦਿਆਂ ਬੁਰਾ ਭਲਾ ਨਹੀਂ ਸਮਝਦੇ। ਗੁਰੂ ਜੀ ਨੇ ਅਜਿਹੇ ਜੀਵਨ ਦੀ ਆਲੋਚਨਾ ਕਰਨ ਹਿਤ ਹੀ ਕਿਹਾ ਹੈ ਕਿ ਧਨ, ਜੋਬਨ, ਰਾਜ, ਸੁੰਦਰਤਾ, ਸੁਖਮਈ ਜੀਵਨ ਆਦਿ ਮਾਇਆ ਦਾ ਰੂਪ ਹਨ ਤੇ ਹਰੀ ਦੇ ਨਾਮ ਤੋਂ ਬਿਨਾ ਸਭ ਦਾ ਸੁਆਦ ਫਿੱਕਾ ਹੈ।[125]

---

123. ਉਹੀ, ਪੰ: 262।

124. ਦੇਖਾ ਚੰਦਨ ਅੰਗਿ ਚੜਾਵਉ। ਪਾਟ ਪਟੰਬਰ ਪਹਿਰਿ ਹਢਾਵਉ।
ਬਿਨੁ ਹਰਿ ਨਾਮ ਕਹਾ ਸੁਖ ਪਾਵਉ।1।
ਕਿਆ ਪਹਿਰਉ ਕਿਆ ਓਢਿ ਦਿਖਾਵਉ। ਬਿਨ ਜਗਦੀਸ ਕਹਾ ਸੁਖ ਪਾਵਉ।1।ਰਹਾਉ।
ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ। ਲਾਲ ਨਿਹਾਲੀ ਫੂਲ ਗੁਲਾਲਾ।
ਬਿਨ ਜਗਦੀਸ ਕਹਾ ਸੁਖ ਭਾਲਾ।2।ਨੈਨ ਸਲੋਨੀ ਸੁੰਦਰ ਨਾਰੀ।
ਖੋੜ ਸੀਗਾਰ ਕਰੈ ਅਤਿ ਪਿਆਰੀ। ਬਿਨੁ ਜਗਦੀਸ ਭਜੇ ਨਿਤ ਖੁਆਰੀ।3।
ਦਰ ਘਰ ਮਹਲਾ ਸੇਜ ਸੁਖਾਲੀ। ਅਹਿਨਿਸਿ ਫੂਲ ਬਿਛਾਵੈ ਮਾਲੀ।
ਬਿਨੁ ਹਰਿ ਨਾਮ ਸੁ ਦੇਹ ਦੁਖਾਲੀ।4।ਹੈਵਰ ਗੈਵਰ ਨੇਜੇ ਵਾਜੇ।
ਲਸਕਰ ਨੇਬ ਖਵਾਸੀ ਪਾਜੇ। ਬਿਨੁ ਜਗਦੀਸ ਝੂਠੇ ਦਿਵਾਜੇ।5।
ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ। ਤਾਜ ਕੁਲਹ ਸਿਰਿ ਛਤ੍ਰੁ ਬਨਾਵਉ।
ਬਿਨ ਜਗਦੀਸ ਕਹਾ ਸਚੁ ਪਾਵਉ।6। ਖਾਨ ਮਲੂਕ ਕਹਾਵਉ ਰਾਜਾ।
ਅਬੇ ਤਬੇ ਕੂੜੇ ਹੈ ਪਾਜਾ। ਬਿਨੁ ਗੁਰ ਸਬਦ ਨ ਸਵਰਸਿ ਕਾਜਾ।7।
ਹਉਮੈ ਮਮਤਾ ਗੁਰ ਸਬਦਿ ਵਿਸਾਰੀ। ਗੁਰਮਤਿ ਜਾਨਿਆ ਰਿਦੈ ਮੁਰਾਰੀ।
ਪ੍ਰਣਵਤਿ ਨਾਨਕ ਸਰਣਿ ਤੁਮਾਰੀ।8।(ਗਉੜੀ ਅਸਟਪਦੀ ਮ:1, ਸਬਦਾਂ, ਪੰ : 225)

125. (ੳ) ਮਨ ਬਿਲਾਸ ਬਹੁ ਰੰਗ ਘਣਾ, ਦ੍ਰਿਸਟ ਭੁਲਿ ਖੁਸੀਆ।
ਛਤ੍ਰ ਧਾਰ ਬਾਦਿਸਾਹੀਆ, ਵਿਚ ਸਹਸੇ ਪਰੀਆ।
.... ਧਨਪਾਤੀ, ਵਡ ਭੂਮੀਆ, ਮੇਰੀ ਮੇਰੀ ਕਰਿ ਪਰਿਆ।
ਹੁਕਮ ਚਲਾਏ ਨਿਸੰਗ ਹੋਇ, ਵਰਤੈ ਅਫਰਿਆ।
ਸਭੁ ਕੋ ਵਸਗਤਿ ਕਰਿ ਲਇਉਨ, ਬਿਨ ਨਾਵੈ ਖਾਕੁ ਰਲਿਆ।
ਕੋਟ ਤੇਤੀਸ ਸੇਵਕਾ, ਸਿਧ ਸਾਧਿਕ ਦਰਿ ਖਰਿਆ।
ਗਿਰੰਬਾਰੀ ਵਡਸਾਹਬੀ, ਸਭੁ ਨਾਨਕ ਸੁਪਨੁ ਥੀਆ। (ਸਿਰੀ ਰਾਗ ਮ:5, ਉਹੀ, ਪੰ:42-43)

(ਅ) ਸੁਤ ਦਾਰਾ ਬਨਿਤਾ ਅਨੇਕ, ਬਹੁਤ ਰੰਗ ਅਰੁ ਵੇਸ।
ਹਰਿ ਨਾਮੁ ਰਿਦੈ ਨ ਵਸਈ, ਕਾਰਜਿ ਕਿਤੈ ਨ ਲੇਖਿ। (ਸਿਰੀ ਰਾਗ ਮ:5, ਉਹੀ, ਪੰ:47)

(ੲ) ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੈ।1।ਰਹਾਉ।
ਕੋਟਿ ਜੋਰੇ, ਲਾਖ ਕ੍ਰੋਰੇ, ਮਨ ਨ ਹੋਰੇ, ਪਰੈ ਪਰੈ ਹੀ ਕਉ ਲੁਝੀ ਹੈ।
ਸੁੰਦਰ ਨਾਰੀ, ਅਨਿਕ ਪਰਕਾਰੀ, ਪਰ ਗ੍ਰਿਹ ਬਿਕਾਰੀ, ਬੁਰਾ ਭਲਾ ਨਹੀਂ ਸੁਝੀ ਹੈ।
(ਰਾਗ ਗਉੜੀ ਮ: 5, ਉਹੀ, ਪੰ: 213)

(ਬਾਕੀ ਅਗਲੇ ਪੰਨੇ ਤੇ......)

ਇਸ ਪ੍ਰਬੰਧ ਦੇ ਨਿਸਚਿਤ ਕਾਲ ਦੌਰਾਨ ਸ਼ਾਸਨ ਪ੍ਰਬੰਧ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਰਾਜ ਨੂੰ ਸੂਬਿਆਂ ਵਿਚ ਵੰਡਿਆ ਹੋਇਆ ਸੀ,[126] ਜਿਸ ਦਾ ਮੁਖੀ ਅਧਿਕਾਰੀ ਸਿਪਾਹਸਲਾਰ ਜਾਂ ਸੂਬੇਦਾਰ ਜਾਂ ਨਾਇਬ ਹੁੰਦਾ ਸੀ। ਪ੍ਰੰਤੂ ਸ਼ਾਸਨ ਵਿਚ ਦੀਵਾਨ (ਮਹਿਤਾ) ਦਾ ਇਕ ਵਿਸ਼ੇਸ਼ ਅਹੁਦਾ ਸੀ।[127] ਪ੍ਰਾਂਤ (ਸੂਬਾ) ਅੱਗੇ ਕਈ ਸਰਕਾਰਾਂ (ਜ਼ਿਲ੍ਹਿਆਂ) ਵਿਚ ਵੰਡਿਆ ਹੁੰਦਾ ਸੀ, ਜਿਸ ਦੇ ਮੁਖੀ ਨੂੰ ਫ਼ੌਜਦਾਰ ਕਹਿੰਦੇ ਸਨ।[128] ਸਰਕਾਰ ਤੋਂ ਛੋਟੀ ਰਾਜਨੀਤਕ ਇਕਾਈ ਪਰਗਨਾ (ਪਾਟਾ) ਸੀ, ਜਿਸ ਦਾ ਮੁੱਖ ਅਧਿਕਾਰੀ 'ਸ਼ਿਕਦਾਰ' ਹੁੰਦਾ ਸੀ।[129] ਰਾਜ ਦੀ ਸਭ ਤੋਂ ਛੋਟੀ ਇਕਾਈ ਪਿੰਡ ਵਿਚ ਪੰਚਾਇਤ ਹੁੰਦੀ ਸੀ, ਜਿਸ ਦਾ ਮੁਖੀਆ ਕਿਸਾਨਾਂ ਪਾਸੋਂ ਸਰਕਾਰੀ ਲਗਾਨ ਉਗਰਾਹੁਣ ਦਾ ਜ਼ਿੰਮੇਵਾਰ ਹੁੰਦਾ ਸੀ।[130]

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਭ੍ਰਿਸ਼ਟਾਚਾਰੀ ਕਰਮਚਾਰੀ-ਵਰਗ ਵਿਰੁੱਧ ਨਿਰਸੰਕੋਚ ਆਵਾਜ਼ ਉਠਾਈ ਗਈ ਹੈ। ਉਪਰੋਕਤ ਕਰਮਚਾਰੀਆਂ—ਰਾਜਾ, ਦੀਵਾਨ (ਮਹਿਤਾ), ਸ਼ਿਕਦਾਰ (ਪਰਗਨੇ ਦਾ ਮੁਖ ਅਧਿਕਾਰੀ) ਅਤੇ ਨਾਇਬ (ਪ੍ਰਾਂਤ ਦਾ ਸੂਬੇਦਾਰ) ਨੂੰ ਕ੍ਰਮਵਾਰ ਲਬ (ਲਾਲਚ), ਪਾਪ, ਕੂੜ ਅਤੇ ਕਾਮ ਆਦਿ ਕੁਰੀਤੀਆਂ ਦੇ ਪ੍ਰਤੀਕ ਦਰਸਾਇਆ ਗਿਆ ਹੈ।[131] ਜਦੋਂ ਰਾਜੇ ਹੀ ਦੁਰਾਚਾਰੀ ਬਣ ਗਏ ਤਾਂ ਉਨ੍ਹਾਂ ਦੇ ਪੂਰਣਿਆਂ ਤੇ ਚਲਣਾ ਸ੍ਰੇਸ਼ਠ ਸਮਝਣ ਲਗੇ, ਵੱਡੇ ਕਰਮਚਾਰੀਆਂ ਦੀ ਦੇਖਾ ਦੇਖੀ ਛੋਟੇ ਕਰਮਚਾਰੀ ਵੀ ਪਰਜਾ ਨਾਲ ਬੁਰਾ ਵਿਵਹਾਰ ਕਰਦੇ ਸਨ।[132]

ਪਰਗਨੇ ਦੇ ਮੁਖ ਅਧਿਕਾਰੀ ਸ਼ਿਕਦਾਰ ਬਾਰੇ ਆਲੋਚਨਾ ਕਰਦਿਆਂ ਕਿਹਾ ਗਿਆ ਹੈ ਕਿ ਜਿਸਤਰ੍ਹਾਂ ਹਿਰਨ ਦੇ ਬੱਚੇ ਨੂੰ ਸ਼ਿਕਾਰ ਕੇ ਫੜ ਲਿੰਦੇ ਹਨ, ਉਹ ਆਪਣੇ ਹੋਰ ਸਾਥੀਆਂ ਨੂੰ ਕਿਵੇਂ ਫਸਾਉਂਦਾ ਹੈ, ਤਿਵੇਂ ਹੀ ਇਹੋ ਬਾਜ਼ ਤੇ ਪਤ੍ਰੇ ਅਧਿਕਾਰ (ਸ਼ਿਕਦਾਰ) ਆਪਣੇ ਹੀ ਭਰਾਵਾਂ ਦਾ ਲਹੂ ਪੀਂਦੇ ਹਨ। ਆਪਣੀ ਜਾਤ ਦੇ ਲੋਕਾਂ ਨੂੰ ਹੀ ਲਗੀ ਹੋਈ ਫਾਹੀ ਵਿਚ ਫਸਾਉਂਦੇ ਹਨ।[133]

(ਸ) 'ਪਾਵਤੁਰਲੀਆ, ਜੋਬਨਿ ਬਲੀਆ। ਨਾਮ ਬਿਨਾ ਮਾਟੀ ਸੰਗਿ ਰਲੀਆ।
ਕਾਨ ਕੁੰਡਲੀਆ, ਬਸਤ੍ਰ ਓਢਲੀਆ। ਸੇਜ ਸੁਖਲੀਆ, ਮਨਿ ਗਰਬਲੀਆ।1।ਰਹਾਉ।
ਤਲੈ ਕੁੰਚਰੀਆ, ਸਿਰ ਕਨਿਕ ਛਤਰੀਆ। ਹਰਿ ਭਗਤਿ ਬਿਨਾ, ਲੇ ਧਰਨਿ ਗਡਲੀਆ।
ਰੂਪ ਸੁੰਦਰੀਆ, ਅਨਿਕ ਇਸਤਰੀਆ। ਹਰਿ ਰਸ ਬਿਨੁ, ਸਭਿ ਸੁਆਦ ਫਿਕਰੀਆ।
(ਆਸਾ ਮ: 5, ਤ੍ਰੈਹੀ, ਪੰ: 385)

126. Mughal Administration, P-56, J.N. Sarkar.
127. Panjab under the Great Mughals, P-106, Dr. B.S. Nijjar.
128. Mughal Administration, P-57, J.N. Sarkar.
129. The Mughal Empire, P-193, A.L. Srivastva.
130. The Provincial Government of the Mughals, P-243, Dr. P. Saran.
131. 'ਲਬੁ ਪਾਪੁ ਦੁਇ ਰਾਜਾ ਮਹਤਾ, ਕੂੜੁ ਹੋਆ ਸਿਕਦਾਰੁ।
ਕਾਮੁ ਨੇਬੁ ਸਦਿ ਪੁਛੀਐ, ਬਹਿ ਬਹਿ ਕਰੇ ਬੀਚਾਰੁ।
(ਵਾਰ ਆਸਾ ਮ:1, ਪਉੜੀ 11 ਦਾ ਸਲੋਕ, ਸ਼ਬਦਾਰਥ, ਪੰ: 468-69)
132. ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰ: 704, ਡਾ: ਮਨਮੋਹਨ ਸਹਿਗਲ।
133. 'ਹਰਣਾਂ ਬਾਜਾਂ ਤੈ ਸਿਕਦਾਰਾਂ, ਏਨਾ ਪੜਿਆ ਨਾਉ।
ਫਾਂਧੀ ਲਗੀ ਜਾਤਿ ਫਹਾਇਨਿ, ਅਗੈ ਨਾਹੀ ਥਾਉ।'
(ਮਲਾਰ ਕੀ ਵਾਰ ਮ:1, ਪਉੜੀ 22 ਦਾ ਸਲੋਕ, ਸ਼ਬਦਾਰਥ, ਪੰ: 1288)

ਮੁਕੱਦਮ (ਪੰਚਾਇਤ ਦਾ ਸਰਪੰਚ) ਬੜਾ ਅਤਿਆਚਾਰੀ ਰੋਲ ਅਦਾ ਕਰਦਾ ਸੀ। ਮਧ ਯੁਗੀਨ ਰਾਜਨੀਤਕ ਪਰਿਸਥਿਤੀਆਂ ਵਿਚ ਜਿਥੇ ਰਾਜੇ ਸ਼ੇਰਾਂ ਵਾਂਗ ਘਾਤਕ ਬਣੇ ਹੋਏ ਸਨ, ਉਥੇ ਉਨ੍ਹਾਂ ਵਲੋਂ ਨਿਯੁਕਤ ਕੀਤੇ ਗਏ ਮੁਕਦਮ (ਚੌਧਰੀ ਸਰਪੰਚ ਜਾਂ ਨੰਬਰਦਾਰ) ਕੁੱਤਿਆਂ ਸਮਾਨ ਲਾਲਚੀ ਹੋ ਗਏ ਸਨ। ਉਹ ਰਿਸ਼ਵਤ ਲੈਂਦੇ ਅਤੇ ਵਿਲਾਸਤਾ ਭਰਿਆ ਜੀਵਨ ਬਿਤਾਂਦੇ ਸਨ। ਫਿਰ ਉਨ੍ਹਾਂ ਦੇ ਨੌਕਰ ਆਪਣੇ ਤਿੱਖੇ ਨਹੁੰਆਂ ਨਾਲ ਡੂੰਘੇ ਘਾਉ ਪਾ ਕੇ ਜਨਤਾ ਦਾ ਲਹੂ ਪੀਂਦੇ ਸਨ। ਸ਼ਾਸਕ ਆਪਣੇ ਮੁਕੱਦਮ ਰੂਪੀ ਕੁੱਤਿਆਂ ਰਾਹੀਂ ਪਰਜਾ ਦੀ ਰਤ (ਲਹੂ) ਤਕ ਚੱਟ ਜਾਂਦੇ ਸਨ।[134]

ਗੁਰੂ ਸਾਹਿਬ ਦੁਆਰਾ ਪਰਤੱਖ ਰਾਜ ਸ਼ਾਸਕ ਵਰਗ ਦਾ ਡਟ ਕੇ ਵਿਰੋਧ ਕੀਤਾ ਗਿਆ ਤੇ ਪਾਤਸ਼ਾਹ, ਉਮਰਾਵ, ਸਿਕਦਾਰ ਅਤੇ ਚੌਧਰੀ ਆਦਿਕ ਦੇ ਅਹੁਦਿਆਂ ਨੂੰ ਮਿਥਿਆ ਤੇ ਦੂਜਾ ਭਾਉ ਕਿਹਾ ਗਿਆ।[135]

<u>ਕਰ ਪ੍ਰਣਾਲੀ</u>:- ਹਰ ਸਰਕਾਰ ਆਪਣੀ ਆਮਦਨ ਪੈਦਾ ਕਰਨ ਲਈ ਜਨਤਾ ਤੇ ਵਿਭਿੰਨ ਪ੍ਰਕਾਰ ਦੇ ਟੈਕਸ ਲਾਉਂਦੀ ਹੈ। ਜਾਂਚ ਵਿਚਾਰ ਅਧੀਨ ਕਾਲ ਦੌਰਾਨ ਸੁਲਤਾਨ/ਸਮਰਾਟ ਦੀ ਆਮਦਨੀ ਦਾ ਸਭ ਤੋਂ ਵੱਡਾ ਸਾਧਨ ਜ਼ਮੀਨ ਦਾ ਲਗਾਨ ਸੀ ਜੋ ਆਮ ਤੌਰ ਤੇ ਉਪਜ ਦਾ ਤੀਜਾ ਹਿੱਸਾ ਲਿਆ ਜਾਂਦਾ ਸੀ। ਸਲਤਨਤ ਰਾਜ ਵਿਚ ਟੈਕਸਾਂ ਨੂੰ ਲਾਉਣ ਤੇ ਵਸੂਲ ਕਰਨ ਲਈ ਇਕ ਵਖਰਾ ਵਿਭਾਗ ਹੁੰਦਾ ਸੀ। ਇਸੇ ਪ੍ਰਕਾਰ ਮੁਗ਼ਲ ਰਾਜ ਵਿਚ ਵੀ ਟੈਕਸਾਂ ਦਾ ਬਕਾਇਆ ਬੜੀ ਬੇਰਹਿਮੀ ਨਾਲ ਉਗਰਾਹਿਆ ਜਾਂਦਾ ਸੀ। ਕਿਸਾਨ ਕਦੇ ਵੀ ਟੈਕਸਾਂ ਦੇ ਭਾਰ ਤੋਂ ਰਾਹਤ ਅਨੁਭਵ ਨਹੀਂ ਕਰਦੇ ਸਨ ਤੇ ਟੈਕਸ ਨਾ ਦੇ ਸਕਣ ਦੇ ਕਾਰਨ ਉਨ੍ਹਾਂ ਨੂੰ ਜੇਲ੍ਹ ਦੀ ਸਜ਼ਾ ਵੀ ਹੋ ਜਾਂਦੀ ਸੀ।[136]

ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਟੈਕਸਾਂ ਸੰਬੰਧੀ ਮਿਲਦੇ ਵਿਚਾਰਾਂ ਦਾ ਉਲੇਖ ਚੌਥੇ ਅਧਿਆਇ ਵਿਚ ਕੀਤਾ ਗਿਆ ਹੈ, ਇਸ ਲਈ ਉਨ੍ਹਾਂ ਨੂੰ ਇਥੇ ਦੁਹਰਾਉਣਾ ਠੀਕ ਨਹੀਂ ਸਮਝਿਆ ਗਿਆ।

ਗੁਰੂ ਸਾਹਿਬਾਨ ਨੂੰ ਲੋਕਾਂ ਨਾਲ ਬਹੁਤ ਹਮਦਰਦੀ ਸੀ। ਗੁਰੂ ਰਾਮ ਦਾਸ ਜੀ[137] ਅਤੇ ਗੁਰੂ ਅਰਜਨ ਦੇਵ ਜੀ[138] ਦੁਆਰਾ ਅਕਬਰ ਸਮਰਾਟ ਪਾਸੋਂ ਪੰਜਾਬ ਦੇ ਲੋਕਾਂ ਦਾ ਲਗਾਨ ਮੁਆਫ਼ ਕਰਵਾਉਣਾ ਇਸ ਲੋਕ ਹਿਤ ਦੀਆਂ ਬੜੀਆਂ ਵੱਡੀਆਂ ਉਦਾਹਰਣਾਂ ਹਨ। ਇਸ ਤੋਂ ਇਲਾਵਾ ਗੁਰੂ ਅਮਰਦਾਸ ਜੀ ਲੋਕਾਂ ਦੇ ਸੁਧਾਰ ਹਿਤ ਧਰਮ ਪ੍ਰਚਾਰ ਕਰਨ ਲਈ ਕੁਰੂਕਸ਼ੇਤਰ, ਜਮਨਾ ਤੇ ਗੰਗਾ ਦੇ ਤੀਰਥ ਅਸਥਾਨਾਂ ਤੇ ਗਏ ਤੇ ਉਨ੍ਹਾਂ ਨੇ 'ਤੀਰਥ ਯਾਤਰਾ ਕਰ' ਨਹੀਂ ਦਿੱਤਾ ਬਲਕਿ ਟੈਕਸ ਵਸੂਲ ਕਰਨ ਵਾਲੇ ਗੁਰੂ ਜੀਨੂੰ ਭੇਟਾਵਾਂ

---

134. 'ਰਾਜੇ ਸੀਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ।
ਚਾਕਰ ਨਹਦਾ ਪਾਇਨਿ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ।' —(ਉਹੀ)
135. 'ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ,
ਸਭ ਮਿਥਿਆ ਝੂਠੁ ਭਾਉ ਦੂਜਾ ਜਾਣੁ।' (ਗੋਂਡ ਮ: 4, ਉਹੀ, ਪੰ: 861)
136. Studies in Medieval Indian History, P-193, K.S. Lal.
137. History of the Punjab, P-252-53, S.M. Latif.
138. ਉਹੀ, ਪੰ: 257.

ਨੇ ਕੇ ਮਿਲੇ। ਗੁਰੂ ਜੀ ਦੇ ਨਾਲ ਸੰਗਤਾਂ ਵਿਚੋਂ ਵੀ ਕਿਸੇ ਪਾਸੋਂ ਉਨ੍ਹਾਂ ਨੇ ਅੱਧੀ ਕੌਡੀ ਵੀ ਵਸੂਲ ਨਹੀਂ ਕੀਤੀ। ਗੁਰੂ ਜੀ ਦੀ ਇਸ ਯਾਤਰਾ ਅਤੇ ਟੈਕਸ ਨਾ ਦੇਣ ਬਾਰੇ ਉਨ੍ਹਾਂ ਦੇ ਉੱਤਰ ਅਧਿਕਾਰੀ, ਗੁਰੂ ਰਾਮਦਾਸ ਜੀਨੇ ਆਪਣੀ ਪਾਵਨ ਬਾਣੀ ਵਿਚ ਵਰਣਨ ਕੀਤਾ ਹੈ।[139]

ਗੁਰੂ ਅਰਜਨ ਦੇਵ ਜੀ ਨੂੰ ਸਮਕਾਲੀਨ ਹਾਕਮ ਬੀਰਬਲ ਨੇ ਆਪਣੇ ਸਿੱਖਾਂ ਪਾਸੋਂ ਟੈਕਸ ਇਕੱਠਾ ਕਰਨ ਲਈ ਮਜਬੂਰ ਕੀਤਾ ਪਰ ਗੁਰੂ ਜੀ ਨੇ ਸਾਫ਼ ਇਨਕਾਰ ਕਰ ਦਿੱਤਾ।[140] ਇਸੇ ਪ੍ਰਕਾਰ ਜਹਾਂਗੀਰ ਸਮਰਾਟ ਨੇ ਗੁਰੂ ਜੀ ਨੂੰ ਖੁਸਰੋ ਦੀ ਕਥਿਤ ਮਦਦ ਦੇ ਦੋਸ਼ ਵਜੋਂ ਦੋ ਲੱਖ ਜੁਰਮਾਨਾ ਕੀਤਾ, ਬੜੀ ਦਲੇਰੀ ਨਾਲ ਗੁਰੂ ਜੀ ਨੇ ਇਨਕਾਰ ਕੀਤਾ, ਭਾਵੇਂ ਉਨ੍ਹਾਂ ਨੂੰ ਇਸ ਬਦਲੇ ਅਕਹਿ ਤੇ ਅਸਹਿ ਕਸ਼ਟ ਸਹਾਰਨੇ ਪਏ ਤੇ ਆਖੀਰ ਸ਼ਹੀਦੀ ਵੀ ਦੇਣੀ ਪਈ, ਪਰ ਨਾਜਾਇਜ਼ ਈਨ ਨਹੀਂ ਮੰਨੀ।[141]

ਇਸ ਜੁਰਮਾਨੇ ਦੀ ਵਸੂਲੀ ਦਾ ਬਹਾਨਾ ਬਣਾ ਕੇ, (ਭਾਵੇਂ ਇਸ ਪਿੱਛੇ ਕਈ ਹੋਰ ਪ੍ਰਕਾਰ ਦੇ ਕਾਰਣ ਵੀ ਸਨ) ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਆਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ। ਗੁਰੂ ਜੀ ਨੇ ਪੂਰੀ ਨਿਰਭੈਤਾ ਨਾਲ ਕਿਸੇ ਪ੍ਰਕਾਰ ਦਾ ਜੁਰਮਾਨਾ ਅਥਵਾ ਦੰਡ ਭਰਨ ਤੋਂ ਸਾਫ਼ ਇਨਕਾਰ ਕੀਤਾ।[142]

139.(ੳ) '...... ਤੀਰਥ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ।.....
ਪ੍ਰਥਮ ਆਏ ਕੁਲਖੇਤਿ, ਗੁਰ ਸਤਿਗੁਰ ਪੁਰਬੁ ਹੋਆ।.......
ਦੁਤੀਆ ਜਮੁਨ ਗਏ, ਗੁਰਿ ਹਰਿ ਹਰਿ ਜਪਨੁ ਕੀਆ।
ਜਾਗਾਤੀ ਮਿਲੇ ਦੇ ਭੇਟ, ਗੁਰ ਪਿਛੈ ਲੰਘਾਇ ਦੀਆ।
ਸਭ ਛੁਟੀ ਸਤਿਗੁਰੂ ਪਿਛੈ............
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ, ਤਿਨ ਜਮੁ ਜਾਗਾਤੀ ਨੇੜਿ ਨ ਆਇਆ।
ਸਭ ਗੁਰੂ ਗੁਰੂ ਜਗਤੁ ਬੋਲੈ, ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ।.....
ਤ੍ਰਿਤੀਆ ਆਏ ਸੁਰਸਰੀ, ਤਹ ਕਉਤਕੁ ਚਲਤੁ ਭਇਆ।
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ, ਕਿਨੈ ਆਢੁ ਨ ਦਾਮੁ ਲਇਆ।
ਆਢੁ ਦਾਮੁ ਕਿਛੁ ਪਾਇਆ ਨ ਬੋਲਕ, ਜਾਗਾਤੀਆ ਮੋਹਣ ਮੁੰਦਣਿ ਪਈ।
ਭਾਈ ਹਮ ਕਰਹ ਕਿਆ, ਕਿਸੁ ਪਾਸਿ ਮਾਂਗਹ, ਸਭ ਭਾਗਿ ਸਤਿਗੁਰ ਪਿਛੈ ਪਈ।
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ, ਭੰਨਿ ਬੋਲਕਾ ਸਭਿ ਉਠਿ ਗਇਆ।.....
—(ਤੁਖਾਰੀ ਮ:4, ਛੰਤ, ਸਬਦਾਰਥ ਪੰ: 1116-17)

(ਅ) ਵਿਸਥਾਰ ਲਈ ਵੇਖੋ:-

I. An advanced History of the Panjab, P-137, Dr. G.S.Chhabra.
II. History of the Panjab, P-86 Dr. K.S.Narang & Dr.H.R.Gupta.

140. History of the Panjab, P-102, Dr. K.S. Narang & Dr.H.R. Gupta.

141. ਵਿਸਥਾਰ ਲਈ ਵੇਖੋ:
(ੳ) Dabistan, Vol.I, P-72-73, Mohisin Fani.
(ਅ) The Sikh Religion, Vol.III, P-92-101, M.A.Macauliffe
(ੲ) An advanced History of the Panjab, P-173-74, Dr.G.S.Chhabra.

142. (ਸ੍ਰੀ) ਵਿਸਥਾਰ ਲਈ ਵੇਖੋ:
(ੳ) The Sikh Religion, Vol.IV, P-21-22, M.A.Macauliffe.
(ਅ) The History of the Panjab, P-112, K.S.Narang & Dr.H.R.Gupta
(ੲ) An advanced History of the Panjab, P-206, Dr. G.S. Chhabra.

ਇਸ ਪ੍ਰਕਾਰ ਆਦਿ ਰੂਪ ਦੇ ਗੁਰੂ-ਕਾਲ ਵਿਚ ਇਸ ਕਰ-ਪ੍ਰਣਾਲੀ ਦੀ ਨਿਖੇਧੀ ਕਰਨ ਤੋਂ ਇਲਾਵਾ ਗੁਰੂ-ਸਾਹਿਬਾਨ ਨੇ ਆਪਣੇ ਜੀਵਨ ਵਿਚ ਵਿਵਹਾਰਿਕ ਰੂਪ ਵਿਚ ਵੀ ਇਨ੍ਹਾਂ ਟੈਕਸਾਂ ਅਥਵਾ ਰਾਜ-ਦੰਡਾਂ ਵਿਰੁੱਧ ਸੰਘਰਸ਼ ਕੀਤਾ ਤੇ ਆਪਣੇ ਸਿੱਖਾਂ ਵਿਚ ਨਿਰਭੈਤਾ ਉਤਪੰਨ ਕਰਨ ਵਿਚ ਸਫ਼ਲ ਹੋਏ।

ਨਿਆਂ ਪ੍ਰਬੰਧ:-

ਰਾਜ ਵਿਚ ਸਭ ਤੋਂ ਵੱਡਾ ਨਿਆਂਕਾਰ ਸੁਲਤਾਨ ਜਾਂ ਸਮਰਾਟ ਆਪ ਸੀ। ਸ਼ਾਹਜਹਾਨ ਤੇ ਔਰੰਗ-ਜ਼ੇਬ ਬੁਧਵਾਰ ਨੂੰ ਆਮ ਦਰਬਾਰ ਲਾਉਣ ਦੀ ਬਜਾਇ ਕਚਹਿਰੀ ਲਾਉਂਦੇ ਸਨ। ਸਮਰਾਟ ਦੀਵਾਨਿ-ਖ਼ਾਸ ਵਿਚ ਦੁਪਹਿਰ ਤਕ ਨਿਆਂ ਸਿੰਘਾਸਨ ਤੇ ਬੈਠਦਾ ਸੀ। ਇਸ ਕਚਹਿਰੀ ਵਿਚ ਰਾਜ ਦੇ ਕਾਜ਼ੀ, ਆਦਿਲ, ਮੁਫ਼ਤੀ, ਉਲਮਾ, ਫ਼ਤਵਾ ਦੇਣ ਵਾਲੇ ਮਾਹਿਰ, ਦਰੋਗਾ-ਇ-ਅਦਾਲਤ ਅਤੇ ਕੋਤਵਾਲ ਤੋਂ ਸਿਵਾਇ ਕੋਈ ਨਹੀਂ ਸੀ ਆ ਸਕਦਾ। ਅਪੀਲਾਂ ਕਰਨ ਵਾਲੇ ਵਾਰੀ ਵਾਰੀ ਆਉਂਦੇ। ਉਲਮਾ ਪਾਸੋਂ ਕਾਨੂੰਨ ਬਾਰੇ ਪੁੱਛ ਗਿੱਛ ਕਰਨ ਉਪਰੰਤ ਸਮਰਾਟ ਫ਼ੈਸਲਾ ਸੁਣਾ ਦਿੰਦਾ ਸੀ।[143]

ਔਰੰਗਜ਼ੇਬ ਤੋਂ ਬਿਨਾ ਸਾਰੇ ਸਮਰਾਟ ਝਰੋਖਾ ਦਰਸ਼ਨ ਰਾਹੀਂ ਆਮ ਲੋਕਾਂ ਦੀਆਂ ਸ਼ਿਕਾਇਤਾਂ ਵੀ ਸੁਣਦੇ ਸਨ। ਜਹਾਂਗੀਰ ਨੇ ਆਗਰੇ ਦੇ ਕਿਲ੍ਹੇ ਦੀ ਬਾਹਰਲੀ ਦੀਵਾਰ ਤੇ ਇਕ ਜ਼ੰਜੀਰ ਲਟਕਾਈ ਸੀ, ਜਿਸ ਤੇ ਕੋਈ ਵੀ ਆਪਣੀ ਸ਼ਿਕਾਇਤ ਬੰਨ੍ਹ ਸਕਦਾ ਸੀ, ਇਸ ਪ੍ਰਕਾਰ ਸਮਰਾਟ ਪਾਸ ਲੋਕਾਂ ਦੀਆਂ ਸ਼ਿਕਾਇਤਾਂ ਪਹੁੰਚ ਜਾਂਦੀਆਂ ਸਨ।[144]

ਪ੍ਰਾਂਤ ਦਾ ਨਿਆਂ ਪ੍ਰਬੰਧ ਸੂਬੇਦਾਰ, ਦੀਵਾਨ ਤੇ ਕਾਜ਼ੀ ਕਰਦੇ ਸਨ। ਸਰਕਾਰ ਵਿਚ ਸਿੱਕਦਾਰ ਤੇ 'ਆਮਲ' ਨਿਆਂ ਕਰਦੇ ਸਨ। ਹਰ ਇਕ ਸ਼ਹਿਰ ਵਿਚ ਨਿਆਂ ਲਈ ਕਾਜ਼ੀ ਹੁੰਦੇ ਸਨ। ਪਰਗਨਿਆਂ ਵਿਚ ਵੀ ਇਹ ਧਾਰਮਿਕ ਮੁਕੱਦਮਿਆਂ ਦਾ ਫ਼ੈਸਲਾ ਕਰਦੇ ਸਨ।

ਪਰੰਤੂ ਕਾਨੂੰਨ ਵਿਭਾਗ ਵਿਚ ਬੜੀ ਵੱਡੀ ਤਰੁੱਟੀ ਸੀ ਕਿ ਵੱਡੀ ਤੋਂ ਛੋਟੀ ਕਚਹਿਰੀ ਤਕ ਦਰਜੇ ਨਹੀਂ ਸਨ ਬਣਾਏ ਗਏ। ਕੋਈ ਵਿਸ਼ੇਸ਼ ਪ੍ਰਣਾਲੀ ਨਹੀਂ ਸੀ ਅਪਣਾਈ ਗਈ, ਨਾ ਹੀ ਉਨ੍ਹਾਂ ਦੇ ਵਿਸ਼ੇਸ਼ ਇਲਾਕੇ ਦੇ ਸੀਮਾ-ਖੇਤਰ ਬਾਰੇ ਵੰਡ ਕੀਤੀ ਗਈ ਸੀ। ਇਸ ਲਈ ਆਮ ਤੌਰ ਤੇ ਕਾਜ਼ੀਆਂ ਤੇ ਸਦਰ ਪਾਸ ਹੀ ਮੁਕੱਦਮੇ ਆਉਂਦੇ ਸਨ।[145]

ਜਿਸ ਪ੍ਰਕਾਰ ਸੁਲਤਾਨ ਜਾਂ ਸਮਰਾਟ ਦਾ ਵਰਣਨ ਕਰਦਿਆਂ ਕਿਹਾ ਗਿਆ ਹੈ ਕਿ ਰਾਜ ਇਸਲਾਮੀ ਸ਼ਰੀਅਤ ਅਨੁਸਾਰ ਚਲਦਾ ਸੀ ਤੇ ਉਸ ਅਨੁਸਾਰ ਕਾਫ਼ਰਾਂ (ਹਿੰਦੂ ਜਾਂ ਹੋਰ ਗੈਰ ਮੁਸਲਿਮ) ਨੂੰ ਨਿਆਂ ਦੀ ਉਮੀਦ ਵੀ ਨਹੀਂ ਸਨ ਕਰ ਸਕਦੇ। ਜਦੋਂ ਰਾਜੇ ਹੀ ਅਨਿਆਂਕਾਰੀ ਸਨ ਤਾਂ ਉਨ੍ਹਾਂ ਦੇ ਕਰਮਚਾਰੀਆਂ ਪਾਸੋਂ ਨਿਆਂ ਕਿਸ ਪ੍ਰਕਾਰ ਮਿਲ ਸਕਦਾ ਸੀ। ਕਾਜ਼ੀ ਇਸਲਾਮ ਦੀ ਸ਼ਰ੍ਹਾ ਅਨੁਸਾਰ ਹੀ ਫ਼ੈਸਲਾ ਕਰਦੇ ਸਨ।

---

143. Mughal Administration, P-106-07, J.N. Sarkar.
144. ਉਹੀ, ਪੰ: 107.
145. ਉਹੀ, ਪੰ: 107.

ਆਪਣੀਆਂ ਸ਼ਕਤੀਆਂ ਦਾ ਗਲਤ ਪ੍ਰਯੋਗ ਕਰਨ ਦੇ ਕਾਰਨ ਕਾਜ਼ੀ ਸੰਸਥਾ ਮੁਗ਼ਲ ਸਮੇਂ ਬਦਨਾਮ ਸੀ। ਇਥੋਂ ਤੱਕ ਕਿ ਔਰੰਗਜ਼ੇਬ ਦੇ ਸ਼ਾਸਨ ਕਾਲ ਦਾ ਮੁਖ ਕਾਜ਼ੀ ਅਬਦੁਲ ਵਹਾਬ ਐਨਾ ਭ੍ਰਿਸ਼ਟਾਚਾਰੀ ਸੀ ਕਿ 16 ਸਾਲ ਇਸ ਅਹੁਦੇ ਤੇ ਰਹਿੰਦਿਆਂ ਉਸ ਨੇ ਜ਼ੇਵਰ ਅਤੇ ਬਹੁਮੁੱਲੀਆਂ ਵਸਤੂਆਂ ਤੋਂ ਇਲਾਵਾ 33 ਲੱਖ ਰੁਪਏ ਰਿਸ਼ਵਤ ਦੇ ਜੋੜੇ ਸਨ।[146] ਕਈ ਵਾਰ ਸਦਰ ਨਾਮ ਦਾ ਕਰਮਚਾਰੀ (ਜੋ ਧਾਰਮਿਕ ਮੁਆਮਲਿਆਂ ਲਈ ਜਾਗੀਰਾਂ ਅਤੇ ਦਾਨ ਵਿਭਾਗ ਦਾ ਅਧਿਕਾਰੀ ਹੁੰਦਾ ਸੀ) ਵੀ ਕਾਜ਼ੀ ਦਾ ਅਹੁਦਾ ਸੰਭਾਲਦਾ ਸੀ, ਪਰੰਤੂ ਅਕਬਰ ਅਤੇ ਉਹਦੇ ਉੱਤਰ-ਅਧਿਕਾਰੀਆਂ ਵੇਲੇ ਸਦਰ ਤੇ ਕਾਜ਼ੀ ਦੋ ਵੱਖਰੇ ਆਦਮੀ ਹੁੰਦੇ ਸਨ। ਸਦਰ ਵੀ ਰਿਸ਼ਵਤ ਲੈਣ ਕਰਕੇ ਬਹੁਤ ਬਦਨਾਮ ਸਨ।[147]

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਕਾਜ਼ੀ ਦੇ ਖ਼ਿਲਾਫ਼ ਬੜੇ ਜ਼ੋਰਦਾਰ ਸ਼ਬਦਾਂ ਵਿਚ ਚਰਚਾ ਕੀਤੀ ਗਈ ਹੈ। ਕਾਜ਼ੀ ਨਿਆਂ ਕਰਨ ਲਈ ਬੈਠਦਾ ਹੈ, ਧਰਮੀ ਹੋਣ ਦਾ ਵਿਖਾਵਾ ਕਰਨ ਲਈ ਤਸਬੀ (ਮਾਲਾ) ਵੀ ਫੇਰਦਾ ਹੈ। ਪਰੰਤੂ ਉਹਦਾ ਕਿਰਦਾਰ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਉਹ ਵੱਢੀ ਲੈ ਕੇ ਹੱਕਦਾਰਾਂ ਦੇ ਉਲਟ ਫੈਸਲਾ ਕਰ ਦੇਂਦਾ ਹੈ। ਜੇ ਕੋਈ ਇਸ ਬਾਰੇ ਪੁੱਛ ਗਿੱਛ ਕਰੇ ਤਾਂ ਸ਼ਰ੍ਹਾ ਦਾ ਕੋਈ ਨਾ ਕੋਈ ਮਸਲਾ ਕਢ ਸੁਣਾਉਂਦਾ ਹੈ।[148] ਇਸ ਪ੍ਰਕਾਰ ਕਾਜ਼ੀ ਲੋਕਾਂ ਨੂੰ ਲੁੱਟ ਰਿਹਾ ਸੀ ਅਤੇ ਝੂਠ ਬੋਲਕੇ ਹਰਾਮ ਦੀ ਕਮਾਈ ਖਾ ਰਿਹਾ ਸੀ।[149]

<u>ਲੋਕ ਤੰਤਰੀ ਭਾਵਨਾ</u>: ਇਸ ਪ੍ਰਕਾਰ ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਰਾਜਨੀਤਕ ਪੱਖ ਵਿਚਾਰਦਿਆਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਸਮਕਾਲੀਨ ਰਾਜਨੀਤਕ ਪਰਿਸਥਿਤੀਆਂ ਤੋਂ ਸੰਤੁਸ਼ਟ ਨਹੀਂ ਸਨ। ਉਹ ਲੋਕਤੰਤਰੀ ਭਾਵਨਾਵਾਂ ਪੈਦਾ ਕਰਨਾ ਚਾਹੁੰਦੇ ਸਨ। ਗੁਰੂ ਸਾਹਿਬਾਨ ਨੇ ਰਾਜਿਆਂ ਬਾਰੇ ਬਣੇ ਸੰਕਲਪ ਨੂੰ ਬਦਲਣ ਦਾ ਜਤਨ ਕੀਤਾ।[150] ਅਸਲ ਵਿਚ ਸੈਨਿਕ-ਸ਼ਕਤੀ ਦੀ ਬਜਾਏ ਜੋ ਰਾਜਾ ਬਣਨ ਦੇ ਯੋਗ ਹੋਵੇ, ਉਸੇ ਨੂੰ ਰਾਜ ਸਿੰਘਾਸਨ ਤੇ ਬੈਠਣਾ ਚਾਹੀਦਾ ਹੈ।[151] ਰਾਜੇ ਦੇ ਅਧਿਕਾਰਾਂ ਨੂੰ ਪੰਚਾਂ ਦੁਆਰਾ ਸੀਮਿਤ ਕੀਤਾ ਗਿਆ, ਇਸੇ ਲਈ 'ਜਪੁ' ਦੀ 16ਵੀਂ ਪਉੜੀ ਵਿਚ ਗੁਰੂ ਨਾਨਕ ਨੇ ਪੰਚਾਂ ਨੂੰ ਪ੍ਰਧਾਨਗੀ, ਪ੍ਰਭੂ ਸਾਹਮਣੇ ਸਨਮਾਨ ਅਤੇ ਰਾਜ-ਦਰਬਾਰ ਵਿਚ ਉਨ੍ਹਾਂ ਦੇ ਸੁਸ਼ੋਭਿਤ ਹੋਣ ਦੀ ਚਰਚਾ ਕੀਤੀ।[152] ਗੁਰੂ ਕਾਵਿ ਦੁਆਰਾ ਤਾਨਾਸ਼ਾਹੀ ਜਾਂ ਸ਼ਖਸੀ ਰਾਜ ਦੀ ਬਜਾਏ ਪੰਚਾਂ ਦੇ ਰਾਜ ਵਿਚ ਦ੍ਰਿੜ੍ਹ ਵਿਸ਼ਵਾਸ ਦਰਸਾਇਆ ਗਿਆ, ਕਿਉਂਕਿ ਪੰਚਾਇਤੀ ਤੇ ਵਿਚ ਵਿਚਰਣ ਵਾਲਾ ਰਾਜਾ ਹੀ ਅਸਲ ਵਿਚ ਪਰਜਾ ਦੇ ਦਿਲਾਂ ਤੇ ਰਾਜ ਕਰ ਸਕਦਾ ਹੈ।[153]

146.

147. Mughal Administration, P-115, J.N.Sarkar.
'The Sadar's position offered him boundless possibility of enriching himself by means of bribes & peculation and the Sadar of Akbar's reign were not-orious for their venality and cruel spirit.'-The Mughal Empire, P-493-94, A.L.Srivastva.

148. 'ਕਾਜੀ ਹੋਇ ਕੈ ਬਹੈ ਨਿਆਇ। ਫੇਰੇ ਤਸਬੀ ਕਰੇ ਖੁਦਾਇ।
ਵਢੀ ਲੈ ਕੈ ਹਕੁ ਗਵਾਏ। ਜੇ ਕੋ ਪੁਛੈ ਤਾ ਪੜਿ ਸੁਣਾਏ।
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ। ਲੋਕ ਮੁਹਾਵਹਿ ਚਾੜੀ ਖਾਹਿ।
(ਸਲੋਕ ਮ: 1, ਰਾਮਕਲੀ ਕੀ ਵਾਰ ਮ: 3, ਪਉੜੀ 11 ਦਾ ਸਲੋਕ, ਸ਼ਬਦਾਰਥ, ਪੰ:951).

(ਬਾਕੀ ਅਗਲੇ ਪੰਨੇ ਤੇ)

ਗੁਰੂ ਅਰਜਨ ਦੇਵ ਰਾਮਰਾਜ ਦਾ ਸੰਕਲਪ ਕਰਦੇ ਹਨ। ਅੰਮ੍ਰਿਤਸਰ ਜਿਸ ਦਾ ਪਹਿਲਾ ਨਾਂ ਰਾਮਦਾਸ ਪੁਰ ਸੀ, ਨੂੰ ਪੂਰਨ ਕਰਦੇ ਸਮੇਂ ਉਨ੍ਹਾਂ ਨੇ ਇਸ ਨਗਰ ਵਿਚ ਭਾਰਤੀ ਸੰਸਕ੍ਰਿਤੀ ਦੇ ਮਹੱਤਵ-ਪੂਰਨ ਆਦਰਸ਼ ਰਾਜ ਦੀ ਸੁਭਕਾਮਨਾ ਕੀਤੀ।[154] ਉਨ੍ਹਾਂ ਅਨੁਸਾਰ ਰਾਮਦਾਸ ਪੁਰ (ਅੰਮ੍ਰਿਤਸਰ) ਵਿਚ ਗੁਰਦੇਵ (ਗੁਰੂ ਰਾਮਦਾਸ ਜੀ) ਨੇ ਰਾਮ ਰਾਜ ਕਾਇਮ ਕਰ ਦਿੱਤਾ ਹੈ।[155] ਰਾਮਰਾਜ ਦਾ ਆਧਾਰ ਨਿਮ੍ਰਤਾ ਤੇ ਹਲੀਮੀ ਹੈ, ਜਿਸ ਵਿਚ ਸਭ ਸੁਖੀ ਵਸਦੇ ਹਨ, ਕੋਈ ਕਿਸੇ ਦੇ ਦੁਖ ਦਾ ਕਾਰਣ ਨਹੀ ਬਣਦਾ।[156]

ਗੁਰੂ-ਕਾਵਿ ਦੀ ਰਾਜ ਸੰਬੰਧੀ ਕਲਪਨਾ ਲੋਕ-ਤੰਤਰ ਦੇ ਵਧੇਰੇ ਨੇੜੇ ਹੈ। ਲੋਕ ਤੰਤਰ ਦੇ ਵਧੇਰੇ ਨੇੜੇ ਹੈ। ਲੋਕ ਤੰਤਰ ਵਿਚ ਸਮਸਤ ਸਮਾਜ ਦੇ ਹਿਤ ਦੀ ਭਾਵਨਾ ਹੁੰਦੀ ਹੈ, ਕਿਸੇ ਇਕ ਵਰਗ ਜਾਂ ਸਮੁਦਾਇ ਦੇ ਹਿਤ ਦੀ ਨਹੀਂ। ਗੁਰੂ-ਕਾਵਿ ਵਿਚ ਨਾ ਕੇਵਲ ਰਾਜਨੀਤਕ ਖੇਤਰ ਵਿਚ ਲੋਕਤੰਤਰ ਸਥਾਪਿਤ ਕਰਨ ਦਾ ਹੀ ਆਦਰਸ਼ ਹੈ ਬਲਕਿ ਜੀਵਨ ਦੇ ਹਰ ਇਕ ਖੇਤਰ ਵਿਚ ਸੁਤੰਤਰਤਾ, ਸਮਾਨਤਾ ਤੇ ਲੋਕ ਤੰਤਰ ਦੀ ਭਾਵਨਾ ਦਾ ਪ੍ਰਸਾਰ ਕਰਦਾ ਹੈ। ਇਹ ਆਦਰਸ਼ ਸਿਧਾਂਤ ਮਾਤਰ ਹੀ ਨਹੀਂ ਬਲਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਦ ਗੁਰੂ ਨਾਨਕ ਮਿਸ਼ਨ ਨੂੰ ਅੰਤਮ ਤਰਤੀਬ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਕਰਕੇ ਸਿਖ ਧਰਮ ਨੂੰ ਪੰਥ ਤੇ ਗ੍ਰੰਥ ਦੇ ਅਧੀਨ ਕਰਕੇ ਲੋਕ-ਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਕੀਤਾ। ਗੁਰੂ ਜੀ ਦੀ ਅਗਵਾਈ ਵਿਚ ਜਿਸ ਪ੍ਰਕਾਰ ਇਸ ਸਿਖ ਧਰਮ ਨੇ ਰਾਜਨੀਤਕ ਸੰਗਠਨ ਧਾਰਨ ਕੀਤਾ, ਇਕ ਲੰਬੀ ਗਾਥਾ ਹੈ, ਜੋ ਕਿ ਸਾਡੇ ਖੋਜ-ਪ੍ਰਬੰਧ ਦੇ ਖੇਤਰ ਤੋਂ ਬਾਹਰ ਹੈ। ਕੇਵਲ ਇਨਾ ਹੀ ਕਹਿਣਾ ਕਾਫੀ ਹੈ ਕਿ ਆਦਿ ਗ੍ਰੰਥ ਦੇ ਗੁਰੂ ਕਾਵਿ ਸਦਕਾ ਹੀ ਆਤਮਿਕ-ਸੱਤਾ ਜਾਗੀ ਤੇ ਲੋਕਾਂ ਨੇ ਆਪਣੇ ਆਪ ਨੂੰ ਸੰਭਾਲਿਆ ਤੇ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ

149. "ਕਾਦੀ ਕੂੜੁ ਬੋਲਿ ਮਲੁ ਖਾਇ..............." (ਧਨਾਸਰੀ ਮ: 1, ਉਹੀ, ਪੰ: 662)
150. ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰ: 83, ਡਾ: ਮਨਮੋਹਨ ਸਿੰਘ।
151. 'ਤਖਤ ਰਾਜਾ ਸੋ ਬਹੈ, ਜਿ ਤਖਤੈ ਲਾਇਕ ਹੋਈ।
ਜਿਨੀ ਸਚੁ ਪਛਾਣਿਆ, ਸਚੁ ਰਾਜੇ ਸੇਈ।
(ਵਾਰ ਮਾਰੂ ਮ: 3, ਪਉੜੀ 6, ਸ਼ਬਦਾਰਥ ਪੰ: 1088)
152. ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਿਕ ਸਰਵੇਖਣ, ਪੰ: 701, ਡਾ: ਮਨਮੋਹਨ ਸਹਿਗਲ।
'ਜਪੁ' ਦੀ 16ਵੀਂ ਪਉੜੀ:
ਪੰਚ ਪਰਵਾਣ ਪੰਚ ਪਰਧਾਨੁ, ਪੰਚੇ ਪਾਵਹਿ ਦਰਗਹਿ ਮਾਨੁ।
ਪੰਚੇ ਸੋਹਹਿ ਦਰਿ ਰਾਜਾਨੁ।' (ਸ਼ਬਦਾਰਥ, ਪੰ: 3)
153. ਰਾਜਾ ਤਖਤ ਟਿਕੈ ਗੁਣੀ, ਭੈ ਪੰਚਾਇਣ ਰਤੁ। (ਮਾਰੂ ਮ: 1, ਉਹੀ, ਪੰ: 992)
154. ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰ: 706, ਡਾ: ਮਨਮੋਹਨ ਸਹਿਗਲ।
155. ਰਖਣਹਾਰ ਅਪਾਰ ਪ੍ਰਭ, ਤਾਕੀ ਨਿਰਮਲ ਸੇਵ।
ਰਾਮ ਰਾਜ ਰਾਮਦਾਸ ਪੁਰ, ਕੀਨੇ ਗੁਰਦੇਵ। (ਬਿਲਾਵਲ ਮ: 5, ਸ਼ਬਦਾਰਥ, ਪੰ:817)
156. ਹੁਣ ਹੁਕਮੁ ਹੋਆ ਮਿਹਰਵਾਣ ਦਾ। ਪੈ ਕੋਇ ਨ ਕਿਸੈ ਰਞਾਣਦਾ।
ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੀਮੀ ਰਾਜ ਜੀਉ। (ਸਿਰੀ ਰਾਗ ਮ:5, ਉਹੀ, ਪੰ:74)

ਆਨ'[157] ਦੀ ਫਿਲਾਸਫੀ ਤੇ ਜਾਦੂ ਹੋ ਕੇ ਗੁਰੂ ਜੀ ਦੇ ਖਾਲਸੇ ਨੇ ਰਣ ਤੱਤੇ ਵਿਚ ਜੂਝ ਕੇ ਮੁਗਲ ਸਾਮਰਾਜ ਦੀ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਤੇ ਥੋੜੇ ਅਰਸੇ ਤੇ ਅਸਹਿ ਅਤਿਆਚਾਰ ਸਹਾਰਦੇ ਹੋਏ ਆਖੀਰ ਰਾਜਨੀਤਕ ਸ਼ਕਤੀ ਪ੍ਰਾਪਤ ਕਰਕੇ ਪੰਜਾਬ ਵਿਚ ਪੰਜਾਬੀਆਂ ਦਾ ਸਾਂਝਾ ਰਾਜ ਸਥਾਪਿਤ ਕੀਤਾ (ਬੇਸ਼ਕ ਮਹਾਰਾਜਾ ਰਣਜੀਤ ਸਿੰਘ ਉਹਦਾ ਸ਼ਾਸਕ ਸੀ ਪਰੰਤੂ ਰਾਜ ਲੋਕਤੰਤਰੀ-ਆਧਾਰਾਂ ਤੇ ਆਧਾਰਿਤ ਸੀ)।

---

157. ਸਲੋਕ ਮ: 9, (16, ਸਲੋਕ ਵਾਰਾਂ ਤੇ ਵਧੀਕ), ਗੁਰੂਗ੍ਰੰਥ ਪੰ: 1427.

ਅਜਿਆਣਿ ਦੇਸ਼

'ਅਣਿ - ਸ੍ਰਿਸ਼ਟੀ ਦੇ ਕੁਦਰਤਿ ਦਾ ਪਾਸਾਰ ਅਤੇ ਸਕਿਅਤਤਾ ਪੰਥ'

ਅਧਿਆਇ ਦੂਜਾ

'ਆਦਿ ਗ੍ਰੰਥ ਦੇ ਗੁਰੂ-ਕਾਲ ਦਾ ਸਮਾਜਕ ਤੇ ਸਭਿਆਚਾਰਕ ਪੱਖ'

ਸਾਰੇ ਮੱਧਯੁਗੀਨ ਦੇ ਨਿਰਧਾਰਿਤ ਕਾਲ ਦਾ ਸਮਾਜ ਅਤਿ ਦੋਖਮ ਅਵਸਥਾ ਵਿਚ ਵਿਚਰ ਰਿਹਾ ਸੀ। ਸਮਾਜ ਨੂੰ ਇਸ ਅਧੋਗਤੀ ਤੋਂ ਬਚਾਉਣ ਲਈ ਸਮੇਂ ਸਮੇਂ ਕਈ ਸਮਾਜ-ਚਿੰਤਕਾਂ ਨੇ ਪ੍ਰਯਤਨ ਕੀਤੇ। ਪੰਜਾਬ ਵਿਚ ਗੁਰੂ-ਸਾਹਿਬਾਨ ਨੇ ਤਤਕਾਲੀਨ ਸਮਾਜਕ ਤੇ ਸਭਿਆਚਾਰਕ ਅਧੋਗਤੀ ਦਾ ਆਪਣੇ ਕਾਵਿ ਵਿਚ ਖੰਡਨ ਕਰਕੇ ਇਕ ਆਦਰਸ਼ਕ ਸਮਾਜ ਦਾ ਸੰਕਲਪ ਕੀਤਾ ਅਤੇ ਆਪਣੇ ਮੌਲਿਕ ਵਿਚਾਰ ਦਰਸਾਏ। ਪ੍ਰਤਿਕੂਲ ਪਰਿਸਥਿਤੀਆਂ ਹੋਣ ਦੇ ਬਾਵਜੂਦ ਵੀ ਗੁਰੂ-ਸਾਹਿਬਾਨ ਨੇ ਜਨਤਾ ਦੀ ਸਮਾਜਕ ਤੇ ਸਭਿਆਚਾਰਕ ਖੇਤਰ ਵਿਚ ਅਗਵਾਈ ਕੀਤੀ।

ਇਸ ਅਧਿਆਇ ਵਿਚ ਆਦਿ ਗ੍ਰੰਥ ਦੇ ਗੁਰੂ-ਕਾਲ ਦੇ ਸਮਾਜਕ ਤੇ ਸਭਿਆਚਾਰਕ ਪੱਖ ਦਾ ਵਿਵੇਚਨ ਕਰਨ ਲਈ ਅਸੀਂ ਕ੍ਰਮਵਾਰ ਸਮਾਜਕ ਵਿਵਸਥਾ ਦੇ ਅੰਤਰਗਤ ਹਿੰਦੂ ਅਤੇ ਮੁਸਲਿਮ ਸਮਾਜ, ਪਰਿਵਾਰ (ਹਿੰਦੂ ਤੇ ਮੁਸਲਿਮ ਪਰਿਵਾਰਾਂ ਦੇ ਸੰਸਕਾਰ), ਵਿਆਹ, ਇਸਤ੍ਰੀ ਦਾ ਸਥਾਨ; ਸਮਾਜਕ ਤੇ ਸਭਿਆਚਾਰਕ ਬੁਰਾਈਆਂ; ਭੋਜਨ, ਬਸਤਰ ਤੇ ਘਰ; ਮਨੋਰੰਜਨ; ਮੇਲੇ ਤਿਉਹਾਰ ਤੇ ਮੇਲੇ; ਵਿਦਿਆ ਅਤੇ ਆਰਥਿਕ ਵਿਵਸਥਾ ਬਾਰੇ ਚਰਚਾ ਕਰਾਂਗੇ।

ਸਮਾਜਕ ਵਿਵਸਥਾ :

ਸਾਰੇ ਮੱਧ ਯੁਗੀਨ ਦੇ ਨਿਰਧਾਰਿਤ ਕਾਲ ਦੌਰਾਨ ਭਾਰਤੀ ਸਮਾਜ ਦੋ ਮੁਖ ਭਾਗਾਂ ਵਿਚ ਵਿਭਾਜਿਤ ਸੀ — ਹਿੰਦੂ ਤੇ ਮੁਸਲਮਾਨ। ਪਹਿਲੇ ਸਮਾਜ ਦੇ ਲੋਕ ਪਰਜਾ ਅਥਵਾ ਸ਼ਾਸਿਤ ਵਰਗ ਨਾਲ ਸੰਬੰਧਿਤ ਸਨ ਤੇ ਦੂਜੇ ਸਮਾਜ ਦੇ ਲੋਕ ਸ਼ਾਸਕ ਵਰਗ ਨਾਲ। ਦੋਹਾਂ ਬਾਰੇ ਵਖੋ ਵਖਰੀ ਵਿਚਾਰ ਹੀ ਸਾਨੂੰ ਇਨ੍ਹਾਂ ਬਾਰੇ ਸੰਪੂਰਨ ਤੇ ਸਹੀ ਗਿਆਨ ਦੇ ਸਕਦੀ ਹੈ। ਇਸ ਲਈ ਅਸੀਂ ਇਸ ਦ੍ਰਿਸ਼ਟੀਕੋਣ ਤੋਂ ਹੀ ਸਮਾਜਕ ਪਰਿਸਥਿਤੀਆਂ ਆਦਿ ਦਾ ਵਰਣਨ ਕਰਾਂਗੇ।

ਹਿੰਦੂ ਸਮਾਜ :

ਮੁਸਲਿਮ ਸਮਾਜ ਨਾਲ ਸੰਬੰਧਿਤ ਲੋਕਾਂ ਦਾ ਮੱਧਕਾਲ ਵਿਚ ਵਧੇਰੇ ਸਤਿਕਾਰ ਸੀ, ਕਿਉਂਕਿ ਦੇਸ਼ ਦੀ ਰਾਜਨੀਤੀ ਤੇ ਸ਼ਾਸਨ ਉਨ੍ਹਾਂ ਦੇ ਹੱਥ ਵਿਚ ਸੀ। ਉਨ੍ਹਾਂ ਦੇ ਮੁਕਾਬਲੇ ਵਿਚ ਹਿੰਦੂ ਗੈਰ ਮੁਸਲਿਮ ਹੋਣ ਕਾਰਣ ਆਪਣੇ ਹੀ ਦੇਸ਼ ਵਿਚ ਦੂਜੇ ਨੰਬਰ ਦੇ ਨਾਗਰਿਕ ਸਮਝੇ ਜਾਂਦੇ ਸਨ।

ਸਭ ਤੋਂ ਪਹਿਲਾਂ ਮੁਸਲਿਮ ਰਾਜ ਪੰਜਾਬ ਵਿਚ ਹੀ ਸਥਾਪਿਤ ਹੋਇਆ, ਇਸ ਲਈ ਜ਼ਬਰਦਸਤੀ ਧਰਮ-ਪਰਿਵਰਤਨ-ਲਹਿਰ ਦੇ ਫੈਲਣ ਕਾਰਣ ਪੰਜਾਬ ਵਿਸ਼ੇਸ਼ ਤੌਰ ਤੇ ਅਭਾਗਾ ਸੀ।[1] ਹਿੰਦੂਆਂ ਨੂੰ ਆਪਣੇ ਧਰਮ ਤੋਂ ਡੇਗਣ ਲਈ ਸ਼ਾਸਕ ਵਰਗ ਨੇ ਹਰ ਸੰਭਵ ਸਾਧਨ ਅਪਣਾਏ ਸਨ।[2] ਯੁਧ ਦੇ

---

1. The Punjab was partioularlyx unfortunate inthis respect. If the Muslim Government was firmly established anywhere, it was in the Punjab & the wave of proselytism had spread there with an overwhelming force.

   ------Evolution oftheKhalsa ,Vol I, P-43,Dr.Indu Bhushan Bannerjee.

2. Historyof Aurangzeb Vol.III, P.254, J.N.Sarkar.

ਦੌਰਾਨ (ਭਾਵੇਂ ਉਹ ਮੁਗਲਾਂ ਤੇ ਅਫਗਾਨਾਂ ਵਿਚਕਾਰ ਵੀ ਹੋਵੇ) ਨੁਕਸਾਨ ਹਿੰਦੂਆਂ ਦਾ ਵਧੇਰੇ ਹੁੰਦਾ ਸੀ। ਜਦੋਂ ਵਿਜੇਤਾ ਸੈਨਾ ਇਕ ਥਾਂ ਤੋਂ ਦੂਜੀ ਥਾਂ ਤੇ ਮਾਰਚ ਕਰਦੀ ਸੀ ਤਾਂ ਹਿੰਦੂਆਂ ਦੀਆਂ ਫਸਲਾਂ ਦੇ ਖੇਤ ਉਜਾੜੇ ਜਾਂਦੇ ਸਨ।[3] ਅਮਨ ਸਮੇਂ ਵੀ ਹਿੰਦੂ ਸ਼ਾਸਕ-ਵਰਗ ਪ੍ਰਤੀ ਲਕੜਹਾਰੇ ਜਾਂ ਪਾਣੀ ਢੋਣ ਵਾਲਿਆਂ ਵਾਂਗ ਕੰਮ ਕਰਦੇ ਸਨ।[4]

ਸ਼ਾਸਕ ਵਰਗ ਦਾ ਹਿੰਦੂ ਜਨਤਾ ਉਤੇ ਅਤਿਆਚਾਰ ਅਤੇ ਵਿਤਕਰੇ ਭਰਿਆ ਸਲੂਕ ਸੁਭਾਵਿਕ ਸੀ, ਕਿਉਂਕਿ ਉਹ ਵਿਦੇਸ਼ੀ ਸਨ, ਪਰੰਤੂ ਸਭ ਤੋਂ ਬੁਰੀ ਗੱਲ ਇਹ ਸੀ ਕਿ ਹਿੰਦੂ ਖੁਦ ਹੀ ਆਪੋ ਵਿਚ ਕਈ ਵਰਨਾਂ ਵਿਚ ਵੰਡੇ ਹੋਏ ਸਨ।[5]

ਵਰਨ-ਵਿਵਸਥਾ :- ਹਿੰਦੂ ਸਮਾਜ ਵਿਚ ਵਰਣ-ਵਿਵਸਥਾ ਦੁਬਿਧਾ-ਜਨਕ ਰੂਪ ਧਾਰਨ ਕਰ ਗਈ ਸੀ। ਮੁਖ ਰੂਪ ਵਿਚ ਹਿੰਦੂ ਸਮਾਜ ਚਾਰ ਜਾਤਾਂ ਵਿਚ ਵਿਭਾਜਿਤ ਸੀ — 1. ਬ੍ਰਾਹਮਣ, 2. ਖਤਰੀ, 3. ਵੈਸ਼ ਅਤੇ 4. ਸ਼ੂਦਰ।

ਪਹਿਲਾਂ ਪਹਿਲ ਗੁਣ ਤੇ ਕਰਮ ਦੇ ਆਧਾਰ ਤੇ ਵਰਣ ਵੰਡ ਕੀਤੀ ਗਈ ਸੀ। ਹਰ ਇਕ ਵਰਣ ਨੂੰ ਅੱਡਰ ਅੱਡਰ ਕੰਮ ਸੌਂਪੇ ਗਏ। ਹਰ ਇਕ ਵਰਣ ਆਪਣੇ ਕਰਤੱਵ ਦਾ ਪਾਲਣ ਕਰਦਾ ਹੋਇਆ ਸਮਾਜਕ ਉਨਤੀ ਵਿਚ ਯੋਗ ਹਿੱਸਾ ਪਾਉਂਦਾ ਸੀ। ਬ੍ਰਾਹਮਣ ਦਾ ਕਰੱਤਵ ਸਿਖਿਆ ਦੇਣੀ, ਯੱਗ ਕਰਾਉਣਾ ਤੇ ਦਾਨ ਲੈਣਾ ਮੰਨਿਆ ਗਿਆ।[6] ਖੱਤਰੀ ਦਾ ਮੁਖ ਕਰਤੱਵ ਸੀ—ਵੀਰਤਾ ਦਾ ਪ੍ਰਗਟਾਵਾ ਕਰਨਾ, ਤਿਆਰ-ਬਰ-ਤਿਆਰ ਰਹਿਣਾ, ਧੀਰਜ ਰਖਣਾ, ਚਤਰਤਾ ਵਿਖਾਉਣਾ, ਯੁੱਧ ਵਿਚ ਦ੍ਰਿੜ੍ਹ ਰਹਿਣਾ, ਦਾਨ ਕਰਨਾ ਅਤੇ ਬ੍ਰਾਹਮਣਾਂ ਪ੍ਰਤੀ ਭਗਤੀ ਭਾਵ ਰਖਣਾ। ਇਸ ਤੋਂ ਇਲਾਵਾ ਪਰਜਾ ਦਾ ਪਾਲਣ ਕਰਨਾ ਵੀ ਉਨ੍ਹਾਂ ਦਾ ਵਿਸ਼ੇਸ਼ ਕਰਤੱਵ ਸੀ।[7] ਵੈਸ਼ ਦੇ ਜ਼ਿੰਮੇ ਖੇਤੀ, ਗਊ ਰਖਿਆ ਤੇ ਵਪਾਰ ਕਰਨਾ ਲਾਏ ਗਏ।[8] ਸ਼ੂਦਰ ਦਾ ਕਰਤੱਵ ਸਭ ਵਰਣਾਂ ਦੀ ਸੇਵਾ ਕਰਨਾ ਮੰਨਿਆ ਗਿਆ।[9]

---

3. History of Punjab, P.26, Dr. K.S.Narang & Dr. Gupta.
4. In times of peace also, the lot of these Hindus was no better. They acted as hewers of wood and drawers of water to their masters.
5. Advanced Historyof the Punjab, P.12, Dr.G.S.Chhabra.
6. ੳ) ਮੰਨੂ ਸਿਮ੍ਰਤੀ 1/88
   ਅ) ਗੀਤਾ 18/42
   ੲ) ਯਾਗਯਵਲਕਯ ਸਿਮ੍ਰਤੀ (20 ਸਿਮ੍ਰਤੀਆਂ, ਭਾਗ ਦੂਜਾ), ਪੰ: 25.
7. ੳ) ਮੰਨੂ ਸਿਮ੍ਰਤੀ 1/89.
   ਅ) ਗੀਤਾ 18/43
   ੲ) ਯਾਗਯਵਲਕਯ ਸਿਮ੍ਰਤੀ (20 ਸਿਮ੍ਰਤੀਆਂ, ਭਾਗ ਦੂਜਾ), ਪੰ: 25.
8. ੳ) ਮੰਨੂ ਸਿਮ੍ਰਤੀ 1/90
   ਅ) ਗੀਤਾ 18/44
   ੲ) ਯਾਗਯਵਲਕਯ ਸਿਮ੍ਰਤੀ (20 ਸਿਮ੍ਰਤੀਆਂ, ਭਾਗ ਦੂਜਾ), ਪੰ: 25.

(ਬਾਕੀ ਅਗਲੇ ਪੰਨੇ ਤੇ....)

ਗੁਣ ਅਤੇ ਕਰਮ ਅਨੁਸਾਰ ਵਰਣ-ਵਿਵਸਥਾ ਵਿਚ ਕਿਸੇ ਵੀ ਵਰਣ ਦਾ ਦਰਜਾ ਨੀਵਾਂ ਨਹੀਂ ਸੀ। ਮਨੁਖ ਕੋਈ ਵੀ ਪੇਸ਼ਾ ਧਾਰਣ ਕਰ ਸਕਦਾ ਸੀ। ਪਰੰਤੂ ਸਿਮ੍ਰਤੀ ਕਾਲ ਵਿਚ ਵਰਣ ਵਿਵਸਥਾ ਅਤੇ ਸਮਾਨਤਾ ਦੇ ਅਧਿਕਾਰ ਖਤਮ ਹੋ ਗਏ। ਗੁਣ ਤੇ ਕਰਮ ਦੀ ਥਾਂ ਵਰਣ-ਵਿਵਸਥਾ ਜਨਮ ਦੇ ਆਧਾਰ ਤੇ ਮੰਨੀ ਜਾਣ ਲਗੀ।[10] ਜਿਸ ਨਾਲ ਕੱਟੜਪਨ ਦੇ ਅਧੀਨ ਬ੍ਰਾਹਮਣ ਦਾ ਪੁਤਰ ਭਾਵੇਂ ਮੂਰਖ ਹੀ ਕਿਉਂ ਨਾ ਹੋਵੇ, ਉਹ ਬ੍ਰਾਹਮਣ ਹੀ ਕਹਿੰਦਾ ਸੀ। ਖਤਰੀ ਦਾ ਕਾਇਰ ਪੁੱਤਰ ਵੀ ਖਤਰੀ ਹੀ ਕਿਹਾ ਜਾਂਦਾ ਸੀ। ਵੈਸ਼ ਦੇ ਪੁੱਤਰ ਨੂੰ ਨਾ ਚਾਹੁੰਦਿਆਂ ਵੀ ਪਿਤਾ ਪੁਰਖੀ ਧੰਦਾ ਅਪਣਾਉਣਾ ਪੈਂਦਾ ਸੀ। ਇਸੇਤਰ੍ਹਾਂ ਸ਼ੂਦਰ ਭਾਵੇਂ ਕਿੰਨਾ ਵੀ ਵਿਦਵਾਨ ਹੋਵੇ, ਬ੍ਰਾਹਮਣ ਉਸ ਨੂੰ ਸ਼ੂਦਰ ਤੋਂ ਉੱਚਾ ਦਰਜਾ ਦੇਣ ਲਈ ਤਿਆਰ ਨਹੀਂ ਸੀ।

ਵਧੇਰੇ ਸਮਾਂ ਪੈਣ ਨਾਲ ਵਰਣ-ਵਿਵਸਥਾ ਦੇ ਆਧਾਰ ਤੇ ਹਿੰਦੂ-ਸਮਾਜ ਅਣਗਿਣਤ ਜਾਤਾਂ ਵਿਚ ਵਿਭਾਜਿਤ ਹੋ ਗਿਆ। ਲੋਕਾਂ ਦੀ ਸਮੁਦਾਇਕ ਭਾਵਨਾ ਸੰਕੁਚਿਤ ਹੋਣ ਕਾਰਨ ਰਾਸ਼ਟਰੀ ਏਕਤਾ ਵਿਚ ਰੁਕਾਵਟ ਪੈਦਾ ਹੋ ਗਈ। ਫਲਸਰੂਪ ਵਿਦੇਸ਼ੀ ਹਮਲਾਵਰਾਂ ਨੇ ਭਾਰਤ ਨੂੰ ਪੈਰਾਂ ਥਲੇ ਰੌਲ ਕੇ ਸੈਂਕੜੇ ਸਾਲ ਰਾਜ ਕੀਤਾ। ਇਸੇ ਵਰਣ ਵਿਵਸਥਾ ਨੇ ਅਗੇ ਜਾ ਕੇ ਛੂਆ ਛਾਤ ਨੂੰ ਜਨਮ ਦਿੱਤਾ।[11] ਮੱਧਕਾਲ ਤੱਕ ਆਉਂਦਿਆਂ ਵਰਣ ਵਿਵਸਥਾ ਬਹੁਤ ਜ਼ਿਆਦਾ ਦੂਸ਼ਿਤ ਹੋ ਗਈ ਅਤੇ ਹੇਠਲੇ ਤਿੰਨੋ ਵਰਣ (ਖਤਰੀ, ਵੈਸ਼ ਤੇ ਸ਼ੂਦਰ) ਬ੍ਰਾਹਮਣ ਵਰਗ ਦੇ ਅਤਿਆਚਾਰਾਂ ਦੇ ਭਾਰ ਥਲੇ ਦਬੇ ਕਿਸੇ ਅਜਿਹੇ ਨਵੀਣ ਸਮਾਜਿਕ ਵਿਧਾਨ ਦੀ ਲੋੜ ਮਹਿਸੂਸ ਕਰਨ ਲੱਗੇ ਜਿਸ ਨਾਲ ਬ੍ਰਾਹਮਣਾਂ ਦੇ ਵਿਸ਼ੇਸ਼-ਅਧਿਕਾਰਾਂ ਨੂੰ ਚੁਣੌਤੀ ਦਿੱਤੀ ਜਾ ਸਕੇ।[12]

ਬ੍ਰਾਹਮਣ ਸਭ ਵਰਣਾਂ ਦੇ ਲੋਕਾਂ ਦਾ ਸ਼ੋਸ਼ਣ ਕਰਦੇ ਸਨ। ਉਨ੍ਹਾਂ ਨੇ ਹਿੰਦੂ ਧਰਮ ਨੂੰ ਕੁਝ ਰਸਮਾਂ ਰਿਵਾਜ਼ਾਂ ਤਕ ਹੀ ਸੀਮਿਤ ਕਰ ਦਿੱਤਾ ਸੀ ਤੇ ਹਰ ਰਸਮ ਸਮੇਂ ਉਹ ਆਪਣੇ ਅਗਿਆਨੀ ਤੇ ਵਹਿਮੀ ਅਨੁਯਾਈਆਂ ਪਾਸੋਂ ਧਨ ਬਟੋਰਦੇ ਸਨ। ਉਹ ਛੂਆ ਛਾਤ ਦੀ ਵਕਾਲਤ ਕਰਦੇ ਸਨ। ਸ਼ੂਦਰਾਂ ਲਈ ਮੰਦਰ-ਪ੍ਰਵੇਸ਼ ਵਿਵਰਜਤ ਸੀ, ਕਿਉਂਕਿ ਉਹ ਦਲੀਲ ਦਿੰਦੇ ਸਨ ਕਿ ਪਰਮਾਤਮਾ ਦੇ ਦਰਵਾਜ਼ੇ ਸ਼ੂਦਰਾਂ ਲਈ ਜਦੀਵੀ ਤੌਰ ਤੇ ਬੰਦ ਕੀਤੇ ਗਏ ਹਨ।[13]

ਵੇਦਾਂ ਦਾ ਅਧਿਐਨ, ਪ੍ਰਾਰਥਨਾ ਤੇ ਅਗਨੀ ਨੂੰ ਆਹੂਤੀਆਂ ਦੇਣ ਦੇ ਅਧਿਕਾਰ ਕੇਵਲ ਬ੍ਰਾਹਮਣ ਨੂੰ ਹੀ ਸਨ। ਜਦੋਂ ਕਿਤੇ ਸ਼ੂਦਰ ਜਾਂ ਵੈਸ਼ ਵੇਦ ਦਾ ਪਾਠਨ ਕਰਦੇ ਫੜੇ ਜਾਂਦੇ ਤਾਂ ਬ੍ਰਾਹਮਣ ਦੁਆਰਾ ਸਥਾਨਿਕ ਸ਼ਾਸਕ ਪਾਸ ਸ਼ਿਕਾਇਤ ਕਰਨ ਤੇ ਉਸ ਸ਼ੂਦਰ ਜਾਂ ਵੈਸ਼ ਦਾ ਜੀਭ ਕੱਟ ਦਿਤੀ ਜਾਂਦੀ ਸੀ[1]

---

9. ੳ) ਮੰਨੂ ਸਿਮ੍ਰਤੀ 1/91
ਅ) ਗੀਤਾ 18/44
ੲ) ਯਾਗਯਵਲਕਯ ਸਿਮ੍ਰਤੀ (20 ਸਿਮ੍ਰਤੀਆਂ, ਭਾਗ ਦੂਜਾ), ਪੰ: 25.
10. ਗੁਰੂ ਗ੍ਰੰਥ ਸਾਹਿਬ, ਇਕ ਸਾਂਸਕ੍ਰਿਤਕ ਸਰਵੇਖਣ, ਪੰ:555, ਡਾ: ਮਨਮੋਹਨ ਸਹਿਗਲ।
11. ਭਾਰਤੀਯ ਸਮਾਜਿਕ ਸੰਸਥਾਏਂ, ਪੰ: 40, ਮੋਤੀ ਲਾਲ ਗੁਪਤਾ।
12. ਗੁਰੂ ਗ੍ਰੰਥ ਸਾਹਿਬ, ਇਕ ਸਾਂਸਕ੍ਰਿਤਕ ਸਰਵੇਖਣ, ਪੰ:555, ਡਾ: ਮਨਮੋਹਨ ਸਹਿਗਲ।

(ਬਾਕੀ ਅਗਲੇ ਪੰਨੇ ਤੇ)

ਇਸਲਾਮੀ ਰਾਜ ਦੇ ਸਥਾਪਿਤ ਹੋ ਜਾਣ ਨਾਲ ਬ੍ਰਾਹਮਣਾਂ ਦਾ ਤੇਜ-ਪ੍ਰਤਾਪ ਘਟ ਗਿਆ ਸੀ, ਪਰੰਤੂ ਜਾਤ ਪਾਤ ਦੇ ਚਰਮ ਸੀਮਾ ਤੇ ਪਹੁੰਚਣ ਨਾਲ ਬ੍ਰਾਹਮਣਾਂ ਨੇ ਆਪਣੀ ਖੋਹੀ ਹੋਈ ਸ਼ਕਤੀ ਮੁਗਲ ਰਾਜ ਵਿਚ ਫਿਰ ਪ੍ਰਾਪਤ ਕਰ ਲਈ।[15]

ਆਦਿ ਗ੍ਰੰਥ ਦੇ ਗੁਰੂ ਸਾਹਿਬ ਵਿਚ ਵਰਣ-ਵਿਚਾਰ ਸੁਚੱਜੇ ਢੰਗ ਨਾਲ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਸਭ ਵਰਣਾਂ ਨੇ ਆਪਣਾ ਧਰਮ ਤਿਆਗ ਦਿਤਾ ਸੀ।[16] ਕੋਈ ਆਪਣੇ ਕਰਤੱਵ ਦਾ ਪਾਲਣ ਨਹੀਂ ਸੀ ਕਰਦਾ। ਇਸਲਾਮੀ ਰਾਜ ਸਥਾਪਿਤ ਹੋਣ ਕਾਰਨ ਸਰਕਾਰੀ ਅਹੁਦੇ ਪ੍ਰਾਪਤ ਕਰਨ ਦੇ ਲਾਲਚ ਵਿਚ ਹਿੰਦੂ ਲੋਕ ਮੁਸਲਮਾਨਾਂ ਦੀ ਨਕਲ ਕਰਕੇ ਉਨ੍ਹਾਂ ਦੀ ਭਾਸ਼ਾ ਤੇ ਉਨ੍ਹਾਂ ਦਾ ਭੇਸ ਅਪਣਾਉਣ ਦੇ ਨਾਲ ਉਨ੍ਹਾਂ ਵਾਂਗ ਹੀ ਧਾਰਮਿਕ ਰੀਤਾਂ ਦੀ ਨਕਲ ਕਰਨ ਲਗ ਪਏ ਸਨ।[17] ਗੁਰੂ ਜੀ ਨੇ ਜਨਮ ਦੇ ਆਧਾਰ ਤੇ ਜਾਤ ਪਾਤ ਦੇ ਸਿਧਾਂਤ ਦਾ ਖੰਡਨ ਕੀਤਾ ਅਤੇ ਕਰਮ ਦੇ ਆਧਾਰ ਤੇ ਮਾਨਵ ਦੀ ਜਾਤ ਨੂੰ ਪ੍ਰਵਾਨ ਕੀਤਾ ਹੈ।[18]

ਆਪਣੇ ਆਦਰਸ਼ ਤੋਂ ਡਿੱਗੇ ਹੋਏ ਬ੍ਰਾਹਮਣ ਨੂੰ ਗੁਰੂ ਜੀ ਨੇ ਉਸ ਦੇ ਅਸਲ ਕਰਤੱਵ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਬ੍ਰਹਮ ਵਿਚ ਲਿਵਲੀਨ, ਜਪ, ਤਪ, ਸੰਜਮ, ਸ਼ੀਲ ਤੇ ਸੰਤੋਖ ਦਾ ਧਾਰਣੀ ਮਨੁਖ ਹੀ ਸਭ ਬੰਧਨ ਖਤਮ ਕਰਕੇ ਮੁਕਤ ਹੋਇਆ ਬ੍ਰਾਹਮਣ ਪੂਜਨ ਯੋਗ ਹੈ।[19] ਪਰੰਤੂ ਇਸ ਦੇ ਉਲਟ ਉਹ ਤਾਂ ਹਉਮੈ ਵਿਚ ਫਸਿਆ ਕਰਮਕਾਂਡੀ ਬਣਿਆ ਹੋਇਆ ਸੀ, ਨ੍ਹਾ ਧੋ ਕੇ ਪਥਰਾਂ ਦੀ ਪੂਜਾ ਕਰਦਾ ਸੀ, ਹਰਿ ਦੇ ਰੰਗ ਵਿਚ ਰੰਗੇ ਹੋਣ ਦੀ ਬਜਾਇ ਮਲੀਨ ਸੀ, ਵੇਦ ਵਿਆਕਰਨ ਦੀ ਥਾਂ ਵਾਦ-ਵਿਵਾਦ ਵਿਚ ਵਿਸ਼ਵਾਸ ਰਖਦਾ ਸੀ। ਪਿੱਤਰਾਂ ਨੂੰ ਤਾਰਨ ਦੇ ਭੁਲੇਖੇ ਪਾਉਣ ਵਾਲਾ ਬ੍ਰਾਹਮਣ ਆਪ ਡੁੱਬਾ ਹੋਇਆ ਸੀ। ਉਹ ਆਦਰਸ਼ ਤੋਂ ਵੀ ਡਿਗਿਆ ਹੋਇਆ ਸੀ। ਦੁਬਿਧਾ ਵਿਚ ਫਸਿਆ ਹੋਇਆ ਕੋਈ ਬ੍ਰਾਹਮਣ ਆਪਣੇ ਆਪ ਨੂੰ ਪਾਧਾ, ਕੋਈ ਪੰਡਤ ਤੇ ਕੋਈ ਮਿਸਰ ਅਖਵਾਂਦਾ ਸੀ।[20] ਗੁਰੂ ਜੀ ਪੰਡਤ ਦਾ ਪੂਰੀ ਤਰ੍ਹਾਂ ਪਾਜ

---

13. History of Punjab, P-27, Dr.K.S.Narang & Dr.H.R.Gupta.
14. Albruni's India, Vol.II, P-137, Sachau.
15. Glimpses of Medieval Indian Culture, P-108, Yusuf Hussain.
16. 'ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ।'
(ਧਨਾਸਰੀ ਮ: 1, ਸ਼ਬਦਾਰਥ ਪੰ: 663)
17. ਕੂਜਾ ਬਾਂਗ ਨਿਵਾਜ ਮੁਸਲਾ, ਨੀਲ ਰੂਪ ਬਨਵਾਰੀ।
ਘਰਿ ਘਰਿ ਮੀਆ ਸਭਨਾ ਜੀਆਂ, ਬੋਲੀ ਅਵਰ ਤੁਮਾਰੀ। (ਬਸੰਤ ਮ: 1, ਪੋਥੀ, ਪੰ :1191)
18. ਜਾਤਿ ਜਨਮੁ ਨਹ ਪੂਛੀਐ, ਸਚ ਘਰੁ ਲੇਹੁ ਬਤਾਇ।
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ। (ਪ੍ਰਭਾਤੀ ਮ: 1, ਪੋਥੀ, ਪੰ: 1330)
19. ਸੋ ਬ੍ਰਾਹਮਣੁ ਜੋ ਬਿੰਦੈ ਬ੍ਰਹਮੁ। ਜਪੁ ਤਪੁ ਸੰਜਮੁ ਕਮਾਵੈ ਕਰਮੁ।
ਸੀਲ ਸੰਤੋਖ ਕਾ ਰਖੈ ਧਰਮੁ। ਬੰਧਨ ਤੋੜੈ ਹੋਵੈ ਮੁਕਤੁ।
ਸੋਈ ਬ੍ਰਹਮਣੁ ਪੂਜਣ ਜੁਗਤੁ। (ਸਲੋਕ ਵਾਰਾਂ ਤੇ ਵਧੀਕ ਮ: 1, ਪੋਥੀ, ਪੰ: 1141)
20. ੳ) ਨਾਵਹਿ ਧੋਵਹਿ ਪੂਜਹਿ ਸਿਲਾ। ਬਿਨੁ ਹਰਿ ਰਾਤੇ ਮੈਲੋ ਮੈਲਾ।
........ਵਾਦੀ ਵਾਦੁ ਨ ਬਾਦੁ ਬੀਚਾਰੈ। ਆਪਿ ਡੁਬੈ ਕਿਉ ਪਿਤਰਾ ਤਾਰੈ।
........ਨਾ ਸਿਧੀ ਨਾਮੁ ਨ ਸਬਦੁ ਅਚਾਰ।
ਇਕ ਪਾਧੇ ਪੰਡਿਤ ਮਿਸਰ ਕਹਾਵਹਿ। ਦੁਬਿਧਾ ਰਾਤੇ ਮਹਲੁ ਨ ਪਾਵਹਿ।
(ਰਾਮਕਲੀ ਮ:1, ਪੋਥੀ, ਪੰ:904) (ਬਾਕੀ ਅਗਲੇ ਪੰਨੇ ਤੇ.

ਬੋਲੀਆਂ ਦੱਸਦੇ ਹਨ ਕਿ ਪਾਖੰਡੀ ਪੰਡਤ ਦੇ ਮਨ ਦੀ ਮੈਲ ਤਾਂ ਉਤਰ ਹੀ ਨਹੀਂ ਸਕਦੀ, ਭਾਵੇਂ ਉਹ ਚਾਰ ਜੁਗ ਵੇਦਾਂ ਦਾ ਪਾਠ ਕਰੇ, ਕਿਉਂਕਿ ਤ੍ਰੈਗੁਣੀ ਮਾਇਆ ਦੇ ਜਾਲ ਵਿਚ ਫਸੇ ਹੋਏ ਨੇ ਹਰੀ ਦੇ ਨਾਮ ਨੂੰ ਵਿਸਾਰ ਦਿੱਤਾ ਹੈ, ਆਪਣਾ ਕਰਤੱਵ ਭੁਲ ਕੇ ਮਾਇਆ ਦੇ ਵਪਾਰ ਵਿਚ ਲਗ ਹੋਣ ਦੀ ਕਰਕੇ ਅੰਤ ਉਸ ਦੀ ਤ੍ਰਿਸ਼ਨਾ ਤੇ ਭੁੱਖ ਨਹੀਂ ਮਿਟਦੀ।[21] ਮਾਇਆ ਦੇ ਮੁਥਾਜ ਪੰਡਤ ਅਖਵਾਉਣ ਵਾਲੇ ਨੂੰ ਜਮ ਦੀ ਫਾਹੀ ਸਹਿਣ ਕਰਨੀ ਪਵੇਗੀ।[22] ਬ੍ਰਾਹਮਣਾਂ ਨੂੰ ਲੋਕ ਦਾਨ ਦਿੰਦੇ ਹਨ, ਪਰ ਉਹ ਦਾਨ ਲੈ ਕੇ ਮੁਕਰ ਜਾਂਦੇ ਹਨ। ਕਈ ਵਾਰ ਜਿਨ੍ਹਾਂ ਜਿਹਾ ਭਨ ਪਿੱਛੋਂ ਹੀ ਸੇਵਕਾਂ ਨਾਲ ਨਰਾਜ਼ ਹੋ ਕੇ ਉਨ੍ਹਾਂ ਦਾ ਬੁਰਾ ਸੋਚਦੇ ਹਨ। ਉਹ ਧਨ ਦੇ ਲੋਭ ਵਿਚ ਹਲਕੇ ਹੋਏ ਫਿਰਦੇ ਹਨ। ਅਧੋਗ ਨਿੰਦਿਆ ਕਰਕੇ ਆਪਣੇ ਸਿਰ ਭਾਰ ਚੁਕ ਰਹੇ ਹਨ। ਮਾਇਆ ਵਿਚ ਲੀਨ ਹੋ ਕੇ ਪ੍ਰਭੂ ਨੂੰ ਯਾਦ ਨਹੀਂ ਕਰਦੇ। ਦੁਨੀਆਂ ਨੂੰ ਉਪਦੇਸ਼ ਦੇਣ ਵਾਲੇ ਭੇਖੀ ਬ੍ਰਾਹਮਣ ਆਪ ਉਸ ਤੇ ਨਹੀਂ ਚਲਦੇ। ਅਜਿਹੇ ਅਵਗੁਣਾਂ ਦੇ ਧਾਰਨੀ ਬ੍ਰਾਹਮਣਾਂ ਨੂੰ ਗੁਰੂ ਜੀ ਨੇ ਮੂਰਖ ਕਿਹਾ ਹੈ ਤੇ ਹੰਕਾਰ ਛਡ ਕੇ ਗੁਰੂ ਦੀ ਸ਼ਰਣ ਵਿਚ ਆਉਣ ਲਈ ਠੀਕ ਰਾਹ ਦਿੱਤਾ ਹੈ।[23] ਬ੍ਰਾਹਮਣ ਮੂੰਹੋਂ ਤਾਂ ਵੇਦਾਂ ਦਾ ਪਾਠ ਅਰਥਾਂ ਸਹਿਤ ਪੜ੍ਹਦਾ ਹੈ, ਪਰੰਤੂ ਦਿਤੇ ਹੋਏ ਉਪਦੇਸ਼ ਅਨੁਸਾਰ ਆਪ ਨਹੀਂ ਚਲਦਾ, x ਸਾਲਗ ਰਾਮ ਸਾਹਵੇਂ ਰਖ ਕੇ ਪੂਜਾ ਕਰਦਾ ਹੈ, ਪਰੰਤੂ ਦਿੱਤੇ ਹੋਏ ਉਪਦੇਸ਼ ਅਨੁਸਾਰ ਆਪ

ਅ) ਪੜਿ ਪੜਿ ਪੰਡਿਤ ਬਾਦੁ ਵਖਾਣੈ। ਭੀਤਰ ਹੋਦੀ ਵਸਤੁ ਨ ਜਾਣੈ।
(ਗਉੜੀ ਮ: 1, ਉਹੀ, ਪੰ: 152)

21. ੳ) ਪੰਡਿਤ ਮੈਲੁ ਨ ਚੁਕਈ, ਜੇ ਵੇਦ ਪੜੈ ਜੁਗ ਚਾਰਿ।
ਤ੍ਰੈਗੁਣ ਮਾਇਆ ਮੂਲੁ ਹੈ, ਵਿਚਿ ਹਉਮੈ ਨਾਮੁ ਵਿਸਾਰਿ।
ਪੰਡਿਤ ਭੂਲੇ ਦੂਜੈ ਲਾਗੇ, ਮਾਇਆ ਕੈ ਵਾਪਾਰਿ।
ਅੰਤਰਿ ਤ੍ਰਿਸਨਾ ਭੁਖ ਹੈ, ਮੂਰਖ ਭੁਖਿਆ ਮੁਏ ਗਵਾਰ।
(ਮ:3, ਵਾਰ ਸੋਰਠਿ ਮ:4, ਪਉੜੀ 13 ਨਾਲ ਸਲੋਕ), ਉਹੀ, ਪੰ:647)

ਅ) ਪੰਡਿਤ ਵਾਚਹਿ ਪੋਥੀਆਂ, ਨ ਬੂਝਹਿ ਵੀਚਾਰੁ।
ਅਨ ਕਉ ਮਤੀ ਦੇ ਚਲਹਿ, ਮਾਇਆ ਕਾ ਵਾਪਾਰੁ।
ਕਥਨੀ ਝੂਠੀ ਜਗੁ ਭਵੈ, ਰਹਣੀ ਸਬਦੁ ਸੁ ਸਾਰੁ।
(ਸਿਰੀ ਰਾਗ ਅਸਟਪਦੀਆਂ ਮ:1, ਉਹੀ, ਪੰ: 56)

22. ਮਾਇਆ ਕਾ ਮੁਹਤਾਜ ਪੰਡਿਤੁ ਕਹਾਵੈ। ਬਿਖਿਆ ਰਾਤਾ ਬਹੁਤੁ ਦੁਖੁ ਪਾਵੈ।
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ। (ਗਉੜੀ ਮ: 3, ਉਹੀ, ਪੰ: 231)

23. 'ਦਾਨ ਦੇਇ ਕਰਿ ਪੂਜਾ ਕਰਨਾ। ਲੈਤ ਦੇਤ ਉਨ ਮੂਕਰਿ ਪਰਨਾ।
ਜਿਤੁ ਦਰਿ ਤੁਮ ਹੈ, ਬ੍ਰਾਹਮਣ ਜਾਣਾ। ਤਿਤੁ ਦਰਿ ਤੂੰ ਹੀ ਹੈ ਪਛੁਤਾਣਾ।
ਐਸੇ ਬ੍ਰਾਹਮਣ ਡੂਬੇ ਭਾਈ। ਨਿਰਾਪਰਾਧ ਚਿਤਵਹਿ ਬੁਰਿਆਈ।1।ਰਹਾਉ।
ਅੰਤਰਿ ਲੋਭੁ ਫਿਰਹਿ ਹਲਕਾਏ। ਨਿੰਦਾ ਕਰਹਿ ਸਿਰਿ ਭਾਰੁ ਉਠਾਏ।
ਮਾਇਆ ਮੂਠਾ ਚੇਤੈ ਨਾਹੀ। ਭਰਮੇ ਭੂਲਾ ਬਹੁਤ ਰਾਹੀ।
ਬਾਹਰਿ ਭੇਖ ਕਰਹਿ ਘਨੇਰੇ। ਅੰਤਰਿ ਬਿਖਿਆ ਉਤਰੀ ਘੇਰੇ।
ਅਵਰ ਉਪਦੇਸੈ ਆਪਿ ਨ ਬੂਝੈ। ਐਸਾ ਬ੍ਰਾਹਮਣ ਕਹੀ ਨ ਸੀਝੈ।
ਮੂਰਖ ਬਾਮਣ ਪ੍ਰਭੂ ਸਮਾਲਿ। ਦੇਖਤ ਸੁਨਤ ਤੇਰੈ ਹੈ ਨਾਲਿ।
ਕਹੁ ਨਾਨਕ ਜੇ ਹੋਵੀ ਭਾਗੁ। ਮਾਨੁ ਛੋਡਿ ਗੁਰ ਚਰਣੀ ਲਾਗੁ।' (ਆਸਾ ਮ:5, ਉਹੀ, ਪੰ:372)

(ਬਾਕੀ ਅਗਲੇ ਪੰਨੇ ਤੇ ....)

ਉਸ ਦਾ ਮਨ ਦਸ ਦਿਸ਼ਾਵਾਂ ਵਿਚ ਭੌਂਦਾ ਫਿਰਦਾ ਹੈ, ਤਿਲਕ ਲਗਾ ਕੇ ਲੋਕਾਂ ਨੂੰ ਦਿਖਾਵਾ ਦਿਖਾਉਂਦਾ ਹੈ। ਖਟ ਕਰਮ (ਪੜ੍ਹਨਾ ਤੇ ਪੜ੍ਹਾਉਣਾ, ਯਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਲੈਣਾ) ਤੇ ਧੋਤੀ (ਇਕ ਯੋਗ-ਕ੍ਰਿਆ, ਜੋ ਜੋਗੀ ਅੰਤੜੀਆਂ ਸਾਫ਼ ਕਰਨ ਲਈ ਗਿੱਲੇ ਕਪੜੇ ਨੂੰ ਪਾਣੀ ਦੀ ਸਹਾਇਤਾ ਨਾਲ ਨਿਗਲਦੇ ਹਨ ਤੇ ਬਾਹਰ ਕਢਦੇ ਹਨ) ਆਦਿ ਕਰਮ ਤਾਂ ਕਰਦਾ ਹੈ। ਅਮੀਰਾਂ ਦੇ ਘਰ ਧਨ ਦੀ ਖਾਤਰ ਪੋਥੀਆਂ ਪੜ੍ਹ ਕੇ ਸੁਣਾਂਦਾ ਹੈ। ਗੁਰੂ ਜੀ ਨੇ ਲੋਭ ਤਿਆਗ ਕੇ ਪੰਡਤ ਨੂੰ ਵੇਦਾਂ ਦੀ ਠੀਕ ਢੰਗ ਨਾਲ ਵਿਚਾਰ ਕਰਨ ਲਈ ਕਿਹਾ ਹੈ।[24] ਦੁਨੀਆਂ ਨੂੰ ਸਮਝਾਉਣ ਵਾਲੇ ਪੰਡਤ ਨੂੰ ਆਪਣੇ ਸੜਦੇ ਹੋਏ ਘਰ ਦੀ ਖ਼ਬਰ ਹੀ ਨਹੀਂ ਹੈ। ਸਤਿਗੁਰੂ ਦੀ ਸੇਵਾ ਦੁਆਰਾ ਨਾਮ ਦੀ ਪ੍ਰਾਪਤੀ ਤੋਂ ਬਿਨਾ ਕੇਵਲ ਧਾਰਮਿਕ ਗ੍ਰੰਥ ਪੜ੍ਹਨ ਨਾਲ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ।[25]

ਪ੍ਰਭੂ-ਪ੍ਰਾਪਤੀ ਵਿਚ ਥੋਥਾ ਕਰਮਕਾਂਡ ਸਹਾਇਕ ਹੋਣ ਦੀ ਬਜਾਇ ਰੁਕਾਵਟ ਬਣਦਾ ਹੈ। ਗੁਰੂ ਜੀ ਨੇ ਰਸਮੀ ਤਿਲਕ ਤੇ ਪਾਠ ਪੂਜਾ ਦੀ ਥਾਂ ਪੰਡਤ ਨੂੰ ਅਸਲੀ ਧਾਰਮਿਕ ਰਹਿਣੀ ਦਸਦਿਆਂ ਕਿਹਾ ਹੈ ਕਿ ਗਿਆਨ ਰੂਪੀ ਜਨੇਊ, ਧਿਆਨ-ਰੂਪੀ ਕੁਸ਼ਾ, ਨਾਮ ਰੂਪੀ ਧੋਤੀ ਤੇ ਟਿੱਕਾ ਬਣਾਵੇ ਤਾਂ ਜੋ ਇਥੇ ਤੇ ਪਰਲੋਕ ਵਿਚ ਵੀ ਇਹ ਚੀਜ਼ਾਂ ਸਹਾਇਕ ਹੋਣ। ਮਾਇਆ ਨੂੰ ਸਾੜਨਾ ਉਹਦੀ ਧੂਪ ਹੋਵੇ, ਤੱਤ-ਵਾਹਿਗੁਰੂ ਨੂੰ ਸਮਝਣਾ ਪ੍ਰਾਣਾਯਾਮ ਦੀ ਉਚੀ ਤੋਂ ਉਚੀ ਦਸ਼ਾ ਸਮਝੇ (ਭਾਵ ਪ੍ਰਾਣਾਂ ਨੂੰ ਦਸਮ ਦੁਆਰ ਚੜ੍ਹਾਉਣਾ ਨਾਲ ਕਾਮਾਦਿਕ ਚੋਰ ਨਹੀਂ ਜਾਂਦੇ; ਹਰੀ ਨੂੰ ਇਕ ਇਕ ਜਾਣਨਾ ਮੱਥੇ ਦਾ ਤਿਲਕ ਸਮਝੇ ਅਤੇ ਆਤਮਿਕ ਵਿਚਾਰ ਨਾਲ ਬ੍ਰਹਮ ਨੂੰ ਸਮਝੇ। ਕਰਮਕਾਂਡ ਨਾਲ ਹਰੀ ਵੱਸ ਵਿਚ ਨਹੀਂ ਆਉਂਦਾ, ਕੇਵਲ ਪਾਠ [illegible] ਪੜ੍ਹਨ ਨਾਲ ਕੀਮਤ ਨਹੀਂ ਪੈਂਦੀ। ਅਠਾਰਾਂ ਪੁਰਾਣਾਂ ਤੇ ਚਾਰ ਵੇਦਾਂ ਨੇ ਵੀ ਉਸ ਦਾ ਭੇਦ ਨਹੀਂ ਪਾਇਆ

(ਅ) 'ਪੜਿ ਪੜਿ ਪੰਡਿਤ ਜੋਤਕੀ, ਵਾਦ ਕਰਹਿ ਬੀਚਾਰੁ।
ਮਤਿ ਬੁਧਿ ਭਵੀ ਨ ਬੁਝਈ, ਅੰਤਰਿ ਲੋਭ ਵਿਕਾਰੁ।'
(ਸਿਰੀ ਰਾਗ ਮ: 3, ਪੋਥੀ, ਪੰ: 27)

24. ਮੁਖ ਤੇ ਪੜਤਾ ਟੀਕਾ ਸਹਿਤ। ਹਿਰਦੈ ਰਾਮ ਨਹੀਂ ਪੂਰਨ ਰਹਤ।
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ। ਅਪਨਾ ਕਹਿਆ ਆਪਿ ਨ ਕਮਾਵੈ।
ਪੰਡਿਤ ਬੇਦੁ ਬੀਚਾਰੁ ਪੰਡਿਤ। ਮਨ ਕਾ ਕ੍ਰੋਧੁ ਨਿਵਾਰਿ ਪੰਡਿਤ।1।ਰਹਾਉ।
ਆਗੈ ਰਾਖਿਓ ਸਾਲਗਿਰਾਮੁ। ਮਨ ਕੀਨੋ ਦਹਦਿਸ ਬਿਸ੍ਰਾਮ।
ਤਿਲਕ ਚਰਾਵੈ ਪਾਈ ਪਾਇ। ਲੋਕ ਪਚਾਰਾ ਅੰਧੁ ਕਮਾਇ।
ਖਟ ਕਰਮਾ ਅਰੁ ਆਸਣੁ ਧੋਤੀ। ਭਾਗਠਿ ਗ੍ਰਿਹਿ ਪੜੈ ਨਿਤ ਪੋਥੀ।
ਮਾਲਾ ਫੇਰੈ ਮੰਗੈ ਬਿਭੂਤ। ਇਹ ਬਿਧਿ ਕੋਇ ਨ ਤਰਿਓ ਮੀਤ।
(ਰਾਮਕਲੀ ਮ: 5, ਪੋਥੀ, ਪੰ: 887-88)

25. ਪੜਿ ਪੰਡਿਤ ਅਵਰਾ ਸਮਝਾਏ। ਘਰ ਜਲਤੇ ਦੀ ਖਬਰਿ ਨ ਪਾਏ।
ਬਿਨੁ ਸਤਿਗੁਰ ਸੇਵੇ, ਨਾਮੁ ਨ ਪਾਈਐ, ਪੜਿ ਥਾਕੇ ਸਾਂਤਿ ਨ ਆਈ ਹੈ।
(ਮਾਰੂ ਮ: 3, ਸੋਲਹੇ, ਪੋਥੀ, ਪੰ: 1046)

ਕੇਵਲ ਸੱਚਾ ਗੁਰੂ ਹੀ ਬ੍ਰਹਮ ਦੇ ਦਰਸ਼ਨ ਕਰਵਾ ਸਕਦਾ ਹੈ।[26]

ਗੁਰੂ ਜੀ ਅਨੁਸਾਰ ਅਸਲ ਪੰਡਿਤ ਉਹ ਹੈ ਜੋ ਆਪਣੇ ਆਪ ਨੂੰ ਸਿਖਿਆ ਦਿੰਦਾ ਹੈ ਅਤੇ ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿਚ ਢਾਲਦਾ ਹੈ। ਇਸ ਪੰਡਿਤ ਦੇ ਉਪਦੇਸ਼ ਨਾਲ ਸਾਰਾ ਸੰਸਾਰ ਆਤਮਿਕ ਜੀਵਨ ਪ੍ਰਾਪਤ ਕਰਦਾ ਹੈ, ਜੋ ਨਾਮ ਰੂਪੀ ਮਿਠਾ ਰਸ ਪੀਂਦਾ ਹੈ। ਹਰੀ ਦੀ ਕਥਾ ਆਪਣੇ ਹਿਰਦੇ ਵਿਚ ਵਸਾਉਣ ਵਾਲਾ ਪੰਡਿਤ ਮੁੜ ਜੂਨੀ ਵਿਚ ਨਹੀਂ ਪੈਂਦਾ। ਉਹ ਵੇਦ, ਪੁਰਾਣ ਤੇ ਸਿਮ੍ਰਿਤੀਆਂ ਦੇ ਮੂਲ ਹਰੀ ਨੂੰ ਸਮਝਦਾ ਹੈ ਤੇ ਸਾਰਾ ਦ੍ਰਿਸ਼ਟਮਾਨ ਜਗਤ ਅਦ੍ਰਿਸ਼ਟ ਪ੍ਰਭੂ ਦੇ ਆਸਰੇ ਹੀ ਦਿਸਦਾ ਹੈ। ਚਾਰੇ ਵਰਣਾਂ ਨੂੰ ਉਪਦੇਸ਼ ਦੇਣ ਵਾਲੇ ਪੰਡਿਤ ਨੂੰ ਗੁਰੂ ਅਰਜਨ ਦੇਵ ਜੀ ਵੀ ਸਿਰ ਨਿਵਾਉਂਦੇ ਹਨ।[27] ਜਾਤ ਪਾਤ ਦਾ ਮਾਣ ਝੂਠਾ ਹੈ, ਬ੍ਰਹਮ ਦੀ ਪਛਾਣ ਕਰਨ ਵਾਲਾ ਹੀ ਬ੍ਰਾਹਮਣ ਹੁੰਦਾ ਹੈ, ਉਹ ਹਰੀ ਦੇ ਰੰਗ ਵਿਚ ਹਰ ਸਮੇਂ ਰੰਗਿਆ ਰਹਿੰਦਾ ਹੈ।[28] ਪਰੰਤੂ ਹਰੀ ਨੂੰ ਜਾਣੇ ਬਿਨਾ ਕਰਮਾਂ ਵਿਚ ਭੁਲੇ ਹੋਏ ਪੰਡਿਤ ਦਾ ਜਨਮ ਬਿਰਥਾ ਚਲਾ ਜਾਂਦਾ ਹੈ; ਪੋਥੀ ਦੇ ਗੁਣਾਂ ਤੋਂ ਬਿਨਾ ਉਹ ਆਪਣੇ ਆਪ ਨੂੰ ਪਾਂਧਾ ਅਖਵਾਉਂਦਾ ਹੈ। ਤੇ ਦੂਸਰਿਆਂ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਾ ਹੈ ਅਤੇ ਪਾਖੰਡ ਕਰਦਾ ਹੈ।[29] ਇਸ

---

26. 'ਕਾਇਆ ਬ੍ਰਹਮਾ ਮਨੁ ਹੈ ਧੋਤੀ। ਗਿਆਨੁ ਜਨੇਊ ਧਿਆਨੁ ਕੁਸਪਾਤੀ।
ਹਰਿ ਨਾਮਾ ਜਸੁ ਜਾਚਉ ਨਾਉ। ਗੁਰ ਪਰਸਾਦੀ ਬ੍ਰਹਮਿ ਸਮਾਉ।
ਪਾਂਡੇ ਐਸਾ ਬ੍ਰਹਮ ਬੀਚਾਰੁ। ਨਾਮੇ ਸੁਚਿ ਨਾਮੋ ਪੜਉ, ਨਾਮੇ ਚਜੁ ਆਚਾਰੁ।1।ਰਹਾਉ।
ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ। ਧੋਤੀ ਟਿਕਾ ਨਾਮੁ ਸਮਾਲਿ।
ਐਥੈ ਉਥੈ ਨਿਬਹੈ ਨਾਲਿ। ਵਿਣੁ ਨਾਵੈ ਹੋਰਿ ਕਰਮ ਨ ਭਾਲਿ।
ਚੀਨੈ ਤਤੁ ਗਗਨ ਦਸ ਦੁਆਰ। ਹਰਿ ਮੁਖਿ ਪਾਠ ਪੜੈ ਬੀਚਾਰੁ।
ਭੋਜਨ ਭਾਉ ਭਰਮ ਭਉ ਭਾਗੈ। ਪਾਹਰੂਅ ਰਾਛਬਿ ਚੋਰ ਨ ਲਾਗੈ।
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ। ਬੂਝੈ ਬ੍ਰਹਮ ਅੰਤਰਿ ਬਿਬੇਕੁ।
ਆਚਾਰੀ ਨਹੀ ਜੀਤਿਆ ਜਾਇ। ਪਾਠ ਪੜੈ ਨਹੀ ਕੀਮਤਿ ਪਾਇ।
ਅਸਟਦਸੀ ਚਹੁ ਭੇਦ ਨ ਪਾਇਆ। ਨਾਨਕ ਸਤਿਗੁਰ ਬ੍ਰਹਮ ਦਿਖਾਇਆ।
(ਆਸਾ ਮ: 1, ਗ੍ਰੰ, ਪੰ:355)

27. ਸੋ ਪੰਡਿਤ ਜੋ ਮਨ ਪਰਬੋਧੈ। ਰਾਮ ਨਾਮੁ ਆਤਮ ਮਹਿ ਸੋਧੈ।
ਰਾਮ ਨਾਮੁ ਸਾਰੁ ਰਸੁ ਪੀਵੈ। ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ।
ਹਰਿ ਕੀ ਕਥਾ ਹਿਰਦੈ ਬਸਾਵੈ। ਸੋ ਪੰਡਿਤੁ ਫਿਰਿ ਜੋਨਿ ਨ ਆਵੈ।
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ। ਸੂਖਮ ਮਹਿ ਜਾਨੈ ਅਸਥੂਲੁ।
ਚਹੁ ਵਰਨਾ ਕਉ ਦੇ ਉਪਦੇਸੁ। ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ।
(ਗਉੜੀ ਸੁਖਮਨੀ ਮ: 5, ਅਸਟਪਦੀ 9, ਗ੍ਰੰ, ਪੰ:274)

28. ੳ) ਸੋ ਬ੍ਰਾਹਮਣ ਬ੍ਰਹਮ ਜੋ ਬਿੰਦੇ, ਹਰਿ ਸੇਤੀ ਰੰਗਿ ਰਾਤਾ।
(ਸਿਰੀ ਰਾਗੁ ਅਸਟਪਦੀਆ ਮ: 3, ਗ੍ਰੰ, ਪੰ:68)
ਅ) ਤਤ ਪਛਾਣੈ, ਸੋ ਪੰਡਿਤ ਹੋਈ। (ਮਾਝ ਮ:3, ਅਸਟਪਦੀ, ਗ੍ਰੰ, ਪੰ: 128)

29. ਬਬੈ ਬੂਝੈ ਨਾਹੀ ਮੂੜੇ, ਭਰਮਿ ਭੂਲੇ ਤੇਰਾ ਜਨਮੁ ਗਇਆ।
ਅਣਹੋਦਾ ਨਾਉ ਧਰਾਇਓ ਪਾਧਾ, ਅਵਰਾ ਕਾ ਭਾਰੁ ਤੁਧੁ ਲਇਆ।3।
(ਰਾਗੁ ਆਸਾ ਮ: 3, ਪੱਟੀ, ਗ੍ਰੰ, ਪੰ: 434).

ਪਾਂਧੇ ਨੂੰ ਪੜ੍ਹਿਆ ਹੋਇਆ ਸਮਝਿਆ ਜਾਵੇਗਾ ਜੇ ਉਹ ਠੰਢੇ ਦਿਲ ਨਾਲ ਵਿਦਿਆ ਦੀ ਵਿਚਾਰ ਕਰੇ, ਗਿਆਨ (ਵਿਦਿਆ) ਵਿਚਾਰੇ ਤੇ ਅਸਲੀਅਤ ਲਭੇ, ਪਰੰਤੂ ਇਸ ਦੇ ਉਲਟ ਮਨਮੁਖ ਵਿਦਿਆ ਵੇਚਦੇ ਹਨ ਤੇ ਜ਼ਹਿਰ ਖਟਦੇ ਤੇ ਖਾਂਦੇ ਹਨ। ਗੁਰੂ ਦੀ ਆਗਿਆ ਨੂੰ ਮੰਨਣ ਵਾਲਾ ਪਾਂਧਾ ਆਪਣੇ ਚੇਲਿਆਂ ਨੂੰ ਨਾਮ ਸੰਗ੍ਰਹਿ ਕਰਨ ਦੀ ਚੰਗੀ ਮੱਤ ਦਿੰਦਾ ਹੈ।[30]

ਬ੍ਰਾਹਮਣ ਦੀ ਤਰ੍ਹਾਂ ਕਰਮ ਦੇ ਆਧਾਰ ਤੇ ਗੁਰੂ ਸਾਹਿਬਾਨ ਨੇ ਖਤਰੀ-ਵਰਣ ਦਾ ਮੁਖ ਗੁਣ ਪਰੰਪਰਾਗਤ ਸੂਰਮਾ ਹੋਣਾ ਹੀ ਫਰਮਾਇਆ ਹੈ।[31] ਰਣ ਭੂਮੀ ਤਕ ਕੇ ਸੂਰਬੀਰ ਦਾ ਦਿਲ ਖੇੜੇ ਵਿਚ ਆਉਂਦਾ ਹੈ।[32] ਸੂਰਮਿਆਂ ਦਾ ਕਰਤੱਵ ਹੈ ਕਿ ਉਹ ਪਰਜਾ ਦੀ ਰਖਿਆ ਤੇ ਸੁਰਖਿਆ ਖਾਤਰ ਲੜਦਾ ਹੋਇਆ ਸ਼ਹੀਦ ਹੋ ਜਾਏ। ਅਜਿਹੇ ਸ਼ਹੀਦ ਦਾ ਮਰਨਾ ਸਫਲ ਹੈ।[33] ਜੋ ਰਣ ਵਿਚੋਂ ਪਿੱਠ ਵਿਖਾ ਕੇ ਭਜ ਜਾਵੇ, ਉਹ ਜੂਨੀਆਂ ਵਿਚ ਭਟਕਦਾ ਹੈ।[34]

ਸਾਡੇ ਖੋਜ-ਪ੍ਰਬੰਧ ਦੇ ਨਿਰਧਾਰਿਤ ਕਾਲ ਦੌਰਾਨ ਖਤਰੀ-ਵਰਣ ਦੀ ਹਾਲਤ ਤਰਸਯੋਗ ਸੀ। ਉਹ ਆਪਣੇ ਧਰਮ (ਕਰਤੱਵ) ਨੂੰ ਛਡ ਕੇ ਮੁਸਲਮਾਨਾਂ (ਸ਼ਾਸਕ ਵਰਗ ਦੀ ਪਰਾਈ ਭਾਸ਼ਾ) ਦੀ ਬੋਲੀ ਬੋਲਦੇ ਸਨ।[35] ਉਨ੍ਹਾਂ ਦੀ ਕਾਇਰਤਾ ਸਦਕਾ ਦੇਸ਼ ਪਰਾਧੀਨ ਹੋ ਗਿਆ ਸੀ।

ਗੁਰੂ ਸਾਹਿਬਾਨ ਨੇ ਸੂਰਮੇ ਨੂੰ ਅਧਿਆਤਮਕ ਰੰਗਣ ਦੇ ਕੇ ਇਕ ਆਦਰਸ਼ ਖੱਤਰੀ ਦਾ ਸੰਕਲਪ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਵਰਿਆਮ ਸੂਰਮਾ ਉਹ ਹੈ ਜਿਸ ਨੇ ਆਪਣੇ ਆਪ ਵਿਚੋਂ ਹੰਕਾਰ ਰੂਪੀ ਦੁਸ਼ਟ ਦਾ ਨਾਸ ਕਰ ਦਿੱਤਾ ਹੈ।[36] ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਪੰਜਾਂ ਨੂੰ ਮਾਰਨ ਵਾਲੇ ਨੂੰ ਗੁਰੂ ਜੀ

---

30. ਪਾਧਾ ਪੜਿਆ ਆਖੀਐ, ਬਿਦਿਆ ਬਿਚਰੈ ਸਹਜਿ ਸੁਭਾਇ।
    ਬਿਦਿਆ ਸੋਧੈ ਤਤੁ ਲਹੈ, ਰਾਮ ਨਾਮ ਲਿਵ ਲਾਇ।
    ਮਨਮੁਖ ਬਿਦਿਆ ਬਿਕ੍ਰਦਾ, ਬਿਖੁ ਖਟੇ ਬਿਖੁ ਖਾਇ।
    ਮੂਰਖੁ ਸਬਦੁ ਨ ਚੀਨਈ, ਸੂਝ ਬੂਝ ਨਹ ਪਾਇ।
    ਪਾਧਾ ਗੁਰਮੁਖ ਆਖੀਐ, ਚਾਟੜਿਆ ਮਤਿ ਦੇਇ।
    ਨਾਮੁ ਸਮਾਲਹੁ ਨਾਮੁ ਸੰਗਰਹੁ, ਲਾਹਾ ਜਗ ਮਹਿ ਲੇਇ।53।
    (ਰਾਮਕਲੀ ਮ: 1, ਦਖਣੀ ਓਅੰਕਾਰੁ, ਉਹੀ, ਪੰ: 937-38)

31. ੳ) 'ਖਤ੍ਰੀ ਸੋ ਜੁ ਕਰਮਾ ਕਾ ਸੂਰੁ। ਪੁੰਨ ਦਾਨ ਕਾ ਕਰੈ ਸਰੀਰੁ।
    ਖੇਤੁ ਪਛਾਣੈ ਬੀਜੈ ਦਾਨੁ। ਸੋ ਖਤ੍ਰੀ ਦਰਗਹ ਪਰਵਾਣੁ।7।
    (ਸਲੋਕ ਵਾਰਾਂ ਤੇ ਵਧੀਕ ਮ: 1, ਉਹੀ, ਪੰ: 1411)
    ਅ) 'ਖਤ੍ਰੀ ਸੋ ਸਬਦੰ ਸੂਰ ਸਬਦੰ............'। (ਸਲੋਕ ਸਹਸਕ੍ਰਿਤੀ ਮ: 1, ਉਹੀ, ਪੰ: 1353)
    ੲ) 'ਖਤ੍ਰੀ ਕਰਮ ਕਰੇ ਸੂਰਤਣੁ ਪਾਵੈ।' (ਗਉੜੀ ਗੁਆਰੇਰੀ ਮ: 4, ਉਹੀ, ਪੰ: 164)

32. 'ਰਣੁ ਦੇਖਿ ਸੂਰੇ ਚਿਤ ਉਲਾਸ।' (ਬਸੰਤ ਮ: 5, ਉਹੀ, ਪੰ: 1180)

33. 'ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ।'
    (ਵਡਹੰਸ ਮ: 1, ਅਲਾਹਣੀਆਂ, ਉਹੀ, ਪੰ: 579-80)

34. 'ਜੋ ਸੂਰਾ ਤਿਸ ਹੀ ਹੋਇ ਮਰਣਾ। ਜੋ ਭਾਗੈ ਤਿਸੁ ਜੋਨੀ ਫਿਰਣਾ।'
    (ਮਾਰੂ ਅਸਟਪਦੀਆ ਮ: 5, ਉਹੀ, ਪੰ: 1019)

35. ਖਤਰੀਆ ਤ ਧਰਮ ਛੋਡਿਆ, ਮਲੇਛ ਭਾਖਿਆ ਗਹੀ। (ਧਨਾਸਰੀ ਮ: 1, ਉਹੀ, ਪੰ: 663)

(ਬਾਕੀ ਅਗਲੇ ਪੰਨੇ ਤੇ........)

ਪੂਰਨ ਸੂਰਮਾ ਮੰਨਦੇ ਹਨ।[37] ਅਧਿਆਤਮਕ ਸੂਰਮਾ ਉਹ ਹੈ ਜੋ ਹਰੀ ਦੇ ਰੰਗ ਵਿਚ ਰੰਗਿਆ ਹੋਵੇ, ਆਪਣਾ ਆਪ (ਆਤਮਾ) ਉਸ ਦੇ ਕਾਬੂ[38] ਵਿਚ ਹੁੰਦਾ ਹੈ, ਪਰੰਤੂ ਅਜਿਹੀ ਬਖਸ਼ਿਸ਼ ਉਸੇ ਤੇ ਹੁੰਦੀ ਹੈ ਜਿਸ ਨੇ ਸਤਿਗੁਰੂ ਨੂੰ ਅਪਣਾਇਆ ਹੈ। ਸੰਤ ਜਨ ਅਜਿੱਤ ਸੂਰਮਿਆਂ ਦੀ ਸੈਨਾ ਹੈ, ਗਰੀਬੀ ਸੁਭਾਉ ਉਨ੍ਹਾਂ ਦੇ ਸਰੀਰ ਉਤੇ ਸੰਜੋਅ ਹੈ, ਗੋਬਿੰਦ ਦੇ ਗੁਣ ਗਾਉਣੇ ਉਨ੍ਹਾਂ ਪਾਸ ਸ਼ਸਤਰ ਹਨ, ਗੁਰ ਸ਼ਬਦ ਦੀ ਓਟ ਉਨ੍ਹਾਂ ਦੇ ਹੱਥ ਦੀ ਢਾਲ ਹੈ। ਸੰਤ ਜਨ ਪਰਮਾਤਮਾ ਦੇ ਮਿਲਾਪ ਦਾ ਰਸਤਾ ਢੂੰਡਦੇ ਫਿਰਦੇ ਹਨ— ਇਹ ਮਾਨੋ ਉਹ ਘੋੜੇ, ਰੱਥ ਤੇ ਹਾਥੀਆਂ ਦੀ ਸਵਾਰੀ ਕਰਦੇ ਹਨ। ਉਹ ਪਰਮਾਤਮਾ ਦੀ ਸਿਫਤ ਸਲਾਹ ਦੀ ਸਹਾਇਤਾ ਨਾਲ ਕਾਮਾਦਿਕ ਵੈਰੀ - ਦਲ ਉਤੇ ਹਮਲਾ ਕਰਦੇ ਹਨ। ਇਸ ਪ੍ਰਕਾਰ ਸੰਤ ਜਨ ਉਨ੍ਹਾਂ ਪੰਜ ਵੈਰੀਆਂ ਨੂੰ ਆਪਣੇ ਵਸ ਵਿਚ ਕਰ ਲੈਂਦੇ ਹਨ ਜੋ ਸਾਰੇ ਸੰਸਾਰ ਨੂੰ ਜਿੱਤ ਰਹੇ ਹਨ।[39]

ਵਰਣ ਵੰਡ ਅਨੁਸਾਰ ਵੈਸ਼ ਦੇ ਜ਼ਿੰਮੇ ਖੇਤੀ ਕਰਨਾ, ਪਸ਼ੂ ਪਾਲਣ ਤੇ ਵਣਜ ਵਪਾਰ ਆਦਿ ਕਰਨਾ ਸੀ।[40] ਵੈਸ਼ਾਂ ਦੇ ਜ਼ਿੰਮੇ ਜੋ ਵੀ ਕਿਰਤ ਕਰਮ ਲਗਾਏ ਗਏ ਸਨ, ਉਨ੍ਹਾਂ ਬਾਰੇ ਗੁਰੂ ਸਾਹਿਬ ਨੇ ਆਪਣੀ ਹੀ ਨਵੀਨ ਤੇ ਨਿਵੇਕਲੀ ਵਿਆਖਿਆ ਪ੍ਰਸਤੁਤ ਕੀਤੀ ਹੈ। ਗੁਰੂ ਜੀ ਨੂੰ ਕੋਈ ਵੀ ਧੰਦਾ ਅਪ੍ਰਵਾਨ ਨਹੀਂ ਸੀ। ਉਨ੍ਹਾਂ ਅਨੁਸਾਰ ਕਾਰ ਵਿਹਾਰ ਕੇਵਲ ਸੱਚ ਤੇ ਆਧਾਰਿਤ ਹੋਵੇ, ਉਸ ਵਿਚ ਕਿਸੇ ਪ੍ਰਕਾਰ ਦਾ ਛਲ ਨਾ ਹੋਵੇ।[41] ਗੁਰੂ ਜੀ ਨੇ ਸੁੱਚੀ ਕਿਰਤ ਤੇ ਬਹੁਤ ਜ਼ੋਰ ਦਿੱਤਾ ਹੈ, ਕਿਰਤ ਕਰਦਿਆਂ ਪਰਮਾਤਮਾ ਵੱਲ ਧਿਆਨ ਰਖਣ ਲਈ ਪ੍ਰੇਰਨਾ ਦੇ ਕੇ ਕਿਰਤ ਕਮਾਈ ਨੂੰ ਅਧਿਆਤਮਕ ਰੰਗਣ ਦਿੱਤੀ ਹੈ।[42] ਇਸ ਦੇ ਉਲਟ ਵਲਛਲ ਅਥਵਾ ਠੱਗੀ ਜਾਂ ਧੋਖਾ ਕਰਕੇ ਪੇਟ ਭਰਨ ਵਾਲੇ ਨੂੰ ਮੂਰਖ ਤੇ ਗਵਾਰ ਕਿਹਾ ਹੈ।[43]

---

36. ਨਾਨਕ ਸੋ ਸੂਰਾ ਵਰੀਆਮੁ, ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ।'
(ਮ:3, ਵਾਰ ਸਿਰੀ ਰਾਗ ਮ: 4, ਪਉੜੀ 11 ਨਾਲ ਸਲੋਕ, ਉਹੀ, ਪੰ:86)

37. ਜਿਨਿ ਮਿਲਿ ਮਾਰੇ ਪੰਚ ਸੂਰਬੀਰ, ਐਸੋ ਕਉਨੁ ਬਲੀ ਰੇ।
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ, ਸੋ ਪੂਰਾ ਇਹ ਕਲੀ ਰੇ।'
(ਆਸਾ ਮ: 5, ਉਹੀ, ਪੰ: 404)

38. ਜਾਕਉ ਹਰ ਰੰਗ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ।
ਆਤਮ ਜਿਣੈ ਸਗਲ ਵਸਿ, ਤਾ ਕੈ, ਜਾ ਕਾ ਸਤਿਗੁਰੁ ਪੂਰਾ।'
(ਧਨਾਸਿਰੀ ਮ: 5, ਉਹੀ, ਪੰ: 680)

39. 'ਸੈਨਾ ਸਾਧ ਸਮੂਹ ਸੂਰ ਅਜਿਤੰ, ਸੰਨਾਹੰ ਤਨਿ ਨਿੰਮ੍ਰਤਾਹ।
ਆਵਧਹ ਗੁਣ ਗੋਬਿੰਦ ਰਮਣੰ, ਓਟ ਗੁਰਸਬਦ ਕਰ ਚਰਮਣਹ।
ਆਰੂੜਤੇ ਅਸ੍ਵ ਰਥ ਨਾਗਹ, ਬੁਝੰਤੇ ਪ੍ਰਭ ਮਾਰਗਹ।
ਬਿਚਰਤੇ ਨਿਰਭਯੰ ਸਤ੍ਰੁ ਸੈਨਾ, ਧਾਯੰਤੇ ਗੋਪਾਲ ਕੀਰਤਨਹ।
ਜਿਤ ਤੇ ਬਿਸ੍ਵ ਸੰਸਾਰਹ ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ।29।
(ਸਲੋਕ ਸਹਸਕ੍ਰਿਤੀ ਮ: 5, ਉਹੀ, ਪੰ:1356)

40. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ 'ਆਰਥਿਕ ਪਰਿਸਥਿਤੀਆਂ।'

41. 'ਕਰ ਮਨ ਮੇਰੇ ਸਤਿ ਬਿਉਹਾਰ ......।' (ਗਉੜੀ ਸੁਖਮਨੀ ਮ:5, ਅਸਟਪਦੀ 147, ਉਹੀ: ਪੰ: 281)

42. ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ।
ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ।
(ਗੂਜਰੀ ਕੀ ਵਾਰ ਮ:5, ਪਉੜੀ 17 ਦਾ ਸਲੋਕ, ਉਹੀ, ਪੰ:522).

ਭਾਰਤੀ ਸਮਾਜ ਦੀ ਵਰਣ-ਵੰਡ ਅਨੁਸਾਰ ਚੋਥੇ [illegible] ਵਰਣ ਅਥਵਾ ਸ਼ੂਦਰ ਦਾ ਉਲੇਖ ਵੀ ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਹੋਇਆ ਮਿਲਦਾ ਹੈ।[44] ਬੇਸ਼ਕ ਬ੍ਰਾਹਮਣ, ਵੈਸ਼ ਨੂੰ ਵੀ ਨੀਚ ਜਾਤ ਮੰਨ ਕੇ ਵੇਦ-ਪਠਨ-ਪਾਠਣ ਦਾ ਅਧਿਕਾਰ ਨਹੀਂ ਸੀ ਦਿੰਦਾ, ਪਰੰਤੂ ਸ਼ੂਦਰ ਦੀ ਤਾਂ ਬਹੁਤ ਹੀ ਬੁਰੀ ਦਸ਼ਾ ਸੀ। ਗੁਰੂ ਜੀ ਨੇ ਬ੍ਰਾਹਮਣ ਦੀ ਇਸ ਜਾਤੀ ਵੰਡ ਵਿਰੁਧ ਜ਼ਬਰਦਸਤ ਆਵਾਜ਼ ਉਠਾਈ। ਗੁਰੂ ਜੀ ਅਨੁਸਾਰ ਕਲਿਆਨ ਉਸੇ ਦੀ ਹੋਵੇਗੀ ਜੋ ਨਾਮ ਜਪੇਗਾ, ਭਾਵੇਂ ਚਹੁੰ ਵਰਣਾਂ ਵਿਚੋਂ ਕੋਈ ਵੀ ਹੋਵੇ।[45] ਹਰੀ ਨੂੰ ਧਿਆਉਣ ਵਾਲਾ ਹੀ ਪ੍ਰਧਾਨ ਹੈ, ਗੁਰੂ ਜੀ ਤਾਂ ਨੀਚ ਜਾਤਾਂ ਨਾਲ ਸਬੰਧਤ ਉਨ੍ਹਾਂ ਭਗਤਾਂ ਤੇ ਸੇਵਕਾਂ ਦੇ ਚਰਨ ਧੋਣਾ ਲੋਚਦੇ ਹਨ ਜੋ ਭਗਵਾਨ ਨੂੰ ਹਿਰਦੇ ਵਿਚ ਵਸਾਉਂਦੇ ਹਨ।[46] ਸ਼ੂਦਰ ਤੋਂ ਵੀ ਨੀਵਾਂ ਚੰਡਾਲ ਹਰੀ ਦਾ ਸਿਮਰਨ ਕਰਕੇ ਤਰ ਜਾਂਦਾ ਹੈ।[47] ਕਥਿਤ ਨੀਚ ਜਾਤੀਆਂ ਦੇ ਲੋਕ ਹਰੀ ਦਾ ਜਾਪ ਕਰਕੇ ਉਤਮ ਪਦਵੀ ਪ੍ਰਾਪਤ ਕਰ ਸਕਦੇ ਹਨ, ਬਿਦਰ, ਰਵਿਦਾਸ, ਨਾਮਦੇਵ ਆਦਿ ਦੀਆਂ ਪ੍ਰਤੱਖ ਉਦਾਹਰਣਾਂ ਹਨ।[48] ਨੀਚ ਕਹਿ ਕੇ ਪੁਕਾਰੇ ਜਾਣ ਵਾਲੇ ਹਰੀ ਦਾ ਨਾਮ ਜਪ ਕੇ ਚਾਰ ਦਿਸ਼ਾਵਾਂ ਵਿਚ ਪ੍ਰਸਿੱਧ ਹੋ ਗਏ।[49] ਨਾਮ ਦੇਵ ਛੀਂਬਾ ਤੇ ਕਬੀਰ ਜੁਲਾਹਾ ਸੀ, ਪਰੰਤੂ ਉਨ੍ਹਾਂ ਨੇ ਬ੍ਰਹਮ ਨੂੰ ਪਛਾਣਿਆ,

---

43. ਬਲਵੰਤ ਕਹਿ ਉਚਰੂ ਭਗਤਿ, ਮੂਰਖ ਗਾਵਾਰਾ। (ਆਸਾ ਮ: 5, ਉਹੀ, ਪੰ: 461)

44. ੳ) 'ਸੂਦ, ਸਬਦੰ ਪ੍ਰਾਕਿਰਤਹ'........(ਸਲੋਕ ਸਹਸ ਕ੍ਰਿਤੀ ਮ: 1, ਉਹੀ, ਪੰ: 1353)
   ਅ) 'ਸੂਦ ਵੈਸ ਪਰ ਕ੍ਰਿਤ ਕਮਾਵੈ।' (ਗਉੜੀ ਗੁਆਰੇਰੀ ਮ: 4, ਉਹੀ, ਪੰ: 164)

45. 'ਬੀਜ ਮੰਤ੍ਰੁ ਸਰਬ ਕੋ ਗਿਆਨੁ। ਚਹੁ ਵਰਨਾ ਮਹਿ ਜਪੈ ਕੋਊ ਨਾਮੁ।
   ਜੋ ਜੋ ਜਪੈ ਤਿਸ ਕੀ ਗਤਿ ਹੋਇ। ਸਾਧ ਸੰਗਿ ਪਾਵੈ ਜਨੁ ਕੋਇ।'
   (ਗਉੜੀ ਸੁਖਮਨੀ ਮ: 5, ਅਸਟਪਦੀ 9, ਉਹੀ, ਪੰ: 274).

46. 'ਬ੍ਰਾਹਮਣ ਖਤ੍ਰੀ ਸੂਦ ਵੈਸ, ਚਾਰਿ ਵਰਨ ਚਾਰਿ ਆਸ੍ਰਮ ਹਹਿ, ਜੋ ਹਰਿ ਧਿਆਵੈ,
   ਸੋ ਪਰਧਾਨੁ। ....
   ਊਹ ਸਭ ਤੇ ਊਚਾ ਸਭ ਤੇ ਸੂਚਾ, ਜਾ ਕੈ ਹਿਰਦੈ ਵਸਿਆ ਭਗਵਾਨੁ।
   ਜਨ ਨਾਨਕੁ ਤਿਸ ਕੇ ਚਰਨ ਪਖਾਲੈ, ਜੋ ਹਰਿ ਜਨੁ ਨੀਚੁ ਜਾਇ ਸੇਵਕਾਣੁ।
   (ਗੋਂਡ ਮ: 4, ਉਹੀ, ਪੰ: 861)

47. 'ਖਤ੍ਰੀ ਬ੍ਰਾਹਮਣੁ ਸੂਦੁ ਵੈਸੁ, ਉਧਰੈ ਸਿਮਰਿ ਚੰਡਾਲ।
   ਜਿਨਿ ਜਾਨਿਓ ਪ੍ਰਭੁ ਆਪਨਾ, ਨਾਨਕ ਤਿਸਹਿ ਰਵਾਲ।
   (ਥਿਤੀ ਗਉੜੀ ਮ: 5, ਉਹੀ, ਪੰ: 300)

48. ਨੀਚ ਜਾਤਿ ਹਰ ਜਪਤਿਆ, ਉਤਮ ਪਦਵੀ ਪਾਇ।
   ਪੂਛਹੁ ਬਿਦਰ ਦਾਸੀ ਸੁਤੈ, ਕਿਸਨੁ ਉਤਰਿਆ ਘਰਿ ਜਿਸੁ ਜਾਇ।
   ....ਰਵਿਦਾਸੁ ਚਮਾਰੁ ਉਸਤਤਿ ਕਰੇ, ਹਰਿ ਕੀਰਤਿ ਨਿਮਖ ਇਕ ਗਾਇ।
   ਪਤਿਤ ਜਾਤਿ ਉਤਮੁ ਭਇਆ, ਚਾਰਿ ਵਰਨ ਪਏ ਪਗਿ ਆਇ।
   ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ, ਲੋਕੁ ਛੀਪਾ ਕਹੈ ਬੁਲਾਇ।
   ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ, ਹਰਿ ਨਾਮ ਦੇਉ ਲੀਆ ਮੁਖਿ ਲਾਇ।
   (ਸੂਹੀ ਮ: 4, ਉਹੀ, ਪੰ: 733)

49. ਜਿਸੁ ਨੀਚ ਕਉ ਕੋਈ ਨਾ ਜਾਨੈ। ਨਾਮੁ ਜਪਤ ਉਹੁ ਚਹੁ ਕੁੰਟ ਮਾਨੈ।......
   ਜਾ ਕੈ ਨਿਕਟਿ ਨ ਆਵੈ ਕੋਈ। ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ।
   (ਆਸਾ ਮ: 5, ਉਹੀ, ਪੰ: 386)

ਹਉਮੈ ਖਤਮ ਕਰਕੇ ਪੂਰੇ ਗੁਰੂ ਦੁਆਰਾ ਮੁਕਤੀ ਪ੍ਰਾਪਤੀ ਕੀਤੀ।[50] ਵਡੇ ਵਡੇ ਦੁਨੀਆਂਦਾਰਾਂ ਨੂੰ ਗੁਰੂ ਜੀ ਨੇ ਗਵਾਰ ਦੀ ਸੰਗਿਆ ਦੇ ਕੇ ਕਿਹਾ ਕਿ ਹਰੀ ਦਾ ਦਾਸ ਭਾਵੇਂ ਨੀਚ ਕੁਲ ਦਾ ਹੋਵੇ ਉਸ ਦੀ ਸੰਗਤ ਨਾਲ ਛਿਨ ਵਿਚ ਉਧਾਰ ਹੋ ਜਾਂਦਾ ਹੈ।[51]

ਮੱਧ ਕਾਲ ਤਕ ਪਹੁੰਚਦਿਆਂ ਵਰਨ-ਵਿਵਸਥਾ ਆਪਣੇ ਕੱਟੜਪਨ ਵਿਚ ਸਿਖਰ ਤੇ ਸੀ। ਸੂਦਰਾਂ ਨੂੰ ਅਛੂਤ ਕਹਿ ਕੇ ਅਪਮਾਨਿਤ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਬਾਕੀ ਵਰਨਾਂ ਦੇ ਲੋਕਾਂ ਤੋਂ ਵਖਰੇ ਦੂਰ ਨਿਵਾਸ ਕਰਨਾ ਪੈਂਦਾ ਸੀ। ਸਵਰਨ ਜਾਤੀਆਂ ਦੇ ਲੋਕ ਉਨ੍ਹਾਂ ਨੂੰ ਆਪਣੇ ਖੂਹਾਂ ਤੇ ਸਰਵੋਰਾਂ ਤੋਂ ਪਾਣੀ ਨਹੀ ਸਨ ਭਰਨ ਦਿੰਦੇ। ਉਨ੍ਹਾਂ ਦੇ ਪਰਛਾਵੇ ਨਾਲ ਹੀ ਬਾਕੀ ਵਰਨਾਂ ਦੇ ਲੋਕ ਵਿਸ਼ੇਸ਼ ਤੌਰ ਤੇ ਬ੍ਰਾਹਮਣ ਅਪਵਿੱਤਰ ਹੋ ਜਾਂਦੇ ਸਨ। ਭਿੱਟ ਉਤਾਰਨ ਲਈ ਉਹ ਇਸ਼ਨਾਨ ਕਰਦੇ, ਕਪੜੇ ਬਦਲਦੇ, ਗੰਗਾ ਜਲ ਪੀਂਦੇ ਤੇ ਜਪ ਕਰਦੇ ਸਨ, ਪਰੰਤੂ ਇਹ ਸਭ ਕੁਝ ਵਹਿਮ ਤੇ ਪਾਖੰਡ ਸੀ। ਹਿੰਦੂ ਨੇਤਾਵਾਂ ਨੇ ਆਤਮਕ-ਤੱਥਾਂ ਨੂੰ ਨਜ਼ਰ-ਅੰਦਾਜ਼ ਕਰਕੇ ਵਹਿਮ ਭਰਮ ਅਤੇ ਪਦਾਰਥਵਾਦ ਵਿਚ ਡੁੱਬੇ ਲੋਕਾਂ ਨੂੰ ਬਾਹਰ ਨਹੀਂ ਕੱਢਿਆ। ਧਰਮ, ਜਾਤ-ਪਾਤ ਅਤੇ ਖਾਣ-ਪੀਣ ਦੇ ਨਿਸ਼ੇਧ ਕਰਮਾਂ ਤਕ ਹੀ ਸੀਮਿਤ ਹੋ ਕੇ ਰਹਿ ਗਿਆ ਸੀ।[52] ਇਸ ਜਾਤ ਪਾਤ ਦੇ ਫਲਸਰੂਪ ਛੂਤ ਛਾਤ ਫੈਲੀ, ਬ੍ਰਾਹਮਣਾਂ ਨੂੰ ਅਭਿਮਾਨ ਹੋ ਗਿਆ ਅਤੇ ਸੂਦਰਾਂ ਨੇ ਸਵਰਨ ਜਾਤੀਆਂ ਹੱਥੋਂ ਦੁਖ ਉਠਾਏ।[54] ਇਸ ਸਮੇਂ ਧਰਮ ਤੇ ਮਾਨਵਤਾ ਦੀ ਭਾਵਨਾ ਨੂੰ ਜਾਗ੍ਰਿਤ ਕਰਨ ਲਈ ਗੁਰੂ ਨਾਨਕ ਨੇ ਇਕ ਅਜਿਹੀ ਸਵੈਮਾਣੀ ਕੌਮ ਦਾ ਨਿਰਮਾਣ ਕੀਤਾ ਜਿਸ ਦੇ ਲੋਕ ਪ੍ਰਭੂ ਅਤੇ ਨੇਤਾਵਾਂ ਪ੍ਰਤੀ ਵਫਾਦਾਰ ਸਨ ਅਤੇ ਸਮਾਨਤਾ ਤੇ ਵਿਸ਼ਵ-ਭ੍ਰਾਤਰੀਤਵ ਦੀ ਭਾਵਨਾ ਨਾਲ ਭਰਪੂਰ ਸਨ।[54]

---

50. ਨਾਮਾ ਛੀਬਾ ਕਬੀਰੁ ਜੋਲਾਹਾ, ਪੂਰੇ ਗੁਰ ਤੇ ਗਤਿ ਪਾਈ।
ਬ੍ਰਹਮ ਕੇ ਬੇਤੇ, ਸਬਦੁ ਪਛਾਣਹਿ, ਹਉਮੈ ਜਾਤਿ ਗਵਾਈ।
(ਸਿਰੀ ਰਾਗ ਅਸਟਪਦੀਆਂ ਮ:3, ਉਹੀ, ਪੰ: 67)

51. ਵਡੇ ਵਡੇ ਜੋ ਦੁਨੀਆਦਾਰ। ਕਾਹੂ ਕਾਜਿ ਨਾਹੀ ਗਾਵਾਰ।
ਹਰਿ ਕਾ ਦਾਸੁ ਨੀਚ ਕੁਲੁ ਸੁਣਹਿ। ਤਿਸ ਕੈ ਸੰਗਿ ਖਿਨ ਮਹਿ ਉਧਰਹਿ।' (ਗਉੜੀ ਮ:5, ਉਹੀ, ਪੰ: 238)

52. 'The Hindu leaders neglected to teach the spiritual realities to the people at large who were sunk in superstition and materiali Religion became confused with castex distinctions and taboos abou eating and drinking.
--The Sacred writings of the Sikhs(Intro),P.18,Dr.Radha Krishnan.

53. This caste system led to untouchability made Brahman proud and Sudras to suffer humiliation at the hands of higher castes. The saint poets of Adi Granth who preached equality of men,stron opposed this division of society.
---- A critical study of Adi Granth. P.265,Dr. S.S.Kohli.

54. 'At a time when men were conscious of failure, Nanak appeared to renovate the spirit of religion and humanity ....Nanak tried to build a nation of self respecting men and

(contd.......)

ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰ ਅਧਿਕਾਰੀ ਗੁਰੂ-ਵਿਅੱਕਤੀਆਂ ਨੇ ਲੋਕਾਂ ਨੂੰ ਜਗਾ ਦਿਆ। ਸਮਾਜ ਦੇ ਕਮਜ਼ੋਰ ਵਰਗ ਦੇ ਹੱਕ ਵਿਚ ਆਵਾਜ਼ ਉਠਾਈ ਤੇ ਪਾਖੰਡੀ ਧਾਰਮਿਕ ਆਗੂਆਂ ਵਿਰੁਧ ਜਹਾਦ ਕੀਤਾ। ਉਨ੍ਹਾਂ ਅਨੁਸਾਰ ਛੇ ਸ਼ਾਸਤਰ ਦੇ ਗਿਆਤਾ, ਜੋਗ-ਵਿਧੀ ਨਾਲ ਪ੍ਰਾਣਾਂ ਨੂੰ ਅੰਦਰ ਲੈ ਜਾਣ ਵਾਲਾ, ਪ੍ਰਾਣਾਂ ਨੂੰ ਠਹਿਰਾਉਣ ਵਾਲਾ ਅਤੇ ਪ੍ਰਾਣ ਅੰਦਰੋਂ ਬਾਹਰ ਨੂੰ ਕਢਨ ਵਾਲਾ, ਤੀਰਥ ਇਸ਼ਨਾਨੀ, ਚੰਦ੍ਰਮਾ ਦੀ ਚਾਨਣੀ ਵਿਚ ਹੀ ਭੋਜਨ ਕਰਨ ਵਾਲਾ ਉਦਿਆਨੀ ਭਾਵ ਬਾਨਪ੍ਰਸਥੀ ਹਰੀ ਦੇ ਨਾਮ ਵਿਚ ਨਹੀਂ ਰੰਗਿਆ ਹੋਇਆ ਤਾਂ ਉਸ ਨਾਲੋਂ ਚੰਡਾਲ ਉੱਤਮ ਹੈ ਜੋ ਆਪਣੇ ਹਿਰਦੇ ਵਿਚ ਹਰੀ ਦਾ ਵਾਸ ਮਹਿਸੂਸ ਕਰਦਾ ਹੈ।[55] ਭਗਤੀ ਕਰਨ ਵਾਲਾ ਹਰ ਇਕ ਵਿਅਕਤੀ ਉੱਚਾ ਹੈ ਤੇ ਹਰੀ-ਨਾਮ ਤੋਂ ਬਿਨਾ ਨੀਵੀਂ ਜਾਤ ਵਾਲਾ ਹੈ ਤੇ ਵਿਸ਼ਟਾ ਦਾ ਕੀੜਾ ਹੋ ਨਿਬੜਦਾ ਹੈ।[56] ਬ੍ਰਾਹਮਣੀ ਕਰਮਕਾਂਡ ਅਨੁਸਾਰ ਭੋਜਨ ਪਕਾਉਣ ਲਈ ਚਉਕੇ ਨੂੰ ਗਊ ਦੇ ਗੋਬਰ ਨਾਲ ਲੇਪਨ ਦੇ ਕੇ, ਉਸ ਦੇ ਚਾਰੇ ਪਾਸੇ ਲਕੀਰ ਕਢ ਦਿੰਦੇ ਸਨ ਤੇ ਕੋਈ ਨੀਚ ਜਾਤੀ ਵਾਲਾ ਉਸ ਲਕੀਰ ਨੂੰ ਪਾਰ ਨਹੀਂ ਸੀ ਕਰ ਸਕਦਾ। ਗੁਰੂ ਜੀ ਇਸ ਤੇ ਵਿਅੰਗ ਕਸਦੇ ਹੋਏ ਕਹਿੰਦੇ ਹਨ ਕਿ ਮੁਸਲਮਾਨੀ ਢੰਗ ਨਾਲ ਬਣਾਇਆ ਹੋਇਆ ਮਾਸ (ਕੁੱਠਾ) ਉਹ ਖਾ ਲੈਂਦੇ ਹਨ ਜਿਸ ਤੇ ਅਰਬੀ ਭਾਸ਼ਾ (ਅਭਾਖਿਆ) ਦਾ ਕਲਮਾ ਪੜ੍ਹਿਆ ਜਾਂਦਾ ਹੈ, ਪਰੰਤੂ ਕਿਸੇ ਨੀਚ ਜਾਤੀਏ ਨੂੰ ਚੌਕੇ ਉਪਰ ਜਾਣ ਤੋਂ ਰੋਕਦੇ ਹਨ, ਕਿਸੇ ਦੇ ਛੋਹਿਆਂ ਉਨ੍ਹਾਂ ਦਾ ਅੰਨ ਭਿੱਟ ਜਾਂਦਾ ਹੈ, ਪਰੰਤੂ ਆਪ ਉਹ ਕੂੜਿਆਰ ਹਨ।[57] ਗੁਰੂ ਜੀ ਨੇ ਇਸ ਭੇਖ ਰੂਪੀ ਅਪਵਿੱਤਰਤਾ ਦੀ ਬਜਾਇ ਦਿਲ ਦੀ ਪਵਿਤ੍ਰਤਾ ਤੇ ਜ਼ੋਰ ਦਿਤਾ ਹੈ। ਗੁਰੂ ਜੀ ਨੇ ਸੁੱਚਮ ਰਖਣ ਵਾਲੇ ਚੌਕੇ ਦੁਆਲੇ ਲਕੀਰਾਂ ਪਾ ਕੇ ਭੇਖ ਕਰਨ ਵਾਲੇ ਪੰਡਤ ਨੂੰ ਕਿਹਾ ਹੈ ਕਿ ਖੋਟੀ ਮਤ ਡੂਮਣੀ ਦੇ ਰੂਪ ਵਿਚ, ਬੇਤਰਸੀ ਕਸਾਇਣ, ਪਰਾਈ ਨਿੰਦਾ ਚੂਹੜੀ ਤੇ ਕ੍ਰੋਧ ਰੂਪੀ ਚੰਡਾਲਣੀ ਨੇ ਉਸ ਨੂੰ ਠੱਗ ਲਿਆ ਹੈ; ਚੌਕੇ ਦੀਆਂ ਲਕੀਰਾਂ ਕੀ ਕਰਨਗੀਆਂ ਜੇ ਇਹ ਚਾਰ ਜਣੀਆਂ ਨੇ ਉਸ ਦੇ ਅੰਦਰ ਡੇਰਾ ਲਾਇਆ ਹੋਇਆ ਹੈ। ਗੁਰੂ ਜੀ ਇਸ ਪ੍ਰਕਾਰ ਦੇ ਭੇਖੀ ਪੰਡਤ ਨੂੰ ਸਚ ਤੇ ਸੰਜਮ ਰੂਪੀ ਲਕੀਰਾਂ ਤੇ ਨਾਮ ਰੂਪੀ ਇਸ਼ਨਾਨ ਕਰਨ ਲਈ ਕਹਿੰਦੇ ਹਨ ਤੇ ਨਾਲ ਚੇਤਾਵਨੀ ਵੀ ਦੇਂਦੇ ਹਨ ਕਿ ਅਗੇ ਜਾ ਕੇ ਸੇਈ ਉਹ ਗਿਣੇ ਜਾਣਗੇ, ਜੋ ਇਥੇ ਕਿਸੇ ਨੂੰ ਪਾਪਾਂ ਭਰੀ ਸਿਖਿਆ ਨਹੀਂ ਦਿੰਦੇ।[58]

---

women devoted to God andtheir leaders filled with a sense of equality and brotherhood for all.--
--The Sacred writings of the Sikhs,(Intro),P-18,Dr.Radha Krishnan

55. ਙੰਙਾ ਖਟ ਸਾਸਤ੍ਰ ਹੋਇ ਗਿਆਤਾ। ਪੂਰਕ ਕੁੰਭਕ ਰੇਚਕ ਕਰਮਾਤਾ।
ਗਿਆਨ ਧਿਆਨ ਤੀਰਥ ਇਸਨਾਨੀ। ਸੋਮ ਪਾਕ ਅਪਰਸ ਉਦਿਆਨੀ।
ਰਾਮ ਨਾਮ ਸੰਗਿ ਮਨ ਨਹੀ ਹੇਤਾ, ਜੋ ਕਛੁ ਕੀਨੋ ਸੋਊ ਅਨੇਤਾ।
ਉਆ ਤੇ ਊਤਮ ਗਨਉ ਚੰਡਾਲਾ, ਨਾਨਕ ਜਿਹ ਮਨਿ ਬਸਹਿ ਗੁਪਾਲਾ।'
(ਗਉੜੀ ਬਾਵਨ ਅਖਰੀ ਮ:5, ਸ਼ਬਦਾਰਥ, ਪੰ:253)

56. 'ਭਗਤਿ ਰਤੇ ਸੇ ਊਤਮਾ, ਜਤਿ ਪਤਿ ਸਬਦੇ ਹੋਇ।
ਬਿਨੁ ਨਾਵੈ ਸਭ ਨੀਚ ਜਾਤਿ ਹੈ, ਬਿਸਟਾ ਕਾ ਕੀੜਾ ਹੋਇ।' (ਆਸਾ ਮ:3, ਉਹੀ, ਪੰ:426)

57. 'ਅਭਾਖਿਆ ਕਾ ਕੁਠਾ ਬਕਰਾ ਖਾਣਾ। ਚਉਕੇ ਉਪਰਿ ਕਿਸੈ ਨ ਜਾਣਾ।
ਦੇ ਕੈ ਚਉਕਾ ਕਢੀ ਕਾਰ। ਉਪਰਿ ਆਇ ਬੈਠੇ ਕੂੜਿਆਰ।
ਮਤ ਭਿਟੈ ਵੇ ਮਤੁ ਭਿਟੈ। ਇਹੁ ਅੰਨੁ ਅਸਾਡਾ ਫਿਟੈ।

(ਬਾਕੀ ਅਗਲੇ ਪੰਨੇ ਤੇ......)

ਗੁਰੂ ਸਾਹਿਬਾਨ ਨੇ ਸਭ ਵਰਣਾਂ ਨੂੰ ਸਮਾਨਤਾ ਦਿੱਤੀ। ਉਨ੍ਹਾਂ ਨੇ ਗੁਰਮਤਿ ਦਾ ਉਪਦੇਸ਼ ਇਕ ਵਰਣ ਤਕ ਸੀਮਿਤ ਰਖਣ ਦੀ ਬਜਾਇ ਸਭ ਵਰਣਾਂ ਨੂੰ ਸਾਂਝਾ ਉਪਦੇਸ਼ ਦਿੱਤਾ।[59] ਉਨ੍ਹਾਂ ਨੇ ਸਭ ਮਨੁਖਾਂ ਨੂੰ ਇਕੋ ਪਿਤਾ (ਵਾਹਿਗੁਰੂ) ਦੀ ਸੰਤਾਨ ਕਹਿ ਕੇ ਨਿਵਾਜਿਆ।[60] ਉਨ੍ਹਾਂ ਅਨੁਸਾਰ ਸਭ ਵਿਚ ਉਸ ਦੀ ਜੋਤ ਰਮੀ ਹੋਣ ਕਰਕੇ ਅਤੇ ਸਿਧਾਂਤਕ ਤੌਰ ਤੇ ਸਾਂਝੀਵਾਲ ਹੋਣ ਕਰਕੇ ਸਾਨੂੰ ਊਚ ਨੀਚ ਤੇ ਜਾਤ ਪਾਤ ਦੇ ਵਿਤਕਰਿਆਂ ਵਿਚ ਨਹੀਂ ਪੈਣਾ ਚਾਹੀਦਾ।[61]

ਸਾਡੇ ਦੇਸ਼ ਵਿਚ ਇਕ ਜਾਤ ਦੇ ਲੋਕ ਦੂਜੀ ਜਾਤ ਵਾਲਿਆਂ ਨੂੰ ਚੰਗਾ ਨਹੀਂ ਸਨ ਸਮਝਦੇ।[62] ਪਰੰਤੂ ਗੁਰੂ ਜੀ ਨੇ ਜਾਤ ਪਾਤ ਦਾ ਖੰਡਨ ਕਰਦਿਆਂ 'ਫਕੜ' ਸ਼ਬਦ ਦੀ ਵਰਤੋਂ ਕੀਤੀ।[63] ਉਨ੍ਹਾਂ ਅਨੁਸਾਰ ਹਰੀ ਦੇ ਦਰਬਾਰ ਵਿਚ ਜਾਤ ਪਾਤ ਦੀ ਬਜਾਇ ਕਰਮਾਂ ਅਨੁਸਾਰ ਹਿਸਾਬ ਕਿਤਾਬ ਕੀਤਾ ਜਾਂਦਾ ਹੈ।[64] ਕੇਵਲ ਸਚ ਨਾਲ ਹੀ ਛੁਟਕਾਰਾ ਮਿਲੇਗਾ।[65] ਰਬ ਦੀ ਦਰਗਾਹ ਵਿਚ ਤਾਂ ਜਾਤ ਦਾ ਜੋਰ ਨਹੀਂ ਚਲਦਾ।[66] ਇਸ ਲਈ ਉੱਚੀ ਜਾਤ ਵੇਖ ਕੇ ਕਿਸੇ ਦੇ ਭਰਮ ਵਿਚ ਨਹੀਂ ਪੈਣਾ ਚਾਹੀਦਾ।[67] ਪ੍ਰਭੂ ਦੀ ਕਿਰਪਾ ਹੋਣ ਤੇ

ਤਨਿ ਛਿਟੈ ਫੇਰ ਕਰੇਨਿ। ਮਨਿ ਜੂਠੈ ਚੂਲੀ ਭਰੇਨਿ।
ਕਹੁ ਨਾਨਕ ਸਚੁ ਧਿਆਈਐ। ਸੁਚਿ ਹੋਵੈ ਤਾ ਸਚੁ ਪਾਈਐ।'
(ਵਾਰ ਆਸਾ ਮ:1, ਪਉੜੀ 16 ਨਾਲ ਸਲੋਕ, ਗੁ.ਗ੍ਰੰ., ਪੰ: 472)

58. 'ਕੁਬੁਧਿ ਡੂਮਣੀ, ਕੁਦਇਆ ਕਸਾਇਣਿ, ਪਰ ਨਿੰਦਾ ਘਟ ਚੂਹੜੀ, ਮੁਠੀ ਕ੍ਰੋਧਿ ਚੰਡਾਲਿ।
ਕਾਰੀ ਕਢੀ ਕਿਆ ਥੀਐ, ਜਾਂ ਚਾਰੇ ਬੈਠੀਆ ਨਾਲਿ।
ਸਚੁ ਸੰਜਮੁ ਕਰਣੀ ਕਾਰਾਂ, ਨਾਵਣੁ ਨਾਉ ਜਪੇਹੀ।
ਨਾਨਕ ਅਗੈ ਊਤਮ ਸੇਈ, ਜਿ ਪਾਪਾਂ ਪੰਦਿ ਨ ਦੇਹੀ।
(ਮ:1, ਵਾਰ ਸਿਰੀ ਰਾਗ ਮ:4, ਪਉੜੀ 20 ਨਾਲ ਸਲੋਕ, ਗੁ.ਗ੍ਰੰ., ਪੰ: 91)

59. ਖਤ੍ਰੀ ਬ੍ਰਾਹਮਣ ਸੂਦ ਵੈਸ, ਉਪਦੇਸੁ ਚਹੁ ਵਰਨਾ ਕਉ ਸਾਝਾ। (ਸੂਹੀ ਮ:5, ਗੁ.ਗ੍ਰੰ., ਪੰ: 747)

60. ਏਕੁ ਪਿਤਾ ਏਕਸ ਕੇ ਹਮ ਬਾਰਿਕ......। (ਸੋਰਠਿ ਮ: 5, ਗੁ.ਗ੍ਰੰ., ਪੰ: 611)

61. ੳ) ਤੂੰ ਸਾਝਾ ਸਾਹਿਬੁ ਬਾਪੁ ਹਮਾਰਾ......
ਸਭੇ ਸਾਝੀਵਾਲ ਸਦਾਇਨਿ, ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।
(ਮਾਝ ਮ:5, ਗੁ.ਗ੍ਰੰ., ਪੰ: 97)
ਅ) ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ.........।
(ਵਾਰ ਆਸਾ ਮ:1, ਪਉੜੀ 12 ਨਾਲ ਸਲੋਕ, ਗੁ.ਗ੍ਰੰ., ਪੰ: 469)

62. ਵਰਨਾ ਵਰਨ ਨ ਭਾਵਨੀ, ਜੇ ਕਿਸੈ ਵਡਾ ਕਰੇਇ। (ਸਿਰੀ ਰਾਗ ਮ:1, ਗੁ.ਗ੍ਰੰ., ਪੰ: 53)

63. ਫਕੜ ਜਾਤੀ, ਫਕੜੁ ਨਾਉ। ਸਭਨਾ ਜੀਆ ਇਕਾ ਛਾਉ।
(ਸਲੋਕ ਮ:1, ਸਿਰੀ ਰਾਗ ਕੀ ਵਾਰ ਮ:4, ਪਉੜੀ ਦਾ ਸਲੋਕ, ਗੁ.ਗ੍ਰੰ., ਪੰ: 83)

64. ਜਾਤਿ ਜਨਮੁ ਨਹ ਪੂਛੀਐ, ਸਚ ਘਰੁ ਲੇਹੁ ਬਤਾਇ।
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ। (ਪ੍ਰਭਾਤੀ ਮ:1, ਗੁ.ਗ੍ਰੰ., ਪੰ: 1330)

65. ਦੇਹੀ ਜਾਤਿ ਨ ਆਗੈ ਜਾਇ।
ਜਿਥੈ ਲੇਖਾ ਮੰਗੀਐ, ਤਿਥੈ ਛੁਟੈ ਸਚੁ ਕਮਾਇ। (ਪ੍ਰਭਾਤੀ ਮ: 1, ਗੁ.ਗ੍ਰੰ., ਪੰ: 1330)

66. ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ।
ਜਿਨ ਕੀ ਲੇਖੈ ਪਤਿ ਪਵੈ, ਚੰਗੇ ਸੇਈ ਕੇਇ।
(ਵਾਰ ਆਸਾ ਮ:1, ਪਉੜੀ 11 ਦਾ ਸਲੋਕ, ਗੁ.ਗ੍ਰੰ., ਪੰ: 469)

ਜਾਤ ਪਾਤ ਕੋਈ ਨਹੀਂ ਪੁੱਛਦਾ। ਸਾਧ ਸੰਗ ਵਿਚ ਵਿਚਰਦਿਆਂ ਪ੍ਰਭੂ ਦੀ ਸਿਫਤ-ਸਾਲਾਹ ਮਨੁੱਖ ਦੇ ਜੀਵਨ ਦਾ ਆਧਾਰ ਬਣ ਜਾਂਦੀ ਹੈ ਅਤੇ ਨੀਚ ਜਾਤੀਆਂ ਦੇ ਲੋਕਾਂ ਦਾ ਵੀ ਉਧਾਰ ਹੋ ਜਾਂਦਾ ਹੈ।[68]

ਇਸ ਗਲ ਦਾ ਗਿਆਨ ਹੁੰਦਿਆਂ ਹੋਇਆਂ ਵੀ ਕਿ ਅਜਿਹੇ ਲੋਕ ਇਸ ਸੰਸਾਰ ਵਿਚ ਵਿਰਲੇ ਹਨ ਜੋ ਜਾਤ ਪਾਤ ਅਤੇ ਵਰਣ-ਆਸ਼ਰਮ ਤੋਂ ਉਤਾਂਹ ਉਠ ਸਕੇ ਹਨ, ਗੁਰੂ ਨਾਨਕ ਨੇ ਜਾਤ-ਪਾਤ ਸੰਬੰਧੀ ਭੈੜੇ ਵਿਚਾਰਾਂ ਨੂੰ ਦੂਰ ਕਰਨ ਲਈ ਪੁਰਜ਼ੋਰ ਯਤਨ ਕੀਤੇ।[69] ਗੁਰੂ ਜੀ ਨੇ ਆਪਣੇ ਆਪ ਨੂੰ ਨੀਚਾਂ ਦਾ ਸਾਥੀ ਆਖਿਆ[70] ਅਤੇ ਹਰੀ ਦੇ ਸਭ ਮਨੁੱਖਾਂ ਵਿਚ ਰਮੇ ਹੋਣ ਕਰਕੇ ਸਰਬ ਸਾਂਝੀਵਾਲਤਾ ਦਾ ਸਿਧਾਂਤ ਪ੍ਰਸਤੁਤ ਕੀਤਾ।[71]

ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਭਾਰਤੀ ਸਮਾਜ ਵਿਚ ਮਨੁੱਖੀ ਵਿਤਕਰਿਆਂ ਵਿਰੁੱਧ ਮਿਟਾਉਣ ਦੇ ਅਣਥੱਕ ਯਤਨ ਕੀਤੇ। ਸੰਗਤ (ਮੰਦਿਰ), ਪੰਗਤ (ਲੰਗਰ), ਸਰੋਵਰ ਤੇ ਖੂਹ ਸਭ ਲਈ ਸਾਂਝੇ ਕਰਕੇ ਜਾਤ ਪਾਤ ਤੇ ਛੂਤਛਾਤ ਦਾ ਖਾਤਮਾ ਕਰਨ ਲਈ ਅਮਲੀ ਕਦਮ ਚੁਕਾਏ। ਗੁਰੂ ਤੇਗ ਬਹਾਦਰ ਜੀ ਤੋਂ ਬਾਦ ਨੌਂ ਗੁਰੂਆਂ ਦੀ ਸਮਾਜਕ ਵਿਚਾਰਧਾਰਾ ਦੇ ਫਲ ਸਰੂਪ ਸਿਖ ਧਰਮ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਇਨਕਲਾਬੀ ਰੂਪ ਧਾਰਣ ਕੀਤਾ। ਰਾਸ਼ਟਰੀ ਏਕਤਾ ਲਿਆਉਣ ਲਈ ਜਾਤ ਪਾਤ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਪ੍ਰਤੀ ਸਭ ਵਰਣਾਂ ਦੇ ਲੋਕਾਂ ਨੂੰ ਇਕ ਬਾਟੇ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖਾਲਸੇ ਦੀ ਸਾਜਨਾ ਕੀਤੀ ਗਈ।

<u>ਆਸ਼ਰਮ ਵਿਵਸਥਾ</u>:- ਹਿੰਦੂ ਸਮਾਜ ਵਿਚ ਵਰਣ ਸੰਸਥਾ ਦੀ ਤਰ੍ਹਾਂ ਹੀ ਆਸ਼ਰਮ-ਸੰਸਥਾ ਵੀ ਹਿੰਦੂ ਸਮਾਜਕ ਸੰਗਠਨ ਦਾ ਇਕ ਮੂਲ ਆਧਾਰ ਰਹੀ ਹੈ। ਹਿੰਦੂਆਂ ਦੁਆਰਾ ਸੋਚੀ ਅਤੇ ਨਿਯੋਜਤ ਕੀਤੀ ਗਈ ਆਸ਼ਰਮ ਵਿਵਸਥਾ ਸੰਸਾਰ ਦੇ ਸਮਾਜਕ ਵਿਚਾਰਾਂ ਦੇ ਸੰਪੂਰਨ ਇਤਿਹਾਸ ਵਿਚ ਇਕ ਅਦੁੱਤੀ ਦੇਣ ਹੈ।[72] ਵੈਦਿਕ ਕਾਲੀਨ ਸਮਾਜ ਵਿਚ ਮਨੁੱਖ ਦੀ ਆਯੂ ਸਾਧਾਰਣ ਤੌਰ ਤੇ ਇਕ ਸੌ ਸਾਲ ਸੀ। ਇਸ ਆਯੂ ਨੂੰ ਚਾਰ ਹਿੱਸਿਆਂ (ਆਸ਼ਰਮਾਂ) ਵਿਚ ਵੰਡਿਆ ਗਿਆ ——1. ਬ੍ਰਹਮਚਰਜ ਆਸ਼ਰਮ, 2. ਗ੍ਰਿਹਸਥ ਆਸ਼ਰਮ, 3. ਬਾਨ ਪ੍ਰਸਥ ਆਸ਼ਰਮ ਅਤੇ 4. ਸੰਨਿਆਸ ਆਸ਼ਰਮ।

ਮਨੁੱਖੀ ਜੀਵਨ ਦੇ ਚਾਰ ਪੁਰਸ਼ਾਰਥ ਧਰਮ, ਅਰਥ, ਕਾਮ ਤੇ ਮੋਖ ਦੀ ਪ੍ਰਾਪਤੀ——ਮੰਨੇ ਗਏ।

---

67. ਜਾਤਨ ਜਾਤਿ ਦੇਖਿ ਜਤ ਕਰਮਹੁ......।' (ਕਾਨੜਾ ਮ:4, ਉਹੀ, ਪੰ:1309)
68. ਬਰਨ ਜਾਤਿ ਕੋਊ ਪੂਛੈ ਨਾਹੀ, ਬਾਛਹਿ ਚਰਨ ਰਵਾਰੋ।.....
ਸਾਧ ਸੰਗਿ ਨਾਨਕ ਬੁਧਿ ਪਾਈ, ਹਰਿ ਕੀਰਤਨੁ ਆਧਾਰੋ।
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ, ਮੁਕਤਿ ਭਇਓ ਚੰਮਿਆਰੋ। (ਗੂਜਰੀ ਮ:5, ਉਹੀ, ਪੰ:498)
69. ਗੁਰੂ ਨਾਨਕ ਤੇ ਭਗਤੀ ਅੰਦੋਲਨ, ਪੰ: 80, ਡਾ: ਮਨਮੋਹਨ ਸਿੰਘ।
70. ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ। (ਸਿਰੀ ਰਾਗ ਮ:1, ਸ਼ਬਦਾਰਥ, ਪੰ:15)
71. ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ।
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ, ਪੇਖਿ ਪੇਖਿ ਨਾਨਕ ਬਿਗਸਾਈ।
(ਕਾਨੜਾ ਮ:5, ਉਹੀ, ਪੰ: 1299)

(ਬਾਕੀ ਅਗਲੇ ਪੰਨੇ ਤੇ)

ਆਸ਼੍ਰਮ ਵਿਵਸਥਾ ਜੀਵਨ ਦੇ ਇਨ੍ਹਾਂ ਚਾਰ ਪੁਰਸ਼ਾਰਥਾਂ ਦੀ ਸਿੱਧੀ ਦਾ ਵਾਸਤਵਿਕ ਅਭਿਵਿਅਕਤੀ ਹੈ।[73] ਪੀ.ਐਨ. ਪ੍ਰਭੂ ਅਨੁਸਾਰ ਆਸ਼੍ਰਮ ਜੀਵਨ ਦੇ ਅੰਤਮ ਲਖਸ਼ — ਮੋਖ ਪ੍ਰਾਪਤੀ —- ਲਈ ਮਾਨ ਦੁਆਰਾ ਕੀਤੀ ਜਾਣ ਵਾਲੀ ਯਾਤਰਾ ਦੇ ਮਾਰਗ ਵਿਚ ਵਿਸ਼ਰਾਮ ਪੜਾਅ ਹਨ।[74]

ਬ੍ਰਹਮਚਰਜ ਆਸ਼੍ਰਮ ਵਿਚ ਗੁਰੂ ਦੀ ਆਗਿਆ ਅਨੁਸਾਰ ਅਨੁਸ਼ਾਸਨ ਤੇ ਮਰਯਾਦਾ ਨਾਲ ਵੇਦਾਂ ਦਾ ਅਧਿਐਨ ਕਰਨਾ ਬ੍ਰਹਮਚਾਰੀ ਦਾ ਮੁੱਖ ਕਰਤੱਵ ਮੰਨਿਆ ਗਿਆ।[75] ਧਰਮ ਸਿੱਖਿਆ ਦੀ ਪ੍ਰਾਪਤੀ ਅਤੇ ਸਵੈਕਾਬੂ ਰਾਹ ਧਰਮ-ਪੁਰਸ਼ਾਰਥ ਦੀ ਸਿੱਧੀ ਇਸ ਆਸ਼੍ਰਮ ਦਾ ਮੁੱਖ ਉਦੇਸ਼ ਸੀ। ਬ੍ਰਹਮਚਾਰੀ ਲਈ ਕਾਮਨਾਵਾਂ ਨੂੰ ਉਤੇਜਤ ਕਰਨ ਵਾਲਾ ਭੋਜਨ-ਮਾਸ, ਸ਼ਰਾਬ, ਸ਼ਹਿਦ ਆਦਿ ਵਿਵਰਜਤ ਕੀਤਾ ਗਿਆ। ਉਸ ਦੇ ਜੀਵਨ ਨੂੰ ਨਿਯਮ-ਬੱਧ ਕਰਕੇ ਉਸ ਦੀਆਂ ਪ੍ਰਬਲ ਬਿਰਤੀਆਂ ਨੂੰ ਅਨੁਸ਼ਾਸਿਤ ਕੀਤਾ ਗਿਆ।[76]

ਬ੍ਰਹਮਚਰਜ ਪੂਰਾ ਹੋਣ ਤੇ ਵਿਦਿਆਰਥੀ ਗ੍ਰਿਹਸਥ-ਪ੍ਰਵੇਸ਼ ਦਾ ਅਧਿਕਾਰੀ ਹੁੰਦਾ ਸੀ। ਗ੍ਰਿਹਸਥ-ਆਸ਼੍ਰਮ ਦੀ ਬਹੁਤ ਮਹਾਨਤਾ ਹੈ, ਕਿਉਂਕਿ ਬਾਕੀ ਸਭ ਆਸ਼੍ਰਮਾਂ ਵਿਚ ਵਿਚਰਨ ਵਾਲਿਆਂ ਨੂੰ ਇਸ ਆਸ਼੍ਰਮ ਵਾਲਿਆਂ ਤੋਂ ਭਿਖਿਆ ਪ੍ਰਾਪਤ ਹੁੰਦੀ ਹੈ, ਇਸੇ ਲਈ ਇਹ ਸਭ ਆਸ਼੍ਰਮਾਂ ਤੋਂ ਉੱਚਾ ਹੈ।[77] ਇਸ ਵਿਚ ਸ਼ਾਸਤਰ ਵਿਧੀ ਨਾਲ ਪਤਨੀ ਨੂੰ ਗ੍ਰਹਿਣ ਕਰਨਾ, ਅਤਿੱਥੀ ਦਾ ਸਤਿਕਾਰ, ਯੱਗ,[78] ਪਿਤਰਾਂ ਦੇ ਸ਼ਰਾਧ

---

72. The Scheme of Ashram as thought out anddevised bythe Hindus is a unique contribution in the whole history of social thought of the world.--Hindu Social Organisation, P-75, P.N.Prabhu.
73. 'The theory of Pursharathas is given concrete expression in the Hindu scheme of Ashramas.'
 -----Marriage and Family: in India, P-27, K.M.Kapadia.
74. 'The Ashramas, then, are to be regarded as resting places during one's journey on the way of final liberation which is final aim of life.'---Hindu Social Organisation, P-83, P.N.Prabhu.
75. ੳ) ਮੰਨੂ ਸਿਮ੍ਰਤੀ, 2/165.
 ਅ) ਵਿਸ਼ਨੂੰ ਪੁਰਾਣ, ਭਾਗ ਪਹਿਲਾ, ਤੀਜਾ ਅੰਸ਼, ਅਧਿਆਇ ਨੌਵਾਂ, ਸਲੋਕ1-2, ਪੰ: 606.
76. ੳ) ਮੰਨੂ ਸਿਮ੍ਰਤੀ, 2/175-77.
 ਅ) Marraage and family in India, P.29-30, K.M.Kapadia.
77. ੳ) ਮੰਨੂ ਸਿਮ੍ਰਤੀ, 2/55-56.
 ਅ) ਵਾਯੂ ਪੁਰਾਣ, ਭਾਗ ਪਹਿਲਾ, ਪੰ: 132.
78. ਗ੍ਰਿਹਸਥੀ ਨੂੰ ਪ੍ਰਤੀ ਦਿਨ ਪੰਜ ਮਹਾਂ ਯੱਗ ਕਰਨੇ ਹੁੰਦੇ ਸਨ—ਯਾਗਯਵਲਕਯ ਸਿਮ੍ਰਤੀ, (20 ਸਿਮ੍ਰਤੀਆਂ) ਪੰ:21
 ੳ) ਬ੍ਰਹਮ ਯੱਗ— ਸਵੈ-ਅਧਿਐਨ ਤੇ ਸਿੱਖਿਆ ਦੇਣਾ ਉਪਾਸਨਾ।
 ਅ) ਦੇਵ ਯੱਗ— ਅਗਨੀ ਹੋਮ, ਦੇਵਤਿਆਂ ਪ੍ਰਤੀ ਹੋਮ ਵਿਚ ਆਹੂਤੀਆਂ ਪਾਉਣੀਆਂ।
 ੲ) ਪਿੱਤਰੀ ਯੱਗ—ਸੰਤਾਨ ਉਤਪਤੀ ਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨਾ, ਪੁੱਤਰ ਪ੍ਰਾਪਤੀ ਅਵੱਸ਼ ਮੰਨੀ ਗਈ ਕਿਉਂਕਿ ਪਿੰਡ ਦਾਨ ਕਰਨ ਦਾ ਅਧਿਕਾਰੀ ਕੇਵਲ ਪੁੱਤਰ ਹੀ ਹੁੰਦਾ ਹੈ।
 ਸ) ਭੂਤ ਯੱਗ—ਹਾਨੀਕਾਰਕ ਪ੍ਰੇਤ-ਆਤਮਾਵਾਂ, ਜਾਨਵਰਾਂ, ਕੀੜਿਆਂ-ਮਕੌੜਿਆਂ, ਕੰਗਾਲਾਂ ਅਤੇ ਅਛੂਤਾਂ ਲਈ ਭੋਜਨ ਦੇਣਾ।
 ਹ) ਨ੍ਰੀ ਯੱਗ— ਅਤਿਥੀਆਂ ਦੀ ਸੇਵਾ, ਸਾਧੂ ਸੰਤਾਂ ਨੂੰ ਭੋਜਨ, ਬਸਤਰ ਤੇ ਦਖਸ਼ਣਾ ਆਦਿ।

ਕਰਨੇ, ਸੰਤਾਨ-ਉਤਪਤੀ, ਅਰਨੀ ਆਦਿ ਰਖਣਾ ਆਵੱਸ਼ਕ ਮੰਨੇ ਗਏ।[79] ਇਸ ਪ੍ਰਕਾਰ ਇਸ ਆਸ਼੍ਰਮ ਵਿਚ ਅਰਥ ਤੇ ਕਾਮ ਦੇ ਪੁਰਸ਼ਾਰਥਾਂ ਦੀ ਸਿੱਧੀ ਦਾ ਪੂਰਤੀ ਹੁੰਦੀ ਸੀ। ਸਵਾਮੀ ਵਿਵੇਕਾਨੰਦ ਨੇ ਸੰਨਿਆਸੀ ਹੁੰਦਿਆਂ ਗ੍ਰਿਹਸਥ ਨੂੰ ਸਾਰੇ ਸਮਾਜ ਦੀ ਬੁਨਿਆਦ ਮੰਨਿਆ ਹੈ; ਉਨ੍ਹਾਂ ਅਨੁਸਾਰ ਇਹ ਕਹਿਣਾ ਹੀ ਬੇਅਰਥ ਹੈ ਕਿ ਗ੍ਰਿਹਸਥ ਤੋਂ ਸੰਨਿਆਸ ਸ੍ਰੇਸ਼ਠ ਹੈ।[80]

ਬਾਨ ਪ੍ਰਸਥ ਆਸ਼੍ਰਮ ਵਿਚ 50 ਸਾਲ ਦੀ ਆਯੂ ਹੋਣ ਤੇ ਮਨੁਖ ਪ੍ਰਵੇਸ਼ ਕਰਦਾ ਸੀ। ਵਹੁਟੀ ਦੀ ਇੱਛਾ ਅਨੁਸਾਰ ਉਸ ਨੂੰ ਵੀ ਨਾਲ ਲਿਜਾ ਸਕਦਾ ਸੀ।[81] ਉਹ ਵਿਦਿਆਰਥੀਆਂ ਨੂੰ ਮੁਫਤ ਵਿਦਿਆ ਪ੍ਰਦਾਨ ਕਰਦਿਆਂ ਉਨ੍ਹਾਂ ਦੇ ਚਰਿਤਰ ਤੇ ਵਿਅਕਤਿਤਵ ਦੇ ਨਿਰਮਾਣ ਵਿਚ ਸਹਾਇਕ ਹੁੰਦਾ ਸੀ। ਰੁੱਖਾਂ ਦੀ ਛਾਲ ਜਾਂ ਪੱਤਿਆਂ ਦੇ ਵਸਤਰ ਪਹਿਨ ਕੇ ਘਾਹ ਫੂਸ ਦੀ ਬਣੀ ਕੁਟੀਆ ਵਿਚ ਭੁੰਞੇ ਜ਼ਮੀਨ ਤੇ ਸੌਂਦਾ ਸੀ। ਸੰਤਾਨ-ਉਤਪਤੀ ਤੋਂ ਬਿਨਾ ਗ੍ਰਿਹਸਥ ਵਾਲੇ ਧੰਦੇ ਜਾਰੀ ਰਖਦਾ ਸੀ। ਕਾਮਬ੍ਰਿਤੀ ਤੇ ਕਾਬੂ ਪਾਉਣ ਲਈ ਜੰਗਲ ਵਿਚ ਰਹਿ ਕੇ ਧਰਮ ਦੇ ਅਭਿਆਸ ਰਾਹੀਂ ਮੋਖ ਲਈ ਪ੍ਰਯਤਨ ਕਰਨਾ ਬਾਨ ਪ੍ਰਸਥ ਆਸ਼੍ਰਮ ਦਾ ਉਦੇਸ਼ ਸੀ।

75 ਸਾਲ ਦੀ ਆਯੂ ਤੋਂ ਬਾਅਦ ਸੰਸਾਰ ਦਾ ਪੂਰਨ ਤਿਆਗ ਕਰਕੇ ਮਨੁਖ ਸੰਨਿਆਸ ਆਸ਼੍ਰਮ ਵਿਚ ਪ੍ਰਵੇਸ਼ ਕਰਦਾ ਸੀ। ਉਸ ਨੂੰ ਕੁਝ ਵੀ ਆਪਣੇ ਪਾਸ ਰਖਣ ਦੀ ਆਗਿਆ ਨਹੀਂ ਸੀ। ਉਹ ਘੁੰਮ ਫਿਰ ਕੇ ਲੋਕਾਂ ਨੂੰ ਉਪਦੇਸ਼ ਦਿੰਦਾ ਤੇ ਦਿਨ ਵਿਚ ਕੇਵਲ ਇਕ ਵਾਰ ਹੀ ਭਿਖਿਆ ਲੈਂਦਾ ਸੀ।[82] ਉਹਦੇ ਸਵੈਕਾਬੂ ਲਈ ਨੀਵੀਂ ਨਜ਼ਰ ਕਰਕੇ ਤੁਰਨ, ਮਨ ਨੂੰ ਪਵਿੱਤਰ ਰਖਣ, ਪਵਿੱਤਰ ਬੋਲਣ ਤੇ ਪਾਣੀ ਕਪੜੇ ਨਾਲ ਪੁਣ ਕੇ ਪੀਣ ਦਾ ਵਿਧਾਨ ਸੀ।[83] ਉਹ ਕਰਮ ਫਲ ਦੀ ਇੱਛਾ ਤੋਂ ਰਹਿਤ ਨਿਸ਼ਕਾਮ ਸੇਵਾ ਕਰਦਾ ਸੀ। ਉਹ ਆਤਮਾ ਤੇ ਪਰਮਾਤਮਾ ਦੇ ਗੂੜ੍ਹੇ ਭੇਤਾਂ ਦਾ ਗਿਆਨ ਪ੍ਰਾਪਤ ਕਰਨ ਲਈ ਸਦਾ ਪ੍ਰਯਤਨਸ਼ੀਲ ਰਹਿੰਦਾ ਸੀ। ਇਸ ਪ੍ਰਕਾਰ ਉਹ ਸਮਾਜ ਕਲਿਆਣ ਕਰਦਾ ਹੋਇਆ ਜੀਵਨ ਦੇ ਆਖ਼ਰੀ ਪੁਰਸ਼ਾਰਥ ਮੋਖ ਨੂੰ ਪ੍ਰਾਪਤ ਕਰਦਾ ਸੀ।

ਆਮ ਤੌਰ ਤੇ ਬਾਨਪ੍ਰਸਥ ਆਸ਼੍ਰਮ ਤੋਂ ਬਾਦ ਹੀ ਸੰਨਿਆਸ ਆਸ਼੍ਰਮ ਵਿਚ ਪ੍ਰਵੇਸ਼ ਹੁੰਦਾ ਸੀ, ਪਰੰਤੂ ਗ੍ਰਿਹਸਥ ਤੋਂ ਸਿੱਧਾ ਵੀ ਸੰਨਿਆਸ-ਪ੍ਰਵੇਸ਼ ਕੀਤਾ ਜਾ ਸਕਦਾ ਸੀ। ਬ੍ਰਹਮਚਾਰੀ ਨੂੰ ਕਾਮ-ਬ੍ਰਿਤੀ ਤੇ ਜੇ

---

79. ੳ) ਮੰਨੂ ਸਿਮ੍ਰਤੀ, 3/70
ਅ) ਵਾਯੂ ਪੁਰਾਣ, ਭਾਗ ਪਹਿਲਾ, ਪੰ: 132.
80. ਕਰਮਯੋਗ, ਪੰ: 30, ਸਵਾਮੀ ਵਿਵੇਕਾਨੰਦ।
81. ੳ) ਮੰਨੂ ਸਿਮ੍ਰਤੀ, 6/3
ਅ) ਯਾਗਯਵਲਕਯ ਸਿਮ੍ਰਤੀ (20 ਸਿਮ੍ਰਤੀਆਂ, ਭਾਗ 3), ਪੰ: 45.
82. ਮੰਨੂ ਸਿਮ੍ਰਤੀ 6/43
83. ਉਹੀ, 6/46.

ਪੂਰਾ ਕਾਬੂ ਹੋਣ ਤਾਂ ਉਹ ਬ੍ਰਹਮਚਰਜ ਤੋਂ ਸਿੱਧਾ ਹੀ ਸੰਨਿਆਸੀ ਬਣ ਸਕਦਾ ਸੀ।

ਮੱਧਕਾਲ ਵਿਚ ਆਸ਼ਰਮ-ਵਿਵਸਥਾ ਅਨੁਸਾਰ ਲੋਕ ਜੀਵਨ ਨਹੀਂ ਸਨ ਬਿਤਾ ਰਹੇ। ਬਾਲ-ਵਿਆਹ ਦਾ ਆਮ ਰਿਵਾਜ ਸੀ। ਸੰਜਮ ਭਰਿਆ ਜੀਵਨ ਬਿਤਾਉਣ ਦੀ ਬਜਾਏ ਇਕ ਤੋਂ ਵੱਧ ਸ਼ਾਦੀਆਂ ਕਰਨ ਦਾ ਰਿਵਾਜ ਸੀ। ਅਮੀਰਾਂ ਤੇ ਖਾਸ ਤੌਰ ਤੇ ਰਾਜਿਆਂ ਦੇ ਹਰਮਾਂ ਵਿਚ ਤਾਂ ਰਾਣੀਆਂ, ਦਾਸੀਆਂ, ਰਖੇਲਾਂ ਦੀ ਗਿਣਤੀ ਸੈਂਕੜਿਆਂ ਵਿਚ ਹੁੰਦੀ ਸੀ। ਜੀਵਨ ਵਿਚ ਸੰਘਰਸ਼ ਕਰਨ ਤੋਂ ਡਰਦੇ ਲੋਕ ਸੰਨਿਆਸੀ ਜਾਂ ਜੋਗੀ ਦਾ ਭੇਖ ਬਣਾ ਲੈਂਦੇ ਸਨ ਤਾਂ ਜੋ ਹਥੀਂ ਕਿਰਤ ਕਰਨ ਤੋਂ ਬਿਨਾਂ ਹੀ ਭਿਖਿਆ ਰਾਹੀਂ ਜੀਵਨ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਅਜਿਹੇ ਲੋਕ ਸਮਾਜ ਪ੍ਰਤੀ ਹੋਰ ਵੀ ਜ਼ਿੰਮੇਵਾਰੀਆਂ ਤੋਂ ਬਚ ਜਾਂਦੇ ਸਨ।

ਗੁਰੂ ਸਾਹਿਬਾਨ ਨੇ ਹਿੰਦੂ ਮੱਤ ਦੀ ਆਸ਼ਰਮ-ਵਿਵਸਥਾ ਨੂੰ ਮੂਲ ਰੂਪ ਵਿਚ ਮਾਨਤਾ ਨਹੀਂ ਦਿੱਤੀ। ਮੋਟੇ ਤੌਰ ਤੇ ਜੀਵਨ ਦੀਆਂ ਤਿੰਨ ਅਵਸਥਾਵਾਂ, ਬਚਪਨ, ਜੁਆਨੀ ਤੇ ਬੁਢੇਪੇ ਦਾ ਵਰਣਨ ਕਰਦਿਆਂ ਉਨ੍ਹਾਂ ਕਿਹਾ ਕਿ ਹਰਿ ਦੇ ਭਜਨ ਬਿਨਾ ਹਰ ਪ੍ਰਕਾਰ ਦਾ ਮਾਨ ਬੇਅਰਥ ਹੈ।[84]

ਮਨੁੱਖੀ ਮਨੋ-ਬ੍ਰਿਤੀਆਂ ਦੀ ਤਬਦੀਲੀ ਅਨੁਸਾਰ ਗੁਰੂ ਜੀ ਨੇ ਜੀਵਨ ਨੂੰ ਦਸ ਹਿਸਿਆਂ ਵਿਚ ਵੰਡਿਆ। ਉਨ੍ਹਾਂ ਅਨੁਸਾਰ ਜਨਮ ਲੈਣ ਉਪਰੰਤ ਮਨੁੱਖ ਦਾ ਮਾਂ ਦੇ ਦੁਧ ਨਾਲ ਪਿਆਰ ਹੁੰਦਾ ਹੈ, ਥੋੜਾ ਜਿਹਾ ਵੱਡਾ ਹੋਣ ਤੇ ਉਹ ਮਾਤਾ ਪਿਤਾ ਨਾਲ ਪਿਆਰ ਕਰਦਾ ਹੈ। ਤੀਜੀ ਅਵਸਥਾ ਵਿਚ ਉਹ ਭਰਾ, ਭਾਬੀ ਤੇ ਭੈਣ ਦੇ ਮੋਹ ਵਿਚ ਜਕੜਿਆ ਜਾਂਦਾ ਹੈ। ਉਪਰੰਤ ਪਿਆਰ ਦੀ ਮਨੋਬ੍ਰਿਤੀ ਉਤਪੰਨ ਹੁੰਦੀ ਹੈ। ਪੰਜਵੀ ਅਵਸਥਾ ਵਿਚ ਉਹ ਖਾਣ ਪੀਣ ਦਾ ਬਹੁਤ ਸ਼ੌਕ ਰਖਦਾ ਅਤੇ ਛੇਵੀਂ ਅਵਸਥਾ ਵਿਚ ਕਾਮ-ਬ੍ਰਿਤੀ ਦੀ ਪੂਰਤੀ ਲਈ ਜਾਤ ਕੁਜਾਤ ਵੀ ਨਹੀਂ ਵੇਖਦਾ। ਸਤਵੀਂ ਅਵਸਥਾ ਵਿਚ ਉਹ ਧਨ ਸੰਗ੍ਰਹਿ ਕਰਕੇ ਘਰ ਦਾ ਆਹਰ ਪਾਹਰ ਕਰਦਾ ਹੈ ਤੇ ਅਠਵੀਂ ਅਵਸਥਾ ਵਿਚ ਕ੍ਰੋਧ ਨਾਲ ਆਪਣੇ ਸਰੀਰ ਦਾ ਨਾਸ ਕਰ ਲੈਂਦਾ ਹੈ। ਨੌਵੀਂ ਅਵਸਥਾ ਵਿਚ ਉਸ ਦੇ ਵਾਲ ਸਫੈਦ ਹੋ ਜਾਂਦੇ ਹਨ ਤੇ ਸਾਹ ਵੀ ਔਖੇ ਲੈਣ ਲਗਦਾ ਹੈ ਤੇ ਦਸਵੀਂ ਅਵਸਥਾ ਵਿਚ ਸੰਸਾਰ ਤੋਂ ਕੂਚ ਕਰਨ ਉਪਰੰਤ ਉਸਨੂੰ ਸਾੜ ਕੇ ਸੁਆਹ ਕਰ ਦਿੱਤਾ ਜਾਂਦਾ ਹੈ।[85]

---

84. 'ਬਾਲ ਜੁਆਨੀ ਅਰੁ ਬਿਰਧ ਫੁਨਿ, ਤੀਨ ਅਵਸਥਾ ਜਾਨ।
ਕਹੁ ਨਾਨਕ ਹਰਿ ਭਜਨ ਬਿਨ, ਬਿਰਥਾ ਸਭ ਹੀ ਮਾਨ।35।'
(ਸਲੋਕ ਮ: ੯, ਸ਼ਬਦਾਰਥ, ਪੰ: 1428)

85. 'ਪਹਿਲੈ ਪਿਆਰਿ ਲਗਾ ਥਣ ਦੁਧਿ। ਦੂਜੈ ਮਾਇ ਬਾਪ ਕੀ ਸੁਧਿ।
ਤੀਜੈ ਭਯਾ ਭਾਭੀ ਬੇਬ। ਚਉਥੈ ਪਿਆਰਿ ਉਪੰਨੀ ਖੇਡ।
ਪੰਜਵੈ ਖਾਣ ਪੀਅਣ ਕੀ ਧਾਤੁ। ਛਿਵੈ ਕਾਮੁ ਨ ਪੁਛੈ ਜਾਤਿ।
ਸਤਵੈ ਸੰਜਿ ਕੀਆ ਘਰ ਵਾਸੁ। ਅਠਵੈ ਕ੍ਰੋਧੁ ਹੋਆ ਤਨ ਨਾਸੁ।
ਨਾਵੈ ਧਉਲੇ ਉਭੇ ਸਾਹ। ਦਸਵੈ ਦਧਾ ਹੋਆ ਸੁਆਹੁ।
(ਵਾਰ ਮਾਝ ਮ:1, ਪਉੜੀ 1 ਦਾ ਸਲੋਕ, ਉਹੀ, ਪੰ:137-38)

ਇਸੇ ਪ੍ਰਕਾਰ ਮਨੁੱਖੀ ਜੀਵਨ ਨੂੰ ਦਸ - ਦਸ ਸਾਲ ਦੇ ਹਿੱਸਿਆਂ ਵਿਚ ਵੰਡ ਕੇ ਅਵਸਥਾ ਦਾ ਵਰਣਨ ਕਰਦਿਆਂ ਗੁਰੂ ਜੀ ਕਹਿੰਦੇ ਹਨ ਕਿ ਮਨੁੱਖ ਦਸ ਸਾਲ ਤਕ ਬਚਪਣ ਵਿਚ ਹੁੰਦਾ ਹੈ; ਵੀਹ ਸਾਲ ਦਾ ਜੁਆਨ, ਤੀਹ ਸਾਲ ਦਾ ਸੁੰਦਰ, (ਪੂਰਾ ਜੁਆਨ), ਚਾਲੀ ਸਾਲ ਦਾ ਪ੍ਰੌਢ ਹੋ ਜਾਂਦਾ ਹੈ, ਪੰਜਾਹ ਸਾਲ ਤੋਂ ਬਾਦ ਕਮਜ਼ੋਰੀ ਸ਼ੁਰੂ ਹੁੰਦੀ ਹੈ, ਸਠ ਸਾਲ ਵਿਚ ਮਨੁੱਖ ਤੇ ਬੁਢੇਪਾ ਆ ਜਾਂਦਾ ਹੈ। ਸੱਤਰ ਸਾਲ ਦੀ ਆਯੂ ਵਿਚ ਉਸਦੀ ਅਕਲ ਘੱਟ ਜਾਂਦੀ ਹੈ, ਅੱਸੀ ਸਾਲ ਦਾ ਹੋ ਕੇ ਉਹ ਕਮ ਕਾਰ ਜੋਗਾ ਨਹੀਂ ਰਹਿੰਦਾ। ਨੱਬੇ ਸਾਲ ਦੀ ਉਮਰ ਵਿਚ ਉਹ ਮੰਜੇ ਜੋਗਾ ਹੀ ਰਹਿ ਜਾਂਦਾ ਹੈ ਅਤੇ ਅਸ਼ਕਤ ਹੋ ਜਾਂਦਾ ਹੈ।[86]

ਇਸ ਤੋਂ ਇਲਾਵਾ ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਮਨੁੱਖ ਨੂੰ ਵਣਜਾਰੇ ਨਾਲ ਉਪਮਾ ਦੇ ਕੇ ਜੀਵਨ ਉਪਰੰਤ ਦੇ ਚਾਰ ਪਹਿਰਾਂ ਅਥਵਾ ਹਿੱਸਿਆਂ ਦਾ ਵਰਣਨ ਵੀ ਉਪਲੱਬਧ ਹੈ। ਪਹਿਲੇ ਪਹਿਰ ਵਿਚ ਜਨਮ ਲੈਣ ਤੋਂ ਪੂਰਵ ਅਵੱਸਥਾ ਦਾ ਵਰਣਨ ਹੈ। ਦੂਜੇ ਪਹਿਰ ਵਿਚ ਮਨੁੱਖ ਦੇ ਬਚਪਣ ਤੇ ਜੁਆਨੀ ਦਾ ਜ਼ਿਕਰ ਕੀਤਾ ਗਿਆ ਹੈ। ਤੀਜੇ ਪਹਿਰ ਵਿਚ ਮਨੁੱਖ ਦੇ ਗ੍ਰਿਹਸਥ-ਜੀਵਨ ਬਾਰੇ ਵਰਣਨ ਕੀਤਾ ਹੈ, ਜਦੋਂ ਕਿ ਪੁੱਤਰਾਂ, ਪਤਨੀ ਤੇ ਧਨ ਦੇ ਮੋਹ ਵਿਚ ਫਸਿਆ ਸਮਾਂ ਬਿਤਾਉਂਦਾ ਹੈ। ਚੌਥੀ ਅਵਸਥਾ ਅਥਵਾ ਪਹਿਰ ਵਿਚ ਮਨੁੱਖ ਦੀ ਬਿਰਧ ਅਵਸਥਾ ਦਾ ਵਰਣਨ ਕੀਤਾ ਗਿਆ ਹੈ।[87] ਜਪ ਤਪ ਤੇ ਸੰਜਮ ਨਾਲ ਰਹਿੰਦਿਆਂ ਇੰਦ੍ਰੀਆਂ ਨੂੰ ਪਾਪਾਂ ਵਲੋਂ ਰੋਕਦਾ ਹੈ, ਪੁੰਨ ਦਾਨ ਵੀ ਕਰਦਾ ਹੈ; ਇਸ ਲਈ ਅਜਿਹਾ ਗ੍ਰਿਹਸਥੀ ਗੰਗਾ ਜਲ ਵਾਂਗ ਪਵਿੱਤਰ ਹੈ।[88]

50 ਸਾਲ ਤੋਂ ਬਾਦ ਮਨੁੱਖ ਬਾਨਪ੍ਰਸਥੀ ਬਣ ਕੇ ਘਰ ਛਡ ਕੇ ਜੰਗਲ ਵਿਚ ਤਪੱਸਿਆ ਕਰਨ ਲਈ ਚਲਿਆ ਜਾਂਦਾ ਸੀ, ਭਾਵੇਂ ਗ੍ਰਿਹਸਥ ਦੀਆਂ ਜ਼ਿਮੇਵਾਰੀਆਂ ਤੋਂ ਉਸ ਨੇ ਛੁਟਕਾਰਾ ਵੀ ਨਾ ਪਾਇਆ ਹੋਵੇ। ਗੁਰੂ ਜੀ ਇਸ ਤੇ ਵਿਅੰਗ ਕਰਦਿਆਂ ਕਹਿੰਦੇ ਹਨ ਕਿ ਗ੍ਰਿਹਸਥ ਛਡ ਕੇ ਬਨਵਾਸੀ ਹੋਣ ਦਾ ਇਕ ਪਲ ਵੀ ਮਨ ਨਹੀਂ ਟਿਕਦਾ।[89] ਇਸ ਲਈ ਗੁਰੂ ਜੀ ਕਾਮ, ਕ੍ਰੋਧ, ਝੂਠ, ਪਰਾਈ ਨਿੰਦਾ, ਮਾਇਆ ਦਾ ਲੋਭ, ਹੰਕਾਰ ਅਤੇ ਇਸਤਰੀ ਦਾ ਮੋਹ ਤਿਆਗ ਕੇ ਗ੍ਰਿਹਸਥ ਵਿਚ ਹੀ ਰਹਿੰਦਿਆਂ ਨਿਰਵਿਕਾਰ ਪ੍ਰਭੂ ਨੂੰ ਪਾਉਣ ਲਈ ਉਪਦੇਸ਼ ਦਿੰਦੇ ਹਨ।[90] ਪਰਿਵਾਰਕ ਜੀਵਨ ਵਿਚ ਵਿਚਰਦਿਆਂ ਹਰੀ ਕੀਰਤਨ ਵਿਚ ਰੰਗੇ

---

86. 'ਦਸ ਬਾਲਤਣਿ, ਬੀਸ ਰਵਣਿ, ਤੀਸਾ ਕਾ ਸੁੰਦਰੁ ਕਹਾਵੈ।
ਚਾਲੀਸੀ ਪੁਰੁ ਹੋਇ, ਪਚਾਸੀ ਪਗੁ ਖਿਸੈ, ਸਠੀ ਕੇ ਬੋਢੇਪਾ ਆਵੈ।
ਸਤਰਿ ਕਾ ਮਤਿ ਹੀਣੁ, ਅਸੀਹਾਂ ਕਾ ਵਿਉਹਾਰੁ ਨ ਪਾਵੈ।
ਨਵੈ ਕਾ ਸਿਹਜਾਸਣੀ, ਮੂਲਿ ਨ ਜਾਣੈ ਅਪ ਬਲੁ। (ਉਹੀ)

87. ੳ) ਸਿਰੀ ਰਾਗ ਪਹਰੇ ਮ:1, ਉਹੀ, ਪੰ: 74-76.
ਅ) ਸਿਰੀ ਰਾਗ ਮ: 4, ਉਹੀ, ਪੰ: 76-77.
ੲ) ਸਿਰੀ ਰਾਗ ਮ: 5, ਉਹੀ, ਪੰ: 77-78.

88. ਸੋ ਗਿਰਹੀ ਜੋ ਨਿਗ੍ਰਹੁ ਕਰੈ। ਜਪੁ ਤਪੁ ਸੰਜਮੁ ਭੀਖਿਆ ਕਰੈ।
ਪੁੰਨ ਦਾਨ ਕਾ ਕਰੇ ਸਰੀਰੁ। ਸੋ ਗਿਰਹੀ ਗੰਗਾ ਕਾ ਨੀਰੁ।
(ਮ:1, ਵਾਰ ਰਾਮਕਲੀ ਮ:3, ਪਉੜੀ 12 ਦਾ ਸਲੋਕ, ਉਹੀ, ਪੰ:952)

89. ਤਜੇ ਗਿਰਸਤੁ ਭਇਆ ਬਨਵਾਸੀ, ਇਕੁ ਖਿਨੁ ਮਨੂਆ ਟਿਕੈ ਨ ਟਿਕਈਆ।
(ਬਿਲਾਵਲ ਮ:5, ਅਸਟਪਦੀ, ਉਹੀ, ਪੰ:835). ([illegible])

ਰਹਿਣ ਨਾਲ ਸੰਸਾਰ ਦੇ ਮੋਹ ਤੋਂ ਉਦਾਸ ਰਹਿਣ ਲਈ ਗੁਰਮਤਿ ਦਾ ਵਿਧਾਨ ਹੈ।[91]

ਸੰਨਿਆਸ (75 ਸਾਲ ਦੀ ਆਯੂ ਤੋਂ ਬਾਅਦ) ਵਿਚ ਪ੍ਰਵੇਸ਼ ਕਰਕੇ ਮਨੁੱਖ ਸੰਸਾਰ ਤੋਂ ਬਿਲਕੁਲ ਵਿਰੱਕਤ ਹੋ ਜਾਣ ਦਾ ਦਿਖਾਵਾ ਕਰਦਾ ਸੀ। ਗੁਰੂ ਜੀ ਅਨੁਸਾਰ ਮਨੁੱਖ ਦੇ ਸੰਨਿਆਸ ਧਾਰਣ ਤੇ ਉਸ ਵਿਚ ਮਨੁੱਖੀ ਇੱਛਾਵਾਂ ਕਾਇਮ ਰਹਿੰਦੀਆਂ ਸਨ।[92] ਤ੍ਰਿਸ਼ਨਾ ਨਾਲ ਭਰੇ ਹੋਏ ਅਜਿਹੇ ਸੰਨਿਆਸੀਆਂ ਦਾ ਭੇਖ ਹੀ ਧਾਰਣ ਕਰਨ ਵਾਲੇ ਗੁਰੂ ਜੀ ਅਨੁਸਾਰ ਨਾ ਗ੍ਰਿਹਸਥੀ ਤੇ ਨਹੀਂ ਹੀ ਸੰਨਿਆਸੀ ਸਨ, ਬਲਕਿ ਉਨ੍ਹਾਂ ਆਪਣਾ ਜੀਵਨ ਬਿਰਥਾ ਗੁਆ ਦਿੱਤਾ ਸੀ।[93]

ਬੇਸ਼ਕ ਹਿੰਦੂ ਧਰਮ ਦੀ ਆਸ਼੍ਰਮ ਸੰਸਥਾ ਨੂੰ ਗੁਰੂ ਸਾਹਿਬਾਨ ਨੇ ਸਵੀਕ੍ਰਿਤ ਨਹੀਂ ਕੀਤਾ, ਫਿਰ ਵੀ ਇਸ ਬਾਰੇ ਉਨ੍ਹਾਂ ਨੇ ਆਪਣੀ ਬਾਣੀ ਵਿਚ ਵਰਣਨ ਕੀਤਾ ਹੈ। ਬ੍ਰਹਮਚਾਰੀ ਨੂੰ ਆਪਣੇ ਬ੍ਰਹਮ-ਚਰਜ ਦਾ ਹੰਕਾਰ ਹੋ ਜਾਂਦਾ ਹੈ।[94] ਗੁਰੂ ਜੀ ਅਨੁਸਾਰ ਬ੍ਰਹਮਚਾਰੀ ਦੇ ਵਿਦਿਆ ਪ੍ਰਾਪਤ ਕਰਨ ਦਾ ਸਮਾਜ ਨੂੰ ਤਾਂ ਲਾਭ ਹੈ ਜੇ ਉਹ ਪਰਉਪਕਾਰੀ ਬਣੇ।[95]

ਜਿੱਥੇ ਤਕ ਬ੍ਰਹਮਚਾਰੀ ਦੇ ਸੰਜਮ ਦਾ ਸੁਆਲ ਹੈ, ਗੁਰੂ ਜੀ ਨੇ ਸਾਰਾ ਜੀਵਨ ਹੀ ਸੰਜਮੀ ਰਹਿਣ ਲਈ ਆਦੇਸ਼ ਦਿੱਤਾ ਹੈ— ਜਿਨ੍ਹਾਂ ਚੀਜ਼ਾਂ ਦੇ ਖਾਣ, ਪਹਿਨਣ, ਸੁਆਰੀ ਕਰਨ ਜਾਂ ਸਉਣ ਨਾਲ ਵਿਕਾਰ ਪੈਦਾ ਹੋਣ, ਉਨ੍ਹਾਂ ਤੋਂ ਵਰਜਿਆ ਹੈ।[96] ਬਹੁਤਾ ਅਤੇ ਫਾਲਤੂ ਬੋਲਣ ਤੇ ਵੀ ਗੁਰੂ ਜੀ ਨੇ ਪ੍ਰਤਿਬੰਧ

---

90. 'ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ, ਤਜਿ ਮਾਇਆ, ਅਹੰਕਾਰੁ ਚੁਕਾਵੈ।
ਤਜਿ ਕਾਮੁ, ਕਾਮਿਨੀ ਮੋਹੁ ਤਜੈ, ਤਾ ਅੰਜਨ ਮਾਹਿ ਨਿਰੰਜਨੁ ਪਾਵੈ।
(ਮ:4, ਵਾਰ ਮਾਝ ਮ:1, ਪਉੜੀ 8 ਦਾ ਸਲੋਕ, ਉਹੀ, ਪੰ:141)

91. 'ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ।
ਗ੍ਰਿਹਸਤ ਮਹਿ ਸੋਈ ਨਿਰਬਾਨੁ। (ਗਉੜੀ ਸੁਖਮਨੀ ਮ: 5, ਉਹੀ, ਪੰ: 281)

92. 'ਤ੍ਰੀਆ ਪੁਤ੍ਰ ਛੋਡਿ ਸੰਨਿਆਸੀ, ਆਸਾ ਆਸ ਮਨਿ ਬਹੁਤੁ ਕਰਈਆ।
ਆਸਾ ਆਸ ਕਰੈ ਨਹੀ ਬੂਝੈ, ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ।'
(ਬਿਲਾਵਲ ਮ: 4, ਉਹੀ, ਪੰ:835)

93. ਇਕ ਭਗਵਾ ਵੇਸੁ ਕਰਿ ਫਿਰਹਿ, ਜੋਗੀ ਸੰਨਿਆਸਾ।
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ।
ਬਿਰਥਾ ਜਨਮੁ ਗਵਾਇ, ਨ ਗਿਰਹੀ ਨ ਉਦਾਸਾ। (ਵਾਰ ਮਾਝ ਮ:1, ਪਉੜੀ 5, ਉਹੀ, ਪੰ:140)

94. ਬ੍ਰਹਮ ਚਾਰਿ ਬ੍ਰਹਮਚਜ ਕੀਨਾ, ਹਿਰਦੈ ਭਇਆ ਗੁਮਾਨਾ। (ਮਾਰੂ ਮ:5, ਉਹੀ, ਪੰ: 1003)

95. ਵਿਦਿਆ ਵੀਚਾਰੀ ਤਾਂ ਪਰਉਪਕਾਰੀ.......। (ਆਸਾ ਮ: 1, ਉਹੀ, ਪੰ: 356)

96. ਬਾਬਾ ਹੋਰੁ ਖਾਣਾ ਖੁਸੀ ਖੁਆਰੁ।
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ।.......
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ।
ਜਿਤੁ ਪੈਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ। ....
ਬਾਬਾ ਹੋਰੁ ਚੜਣਾ ਖੁਸੀ ਖੁਆਰੁ।
ਜਿਤੁ ਚੜਿਐ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ।.......
ਬਾਬਾ ਹੋਰੁ ਸਉਣਾ ਖੁਸੀ ਖੁਆਰੁ।
ਜਿਤੁ ਸੁਤੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ। (ਸਿਰੀ ਰਾਗ ਮ:1, ਉਹੀ, ਪੰ: 16-17)

ਲਾਇਆ ਹੈ।[97]

ਬ੍ਰਹਮਚਰਜ — ਆਸ਼੍ਰਮ ਦਾ ਆਰੰਭ ਜਨੇਊ (ਉਪਨਯਨ) ਸੰਸਕਾਰ ਨਾਲ ਹੁੰਦਾ ਸੀ। ਗੁਰੂ ਜੀ ਨੇ ਇਸ ਦਾ ਵੀ ਖੰਡਨ ਕੀਤਾ ਹੈ।[98]

ਗ੍ਰਿਹਸਥ ਆਸ਼੍ਰਮ ਬਾਰੇ ਆਦਿ-ਗ੍ਰੰਥ ਤੇ ਗੁਰੂ ਕਾਵਿ ਵਿਚ ਵਿਸ਼ੇਸ਼ ਤੌਰ ਤੇ ਵਰਣਨ ਉਪਲਬੱਧ ਹੈ। ਗੁਰਮਤਿ ਅਨੁਸਾਰ ਹਰੀ ਦੇ ਭਗਤ ਗ੍ਰਿਹਸਥ ਧਾਰਨ ਕਰਕੇ ਸ਼ਬਦ ਰਾਹੀਂ ਹਉਮੈ ਨੂੰ ਮਾਰਦੇ ਹਨ ਅਤੇ ਮੋਹ ਮਮਤਾ ਤੋਂ ਉਦਾਸ ਰਹਿੰਦੇ ਹਨ।[99] ਇਸੇ ਲਈ ਗ੍ਰਿਹਸਥ ਵਿਚ ਵਿਚਰਦਿਆਂ ਹੀ ਉਦਾਸ (ਬਾਨਪ੍ਰਸਥ ਜਾਂ ਸੰਨਿਆਸ ਆਸ਼੍ਰਮ) ਰਹਿਣ ਲਈ ਪ੍ਰੇਰਣਾ ਦਿੱਤੀ ਗਈ ਹੈ।[100]

ਸਾਰੇ ਗੁਰੂ ਸਾਹਿਬਾਨ ਗ੍ਰਿਹਸਥੀ ਸਨ ਤੇ ਉਹ ਘਰ ਛੱਡ ਕੇ ਜਾਣ ਵਾਲੇ ਸੰਨਿਆਸੀਆਂ ਨਾਲੋਂ ਵੱਖਰੀ ਕਰਨੀ ਕਰ ਗਏ। ਆਚਾਰੀਆ ਪਰਸ਼ੂ ਰਾਮ ਚਤੁਰਵੇਦੀ ਅਨੁਸਾਰ ਸੰਸਾਰਿਕ ਵਿਸ਼ਮਤਾਵਾਂ ਤੋਂ ਘਬਰਾ ਕੇ, ਭੇਖਧਾਰੀ ਸਾਧੂਆਂ ਦਾ ਰੂਪ ਧਾਰਣ ਕਰਕੇ ਉਹ ਭੱਜ ਕੇ ਜੰਗਲ ਵਿਚ ਬ੍ਰਹਮ ਦੀ ਸਾਧਨਾ ਕਰਨ ਲਈ ਨਹੀਂ ਗਏ। ਉਨ੍ਹਾਂ ਨੇ ਨਾਰੀ ਦੇ ਕਾਮਣੀ ਰੂਪ ਦਾ ਖੰਡਨ ਕਰਕੇ ਵੀ ਸਾਧਾਰਣ ਗ੍ਰਿਹਸਥ ਜੀਵਨ ਨੂੰ ਅਪਣਾਇਆ। ਇਸ ਪ੍ਰਕਾਰ ਸਮਾਜ ਵਿਚ ਪਹਿਲੀ ਵਾਰ ਗ੍ਰਿਹਸਥੀ ਸੰਤਾਂ ਦੀ ਪ੍ਰੰਪਰਾ ਸਥਾਪਿਤ ਕੀਤੀ। ਲੇਕਿਨ ਜੀਵਨ ਦੀਆਂ ਵਿਸ਼ਮਤਾਵਾਂ ਨਾਲ ਜੂਝਣ ਲਈ ਅਤੇ ਉਸ ਦੀਆਂ ਗੁੰਝਲਾਂ ਨੂੰ ਕ੍ਰਿਆਤਮਕ ਜੀਵਨ ਦੇ ਮਾਧਿਅਮ ਨਾਲ ਸੁਲਝਾਉਣ ਲਈ ਇਸ ਤੋਂ ਔਖਾ ਉਪਾਅ ਉਨ੍ਹਾਂ ਪਾਸ ਨਹੀਂ ਸੀ।[101]

ਗੁਰੂ ਜੀ ਅਨੁਸਾਰ ਭਗਤ ਜਨ ਗ੍ਰਿਹਸਥ ਵਿਚ ਉਪਰਾਮ ਰਹਿੰਦੇ ਹਨ, ਘਰ ਬਾਰੀ ਹੁੰਦੇ ਹੋਏ ਵੀ ਸੰਸਾਰ ਵਿਚ ਨਹੀਂ ਖੁਭਦੇ।[102] ਗ੍ਰਿਹਸਥ ਵਿਚ ਵਿਚਰਦਿਆਂ ਪਾਣੀ ਵਿਚ ਕਮਲ ਦੀ ਨਿਰਲੇਪਤਾ ਵਾਂਗ ਜਾਂ ਨਦੀ ਵਿਚ ਮੁਰਗਾਬੀ ਸਮਾਨ ਨਿਰਲੇਪ ਰਹਿਣਾ ਗੁਰਮਤਿ ਦਾ ਵਿਧਾਨ ਹੈ।[103] ਗੁਰਮਤਿ ਅਨੁਸਾਰ ਚਲਣ

---

97. ਬਹੁਤਾ ਬੋਲਣੁ ਝਖਣੁ ਹੋਇ.........। (ਧਨਾਸਿਰੀ ਮ: 3, ਉਹੀ, ਪੰ: 661)
98. ਵਾਰ ਆਸਾ ਮ: 1, ਪਉੜੀ 15 ਨਾਲ ਸਲੋਕ, ਉਹੀ, ਪੰ: 471.
99.ੳ) ਜਾਗਤ ਰਹੇ ਤਿਨੀ ਪ੍ਰਭੁ ਪਾਇਆ, ਸਬਦੇ ਹਉਮੈ ਮਾਰੀ।
ਗਿਰਹੀ ਮਹਿ ਸਦਾ ਹਰਿ ਜਨ ਉਦਾਸੀ, ਗਿਆਨ ਤਤੁ ਬੀਚਾਰੀ।
(ਸੋਰਠਿ ਮ: 3, ਉਹੀ, ਪੰ: 599)
ਅ) ਸਚਾ ਸਬਦੁ ਸਚੁ ਮਨਿ, ਘਰ ਹੀ ਮਾਹਿ ਉਦਾਸੁ।
(ਮ: 1, ਵਾਰ ਮਾਝ, ਪਉੜੀ 5, ਉਹੀ, ਪੰ: 140)
100. ਮਨ ਰੇ, ਗ੍ਰਿਹ ਹੀ ਮਾਹਿ ਉਦਾਸੁ। (ਸਿਰੀ ਰਾਗ ਮ: 3, ਉਹੀ, ਪੰ: 26)
101. 'ਹਿੰਦੀ ਸਾਹਿਤ੍ਯ ਕਾ ਬ੍ਰਿਹਤ ਇਤਿਹਾਸ', ਪੰ: 519, ਆਚਾਰੀਆ ਪਰਸ਼ੂ ਰਾਮ ਚਤੁਰਵੇਦੀ।
102. ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ।
ਵਿਚੇ ਗ੍ਰਿਹਸਤ ਉਦਾਸ ਰਹਾਈ। (ਗੂਜਰੀ ਮ: 4, ਸ਼ਬਦਾਰਥ, ਪੰ: 494)
103.ੳ) ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੈ।5।
(ਰਾਮਕਲੀ ਮ: 1, ਸਿਧ ਗੋਸਟਿ, ਉਹੀ, ਪੰ: 938)
ਅ) ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ, ਤਿਉ ਵਿਚੇ ਗਿਰਹ ਉਦਾਸੁ।
(ਵਾਰ ਰਾਮਕਲੀ ਮ: 3, ਪਉੜੀ 7 ਦਾ ਸਲੋਕ, ਉਹੀ, ਪੰ: 949

(ਬਾਕੀ ਅਗਲੇ ਪੰਨੇ ਤੇ......)

ਵਾਲਾ ਗ੍ਰਿਹਸਥੀ ਸਚਸ਼ਬਦ ਨੂੰ ਮਨ ਵਿਚ ਧਾਰਨ ਕਰਦਾ ਹੈ।[104] ਅਜਿਹੇ ਸੰਨਿਆਸੀ ਤੇ ਗੁਰੂ ਜੀ ਵਿਅੰਗ ਕਰਦੇ ਹਨ ਜੋ ਘਿਰ ਤੇ ਬਿਰਕਤੀ ਮਨ ਕੇ, ਜਟਾ ਧਾਰਣ ਕਰਕੇ ਜਾਂ ਸਿਰ ਮੂੰਹ ਮੁਨਾ ਕੇ, ਭੇਖ ਧਾਰ ਕੇ ਅਭਿਮਾਨ ਕਰਦਾ ਹੈ ਅਤੇ ਤ੍ਰਿਸ਼ਨਾ ਅਧੀਨ ਘਰ ਘਰ ਮੰਗਦਾ ਹੈ ਅਤੇ ਜਿਸਦਾ ਮਨ ਵੀ ਆਪਣੇ ਕਾਬੂ ਵਿਚ ਨਹੀਂ ਉਹ ਪਰ ਨਾਰੀਆਂ ਤੇ ਚਿਤ ਡੁਲਾਉਂਦਾ ਹੈ।[105] ਇਸ ਭੇਖ ਨਾਲੋਂ ਤਾਂ ਗੁਰੂ ਜੀ ਅਨੁਸਾਰ ਗ੍ਰਿਹਸਥ ਵਧੀਆ ਹੈ।[106]

ਸੰਨਿਆਸੀ ਵੀ ਕਈ ਪ੍ਰਕਾਰ ਦੇ ਸਨ। ਕੋਈ ਘਰ ਛਡ ਕੇ ਜੰਗਲਾਂ ਵਿਚ ਜਾਂਦਾ ਸੀ, ਕੋਈ ਠੰਡੇ ਪਾਣੀ ਵਿਚ ਪਾਲੇ ਤੇ ਕੱਕਰ ਨੂੰ ਸਹਿਣ ਕਰਦਾ ਸੀ, ਕੋਈ ਅੰਗਾਂ ਤੇ ਭਸਮ ਦਾ ਲੇਪਨ ਕਰਦਾ ਸੀ, ਕੋਈ ਜਟਾ ਧਾਰਨ ਕਰਕੇ ਆਪਣੀ ਕੁਲ ਦੀ ਮਰਿਆਦਾ ਭੰਗ ਕਰਦਾ ਸੀ, ਕੋਈ ਨੰਗਾ ਫਿਰਦਾ ਸੀ ਕੋਈ ਧੂਣੀਆਂ ਤਾਅ ਕੇ ਆਪਣੇ ਅੰਗ ਸਾੜਦਾ ਸੀ। ਗੁਰੂ ਜੀ ਨੇ ਹਰ ਪ੍ਰਕਾਰ ਦੇ ਸੰਨਿਆਸੀ ਦਾ ਖੰਡਨ ਕਰਕੇ ਪ੍ਰਭੂ ਖਸਮ ਦਾ ਦੁਆਰਾ ਪਾਉਣ ਲਈ ਪ੍ਰਾਣੀ ਨੂੰ ਸਤਿਗੁਰ ਦੀ ਸੇਵਾ ਕਰਨ ਦਾ ਸੁਝਾਵ ਦਿੱਤਾ।[107]

ੲ) ਵਿਚੇ ਗ੍ਰਿਹ ਸਦਾ ਰਹੈ ਉਦਾਸੀ, ਜਿਉ ਕਮਲੁ ਰਹੈ ਵਿਚਿ ਪਾਣੀ ਹੇ।
(ਮਾਰੂ ਸੋਲਹੇ ਮ: 4, ਗ੍ਰੰਥ, ਪੰ: 1070)

ਸ) ਬਾਹਰਿ ਸੂਤੁ ਸਗਲ ਸਿਉ ਮਉਲਾ। ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ।
(ਆਸਾ ਮ:5, ਗ੍ਰੰਥ, ਪੰ: 334)

104. ਸੋ ਗਿਰਹੀ ਸੋ ਦਾਸੁ ਉਦਾਸੀ, ਜਿਨਿ ਗੁਰਮਤਿ ਆਪੁ ਪਛਾਣਿਆ।
ਨਾਨਕੁ ਕਹੈ ਅਵਰੁ ਨਹੀ ਦੂਜਾ, ਸਾਚ ਸਬਦਿ ਮਨੁ ਮਾਨਿਆ। (ਪ੍ਰਭਾਤੀ ਮ:1, ਗ੍ਰੰਥ, ਪੰ:1332).

105. 'ਮਨਮੁਖ ਲਹਰਿ ਘਰੁ ਤਜਿ ਵਿਗੂਤੇ, ਅਵਰਾ ਕੇ ਘਰ ਹੇਰੈ।
ਗ੍ਰਿਹ ਧਰਮ ਗਵਾਏ ਸਤਿਗੁਰੁ ਨ ਭੇਟੈ, ਦੁਰਮਤਿ ਘੂਮਨ ਘੇਰੈ।
ਦਿਸੰਤਰੁ ਭਵੈ ਪਾਠ ਪੜਿ ਥਾਕਾ, ਤ੍ਰਿਸਨਾ ਹੋਇ ਵਧੇਰੈ।
ਕਾਚੀ ਪਿੰਡੀ ਸਬਦੁ ਨ ਚੀਨੈ, ਉਦਰੁ ਭਰੈ ਜੈਸੇ ਢੋਰੈ।1।
ਬਾਬਾ ਐਸੀ ਰਵਤ ਰਵੈ ਸੰਨਿਆਸੀ।
ਗੁਰ ਕੈ ਸਬਦਿ ਏਕ ਲਿਵ ਲਾਗੀ, ਤੇਰੈ ਨਾਮਿ ਰਤੇ ਤ੍ਰਿਪਤਾਸੀ।1।ਰਹਾਉ।
.........ਘਰਿ ਘਰਿ ਮਾਗੈ ਜਗੁ ਪਰਬੋਧੈ, ਮਨਿ ਅੰਧੈ ਪਤਿ ਹਾਰੀ।2।
............ਭਾਣੀ ਮਾਰ ਖਿਰੂਤ ਖਰਾਬੀ।4।
..........ਮੂੰਡੁ ਮੁਡਾਇ ਜਟਾ ਸਿਖ ਬਾਧੀ, ਮੋਨਿ ਰਹੈ ਅਭਿਮਾਨਾ। (ਮਨੂਆ [illegible]
ਮਨੂਆ ਡੋਲੈ ਦਹ ਦਿਸਿ ਧਾਵੈ.................।5।
.........ਬਾਧਿ ਜਲੰਧਰੁ ਸਾਧਸੀਆ ਮਨਿ, ਤ੍ਰਿਸਨਾ ਉਪਜੀ ਭਾਰੀ।
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ, ਚਿਤੁ ਲਾਇਆ ਪਰ ਨਾਰੀ।6।
(ਮਾਰੂ ਮ:1, ਗ੍ਰੰਥ, ਪੰ: 1012-13)

106. ਇਸ ਭੇਖੈ ਥਾਵਹੁ ਗਿਰਹੋ ਭਲਾ, ਜਿਥਹੁ ਕੋ ਵਰਸਾਇ।
(ਸਲੋਕ ਮ:3, ਵਡਹੰਸ ਕੀ ਵਾਰ ਮ:4, ਪਉੜੀ 4 ਨਾਲ ਸਲੋਕ, ਗ੍ਰੰਥ, ਪੰ: 587)

107. ਇਕ ਵਣਖੰਡਿ ਬੈਸਹਿ ਜਾਇ, ਸਦੁ ਨ ਦੇਵਹੀ।
ਇਕ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ।
ਇਕ ਭਸਮ ਚੜਾਵਹਿ ਅੰਗਿ, ਮੈਲੁ ਨ ਧੋਵਹੀ।
ਇਕ ਜਟਾ ਬਿਕਟ ਬਿਕਰਾਲ, ਕੁਲੁ ਘਰੁ ਖੋਵਹੀ।

(ਬਾਕੀ ਅਗਲੇ ਪੰਨੇ ਤੇ.....)

ਗੁਰੂ ਜੀ ਨੇ ਭੇਖੀ ਸੰਨਿਆਸੀਆਂ ਦਾ ਖੰਡਨ ਕਰਨ ਦੇ ਨਾਲ ਸੱਚੇ ਸੰਨਿਆਸੀ ਦੇ ਲੱਛਣ ਵੀ ਦਰਸਾਏ। ਉਨ੍ਹਾਂ ਅਨੁਸਾਰ ਆਦਰਸ਼ਕ ਸੰਨਿਆਸੀ ਉਹ ਹੈ ਜੋ ਘਰ ਛੱਡਣ ਦੀ ਬਜਾਇ ਵਿਕਾਰਾਂ ਦਾ ਪੂਰਨ ਤਿਆਗ ਕਰੇ[108] ਅਤੇ ਸਤਿਗੁਰੂ ਦੀ ਸੇਵਾ ਕਰਕੇ ਆਪਣਾ ਹੰਕਾਰ ਮਿਟਾਏ, ਮੰਗ ਕੇ ਖਾਣ ਦੀ ਬਜਾਇ ਜੋ ਮਿਲੇ ਸੋਈ ਖਾਵੇ, ਖਿਮਾ ਰੂਪੀ ਧੰਨ ਦਾ ਸੰਗ੍ਰਹਿ ਕਰੇ ਅਤੇ ਹਰੀ ਦੇ ਚਰਨਾਂ ਨਾਲ ਜੁੜਨ ਵਾਲੇ ਅਜਿਹੇ ਗ੍ਰਿਹਸਥੀ-ਸੰਨਿਆਸੀ ਦੀ ਗੁਰੂ ਜੀ ਨੇ ਪ੍ਰਸੰਸਾ ਕੀਤੀ।[109]

ਹਿੰਦੂ ਧਰਮ ਗ੍ਰੰਥਾਂ ਅਨੁਸਾਰ ਜੀਵਨ ਦੇ ਚਾਰ ਪੁਰਸ਼ਾਰਥਾਂ (ਧਰਮ, ਅਰਥ, ਕਾਮ ਤੇ ਮੋਖ) ਦੀ ਸਿੱਧੀ ਚਾਰ ਆਸ਼੍ਰਮਾਂ (ਬ੍ਰਹਮਚਰਜ, ਗ੍ਰਿਹਸਥ, ਬਾਨਪ੍ਰਸਥ ਤੇ ਸੰਨਿਆਸ) ਰਾਹੀਂ ਕਰਨ ਦਾ ਵਿਧਾਨ ਹੈ, ਪਰੰਤੂ ਆਦਿ-ਗ੍ਰੰਥ ਜਾਂ ਗੁਰੂ-ਕਾਵਿ ਵਿਚ ਪੁਰਸ਼ਾਰਥ-ਵਿਵੇਚਨ ਦਾ ਵਖਰੇ ਢੰਗ ਨਾਲ ਉਲੇਖ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਧਰਮ ਅਰਥ, ਕਾਮ ਤੇ ਮੋਖ ਅਤੇ ਮੁਕਤੀ ਦਾ ਦਾਤਾ ਪ੍ਰਭੂ ਹੈ।[110] ਨਿਰੰਜਨ ਹਰ ਦੇ ਸਿਮਰਨ ਨਾਲ ਆਸ ਪੂਰੀ ਹੋ ਜਾਣ ਉਪਰੰਤ ਇਨ੍ਹਾਂ ਸਭਨਾਂ ਦੀ ਉਹ ਬਖਸ਼ਿਸ਼ ਕਰਦਾ ਹੈ।[111] ਹਰੀ ਦੇ ਗੁਣ ਸੁਣਨ ਨਾਲ ਇਹ ਚਾਰੇ ਮਨੁਖ ਦੇ ਪਿੱਛੇ ਪਿੱਛੇ ਲਗ ਤੁਰਦੇ ਹਨ।[112] ਗੁਰੂ ਜੀ ਅਨੁਸਾਰ ਹਰੀ ਦਾ ਸਿਮਰਨ ਕਰਨ ਨਾਲ ਚਾਰੇ ਪਦਾਰਥਾਂ ਦੀ ਪ੍ਰਾਪਤੀ ਹੋ ਜਾਂਦੀ ਹੈ।[113] ਹਰੀ ਰੂਪੀ ਅਪਾਰ ਖਜ਼ਾਨੇ ਨੂੰ ਮਹਾਂਪੁਰਖਾਂ ਦੀ ਸੰਗਤ ਵਿਚ ਆਰਾਧਨ ਨਾਲ ਧਰਮ, ਅਰਥ, ਕਾਮ * ਤੇ ਮੋਖ ਮਿਲਦਿਆਂ ਦੇਰ ਨਹੀਂ ਲਗਦੀ।[114] ਜਗਤ ਦੇ ਈਸ਼ਵਰ ਦੇ ਜਾਪ ਕਰਦਿਆਂ ਹਰ ਸਮੇਂ ਸੁਚੇਤ ਰਹਿਣ ਨਾਲ ਆਨੰਦ ਤੇ ਮਨ ਇੱਕਤ

ਪਿਛਲੇ ਸਫੇ ਦੀ ਬਾਕੀ:

ਇਕ ਨਗਨ ਫਿਰਹਿ ਦਿਨ ਰਾਤ, ਨੀਦ ਨ ਸੋਵਹੀ।
ਇਕ ਅਗਨਿ ਜਲਾਵਹਿ ਅੰਗ, ਆਪ ਵਿਗੋਵਹੀ।
ਵਿਣ ਨਾਵੈ ਤਨ ਛਾਰ, ਕਿਆ ਕਹਿ ਰੋਵਹੀ।
ਸੋਹਨ ਖਸਮੁ ਦੁਆਰ, ਜਿ ਸਤਿਗੁਰ ਸੇਵਹੀ।'

(ਵਾਰ ਮਲਾਰ ਮ: 1, ਮੂ ਪਉੜੀ 15, ਉਹੀ, ਪੰ: 1284-85)

108. ਆਸ ਨਿਰਾਸੀ ਤਉ ਸੰਨਿਆਸੀ। (ਆਸਾ ਮ:1, ਉਹੀ, ਪੰ: 356)

109. ਸੋ ਸੰਨਿਆਸੀ ਜੋ ਸਤਿਗੁਰ ਸੇਵੈ, ਵਿਚਹੁ ਆਪੁ ਗਵਾਏ।
ਛਾਦਨ ਭੋਜਨ ਕੀ ਆਸ ਨ ਕਰਈ, ਅਚਿੰਤ ਮਿਲੈ ਸੋ ਪਾਏ।
ਬਕੈ ਨ ਬੋਲੈ ਖਿਮਾ * ਧਨ ਸੰਗ੍ਰਹੈ, ਤਾਮਸਿ ਨਾਮਿ ਜਲਾਏ।
ਧਨ ਗਿਰਹੀ ਸੰਨਿਆਸੀ ਜੋਗੀ, ਜਿ ਹਰਿ ਚਰਣੀ ਚਿਤੁ ਲਾਏ। (ਮਾਰੂ ਮ :1, ਉਹੀ, ਪੰ:1012-13

110. ਧਰਮ ਅਰਥ ਅਰੁ ਕਾਮ ਮੋਖ, ਮੁਕਤਿ ਪਦਾਰਥ ਨਾਥ।
ਸਗਲ ਮਨੋਰਥ ਪੂਰਿਆ, ਨਾਨਕ ਲਿਖਿਆ ਮਾਥ। (ਰਾਮਕਲੀ ਮ: 5, ਛੰਤ, ਉਹੀ, ਪੰ: 927)

111. ਅਰਥ ਧਰਮ ਕਾਮ ਮੋਖ ਕਾ ਦਾਤਾ।
ਪੂਰੀ ਭਈ ਸਿਮਰਿ ਸਿਮਰਿ ਬਿਧਾਤਾ। (ਬਿਲਾਵਲ ਛੰਤ ਮ:5, ਉਹੀ, ਪੰ:806)

112. ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ।
ਧਰਮੁ ਅਰਥੁ ਸਭੁ ਕਾਮੁ ਮੋਖੁ ਹੈ, ਜਨ ਪੀਛੈ ਲਗਿ ਫਿਰਥਈ। (ਕਲਿਆਨ ਮ:4, ਉਹੀ, ਪੰ:1320)

113. ਚਾਰਿ ਪਦਾਰਥ ਚਾਰੇ ਪਾਏ, ਗੁਰਮਤਿ ਨਾਨਕ ਹਰਿ ਭਜਹੁ।
(ਬਿਲਾਵਲ ਮ:4, ਉਹੀ, ਪੰ: 800)

114. ਸਾਧ ਸੰਗਿ ਆਰਾਧਨਾ, ਹਰਿ ਨਿਧਿ ਆਪਾਰ।
ਧਰਮ ਅਰਥ ਅਰੁ ਕਾਮ ਮੋਖ, ਦੇਤੇ ਨਹੀ ਬਾਰ।
(ਬਿਲਾਵਲ ਮ: 5, ਉਹੀ, ਪੰ: 816)

ਫਲ ਰੂਪ ਜੀਵਨ ਦੇ ਚਾਰ ਪੁਰਸ਼ਾਰਥਾਂ ਦੀ ਸਿਧੀ ਹੋ ਜਾਂਦੀ ਹੈ।[115]

ਜਿਥੋਂ ਤਕ ਸਭ ਤੋਂ ਵੱਧ ਮਹੱਤਵ ਪੂਰਨ ਪੁਰਸ਼ਾਰਥ — ਮੋਖ— ਦਾ ਸੁਆਲ ਹੈ, ਆਦਿ ਗ੍ਰੰਥ ਦੇ ਗੁਰੂ ਕਵੀਆਂ ਅਨੁਸਾਰ ਇਸ ਲਈ ਜੰਗਲਾਂ ਵਿਚ ਭਟਕਣ ਦੀ ਲੋੜ ਨਹੀਂ, ਸਤਿਗੁਰੂ ਦੀ ਕਿਰਪਾ ਨਾਲ ਪਰਿਵਾਰਕ ਜੀਵਨ ਵਿਚ ਵਿਚਰਦਿਆਂ ਹੀ ਮੋਖ-ਪ੍ਰਾਪਤੀ ਹੋ ਸਕਦੀ ਹੈ।[116]

ਇਸ ਪ੍ਰਕਾਰ ਗੁਰੂ ਗ੍ਰੰਥ ਨਿਸ਼ਕਾਮ ਪ੍ਰਵਿਰਤੀ-ਪ੍ਰਧਾਨ ਚਿੰਤਨ ਹੋਣ ਕਾਰਨ ਉਮਰ ਭਰ ਕਰਮਸ਼ੀਲ ਰਹਿੰਦਿਆਂ ਅਤੇ ਸੰਸਾਰ ਵਿਚ ਕਮਲ ਦੀ ਤਰ੍ਹਾਂ ਨਿਰਲੇਪ-ਭਾਵ ਨਾਲ ਪ੍ਰਭੂ ਉਪਾਸਨਾ ਕਰਨ ਲਈ ਉਪਦੇਸ਼ ਪ੍ਰਦਾਨ ਕਰਦਾ ਹੈ; ਵਿਸ਼ੇਸ਼ ਉਮਰ ਵਿਚ ਗ੍ਰਿਹਸਥ-ਪ੍ਰਵੇਸ਼ ਉਪਰੰਤ ਇਕ ਅਜਿਹਾ ਜੀਵਨ, ਜਿਸ ਵਿਚ ਗ੍ਰਿਹਸਥ, ਵਾਨਪ੍ਰਸਥ ਅਤੇ ਸੰਨਿਆਸ ਆਸ਼੍ਰਮਾਂ ਦੇ ਆਦਰਸ਼ਾਂ ਦਾ ਸੁਮੇਲ ਹੋਵੇ, ਜੀਣ ਦੀ ਪ੍ਰੇਰਨਾ ਗੁਰੂ ਗ੍ਰੰਥ ਦਾ ਮਨੋਰਥ ਹੈ, — ਜੀਵਨ ਦੀ ਐਸੀ ਅਵਸਥਾ ਹੋਵੇ, ਭਾਰਤੀ ਸੰਸਕਾਰ-ਦ੍ਰਿਸ਼ਟੀ ਤੋਂ ਉਹ ਕਰਮਸ਼ੀਲ ਹੋਣੀ ਚਾਹੀਦੀ ਹੈ ਅਤੇ ਗੁਰੂ ਗ੍ਰੰਥ ਸਾਡੀ ਸਾਂਸਕ੍ਰਿਤਿਕ ਧਾਰਾ ਦੀ ਹੀ ਇਕ ਵਿਸ਼ੇਸ਼ ਤਰੰਗ ਹੋਣ ਦੇ ਨਾਤੇ ਵਿਅਕਤੀ ਦੇ ਉਮਰ ਭਰ ਕਰਮਸ਼ੀਲ ਰਹਿਣ ਵਿਚ ਵਿਸ਼ਵਾਸ ਰਖਦਾ ਹੈ।[117]

<u>ਮੁਸਲਿਮ ਸਮਾਜ</u>:—

ਮੱਧ ਕਾਲ ਵਿਚ ਭਾਰਤੀ ਮੁਸਲਿਮ ਸਮਾਜ ਸ਼੍ਰੇਣੀ ਵੰਡ ਦੇ ਆਧਾਰ ਤੇ ਚਾਰ ਭਾਗਾਂ ਵਿਚ ਵਿਭਾਜਤ ਸੀ:- ਉਪਰਲੀ ਸ਼੍ਰੇਣੀ, 2. ਮਧ ਸ਼੍ਰੇਣੀ, 3. ਹੇਠਲੀ ਸ਼੍ਰੇਣੀ ਜਾਂ ਅਵਾਮਿ-ਖਲਕ, 4. ਸਭ ਤੋਂ ਹੇਠਲੀ ਸ਼੍ਰੇਣੀ, ਗੁਲਾਮ ਆਦਿਕ।

ਉਚ ਸ਼੍ਰੇਣੀ ਵਿਚ ਸ਼ਾਸਕ ਜਾਂ ਵਡੇ ਅਹੁਦਿਆਂ ਵਾਲੇ ਮਨਸਬਦਾਰ, ਅਮੀਰ, ਵਜ਼ੀਰ ਹੁੰਦੇ ਸਨ, ਜਿਨ੍ਹਾਂ ਨੂੰ ਖਾਨ, ਮਲਕ, ਅਮੀਰ ਤੇ ਸਿਪਾਹ ਸਲਾਰ ਆਦਿ ਕਿਹਾ ਜਾਂਦਾ ਸੀ। ਇਹ ਐਸ਼ ਭਰਿਆ ਜੀਵਨ ਬਿਤਾਂਦੇ ਸਨ।[118] ਇਹ ਲੋਕ ਆਪਣੇ ਧਨ ਨੂੰ ਵੱਡੀ ਗਿਣਤੀ ਵਿਚ ਰਖੇ ਨੌਕਰ ਤੇ ਨੌਕਰਾਣੀਆਂ ਵਿਸ਼ੇਸ਼ ਤੌਰ ਤੇ ਰਖੇਲਾਂ ਤੇ ਖਰਚ ਕਰ ਦਿੰਦੇ ਸਨ।[119]

ਮਧ ਸ਼੍ਰੇਣੀ ਵਿਚ ਮੁਸਲਿਮ ਵਿਦਵਾਨ, ਧਾਰਮਿਕ ਮਨੁਖ ਛੋਟੇ ਅਫ਼ਸਰ, ਸੌਦਾਗਰ ਤੇ ਵਪਾਰੀ

---

115. ਨਿਤ ਨਿਤ ਜਾਗਰਣੁ ਕਰਹੁ ਸਦਾ ਸਦਾ ਆਨੰਦੁ, ਜਪਿ ਜਗਦੀਸੋਰਾ।
ਮਨ ਇਛੇ ਫਲ ਪਾਵਹੁ ਸਭੈ ਫਲ ਪਾਵਹੁ,
ਧਰਮ ਅਰਥ ਕਾਮ ਮੋਖੁ, ਜਨ ਨਾਨਕ ਹਰਿ ਸਿਉ ਮਿਲੇ ਹਰਿ ਭਗਤ ਤੋਰਾ।
(ਸਾਰੰਗ ਮ: 4, ਗ੍ਰੰਥ, ਪੰ: 1201)

116. ੳ)ਸਤਿਗੁਰ ਕੀ ਐਸੀ ਵਡਿਆਈ। ਪੁਤ੍ਰ ਕਲਤ੍ਰ ਵਿਚੇ ਗਤਿ ਪਾਈ।
(ਧਨਾਸਰੀ ਮ:1, ਗ੍ਰੰਥ, ਪੰ:661)
ਅ)ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ, ਵਿਚੇ ਹੋਵੈ ਮੁਕਤਿ।
(ਵਾਰ ਗੂਜਰੀ ਮ:5, ਪਉੜੀ 16 ਨਾਲ ਸਲੋਕ, ਗ੍ਰੰਥ, ਪੰ:522)

117. ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰ:560-61, ਡਾ: ਮਨਮੋਹਨ ਸਹਿਗਲ।

118. Panjab un erthe Sultans, P.136, Dr. B.S.Nijjar.

119. Indian Travel of Tavernier, P-247, S.N.Sen.

ਸ਼ਾਮਿਲ ਸਨ। ਇਨ੍ਹਾਂ ਲੋਕਾਂ ਪਾਸ ਉੱਚ ਸ਼੍ਰੇਣੀ ਜਿੰਨਾ ਧਨ ਨਹੀਂ ਸੀ ਪਰੰਤੂ ਫਿਰ ਵੀ ਇਨ੍ਹਾਂ ਦਾ ਗੁਜ਼ਾਰਾ ਚੰਗਾ ਸੀ।[120] ਹਿੰਦੂਆਂ ਨਾਲੋਂ ਮਧ ਸ਼੍ਰੇਣੀ ਦੇ ਮੁਸਲਮਾਨਾਂ ਦਾ ਗੁਜ਼ਾਰਾ ਚੰਗਾ ਸੀ ਕਿਉਂਕਿ ਉਹ ਅੱਲਾ ਦੇ ਜ਼ਿਆਦਾ ਨੇੜੇ ਪੁੱਤਰ ਸਨ।[121]

ਮੁਸਲਿਮ ਸਮਾਜ ਦੀ ਹੇਠਲੀ ਸ਼੍ਰੇਣੀ ਵਿਚ ਆਮ ਲੋਕ—ਮਜ਼ਦੂਰ, ਕਿਸਾਨ, ਛੋਟੇ ਦੁਕਾਨਦਾਰ ਤੇ ਘਰੇਲੂ ਨੌਕਰ ਆਦਿ ਸਨ। ਵੇਤਨ ਥੋੜਾ ਹੋਣ ਕਰਕੇ ਇਨ੍ਹਾਂ ਦੀ ਹਾਲਤ ਚਿੰਤਾਜਨਕ ਸੀ। ਮਜ਼ਦੂਰ ਨੂੰ ਮੁਸ਼ਕਲ ਨਾਲ ਦਿਨ ਵਿਚ ਇਕ ਸਮੇਂ ਦਾ ਖਾਣਾ ਨਸੀਬ ਹੁੰਦਾ ਸੀ, ਉਨ੍ਹਾਂ ਪਾਸ ਤਨ ਢੱਕਣ ਲਈ ਲੋੜੀਂਦੇ ਕਪੜੇ ਨਹੀਂ ਸਨ, ਉਨ੍ਹਾਂ ਦਾ ਜੀਵਨ ਜੰਗਲੀ ਪਸ਼ੂਆਂ ਨਾਲੋਂ ਬਹੁਤੇ ਚੰਗਾ ਨਹੀਂ ਸੀ।[122] ਆਮ ਲੋਕਾਂ ਪਾਸ ਗੁਪਤ ਅੰਨ ਨੂੰ ਢਕ ਕੇ ਰਖਣ ਤੋਂ ਸਿਵਾਇ ਕੋਈ ਉਪਾਅ ਨਹੀਂ ਸੀ, ਜੇਕਰ ਉਨ੍ਹਾਂ ਦੇ ਅਫ਼ਸਰਾਂ ਨੂੰ ਲੋਕਾਂ ਪਾਸ ਸੰਪੱਤੀ ਦਾ ਪਤਾ ਲਗ ਜਾਂਦਾ ਤਾਂ ਆਪਣੇ ਅਧਿਕਾਰ ਨਾਲ ਜਾਂ ਜ਼ਬਰਦਸਤੀ ਖੋਹ ਲੈਂਦੇ ਸਨ।[123]

ਮੁਸਲਿਮ ਸਮਾਜ ਦੀ ਸਭ ਤੋਂ ਹੇਠਲੀ ਸ਼੍ਰੇਣੀ ਵਿਚ ਦਾਸ (ਗ਼ੁਲਾਮ) ਤੇ ਖੁਸਰੇ ਸਨ। ਦਾਸਤਾ ਮੁਗ਼ਲ ਭਾਰਤ ਵਿਚ ਸੰਸਾਰ ਦੇ ਹੋਰ ਦੇਸ਼ਾਂ ਵਾਂਗ ਇਕ ਮਾਨਤਾ-ਪ੍ਰਾਪਤ ਸੰਸਥਾ ਸੀ।[124] ਹਰ ਇਕ ਮੁਗ਼ਲ ਅਫ਼ਸਰ ਪਾਸ ਵਡੀ ਗਿਣਤੀ ਵਿਚ ਨੌਕਰ ਹੁੰਦੇ ਸਨ, ਜਿਨ੍ਹਾਂ ਨੂੰ ਬਹੁਤ ਘਟ ਵੇਤਨ ਮਿਲਦਾ ਸੀ ਪਰੰਤੂ ਉਨ੍ਹਾਂ ਨਾਲ ਹਿੰਦੂਆਂ ਨਾਲੋਂ ਬਹੁਤੇ ਚੰਗਾ ਵਿਹਾਰ ਕੀਤਾ ਜਾਂਦਾ ਸੀ।[125] ਕਈ ਲੋਕ ਸਰਕਾਰ ਦੇ ਟੈਕਸ ਨਾ ਦੇ ਸਕਣ ਦੇ ਯੋਗ ਨਾ ਹੋਣ ਕਰਕੇ ਜਾਂ ਮਹਾਂਮਾਰੀ ਫੈਲੇ ਕਾਰਣ ਆਪ ਨੂੰ ਵੇਚ ਦਿੰਦੇ ਸਨ ਜਾਂ ਆਪਣੇ ਮਾਤਾ ਪਿਤਾ ਦੁਆਰਾ ਭੋਜਨ ਖਾਤਰ ਵੇਚ ਦਿਤੇ ਜਾਣ ਕਰਕੇ ਦਾਸਤਾ ਅਖ਼ਤਿਆਰ ਕਰ ਲੈਂਦੇ ਸਨ।[126]

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਮੁਸਲਿਮ ਸਮਾਜ ਦੀ ਸ਼੍ਰੇਣੀ ਵੰਡ ਬਾਰੇ ਕਈ ਥਾਵਾਂ ਤੇ ਪ੍ਰਸੰਗ ਮਾਤਰ ਵਰਣਨ ਉਪਲੱਬਧ ਹੈ। ਉਪਰਲੀ ਸ਼੍ਰੇਣੀ ਦੇ ਵਿਲਾਸ ਭਰੇ ਜੀਵਨ ਦਾ ਗੁਰੂ ਸਾਹਿਬਾਨ ਨੇ ਖੰਡਨ ਕੀਤਾ ਹੈ।[127]

ਮਧ ਸ਼੍ਰੇਣੀ ਦੇ ਕਰਮਚਾਰੀ ਵਰਗ ਤੇ ਵਪਾਰੀ ਵਰਗ ਬਾਰੇ ਕ੍ਰਮਵਾਰ ਰਾਜਨੀਤਕ ਪੱਖ ਦੇ ਅਧਿਆਇ[128] ਅਤੇ ਇਸੇ ਅਧਿਆਇ[129] ਵਿਚ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ। ਇਸ ਲਈ ਇਥੇ ਇਨ੍ਹਾਂ ਬਾਰੇ ਦੁਹਰਾਉਣ

---

120. Punjab under the Great Mughals, P- 135, Dr. B.S.Nijjar.
121. Advanced History ofthe Punjab, P-17, Dr. G.S.Chhabra.
122. Ain.i.Akbari, Vol.I, P-88-89, Blockman.
123. Travels in India, P-296-97, J.B.Tavernier.
124. The Mughal Empire, P-394, Dr. S.M.Jaffar.
125. Advanced History of the Panjab, P-17, Dr. G.S.Chhabra.
126. India at the death of Akbar, P-266, Moreland.

127. ਵਿਸਥਾਰ ਲਈ ਵੇਖੋ: ਅਧਿਆਇ ਤੀਜਾ—ਸ਼ਾਸਨ ਪ੍ਰਬੰਧ ਅਧੀਨ 'ਸੁਲਤਾਨ ਤੇ ਕਰਮਚਾਰੀ ਵਰਗ'।
128. ਵਿਸਥਾਰ ਲਈ ਵੇਖੋ: ਉਹੀ, ਸ਼ਾਸਨ ਪ੍ਰਬੰਧ ਅਧੀਨ ਕਰਮਚਾਰੀ ਵਰਗ।
129. ਵਿਸਥਾਰ ਲਈ ਵੇਖੋ: ਇਹੋ ਅਧਿਆਇ—ਆਰਥਿਕ ਪਰਿਸਥਿਤੀਆਂ ਅਧੀਨ ਜੀਵਨ ਪੱਧਰ।

ਤੇ ਸਰੋਕ ਕੀਤਾ ਗਿਆ ਹੈ।

ਹੇਠਲੀ ਸ਼੍ਰੇਣੀ ਦੇ ਕਿਸਾਨ ਲੋਕਾਂ ਬਾਰੇ ਆਰਥਿਕ ਪਰਿਸਥਿਤੀਆਂ ਵਿਚ ਵਰਣਨ ਦੇ ਬਾਵਜੂਦ ਵੀ ਇਥੇ ਪ੍ਰਸੰਗ ਮਾਤ੍ਰ ਕਹਿਣਾ ਉਚਿਤ ਹੈ ਕਿ ਗੁਰੂ ਜੀ ਹਮੇਸ਼ਾ ਹੀ ਹੇਠਲੀ ਸ਼੍ਰੇਣੀ ਦੇ ਸਾਥੀ ਰਹੇ ਅਤੇ ਵਡਿਆਂ ਦੀ ਬਜਾਏ ਗਰੀਬ ਲੋਕਾਂ ਨੂੰ ਨਿਵਾਜਦੇ ਰਹੇ।[130]

'ਜਿਥੋਂ ਤਕ ਦਾਸ-ਪ੍ਰਥਾ ਦਾ ਸੁਆਲ ਹੈ, ਗੁਰਮਤਿ ਵਿਚ ਕੇਵਲ ਹਰੀ ਦੇ ਦਾਸ (ਗੁਲਾਮ) ਬਣਨ ਨਹੀਂ ਕਿਹਾ ਗਿਆ ਹੈ। ਪ੍ਰਭੂ-ਭਗਤ ਰਾਜ-ਸਿੰਘਾਸਨ ਤੇ ਬੈਠਕੇ ਵੀ ਹਰੀ ਦਾ ਦਾਸ ਹੈ।[131] ਗੁਰੂ ਜੀ ਨੇ ਦਾਸ ਲਈ ਫ਼ਾਰਸੀ ਦਾ ਸ਼ਬਦ 'ਲਾਲਾ' ਤੇ 'ਗੋਲਾ' ਦੀ ਵਰਤੋਂ ਕੀਤੀ ਹੈ। ਗੁਰੂ ਆਪਣੇ ਆਪ ਨੂੰ ਹਰੀ ਮਾਲਕ ਦਾ ਸਰੇ ਬਾਜ਼ਾਰ ਮੁਲ ਖਰੀਦਿਆ ਗੁਲਾਮ ਕਹਿੰਦੇ ਹਨ, ਜਿਨ੍ਹਾਂ ਦੇ ਜੀਵਨ ਦਾ ਮਨੋਰਥ ਹੀ ਸੇਵਾ ਕਰਨਾ ਹੈ।[132] ਸੇਵਕ ਜਾਂ ਦਾਸ ਲਈ ਗੁਰੂ ਜੀ ਨੇ 'ਚਾਕਰ' ਸ਼ਬਦ ਦੀ ਪ੍ਰਯੋਗ ਕੀਤਾ ਹੈ ਤੇ ਕਿਹਾ ਹੈ ਕਿ ਆਪਾ ਗਵਾ ਕੇ ਸੇਵਾ ਕਰਨ ਵਾਲਾ ਚਾਕਰ ਹੀ ਮਾਨ ਪ੍ਰਾਪਤ ਕਰ ਸਕਦਾ ਹੈ।[133] ਅਜਿਹੀ ਚਾਕਰੀ ਕਰਨੀ ਮਹਾਂ ਦੁਖਦਾਈ ਹੈ ਜਿਸ ਨਾਲ ਧਰਮ ਜਾਂਦਾ ਰਹੇ ਅਤੇ ਅਜਿਹੀ ਨੌਕਰੀ ਹੀ ਨਹੀਂ ਕਰਨੀ ਚਾਹੀਦੀ ਜਿਸ ਨਾਲ ਸੁਆਮੀ ਆਪਣੇ ਧਾਰਮਿਕ ਅਸੂਲਾਂ ਤੋਂ ਪਤਿਤ ਹੋ ਜਾਵੇ।[134] ਇਸ ਪ੍ਰਕਾਰ ਗੁਰੂ ਜੀ ਨੇ ਦਾਸ ਨੂੰ ਅਧਿਆਤਮਕ ਰੰਗਾਂ ਦੇ ਕੇ ਪੇਸ਼ ਕੀਤਾ ਹੈ। ਪਰਚੱਲਤ ਦਾਸ ਪ੍ਰਥਾ ਦੇ ਤਾਂ ਗੁਰੂ ਜੀ ਬੜੇ ਸਖਤ ਵਿਰੁੱਧ ਸਨ। ਮਾਨਵੀ ਅਧਿਕਾਰਾਂ ਨੂੰ ਦਬਾਉਣ ਵਿਰੁਧ ਹੀ ਤਾਂ ਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਦੀ ਸਥਾਪਨਾ ਕੀਤੀ ਸੀ।

'ਉਪਰੋਕਤ ਸਮਾਲੋਚਨ-ਵਿਵੇਚਨ ਤੋਂ ਸਿੱਧ ਹੁੰਦਾ ਹੈ ਕਿ ਹਿੰਦੂ ਸਮਾਜ ਵਿਚ ਵਰਣ-ਆਸ਼੍ਰਮ ਅਤੇ ਮੁਸਲਿਮ ਸਮਾਜ ਵਿਚ ਸ਼੍ਰੇਣੀ ਵੰਡ ਦੇ ਆਧਾਰ ਤੇ ਲੋਕਾਂ ਵਿਚ ਪ੍ਰਸਪਰ ਮਤਭੇਦ ਸਨ। ਪਰ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਵੀ ਬਹੁਤ ਖਿੱਚੋਤਾਣ ਸੀ, ਜਿਸ ਦਾ ਵੱਡਾ ਕਾਰਣ ਧਾਰਮਿਕ ਮਤਭੇਦ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਦੀਆਂ ਮੁਸਲਿਮ ਰਾਜ ਸਥਾਪਿਤ ਹੋਣ ਤੇ ਮੁਸਲਮਾਨਾਂ ਨੇ ਆਪਣੇ ਆਪ ਨੂੰ ਨਵੇਂ ਵਾਤਾਵਰਣ ਅਨੁਸਾਰ ਢਾਲਿਆ ਅਤੇ ਸਮਾਂ ਪੈਣ ਨਾਲ ਵਿਦੇਸ਼ੀ ਮੁਸਲਮਾਨਾਂ ਦੇ ਉੱਤਰ-ਅਧਿਕਾਰੀ ਭਾਰਤ ਨੂੰ ਆਪਣਾ ਘਰ ਹੀ ਸਮਝਣ ਲਗ ਪਏ ਸਨ ਤੇ ਇਸ ਪ੍ਰਕਾਰ ਹਿੰਦੂ ਮੁਸਲਿਮ

---

130. 'ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ।
ਨਾਨਕ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ।'
(ਸਿਰੀ ਰਾਗ ਮ: 1, ਸ਼ਬਦਾਰਥ, ਪੰ: 15)

131. ਜੇ ਤਖਤਿ ਬਹਾਲਹਿ ਤਾ ਹਰਿ ਗੁਲਾਮ। (ਗਉੜੀ ਮ: 4, ਗੁਰੀ, ਪੰ: 166)

132. ਮੁਲ ਖਰੀਦੀ ਲਾਲਾ ਗੋਲਾ, ਮੇਰਾ ਨਾਉ ਸਭਾਗਾ।
ਗੁਰ ਕੀ ਬਚਨੀ ਹਾਟਿ ਬਿਕਾਨਾ, ਜਿਤੁ ਲਾਇਆ ਤਿਤੁ ਲਾਗਾ।.....
(ਮਾਰੂ ਮ: 1, ਗੁਰੀ, ਪੰ: 991)

133. 'ਚਾਕਰੁ ਲਗੈ ਚਾਕਰੀ, ਨਾਲੇ ਗਾਰਬੁ ਵਾਦੁ।
ਗਲਾ ਕਰੇ ਘਣੇਰੀਆ, ਖਸਮ ਨ ਪਾਏ ਸਾਦੁ।
ਆਪੁ ਗਵਾਇ ਸੇਵਾ ਕਰੇ, ਤਾ ਕਿਛੁ ਪਾਏ ਮਾਨੁ।

(ਬਾਕੀ ਅਗਲੇ ਪੰਨੇ ਤੇ)

(ਰਾਗ ਆਸਾ ਮ: 1, ਪਉੜੀ 22 ਨਾਲ ਸਲੋਕ, ਗਿਜੀ, ਪੰ: 474)

ਸਮਾਜ ਦੀ ਨੀਂਹ ਰੱਖੀ ਗਈ,[135] ਅਤੇ ਹਿੰਦੂ ਤੇ ਮੁਸਲਮਾਨਾਂ ਦੇ ਸਮਾਜਕ ਤੇ ਸਭਿਆਚਾਰਕ ਸੰਬੰਧਾਂ ਦੇ ਫਲਸਰੂਪ ਅਕਬਰ ਨੂੰ ਹਿੰਦੂ ਤੇ ਮੁਸਲਮਾਨਾਂ ਦੀ ਸਾਂਝੀ ਸ਼ਕਤੀ ਨਾਲ ਲੋਹਾ ਲੈਣਾ ਪਿਆ ਅਤੇ ਅਫ਼ਗਾਨਾਂ ਦੀ ਆਖਰੀ ਲੜਾਈ (ਪਾਣੀਪਤ ਦੀ ਦੂਜੀ ਲੜਾਈ) ਇਕ ਹਿੰਦੂ ਸੈਨਾਪਤੀ, ਹੇਮੂ ਦੀ ਅਗਵਾਈ ਵਿਚ ਲੜੀ ਗਈ।[136] ਪਰ ਮੁਸਲਮਾਨ ਦਰਬਾਰ ਨੇ ਗ਼ੈਰ-ਮੁਸਲਿਮ ਭਾਰਤੀ ਜਨਤਾ ਤੇ ਬੜੇ ਅੱਤਿਆਚਾਰ ਕੀਤੇ।[137] ਇਸਲਾਮੀ ਰਾਜ ਦਾ ਮੁਖ ਮੰਤਵ ਗ਼ੈਰ ਮੁਸਲਿਮ ਜਨਤਾ ਨੂੰ ਇਸਲਾਮ ਧਾਰਨ ਕਰਵਾਉਣਾ ਸੀ।[138] ਅਕਬਰ ਦੇ ਰਾਜ ਵਿਚ ਕੁਝ ਸਮੇਂ ਲਈ ਭਾਰਤੀਆਂ ਨੂੰ ਸੁਖ ਮਿਲਣ ਤੋਂ ਬਿਨਾ ਸਾਰੇ ਮੁਗ਼ਲਕਾਲ ਵਿਚ ਹਿੰਦੂ ਦੂਜੇ ਨੰਬਰ ਦੇ ਨਾਗਰਿਕ ਸਮਝੇ ਜਾਂਦੇ ਰਹੇ। ਅਸਲ ਵਿਚ ਧਰਮ ਦੇ ਮਤ ਭਾਵਾਂ ਨੇ ਹੀ ਇਕ ਦੂਜੇ ਨੂੰ ਜਾਨੀ ਦੁਸ਼ਮਣ ਬਣਾਇਆ ਹੋਇਆ ਸੀ। ਗੁਰੂ ਸਾਹਿਬਾਨ ਨੇ ਹਿੰਦੂ ਮੁਸਲਮਾਨਾਂ ਦੀ ਸਮਾਜਕ ਵਿੱਥ ਨੂੰ ਖ਼ਤਮ ਕਰਨ ਲਈ ਆਪਣੇ ਰਾਹਿ ਵਾਕਾਂ ਤੇ ਆਪਣੀ ਪ੍ਰਚਾਰਨਾਂ ਦੁਆਰਾ ਮੇਲ ਮਿਲਾਵਣੀ ਪ੍ਰਯਾਸ ਕੀਤਾ। ਅਸਲ ਵਿਚ ਗੁਰੂ ਜੀ ਵਰਣ-ਰਹਿਤ ਅਤੇ ਜ਼ਾਤੀ-ਰਹਿਤ ਸਮਾਜ ਦੇ ਹੱਕ ਵਿਚ ਸਨ।

<u>ਪਰਿਵਾਰ</u> : ਭਾਰਤੀ ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਹੈ, ਇਸ ਦੀ ਆਰੰਭਿਕਤਾ ਗ੍ਰਿਹਸਥ ਆਸ਼੍ਰਮ ਹੈ। ਪਰਿਵਾਰ ਰਕਤ ਤੇ ਵੰਸ਼ਕ ਸੰਬੰਧ ਦੁਆਰਾ ਨਿਸ਼ਚਿਤ ਵਿਅਕਤੀਆਂ ਦਾ ਉਹ ਸਮੂਹ ਹੈ ਜਿਸ ਵਿਚ ਪਤੀ-ਪਤਨੀ, ਮਾਤਾ-ਪਿਤਾ, ਪੁੱਤਰ-ਧੀ, ਭੈਣ-ਭਰਾ ਆਦਿ ਦਾ ਇਕੱਠੇ ਰਹਿ ਕੇ ਸਾਂਝੀ ਸੰਸਕ੍ਰਿਤੀ ਨੂੰ ਕਾਇਮ ਰਖਣਾ ਹੁੰਦਾ ਹੈ।[139]

ਕੁਝ ਵਿਦਵਾਨ ਪਤੀ ਤੇ ਪਤਨੀ ਦੇ ਸਥਾਈ ਮੇਲ ਜੋਲ ਨੂੰ ਪਰਿਵਾਰ ਮੰਨਦੇ ਹਨ,[140] ਬੱਚਿਆਂ ਦਾ ਹੋਣਾ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨਾ ਪਰਿਵਾਰ ਦਾ ਮੁਖ ਮਕਸਦ ਹੈ।[141] ਅਸਲ ਵਿਚ ਪਰਿਵਾਰ ਬੱਚਿਆਂ ਦੇ ਪਾਲਣ ਪੋਸ਼ਣ, ਸੰਸਕਾਰ, ਆਚਾਰ-ਵਿਹਾਰ ਆਦਿ ਦਾ ਅਧਾਰ ਹੈ। ਇਸ ਦੁਆਰਾ ਸਮਾਜ ਦੀ ਸਾਂਸਕ੍ਰਿਤਕ ਵਿਰਾਸਤ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਜਾਂਦੀ ਹੈ। ਵਿਅਕਤੀ ਦੀ ਸਮਾਜਕ ਮਰਿਆਦਾ ਬਹੁਤ ਕੁਝ ਪਰਿਵਾਰ ਦੁਆਰਾ ਹੀ ਨਿਰਧਾਰਿਤ ਹੁੰਦੀ ਹੈ। ਨਰ ਨਾਰੀ ਦੀ ਕਾਮ-ਰੁਚੀ ਦੀ ਪੂਰਤੀ ਵੀ ਮੁਖ ਰੂਪ ਵਿਚ ਪਰਿਵਾਰ ਦੇ ਘੇਰੇ ਵਿਚ ਹੀ ਹੁੰਦੀ ਹੈ।[142]

---

134. ਕਾਮਣੀ ਵਿਡਾਣੀ ਖਰੀ ਦੁਖਾਲੀ, ਆਪੁ ਵੇਚਿ ਧਰਮੁ ਗਵਾਏ। (ਗਉੜੀ ਮ:3, ਛੰਤ, [illegible], ਪੰ:246)
135. Glimpses of Medieval Indian Culture, P-102, Yusuf Husain
136. Life and Conditions of the People of Hindustan, P-93, K.M. Ashraf.
137. ਵਿਸਤਾਰ ਲਈ ਦੇਖੋ: ਅਤਿਆਚਾਰਿ ਤੀਜਾ — ਰਾਜਨੀਤਕ ਵਿਸ਼ਲੇਸ਼ਣ।
138. History of Aurangzeb, III, P. 249, J.N. Sarkar.
139. The Family is a group of persons united by the ties of marriage blood and adoption constituting a single household, interacting & inter communicating with each other in their respective role of husb-and-wife, father and mother, son & daughter, Brother & sister creating and maintaining a common culture.
    ---The Family from Institution to companionship, P-8, Burgess & Lock
140. Family is more or less durable association of husband & wife with or without children.
    ---A Hand book of Sociology, P-459, William F. Ogburn & Meyer F. Nimkoff.

(Contd......)

ਭਾਰਤ ਪਿੰਡਾਂ ਦਾ ਦੇਸ਼ ਹੈ। ਪਿੰਡਾਂ ਵਾਲੇ ਦੇਸ਼ਾਂ ਵਿਚ ਪਰਿਵਾਰ ਘਰੇਲੂ ਜੀਵਨ ਦੀ ਮੁਖ ਸੰਸਥਾ ਹੁੰਦੀ ਹੈ, ਜਿਸ ਦਾ ਮੰਦਰ ਤੇ ਰਾਜ (Church & State) ਨਾਲੋਂ ਵੀ ਡੂੰਘਾ ਗੂੜਨਾ ਹੈ।[143] ਖੇਤੀ ਦੀ ਪੈਦਾਵਾਰ ਕਰਨ ਵਿਚ ਪਰਿਵਾਰ ਦਾ ਹਰ ਇਕ ਜੀਅ ਆਪਣਾ ਵਿਸ਼ੇਸ਼ ਹਿੱਸਾ ਪਾਉਂਦਾ ਹੈ ਤੇ ਇਸ ਪ੍ਰਕਾਰ ਆਰਥਿਕ ਵਿਵਸਥਾ ਨੂੰ ਚੰਗੇਰੀ ਬਣਾਉਣ ਵਿਚ ਸਹਾਇਕ ਹੁੰਦਾ ਹੈ।[144]

ਮੱਧਕਾਲ ਵਿਚ ਹਿੰਦੂ ਤੇ ਮੁਸਲਿਮ ਦੋਨੋਂ ਸਮਾਜ ਲੜਕੀ ਨਾਲੋਂ ਲੜਕੇ ਨੂੰ ਪਹਿਲ ਦਿੰਦੇ ਸਨ ਤੇ ਲੜਕਿਆਂ ਵਿਚੋਂ ਜੇਠੇ ਪੁੱਤਰ ਦਾ ਵਧੇਰੇ ਹੱਕ ਸਮਝਿਆ ਜਾਂਦਾ ਸੀ।[145]

ਪਰਿਵਾਰ ਵਿਚ ਇਸਤਰੀ ਦਾ ਸਥਾਨ ਬਹੁਤ ਮਹੱਤਵ ਪੂਰਨ ਹੁੰਦਾ ਹੈ, ਪਰੰਤੂ ਮਧਕਾਲੀਨ ਇਸਤਰੀ ਦੀ ਹਾਲਤ ਬਹੁਤ ਤਰਸਯੋਗ ਸੀ। ਗੁਰੂ ਕਵੀਆਂ ਨੇ ਇਸਤਰੀ ਨੂੰ ਸਦੀਆਂ ਤੋਂ ਖੋਹਿਆ ਮਾਨ ਦਿਵਾਉਣ ਲਈ ਭਰਪੂਰ ਪ੍ਰਯਤਨ ਕੀਤੇ।[146]

ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਮਧਕਾਲੀਨ ਪਰਿਵਾਰ-ਵਿਵਸਥਾ ਬਾਰੇ ਵਿਸ਼ੇਸ਼ ਜਾਣਕਾਰੀ ਉਪਲੱਬਧ ਹੈ। ਪਰਿਵਾਰ ਦਾ ਮੁਖ ਮੰਤਵ ਇਸਤਰੀ ਤੇ ਪੁਰਖ ਦਾ ਪਰਸਪਰ ਪ੍ਰੇਮ ਆਰਥਿਕ ਹਿੱਤਾਂ ਦੀ ਪੂਰਤੀ ਦੇ ਉਦੇਸ਼ ਤੇ ਆਧਾਰਿਤ ਸੀ।। ਟਕੀਆਂ ਖੋਟੀ ਤੋਂ ਬਿਨਾ ਮਨੁੱਖ ਦੀ ਕੋਈ ਕਦਰ ਨਹੀਂ ਸੀ।[147] ਇਸਤਰੀ ਤੇ ਪੁਰਖ ਮੰਦੇ ਵਿਸ਼ਿਆਂ ਵਾਲੇ ਮੋਹ ਤੋਂ ਉਪਰ ਨਹੀਂ ਸਨ ਉਠ ਸਕੇ।[148] ਰਾਮ ਨਾਮ ਦੀ ਜੁਗਤੀ ਨੂੰ ਛੱਡ ਕੇ ਉਹ ਕਾਮ ਕ੍ਰੀੜੀ ਵਿਚ ਲੀਨ ਸਨ, ਉਹ ਮਾਂ, ਪਿਤਾ, ਪੁੱਤਰ ਤੇ ਭਰਾ ਦੇ ਮੋਹ ਮਾਇਆ ਵਿਚ ਡੁਬ ਹੋਏ ਸਨ ਜਾਂ ਫਿਰ ਘਰ ਵਾਲਾ ਇਸਤਰੀ ਤੇ ਪੁੱਤਰ ਦੇ ਮੋਹ ਵਿਚ ਫਸਿਆ ਦੇਸ਼ਾਂ ਪ੍ਰਦੇਸ਼ਾਂ ਵਿਚੋਂ ਧਨ ਚੁਰਾ ਕੇ ਘਰਦਾ ਧਨ ਕਣ ਲਦਕੇ ਉਨ੍ਹਾਂ ਨੂੰ ਲਿਆ ਕੇ ਦਿੰਦਾ ਸੀ, ਪਰੰਤੂ ਗੁਰੂ ਜੀ ਅਜਿਹੇ ਮੋਹ ਨੂੰ ਲਾਹਨਤ ਪਾਉਂਦੇ ਹਨ, ਜਿਸ ਨਾਲ ਆਖੀਰ ਮਨੁਖ ਨੂੰ ਦੁਖ ਦੀ ਪ੍ਰਾਪਤੀ ਹੁੰਦੀ ਹੈ, ਕਿਉਂਕਿ

---

141. The Family is a group defined by a sex relationship sufficiently precise and enduring to provide for the procreation & upbringing of Children.--'Society, P-2[illegible]8, R.M. McIver & C.H. page.
142. ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰ: 561, ਡਾ: ਮਨਮੋਹਨ ਸਹਿਗਲ।
143. Life & Conditions of the people of Hindustan, P-164, K.M. Ashraf.
144. ਉਹੀ, ਪੰ: 164.
145. ਉਹੀ, ਪੰ: 165.
146. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ 'ਇਸਤਰੀ ਦਾ ਸਥਾਨ'।
147. ਇਸਤਰੀ ਪੁਰਖੈ ਖਟਿਐ ਭਾਉ, ਭਾਵੈ ਆਵਉ, ਭਾਵੈ ਜਾਉ।'
(ਸਲੋਕ ਮ: 1, ਵਾਰ ਰਾਮਕਲੀ ਮ: 3, ਪਉੜੀ 11 ਨਾਲ ਸਲੋਕ, ਗ੍ਰੰਥ:, ਪੰ: 951)
148. ਇਸਤਰੀ ਪੁਰਖੈ ਅਤਿ ਨੇਹੁ, ਬਹਿ ਮੰਦ ਪਕਾਇਆ।
(ਸਾਰੰਗ ਕੀ ਵਾਰ ਮ: 4, ਪਉੜੀ 33, ਉਹੀ, ਪੰ: 1250)
149. ਇਸਤਰੀ ਪੁਰਖ ਕਾਮਿ ਵਿਆਪੇ ਜੀਉ, ਰਾਮ ਨਾਮ ਕੀ ਬਿਧਿ ਨਹੀ ਜਾਣੀ।
ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ, ਡੂਬਿ ਮੁਏ ਬਿਨੁ ਪਾਣੀ।
(ਗਉੜੀ ਮ: 3, ਉਹੀ, ਪੰ: 245-46)

ਇਹ ਮੋਹ ਜੀਵ ਆਤਮਾ ਨੂੰ ਅੰਤ ਵੇਲੇ ਛੁੜਾ ਨਹੀਂ ਸਕਦਾ।[150]

ਇਸ ਤੋਂ ਇਲਾਵਾ ਸਭ ਰਿਸ਼ਤੇਦਾਰ ਤੇ ਮਿੱਤਰ ਪਿਆਰੇ ਵੀ ਕੇਵਲ ਮਨੁੱਖ ਦੇ ਸੁਖ ਵੇਲੇ ਦੇ ਸੰਗੀ ਹੁੰਦੇ ਸਨ, ਮੁਸ਼ਕਿਲ ਵੇਲੇ ਉਹ ਸਭੇ ਦੇ ਸਭੇ ਉਸਦਾ ਸਾਥ ਛਡ ਜਾਂਦੇ ਸਨ। ਇਸ ਪ੍ਰਕਾਰ ਉਹ ਕੇਵਲ ਆਪਣੇ ਸੁਆਰਥ ਦੀ ਪੂਰਤੀ ਲਈ ਉਸ ਨਾਲ ਪ੍ਰੇਮ ਕਰਦੇ ਸਨ[151] ਮਨੁੱਖ ਦੇ ਜੀਂਦੇ ਜੀਅ ਜਦੋਂ ਤਕ ਮਾਤਾ, ਪਿਤਾ, ਭਰਾ, ਪੁੱਤ, ਰਿਸ਼ਤੇਦਾਰ ਅਤੇ ਘਰ ਵਾਲੀ ਦਾ ਸੁਆਰਥ ਪੂਰਾ ਹੁੰਦਾ ਰਹਿੰਦਾ ਸੀ, ਉਦੋਂ ਤਕ ਤਾਂ ਠੀਕ, ਪਰੰਤੂ ਮਨੁਖ ਦੇ ਮਰ ਉਪਰੰਤ ਸਭ ਦਾ ਸੁਆਰਥ ਸਮਾਪਤ ਹੋ ਜਾਂਦਾ ਹੈ, ਇਸ ਲਈ ਉਸ ਦੀ ਲਾਸ਼ ਨੂੰ ਪ੍ਰੇਤ ਦੀ ਸੰਗਿਆ ਦੇ ਕੇ ਘੜੀ ਘੜੀ ਵੀ ਘਰ ਨਹੀਂ ਰਖਦੇ ਸਨ।[152] ਗੁਰੂ ਜੀ ਨੇ ਇਸ ਝੂਠੇ ਨੇਹੁ ਪ੍ਰਤੀ ਦੁਖ ਪਰਗਟ ਕਰਦਿਆਂ ਕਿਹਾ ਹੈ ਕਿ ਇਸ ਵਿਚ ਫਸ ਕੇ ਮਨੁੱਖ ਨੇ ਦੀਨਾ ਨਾਥ ਅਤੇ ਭੈ-ਭੰਜਨ ਪ੍ਰਭੂ ਨੂੰ ਵਿਸਾਰ ਦਿੱਤਾ ਹੈ।[153]

---

150. ਇਸਤਰੀ ਪੁਰਖੈ ਬਹੁ ਪ੍ਰੀਤਿ, ਮਿਲਿ ਮੋਹ ਵਧਾਇਆ।
ਪੁਤ੍ਰ ਕਲਤ੍ਰ ਨਿਤ ਵੇਖੈ ਵਿਗਸੈ, ਮੋਹਿ ਮਾਇਆ।
ਦੇਸ ਪਰਦੇਸਿ ਧਨੁ ਚੋਰਾਇ, ਆਣਿ ਮੁਹਿ ਪਾਇਆ।
ਅੰਤ ਹੋਵੈ ਵੈਰ ਵਿਰੋਧੁ, ਕੋ ਸਕੈ ਨ ਛਡਾਇਆ।
ਨਾਨਕ ਵਿਣੁ ਨਾਵੈ ਧ੍ਰਿਗੁ ਮੋਹੁ, ਜਿਤੁ ਲਗਿ ਦੁਖੁ ਪਾਇਆ।'
(ਸਾਰੰਗ ਕੀ ਵਾਰ ਮ:3, ਪਉੜੀ 32, ਉਹੀ, ਪੰ: 1249-50)

151. ੳ)ਇਹ ਜਗੁ ਮੀਤੁ ਨ ਦੇਖਿਓ ਕੋਈ।
ਸਗਲ ਜਗਤੁ ਅਪਨੈ ਸੁਖਿ ਲਾਗਿਓ, ਦੁਖ ਮੈ ਸੰਗਿ ਨ ਹੋਈ।1।ਰਹਾਉ।
ਦਾਰਾ ਮੀਤ ਪੂਤ ਸਨਬੰਧੀ, ਸਗਰੇ ਧਨ ਸਿਉ ਲਾਗੇ।
ਜਬ ਹੀ ਨਿਰਧਨ ਦੇਖਿਓ ਨਰ ਕਉ, ਸੰਗੁ ਛਾਡਿ ਸਭ ਭਾਗੇ।
(ਸੋਰਠਿ ਮ: 9, ਉਹੀ, ਪੰ: 633)

ਅ) ਪ੍ਰੀਤਮ ਜਾਨਿ ਲੇਹੁ ਮਨ ਮਾਹੀ।
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ, ਕੋ ਕਾਹੂ ਕੋ ਨਾਹੀ।1।ਰਹਾਉ।
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ, ਰਹਤ ਚਹੂ ਦਿਸਿ ਘੇਰੈ।
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ, ਕੋਊ ਨ ਆਵਤ ਨੇਰੈ। (ਸੋਰਠਿ ਮ:9, ਉਹੀ, ਪੰ:634)

152. ੳ)ਸਭ ਕਿਛੁ ਜੀਵਤ ਕੋ ਬਿਵਹਾਰ।
ਮਾਤ ਪਿਤਾ ਭਾਈ ਸੁਤ ਬੰਧਪ, ਅਰ ਫੁਨਿ ਗ੍ਰਿਹ ਕੀ ਨਾਰਿ।1।ਰਹਾਉ।
ਤਨ ਤੇ ਪ੍ਰਾਨ ਹੋਤ ਜਬ ਨਿਆਰੇ, ਟੇਰਤ ਪ੍ਰੇਤਿ ਪੁਕਾਰਿ।
ਆਧ ਘਰੀ ਕੋਊ ਨਹਿ ਰਾਖੈ, ਘਰ ਤੇ ਦੇਤਿ ਨਿਕਾਰਿ।
(ਦੇਵ ਗੰਧਾਰੀ ਮ:9, ਉਹੀ, ਪੰ: 536)

ਅ)ਪੁਤ੍ਰ ਕਲਤ੍ਰ ਗ੍ਰਿਹ ਬਨਿਤਾ, ਮਾਇਆ ਸਨਬੰਧੇਹੀ।
ਅੰਤ ਕੀ ਬਾਰ ਕੋ ਖਰਾ ਨ ਹੋਸੀ, ਸਭ ਮਿਥਿਆ ਅਸਨੇਹੀ।
(ਸੋਰਠਿ ਮ:5, ਉਹੀ, ਪੰ:609)

ੲ) ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ, ਸਦਾ ਰਹਤ ਸੰਗ ਲਾਗੀ।
ਜਬ ਹੀ ਹੰਸ ਤਜੀ ਇਹ ਕਾਂਇਆ, ਪ੍ਰੇਤ ਪ੍ਰੇਤ ਕਰਿ ਭਾਗੀ। (ਸੋਰਠਿ ਮ:9, ਉਹੀ, ਪੰ:634)

153. ਕਹਉ ਕਹਾ ਬਿਆ ਮਨ ਬਉਰੇ ਕਉ, ਇਨ ਸਿਉ ਨੇਹੁ ਲਗਾਇਓ।
ਦੀਨਾਨਾਥ ਸਕਲ ਭੈ ਭੰਜਨ, ਜਸੁ ਤਾਕੋ ਬਿਸਰਾਇਓ। (ਸੋਰਠਿ ਮ: 9, ਉਹੀ, ਪੰ:633)

ਗੁਰੂ ਜੀ ਨੇ ਆਦਰਸ਼ਕ ਪਰਿਵਾਰਕ ਜੀਵਨ ਨੂੰ ਬਹੁਤ ਮਹਾਨਤਾ ਦਿੱਤੀ, ਜਿਸ ਦਾ ਵਰਣਨ ਹਿੰਦੂ ਸਮਾਜ ਦੇ ਅਧੀਨ ਆਸ਼੍ਰਮ ਵਿਵਸਥਾ ਵਿਚ ਕੀਤਾ ਜਾ ਚੁਕਿਆ ਹੈ।

ਹਰ ਪਰਿਵਾਰ ਦੀ ਸੰਸਥਾ ਵਿਚ ਕੁਝ ਵਿਸ਼ੇਸ਼ ਸੰਸਕਾਰ ਕੀਤੇ ਜਾਂਦੇ ਹਨ, ਜੋ ਉਸ ਦੀ ਵਿਲੱਖਣਤਾ ਦਰਸਾਉਂਦੇ ਹਨ। ਹੁਣ ਅਸੀਂ ਕ੍ਰਮਵਾਰ ਮੱਧਕਾਲੀਨ ਹਿੰਦੂ ਤੇ ਮੁਸਲਿਮ ਪਰਿਵਾਰਾਂ ਦੇ ਸੰਸਕਾਰਾਂ ਦਾ ਸੰਖੇਪ ਵਰਣਨ ਕਰਨ ਉਪਰੰਤ ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਉਨ੍ਹਾਂ ਉਪਰ ਕੀਤੀ ਗਈ ਆਲੋਚਨਾ ਅਤੇ ਗੁਰੂ ਕਵੀਆਂ ਦੇ ਆਪਣੇ ਮੱਤ ਦਾ ਵਿਵੇਚਨ ਕਰਾਂਗੇ।

ਹਿੰਦੂ ਪਰਿਵਾਰ ਵਿਚ ਲੜਕੇ ਦੇ ਜਨਮ ਤੇ ਬਹੁਤ ਖੁਸ਼ੀਆਂ ਦਾ ਪ੍ਰਗਟਾਵਾ ਕੀਤਾ ਜਾਂਦਾ ਸੀ। ਮੁੰਡਨ ਸੰਸਕਾਰ ਉਪਰੰਤ 5 ਸਾਲ ਦੀ ਆਯੂ ਵਿਚ ਬੱਚੇ ਨੂੰ ਪੜ੍ਹਨੇ ਪਾਇਆ ਜਾਂਦਾ ਸੀ। ਬਚਪਣ ਦਾ ਆਖਰੀ ਸੰਸਕਾਰ ਜਨੇਊ (ਉਪਨਯਨ) ਦਾ ਸੀ ਜੋ ਸ਼ੂਦਰ ਨੂੰ ਛੱਡ ਕੇ ਸਭ ਵਰਣਾਂ ਵਿਚ ਪਾਇਆ ਜਾਂਦਾ ਸੀ।[154] ਇਸ ਤੋਂ ਅਗਲੇ ਵਿਆਹ ਸੰਸਕਾਰ ਦਾ ਵਰਣਨ ਅਲੱਗ ਕੀਤਾ ਗਿਆ ਹੈ।[155] ਮੌਤ ਸਮੇਂ ਕਈ ਪ੍ਰਕਾਰ ਦੇ ਸੰਸਕਾਰ ਕੀਤੇ ਜਾਂਦੇ ਸਨ, ਜਿਵੇਂ ਮਰਨ ਤੋਂ ਪਹਿਲਾਂ ਹੀ ਉਸ ਨੂੰ ਮੰਜੇ ਤੋਂ ਹੇਠਾਂ ਉਤਾਰਨਾ, ਮ੍ਰਿਤਕ ਦਾ ਸਿਰ ਉੱਤੇ ਤੇ ਪੈਰ ਦੱਖਣ ਵੱਲ ਕਰਨੇ, ਲਾਸ਼ ਤੇ ਗੰਗਾ ਜਲ ਦਾ ਛਿੜਕਣਾ, ਮ੍ਰਿਤਕ ਦੇ ਮੱਥੇ ਤੇ ਉਸ ਦੇ ਵਰਣ ਦਾ ਤਿਲਕ ਲਗਾਉਣਾ, ਮ੍ਰਿਤਕ ਨੂੰ ਅਰਥੀ ਤੇ ਪਾ ਕੇ ਦਾਹ ਸੰਸਕਾਰ ਲਈ ਲਿਜਾਣਾ, ਉਸ ਦੀਆਂ ਅਸਥੀਆਂ ਚੁਣ ਕੇ ਗੰਗਾ ਨਦੀ ਵਿਚ ਪ੍ਰਵਾਹ ਕਰਨ ਲਈ ਭੇਜਣੀਆਂ, ਦਸ ਦਿਨ ਘਰ ਨੂੰ ਅਪਵਿੱਤਰ ਸਮਝਣਾ, ਮ੍ਰਿਤਕ ਦੀ ਆਤਮਾ ਨੂੰ ਖੁਰਾਕ ਦੇ ਸਾਧਨ ਲਈ ਸਰਾਧ ਕਰਨਾ ਆਦਿ।[156] ਪਰਿਵਾਰ ਦੇ ਮੁਖੀਏ ਦੇ ਮਰਨ ਤੇ ਪਰਿਵਾਰ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਉੱਚੀ ਉੱਚੀ ਰੋਣ ਤੇ ਸਿਆਪੇ ਰਾਹੀਂ ਕੀਤਾ ਜਾਂਦਾ ਸੀ। ਕਈ ਦਿਨ ਕਈ ਮਹੀਨੇ ਤੇ ਕਈ ਵਾਰ ਸਾਰਾ ਸਾਲ ਹੀ ਸੋਗ ਕੀਤਾ ਜਾਂਦਾ ਸੀ।[157] ਪੁਰਸ਼ ਦੇ ਮਰਨ ਉਪਰੰਤ ਉਸ ਦੀ ਇਸਤਰੀ ਅਥਵਾ ਇਸਤਰੀਆਂ ਵਿਚ ਸਤੀ-ਪ੍ਰਥਾ ਪ੍ਰਚੱਲਤ ਸੀ।[158]

ਮੁਸਲਿਮ ਪਰਿਵਾਰ ਵਿਚ ਵੀ ਜਨਮ ਤੋਂ ਮਰਨ ਤਕ ਕਈ ਸੰਸਕਾਰ ਕੀਤੇ ਜਾਂਦੇ ਸਨ,[159] ਜਿਨ੍ਹਾਂ ਵਿਚੋਂ ਪ੍ਰਮੁਖ ਸੰਸਕਾਰਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ:-

ਮੁਸਲਿਮ ਪਰਿਵਾਰ ਦੇ ਪਹਿਲੇ ਸੰਸਕਾਰ ਨੂੰ 'ਸਤਵਾਂ' ਕਹਿੰਦੇ ਹਨ, ਜੋ ਗਰਭਵਤੀ ਇਸਤਰੀ ਦੇ ਸਤਵੇਂ ਮਹੀਨੇ ਵਿਚ ਕੀਤਾ ਜਾਂਦਾ ਸੀ, ਜਿਸ ਵਿਚ ਆਉਣ ਵਾਲੇ ਬੱਚੇ ਦੇ ਜਨਮ ਸੰਬੰਧੀ

---

154. ੳ) Life & conditions of the people of Hindustan, P-178, K.M. Ashraf.
ਅ) ਵਿਸਥਾਰ ਲਈ ਵੇਖੋ: ਅਧਿਆਇ ਪੰਜਵਾਂ—ਹਿੰਦੂ ਧਰਮ।
155. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ 'ਵਿਆਹ'।
156. Life & conditions of the people of Hindustan, P-183-84, K.M. Ashrs
157. ਉਹੀ, ਪੰ: 184.
158. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ 'ਇਸਤਰੀ ਦਾ ਸਥਾਨ'।
159. Life and conditions ofthe people of Hindustan, P-177-85, K.M. Ash af

ਗੀਤ ਗਾਏ ਜਾਂਦੇ ਸਨ। ਬੱਚੇ ਦੇ ਜਨਮ ਦੀ ਸਤਵੀਂ ਰਾਤ ਨੂੰ 'ਅਕੀਕਾ ਸੰਸਕਾਰ', ਚਾਲੀਵੇਂ ਦਿਨ 'ਚਿੱਲਾ ਸੰਸਕਾਰ', ਬੱਚੇ ਦੀ 4 ਸਾਲ, 4 ਮਹੀਨੇ ਤੇ 4 ਦਿਨ ਦੀ ਉਮਰ ਹੋਣ ਤੇ ਉਸ ਨੂੰ ਮੁੱਲਾਂ ਪਾਸ 'ਮਕਤਬ' ਵਿਚ ਪੜ੍ਹਨੇ ਪਾਉਣ ਲਈ 'ਬਿਸਮਿੱਲਾ ਸੰਸਕਾਰ', ਅਤੇ ਪੰਜ ਤੋਂ ਸੱਤ ਸਾਲ ਦੇ ਵਿਚਕਾਰ ਕਿਸੇ ਸਮੇਂ ਬਾਲਕ ਦਾ 'ਸੁੰਨਤ ਸੰਸਕਾਰ' ਕੀਤਾ ਜਾਂਦਾ ਸੀ।[160] 'ਨਿਕਾਹ' ਸੰਸਕਾਰ (ਵਿਆਹ ਨਾਲ ਸੰਬੰਧਤ) ਦਾ ਵਰਣਨ ਅਲੱਗ ਕੀਤਾ ਗਿਆ ਹੈ।[161] 'ਮਿਰਤ ਸੰਸਕਾਰ' ਵਿਅਕਤੀ ਦੀ ਮੌਤ ਹੋ ਜਾਣ ਤੇ ਕੀਤਾ ਜਾਂਦਾ ਸੀ। ਮ੍ਰਿਤਕ ਨੂੰ ਇਸ਼ਨਾਨ ਕਰਵਾਉਣ ਉਪਰੰਤ ਨਵੀਂ ਚਾਰਪਾਈ ਤੇ ਲਿਟਾ ਕੇ ਚਾਦਰ ਨਾਲ ਢੱਕ ਦਿੱਤਾ ਜਾਂਦਾ ਸੀ। ਉਪਰੰਤ ਮਸਜਿਦ ਵਿਚ ਜਿਨਾਜ਼ਾ ਕੇ ਦਫ਼ਨਾ ਦਿੱਤਾ ਜਾਂਦਾ ਸੀ।[162] ਪ੍ਰੇਤ ਦੇ ਮੁੱਖ ਦੇ ਨਾਲ ਰਸਮ ਹੋਣ ਤੋਂ ਫ਼ਜ਼ੀਲ ਮੇਲ ਕੀਤਾ ਜਾਂਦਾ ਸੀ। ਸੁਲਤਾਨ ਦੀ ਮੌਤ ਸਰਕਾਰੀ ਤੌਰ ਤੇ ਤਿੰਨ ਦਿਨਾਂ ਲਈ ਰਾਜਧਾਨੀ ਵਿਚ ਮਨਾਈ ਜਾਂਦੀ ਸੀ।[163] ਇਸ ਤੋਂ ਇਲਾਵਾ 'ਸਿਊਮ', 'ਚਾਲੀਸਾਂ', ਅਤੇ 'ਬਰਸੀ' ਆਦਿ ਮੁਸਲਿਮ ਮ੍ਰਿਤਕ ਸੰਸਕਾਰਾਂ ਵਿਚ ਸ਼ਾਮਿਲ ਸਨ।

ਹਰ ਇਕ ਮੁਸਲਿਮ ਪਰਿਵਾਰ ਆਮ ਤੌਰ ਤੇ ਇਨ੍ਹਾਂ ਸੰਸਕਾਰਾਂ ਨੂੰ ਕਰਨਾ ਆਪਣਾ ਮੁੱਖ ਕਰਤੱਵ ਸਮਝਦਾ ਸੀ। ਹੁਣ ਤਕ ਵੀ ਮੁਸਲਮਾਨ ਇਸੇ ਤਰ੍ਹਾਂ ਸੰਸਕਾਰ ਕਰਦੇ ਚਲੇ ਆ ਰਹੇ ਹਨ। ਇਸੇ ਲਈ ਮੁਸਲਿਮ ਪਰਿਵਾਰਾਂ ਨੂੰ ਮੁੱਖ ਤੌਰ ਤੇ ਪਰੰਪਰਾ ਵਾਲੇ ਪਰਿਵਾਰ ਕਿਹਾ ਜਾਂਦਾ ਹੈ।[164]

ਆਦਿ ਗ੍ਰੰਥ ਵਿਚ ਪਰਿਵਾਰ ਦੇ ਜਿਨ੍ਹਾਂ ਸੰਸਕਾਰਾਂ ਦਾ ਉਲੇਖ ਕੀਤਾ ਗਿਆ ਹੈ, ਉਸ ਦਾ ਵਰਣਨ ਇਸ ਪ੍ਰਕਾਰ ਹੈ:

ਗੁਰਮਤਿ ਅਨੁਸਾਰ ਪਰਿਵਾਰ ਵਿਚ ਬੱਚੇ ਦੇ ਜਨਮ ਨੂੰ ਚੰਗਾ ਸਮਝਿਆ ਜਾਂਦਾ ਹੈ, ਕਿਉਂਕਿ ਇਸ ਨਾਲ ਖ਼ਾਨਦਾਨ ਦਾ ਸਿਲਸਿਲਾ ਤੁਰਦਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਦੇ ਜਨਮ ਤੇ ਇਸ ਦਾਤ ਲਈ ਗੁਰੂ ਅਰਜਨ ਦੇਵ ਜੀ ਨੇ ਇਕ ਸ਼ਬਦ ਰਾਹੀਂ ਗੁਰੂ ਨਾਨਕ ਦਾ ਧੰਨਵਾਦ ਕੀਤਾ।[165]

ਆਦਿ ਗ੍ਰੰਥ ਵਿਚ ਜਿਥੇ ਜਨੇਊ ਦਾ ਖੰਡਨ ਕੀਤਾ ਗਿਆ ਹੈ,[166] ਉਥੇ ਲਿੰਗ-ਇੰਦਰੀ ਨੂੰ ਕਟਵਾਉਣ ਦੀ ਬਜਾਇ ਗੁਰੂ ਜੀ ਲੱਜਾ ਤੇ ਜ਼ਬਤ ਵਿਚ ਰਹਿਣ ਨੂੰ ਹੀ ਸੁੰਨਤ ਕਹਿੰਦੇ ਹਨ।[167]

---

160. ਵਿਸਥਾਰ ਲਈ ਵੇਖੋ: ਅਧਿਆਇ ਤੀਜਾ—'ਇਸਲਾਮ ਧਰਮ'।
161. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ 'ਵਿਆਹ'।
162. 'ਭਾਰਤੀਯ ਸਾਮਾਜਿਕ ਸੰਸਥਾਏਂ', ਪੰ: 297, ਡਾ: ਮੋਤੀ ਲਾਲ ਗੁਪਤਾ।
163. Life & Conditions of the people of Hindustan, P-185, K.M. Ashraf.
164. ਭਾਰਤੀਯ ਸਾਮਾਜਿਕ ਸੰਸਥਾਏਂ,' ਪੰ: 299, ਡਾ: ਮੋਤੀ ਲਾਲ ਗੁਪਤਾ।
165. ਸਤਿਗੁਰ ਸਾਚੈ ਦੀਆ ਭੇਜਿ। ਚਿਰੁ ਜੀਵਨੁ ਉਪਜਿਆ ਸੰਜੋਗਿ।
ਜੰਮਿਆ ਪੂਤੁ ਭਗਤੁ ਗੋਵਿੰਦ ਕਾ............
ਵਧੀ ਵੇਲਿ ਬਹੁ ਪੀੜੀ ਚਾਲੀ। ਧਰਮ ਕਲਾ ਹਰਿ ਬੰਧਿ ਬਹਾਲੀ।
ਬੁਝੀ ਕੰਨਾਂ ਆਈ ਬਾਤ। ਗੁਰੂ ਨਾਨਕ ਤੁਠਾ ਕੀਨੀ ਦਾਤਿ।
(ਆਸਾ ਮ: 5, ਸ਼ਬਦਾਰਥ, ਪੰ: 396)
166. ਵਾਰ ਆਸਾ ਮ:1, ਪਉੜੀ 15 ਦਾ ਸਲੋਕ, ਉਹੀ, ਪੰ: 471.
167. ੳ) ਵਾਰ ਮਾਝ ਮ: 1, ਪਉੜੀ 7 ਦਾ ਸਲੋਕ, ਉਹੀ, ਪੰ: 140.
ਅ) ਮਾਰੂ ਮ: 5, ਉਹੀ, ਪੰ: 1084.

ਆਦਿ ਗ੍ਰੰਥ ਦੇ ਗੁਰੂ-ਵਾਕਿ ਅਨੁਸਾਰ 'ਵਿਆਹ' ਸੰਸਕਾਰ ਬਾਰੇ ਅਲੱਗ ਵਿਵੇਚਨ ਕੀਤਾ ਗਿਆ ਹੈ।[168] ਜਿਸ ਲਈ ਇਥੇ ਇਸ ਨੂੰ ਦੁਹਰਾਉਣ ਦੀ ਲੋੜ ਨਹੀਂ ਸਮਝੀ ਗਈ।

ਆਪੋ ਆਪਣੇ ਧਰਮ ਦੇ ਨਿਯਮਾਂ ਅਨੁਸਾਰ ਮ੍ਰਿਤਕ ਦਾ ਅੰਤਿਮ ਸੰਸਕਾਰ ਕੀਤਾ ਜਾਂਦਾ ਸੀ ਜਿਵੇਂ ਹਿੰਦੂ ਮ੍ਰਿਤਕ ਦੇ ਸਰੀਰ ਨੂੰ ਜਲਾ ਦਿੰਦੇ ਹਨ ਅਤੇ ਮੁਸਲਮਾਨ ਦਫ਼ਨਾਂਦੇ ਸਨ। ਪ੍ਰਾਣੀ ਦੇ ਮਰਨ ਵੇਲੇ ਅਤੇ ਉਸ ਤੋਂ ਬਾਅਦ ਦੇ ਪਰੰਪਰਾਵਾਦੀ ਸੰਸਕਾਰਾਂ ਦਾ ਗੁਰੂ ਵਾਕਿ ਵਿਚ ਖੰਡਨ ਕੀਤਾ ਗਿਆ ਹੈ। ਮਰਨ ਵਾਲੇ ਨੂੰ ਸੱਚੇ ਮਿੱਤਰ ਹੀ ਰੋਂਦੇ ਹਨ, ਬਾਕੀ ਤਾਂ ਸੰਸਾਰੀ ਲੋਕ ਰੋਣ ਦਾ ਵਿਖਾਵਾ ਕਰਦੇ ਹਨ।[169] ਗੁਰੂ ਜੀ ਅਨੁਸਾਰ ਸਿਆਪਾ ਕਰਕੇ ਸੋਗ ਮਨਾਉਣਾ ਕੇਵਲ ਫੋਕੀ ਜਾਪਦੀ ਰੋਲੀ (ਪਰਾਲੀ ਦਾ ਪੰਡ) ਹੈ।[170] ਪ੍ਰਾਣੀ ਨੂੰ ਪਿੱਟਣਾ ਝੂਠਾ ਰੋਣਾ ਹੈ, ਉਸ ਦੀ ਆਤਮਾ ਤਾਂ ਸੁਣ ਨਹੀਂ ਸਕਦੀ, ਕੇਵਲ ਲੋਕ ਵਿਖਾਵੇ ਲਈ ਪਿੱਟਣਾ ਹੁੰਦਾ ਹੈ।[171] ਗੁਰਮਤਿ ਅਨੁਸਾਰ ਲਾਸ਼ ਨੂੰ ਸ਼ਿੰਗਾਰਨਾ ਮਨਮਤ ਹੈ ਕਿਉਂਕਿ ਮੁਰਦੇ ਦਾ ਸ਼ਿੰਗਾਰ ਕਿਸੇ ਅਰਥ ਨਹੀਂ।[172] ਹਿੰਦੂ ਮੁਰਦੇ ਨੂੰ ਜਲਾਉਣਾ ਅਤੇ ਮੁਸਲਮਾਨ ਦਫ਼ਨਾਉਣਾ ਚੰਗਾ ਸਮਝਦੇ ਸਨ, ਇਸੇਤਰ੍ਹਾਂ ਕਈ ਧਰਮਾਂ ਵਾਲੇ ਲਾਸ਼ ਨੂੰ ਕੁੱਤਿਆਂ ਦੇ ਖਾਣ ਲਈ ਖੁਲ੍ਹੇ ਥਾਂ ਤੇ ਸੁਟ ਦਿੰਦੇ ਸਨ ਜਾਂ ਜਲ ਪਰਵਾਹ ਕਰ ਦਿੰਦੇ ਸਨ ਜਾਂ ਸੁੱਕੇ ਖੂਹਾਂ ਵਿਚ ਸੁੱਟ ਦਿੰਦੇ ਸਨ। ਹਰ ਇਕ ਧਰਮ ਵਾਲਾ ਆਪਣੇ ਦੁਆਰਾ ਕੀਤੇ ਸੰਸਕਾਰ ਨੂੰ ਠੀਕ ਕਹਿੰਦਾ ਸੀ ਪਰ ਗੁਰੂ ਜੀ ਅਨੁਸਾਰ ਉਨ੍ਹਾਂ ਦੀਆਂ ਆਤਮਾਵਾਂ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ ਲਗਦਾ ਕਿ ਕਿਥੇ ਜਾਂਦੀਆਂ ਸਨ।[173]

ਗੁਰੂ ਅਮਰਦਾਸ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਸਾਰੇ ਪਰਿਵਾਰ ਨੂੰ ਕੋਲ ਬੁਲਾ ਕੇ ਧੁਰੋਂ ਆਏ ਸੱਦੇ ਬਾਰੇ ਸੂਚਿਤ ਕਰਦਿਆਂ ਰੋਣ ਤੋਂ ਸਖਤ ਮਨਾਹੀ ਕੀਤੀ ਤੇ ਨਿਰਬਾਣ ਕੀਰਤਨ ਕਰਨ ਲਈ ਹੁਕਮ ਕੀਤਾ। ਰੋਣ, ਪਿੱਟਣ ਤੇ ਅਰਥੀ ਨੂੰ ਬੇਅਰਥ ਸਜਾਉਣ ਦੀ ਥਾਂ ਹਰੀ-ਕੀਰਤਨ ਰੂਪੀ ਬਬਾਣ (ਅਰਥੀ) ਨੂੰ ਸ੍ਰੇਸ਼ਠ ਆਖਿਆ। ਪਿੰਡ ਪਤੱਲ, ਕਿਰਿਆ, ਦੀਵਾ, ਫੁੱਲ (ਅਸਥੀਆਂ) ਇਨ੍ਹਾਂ ਸਭਨਾਂ ਦੀ ਥਾਂ ਸਤਿਸੰਗ (ਹਰਿ-ਸਰ) ਵਿਚ ਜੁੜਨ ਲਈ ਕਿਹਾ।[174] ਅਤੇ ਗੁਰੂ ਨੇ ਗਤੀ ਲਈ ਕਿਸੇ ਕਿਰਿਆ-ਕਰਮ ਜਾਂ ਤੀਰਥ-ਇਸ਼ਨਾਨ ਦੀ ਬਜਾਇ ਨਾਮ ਨੂੰ ਸਰੋਤਮ ਪੂਰਨ ਦ੍ਰਿੜਾਇਆ।

---

168. ਵਿਸਥਾਰ ਲਈ ਦੇਖੋ: ਇਸੇ ਅਧਿਆਇ ਵਿਚ 'ਵਿਆਹ'।
169. ਮੁਏ ਕਉ ਰੋਵਹਿ ਦੂਖੁ ਹੋਇ। ਸੋ ਰੋਵੈ ਜਿਸੁ ਬੇਦਨ ਹੋਇ।
...ਮੁਏ ਕਉ ਸਚੁ ਰੋਵਹਿ ਮੀਤ। ਤ੍ਰੈ ਗੁਣ ਰੋਵਹਿ ਨੀਤਾ ਨੀਤ।(ਆਸਾ ਮ:1, ਗੁਰੂ, ਪੰ:413)
170. ਰੋਵਣ ਵਾਲੇ ਜੇਤੜੇ, ਸਭਿ ਬੰਨਹਿ ਪੰਡ ਪਰਾਲਿ। (ਸਿਰੀ ਰਾਗ ਮ:1, ਗੁਰੂ, ਪੰ: 15)
171. ਕੂਹੀ ਕੂਹੀ ਕਿਆ ਕਰਹੁ, ਜੋ ਹੋਸੀ ਸੋਈ।
ਤੁਮ ਰੋਵਹੁਗੇ ਓਸ ਨੋ, ਤੁਮ ਕਉ ਕਉਣੁ ਰੋਈ।
ਧੰਧਾ ਪਿਟਿਹੁ ਭਾਈਹੋ, ਤੁਮ [illegible] ਕੂੜ ਕਮਾਵਹੁ।
ਓਹੁ ਨ ਸੁਣਈ ਕਤਹੀ, ਤੁਮ ਲੋਕ ਸੁਣਾਵਹੁ।(ਆਸਾ ਕਾਫੀ ਮ:1, ਗੁਰੂ, ਪੰ: 418)
172. ਕਵਨ ਅਰਥ ਮਿਰਤਕ ਸੀਗਾਰ। (ਗਉੜੀ ਮ: 5, ਗੁਰੂ, ਪੰ:188)
173. ਇਕ ਦਝਹਿ, ਇਕ ਦਬੀਅਹਿ, ਇਕਨਾ ਕੁਤੇ ਖਾਹਿ।
ਇਕ ਪਾਣੀ ਵਿਚਿ ਉਸਟੀਅਹਿ, ਇਕਿ ਭੀ ਫਿਰਿ ਹਸਣਿ ਪਾਹਿ।
ਨਾਨਕ ਏਵ ਨ ਜਾਪਈ, ਕਿਥੈ ਜਾਇ ਸਮਾਹਿ।
(ਮ:3, ਵਾਰ ਸੋਰਠਿ ਮ:4, ਪਉੜੀ 16 ਦਾ ਸਲੋਕ, ਗੁਰੂ, ਪੰ:648)

(ਬਾਕੀ ਅਗਲੇ ਪੰਨੇ ਤੇ)

ਹਿੰਦੂ ਲੋਕ ਪ੍ਰਾਣੀ ਦੇ ਮਰਨ ਤੋਂ ਬਾਅਦ ਕਈ ਦਿਨ ਦੀਵਾ ਵਟੀ ਅਤੇ ਦੀਵਾ ਜਗਾਂਦੇ ਸਨ ਤਾਂ ਜੋ ਜਮ ਤਕ ਪਹੁੰਚਣ ਲਈ ਕਥਿਤ ਹਨੇਰਾ ਰਾਹ ਰੋਸ਼ਨ ਹੋ ਜਾਵੇ। ਗੁਰੂ ਜੀ ਨੇ ਇਸ ਕਰਮ ਦਾ ਖੰਡਨ ਕਰਦਿਆਂ ਕਿਹਾ ਕਿ ਨਾਮ ਰੂਪੀ ਦੀਵੇ ਦੀ ਰੋਸ਼ਨੀ ਨਾਲ ਦੁਖ ਰੂਪੀ ਤੇਲ ਸੁਕ ਜਾਂਦਾ ਅਤੇ ਮੁਕ ਜਾਂਦਾ ਹੈ ਅਤੇ ਜਮ ਤੋਂ ਛੁਟਕਾਰਾ ਹੋ ਜਾਂਦਾ ਹੈ।[175] ਗੁਰੂ ਜੀ ਅਨੁਸਾਰ ਪੱਤਲਾਂ ਤੇ ਪਿੰਨ ਪਾ ਕੇ ਕਾਂਵਾਂ ਅੱਗੇ ਸੁਟਣਾ ਅਤੇ ਵਿਸ਼ਵਾਸ ਕਰਨਾ ਕਿ ਉਹ ਪਿੰਨ ਮ੍ਰਿਤਕ ਦੀ ਆਤਮਾ ਨੂੰ ਪਹੁੰਚਦਾ ਹੈ, ਇਕ ਵੱਡੀ ਅਗਿਆਨਤਾ ਹੈ।[176] ਗੁਰੂ ਜੀ ਅਨੁਸਾਰ ਹਰੀ ਹੀ ਪਿੰਡ (ਚੌਲਾਂ ਦਾ ਪਿੰਨਾ) ਤੇ ਪੱਤਲ ਹੈ ਤੇ ਖ਼ੁਦਾ ਦਾ ਨਾਮ ਹੀ ਕਿਰਿਆ ਹੈ।[177]

ਮ੍ਰਿਤਕ ਨਮਿਤ ਹਰ ਸਾਲ ਕੀਤੇ ਜਾਂਦੇ ਸਰਾਧ ਦਾ ਗੁਰਮਤਿ ਵਿਚ ਖੰਡਨ ਕਰਦਿਆਂ ਕਿਹਾ ਗਿਆ ਹੈ ਕਿ ਜੀਵ ਇਸ ਲੋਕ ਵਿਚ ਜੋ ਕਮਾਉਂਦਾ ਹੈ, ਕਰਮ ਕਰਦਾ ਹੈ, ਉਸੇ ਦਾ ਫਲ ਹੀ ਉਸ ਨੂੰ ਪਰਲੋਕ ਵਿਚ ਮਿਲਦਾ ਹੈ।[178] ਸਰਾਧ ਸੰਬੰਧੀ ਬ੍ਰਾਹਮਣਾਂ ਦੀ ਮਨੌਤ ਉਪਰ ਗੁਰੂ ਜੀ ਵਿਅੰਗ ਕਰਦੇ ਹੋਏ ਕਹਿੰਦੇ ਹਨ ਕਿ ਜੇ ਮੰਨ ਵੀ ਲਈਏ ਕਿ ਸਰਾਧ ਦੀ ਕਿਰਿਆ ਰਾਹੀਂ ਪਿੱਤਰਾਂ ਨੂੰ ਅੰਨ ਜਾਂ ਦਾਨ ਮਿਲਦਾ ਹੈ ਤਾਂ ਦੂਜੇ ਦੇ ਘਰੋਂ ਲੁੱਟੀ ਹੋਈ ਵਸਤੂ ਜੋ ਸਰਾਧ ਵਿਚ ਦਿੱਤੀ ਜਾਵੇ ਤਾਂ ਪਰਲੋਕ ਵਿਚ ਪਛਾਣੀ ਜਾਵੇਗੀ, ਕਿਉਂਕਿ ਜਿੰਨ੍ਹਾਂ ਦੇ ਘਰੋਂ ਉਹ ਵਸਤੂ ਲੁੱਟੀ ਗਈ ਸੀ, ਉਨ੍ਹਾਂ ਦੇ ਪਿੱਤਰ ਵੀ ਤਾਂ ਉਥੇ ਮੌਜੂਦ ਹੋਣਗੇ। ਇਵੇਂ ਹੋਣ ਸਮੇਂ ਪਿੱਤਰਾਂ ਤਕ ਦਾਨ ਪਹੁੰਚਾਉਣ ਵਾਲੇ ਦਲਾਲ-ਬ੍ਰਾਹਮਣ ਦੇ ਹੱਥ ਵੱਢੇ ਜਾਂਦੇ ਹਨ। ਅਸਲ ਵਿਚ ਜੀਵ ਨੂੰ ਪਰਲੋਕ ਵਿਚ ਕੇਵਲ ਉਹੋ ਕੁਝ ਪ੍ਰਾਪਤ ਹੁੰਦਾ ਹੈ, ਜੋ ਆਪਣੀ ਕਮਾਈ ਵਿਚੋਂ ਉਹ ਜੀਉਂਦੇ ਜੀਅ ਦਾਨ ਕਰਦਾ ਹੈ।[179]

---

174. ਮੇਰੇ ਸਿਖ ਸੁਣਹੁ ਪੁਤ ਭਾਈਹੋ, ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ।
........ਸਤਿਗੁਰਿ ਭਾਣੈ ਆਪਣੈ, ਬਹਿ ਪਰਵਾਰੁ ਸਦਾਇਆ।
ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨ ਭਾਇਆ।
......ਅੰਤੇ ਸਤਿਗੁਰੁ ਬੋਲਿਆ, ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।
......ਹਰਿ ਕਥਾ ਪੜੀਐ, ਹਰਿ ਨਾਮੁ ਸੁਣੀਐ, ਬੇਬਾਣੁ ਹਰਿ ਰੰਗੁ ਗੁਰ ਭਾਵਏ।
ਪਿੰਡੁ ਪਤਲਿ ਕਿਰਿਆ ਦੀਵਾ, ਫੁਲ ਹਰਿ ਸਰਿ ਪਾਵਏ।
(ਰਾਮਕਲੀ ਸਦ (ਸੁੰਦਰ, ਗੁਹੀ, ਪੰ:923)

175. ਦੀਵਾ ਮੇਰਾ ਏਕੁ ਨਾਮੁ, ਦੁਖੁ ਵਿਚਿ ਪਾਇਆ ਤੇਲੁ।
ਉਨਿ ਚਾਨਣਿ ਓਹੁ ਸੋਖਿਆ, ਚੂਕਾ ਜਮ ਸਿਉ ਮੇਲੁ। (ਆਸਾ ਮ:1, ਗੁਹੀ, ਪੰ: 358)

176. ਪਿੰਡੁ ਪਤਲਿ ਸਦਿਹੁ ਕਾਵ। ਨਾਨਕ ਮਨਮੁਖਿ ਅੰਧੁ ਪਿਆਰੁ।
(ਵਾਰ ਮਾਝ ਮ: 1, ਪਉੜੀ ਪਹਿਲੀ ਦਾ ਸਲੋਕ, ਗੁਹੀ, ਪੰ: 138)

177. ਪਿੰਡੁ ਪਤਲਿ ਮੇਰੀ ਕੇਸਉ ਕਿਰਿਆ, ਸਚੁ ਨਾਮੁ ਕਰਤਾਰੁ।
ਐਥੈ ਓਥੈ ਆਗੈ ਪਾਛੈ, ਏਹੁ ਮੇਰਾ ਆਧਾਰੁ। (ਆਸਾ ਮ:1, ਗੁਹੀ, ਪੰ: 358)

178. ਨਾਨਕ ਏਥੈ ਕਮਾਵੈ ਸੋ ਮਿਲੈ, ਅਗੈ ਪਾਏ ਜਾਇ।
(ਵਾਰ ਬਿਹਾਗੜਾ ਮ:4, ਪਉੜੀ 17 ਦਾ ਸਲੋਕ, ਗੁਹੀ, ਪੰ: 556)

179. ਜੇ ਮੋਹਾਕਾ ਘਰੁ ਮੁਹੈ, ਘਰੁ ਮੁਹਿ ਪਿਤਰੀ ਦੇਇ।
ਅਗੈ ਵਸਤੁ ਸਿਞਾਣੀਐ, ਪਿਤਰੀ ਚੋਰ ਕਰੇਇ।

(ਬਾਕੀ ਅਗਲੇ ਪੰਨੇ ਤੇ......)

ਵਿਆਹ:-

ਵਿਆਹ ਇਕ ਸਮਾਜਕ ਸੰਸਥਾ ਹੈ, ਜਿਸਦੀ ਹੋਂਦ ਸੰਸਾਰ ਦੇ ਹਰ ਭਾਗ ਵਿਚ ਪਾਈ ਜਾਂਦੀ ਹੈ। ਮਨੁੱਖ ਤੇ ਇਸਤਰੀ ਸਮਾਜਕ ਜੀਵਨ ਦੀ ਆਧਾਰ ਸ਼ਿਲਾ ਹਨ, ਪਰਿਵਾਰਕ ਜੀਵਨ ਲਈ ਇਕ ਦੂਜੇ ਦੇ ਪੂਰਕ ਹਨ। ਸਮਾਜ ਵਲੋਂ ਕੁਝ ਵਿਸ਼ੇਸ਼ ਸੰਸਕਾਰਾਂ ਦੀ ਪੂਰਤੀ ਕਰਕੇ ਦੁਹਾਂ ਦੇ ਆਪਸੀ ਸੰਬੰਧਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ, ਜਿਸ ਨੂੰ ਵਿਆਹ ਕਿਹਾ ਜਾਂਦਾ ਹੈ।[180]

ਵਿਆਹ ਗ੍ਰਿਹਸਥ ਆਸ਼੍ਰਮ ਲਈ ਪ੍ਰਵੇਸ਼ ਦੁਆਰ ਹੈ। ਜੀਵਨ ਦੇ ਚਾਰ ਪੁਰਸ਼ਾਰਥਾਂ—ਧਰਮ, ਅਰਥ, ਕਾਮ ਤੇ ਮੋਖ—ਦੀ ਪੂਰਤੀ ਮੁੱਢਲੇ ਰੂਪ ਵਿਚ ਵਿਆਹ ਉਪਰੰਤ ਗ੍ਰਿਹਸਥ ਆਸ਼੍ਰਮ ਪ੍ਰਵੇਸ਼ ਕਰਨ ਨਾਲ ਹੋ ਜਾਂਦੀ ਹੈ।[181]

ਹੁਣ ਅਸੀਂ ਕ੍ਰਮਵਾਰ ਹਿੰਦੂ ਤੇ ਮੁਸਲਿਮ ਵਿਆਹ ਦਾ ਵਰਣਨ ਕਰਾਂਗੇ। ਇਸ ਤੋਂ ਬਾਅਦ ਮਧਕਾਲੀਨ ਵਿਆਹ ਦੀ ਚਰਚਾ ਕਰਾਂਗੇ, ਉਪਰੰਤ ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਵਰਣਿਤ ਵਿਆਹ ਸੰਸਕਾਰ ਬਾਰੇ ਵਿਵੇਚਨ ਕਰਾਂਗੇ।

ਹਿੰਦੂ ਵਿਆਹ ਦੇ ਉਦੇਸ਼ ਧਰਮ,[182] ਪ੍ਰਜਾ (ਪੁੱਤਰ-ਪ੍ਰਾਪਤੀ)[183] ਅਤੇ ਰਤੀ[184] (ਆਨੰਦ) ਮੰਨੇ ਗਏ ਹਨ। ਪਰੰਤੂ ਵਿਆਹ ਆਪਣਾ ਵਾਸਤਵਿਕ ਅਰਥ ਕੇਵਲ ਉਦੋਂ ਹੀ ਪ੍ਰਾਪਤ ਕਰਦਾ ਹੈ ਜਦੋਂ ਮਨੁੱਖ ਤੇ ਇਸਤਰੀ ਆਪਣੇ ਪਰਿਵਾਰ, ਸਮਾਜ ਤੇ ਸੰਸਾਰ ਦੇ ਕਲਿਆਣ ਲਈ ਆਪਣੀ ਇੱਛਾ ਅਨੁਸਾਰ ਆਤਮ-ਸਮਰਪਣ ਕਰਦੇ ਹਨ।[185]

ਹਿੰਦੂ ਸਮਾਜ ਵਿਚ ਅੱਠ ਪ੍ਰਕਾਰ ਦੇ ਵਿਆਹ ਮੰਨੇ ਗਏ ਹਨ—ਬ੍ਰਹਮ, ਦੈਵ, ਆਰਸ਼, ਪ੍ਰਜਾਪਤ, ਅਸੁਰ, ਗੰਧਰਵ, ਰਾਖਸ਼ ਤੇ ਪਿਸ਼ਾਚ ਵਿਆਹ।[186] ਇਨ੍ਹਾਂ ਵਿਚ ਬ੍ਰਹਮ ਵਿਆਹ ਸਭ ਤੋਂ ਸ੍ਰੇਸ਼ਠ

ਵਡਿਆਈ ਹਰ ਦਇਆਲ ਕੈ, ਮੁਹਰੀ ਏਹ ਕਰੇਇ।
ਨਾਨਕ ਅਤੇ ਸੋ ਮਿਲੇ, ਜਿ ਘਟੇ ਆਪੇ ਦੇਇ।'

(ਵਾਰ ਆਸਾ ਮ:1, ਪਉੜੀ 17 ਦਾ ਸਲੋਕ, ਉਹੀ, ਪੰ: 472)

180. Marriage,' P-2, Dr. Wastermarck.
181. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ 'ਆਸ਼੍ਰਮ-ਵਿਵਸਥਾ'।
182. ੳ) ਵਿਆਹ ਕਾਮ ਸੰਤੁਸ਼ਟੀ ਦੇ ਨਾਲ ਹੀ ਘਰੇਲੂ-ਪ੍ਰਬੰਧ, ਨੈਤਿਕ ਵਿਕਾਸ ਅਤੇ ਅਧਿਆਤਮਕ ਉਨਤੀ ਉਪਜੇਗੀ ਸੰਸਥਾ ਹੈ।' Marriage & Society, P-191, E.O. James.
   ਅ) Marriage & Family in India, P-168, K.M.Kapadia.
   ੲ) ਮੰਨੂ ਸਿਮ੍ਰਤੀ, ਅਧਿਆਇ 9, ਸਲੋਕ 96.
183. ਮਾਪਿਆਂ ਦੇ ਪਾਲਣ ਪੋਸ਼ਣ ਉਪਰੰਤ ਦਾਹ ਸੰਸਕਾਰ ਤੇ ਪਿੰਡਦਾਨ ਆਦਿਕ ਰਸਮਾਂ ਪੁੱਤਰ ਹੱਥੋਂ ਹੋਣੀਆਂ ਜ਼ਰੂਰੀ ਹਨ, ਇਸ ਲਈ ਪੁਤਰ-ਪ੍ਰਾਪਤੀ ਨੂੰ ਪੱਕਾ ਮੰਨਿਆ ਗਿਆ:
   — ਉਹੀ, ਅਧਿਆਇ 9/ ਸਲੋਕ 29.
184. ਹਿੰਦੂ ਸਮਾਜ ਵਿਚ ਕਾਮ ਸੰਤੁਸ਼ਟੀ ਹੀ ਕੇਵਲ ਵਿਆਹ ਦਾ ਉਦੇਸ਼ ਨਹੀਂ ਸੀ। ਇਸ ਨੂੰ ਧਾਰਮਿਕ ਕਾਰਜਾਂ ਦੀ ਪੂਰਤੀ ਲਈ ਪੁੱਤਰ-ਪ੍ਰਾਪਤੀ ਦਾ ਸਾਧਨ-ਮਾਤ੍ਰ ਹੀ ਮੰਨਿਆ ਗਿਆ ਹੈ।
   —The Social Instutution in Ancient India, P-160, K.L.Daftri.
185. ਹਿੰਦੂ ਸੰਸਕਾਰ, (ਹਿੰਦੀ), ਪੰ: 295, ਡਾ: ਰਾਜ ਬਲੀ ਪਾਂਡੇ।

ਮੰਨਿਆ ਜਾਂਦਾ ਹੈ,[187] ਕਿਉਂਕਿ ਲੜਕੀ ਦਾ ਪਿਤਾ ਮੰਤਰ ਤੇ ਦਛਿਣਾ ਪ੍ਰਦਾਨ ਕਰ ਕੇ ਲੜਕੀ ਨੂੰ ਧਰਮ ਦਾ ਆਸਰਾ ਲੈ ਕੇ ਦਾਨ ਦੇ ਰੂਪ ਵਿਚ ਦੇ ਦਿੰਦਾ ਸੀ।

ਹਿੰਦੂ-ਵਿਆਹ ਲਈ 39 ਪ੍ਰਮੁੱਖ ਰਸਮਾਂ ਤੇ ਸੰਸਕਾਰ ਪ੍ਰਚੱਲਤ ਹਨ,[188] ਜਿਨ੍ਹਾਂ ਦੇ ਆਧਾਰ ਤੇ ਹਿੰਦੂ ਵਿਆਹ ਇਕ ਪਵਿੱਤਰ ਧਾਰਮਿਕ ਸੰਸਕਾਰ ਮੰਨਿਆ ਗਿਆ ਹੈ।[189]

ਮੁਸਲਿਮ-ਵਿਆਹ ਨੂੰ 'ਨਿਕਾਹ' ਕਿਹਾ ਜਾਂਦਾ ਹੈ। ਇਹ ਨਿਕਾਹ ਧਾਰਮਿਕ ਸੰਸਕਾਰ ਨਹੀਂ, ਬਲਕਿ ਇਕ ਸਮਾਜਕ ਸਮਝੌਤਾ ਮੰਨਿਆ ਜਾਂਦਾ ਹੈ,[190] ਜਿਸ ਦਾ ਉਦੇਸ਼ ਘਰ ਵਸਾਉਣਾ, ਸੰਤਾਨ-ਉਤਪਤੀ ਅਤੇ ਬੱਚਿਆਂ ਨੂੰ ਮਾਨਤਾ ਪ੍ਰਦਾਨ ਕਰਨਾ ਹੈ।

ਸਮਝੌਤੇ ਦੇ ਰੂਪ ਵਿਚ ਮੁਸਲਿਮ ਵਿਆਹ ਲਈ ਲੜਕੇ ਦੀ ਧਿਰ ਵਲੋਂ ਵਿਆਹ ਪ੍ਰਸਤਾਵ ਅਤੇ ਲੜਕੀ ਦੀ ਧਿਰ ਵਲੋਂ ਇਸ ਦੀ ਸੁਤੰਤਰ ਮਨਜ਼ੂਰੀ ਮਿਲਣੀ ਆਵੱਸ਼ਕ ਹੈ। ਇਸ ਪ੍ਰਸਤਾਵ ਨੂੰ ਲੜਕੀ ਦੋ ਪੁਰਸ਼ ਗਵਾਹਾਂ ਜਾਂ ਇਕ ਪੁਰਸ਼ ਤੇ ਦੋ ਇਸਤਰੀ-ਗਵਾਹਾਂ ਦੀ ਹਾਜ਼ਰੀ ਵਿਚ ਸਵੀਕਾਰ ਕਰਦੀ ਹੈ। ਲੜਕੇ ਵਾਲੀ ਧਿਰ ਜਾਂ ਖੁਦ ਲੜਕਾ 'ਮੇਹਰ ਧਨ' (ਇਸਤਰੀ ਧਨ) ਦੇਣ ਦਾ ਵਾਅਦਾ ਕਰਦਾ ਹੈ।[191] ਨਿਕਾਹ ਸਮੇਂ ਲੜਕੇ ਤੇ ਲੜਕੀ ਦੀ ਸਵੀਕ੍ਰਿਤੀ ਕਾਜ਼ੀ ਦੇ ਸਾਹਮਣੇ ਲਈ ਜਾਂਦੀ ਹੈ।

ਇਕ ਮੁਸਲਮਾਨ ਪੁਰਸ਼ ਇਕੋ ਸਮੇਂ ਚਾਰ ਇਸਤਰੀਆਂ ਨਾਲ ਵਿਆਹ ਕਰ ਸਕਦਾ ਹੈ ਪਰੰਤੂ ਮੁਸਲਿਮ ਇਸਤਰੀ ਇਕੋ ਸਮੇਂ ਇਕ ਹੀ ਪੁਰਸ਼ ਨਾਲ ਵਿਆਹ ਕਰ ਸਕਦੀ ਹੈ। ਇਸਤਰੀ ਪਹਿਲੇ ਪਤੀ ਦੇ ਤਲਾਕ ਹੋਣ ਜਾਂ ਉਸ ਦੀ ਮੌਤ ਪਿੱਛੋਂ ਦੂਜਾ ਵਿਆਹ ਕਰਵਾ ਸਕਦੀ ਹੈ।[192]

ਮੱਧ ਕਾਲ ਵਿਚ ਵਿਆਹ ਲਈ ਕੋਈ ਉਮਰ ਨਿਸਚਿਤ ਨਹੀਂ ਸੀ। ਹਿੰਦੂ ਤੇ ਮੁਸਲਿਮ ਦੋਨੋਂ ਹੀ ਬਾਲ-ਵਿਆਹ ਦੇ ਹੱਕ ਵਿਚ ਸਨ। ਅਕਬਰ ਨੇ ਇਸ ਵਿਚ ਦਖਲ ਦੇਣਾ ਚਾਹਿਆ। ਉਹ ਚਾਹੁੰਦਾ ਸੀ ਕਿ ਵਿਆਹ ਵੇਲੇ ਲੜਕੇ 16 ਸਾਲ ਦਾ ਅਤੇ ਲੜਕੀ 14 ਸਾਲ ਦੀ ਹੋਵੇ, ਪਰੰਤੂ ਇਸ ਤੇ ਬਹੁਤਾ ਅਮਲ ਨਹੀਂ ਸੀ ਕੀਤਾ ਗਿਆ।[193]

ਬਚਿਆਂ ਦੀ ਸ਼ਾਦੀ ਵੇਲੇ ਮਾਪਿਆਂ ਨੂੰ ਕਈ ਕਠਿਨਾਈਆਂ ਦਾ ਸਾਮ੍ਹਣਾ ਕਰਨਾ ਪੈਂਦਾ ਸੀ, ਜਿਵੇਂ ਕੁੜੀ ਦੇ ਪਰਿਵਾਰ ਦੀ ਪੱਧਰ, ਪਿਤਾ ਪੁਰਖੀ ਰਸਮਾਂ ਤੇ ਰਿਵਾਜ ਆਦਿ ਵਿਆਹ ਦੰਪਤੀ ਨਾਲੋਂ ਪਰਿਵਾਰ ਦੀ ਇੱਜ਼ਤ ਦਾ ਮੁਆਮਲਾ ਸਮਝਿਆ ਜਾਂਦਾ ਸੀ। ਬਰਾਤ ਦੁਲਹਨ ਦੇ ਘਰ ਘਟੋ ਘਟ ਇਕ ਦਿਨ ਤੇ ਵਧ ਤੋਂ ਵਧ ਦਸ ਦਿਨ ਤਕ ਠਹਿਰਦੀ ਸੀ। ਬਹੁਤ ਸਾਰਾ ਦਾਜ ਦੇ ਕੇ ਦੁਲਹਨ ਨੂੰ ਵਿਦਾਅ ਕੀਤਾ ਜਾਂਦਾ

---

186. ਮੰਨੂ ਸਿਮ੍ਰਤੀ, ਅਧਿਆਇ ਪਹਿਲਾ/ਸਲੋਕ 87.
187. ਉਹੀ, 1/88
188. History of Dharam Shastra, Vol.II, P.531-36, Dr. P.V.Kane.
189. Hindu Social Organisation, P-173, P.N.Prabhu.
190. Islamic Influence on Indian Society, P-55, M.Mujeeb.
191. ਕੁਰਾਨ ਸ਼ਰੀਫ਼, ਸਪਾਰਾ 2, ਸੂਰਤ 4, ਰੁਕੂਅ 1, ਆਇਤ 3.
192. ਉਹੀ, 2.2.30.234.
193. Ain.-i-Akbari, I, P-201, Blochmann, I, P-195

ਸੀ। ਕਈ ਵਾਰੀ ਤੇ ਦੂਜੇ ਨੂੰ ਕੁਝ ਕੁਆਰੀਆਂ ਕੁੜੀਆਂ (ਦਾਸੀਆਂ) ਵੀ ਭੇਟ ਕੀਤੀਆਂ ਜਾਂਦੀਆਂ ਸਨ, ਜੋ ਉਸ ਦੀ ਜਾਇਦਾਦ ਸਮਝੀਆਂ ਜਾਂਦੀਆਂ ਸਨ। ਵਿਆਹ ਦੀਆਂ ਸਾਰੀਆਂ ਰਸਮਾਂ ਤੋਂ ਬਾਅਦ ਦੁਲਹਨ ਸਹੁਰੇ ਪਰਿਵਾਰ ਨਾਲ ਸੰਬੰਧਤ ਹੋ ਜਾਂਦੀ ਸੀ ਤੇ ਉਹ ਆਪਣੇ ਪਤੀ ਦੀ ਇੱਛਾ ਤੇ ਆਸ਼ਰਿਤ ਹੁੰਦੀ ਸੀ। ਜੇਕਰ ਉਹ ਕਿਸੇ ਉੱਚ ਸ਼੍ਰੇਣੀ ਦੇ ਪਰਿਵਾਰ ਵਿਚ ਵਿਆਹੀ ਜਾਂਦੀ ਤਾਂ 'ਹਰਮ' ਵਿਚ ਭੇਜੀ ਜਾਂਦੀ ਸੀ, ਜਿੱਥੇ ਉਹ ਸਾਰੀ ਉਮਰ ਲਈ ਪਰਦੇ ਵਿਚ ਹੀ ਰਹਿੰਦੀ ਸੀ।[194]

ਮੱਧਕਾਲ ਵਿਚ ਅਧਿਕ ਪਤਨੀਆਂ ਰਖਣਾ ਸਮਾਜਕ ਪ੍ਰਤਿਸ਼ਠਾ ਤੇ ਵਡੱਪਨ ਦਾ ਪ੍ਰਤੀਕ ਸੀ। ਮੁਖ ਰੂਪ ਵਿਚ ਰਾਜੇ, ਅਮੀਰ ਤੇ ਜ਼ਿਮੀਂਦਾਰ ਹੀ ਇਕ ਤੋਂ ਵਧ ਇਸਤਰੀਆਂ ਨਾਲ ਵਿਆਹ ਕਰਵਾਉਂਦੇ ਸਨ।

ਧਾਰਮਿਕ ਸੰਸਕਾਰਾਂ ਨਾਲ ਸੰਪੰਨ ਕੀਤਾ ਹਿੰਦੂ ਵਿਆਹ ਜਨਮ ਜਨਮਾਂਤਰਾਂ ਦਾ ਸਾਥ ਮੰਨਿਆ ਜਾਂਦਾ ਸੀ, ਜਿਸ ਲਈ ਇਸ ਦੇ ਖ਼ਤਮ ਹੋਣ ਜਾਂ ਟੁੱਟਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਪਰੰਤੂ ਮੱਧਕਾਲ ਵਿਚ ਪੁਰਸ਼ ਪ੍ਰਧਾਨ ਸਮਾਜ ਵਿਚ ਪੁਰਸ਼ ਆਪਣੀ ਮਰਜ਼ੀ ਨਾਲ ਇਸਤਰੀ ਨੂੰ ਤਿਆਗ ਕੇ ਦੂਜੀ ਇਸਤਰੀ ਨਾਲ ਵਿਆਹ-ਸੰਬੰਧ ਜਾਂ ਸਰੀਰਕ ਸੰਬੰਧ ਸਥਾਪਿਤ ਕਰ ਸਕਦਾ ਸੀ, ਪਰੰਤੂ ਇਸਤਰੀ ਨੂੰ ਅਜਿਹਾ ਕਰਨ ਦਾ ਕੋਈ ਅਧਿਕਾਰ ਨਹੀਂ ਸੀ।[195] ਉਹ ਤਾਂ ਪਤੀ ਦੇ ਮਰਨ ਤੋਂ ਬਾਦ ਵੀ ਵਿਆਹ ਸੰਬੰਧ ਨਹੀਂ ਸੀ ਖ਼ਤਮ ਕਰ ਸਕਦੀ। ਸਤੀ ਦੀ ਪ੍ਰਥਾ ਬਾਰੇ ਇਹ ਧਾਰਨਾ ਸੀ ਕਿ ਸਤੀ ਦੀ ਰਸਮ ਤੋਂ ਬਾਦ ਪਤਨੀ ਆਪਣੇ ਪਤੀ ਨੂੰ ਪਰਲੋਕ ਵਿਚ ਮਿਲ ਪੈਂਦੀ ਹੈ।[196]

ਮੁਸਲਿਮ ਸਮਾਜ ਵਿਚ ਪੁਰਸ਼ ਨੂੰ ਤਲਾਕ ਲੈਣ ਦੇ ਵਧੇਰੇ ਅਧਿਕਾਰ ਪ੍ਰਾਪਤ ਸਨ। ਬਾਲਗ ਮੁਸਲਮਾਨ (15 ਸਾਲ ਦੀ ਆਯੂ ਵਿਚ) ਕੋਈ ਕਾਰਣ ਦੱਸੇ ਬਿਨਾ ਹੀ ਆਪਣੀ ਪਤਨੀ ਨੂੰ ਤਲਾਕ ਦੇ ਸਕਦਾ ਸੀ, ਅਦਾਲਤ ਦੀ ਵੀ ਲੋੜ ਨਹੀਂ ਸੀ ਪੈਂਦੀ।[197]

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਵਿਆਹ ਸਬੰਧੀ ਵਰਣਨ ਕਰਦਿਆਂ ਗੁਰੂ ਕਵੀਆਂ ਨੇ ਇਸ ਨੂੰ ਸਮਾਜਕ ਬੰਧਨ ਦੀ ਬਜਾਇ ਦੰਪਤੀ ਦਾ ਆਤਮਿਕ ਮਿਲਣ ਮੰਨਿਆ ਹੈ,[198] ਜਿਸ ਦਾ ਅਤੀ ਸੁੰਦਰ ਵਰਣਨ ਗੁਰੂ ਰਾਮਦਾਸ ਜੀ ਨੇ ਚਾਰ ਲਾਵਾਂ ਵਿਚ ਕੀਤਾ ਹੈ।[199] ਇਨ੍ਹਾਂ ਲਾਵਾਂ ਵਿਚ ਇਕ ਪਾਸੇ ਇਸਤਰੀ ਪੁਰਸ਼ ਦੇ ਵਿਆਹ ਲਈ ਕ੍ਰਿਆਵਾਂ ਦਾ ਆਦੇਸ਼ ਹੈ, ਦੂਜੇ ਪਾਸੇ ਜੀਵ ਦਾ ਪਰਮਾਤਮਾ ਨਾਲ ਆਤਮਿਕ ਮੇਲ ਹੈ। ਇਸਤਰੀ ਪੁਰਸ਼ ਦੀ ਵਿਆਹੁਤਾ ਜ਼ਿੰਦਗੀ ਹਰੀ ਤੇ ਆਤਮਾ ਦੇ ਮੇਲ ਦੇ ਨਮੂਨੇ ਪੂਰੇ ਕਰਦੀ ਹੈ। ....

---

194. Life & Conditions of the people of Hindustan, P-179-82, K.M.Ashraf.

195. ਭਾਰਤੀਯ ਸਾਮਾਜਿਕ ਸੰਸਥਾਏਂ, ਪੰ: 254, ਡਾ: ਮੋਤੀ ਲਾਲ ਗੁਪਤਾ।

196. Life & Conditions of the people of Hindustan, P-189, K.M.Ashraf.

197. ੳ) ਭਾਰਤੀਯ ਸਮਾਜਿਕ ਸੰਸਥਾਏਂ, ਪੰ: 283-84, ਡਾ: ਮੋਤੀ ਲਾਲ ਗੁਪਤਾ।

ਅ) Islamic Influence on Indian Society, P-62, M.Mujeeb.

198. ਧਨ ਪਿਰੁ ਏਹਿ ਨ ਆਖੀਅਨਿ, ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ॥
(ਮ: 3, ਵਾਰ ਸੂਹੀ, ਪਉੜੀ 9 ਦਾ ਸਲੋਕ, ਸ਼ਬਦਾਰਥ, ਪੰ: 788)

199. ਸੂਹੀ ਮ: 4, ਛੰਤ, ਪੰ: 773-74.

ਇਸਤ੍ਰੀ ਜਾਤਾ ਹੀ ਗ੍ਰਿਹਣੀ ਬਣੀ ਜਾ, ਪ੍ਰੇਮ, ਸੇਵਾ ਤੇ ਸਫਲ ਦਾ ਅਮਰਸਰੂ ਦਰਸਾਇਆ ਹੈ।[200]

ਗੁਰਮਤਿ ਵਿਚ ਹਿੰਦੂਆਂ ਵਾਂਗ ਵਿਆਹ ਲਈ ਪੰਡਤਾਂ ਪਾਸੋਂ ਸਾਹਾ ਸੁਧਾਉਣਾ ਮਨਮੱਤ ਹੈ। ਕੋਈ ਥਿਤਿ ਵਾਰ ਦੀ ਮਿਣਤੀ ਦੀ ਵਿਚਾਰ ਗੁਰਮਤਿ-ਵਿਰੁਧ ਹੈ। ਪੂਰਨ ਸੰਜੋਗ ਦਾ ਸਾਹਾ ਤਾਂ ਧੁਰੋਂ ਲਿਖਿਆ ਹੁੰਦਾ ਹੈ, ਇਹ ਅਟੱਲ ਹੈ।[201] ਇਸ ਲਈ ਦੋਨਾਂ ਧਿਰਾਂ ਨੂੰ ਜਿਹੜਾ ਵੀ ਦਿਨ ਮਨਜ਼ੂਰ ਹੋਵੇ, ਉਦੋਂ ਹੀ ਵਿਆਹ ਸੰਸਕਾਰ ਕਰ ਦੇਣਾ ਚਾਹੀਦਾ ਹੈ।

ਆਦਿ ਗ੍ਰੰਥ ਦੇ ਗੁਰੂ-ਕਾਲ ਵਿਚ ਲਾਵਾਂ ਦੇ ਵਿਧੀ-ਵਿਧਾਨਾਂ ਨੂੰ ਸਾਰਾ ਦੇ ਪਰਿਵਾਰ ਅਤੇ[202] ਇਸ ਧੁਰ ਅਸਮਾਨ ਤੇ ਗੁਰਬਾਣੀ ਦੇ ਸ਼ਬਦ[203] ਗਾਇਨ ਕਰਨ ਦੇ ਸੰਕੇਤ ਉਪਲਬਧ ਹਨ।

ਹਿੰਦੂ-ਵਿਆਹ ਪਧਤੀ ਵਿਚ ਪੰਡਤ ਦਾਨ ਲੈਂਦਾ ਸੀ, ਗੁਰੂ ਜੀ ਇਸ ਦਾ ਖੰਡਨ ਕਰਦੇ ਹੋਏ ਕਹਿੰਦੇ ਹਨ ਕਿ ਜਜਮਾਨ ਦੀ ਬੇਟੀ ਦਾ ਵਿਆਹ ਕਰਵਾ ਕੇ ਦਾਨ ਲੈਣਾ ਔਖਾ ਹੈ, ਕਿਉਂਕਿ ਉਹ ਇਸ ਦੀ ਆਪਣੀ ਬੇਟੀ ਦੀ ਤਰ੍ਹਾਂ ਹੀ ਤਾਂ ਹੈ, ਪਰੰਤੂ ਉਹ ਆਪਣੇ ਲਾਲਚ ਵਿਚ ਇਸ ਨੂੰ ਨਹੀਂ ਵੇਖਦਾ,[204] ਇਸ ਦ੍ਰਿਸ਼ਟੀਕੋਣ ਨੂੰ ਮੁਖ ਰਖਦਿਆਂ ਅਜੋਕਾ ਸਿਖ ਸਮਾਜ ਗੁਰੂ ਜੀ ਦੀ ਸਿਖਿਆ ਤੇ ਅਮਲ ਕਰ ਸਕਦਾ ਹੈ।

ਵਿਆਹ ਨਾਲ ਸਬੰਧਤ ਦਾਜ ਪ੍ਰਥਾ ਬਾਰੇ ਇਹ ਸਪਸ਼ਟ ਸੰਕੇਤ ਪ੍ਰਾਪਤ ਨਹੀਂ ਹੋਇਆ। ਮੱਧਕਾਲ ਵਿਚ ਇਹ ਪ੍ਰਥਾ ਸਮਾਜਕ ਬੁਰਾਈ ਦਾ ਰੂਪ ਧਾਰਨ ਕਰ ਚੁੱਕੀ ਸੀ। ਕਈ ਥਾਵਾਂ ਤੇ ਇਸ ਪ੍ਰਥਾ ਦੀਆਂ ਪਰੇਸ਼ਾਨੀਆਂ ਤੋਂ ਬਚਣ ਲਈ ਜੰਮਦੀਆਂ ਲੜਕੀਆਂ ਨੂੰ ਮਾਰ ਦਿੱਤਾ ਜਾਂਦਾ ਸੀ।[205] ਘਟ ਦਾਜ ਕਾਰਣ ਸਹੁਰਿਆਂ ਵਲੋਂ ਕੁੜੀਆਂ ਨਾਲ ਭੈੜਾ ਵਿਵਹਾਰ ਕੀਤਾ ਜਾਂਦਾ ਸੀ। ਕਈ ਵਾਰ ਬੇਬਸੀ ਵਿਚ ਕੁੜੀਆਂ ਆਤਮ-ਹੱਤਿਆ ਕਰ ਲੈਂਦੀਆਂ ਸਨ। ਕਈ ਲੜਕੀਆਂ ਦੀ ਹੱਤਿਆ ਕਰ ਦਿੱਤੀ ਜਾਂਦੀ ਸੀ। ਕਈ ਮਾਪੇ ਦਾਜ ਲਈ ਕਰਜ਼ਾ ਚੁੱਕਦੇ ਸਨ, ਜੋ ਸਾਰੀ ਉਮਰ ਨਹੀਂ ਸਨ ਉਤਾਰ ਸਕਦੇ। ਬਹੁ-ਪਤਨੀ-ਵਿਆਹ-ਪ੍ਰਚਲਨ ਦਾ ਇਹ ਵੀ ਇਕ ਕਾਰਣ ਸੀ ਕਿ ਹਰ ਇਕ ਵਿਆਹ ਤੋਂ ਦਾਜ ਰਾਹੀਂ ਧਨ ਪ੍ਰਾਪਤ ਹੁੰਦਾ ਸੀ, ਇਸ ਲਈ ਆਰਥਿਕ ਲਾਭ ਕਾਰਣ ਇਕ ਤੋਂ ਵਧ ਵਿਆਹ ਕਰਾਉਣ ਦੀ ਇੱਛਾ ਰਹਿੰਦੀ ਸੀ।[206] ਕਈ

---

200. ਗੁਰਬਾਣੀ, ਪੰ: 773, ਛੂਟ ਨੋਟ।
201. ੳ) ਸਾਹਾ ਗਣਹਿ ਨ ਕਰਹਿ ਬੀਚਾਰੁ। (ਰਾਮਕਲੀ ਮ: 1, ਅਸਟਪਦੀ, ਗੁਰਬਾਣੀ ਪੰ: 904)
ਅ) ਸਾਹਾ ਅਟਲੁ ਗਣਿਆ, ਪੂਰਨ ਸੰਜੋਗੋ ਰਾਮ।
ਸੁਖਹ ਸਮੂਹ ਭਇਆ, ਗਇਆ ਵਿਜੋਗੋ ਰਾਮ। (ਬਿਲਾਵਲ ਮ:5, ਛੰਤ, ਉਹੀ, ਪੰ:845-46)
202. ਮਿਲਿ ਸੰਤ ਆਏ, ਪ੍ਰਭ ਧਿਆਏ, ਬਣੇ ਅਚਰਜ ਜਾਞੀਆਂ।
ਮਿਲਿ ਇਕਤ੍ਰ ਹੋਏ ਸਹਜਿ ਢੋਏ, ਮਨਿ ਪ੍ਰੀਤਿ ਉਪਜੀ ਮਾਞੀਆ। (ਉਹੀ, ਪੰ: 846)
203. ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿਰਾਮ ਜੀਉ।
ਸੰਤ ਜਨਾ ਕਰਿ ਮੇਲੁ, ਗੁਰਬਾਣੀ ਗਾਵਾਈਆ ਬਲਿ ਰਾਮ ਜੀਉ। (ਸੂਹੀ ਮ:4, ਛੰਤ, ਉਹੀ, ਪੰ:773)
204. ਸਭੇ ਸਿਆਣਪ ਕਢਿ ਮੁਠੇ, ਲੋਭੁ ਕਰਨ ਕੂੜ ਕੁਮਾਵਹਿ ਲਗਿਆ।
ਸਾਣੀ ਪੁਤਰੀ ਜਜਮਾਨ ਕੀ, ਤਾ ਕੇਰੀ, ਲੇਹੁ ਜਾਣਿ ਮਤੀ ਲੇਣਾ ਨਾਮੁ ਜਾਣਿਆ।
(ਰਾਗ ਆਸਾ ਮ:1, ਪੱਟੀ, ਉਹੀ, ਪੰ:435
205. ਭਾਰਤੀ ਸਮਾਜ ਔਰ ਸੰਸਕ੍ਰਿਤੀ, ਪੰ:379, ਡਾ: ਲੈਲਾਪ੍ਰਕਾਸ਼ ਗੁਪਤਾ।
206.

Marriage & Family in India, P.108, K.M.Kapadia.

ਵਧ ਲੜਕੇ ਦੀ ਉਮਰ ਅਨੁਸਾਰ ਹੁੰਦਾ ਸੀ ਕਿ ਲੜਕਾ ਉਸ ਤੋਂ [illegible] ਅਧਿਆਪਕੀਆਂ ਜਾਤੀਆਂ ਲਈ [illegible] ਵਧ [illegible] ਵਿਆਹ ਕਰਨ ਲਈ ਮਜਬੂਰ ਹੋ ਜਾਂਦੇ ਸਨ।

ਇਸ ਦਾਜ ਦੀ ਸਮਾਜਕ ਲਾਹਨਤ ਦਾ ਹਲ ਗੁਰੂ ਸਾਹਿਬ ਨੇ ਬੜੇ ਸੁਚੱਜੇ ਢੰਗ ਨਾਲ ਦਰਸਾਇਆ। ਉਨ੍ਹਾਂ ਅਨੁਸਾਰ ਦੁਨਿਆਵੀ ਦਾਜ ਦੇਣਾ ਤਾਂ ਹੰਕਾਰ ਦਾ ਦਿਖਾਵਾ ਹੈ। ਇਸ ਦੀ ਥਾਂ ਗੁਰੂ ਜੀ ਹਰੀ-ਨਾਮ-ਰੂਪੀ ਦਾਜ, ਹਰੀ-ਨਾਮ ਰੂਪੀ ਕਪੜੇ ਤੇ ਹਰੀ ਨਾਮ ਦੀ ਸੋਭਾ (ਅਧਿਆਤਮਿਕ ਵਸਤੂਆਂ) ਆਦਿ ਦਾਜ ਦੇਣ ਲਈ ਕਹਿੰਦੇ ਹਨ।[207]

ਗੁਰਬਾਣੀ ਅਨੁਸਾਰ ਇਸ ਦਾਜ ਨੂੰ ਕੋਈ [illegible] ਨਹੀਂ ਸਕਦਾ ਕੋਈ, [illegible] ਵਿਚਰਦੀ ਵਿਚਰਦੀ ਦਾ [illegible] ਹੈ।[208]

[illegible] ਇਸ ਗੁਰਬਾਣੀ ਅਨੁਸਾਰ ਵਿਆਹ [illegible] ਹੈ ਕਿ [illegible] ਦੁਨਿ ਪ੍ਰਾਪਤੀ ਦੇ ਆਧਾਰ ਨੂੰ ਪ੍ਰਗਟੀ [illegible] ਹੈ।

<u>ਵਿਧਵਾ ਦਾ ਮਸਲਾ:-</u>

ਸਮਾਜਕ ਜੀਵਨ ਵਿਚ ਪਤੀ ਦੇ ਮਰਨ ਉਪਰੰਤ ਪ੍ਰਾਪਤ ਹੋਣ ਵਾਲਾ ਵਿਧਵਾ ਪਨ ਵੀ ਇਕ ਗੰਭੀਰ ਮਸਲਾ ਹੈ। ਪਰਿਵਾਰਕ ਜੀਵਨ ਉਸ ਬਿਨਾਂ ਸੁਖਾਵਾਂ ਢੰਗ ਨਾਲ ਨਹੀਂ ਚਲ ਸਕਦਾ। ਉਹ ਪਤੀ [illegible] ਦੀ ਜ਼ਰੂਰਤ ਹੈ। ਉਸ ਦੇ ਆਦਿ ਕਾਲ ਤੋਂ ਹੀ [illegible] ਨੂੰ ਪ੍ਰਭਾਵਿਤ ਕੀਤਿਆ, ਸਮਾਜਿਕ ਤੇ [illegible] ਨਾਲ ਭਰਪੂਰ ਕੀਤਾ। ਇਸ ਤੇ ਵਿਸ਼ਾਲ ਸੰਗੀਤ, ਕਲਾ, ਚਿਤਰਕਾਰੀ ਆਦਿ [illegible] ਦੀ ਮੂਲ ਪ੍ਰੇਰਕ ਇਸਤ੍ਰੀ ਹੀ ਰਹੀ ਹੈ।

ਪ੍ਰਾਚੀਨ [illegible] ਦੇ [illegible] ਹਿੰਦੂ-ਪ੍ਰਥਾ ਦੇ [illegible] ਵਿਚ ਇਸਤ੍ਰੀ ਦਾ ਸਥਾਨ ਬਹੁਤ ਨੀਵਾਂ ਸੀ। ਉਹ [illegible] ਪਿਤਾ ਅਧੀਨ, ਵਿਆਹ ਤੋਂ ਬਾਅਦ ਪਤੀ ਅਧੀਨ ਅਤੇ ਪਤੀ ਦੀ ਮੌਤ ਤੋਂ ਬਾਅਦ [illegible] ਦੇ ਅਧੀਨ ਸੀ।[209] ਇਸ ਪ੍ਰਕਾਰ ਉਹ ਜੀਵਨ ਦੇ ਹਰ ਪੜਾਅ ਤੇ ਪਰਾਧੀਨ ਸੀ। ਅਤੇ ਸਮਾਜਕ ਰਸਮਾਂ ਤੇ ਰਿਵਾਜਾਂ ਨੇ ਉਸ ਨੂੰ [illegible] ਤੌਰ ਤੇ ਕਮਜ਼ੋਰ ਬਣਾ ਦਿੱਤਾ ਸੀ।[210]

---

207. ਹਰਿ ਪ੍ਰਭ ਮੇਰੇ ਬਾਬੁਲਾ, ਹਰਿ ਦੇਵਹੁ ਦਾਨੁ ਮੈ ਦਾਜੋ।
ਹਰਿ ਕਪੜੋ ਹਰਿ ਸੋਭਾ ਦੇਵਹੁ, ਜਿਤੁ ਸਵਰੈ ਮੇਰਾ ਕਾਜੋ।
ਹਰਿ ਹਰਿ ਭਗਤੀ ਕਾਜੁ ਸੁਹੇਲਾ, ਗੁਰਿ ਸਤਿਗੁਰਿ ਦਾਨੁ ਦਿਵਾਇਆ।
ਖੰਡਿ ਵਰਭੰਡਿ ਹਰਿ ਸੋਭਾ ਹੋਈ, ਇਹੁ ਦਾਨੁ ਨ ਰਲੈ ਰਲਾਇਆ।
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ, ਸੁ ਕੂੜੁ ਅਹੰਕਾਰੁ ਕਚੁ ਪਾਜੋ।
ਹਰਿ ਪ੍ਰਭ ਮੇਰੇ ਬਾਬੁਲਾ, ਹਰਿ ਦੇਵਹੁ ਦਾਨੁ ਮੈ ਦਾਜੋ। (ਸਿਰੀ ਰਾਗ ਮ:4, ਛੰਤ, ਪੰ:78-79)

208. [illegible] ਵਿਚੀ ਸਾਹੁਰੀ, ਦੁਖੜੀ [illegible]।
......[illegible] ਕਿਉ [illegible] ਗੁਰਮੁਖਿ [illegible], [illegible]।
(ਮ:3, ਰਾਗ ਸਿਰੀਰਾਗ, ਪਉੜੀ 17 ਦਾ ਸਲੋਕ, ਗੁ.ਗ੍ਰੰ, ਪੰ:89)

209. Principles of Hindu Law, P-371, D.F.Mulla.

210. "Her life was a state of perpetual wardship and social laws and customs stamped her with a sort of mental deficiency."
--Life & Conditions of the people of Hindustan, P.166, K.M.Ashraf.

ਸ਼ਾਸਤਰਾਂ ਅਨੁਸਾਰ ਵੀ ਇਸਤਰੀ ਮਰਦ ਨਾਲੋਂ ਘਟੀਆ ਮੰਨੀ ਗਈ।[211] ਆਰਥਕ ਤੌਰ ਤੇ ਪੁਰਸ਼ ਉਤੇ ਨਿਰਭਰ ਹੋਣ ਕਾਰਣ ਪੁਰਸ਼-ਪ੍ਰਧਾਨ ਸਮਾਜ ਨੇ ਇਸਤਰੀ ਦੀ ਕੋਮਲਤਾ ਤੇ ਸਰੀਰਕ ਕਮਜ਼ੋਰੀ ਦਾ ਸ਼ੋਸ਼ਣ ਕੀਤਾ ਅਤੇ ਉਸ ਨੂੰ ਪਰਦੇ ਵਿਚ ਰਖਿਆ। ਜੋਗ ਮਤ ਦੇ ਮਹਾਂ ਪੁਰਸ਼ਾਂ ਨੇ ਇਸਤਰੀ ਨੂੰ ਮੁਕਤੀ ਦੇ ਰਾਹ ਵਿਚ ਰੁਕਾਵਟ ਸਮਝ ਕੇ ਉਸ ਨੂੰ 'ਬਾਘਣ' ਸ਼ਬਦ ਨਾਲ ਅਪਮਾਨਿਤ ਕੀਤਾ।[212] ਕਬੀਰ ਨੇ ਇਸਤਰੀ ਨੂੰ ਸੱਪ ਨਾਲੋਂ ਵੀ ਡਰਾਉਣੀ ਕਹਿ ਕੇ ਤ੍ਰਿਸਕਾਰਿਤ ਕੀਤਾ।[213]

ਇਸਤਰੀ ਦਾ ਮੁਖ ਕਾਰਜ ਆਪਣੇ ਪਤੀ ਨੂੰ ਪ੍ਰਸੰਨ ਕਰਨਾ ਸੀ। ਜੇਕਰ ਉਹ ਇਸ ਕੰਮ ਵਿਚ ਅਸਫਲ ਰਹਿੰਦੀ ਤਾਂ ਉਸ ਨੂੰ ਕਈ ਕਿਸਮ ਦੇ ਨਤੀਜੇ ਭੁਗਤਣੇ ਪੈਂਦੇ।[214] ਮਨੁੱਖ ਨੇ ਇਸਤਰੀ ਨੂੰ ਅਸਥਿਰ ਮਨ ਵਾਲੀ ਕਹਿ ਕੇ ਉਸ ਤੇ ਵਿਸ਼ਵਾਸ ਕਰਨਾ ਸਮਾਪਤ ਕਰ ਦਿੱਤਾ ਸੀ।[215] ਇਸਤਰੀਆਂ ਤੇ ਬੜੇ ਅਤਿਆਚਾਰ ਕੀਤੇ ਜਾਂਦੇ ਸਨ, ਇਥੋਂ ਤਕ ਕਿ ਪੰਜਾਬ ਦੀ ਸਰਹੱਦ ਤੇ ਉਨ੍ਹਾਂ ਦਾ ਵਪਾਰ ਵੀ ਕੀਤਾ ਜਾਂਦਾ ਸੀ।[216] ਯੁਧ ਦੇ ਸਮੇਂ ਵਿਜੇਤਾ ਸੈਨਿਕ ਪਰਾਜਿਤ ਹੋਈ ਧਿਰ ਦੀਆਂ ਇਸਤਰੀਆਂ ਤੇ ਬਹੁਤ ਜ਼ੁਲਮ ਢਾਂਦੇ ਸਨ। ਬਾਬਰ ਦੁਆਰਾ ਪੰਜਾਬ ਉਤੇ ਹਮਲਿਆਂ ਦੌਰਾਨ ਇਸਤਰੀ ਜਾਤੀ ਦੀ ਇੱਜ਼ਤ ਬਰਬਾਦ ਕੀਤੀ ਗਈ, ਜਿਸ ਦਾ ਦਰਦਨਾਕ ਵਰਨਨ ਆਦਿ ਗ੍ਰੰਥ ਦੇ ਗੁਰੂ-ਬਾਣੀ ਵਿਚ ਕੀਤਾ ਗਿਆ ਹੈ।[217]

ਇਸ ਤੋਂ ਇਲਾਵਾ ਜੰਮਦੀਆਂ ਲੜਕੀਆਂ ਨੂੰ ਮਾਰ ਦੇਣਾ, ਬਾਲ ਵਿਆਹ, ਵਿਧਵਾ ਦਾ ਪੁਨਰ ਵਿਆਹ ਵਰਜਿਤ ਹੋਣਾ, ਸਤੀ ਤੇ ਵਿਭਚਾਰ ਆਦਿਕ ਦੀਆਂ ਅਸਮਾਜਕ ਪ੍ਰਥਾਵਾਂ ਨੇ ਇਸਤਰੀ ਜਾਤੀ ਦਾ ਪਤਨ ਕਰ ਦਿੱਤਾ ਸੀ।

ਇਸਤਰੀ ਜਾਤੀ ਪ੍ਰਤੀ ਸਮਾਜ ਦਾ ਵਿਹਾਰ ਅਤੇ ਅਪਮਾਨਜਨਕ ਵਤੀਰਾ ਤਕ ਕੇ ਗੁਰੂ ਨਾਨਕ ਦਾ ਹਿਰਦਾ ਕੰਬ ਉਠਿਆ। ਉਨ੍ਹਾਂ ਨੇ ਇਸਤਰੀ ਦੀ ਜ਼ੋਰਦਾਰ ਵਕਾਲਤ ਕੀਤੀ ਜਿਸ ਨੂੰ ਬ੍ਰਾਹਮਣ ਪੁਜਾਰੀਆਂ ਅਤੇ ਸਮਾਜ ਨੇ ਤਾਬੇਦਾਰੀ ਦੀ ਹਾਲਤ ਤਕ ਪਹੁੰਚਾ ਦਿੱਤਾ ਸੀ।[218] ਗੁਰੂ ਜੀ ਨੇ ਇਸਤਰੀ ਜਾਤੀ ਦੇ ਸਤਿਕਾਰ ਵਜੋਂ ਕਿਹਾ ਕਿ ਮਾਨਵ-ਉਤਪਤੀ ਇਸਤਰੀ ਦੀ ਹੋਂਦ ਨਾਲ ਹੀ ਸੰਭਵ ਹੈ, ਉਸੇ ਨਾਲ ਹੀ ਵਿਆਹ ਹੁੰਦਾ ਹੈ, ਉਸ ਦੇ ਮਰਨ ਪਿਛੋਂ ਮਨੁੱਖ ਫਿਰ ਇਸਤਰੀ ਦੀ ਭਾਲ ਕਰਦਾ ਹੈ। ਰਾਜਿਆਂ ਨੂੰ ਜਨਮ

---

211. Medieval Indian Culture, P-23, A.L. Srivastva.
212. ਗੋਰਖ ਬਾਣੀ, ਪੰ: 25, ਡਾ: ਪੀਤਾਂਬਰਦੱਤ ਬੜਥਵਾਲ।
213. ਕਬੀਰ ਗ੍ਰੰਥਾਵਲੀ, ਪੰ: 40
214.
215. Advanced History of the Panjab, P-14, Dr. G.S. Chhabra.
216. Life & Conditions of the people of Hindustan, P-167, K.M. Ashraf.
Advanced History of the Panjab, P. 16, Dr. G.S. Chhabra.
217. ਵਿਸਥਾਰ ਲਈ ਦੇਖੋ, ਅਧਿਆਇ ਤੀਜਾ, ਰਾਜਨੀਤਕ ਵਿਵਸਥਾ ਵਿਚ ਬਾਬਰ ਦਾ ਹਮਲਾ।
218. Panjab under the Great Mughals, P-139, Dr. B.S. Nijjar.

ਦੇਣ ਵਾਲੀ ਇਸਤਰੀ ਨੂੰ ਮੰਦਾ ਕਿਉਂ ਆਖਿਆ ਜਾਂਦਾ ਹੈ ?[219] ਇਸ ਪ੍ਰਕਾਰ ਗੁਰੂ ਨਾਨਕ ਪਹਿਲੇ ਸੰਤ ਸਨ, ਜਿਨ੍ਹਾਂ ਨੇ ਭਾਰਤੀ ਸਮਾਜ ਵਿਚ ਇਸਤਰੀ ਦਾ ਦਰਜਾ ਉੱਚਾ ਕਰਨ ਲਈ ਗੰਭੀਰ ਪ੍ਰਯਤਨ ਕੀਤਾ।[220]

ਮੱਧਕਾਲੀਨ ਇਸਤਰੀ ਪੁਰਸ਼ ਦੀ ਕਾਮ-ਬ੍ਰਿਤੀ ਦੀ ਪੂਰਤੀ ਲਈ ਇਕ ਖਿਡੌਣਾ ਮਾਤਰ ਬਣ ਕੇ ਰਹਿ ਗਈ ਸੀ। ਮੁਸਲਮਾਨਾਂ ਦੀ ਆਮਦ ਤੋਂ ਪਹਿਲਾਂ ਭਾਰਤ ਵਿਚ 'ਘੁੰਡ' ਦਾ ਰਿਵਾਜ ਸੀ, ਜੋ ਹੇਠਲੀ ਸ਼੍ਰੇਣੀ ਦੇ ਮੁਸਲਮਾਨਾਂ ਨੇ ਵੀ ਅਪਣਾ ਲਿਆ ਸੀ।[221] ਮੁਸਲਮਾਨਾਂ ਦੇ ਆਉਣ ਨਾਲ ਬੁਰਕੇ ਦਾ ਰਿਵਾਜ ਪਿਆ। ਕੁਰਾਨ ਅਨੁਸਾਰ ਰੋਜ਼ੀ ਕਮਾਉਣ ਲਈ ਮੁਸਲਮਾਨ ਇਸਤਰੀਆਂ ਨੂੰ ਇਸ ਪ੍ਰਤਿਬੰਧ ਨਾਲ ਤੁਰਨ ਫਿਰਨ ਦੀ ਆਜ਼ਾਦੀ ਸੀ ਕਿ ਉਹ ਆਪਣੇ ਸਰੀਰ ਦੇ ਉਨ੍ਹਾਂ ਅੰਗਾਂ ਨੂੰ ਛੁਪਾ ਕੇ ਰੱਖਣ, ਜਿਨ੍ਹਾਂ ਨਾਲ ਕਾਮਵਾਸ਼ਨਾ ਵਿਚ ਉਤੇਜਨਾ ਆ ਸਕਦੀ ਹੋਵੇ।[222] ਮੁਸਲਮਾਨ ਇਸਤਰੀਆਂ ਨੂੰ ਆਮ ਤੌਰ ਤੇ 'ਹਰਮ' ਵਿਚ ਰਖਿਆ ਜਾਂਦਾ ਸੀ।[223] ਉੱਚ ਸ਼੍ਰੇਣੀ ਦੀਆਂ ਔਰਤਾਂ ਡੋਲੀ ਜਾਂ ਪਾਲਕੀ ਵਿਚ ਬਾਹਰ ਜਾ ਸਕਦੀਆਂ ਸਨ।[224] ਪੁਰਸ਼ ਸਮਾਜ ਵਲੋਂ ਇਸਤਰੀ ਜਾਤੀ ਤੇ ਇਹ ਸਾਰੇ ਪ੍ਰਤਿਬੰਧ ਆਪਣੀ ਕਾਮ-ਬ੍ਰਿਤੀ ਦੀ ਪੂਰਤੀ ਲਈ ਲਾਏ ਗਏ ਸਨ। ਪਰੰਤੂ ਗੁਰੂ ਸਾਹਿਬਾਨ ਨੇ ਪੁਰਸ਼ ਤੇ ਇਸਤਰੀ ਦੇ ਸੰਬੰਧਾਂ ਨੂੰ ਕੇਵਲ ਕਾਮ ਪੂਰਤੀ ਦਾ ਸਾਧਨ ਨਹੀਂ ਮੰਨਿਆ। ਇਸ ਦੇ ਉਲਟ ਉਨ੍ਹਾਂ ਨੇ ਕਾਮ-ਬ੍ਰਿਤੀ ਤੋਂ ਉਪਰ ਉਠ ਕੇ ਗ੍ਰਿਹਸਥ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਨਿਰਲੇਪ ਰਹਿੰਦਿਆਂ ਵਾਹਿਗੁਰੂ ਦੀ ਪਰਮ ਆਤਮਾ ਵਿਚ ਵਿਲੀਨ ਹੋਣਾ ਦਸਿਆ। ਇਸੇ ਲਈ ਗੁਰੂ ਜੀ ਨੇ ਇਕੱਠੇ ਬਹਿਣ ਦੇ ਵਿਆਹ ਜਾਂ ਵਿਵਾਹ ਪ੍ਰਬੰਧ ਦੁਆਰਾ ਪਤੀ-ਪਤਨੀ ਬਣ ਜਾਣ ਦੇ ਨਾਲ ਪਰਸਪਰ ਆਤਮਿਕ ਮਿਲਾਪ ਤੇ ਜ਼ੋਰ ਦਿੱਤਾ, ਉਨ੍ਹਾਂ ਅਨੁਸਾਰ ਸਰੀਰ ਭਾਵੇਂ ਦੋ ਹਨ, ਪਰ ਉਨ੍ਹਾਂ ਦੀ ਜੋਤ ਇਕ ਹੋਣੀ ਚਾਹੀਦੀ ਹੈ।[225]

ਮੱਧਕਾਲ ਵਿਚ ਕਈ ਥਾਵਾਂ ਤੇ ਜੰਮਦਿਆਂ ਲੜਕੀਆਂ ਨੂੰ ਮਾਰ ਦਿੱਤਾ ਜਾਂਦਾ ਸੀ। ਜਿਸਦਾ

---

219. ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ।
ਭੰਡੁ ਮੁਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।
(ਵਾਰ ਆਸਾ ਮ:1, ਪਉੜੀ 19 ਦਾ ਸਲੋਕ, ਗੁ. ਗ੍ਰੰਥ, ਪੰ: 473)

220. Guru Nanak was thus the first saint whomade a serious attempt to uplift the status of women inthe Indian society.
-----Social & Political Philosophy of Guru Nanak Dev & Guru Gobind Singh, P-59, D.G.S.Deol.

221. The Sikh Religion, Vol.II, P-347, M.A.Macauliffe.

222. ਕੁਰਾਨ ਸ਼ਰੀਫ਼, ਪਾਰਾ 18, ਸੂਰਤ 24, ਰੁਕੂਅ 4, ਆਇਤ 31.

223. ੳ) ਅ) Life & Conditions of the People of Hindustan, P-171, K.M.Ashraf.
Islamic influence on Indian Society, P-80, M.Mujeeb

~~224.~~

224. Life and conditions of the people of Hindustan, P-172-73, K.M.Ashraf.

(contd....)

ਵਿਚ ਇਹ ਅਸਮਾਨਜਨਕ ਪ੍ਰਥਾ ਉੱਚਤਰ ਜਾਤੀ ਦੇ ਲੋਕਾਂ ਵਿਚ ਪ੍ਰਚਲਿਤ ਸੀ।[226] ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਵੀ ਇਸ ਕੁਪ੍ਰਥਾ ਦਾ ਵਰਣਨ ਉਪਲਬਧ ਹੈ।[227]

ਵਿਸ਼ੇਸ਼ ਅਧੀਨ ਕਾਲ ਵਿਚ ਜਦ ਤੋਂ ਬਾਰਾਂ ਸਾਲ ਤਕ ਦੀ ਆਯੂ ਵਿਚ ਕੁੜੀਆਂ ਦੇ ਬਾਲ ਵਿਆਹ ਦਾ ਰਿਵਾਜ ਪ੍ਰਚਲਿਤ ਸੀ।[228] ਬਾਲ-ਵਿਆਹ ਤੇ ਪਰਦੇ ਦੀ ਰਸਮ ਨੇ ਮੱਧਕਾਲ ਵਿਚ ਇਸਤਰੀ ਜਾਤੀ ਦਾ ਪਤਨ ਕਰ ਦਿੱਤਾ ਸੀ।[229] ਹਿੰਦੂ ਦੇ ਰਸਮਾਂ ਨੇ ਇਸਤਰੀ ਜਾਤੀ ਲਈ ਅਧਿਕਤਰ ਤਾਂ ਹੀ ਨਰਕ ਪੈਦਾ ਕਰ ਦਿੱਤਾ ਸੀ।[230] ਜੇ ਕਰ ਹਿੰਦੂ ਵਿਵਾਹਿਤ ਬਾਲ ਕੰਨਿਆ ਵਿਧਵਾ ਹੋ ਜਾਂਦੀ ਤਾਂ ਉਸ ਲਈ ਪੁਨਰ-ਵਿਆਹ ਵਿਵਰਜਿਤ ਸੀ। ਉਸ ਦੇ ਜੀਵਨ ਵਿਚ ਪ੍ਰਕਾਸ਼ ਦੀਆਂ ਕਿਰਨਾਂ ਨਹੀਂ ਸਨ ਖੇਡਦੀਆਂ, ਬਸੰਤ ਨਹੀਂ ਸੀ ਆਉਂਦਾ, ਕੋਇਲ ਨਹੀਂ ਸੀ ਕੂਕਦੀ, ਉਸ ਦੇ ਫੁੱਲਾਂ ਤੇ ਬਰਫ ਪੈ ਜਾਂਦੀ ਸੀ।[231] ਗੁਰੂ ਜੀ ਅਨੁਸਾਰ ਪਤੀ ਤੋਂ ਬਿਨਾ ਬਾਲ-ਵਿਧਵਾ ਕੁਮਲਾ ਜਾਂਦੀ ਸੀ।[232] ਬਾਲ-ਵਿਧਵਾ ਹੋਵੇ ਜਾਂ ਜਵਾਨੀ ਵਿਚ ਵਿਧਵਾ ਹੋਈ ਇਸਤਰੀ, ਉਸ ਵਿਚਾਰੀ ਨੂੰ ਦੁਖ ਤੇ ਸੰਤਾਪ ਭਰਿਆ ਜੀਵਨ ਹੀ ਬਿਤਾਉਣਾ ਪੈਂਦਾ ਸੀ। ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਸਮਾਜਕ ਕੁਰੀਤੀ ਵਿਚ ਪੈਣ ਤੋਂ ਬਚਾਉਣ ਲਈ ਗੁਰੂ ਜੀ ਨੇ ਸਮਾਜ-ਸੁਧਾਰ ਦੀ ਦ੍ਰਿਸ਼ਟੀ ਨਾਲ ਵਿਧਵਾ ਦੇ ਪੁਨਰ-ਵਿਆਹ ਵੱਲ ਸੰਕੇਤ ਕੀਤਾ, ਕਿਉਂਕਿ ਉਨ੍ਹਾਂ ਦੇ ਵਿਚਾਰ ਵਿਚ ਪਤੀ ਤੋਂ ਬਿਨਾ ਇਸਤਰੀ ਦੀ ਤ੍ਰਿਪਤੀ ਨਹੀਂ ਹੋ ਸਕਦੀ।[233]

ਮੱਧਕਾਲ ਵਿਚ ਸਤੀ ਦੀ ਰਸਮ ਰਾਹੀਂ ਇਸਤਰੀ ਜਾਤੀ ਤੇ ਘੋਰ ਅੱਤਿਆਚਾਰ ਕੀਤਾ ਜਾਂਦਾ ਸੀ। ਪਤੀ ਦੀ ਮੌਤ ਉਪਰੰਤ ਉਸ ਨੂੰ ਆਪਣੇ ਪਤੀ ਦੇ ਨਾਲ ਜਿਊਂਦਿਆਂ ਹੀ ਜਲ ਜਾਣ ਲਈ ਮਜਬੂਰ ਕੀਤਾ ਜਾਂਦਾ ਸੀ। ਸਾਰੀ ਉਮਰ ਵਿਧਵਾ ਰਹਿਣ ਨਾਲੋਂ ਉਹ ਪਤੀ ਦੀ ਚਿਤਾ ਵਿਚ ਸੜ ਮਰਨ ਨੂੰ ਪਹਿਲ ਦਿੰਦੀ ਸੀ।[234] ਕਿਉਂਕਿ ਉਸ ਨੂੰ ਜੀਵਨ ਦੇ ਹਰ ਪ੍ਰਕਾਰ ਦੇ ਸੁਖਾਂ ਤੋਂ ਵੰਚਿਤ ਕਰ ਦਿੱਤਾ ਜਾਂਦਾ ਸੀ।[235]

---

225. ਧਨੁ ਪਿਰੁ ਏਹਿ ਨ ਆਖੀਅਨਿ, ਬਹਨਿ ਇਕਠੇ ਹੋਇ।
ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ।
(ਵਾਰ ਸੂਹੀ ਮ:3, ਪਉੜੀ ੩ ਨਾਲ ਸਲੋਕ, ਸ਼ਬਦਾਰਥ, ਪੰ:788)

226. Punjab under the Sultans, P-147, Dr.B.S.Nijjar.

227. ਸੁਹਾਗਣਿ ਤੈਸੀ ਆਤ ਕੰਵਰਾ, ਘਟ ਜਾਗੀ ਕਾ ਜਾਨੁ।
ਇਟਕ ਵਿਛੋੜਾ ਕੋਊ ਬਹੀਆ, ਸਦਾ ਸਦਾ ਅਭਿਮਾਨੁ।
(ਮ:3, ਸਲੋਕ ਵਾਰਾਂ ਤੇ ਵਧੀਕ, ਸ਼ਬਦਾਰਥ, ਪੰ: 1413).

228. Islamic influence on Indian Society. P-82, M.Mujeeb.

229. Medieval Indian Culture, P-23, A.L.Srivastva.

230. Panjab Under the Sultans, P-146, Dr.B.S.Nijjar.

231. ਗੁਰੂ ਗ੍ਰੰਥ ਸਾਹਿਬ, ਇਕ ਸਾਂਸਕ੍ਰਿਤਕ ਸਰਵੇਖਣ, ਪੰ: 577, ਡਾ: ਮਨਮੋਹਨ ਸਹਿਗਲ।

232. ਨਾਨਕ ਬਾਲਤਣਿ ਰਾਂਡੇਪਾ, ਬਿਨੁ ਪਿਰ ਧਨ ਕੁਮਲਾਣੀ।
(ਸੂਹੀ ਛੰਤ ਮ:1, ਸ਼ਬਦਾਰਥ, ਪੰ: 763)।

233. ਜਿਉ ਤਨੁ ਬਿਧਵਾ ਪਰ ਕਉ ਦੇਈ। ਕਾਮਿ ਦਾਮਿ ਚਿਤੁ ਪਰਵਸਿ ਸੇਈ।
ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ। (ਗਉੜੀ ਮ:1, ਸੂਹੀ, ਪੰ:226)

234. Medieval Indian culture, P-23, A.L.Srivastva.

235. ਭਾਰਤੀ ਸਮਾਜਿਕ ਸੰਸਥਾਏਂ, ਪੰ: 236, ਡਾ: ਸੀਤਾ ਰਾਮ ਗੁਪਤਾ।

ਇਸ ਤੋਂ ਇਲਾਵਾ ਆਪਣੇ ਮ੍ਰਿਤਕ ਪਤੀ ਨਾਲ ਸੜ ਮਰਨ ਦੀ ਅਸਫਲਤਾ ਇਸਤਰੀ ਦੀ ਪਤੀ ਪ੍ਰਤੀ ਵਫ਼ਾਦਾਰੀ ਵਿਚ ਘਾਟ ਸਮਝੀ ਜਾਂਦੀ ਸੀ।[236] ਪਰੰਤੂ ਇਸਤਰੀ ਦੇ ਮਰਨ ਉਪਰੰਤ ਸਤੀ ਦੀ ਰਸਮ ਪੁਰਸ਼ ਤੇ ਲਾਗੂ ਨਹੀਂ ਸੀ ਹੁੰਦੀ, ਉਹ ਇਕ ਦਮ ਹੋਰ ਸ਼ਾਦੀ ਕਰ ਲੈਂਦਾ ਸੀ।[237]

ਸਤੀ ਦੀ ਇਸ ਕੁਪ੍ਰਥਾ ਵਿਰੁਧ 'ਆਦਿ ਗ੍ਰੰਥ ਦੇ ਗੁਰੂ-ਕਾਵਿ' ਵਿਚ ਜ਼ੋਰਦਾਰ ਖੰਡਨ ਕੀਤਾ ਗਿਆ ਹੈ, ਜਿਸ ਦੀ ਮਿਸਾਲ ਗੁਰੂ ਕਾਲ ਦੇ ਹੋਰ ਕਿਸੇ ਵੀ ਕਵੀ ਦੀ ਰਚਨਾ ਵਿਚ ਨਹੀਂ ਮਿਲਦੀ। ਇਹ ਉਹ ਸਮਾਂ ਸੀ, ਜਦੋਂ ਅਕਬਰ ਵਰਗਾ ਮੁਗ਼ਲ ਬਾਦਸ਼ਾਹ ਵੀ ਇਸ ਕੁਪ੍ਰਥਾ ਵਿਰੁੱਧ ਕੋਈ ਪੱਕਾ ਕਦਮ ਚੁੱਕਣ ਤੋਂ ਡਰਦਾ ਸੀ।[238] ਔਰੰਗਜ਼ੇਬ ਵਰਗੇ ਸਖ਼ਤ ਬਾਦਸ਼ਾਹ ਦੁਆਰਾ ਸਤੀ ਦੀ ਕੁਪ੍ਰਥਾ ਸਮਾਪਤ ਕਰਨ ਬਾਰੇ ਰਾਜ ਆਗਿਆ ਦੇ ਬਾਵਜੂਦ ਵੀ ਕੱਟੜ ਹਿੰਦੂਆਂ ਦੀ ਵਿਰੋਧਤਾ ਕਾਰਨ ਉਸਦੀ ਸਰਕਾਰ ਹੁਕਮ ਲਾਗੂ ਕਰਨ ਵਿਚ ਅਸਫਲ ਰਹੀ।[239]

ਗੁਰੂ ਜੀ ਸਤੀ ਦੀ ਕੁਪ੍ਰਥਾ ਦਾ ਖੰਡਨ ਕਰਦੇ ਹੋਏ ਕਹਿੰਦੇ ਹਨ ਕਿ ਪਤੀ ਨੂੰ ਪਿਆਰ ਕਰਨ ਵਾਲੀਆਂ ਇਸਤਰੀਆਂ ਤਾਂ ਪਤੀ ਦੀ ਮੌਤ ਕਾਰਨ ਕਾਫ਼ੀ ਦੁਖ ਅਨੁਭਵ ਕਰ ਲੈਂਦੀਆਂ ਹਨ, ਉਨ੍ਹਾਂ ਨੂੰ ਸੜ ਕੇ ਸਤੀ ਹੋਣ ਦੀ ਲੋੜ ਨਹੀਂ, ਉਹ ਜਿਉਂਦੀਆਂ ਹੀ ਸਤੀ ਹਨ। ਇਸ ਦੇ ਵਿਪਰੀਤ ਪਤੀ ਦੀ ਬੇਕਦਰੀ ਕਰਨ ਵਾਲੀਆਂ ਮ੍ਰਿਤਕ ਪਤੀ ਨਾਲ ਅੱਗ ਵਿਚ ਕਿਉਂ ਸੜਨ ?[240] ਪੁਰਾਤਨ ਧਾਰਨਾ— ਸਤੀ ਹੋ ਜਾਣ ਨਾਲ ਪਰਲੋਕ ਵਿਚ ਪਤੀ ਤੇ ਇਸਤਰੀ ਦਾ ਪੁਨਰ ਮਿਲਾਪ ਹੋਵੇਗਾ— ਦਾ ਗੁਰੂ ਜੀ ਨੇ ਖੰਡਨ ਕੀਤਾ। ਮਨ ਦੇ ਹੱਠ ਕਰਕੇ ਸਤੀ ਹੋਣ ਨਾਲ ਅਤੇ ਇਸ ਆਤਮਘਾਤ ਨਾਲ ਪਤੀ ਨੂੰ ਮਿਲਣ ਦੀ ਬਜਾਇ ਇਸਤਰੀ ਨੂੰ ਜੂਨਾਂ ਵਿਚ ਭਟਕਣਾ ਪੈਂਦਾ ਹੈ।[241] ਅਸਲ ਸਤੀਆਂ ਸੜਨ ਦੀ ਬਜਾਏ ਪਤੀ ਦੇ ਵਿਜੋਗ ਦੀ ਚੋਟ ਨਾਲ ਹੀ ਮਰ ਜਾਂਦੀਆਂ ਹਨ।[242] ਗੁਰਮਤਿ ਅਨੁਸਾਰ ਪਤੀ ਦੀ ਮੌਤ ਉਪਰੰਤ ਸੀਲ, ਸੰਤੋਖ ਅਤੇ ਉੱਚੇ ਆਚਰਨ ਦੀ ਧਾਰਨੀ ਹੋ ਕੇ ਪਤੀ ਦੀ ਯਾਦ ਵਿਚ ਜੀਵਨ ਬਤੀਤ ਕਰਨ ਵਾਲੀ ਇਸਤਰੀ ਨੂੰ ਅਸਲ ਸਤੀ ਕਿਹਾ ਗਿਆ ਹੈ।[243]

---

236. The life & Conditions of the people of Hindustan, P.189, K.M. Ashr
237. ਉਹੀ, ਪੰ: 186.
238. ੳ) ਅਮਰ ਕਥੀ, ਗੁਰੂ ਅਮਰਦਾਸ, ਪੰ: 49, ਡਾ: ਜਸਬੀਰ ਸਿੰਘ ਗਿੱਲ।
 ਅ) ਵਿਸਥਾਰ ਲਈ ਵੇਖੋ: Akbar the Great Mughal, P-131-38, V.A.Smith.
239. Panjab under the Great Mughals, P-138-39, Dr.B.S.Nijjar.
240. ਕੰਤਾ ਨਾਲਿ ਮਹੇਲੀਆ, ਸੇਤੀ ਅਗਿ ਜਲਾਹਿ।
 ਜੇ ਜਾਣਹਿ ਪਿਰੁ ਆਪਣਾ, ਤਾ ਤਨਿ ਦੁਖ ਸਹਾਹਿ।
 ਨਾਨਕ ਕੰਤ ਨ ਜਾਣਨੀ, ਸੇ ਕਿਉ ਅਗਿ ਜਲਾਹਿ।
 ਭਾਵੈ ਜੀਵਉ ਕੈ ਮਰਉ, ਦੂਰਹੁ ਹੀ ਭਜਿ ਜਾਹਿ।
 (ਵਾਰ ਸੂਹੀ ਮ:3, ਪਉੜੀ 6 ਨਾਲ ਸਲੋਕ, ਸ਼ਬਦਾਰਥ, ਪੰ:787)
241. ਜਲਿ ਨ ਪਾਈਐ ਰਾਮ ਸਨੇਹੀ। ਕਿਰਤਿ ਸੰਜੋਗਿ ਸਤੀ ਉਠਿ ਹੋਈ।
 ਦੇਖਾ ਦੇਖੀ ਮਨ ਹਠਿ ਜਲਿ ਜਾਈਐ। ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ।
 (ਗਉੜੀ ਗੁਆਰੇਰੀ ਮ: 5, ਉਹੀ, ਪੰ: 185)
242. ਸਤੀਆ ਏਹਿ ਨ ਆਖੀਅਨਿ, ਜੋ ਮੜਿਆ ਲਗਿ ਜਲੰਨਿ।
 ਨਾਨਕ ਸਤੀਆ ਜਾਣੀਅਨਿ, ਜਿ ਬਿਰਹੇ ਚੋਟ ਮਰੰਨਿ।
 (ਵਾਰ ਸੂਹੀ ਮ:3, ਪਉੜੀ 6 ਦਾ ਸਲੋਕ, ਉਹੀ, ਪੰ:787)

ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਵਿਚ ਸਤੀ ਦੀ ਰਸਮ ਸਮਾਪਤ ਕਰਵਾ ਦਿੱਤੀ, ਇਹ ਇਕ ਅਦੁਤੀ ਸਮਾਜ ਸੁਧਾਰ ਸੀ।[244]

ਮੱਧਕਾਲ ਵਿਚ ਵਿਭਚਾਰ ਦੀ ਪ੍ਰਥਾ ਨੂੰ ਵੀ ਮਾਨਤਾ ਪ੍ਰਾਪਤ ਸੀ। ਗੁਰਮਤਿ ਵਿਚ ਇਸ ਸਮਾਜਕ ਬੁਰਾਈ ਲਈ ਕੋਈ ਥਾਂ ਨਹੀਂ, ਉੱਚੇ ਆਚਰਣ ਨੂੰ ਸਭ ਤੋਂ ਉੱਚਾ ਮੰਨਿਆ ਗਿਆ ਹੈ।[245]

ਇਸ ਪ੍ਰਕਾਰ ਜੁਗਾਂ ਜੁਗਾਂਤਰਾਂ ਤੋਂ ਪੁਰਸ਼-ਸਮਾਜ ਦੁਆਰਾ ਪੱਦ-ਦਲਿਤ ਇਸਤਰੀ ਨੂੰ ਗੁਰੂ-ਸਾਹਿਬਾਨ ਨੇ ਪੁਰਸ਼ ਦੇ ਬਰਾਬਰ ਦਰਜਾ [illegible] ਵਿਚ ਪ੍ਰਦਾਨ ਕੀਤਾ। ਉਨ੍ਹਾਂ ਨੇ ਸੰਗਤ ਤੇ ਪੰਗਤ ਵਿਚ ਇਸਤਰੀ ਨੂੰ ਬਰਾਬਰ ਸ਼ਾਮਿਲ ਕਰਕੇ ਉਸ ਦਾ ਸਦੀਆਂ ਤੋਂ ਗੁਆਚਿਆ ਸਤਿਕਾਰ ਦੁਆਇਆ।[246]

<u>ਸਮਾਜਕ ਤੇ ਸਭਿਆਚਾਰਕ ਬੁਰਾਈਆਂ</u> :-

ਮੱਧਕਾਲੀਨ ਭਾਰਤੀ ਸਮਾਜ ਦਾ ਢਾਂਚਾ ਬਿਲਕੁਲ ਵਿਗੜ ਹੋ ਚੁਕਿਆ ਸੀ। ਰਾਜਨੀਤਕ ਉਥਲ ਪੁਥਲ ਨੇ ਸਮਾਜਕ ਜੀਵਨ ਨੂੰ ਵਧੇਰੇ ਗੰਭੀਰ ਬਣਾ ਦਿੱਤਾ ਸੀ। ਫਲਸਰੂਪ ਸਮਾਜਕ ਤੇ ਸਭਿਆਚਾਰਕ ਕੁਰੀਤੀਆਂ ਦਾ ਬੋਲ ਬਾਲਾ ਹੋ ਗਿਆ ਸੀ। ਉਨ੍ਹਾਂ ਵਿਚੋਂ ਥੋਥੇ ਕਰਮਕਾਂਡ ਤੇ ਵਹਿਮ ਭਰਮ,[247] ਜਾਤ-ਪਾਤ,[248] ਪਰੋਹਿਤ ਵਰਗ ਦੁਆਰਾ ਸ਼ੋਸ਼ਣ,[249] ਭਿਖਿਆ ਮੰਗਣੀ,[250] ਇਸਤਰੀ ਜਾਤੀ ਨਾਲ ਵਿਤਕਰਾ,[251] ਦਹੇਜ ਪ੍ਰਥਾ,[252] ਧਨ ਸੰਗ੍ਰਹਿ ਕਰਨਾ,[253] ਪਰਾਇਆ ਹੱਕ ਮਾਰਨਾ,[254] ਕਰਜ਼ੇ ਦੀ ਲਾਹਨਤ,[255] ਰਿਸ਼ਵਤ[256] ਆਦਿ ਦਾ ਵਰਣਨ ਪਹਿਲਾਂ ਕੀਤਾ ਗਿਆ ਹੈ। ਇਥੇ ਅਸੀਂ ਕ੍ਰਮਵਾਰ ਕੇਵਲ 'ਨਸ਼ਿਆਂ ਦਾ ਸੇਵਨ', 'ਜੂਆ,ਬਾਜ਼ੀ' ਅਤੇ ਪਰ ਇਸਤਰੀ ਗਮਨ ਬਾਰੇ ਹੀ ਚਰਚਾ ਕਰਾਂਗੇ।

<u>ਨਸ਼ਿਆਂ ਦਾ ਸੇਵਨ</u>:- ਤਤਕਾਲੀਨ ਸਮਾਜ ਵਿਚ ਹਿੰਦੂ-ਮੁਸਲਮਾਨ, ਅਮੀਰ ਗਰੀਬ, ਬੁੱਢੇ-ਜਵਾਨ ਧਾਰਮਿਕ ਤੌਰ ਤੇ ਵਿਵਰਜਤ ਹੋਣ ਤੇ ਵੀ ਸ਼ਰਾਬ ਪੀਣ ਦੀ ਬੁਰਾਈ ਵਿਚ ਫਸੇ ਹੋਏ ਸਨ। ਮੁਸਲਮਾਨਾਂ ਵਿਚ ਸਾਰੇ

---

243. ਭੀ ਸੋ ਸਤੀਆ ਜਾਣੀਅਨਿ, ਸੀਲ ਸੰਤੋਖਿ ਰਹੰਨਿ।
ਸੇਵਨਿ ਸਾਈ ਆਪਣਾ, ਨਿਤ ਉਠਿ ਸੰਮਾਲੰਨਿ। (ਉਹੀ, ਪੰ: 787)

244. Ashort History of the Sikhs, P-31, C.H.Payne.

245. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ, ਸਮਾਜਕ ਬੁਰਾਈਆਂ ਅਧੀਨ, 'ਪਰ ਇਸਤਰੀ ਗਮਨ'।

246. Structure & Character of Sikh Society P-39, Dr. Bhai Jodh Singh.

247. ਵਿਸਥਾਰ ਲਈ ਵੇਖੋ: ਅਧਿਆਇ ਪੰਜਵਾਂ, ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਧਾਰਮਿਕ ਪੱਖ।

248. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ 'ਹਿੰਦੂ ਸਮਾਜ' ਵਿਚ 'ਵਰਣ ਵਿਵਸਥਾ'।

249. ਵਿਸਥਾਰ ਲਈ ਵੇਖੋ:-ੳ) ਉਹੀ, 'ਹਿੰਦੂ ਸਮਾਜ' ਵਿਚ ਵਰਣ ਵਿਵਸਥਾ)
ਅ) ਅਧਿਆਇ ਪੰਜਵਾਂ : ਇਸਲਾਮ।

250. ਵਿਸਥਾਰ ਲਈ ਵੇਖੋ: - ਇਸੇ ਅਧਿਆਇ ਵਿਚ 'ਹਿੰਦੂ ਸਮਾਜ ਵਿਚ ਆਸ਼੍ਰਮ-ਵਿਵਸਥਾ।

251. ਵਿਸਥਾਰ ਲਈ ਵੇਖੋ:-ਉਹੀ, ਇਸਤਰੀ ਦਾ ਸਥਾਨ।

252. ਵਿਸਥਾਰ ਲਈ ਵੇਖੋ:- ਉਹੀ, ਵਿਆਹ।

253. ਵਿਸਥਾਰ ਲਈ ਵੇਖੋ:- ਉਹੀ, 'ਆਰਥਿਕ ਵਿਵਸਥਾ' ਵਿਚ 'ਧਨ ਸੰਗ੍ਰਹ ਕਰਨਾ'।

254. ਵਿਸਥਾਰ ਲਈ ਵੇਖੋ: ਉਹੀ।

255. ਵਿਸਥਾਰ ਲਈ ਵੇਖੋ: ਉਹੀ,-ਜੀਵਨ ਪੱਧਰ।

256. ਵਿਸਥਾਰ ਲਈ ਵੇਖੋ:- ਅਧਿਆਇ ਤੀਜਾ, ਨਿਆਂ ਪ੍ਰਬੰਧ।

ਵਧੇਰੇ ਹੀ ਸ਼ਰਾਬ ਪੀਂਦੇ ਸਨ, ਇਸਤਰੀਆਂ ਵੀ ਸ਼ਰਾਬ ਦਾ ਇਸਤੇਮਾਲ ਕਰਦੀਆਂ ਸਨ। ਬੱਚਿਆਂ ਦੇ ਅਧਿਆਪਕ, ਧਾਰਮਿਕ ਵਰਗ ਦੇ ਲੋਕ (ਪਰਦੇ ਵਿਚ), ਸਿਪਾਹੀ ਤੇ ਸੈਨਿਕ ਸਭ ਲੋਕ ਸ਼ਰਾਬ ਪੀਂਦੇ ਸਨ। ਸ਼ਤਰੂ ਤੇ ਜਿੱਤ ਪ੍ਰਾਪਤ ਕਰਨ ਉਪਰੰਤ ਸ਼ਰਾਬ ਦੇ ਦੌਰ ਚਲਦੇ ਸਨ। ਦੁਕਾਨਾਂ ਅਤੇ ਸਰਕਾਰੀ ਸਮਾਗਮਾਂ ਸਮੇਂ ਸ਼ਰਾਬ ਖੂਬ ਵਰਤੀ ਜਾਂਦੀ ਸੀ। ਜਸ਼ਨ ਵਿਚ ਸੁਲਤਾਨ ਲੋਕ ਸ਼ਰਾਬ ਪੀ ਕੇ ਆਪਣਾ ਜਸ਼ਨ ਮਨਾਇਆ ਕਰਦੇ ਸਨ। ਆਮ ਤੌਰ ਤੇ ਸ਼ਰਾਬ ਮਿੱਤਰਾਂ ਦੀ ਸੰਗਤ ਵਿਚ ਪੀਤੀ ਜਾਂਦੀ ਸੀ। ਸ਼ਰਾਬ ਦੇ ਨਾਲ ਸਿਆਲਕੋਟ ਚੀਜ਼ਾਂ ਵੀ ਖਾਧੀਆਂ ਜਾਂਦੀਆਂ ਸਨ। ਅਕਬਰ ਨੇ ਸ਼ਰਾਬ-ਖਾਨਿਆਂ ਨੂੰ ਵਿਸ਼ੇਸ਼ ਉਤਸ਼ਾਹਤ ਦਿੱਤਾ। ਸ਼ਰਾਬ ਦੀ ਤਰ੍ਹਾਂ ਅਫੀਮ ਦੀ ਵਰਤੋਂ ਵੀ ਕੀਤੀ ਜਾਂਦੀ ਸੀ। ਸਰਮਾਏਦਾਰ ਹੁਮਾਯੂੰ ਅਫੀਮ ਦੇ ਇਸਤੇ-ਮਾਲ ਕਰਕੇ ਪ੍ਰਸਿੱਧ ਸੀ। ਰਾਜ ਪੂਤ ਬਹੁਤ ਅਫੀਮ ਖਾਂਦੇ ਸਨ। ਭੰਗ ਦਾ ਵੀ ਬਹੁਤ ਸਾਰੇ ਲੋਕ ਸੇਵਨ ਕਰਦੇ ਸਨ।[258]

ਬੇਸ਼ਕ ਸਧਾਰਣ ਤੌਰ ਤੇ ਲੋਕ ਐਸ਼ੋ ਸਨ, ਮਾਸ ਖਾਣਾ ਮਨ੍ਹਾ ਸੀ, ਫੇਰ ਵੀ ਸ਼ਰਾਬ ਦਾ ਸੇਵਨ ਆਮ ਸੀ। ਕੇਵਲ ਬ੍ਰਾਹਮਣ, ਖਤਰੀ ਤੇ ਵੈਸ਼ ਜਾਤਾਂ ਦੀਆਂ ਇਸਤਰੀਆਂ ਲਈ ਸ਼ਰਾਬ ਵਿਵਰਜਤ ਸੀ।[259] ਸ਼ਾਹੀ ਔਰਤਾਂ ਤੇ ਨੌਕਰ ਚਾਕਰ ਜਾਤੀਆਂ ਵਿਸ਼ੇਸ਼ ਮੌਕਿਆਂ ਤੇ ਸ਼ਰਾਬ ਪੀਂਦੀਆਂ ਸਨ। ਪਠਾਣ ਸੁਲਤਾਨ ਅਫੀਮ ਤੇ ਭੰਗ ਦੇ ਆਦੀ ਸਨ। ਔਰੰਗਜ਼ੇਬ ਤੋਂ ਬਿਨਾਂ ਸਾਰੇ ਮੁਗਲ ਬਾਦਸ਼ਾਹ ਬਹੁਤ ਸ਼ਰਾਬ ਪੀਂਦੇ ਸਨ। ਜਹਾਂਗੀਰ ਨੇ ਸ਼ਰਾਬ ਤੇ ਭੰਗ ਦੀ ਵਰਤੋਂ ਬੰਦ ਕਰਨ ਦੇ ਹੁਕਮ ਜਾਰੀ ਕੀਤੇ, ਭਾਵੇਂ ਉਹ ਖੁਦ ਬਹੁਤ ਸ਼ਰਾਬ ਪੀਂਦਾ ਸੀ।[260] ਅਕਬਰ ਦੇ ਦੋ ਪੁੱਤਰ ਬਹੁਤੀ ਸ਼ਰਾਬ ਪੀ ਕੇ ਮਰੇ ਸਨ। ਔਰੰਗਜ਼ੇਬ ਫਿਕਰ ਕਰਦਾ ਸੀ ਕਿ ਉਸ ਦੇ ਰਾਜ ਵਿਚ ਕੇਵਲ ਦੋ ਹੀ ਆਦਮੀ ਸ਼ਰਾਬ ਨਹੀਂ ਪੀਂਦੇ-- ਇਕ ਉਹ ਆਪ ਸੀ ਤੇ ਦੂਜਾ ਉਸ ਦਾ ਮੁੱਖ ਕਾਜ਼ੀ ਅਬਦੁਲ ਵਹਾਬ ਸੀ।[261]

ਗੁਰਮਤਿ ਵਿਚ ਅਜਿਹੇ ਨਸ਼ਾ-ਖੋਰੀ-ਵਿਨਾਸ਼ਕ ਨਸ਼ਿਆਂ ਦਾ ਨਿਸ਼ੇਧ ਕੀਤਾ ਗਿਆ ਹੈ, ਜਿਨ੍ਹਾਂ ਨਾਲ ਮੱਤ ਮਾਰੀ ਜਾਂਦੀ ਹੈ, ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਰੱਬ ਵਿਸਰ ਜਾਂਦਾ ਹੈ ਤੇ ਦਰਗਾਹ ਵਿਚ ਸਜ਼ਾ ਮਿਲਦੀ ਹੈ[262] ਅਤੇ ਕਈ ਪ੍ਰਕਾਰ ਦੇ ਵਿਕਾਰ ਪੈਦਾ ਹੁੰਦੇ ਹਨ।[263] ਬੇਟੀ ਮੌਤ ਦੇ ਪਿੱਛੇ

---

257. ੳ) ਮੰਨੂ ਸਿਮ੍ਰਤੀ, 2/176-77
 ਅ) ਕੁਰਾਨ ਸ਼ਰੀਫ, ਸਪਾਰਾ 2, ਸੂਰਤ 2, ਰੁਕੂਅ 27, ਆਇਤ 216.

258. Life & Conditions of the people of Hindustan, P-260-64, K.M. Ashraf.

259. Medieval Indian Culture, P-24, A.L. Srivastva.

260. Panjab under the Great Mughals, P-140, Dr. B.S. Nijjar.

261. Medieval Indian Culture, P-31, A.L. Srivastva.

262. ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ।
 ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ।
 ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ।
 ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ।
 —(ਮ:3, ਬਿਹਾਗੜਾ ਕੀ ਵਾਰ ਮ:4, ਪਉੜੀ 16 ਦਾ ਸਲੋਕ, ਸ਼ਬਦਾਰਥ ਪੰ: 554)

263. ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ।
 (ਸਲੋਕ ਮਹਲਾ 1, ਵਾਰ ਬਿਹਾਗੜਾ ਮ:4, ਪਉੜੀ 12 ਦਾ ਸਲੋਕ, ਉਹੀ, ਪੰ:553)

ਨਤ ਜੋ ਸ਼ਰਾਬ ਪੀਣ ਵਾਲੇ ਕਮਲੇ ਵਿਭਚਾਰਨ ਇਸਤਰੀ ਦੇ ਪਤੀ ਵਾਂਗ ਹਨ। ਅਸਲੀ ਅਮਲ ਵਾਲੇ ਉਹੀ ਹਨ ਜੋ ਹਰੀ ਦੇ ਨਾਮ ਦੀ ਸ਼ਰਾਬ ਨਾਲ ਮਸਤ ਹੁੰਦੇ ਹਨ।[264] ਗੁਰੂ ਜੀ ਅਨੁਸਾਰ ਸਚ ਵੀ ਇਕ ਕਿਸਮ ਦੀ ਸ਼ਰਾਬ ਹੈ, ਜਿਸ ਵਿਚ ਗੁੜ ਦੀ ਥਾਂ ਸਚੇ ਨਾਮ ਦਾ ਰਸ ਪੈਂਦਾ ਹੈ। ਆਮ ਸਭ ਦੀ ਜ਼ਿੰਦਗੀ ਦੁਨਿਆਵੀ ਦ੍ਰਿਸ਼ਟੀਕੋਣ ਤੋਂ ਫਿੱਕੀ ਜਿਹੀ ਮਾਲੂਮ ਹੁੰਦੀ ਹੈ ਪਰ ਨਾਮ ਦੇ ਪਿਆਰ ਵਿਚ ਜੋ ਜੋ ਕਮਾਈਏ ਤਾਂ ਜ਼ਿੰਦਗੀ ਸਵਾਦੀ ਬਣ ਜਾਂਦੀ ਹੈ।[265] ਸ਼ਰਾਬ ਵਿਚ ਮਸਤ ਹੋਏ ਲੋਕ ਮੂੰਹੋਂ ਊਲ ਜਲੂਲ ਬੋਲਦੇ ਹਨ ਅਤੇ ਅਜਿਹੇ ਮਨਮੁਖ ਸੱਚੇ ਪ੍ਰਭੂ ਨੂੰ ਨਹੀਂ ਸਿਮਰਦੇ।[266] ਗੁਰਮਤਿ ਵਿਚ ਹਰਿ-ਰਸ ਦੀ ਖੁਮਾਰੀ ਵਿਚ ਮਸਤ ਹੋਣ ਦਾ ਵਿਧਾਨ ਹੈ।[267]

ਜੋਗੀ ਲੋਕ ਸ਼ਰਾਬ ਪੀ ਕੇ ਤਾੜੀ ਲਾਉਂਦੇ ਸਨ ਅਤੇ ਇਸ ਪ੍ਰਕਾਰ ਪ੍ਰਭੂ ਵਿਚ ਲੀਨ ਹੋਣ ਵਿਚ ਵਿਸ਼ਵਾਸ ਰਖਦੇ ਸਨ।[268] ਗੁਰੂ-ਬਾਣੀ ਵਿਚ ਗੁੜ, ਧਾਵੇ ਅਥਵਾ ਮਹੂਏ ਦੇ ਫੁਲ, ਕਿੱਕਰ ਦੇ ਸੱਕ ਆਦਿ ਨਾਲ ਬਣਾਈ ਹੋਈ ਸ਼ਰਾਬ ਦੀ ਬਜਾਇ 'ਅਮ੍ਰਿਤ-ਰਸ' ਦਾ ਵਿਧਾਨ ਹੈ। ਇਸ ਲਈ ਗਿਆਨ ਰੂਪੀ ਗੁੜ, ਧਿਆਨ ਰੂਪੀ ਮਹੂਏ ਦੇ ਫੁਲ, ਕਰਨੀ ਰੂਪੀ ਸੱਕ (ਕਿੱਕਰ ਦਾ ਸੱਕ), ਸਰਧਾ ਰੂਪੀ ਪੋਚੇ (ਭਾਫ਼ ਠੰਡੀ ਰਖਣ ਲਈ ਅਰਕ ਕਢਣ ਵਾਲੇ ਭਾਂਡੇ ਨੂੰ ਠੰਡੇ ਪਾਣੀ ਦਾ ਪੋਚਾ ਦਿੱਤਾ ਜਾਂਦਾ ਹੈ) ਦੁਆਰਾ ਬਣੇ ਰਸ ਤੋਂ ਅੰਮ੍ਰਿਤ ਹੁੰਦਾ ਹੈ। ਸੱਚ ਰੂਪੀ ਪਿਆਲਾ ਗੁਰਮਤਿ ਦੇ ਸਹਿਜ ਪ੍ਰੇਮ ਰਾਹੀਂ ਪ੍ਰਾਪਤ ਹੁੰਦਾ ਹੈ। ਅੰਮ੍ਰਿਤ ਦਾ ਵਪਾਰੀ ਫੋਕੀ ਸ਼ਰਾਬ ਨਾਲ ਪਿਆਰ ਨਹੀਂ ਪਾਉਂਦਾ ਉਹ ਝੂਠੀ ਸ਼ਰਾਬ ਦੀ ਬਜਾਇ ਅੰਮ੍ਰਿਤ ਦੀ ਧਾਰ ਦਾ ਮਤਵਾਲਾ ਹੁੰਦਾ ਹੈ।[269]

---

264. ਦੁਰਮਤਿ ਮਦੁ ਜੋ ਪੀਵਤੇ, ਬਿਖਲੀਪਤਿ ਕਮਲੀ।
ਰਾਮ ਰਸਾਇਣਿ ਜੋ ਰਤੇ, ਨਾਨਕ ਸਚ ਅਮਲੀ। (ਆਸਾ ਮ: 5, ਗੁਹੀ, ਪੰ:399)
265. ਸਚ ਸਰਾ ਗੁੜ ਬਾਹਰਾ, ਜਿਸੁ ਵਿਚਿ ਸਚਾ ਨਾਉ।
ਸੁਣਹਿ ਵਖਾਣਹਿ ਜੇਤੜੇ, ਹਉ ਤਿਨ ਬਲਿਹਾਰੈ ਜਾਉ।
ਤਾ ਮਨੁ ਖੀਵਾ ਜਾਣੀਐ, ਜਾ ਮਹਲੀ ਪਾਏ ਥਾਉ। (ਸਿਰੀ ਰਾਗ ਮ:1, ਗੁਹੀ, ਪੰ: 15-16)
266. ਸਚੁ ਸੱਚਾ ਜਿਨੀ ਨ ਸੇਵਿਆ, ਸੇ ਮਨਮੁਖ ਮੂੜ ਬੇਤਾਲੇ।
ਓਹ ਆਲੁ ਪਤਾਲੁ ਮੁਹਹੁ ਬੋਲਦੇ, ਜਿਉ ਪੀਤੈ ਮਦਿ ਮਤਵਾਲੇ।
(ਵਾਰ ਗਉੜੀ ਮ: 4, ਪਉੜੀ 19, ਗੁਹੀ, ਪੰ: 311)
267. ਮਾਈ ਰੀ ਮਨ ਮੇਰੋ ਮਤਵਾਰੋ।
ਪੇਖਿ ਦਇਆਲ ਅਨਦ ਸੁਖ ਪੂਰਨ, ਹਰਿ ਰਸਿ ਰਪਿਓ ਖੁਮਾਰੋ। (ਸਾਰਗ ਮ:5, ਗੁਹੀ, ਪੰ: 1225)
268. ਵਿਸਥਾਰ ਲਈ ਵੇਖੋ:-ਅਧਿਆਇ ਪੰਜਵਾਂ, 'ਨਾਥ ਸੰਪਰਦਾਇ।'
269. 'ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ, ਕਰਿ ਕਰਣੀ ਕਸੁ ਪਾਈਐ।
ਭਾਠੀ ਭਵਨੁ ਪ੍ਰੇਮ ਦਾ ਪੋਚਾ, ਇਤੁ ਰਸਿ ਅਮਿਉ ਚੁਆਈਐ।
ਬਾਬਾ ਮਨ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ।
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਹਿਆ।1।ਰਹਾਉ।
ਪੂਰਾ ਸਾਚੁ ਪਿਆਲਾ ਸਹਜੇ, ਤਿਸਹਿ ਪੀਆਏ ਜਾਕਉ ਨਦਰਿ ਕਰੇ।
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ।
ਗੁਰ ਕੀ ਸਾਖੀ ਅੰਮ੍ਰਿਤ ਬਾਣੀ, ਪੀਵਤ ਹੀ ਪਰਵਾਣੁ ਭਇਆ।
ਦਰ ਦਰਸਨ ਕਾ ਪ੍ਰੀਤਮ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ।
ਸਿਫਤੀ ਰਤਾ ਸਦਾ ਬੈਰਾਗੀ, ਜੂਐ ਜਨਮੁ ਨ ਹਾਰੈ।
ਕਹੁ ਨਾਨਕੁ ਸੁਣਿ ਭਰਥਰਿ ਜੋਗੀ, ਖੀਵਾ ਅੰਮ੍ਰਿਤ ਧਾਰੈ। (ਆਸਾ ਮ:1, ਸਬਦਾਰਥ, ਪੰ: 360)

ਸ਼ਰਾਬ ਦੀ ਤਰ੍ਹਾਂ ਭੰਗ ਨੂੰ ਵੀ ਗੁਰੂ-ਬਾਣੀ ਵਿਚ ਅਧਿਆਤਮਿਕ ਰੁਕਾਵਟ ਵਜੋਂ ਪੇਸ਼ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਹਰੀ ਦਾ ਡਰ ਹੀ ਭੰਗ ਹੈ। ਮਨੁੱਖ ਭੰਗ ਪਾਕੇ ਨਹੀਂ ਝੂਮਦਾ ਹੈ। ਇਸੇ ਕਰ ਕੂੜੀ ਭੰਗ ਦੇ ਨਸ਼ੇ ਨਾਲ ਮਸਤ ਤਿਆਗੀ ਅਖਿਆ ਜਾਂਦਾ ਹੈ।[270]

ਇਸ ਪ੍ਰਕਾਰ ਗੁਰਮਤਿ ਅਨੁਸਾਰ ਨਸ਼ਿਆਂ ਦੇ ਸੇਵਨ ਨੂੰ ਸਮਾਜਕ ਬੁਰਾਈ ਮੰਨ ਕੇ ਇਨ੍ਹਾਂ ਦੀ ਵਰਤੋਂ ਕਰਨ ਤੋਂ ਰੋਕ ਲਾਈ ਗਈ ਹੈ।

<u>ਜੂਆ ਬਾਜ਼ੀ</u>:- ਸ਼ਰਾਬ ਦੀ ਤਰ੍ਹਾਂ ਜੂਏ-ਬਾਜ਼ੀ ਵੀ ਇਕ ਵੱਡੀ ਸਮਾਜਕ ਲਾਹਨਤ ਸੀ। ਜੋ ਪ੍ਰਾਚੀਨ ਕਾਲ ਤੋਂ ਚਲਦੀ ਆ ਰਹੀ ਸੀ। ਜੂਆ ਮਨੋਰੰਜਨ ਦੇ ਤੌਰ ਤੇ ਖੇਡਿਆ ਜਾਂਦਾ ਸੀ। ਸ਼ਤਰੰਜ, ਚੌਪੜ, ਚੰਡਾਲ-ਮੰਡਲ, ਤਾਸ਼ ਆਦਿ ਇਸ ਦੀਆਂ ਕਈ ਕਿਸਮਾਂ ਸਨ।

ਮੱਧਕਾਲ ਵਿਚ ਜੂਆ ਜਨਤਾ ਦੇ ਹਰ ਵਰਗ ਵਿਚ ਪ੍ਰਚੱਲਤ ਸੀ। ਦਿਵਾਲੀ ਵਾਲੀ ਰਾਤ ਨੂੰ ਜੂਆ ਖੇਡਣਾ ਆਮ ਜਿਹੀ ਗੱਲ ਨਹੀਂ ਕਿਸਮਤ-ਅਜ਼ਮਾਈ ਦਾ ਪ੍ਰਤੀਕ ਸੀ।[271] ਇਸਲਾਮ ਅਨੁਸਾਰ ਜੂਆਬਾਜ਼ੀ ਅੱਤ ਪਾਪ ਕਿਹਾ ਗਿਆ ਹੈ,[272] ਪਰ ਫਿਰ ਵੀ ਮੁਸਲਮਾਨ ਇਸ ਲਾਹਨਤ ਤੋਂ ਨਾ ਬਚ ਸਕੇ।

ਜੂਆ ਭਾਵੇਂ ਕਿਸੇ ਸ਼ਕਲ ਵਿਚ ਹੀ ਹੋਵੇ, ਗੁਰਮਤਿ ਅਨੁਸਾਰ ਵਿਵਰਜਤ ਹੈ। ਜਿਸਨ ਕਰਕੇ ਦੀ ਇਸ ਸਮਾਜਕ ਬੁਰਾਈ ਨਾਲ ਲੋਕ ਹਾਥੀ, ਘੋੜੇ, ਸੋਨਾ, ਪੁਤਰ, ਇਸਤਰੀ ਵੀ ਹਾਰ ਦਿੰਦੇ ਸਨ। ਪਾਂਡੂਆਂ ਦੇ ਸਭ ਕੁਝ ਹਾਰ ਜਾਣ ਦਾ ਜ਼ਿਕਰ ਆਦਿ ਗ੍ਰੰਥ ਦੇ ਗੁਰੂ-ਬਾਣੀ ਵਿਚ ਕੀਤਾ ਗਿਆ ਹੈ।[273] ਜਿਸ ਪ੍ਰਕਾਰ ਜੁਆਰੀਆ ਜੂਆ ਖੇਲ ਕੇ ਸਭ ਕੁਝ ਹਾਰ ਜਾਂਦਾ ਹੈ, ਗੁਰੂ ਜੀ ਅਨੁਸਾਰ ਠੀਕ ਇਸੇ ਤਰ੍ਹਾਂ ਇੰਦ੍ਰੀਆਂ ਮਨੁੱਖ ਨੂੰ ਆਪਣੇ ਵਸ ਵਿਚ ਕਰਕੇ ਇਸ ਨੂੰ ਜਿੱਤ ਰਹੀਆਂ ਹਨ ਤੇ ਇਹ ਮਨੁੱਖ ਹਾਰ ਰਿਹਾ ਹੈ।[274] ਗੁਰੂ ਅਨੁਸਾਰ ਚੋਰਾਂ ਤੇ ਵਿਭਚਾਰੀ ਮਨੁੱਖਾਂ ਵਾਂਗ ਜੁਆਰੀਏ ਨੂੰ ਵੀ ਕੋਹਲੂ ਵਿਚ ਪਾਕੇ ਪੀੜਿਆ ਜਾਵੇਗਾ।[275]

ਬਹੁਰੂਪ ਦੀ ਖੇਡ ਦਾ ਵੀ ਆਦਿ ਗ੍ਰੰਥ ਵਿਚ ਵਰਣਨ ਉਪਲਬਧ ਹੈ। ਗੁਰੂ-ਕਥੀਆਂ ਅਨੁਸਾਰ ਸਾਰਾ ਜਗਤ ਝੂਠ ਤੇ ਹੰਕਾਰ ਦੀਆਂ ਕਰਤੂਤਾਂ ਨਾਲ ਹਉਮੈ ਰੂਪੀ ਬਹੁਰੂਪ ਖੇਡ ਰਿਹਾ ਹੈ। ਕੇਵਲ ਗੁਰੂ ਦੇ ਉਪਦੇਸ਼ ਨੂੰ ਵਿਚਾਰਣ ਵਾਲਾ ਪੁਰਸ਼ ਹੀ ਜਿੱਤਦਾ ਹੈ।[276] ਗੁਰੂ ਨੇ ਅਜਿਹਾ ਪਾਸਾ ਆਖਣ ਨਹੀਂ ਕਿਹਾ ਹੈ

---

270. ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ। ਮੈ ਦੇਵਾਨਾ ਭਇਆ ਅਤੀਤੁ।
..........ਤਉ ਦਰਸਨ ਕੀ ਕਰਉ ਸਮਾਇ। ਮੈ ਦਰਿ ਮਾਗਤੁ ਨੀਖਿਆ ਪਾਇ।
(ਤਿਲੰਗ ਮ: 1, ਘਰ 2, ਗ੍ਰੰ, ਪੰ:721)

271. Life & Conditions of the people of Hindustan, P-233,37 & 39, K.M.
272. ਕੁਰਾਨ ਸ਼ਰੀਫ, ਪਾਰਾ 2, ਸੂਰਤ 2, ਰੁਕੂਅ 27, ਆਇਤ 216. Ashraf.
273. ਤੈਸਾ ... ਜੋਬਨ ਸੁਤ ਨਾਰੀ। ਸਭੁ ਕਿਤਾ ਖਿਨ ਮਾਹਿ ਹਾਰੀ।
ਜੂਐ ਖੇਲਣੁ ਕਾਚੀ ਸਾਰੀ। (ਗਉੜੀ ਮ: 1, ਅਸਟਪਦੀ, ਪੰ:222)
274. ਹਾਰਿ ਜੁਆਰ ਜੂਆ ਬਿਧੇ, ਇੰਦ੍ਰੀ ਵਸਿ ਲੈ ਜਿਤਣੋ। (ਗਉੜੀ ਮ: 5, ਗ੍ਰੰ, ਪੰ: 212)
275. ਚੋਰ ਜਾਰ ਜੁਆਰ, ਪੀੜੇ ਘਾਣੀਐ।
(ਵਾਰ ਮਲਾਰ ਮ: 1, ਪਉੜੀ 21, ਗ੍ਰੰ, ਪੰ: 1288)
276. ਹਉਮੈ ਬਹੁਰੂਪਿ ਖੇਲਣਹਾ, ਝੂਠੇ ਅਹੰਕਾਰਾ,
ਸਭੁ ਜਗੁ ਜਾਂਦਾ ਸੋ ਜਿਣੈ, ਗੁਰ ਸਬਦੁ ਵੀਚਾਰਾ। (ਆਸਾ ਮ:1, ਅਸਟਪਦੀ 22, ਗ੍ਰੰ, ਪੰ: 422)

ਜੋ ਨਾਪਸੰਦੀਦਾ ਹੋਵੇ ਅਤੇ ਮਨੁੱਖਾ ਜਨਮ ਦਾ ਹਾਰੇ ਜਾਣ, ਘਾਟੇ ਵਾਲੀਆਂ ਖੇਡਾਂ ਦਾ ਤਿਆਗ ਕਰਨਾ ਚਾਹੀਦਾ ਹੈ।[277] ਜੀਵਨ ਰੂਪੀ ਚਉਪੜ ਦੀ ਖੇਡ ਖੇਡਣ ਲਈ ਗੁਰੂ ਜੀ ਨੇ ਕਰਮ ਧਰਮ ਦੀ ਚਉਪੜ ਸਾਜ ਕੇ ਦਇਆ ਤੇ ਦਾਨ ਨੂੰ ਨਰਦਾਂ ਬਣਾਉਣ ਲਈ ਕਿਹਾ, ਤਾਂ ਜੋ ਇਹ ਮਨੁੱਖ ਕਾਮ, ਕ੍ਰੋਧ, ਲੋਭ ਅਤੇ ਮੋਹ ਰੂਪੀ ਬਾਜ਼ੀ ਨੂੰ ਜਿਤ ਸਕੇ।[278]

<u>ਪਰ-ਇਸਤਰੀ-ਗਮਨ</u>:- ਰਾਜੇ, ਮਹਾਰਾਜੇ ਤੇ ਅਮੀਰ ਲੋਕ ਬਹੁਤ ਐਸ਼ ਭਰਿਆ ਜੀਵਨ ਬਤੀਤ ਕਰਦੇ ਸਨ। ਮੱਧਕਾਲ ਵਿਚ ਪਵਿੱਤਰ ਹਿੰਦੂ ਮੰਦਰਾਂ ਵਿਚ ਲੋਕ ਜਵਾਨ ਕੁੜੀਆਂ ਨੂੰ ਦੇਵਦਾਸੀਆਂ ਦੇ ਰੂਪ ਵਿਚ ਚੜ੍ਹਾ ਦਿੰਦੇ ਸਨ।[279] ਮੁਸਲਿਮ ਸ਼ਾਸਕ ਵੀ ਇਸ ਸੰਸਥਾ ਦੇ ਸ਼ੌਕੀਨ ਸਨ, ਇਸ ਪੱਖੋਂ ਤੋਂ ਟੈਕਸ ਮਿਲਣ ਕਾਰਨ ਉਨ੍ਹਾਂ ਨੇ ਇਸ ਸਮਾਜਕ ਲਾਹਨਤ ਤੋਂ ਦੇਸ਼ ਦੇ ਲੋਕਾਂ ਨੂੰ ਨਿਜਾਤ ਨਹੀਂ ਦਿਵਾਈ ਸੀ।[280] ਵਿਭਚਾਰ ਹੱਦੋਂ ਵਧ ਸੀ। ਨਾਚੀਆਂ, ਜੋ ਨਾਚਣੀ ਤੇ ਵਾਸ਼ਨਾਮਈ ਅੱਖਾਂ ਦੀ ਪ੍ਰਿਆਸ ਕੁੜੀਆਂ ਸਨ, ਦਾ ਪੇਸ਼ਾ ਬੜਾ ਲਾਭਵੰਦਾ ਸੀ ਅਤੇ ਇਸ ਪੱਖੋਂ ਦੀ ਕੁੜੀਆਂ ਲੋਕਾਂ ਦੁਆਰਾ ਸਰਪ੍ਰਸਤੀ ਕੀਤੀ ਜਾਂਦੀ ਸੀ, ਜਿਨ੍ਹਾਂ ਨੇ ਇਸ ਤੇ ਰੋਕ ਲਗਾਉਣੀ ਹੁੰਦੀ ਸੀ।[281] ਅਕਬਰ ਨੇ ਸ਼ਹਿਰੋਂ ਤੋਂ ਬਾਹਰ ਸ਼ੈਤਾਨਪੁਰਾ ਨਾਮ ਦੀ ਇਕ ਬਸਤੀ ਬਣਵਾਈ ਸੀ ਜਿਥੇ ਕੇਵਲ ਵਿਭਚਾਰੀ ਔਰਤਾਂ ਹੀ ਰਹਿੰਦੀਆਂ ਸਨ।[282] ਇਸ ਤੋਂ ਇਲਾਵਾ ਬਹੁ-ਪਤਨੀ ਵਿਆਹ, ਰਾਜਿਆਂ ਮਹਾਰਾਜਿਆਂ

---

277. ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ ਪਾਸਾ ਢਾਲੀਐ।
     ਕਿਛੁ ਲਾਹੇ ਉਪਰਿ ਘਾਲੀਐ।   (ਵਾਰ ਆਸਾ ਮ: 1, ਪਉੜੀ 21, ਸ਼ਬਦਾਰਥ ਪੰ: 474)

278. ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ।
     ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ।
     ਇਨ ਬਿਧਿ ਪਾਸਾ ਢਾਲਹੁ ਬੀਰ।
     ਗੁਰਮੁਖਿ ਨਾਮੁ ਜਪਹੁ ਦਿਨ ਰਾਤੀ, ਅੰਤਕਾਲਿ ਨਹ ਲਾਗੈ ਪੀਰ।।1।।ਰਹਾਉ।।
     ਕਰਮ ਧਰਮ ਤੁਮ ਚਉਪੜਿ ਸਾਜਹੁ, ਸਤੁ ਕਰਹੁ ਤੁਮ ਸਾਰੀ।
     ਕਾਮ ਕ੍ਰੋਧੁ ਲੋਭੁ ਮੋਹੁ ਜੀਤਹੁ, ਐਸੀ ਖੇਲ ਹਰਿ ਪਿਆਰੀ।
     ਉਠਿ ਇਸਨਾਨੁ ਕਰਹੁ ਪਰਭਾਤੇ, ਸੋਏ ਹਰਿ ਆਰਾਧੇ।
     ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ, ਸੁਖ ਸਹਜ ਸੇਤੀ ਘਰਿ ਜਾਤੇ।
     ਹਰਿ ਆਪੇ ਖੇਲੈ ਆਪੇ ਦੇਖੈ, ਹਰਿ ਆਪੇ ਰਚਨੁ ਰਚਾਇਆ।
     ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ, ਸੋ ਜਿਣਿ ਬਾਜੀ ਘਰਿ ਆਇਆ।'
                    (ਬਸੰਤ ਮ:5, ਘਰ 2 ਹਿੰਡੋਲ, ਗ੍ਰੰਥ, ਪੰ: 1185)

279. ੳ) During the Medieval period, the tradition of offering girls to t
     sacred Hindu temples was quite common' - Panjab under the Sultans, P
     P- 147, Dr. B.S. Nijjar.
     ਅ) Life and Conditions of the people of Hindustan,
     P-264-67, K.M. Ashraf.

280. ੳ) Panjab under the sultans, P-147, Dr. B.S. Nijjar.
     ਅ) Life & conditions of the people of Hindustan, P-264, K.M. Ashraf.

(contd ---)

ਤੇ ਅਮੀਰਾਂ ਦੇ ਹਰਮਾਂ ਵਿਚ ਸੈਂਕੜੇ ਇਸਤਰੀਆਂ, ਜਿਨ੍ਹਾਂ ਵਿਆਹ ਰਖੇਲਾਂ ਦੇ ਰੂਪ ਵਿਚ, ਦਾਸੀਆਂ ਦੇ ਰੂਪ ਵਿਚ ਆਪਣੇ ਮੌਜ ਮੇਲੇ ਲਈ ਰਖੀਆਂ ਜਾਂਦੀਆਂ ਸਨ।[283]

ਆਦਿ ਗ੍ਰੰਥ ਦੇ ਗੁਰੂ-ਕਾਲ ਵਿਚ ਵਿਭਚਾਰ ਦਾ ਖੰਡਨ ਕੀਤਾ ਗਿਆ ਹੈ ਤੇ ਇਸ ਨੂੰ ਪੇਸ਼ਾ ਕਰਨ ਵਾਲਿਆਂ ਨੂੰ ਬੇਸ਼ਰਮ ਕਾਰ ਅਸਾਮੀ ਕਿਹਾ ਗਿਆ ਹੈ, ਕਿਉਂਕਿ ਇਸ ਦੇ ਅੰਦਰ ਸ਼ੈਤਾਨ ਵਸਦਾ ਹੈ।[284] ਜਿਥੇ ਗੁਰੂ ਸਾਹਿਬਾਂ ਨੇ ਇਸਤਰੀ ਨੂੰ ਸੁਹਾਗਣ ਦੇ ਰੂਪ ਵਿਚ ਦਸ ਕੇ ਉਸ ਨੂੰ ਪਤੀ-ਬ੍ਰਤਾ ਅਤੇ ਸੱਚੀ ਤੇ ਸੁਚੀ ਜ਼ਿੰਦਗੀ ਬਸਰ ਕਰਨ ਦੀ ਪ੍ਰੇਰਣਾ ਦਿੱਤੀ ਗਈ ਹੈ,[285] ਉਥੇ ਮਨੁੱਖ ਨੂੰ ਵੀ ਪਰ ਇਸਤਰੀ ਗਮਨ ਤੋਂ ਰੋਕਣ ਲਈ ਸਖਤ ਚੇਤਾਵਨੀ ਦਿੱਤੀ ਗਈ ਹੈ। ਇਸ ਮੰਦੇ ਕਰਮ ਨੂੰ ਜ਼ਹਿਰ, ਅੱਕ ਤੇ ਤੂੰਮੇ ਦੀ ਕੁਵਰਤਨ ਅਤੇ ਸੱਪ ਦੀ ਸੰਗਤ ਦੇ ਤੁੱਲ ਦਰਸਾਇਆ ਗਿਆ ਹੈ।[286] ਮਨੁੱਖ ਸਮਾਜ ਤੋਂ ਰੋਗੀ ਪਰ-ਇਸਤਰੀ ਗਮਨ ਕਰਦਾ ਹੈ।[287] ਪਰੰਤੂ ਗੁਰੂ ਜੀ ਅਨੁਸਾਰ ਅਨੇਕਾਂ ਪਤਨੀਆਂ ਵਿਚ ਵੀ ਇਹ ਮੰਦੇ ਕਰਮ ਕਰਨ ਨਾਲ ਵਿਭਚਾਰੀਪਨ ਦੇ ਲੇਖੇ

---

281. 'Prostitution was rampant andthe profession of dancing girls who quenched the thirst of the greedy & lustful eyes was profitable and was patronised by those who should be the censors of the public morals.'

---Advanced History of the Panjab, P-16, Dr. G.S.Chhabra.

282. Life and conditions of the people of Hindustan, P.266, K.M.Ashraf.

283. ਵਿਸਥਾਰ ਲਈ ਦੇਖੋ: ਇਸੇ ਅਧਿਆਇ ਵਿਚ ੳ) 'ਇਸਤਰੀ ਦਾ ਸਥਾਨ', ਤੇ ਅ) 'ਵਿਆਹ'।

284. ਰੋਗਾ ਜਾਣਾ ਛੰਡੀਆ, ਕੁਟਣੀਆ ਦੀਬਾਣੁ।
ਵੇਦੀਣਾ ਕੀ ਦੋਸਤੀ, ਵੇਦੀਣਾ ਕਾ ਖਾਣੁ।
ਸਿਫਤੀ ਸਾਰ ਨ ਜਾਣਨੀ, ਸਦਾ ਵਸੈ ਸੈਤਾਨੁ।
(ਮ:1, ਵਾਰ ਸੂਹੀ ਮ:3, ਪਉੜੀ 14 ਦਾ ਸਲੋਕ, ਸ਼ਬਦਾਰਥ, ਪੰ:790)

285. ੳ) 'ਸਹੀਆ ਸੇ ਸੋਹਾਗਣੀ, ਜਿਨ ਸਹ ਨਾਲਿ ਪਿਆਰੁ ਜੀਉ।
(ਸਿਰੀ ਰਾਗ ਮ: 1, ਗ੍ਰੰਥ, ਪੰ: 72)

ਅ) 'ਗੁਰਮੁਖਿ ਸਦਾ ਸੋਹਾਗਣੀ, ਪਿਰੁ ਰਾਖਿਆ ਉਰ ਧਾਰਿ।
(ਸਿਰੀ ਰਾਗ ਮ: 3, ਗ੍ਰੰਥ, ਪੰ: 31)

ੲ) 'ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ,
ਅੰਦਰਿ ਸਚੁ, ਮੁਖੁ ਉਜਲਾ, ਖਸਮੈ ਮਾਹਿ ਸਮਾਇ।'
(ਵਾਰ ਸੂਹੀ ਮ: 3, ਪਉੜੀ 2 ਨਾਲ ਸਲੋਕ, ਗ੍ਰੰਥ, ਪੰ:785)

ਸ) ਪੇਈਅੜੈ ਸਹੁ ਸੇਵਿ ਤੂੰ, ਸਾਹੁਰੈ ਸੁਖਿ ਵਸੁ।
ਗੁਰ ਮਿਲਿ ਚਜੁ ਅਚਾਰੁ ਸਿਖੁ, ਤੁਧੁ ਕਦੇ ਨ ਲਗੈ ਦੁਖੁ।
(ਸਿਰੀ ਰਾਗ ਮ: 5, ਗ੍ਰੰਥ, ਪੰ: 50)

286. 'ਪਰਤ੍ਰਿਅ ਰਾਵਿ ਦੇਖਿ ਭੂਲੇ, ਅਕਿ ਸੀਮ ਦੇ ਫੁਮਣੁ।
ਜੈਸਾ ਸੰਗੁ ਬਿਸੀਅਰ ਸਿਉ ਹੈ ਰੇ, ਤੈਸੋ ਹੀ ਇਹੁ ਪਰ ਗ੍ਰਿਹੁ।
(ਆਸਾ ਮ: 5, ਗ੍ਰੰਥ, ਪੰ: 403)

287. ਦੇਖਿ ਪਰਾਈ ਜੋਹਹਿ ਨਾਰੀ, ਨਰਕਿ ਰੋਗੀ ਬੁਲਿਆਰੀ।
(ਗਉੜੀ ਮ: 7, ਗ੍ਰੰਥ, ਪੰ: 155)

ਤੋਂ ਨਹੀਂ ਬਚ ਸਕਦਾ।[288] ਇਸ ਦੀ ਸਜਾ ਵਜੋਂ ਪਰਲੋਕ ਵਿਚ ਉਸ ਨੂੰ ਤੇਲ ਵਾਲੇ ਕੋਹਲੂ ਵਿਚ ਪਾ ਕੇ ਨਪੀੜਿਆ ਜਾਂਦਾ ਹੈ।[289]

ਪਰ ਇਸਤਰੀ ਦਾ ਰੂਪ ਤੱਕਣਾ ਅੱਖਾਂ ਦੇ ਸੂਤਕ ਸਮਾਨ ਹੈ।[290] ਇਸ ਲਈ ਪਰ-ਇਸਤਰੀ-ਗਾਮਨ ਕਰਨ ਵਾਲੇ ਨੂੰ ਗੁਰੂ ਜੀ ਨੇ ਫਿਟਕਾਰ ਪਾਈ ਹੈ।[291] ਅਤੇ ਸੇਵਕਾਂ ਨੂੰ ਚਰਿਤ੍ਰ ਰਖਣ ਲਈ ਪਰ-ਇਸਤਰੀ ਦੀ ਪ੍ਰੀਤ ਛਡਣ ਲਈ ਤਾਕੀਦ ਕੀਤੀ ਹੈ।[292]

ਅਸਲ ਵਿਚ ਗੁਰੂ ਜੀ ਨੇ ਇਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਜੋ ਇਨ੍ਹਾਂ ਦੂਸ਼ਿਤ ਤੇ ਸਮਾਜਕ ਬੁਰਾਈਆਂ ਤੋਂ ਮੁਕਤ ਹੋਵੇ।

<u>ਭੋਜਨ, ਵਸਤਰ ਤੇ ਘਰ</u> :-

ਕਿਸੇ ਵੀ ਸਮਾਜ ਦੀਆਂ ਮੁਢਲੀਆਂ ਲੋੜਾਂ 'ਭੋਜਨ', 'ਵਸਤਰ' ਤੇ 'ਘਰ' ਹੁੰਦੀਆਂ ਹਨ। ਇਨ੍ਹਾਂ ਦੇ ਅਭਾਵ ਤੋਂ ਸਮਾਜਕ ਜੀਵਨ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਇਨ੍ਹਾਂ ਤਿੰਨਾਂ ਦਾ ਹੁਣ ਕ੍ਰਮਵਾਰ ਵਰਣਨ ਕੀਤਾ ਜਾਵੇਗਾ :

<u>ਭੋਜਨ</u>:- ਮੱਧਕਾਲੀਨ ਭਾਰਤ ਵਿਚ ਭੋਜਨ ਮਨੁੱਖ ਦੇ ਜੀਵਨ ਪੱਧਰ ਅਨੁਸਾਰ ਸੀ। ਆਮ ਤੌਰ ਤੇ ਹਿੰਦੂ ਵੈਸ਼ਨੋ ਤੇ ਮੁਸਲਮਾਨ ਮਾਸਾਹਾਰੀ ਸਨ। ਉਚ ਸ੍ਰੇਣੀ ਵਿਚ 36 ਪ੍ਰਕਾਰ ਦੇ ਭੋਜਨ ਅਤੇ ਨਿਮਨ ਸ੍ਰੇਣੀ ਵਾਲੇ ਲੋਕ ਸਾਦਾ ਭੋਜਨ ਤੇ ਰੋਟੀ ਉਪਰ ਨਿਮਕ ਲਾ ਕੇ ਖਾਣ ਵਿਚ ਸੰਤੁਸ਼ਟ ਹੋ ਜਾਂਦੇ ਸਨ।[293] ਅਕਬਰ ਵੇਲੇ ਖੁਰਾਕ ਦੀ ਕਦੀ ਤੋਟ ਨਹੀਂ ਪਈ ਸੀ। ਆਮ ਤੌਰ ਤੇ ਸਰਦੇ ਪੁਜਦੇ ਲੋਕ ਦਿਨ ਵਿਚ ਤਿੰਨ ਵਾਰ ਸੁਬ੍ਹਾ, ਦੁਪਹਿਰ ਤੇ ਸ਼ਾਮ ਵੇਲੇ — ਖਾਣਾ ਖਾਂਦੇ ਸਨ। ਸੁਬ੍ਹਾ ਨਾਸ਼ਤੇ ਵਿਚ ਹਿੰਦੂ ਖਿਚੜੀ ਤੇ ਦਾਲ ਅਤੇ ਮੁਸਲਮਾਨ ਤਲੀ ਹੋਈ ਡਬਲ ਰੋਟੀ ਅਤੇ ਕਬਾਬ ਖਾਂਦੇ ਸਨ।[294] ਉਚ ਸ੍ਰੇਣੀ ਦੇ ਹਿੰਦੂ ਤੇ ਮੁਸਲਮਾਨਾਂ ਵਿਚ ਮੀਟ, ਪਰੌਂਠਾ, ਹਲਵਾ, ਲੱਸੀ ਆਦਿ ਦੀ ਵਰਤੋਂ ਦਾ ਰਿਵਾਜ ਹੀ ਸੀ। ਹਿੰਦੂ ਲੋਕ ਸਬਜ਼ੀਆਂ ਤੇ ਦਾਲ ਘੀ ਵਿਚ ਮਿਰਚ ਮਸਾਲੇ ਪਾ ਕੇ ਅਤੇ ਪਕਾ ਕੇ ਖਾਂਦੇ ਸਨ। ਪਰੰਤੂ ਆਮ ਤੌਰ ਤੇ ਕਣਕ ਦੀ ਚੁਲ੍ਹੇ ਤੇ, ਤੰਦੂਰ ਦੀ ਰੋਟੀ ਤੇ

---

288. ਦੇਹਿ ਬਿਦਾਰ ਅਨਿਕ ਪਰਤੇ ਮਹਿ, ਪਰਦਾਰਾ ਸੰਗਿ ਫਾਕੇ।
ਜਿਨ੍ਹ ਰੂਪਤ ਜਗ ਲੋਗ ਮਾਨਹਿ, ਤਬ ਜਉ ਪਰਤਾ ਹੋਤਾ ਫਾਰੇ।
(ਸੋਰਠਿ ਮ: 5, ਗ੍ਰੰਥ, ਪੰ: 616)

289. ਤਕਹਿ ਨਾਰਿ ਪਰਾਈਆ, ਲੁਕਿ ਅੰਦਰਿ ਠਾਣੀ।
———— - - - - - - - ਅਜਰਾਈਲ ਫਰੇਸਤਾ, ਤਿਲ ਪੀੜੇ ਘਾਣੀ।
(ਵਾਰ ਗਉੜੀ ਮ: 4, ਪਉੜੀ 28, ਗ੍ਰੰਥ, ਪੰ: 315)

290. ਅਖੀ ਸੂਤਕ ਵੇਖਣਾ, ਪਰ ਤ੍ਰਿਅ ਪਰਧਨ ਰੂਪੁ।
(ਵਾਰ ਆਸਾ ਮ: 1, ਪਉੜੀ 18 ਦਾ ਸਲੋਕ, ਗ੍ਰੰਥ, ਪੰ: 472)

291. ਪਰ ਤ੍ਰਿਅ ਰਾਵਣਿ ਜਾਹਿ, ਸੇਈ ਤਾ ਲਾਜੀਅਹਿ।8।
(ਫੁਨਹੇ ਮ: 5, ਗ੍ਰੰਥ, ਪੰ: 1362)

292. ੳ) ਪਰਧਨ ਪਰਦਾਰਾ ਪਰ ਨਿੰਦਾ, ਇਨ ਸਿਉ ਪ੍ਰੀਤਿ ਨਿਵਾਰੀ।
(ਆਸਾ ਮ: 5, ਗ੍ਰੰਥ, ਪੰ: 379)
ਅ) 'ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ.....(ਗਉੜੀ ਸੁਖਮਨੀ ਮ:5, ਅਸਟਪਦੀ 9, ਗ੍ਰੰਥ, ਪੰ:274)

(ਬਾਕੀ ਅਗਲੇ ਪੰਨੇ ਤੇ)

ਤਲ ਕੇ ਪੂੜੀ ਬਣਾਈ ਜਾਂਦੀ ਸੀ।[295] ਫਲ ਦੀ ਬਹੁਤਾਤ ਸੀ, ਅੰਬ ਪੰਜਾਬ ਦਾ ਸਭ ਤੋਂ ਵਧ ਮਨਭਾਉਂਦਾ ਫਲ ਸੀ।[296]

ਕਿਸਾਨਾਂ ਤੇ ਮਜ਼ਦੂਰਾਂ ਦੇ ਭੋਜਨ ਵਿਚ ਰੋਟੀ, ਸਬਜ਼ੀ ਜਾਂ ਦਾਲ, ਮੱਖਣ ਤੇ ਦੁਧ ਹੁੰਦਾ ਸੀ। ਪਿਆਜ਼, ਅਚਾਰ ਤੇ ਲੱਸੀ ਦੀ ਆਮ ਵਰਤੋਂ ਕੀਤੀ ਜਾਂਦੀ ਸੀ।[297]

ਮੁਸਲਮਾਨਾਂ ਵਿਚ ਸੂਰ ਦਾ ਮਾਸ ਖਾਣ ਦੀ ਮਨਾਹੀ ਸੀ, ਹੇਠਲੀ ਨਿਮਨ ਸ੍ਰੇਣੀ ਦੇ ਹਿੰਦੂ ਲੋਕ ਸੂਰ ਨਹੀਂ ਖਾਂਦੇ ਸਨ।[298]

ਹਿੰਦੂ ਗਊ ਦਾ ਮਾਸ ਨਹੀਂ ਸਨ ਖਾਂਦੇ (ਜਿਸ ਨੂੰ ਮੁਸਲਮਾਨ ਖੁਸ਼ ਹੋ ਕੇ ਖਾਂਦੇ ਸਨ) ਅਤੇ ਗਊ ਨੂੰ ਮਾਤਾ ਸਮਝ ਕੇ ਇਸ ਦੀ ਪੂਜਾ ਕਰਦੇ ਸਨ। ਸੂਰ ਦੇ ਮਾਸ ਨੂੰ ਉਹ ਚੰਗਾ ਸਮਝਦੇ ਸਨ, ਜਿਸ ਦੀ ਮੁਸਲਮਾਨਾਂ ਵਿਚ ਸਖਤ ਮਨਾਹੀ ਸੀ।

ਮੁਸਲਮਾਨ ਇਕੋ ਥਾਲੀ ਤੇ ਇਕ ਮੇਜ਼ ਤੇ ਇਕੱਠੇ ਖਾਂਦੇ ਸਨ, ਜਿਸ ਨਾਲ ਉਨ੍ਹਾਂ ਵਿਚ ਭ੍ਰਾਤਰੀ ਭਾਵ ਤੇ ਸਮਾਨਤਾ ਦੀ ਭਾਵਨਾ ਪੈਦਾ ਹੋਈ। ਪਰੰਤੂ ਹਿੰਦੂ ਇਸਤਰ੍ਹਾਂ ਨਹੀਂ ਸਨ ਕਰਦੇ।[299]

ਆਦਿ ਗ੍ਰੰਥ ਦੇ ਗੁਰੂ-ਕਾਲ ਵਿਚ ਭੋਜਨ ਬਾਰੇ ਪਰੰਪਰਾਗਤ ਵਿਧੀ-ਵਿਧਾਨ ਨਾਲੋਂ ਵੱਖਰਾ ਮੱਤ ਦਰਸਾਇਆ ਗਿਆ ਹੈ। ਗੁਰੂ ਜੀ ਅਨੁਸਾਰ ਸਭ ਚੀਜ਼ਾਂ ਨੂੰ ਪਰਮਾਤਮਾ ਵਲੋਂ ਦਿੱਤਾ ਗਿਆ ਭੋਜਨ ਪਵਿੱਤਰ ਹੈ।[300] ਮਨੁੱਖ ਦੁਆਰਾ ਪ੍ਰਭੂ ਨੂੰ ਭੁਲਾਏ ਜਾਣ ਤੇ ਭੋਜਨ ਅਪਵਿੱਤਰ ਹੋ ਜਾਂਦਾ ਹੈ।[301] ਗੁਰੂ ਜੀ ਨੇ ਅਜਿਹੀਆਂ ਚੀਜ਼ਾਂ ਖਾਣ ਤੋਂ ਵਰਜਿਆ ਹੈ, ਜਿਸ ਨਾਲ ਮਨ ਵਿਚ ਵਿਕਾਰ ਪੈਦਾ ਹੋਣ, ਬਹੁਤਾ ਖਾ ਕੇ ਪੇਟ ਵਧਾਉਣ ਵਾਲਿਆਂ ਨੂੰ ਗੁਰੂ ਜੀ ਨੇ ਲਾਹਨਤ ਪਾਈ ਹੈ।[303] ਕਿਉਂਕਿ ਬਹੁਤਾ ਖਾਣ ਮੈਲ ਵਧਾਉਣ ਦੇ ਬਰਾਬਰ ਹੀ ਹੈ।[304]

---

293. Advanced Hist ry of the Punjab, P.17, Dr. G.S. Chhabra.
294. Life & Conditions of the people of Hindustan, P-219, K.M. Ashraf.
295. Panjab under the Sultans, P-161-62, Dr. B.S. Nijjar.
296. ਉਹੀ, ਪੰ: 162.
297. Panjab underthe Great Mughals, P.143, Dr. B.S. Nijjar.
298. Life and conditions of the people of Hindustan, P.220, K.M. Ashraf
299. Panjab under the Sultans, P-163, Dr. B.S. Nijjar.
300. ਖਾਣਾ ਪੀਣਾ ਪਵਿਤ੍ਰ ਹੈ, ਦਿਤੋਨੁ ਰਿਜਕੁ ਸੰਬਾਹਿ।
(ਵਾਰ ਆਸਾ ਮ:1, ਪਉੜੀ 18 ਦਾ ਸਲੋਕ, ਸ਼ਬਦਾਰਥ, ਪੰ: 472)
301. ਤਿਸੁ ਵਿਣੁ ਸਭੁ ਅਪਵਿਤ੍ਰੁ ਹੈ, ਜੇਤਾ ਪੈਨਣੁ ਖਾਣੁ।' (ਸਿਰੀ ਰਾਗ ਮ:1, ਉਹੀ, ਪੰ: 16)
302. 'ਬਾਬਾ ਹੋਰੁ ਖਾਣਾ ਖੁਸੀ ਖੁਆਰੁ।
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ।(ਸਿਰੀ ਰਾਗ ਮ:1, ਉਹੀ, ਪੰ:16)
303. ਕਿਟੁ ਵਿਛੋੜਾ ਜਾਣਿਆ, ਜਿਤੁ ਖਾਧੈ ਵਧਾਇਆ ਪੇਟੁ।
(ਵਾਰ ਸੂਹੀ ਮ:1, ਪਉੜੀ 15 ਦਾ ਸਲੋਕ, ਉਹੀ, ਪੰ:790)
304. ੳ) ਖਾਇਆ ਜਿਤੁ ਵਧਾਇਆ, ਪੈਰੀ ਪਵਹਿ ਜੌ ਧਾਇ। (ਪ੍ਰਭਾਤੀ ਮ:1, ਉਹੀ, ਪੰ:1331)
ਅ) ਅਨੇਕ ਸੰਮ੍ਰਿਤ ਪਰਕਾਰ ਕਰਹਿ, ਸਭੁ ਮੈਲ ਵਧਾਈ।
(ਸਾਰੰਗ ਕੀ ਵਾਰ ਮ:4, ਪਉੜੀ 23, ਉਹੀ, ਪੰ:1246).

ਹਰਾਮ ਜਾਂ ਅਧਰਮ ਦੀ ਕਮਾਈ ਖਾਣ ਵਾਲਾ ਵੀ ਮੈਲ ਹੀ ਖਾਂਦਾ ਹੈ।[305] ਕਿਉਂਕਿ ਜ਼ਿਆਦਾ ਸੁਆਦ ਵਾਲੀਆਂ ਵਸਤੂਆਂ ਖਾਣ ਵਾਲਾ ਮਨੁਖ ਰੋਗੀ ਹੋ ਜਾਂਦਾ ਹੈ ਤੇ ਦੁਖ ਭੋਗਦਾ ਹੈ,[306] ਇਸ ਲਈ ਸਿਹਤ ਦੀ ਅਰੋਗਤਾ ਲਈ ਸਰੀਰ ਦੀ ਲੋੜ ਅਨੁਸਾਰ ਅਲਪ ਅਹਾਰ ਕਰਨ ਲਈ ਗੁਰਮਤਿ ਦਾ ਵਿਧਾਨ ਹੈ।[307] ਸਤਿਗੁਰ ਦੇ ਸਿਮਰਨ ਤੋਂ ਬਿਨਾ ਖਾਣ ਪੀਣ ਵਾਲਿਆਂ ਨੂੰ ਗੁਰੂ ਜੀ ਨੇ ਫਿਟਕਾਰ ਪਾਈ ਹੈ।[308]

ਮਾਸ ਖਾਣ ਤੇ ਗੁਰਮਤਿ ਕੋਈ ਰੋਕ ਨਹੀਂ ਲਗਾਉਂਦੀ। ਵੈਸ਼ਨੋ ਤੇ ਪੰਡਤਾਂ ਦੇ ਮਾਸ ਨਾ ਖਾਣ ਦੇ ਵਹਿਮ ਦਾ ਗੁਰੂ ਜੀ ਨੇ ਖੰਡਨ ਕਰਦਿਆਂ ਕਿਹਾ ਕਿ ਮਾਸ ਇਕ ਅਜਿਹੀ ਵਸਤੂ ਹੈ ਜਿਸ ਨਾਲ ਸਾਡਾ ਹਰ ਥੋੜੇ ਵਾਸਤਾ ਪੈਂਦਾ ਹੈ, ਕਿਸੇ ਨਾ ਕਿਸੇ ਸ਼ਕਲ ਵਿਚ ਅਸੀਂ ਇਸ ਨੂੰ ਅਪਣਾ ਰਹੇ ਹਾਂ। ਪਹਿਲੀ ਮਾਂ ਦੇ ਪੇਟ (ਮਾਸ) ਵਿਚ ਨਿਮਦਾ ਹੈ, ਪੈਦਾ ਹੋਣ ਉਪਰੰਤ ਦੁਧ ਪੀਣ ਲਈ ਮਾਂ ਦਾ ਥਣ (ਮਾਸ) ਮੂੰਹ ਵਿਚ ਪੈਂਦਾ ਹੈ। ਵੱਡਾ ਹੋ ਕੇ ਇਸਤਰੀ (ਮਾਸ ਦੀ ਬਣੀ ਹੋਈ) ਨਾਲ ਵਿਆਹ ਕਰਵਾਉਂਦਾ ਹੈ। ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਜਗ ਕਰਨ ਸਮੇਂ ਗੈਂਡੇ ਦੇ ਮਾਸ ਦੀ ਆਹੂਤੀ ਦਿਤੀ ਜਾਂਦੀ ਹੈ। ਮਾਸ ਖਾਣ ਬਾਰੇ ਹਿੰਦੂਆਂ ਤੇ ਮੁਸਲਮਾਨਾਂ ਦੇ ਧਾਰਮਿਕ ਗ੍ਰੰਥਾਂ ਵਿਚ ਵਰਣਨ ਆਉਂਦਾ ਹੈ। ਜੱਗਾਂ ਤੇ ਵਿਆਹਾਂ ਦੇ ਸਮੇਂ ਮਾਸ ਦੀ ਵਰਤੋਂ ਹੁੰਦੀ ਆਈ ਹੈ। ਗੁਰੂ ਜੀ ਮਾਸ ਨਾ ਖਣ ਵਾਲਿਆਂ ਪੰਡਤਾਂ ਤੇ ਵਿਅੰਗ ਕਰਦੇ ਹੋਏ ਕਹਿੰਦੇ ਹਨ ਕਿ ਉਹ ਮਾਸ ਤੋਂ ਪੈਦਾ ਹੋਣ ਵਾਲੇ ਇਸਤਰੀਆਂ ਪੁਰਸ਼ਾਂ ਤੇ ਪਾਤਸ਼ਾਹਾਂ ਅਥਵਾ ਸੁਲਤਾਨਾਂ ਪਾਸੋਂ ਦਾਨ ਕਿਉਂ ਲੈਂਦੇ ਹਨ? ਪੰਡਤ ਦੀ ਇਸ ਗਲ ਦਾ ਵੀ ਗੁਰੂ ਜੀ ਖੰਡਨ ਕਰਦੇ ਹਨ ਕਿ ਦਾਨ ਦਾਨ ਦੇਣ ਵਾਲਾ (ਜੋ ਮਾਸ ਖਾਂਦਾ ਹੈ) ਸੁਰਗ ਨੂੰ ਅਤੇ ਦਾਨ ਲੈਣ ਵਾਲਾ ਪੰਡਤ (ਜੋ ਮਾਸ ਨਹੀਂ ਖਾਂਦਾ) ਨਰਕਾਂ ਨੂੰ ਜਾਂਦਾ ਹੈ।[309] ਗੁਰੂ ਜੀ ਅਨੁਸਾਰ ਪੰਡਤ ਦੀ ਇਹ ਸੋਚ ਵੀ ਗਲਤ ਹੈ ਕਿ ਮਾਸ ਖਾਣ ਨਾਲ

---

305. ਮੈਲਾ ਖਾਇ ਫਿਰਿ ਮੈਲੁ ਵਧਾਏ, ਮਨਮੁਖ ਮੈਲੁ ਦੁਖੁ ਪਾਵਣਿਆ।
(ਮਾਝ ਮ:3, ਗੁ.ਗ੍ਰੰ, ਪੰ: 121)
306. ੳ) ਅਧਿਕ ਸੁਆਦ ਰੋਗ ਅਧਿਕਾਈ..........। (ਮਲਾਰ ਮ:1, ਗੁ.ਗ੍ਰੰ, ਪੰ: 1255)
ਅ) ਬਹੁ ਸਾਦਹੁ ਦੂਖੁ ਪਰਾਪਤਿ ਹੋਵੈ, ਭੋਗਹੁ ਰੋਗ ਸੁ ਅੰਤਿ ਵਿਗੋਵੈ।
(ਮਾਰੂ ਮ: 1, ਸੋਲਹਾ 14, ਗੁ.ਗ੍ਰੰ, ਪੰ: 1034)
307. ੳ) 'ਖੰਡਿਤ ਨਿਦ੍ਰਾ ਅਲਪ ਅਹਾਰੰ, ਨਾਨਕ ਤਤੁ ਬੀਚਾਰੋ।8।
(ਰਾਮਕਲੀ ਮ: 1, ਸਿਧ ਗੋਸਟਿ, ਗੁ.ਗ੍ਰੰ, ਪੰ:939)
ਅ) ਓਨੀ ਦੁਨੀਆ ਤੋੜੇ ਬੰਧਨਾ, ਅੰਨ ਪਾਣੀ ਥੋੜਾ ਖਾਇਆ।
(ਵਾਰ ਆਸਾ ਮ:1, ਪਉੜੀ 7, ਗੁ.ਗ੍ਰੰ, ਪੰ: 467)
308. 'ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ, ਸੇ ਮੁਏ ਮਰਿ ਜੰਮੇ ਕੋੜ੍ਹੇ।
(ਵਾਰ ਗਉੜੀ ਮ: 4, ਪਉੜੀ 11, ਗੁ.ਗ੍ਰੰ, ਪੰ: 306)
309. ਪਹਿਲਾਂ ਮਾਸਹੁ ਨਿੰਮਿਆ, ਮਾਸੈ ਅੰਦਰਿ ਵਾਸੁ।
ਮਾਸਹੁ ਬਾਹਰਿ ਕਢਿਆ, ਮੰਮਾ ਮਾਸੁ ਗਿਰਾਸੁ।
.....ਵਡਾ ਹੋਆ ਵੀਆਹਿਆ, ਘਰਿ ਲੈ ਆਇਆ ਮਾਸੁ।
.......ਮਾਸੁ ਮਾਸੁ ਕਰਿ ਮੂਰਖੁ ਝਗੜੇ, ਗਿਆਨੁ ਧਿਆਨੁ ਨਹੀ ਜਾਣੈ।
ਕਉਣੁ ਮਾਸੁ ਕਉਣੁ ਸਾਗੁ ਕਹਾਵੈ, ਕਿਸੁ ਮਹਿ ਪਾਪ ਸਮਾਣੇ।
ਗੈਂਡਾ ਮਾਰਿ ਹੋਮ ਜਗ ਕੀਏ, ਦੇਵਤਿਆ ਕੀ ਬਾਣੇ। (ਵਾਰ ਮਲਾਰ ਪੰਨੇ ਤੇ)

ਜੀਵ ਹੱਤਿਆ ਹੁੰਦੀ ਹੈ ਅਤੇ ਮਾਸ ਖਾਣ ਨਾਲ ਨਹੀਂ। ਜੀਵਨ ਦਾ ਮੂਲ ਆਦੀ ਕਾਰਣ ਤਾਂ ਪਾਣੀ ਹੈ ਜਿਸ ਵਿਚ ਜੀਵ ਹੁੰਦੇ ਹਨ ਅਤੇ ਜਿਸ ਤੋਂ ਅਨਾਜ, ਫਲ ਆਦਿ ਖਾਧ-ਪਦਾਰਥ ਪੈਦਾ ਹੁੰਦੇ ਹਨ। ਇਹ ਪਾਣੀ ਸਰੂਪ ਬਦਲ ਕੇ ਮਾਸ ਆਦਿ ਬਣ ਜਾਂਦਾ ਹੈ, ਇਸ ਲਈ ਜੋਗੀ ਜਾਂ ਸੰਨਿਆਸੀ ਇਨ੍ਹਾਂ ਸਭਨਾਂ ਚੀਜ਼ਾਂ ਦਾ ਤਿਆਗ ਕਰਕੇ ਹੀ ਬਚਿਆ ਜਾ ਸਕਦਾ ਹੈ, ਪਰੰਤੂ ਜੇਕਰ ਅਜਿਹਾ/ਨਹੀਂ ਕਰਦਾ, ਇਸ ਲਈ ਉਸ ਦਾ ਮਾਸ ਨਾ ਖਾਣ ਵਾਲਾ ਪੱਖ ਗ਼ਲਤ ਹੈ।[310]

ਇਸ ਪ੍ਰਕਾਰ ਗੁਰੂ-ਕਾਵਿ ਮਾਸ ਦੇ ਆਹਾਰ ਸੰਬੰਧੀ ਕਿਸੇ ਪ੍ਰਕਾਰ ਦੇ ਸਮਰਥਨ ਜਾਂ ਤਿਰਸਕਾਰ ਤੋਂ ਮੁਕਤ ਹੈ। ਜੀਵ-ਦਇਆ, ਕਰੁਣਾ ਅਹਿੰਸਾ, ਪ੍ਰਾਣੀ ਮਾਤਰ ਨਾਲ ਪਿਆਰ ਆਦਿ ਸਮਾਜਕ ਗੁਣਾਂ ਦਾ ਖੰਡਨ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਵੀ ਨਹੀਂ ਕੀਤਾ ਗਿਆ।[311]

ਬਸਤਰ ਤੇ ਸ਼ਿੰਗਾਰ : ਬਸਤਰਾਂ ਤੇ ਸ਼ਿੰਗਾਰ ਦਾ ਸਮਾਜਕ ਜੀਵਨ ਵਿਚ ਵਿਸ਼ੇਸ਼ ਸਥਾਨ ਹੈ। ਸੁਹਣੇ ਬਸਤਰ ਮਨੁੱਖ ਦੇ ਅੰਦਰ ਵਿਚ ਚਾਅ ਭਰਦੇ ਹਨ।

ਮੱਧ-ਕਾਲੀਨ ਭਾਰਤ ਦੇ ਵਿਭਿੰਨ ਸਮਾਜਕ ਤੇ ਧਾਰਮਿਕ ਸ਼੍ਰੇਣੀਆਂ ਦੇ ਬਸਤਰਾਂ ਵਿਚ ਅਨੇਕਤਾ ਪਾਈ ਜਾਂਦੀ ਸੀ। ਕੇਵਲ ਕਿਸਾਨਾਂ ਤੇ ਹੇਠਲੀ ਸ਼੍ਰੇਣੀ ਦੇ ਲੋਕਾਂ ਵਿਚ ਕੁਝ ਹਦ ਤਕ ਬਸਤਰਾਂ ਦੀ ਸਮਾਨਤਾ ਸੀ।

ਸੁਲਤਾਨ ਜਾਂ ਸਮਰਾਟ ਸਿਰ ਤੇ ਕੁੱਲਾ ਪਹਿਨਦੇ ਸਨ, ਸਰਦੀਆਂ ਵਿਚ ਚਾਗਲਾ (ਲੰਮਾ ਕੋਟ) ਪਹਿਨਦੇ ਸਨ। ਵਿਸ਼ੇਸ਼ ਅਵਸਰਾਂ ਤੇ ਅਮੀਰ ਵਜ਼ੀਰ ਖ਼ਿਲਅਤ ਪਹਿਨਦੇ ਸਨ। ਸਰਕਾਰੀ ਕਰਮਚਾਰੀ ਆਮ ਤੌਰ ਤੇ ਹੱਥਾਂ ਤੇ ਚਾਂਦੀ ਜਾਂ ਸੋਨੇ ਦੀਆਂ ਮੁੰਦਰੀਆਂ ਪਹਿਨਦੇ ਸਨ।[312]

ਮੁਸਲਮਾਨ ਵੱਡੀਆਂ ਪਗੜੀਆਂ ਤੇ ਢਿੱਲੇ ਚੋਲੇ ਪਹਿਨਦੇ ਸਨ ਅਤੇ ਆਪਣੇ ਕੋਟਾਂ ਦੀਆਂ ਤਣੀਆਂ ਸੱਜੇ ਪਾਸੇ ਬੰਨ੍ਹਦੇ ਸਨ।[313]

ਮੁਗ਼ਲ ਕਾਲ ਵਿਚ ਟਕੋਚੀਆ, ਪੇਸ਼ਵਾਜ਼, ਕੁਰਤਾਚੀ, ਜਾਮ-ਅਜ਼ਾਰ, ਚੂੜਾਕੀ, ਕਲਮੀ, ਕਬਾ, ਦਗਲਾ, ਫ਼ਰਜੀ, ਫ਼ਤਕੂਲ, ਸ਼ਲਵਾਨ, ਸਲਵਾਰ, ਪਾਜਾਮਾ ਅਤੇ ਸਿਰ ਆਦਿ ਤੋਂ ਪੰਜਾਬੀ ਜੁੱਤੀ ਦਾ ਰਿਵਾਜ ਸੀ।[314]

ਪਿਛਲੇ ਪੰਨੇ ਦੀ ਬਾਕੀ:

........ਮਾਸੁ ਪੁਰਾਣੀ, ਮਾਸ ਕਤੇਬੀਂ, ਚਹੁ ਜੁਗਿ ਮਾਸ ਕਮਾਣਾ।
ਜਜਿ ਕਾਜਿ ਵੀਆਹਿ ਸੁਹਾਵੈ, ਓਥੈ ਮਾਸੁ ਸਮਾਣਾ।
ਇਸਤ੍ਰੀ ਪੁਰਖ ਨਿਪਜਹਿ ਮਾਸਹੁ, ਪਾਤਿਸਾਹ ਸੁਲਤਾਨੀ।
ਜੇ ਓਇ ਦਿਸਹਿ ਨਰਕਿ ਜਾਂਦੇ, ਤਾਂ ਉਨ੍ਹ ਕਾ ਦਾਨੁ ਨ ਲੈਣਾ।
ਦੇਂਦਾ ਨਰਕਿ ਸੁਰਗਿ ਲੈਦੇ, ਦੇਖਹੁ ਏਹੁ ਧਿਙਾਣਾ।(
(ਵਾਰ ਮਲਾਰ ਮ:1, ਪਉੜੀ 25 ਦਾ ਸਲੋਕ, ਪੰ: 1289-90)

310.) ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ।
(ਮ:1, ਵਾਰ ਆਸਾ, ਪਉੜੀ 18 ਦਾ ਸਲੋਕ, ਸੂਤਕ, ਪੰ: 472)
ਅ) ਪਾਂਡੇ ਤੂ ਜਾਣੈ ਹੀ ਨਾਹੀ, ਕਿਥਹੁ ਮਾਸ ਉਪੰਨਾ।
ਤੋਇਅਹੁ ਅੰਨੁ ਕਮਾਦੁ ਕਪਾਹਾਂ, ਤੋਇਅਹੁ ਤ੍ਰਿਭਵਣੁ ਗੰਨਾ।

(ਬਾਕੀ ਅਗਲੇ ਪੰਨੇ ਤੇ........)

ਉਚ ਸ਼੍ਰੇਣੀ ਦੀਆਂ ਇਸਤਰੀਆਂ ਪਰਦੇ ਵਿਚ ਰਹਿੰਦੀਆਂ ਸਨ। ਸਲਵਾਰ ਤੇ ਅੰਗੀਆਂ ਦਾ ਰਿਵਾਜ ਸੀ। ਸਾਧਾਰਣ ਇਸਤਰੀਆਂ ਤੰਗ ਕਪੜਿਆਂ—ਸਲਵਾਰ (ਸੁਥਨ ਜਾਂ ਪਜਾਮਾ), ਕੁੜਤੀ ਜਾਂ ਚੋਲੀ ਅਤੇ ਚਾਦਰ ਜਾਂ ਦੁਪੱਟਾ ਨਾਲ ਸਰੀਰ ਨੂੰ ਢਕਦੀਆਂ ਸਨ। ਸਾੜ੍ਹੀ ਤੇ ਪੇਟੀਕੋਟ ਦਾ ਵੀ ਰਿਵਾਜ ਸੀ।[315]

ਹਿੰਦੂ ਲੋਕਾਂ ਦੀ ਪੁਸ਼ਾਕ ਨੂੰ ਉਚ ਸ਼੍ਰੇਣੀ ਦੇ ਮੁਸਲਮਾਨਾਂ ਨੇ ਅਪਣਾ ਲਿਆ ਸੀ। ਹਿੰਦੂਆਂ ਵਿਚ ਉਚ ਸ਼੍ਰੇਣੀ ਨੇ ਆਮ ਤੌਰ ਤੇ ਮੁਸਲਮਾਨਾਂ ਦੇ ਬਸਤਰ ਵਿਧਾਨ ਨੂੰ ਅਪਣਾਇਆ। ਜੇਕਰ ਕੋਈ ਉਚ ਸ਼੍ਰੇਣੀ ਦਾ ਹਿੰਦੂ ਆਪਣੇ ਵਿਸ਼ੇਸ਼ ਚਿੰਨ੍ਹ ਜਾਂ ਜ਼ੇਵਰ ਉਤਾਰ ਦਿੰਦਾ ਤਾਂ ਮੁਸਲਮਾਨ ਸਰਦਾਰਾਂ ਲਈ ਉਸ ਦਾ ਨਿਖੇੜਾ ਕਰਨਾ ਔਖਾ ਹੋ ਜਾਂਦਾ ਸੀ। ਧਾਰਮਿਕ ਮੌਕੇ ਤੇ ਰੇਸ਼ਮ ਕਪੜੇ ਤੇ ਜੇਵਰ ਪਹਿਨਦੇ ਸਨ। ਪਹਿਰੇ ਹੱਥ ਵਿਚ ਜੜੀ ਤੇ ਸੰਦਲ, ਪੈਰ ਖੜਾਵਾਂ ਹੁੰਦੀਆਂ ਸਨ। ਸਾਧੂਆਂ ਜਾਂ ਜੋਗੀਆਂ ਦੇ ਬਸਤਰ—ਚਿੰਤਨ ਵੀ ਖਲ ਤੇ ਲੰਗੋਟੀ ਆਦਿ ਹੁੰਦੇ ਸਨ, ਜਾਂਦੀ ਫ਼ਕੀਰਾਂ ਵਿਚ ਸਿਰ ਮੁਨਾਉਣ, ਕੰਨਾਂ ਵਿਚ ਵਾਲੇ ਪਾਉਣ ਅਤੇ ਪਿੱਠ ਤੇ ਵਿਭੂਤੀ ਮਲਣ ਦਾ ਰਿਵਾਜ ਸੀ ਅਤੇ ਉਹ ਭਿੱਖਿਆ ਮੰਗਣ ਵਾਲੀ ਝੋਲੀ ਆਪਣੇ ਪਾਸ ਰਖਦੇ ਸਨ।[316]

ਆਮ ਤੌਰ ਤੇ ਹਿੰਦੂ ਲੋਕ ਸਿਰੋਂ ਪੈਰੋਂ ਨੰਗੇ ਹੁੰਦੇ ਸਨ। ਇਹੋ ਜੇਹੀ ਹਾਲਤ ਤੇ ਸਨਮਾਨ ਭਰਿਆ ਵਸਤਰ ਸਮਝਿਆ ਜਾਂਦਾ ਸੀ।[317]

ਸਾਧਾਰਣ ਤੌਰ ਤੇ ਇਸਤਰੀਆਂ ਚਮਕਦਾਰ ਕਪੜੇ, ਪਗੜੀਆਂ ਤੇ ਫੁਲਦਾਰ ਕਪੜੇ ਪਹਿਨਣ ਦੀਆਂ ਸ਼ੌਕੀਨ ਸਨ। ਨੀਲ ਰੰਗ ਦੇ ਕਪੜੇ ਪਾਉਣੇ ਅਫ਼ਸੋਸ ਦਾ ਚਿੰਨ੍ਹ ਸੀ।[318]

ਸਰੀਰ ਨੂੰ ਸ਼ਿੰਗਾਰਣ ਦਾ ਬੜਾ ਰਿਵਾਜ ਸੀ। ਆਦਮੀ ਤੇ ਇਸਤਰੀਆਂ ਆਪਣੇ ਆਪ ਨੂੰ ਬੜਾ ਸ਼ਿੰਗਾਰ ਕੇ ਰਖਦੇ ਸਨ। ਮਧਕਾਲੀਨ ਮਨੁਖ ਆਪਣੇ ਆਪ ਨੂੰ 12 ਵਸਤੂਆਂ ਨਾਲ ਸ਼ਿੰਗਾਰਦਾ ਸੀ[319]

ਪਿਛਲੇ ਪੰਨੇ ਦਾ ਬਾਕੀ:

ਤੰਨਿ ਆਪੇ ਪਟੁ ਬਹੁ ਬਿਧਿ ਰੰਗਾ, ਤੇਰੇ ਬਹੁਤੁ ਬਿਡਾਰਾ।
ਦੇਤੇ ਜਸ ਤੇਰ ਤੇਰੇ ਸੰਨਿਆਸੀ, ਅਨਹਤੁ ਰਤੇ ਵਿਚਾਰਾ।
(ਵਾਰ ਮਲਾਰ ਮ:1, ਪਉੜੀ 25 ਦਾ ਸਲੋਕ, ਉਹੀ, ਪੰ: 1290)

311. ਗੁਰੂ ਗ੍ਰੰਥ ਸਾਹਿਬ, ਫੇਰ ਜਾਣ ਪਛਾਣ ਸਰਵੇਖਣ, ਪੰ: 528, ਡਾ: ਮਨਮੋਹਨ ਸਹਿਗਲ।
312. Life & Conditions of the People of Hindustan, P-209-11, K.M. Ashraf.
313. Medieval Indian Culture, P-30, A.L. Srivastva.
314. Panjab under the Mughals, P-141-42, Dr. B.S. Nijjar.
315. ਉਹੀ, ਪੰ: 142-43.
316. Life & Conditions of the people of Hindustan, P-211-12, K.M. Ashraf
317. ਉਹੀ, ਪੰ: 212-13.
318. ਉਹੀ, ਪੰ: 213.
319. ਉਪਰੋਕਤ ਨਾਲ ਰੱਖੀ ਜਾਂਦੀ, ਅ) ਨਾਚ ਤੇ ਸੁਗੰਧ ਪਦਾਰਥ, ੲ) ਮੱਥੇ ਤੇ ਤਿਲਕ, ਸ) ਸਰੀਰ ਤੇ ਖੁਸ਼ਬੂਦਾਰ ਤੇਲ ਦਾ ਲਾਉਣਾ, ਹ) ਕੰਨਾਂ ਵਿਚ ਸੋਨੇ ਦੇ ਵਾਲੇ, ਕ) ਇਕ ਲੰਮਾ ਜਿਹਾ ਚੋਗਾ (ਜਾਮਾ), ਜਿਸ ਦੇ ਬਟਨ ਖੱਬੇ ਪਾਸੇ ਹੋਣ, ਖ) ਪਗੜੀ ਦੇ ਉਪਰ ਸੁਨਹਿਰੀ ਪੱਟੀ, ਗ) ਲੱਕ ਵਿਚ ਲਟਕਣ ਵਾਲੀ ਤਲਵਾਰ, ਘ) ਕਮਰ ਨਾਲ ਖੰਜਰ, ਙ) ਅੰਗੂਠੀ, ਚ) ਚਮੜੇ ਦੀ ਜੁੱਤੀ ਅਤੇ ਛ) ਪਾਨ ਚਬਾਉਣਾ।

ਅਤੇ ਇਸਤਰੀ ਸੋਲਾ ਸ਼ਿੰਗਾਰ ਕਰਦੀ ਸੀ।[320] ਅਸਲ ਵਿਚ ਕੁਝ ਲੋਕਾਂ ਦੇ ਸ਼ੌਕ ਹੀ ਇਸ ਪ੍ਰਕਾਰ ਸ਼ਿੰਗਾਰ ਆਦਿ ਕਰਦੇ ਸਨ। ਸ਼ੇਖ, ਸੂਫ਼ੀ ਤੇ ਮੁੱਲਾਂ ਆਦਿ ਖ਼ੁਸ਼ਬੂ ਲਾਈ ਰਖਦੇ ਸਨ। ਵਡੀ ਉਮਰ ਦੇ ਲੋਕ ਛੋਟੀ ਉਮਰ ਦੇ ਲੱਗਣ ਲਈ ਮਹਿੰਦੀ ਜਾਂ ਖ਼ਿਜ਼ਾਬ ਨਾਲ ਵਾਲਾਂ ਨੂੰ ਰੰਗ ਲੈਂਦੇ ਸਨ। ਇਸਤਰੀਆਂ ਖ਼ੂਬਸੂਰਤ ਬਣਨ ਲਈ ਬਹੁਤ ਜ਼ੇਵਰ ਪਾਉਂਦੀਆਂ ਸਨ। ਕੁਦਰਤੀ ਲੰਮੇ ਵਾਲ ਮਰਦ ਤੇ ਇਸਤ੍ਰੀਆਂ ਦੋਨੋਂ ਪਸੰਦ ਕਰਦੇ ਸਨ। ਕਈ ਥਾਵਾਂ ਤੇ ਬਣਾਉਟੀ ਵਾਲ ਵੀ ਇਸਤੇਮਾਲ ਕੀਤੇ ਜਾਂਦੇ ਸਨ।[321]

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਬਸਤਰ ਤੇ ਸ਼ਿੰਗਾਰ ਦਾ ਅਧਿਆਤਮਿਕ ਪ੍ਰਸੰਗ ਜੋੜਿਆ ਗਿਆ ਹੈ। ਗੁਰੂ ਜੀ ਅਨੁਸਾਰ ਸਰੀਰ ਤੇ ਚੰਦਨ ਦਾ ਲੇਪ ਕਰਕੇ ਅਤੇ ਅਤੀ ਸੁੰਦਰ ਬਸਤਰ ਪਹਿਨਣ ਦੇ ਬਾਵਜੂਦ ਵੀ ਜਗਦੀਸ਼ ਤੋਂ ਬਿਨਾ ਸੁਖ ਪ੍ਰਾਪਤ ਨਹੀਂ ਹੁੰਦਾ। ਬਾਦਸ਼ਾਹ ਦੇ ਸਿਰ ਤੇ ਤਾਜ ਵਾਲਾ ਕੁੱਲਾ (ਟੋਪੀ) ਅਤੇ ਛਤਰ ਸਜਾਉਣ ਤੇ ਵੀ ਉਸ ਨੂੰ ਸੱਚ ਦੀ ਪ੍ਰਾਪਤੀ ਲਈ ਜਗਦੀਸ਼ ਦਾ ਆਸਰਾ ਲੈਣਾ ਹੁੰਦਾ ਹੈ।[322]

ਗੁਰਮਤਿ ਅਨੁਸਾਰ ਨਾਮ ਵਿਚ ਮਨ ਦਾ ਰੰਗਿਆ ਹੋਣਾ ਸੂਹਾ ਪਹਿਰਾਵਾ ਹੈ, ਪੁੰਨ ਦਾਨ ਕਰਨਾ ਸਫੇਦ ਦਿਲ ਦੀ ਕਾਲਖ ਦੂਰ ਕਰਨਾ ਨੀਲਾ ਅਤੇ ਹਰੀ ਦੇ ਚਰਨਾਂ ਦਾ ਧਿਆਨ ਵੱਡਾ ਜਾਮਾ ਤੇ ਸੰਤੋਖ ਰੂਪੀ ਕਮਰਬੰਦ ਹੈ।[323] ਗੁਰੂ ਜੀ ਅਜਿਹੇ ਲਿਬਾਸ ਪਹਿਨਣ ਤੋਂ ਵਰਜਿਤ ਕਰਦੇ ਹਨ ਜਿਸ ਦੇ ਪਹਿਨਣ ਨਾਲ ਮਨ ਵਿਚ ਵਿਕਾਰ ਪੈਦਾ ਹੁੰਦੇ ਹੋਣ।[324] ਛੋਟੇ ਬਸਤਰ ਧਾਰਣ ਕਰਨ ਨੂੰ ਕਮਜ਼ਾਤਪਨ ਕਿਹਾ ਗਿਆ ਹੈ।[325] ਉਨ੍ਹਾਂ ਅਨੁਸਾਰ ਜਿਸ ਪਹਿਨਣ ਨਾਲ ਘਰ ਦੀ ਹਾਨੀ ਹੋਵੇ, ਅਜਿਹਾ ਪਹਿਰਾਵਾ ਅਯੋਗ ਹੈ।[326] ਪਹਿਨਣਾ ਤਾਂ ਕੇਵਲ ਉਨ੍ਹਾਂ

---

320. ੳ) ਇਸ਼ਨਾਨ, ਅ) ਤੇਲ ਦਾ ਲੇਪ, ੲ) ਵਾਲਾਂ ਨੂੰ ਸੰਵਾਰਨਾ, ਸ) ਮੱਥੇ ਤੇ ਚੰਦਨ ਨਾਲ ਲੇਪ ਕਰਨਾ, ਹ) ਜ਼ੇਵਰ ਪਹਿਨਣਾ, ਕ) ਸੁੰਦਰ ਪੁਸ਼ਾਕ, ਖ) ਵਰਣ-ਚਿੰਨ੍ਹ ਲਗਾਉਣਾ, ਗ) ਅੱਖਾਂ ਵਿਚ ਕਜਲਾ, ਘ) ਕੰਨਾਂ ਵਿਚ ਵਾਲੇ, ਙ) ਨੱਕ ਦੀ ਨੱਥ, ਚ) ਗਲੇ ਦਾ ਜ਼ੇਵਰ ਜਾਂ ਹਾਰ, ਛ) ਹੱਥਾਂ ਤੇ ਮਹਿੰਦੀ, ਜ) ਕਮਰਬੰਦ, ਝ) ਪੈਰਾਂ ਦਾ ਜ਼ੇਵਰ, ਞ) ਪਾਨ ਚਬਾਉਣਾ, ਟ) ਤੌਰ ਤਰੀਕਿਆਂ ਵਿਚ ਸਲੀਕਾ। ——— ਉਹੀ, ਪੰ: 183.

321. ਵਿਸਥਾਰ ਲਈ ਵੇਖੋ:-
ੳ) Life & Conditions of the people of Hindustan, P-214-18, K.M. Ashraf.
ਅ) Glimpses of Medieval Indian Culture, P-109-13, Yusuf Hussain.
ੲ) Panjab under the Great Mughals, P-143, Dr. B.S. Nijjar
ਸ) History of the Panjab, P-187, Dr. K.S. Narang, & Dr. H.R. Gupta.
ਹ) Panjab under the Sultans, P-152-53, Dr. B.S. Nijjar.

322. ਚੋਆ ਚੰਦਨੁ ਅੰਕਿ ਚੜਾਵਉ। ਪਾਟ ਪਟੰਬਰ ਪਹਿਰਿ ਹਢਾਵਉ।
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ।............
ਤਾਜ ਕੁਲਹ ਸਿਰਿ ਛਤ੍ਰੁ ਬਨਾਵਉ। ਬਿਨੁ ਜਗਦੀਸ ਕਹਾ ਸਚੁ ਪਾਵਉ।
(ਗਉੜੀ ਮ: 1, ਸ਼ਬਦਾਰਥ ਪੰ: 225)

323. ਰਤਾ ਪੈਨਣੁ ਮਨੁ ਰਤਾ, ਸੁਪੇਦੀ ਸਤੁ ਦਾਨੁ।
ਨੀਲੀ ਸਿਆਹੀ ਕਦਾ ਕਰਣੀ, ਪਹਿਰਣੁ ਪੈਰ ਧਿਆਨੁ।
ਕਮਰਬੰਦੁ ਸੰਤੋਖ ਕਾ, ਧਨੁ ਜੋਬਨੁ ਤੇਰਾ ਨਾਮੁ। (ਸਿਰੀ ਰਾਗੁ ਮ: 1, ਉਹੀ, ਪੰ: 16)

324. ਬਾਬਾ ਹੋਰੁ ਪੈਨਣੁ ਖੁਸੀ ਖੁਆਰੁ।
ਜਿਤੁ ਪੈਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ। (ਉਹੀ, ਪੰ: 16) (ਬਾਕੀ ਅਗਲੇ ਪੰਨੇ ਤੇ)

ਲੋਕਾਂ ਦਾ ਪਵਿੱਤਰ ਹੈ ਜੋ ਹਰਿ ਦੇ ਨਾਮ ਵਿਚ ਰੰਗੇ ਹੋਏ ਹਨ।[327] ਪ੍ਰਭੂ ਤੋਂ ਇਲਾਵਾ ਕਿਸੇ ਹੋਰ ਪ੍ਰਕਾਰ ਦੇ ਪ੍ਰੇਮ ਕਰਨ ਵਾਲਿਆਂ ਦਾ ਪਹਿਰਾਵਾ ਬੇਅਰਥ ਹੈ।[328] ਗੁਰੂ ਜੀ ਅਨੁਸਾਰ ਪਹਿਨਣ ਦਾ ਨੈਤਿਕ ਪੱਖ ਸਮਾਜਕ ਗੁਣ ਤੇ ਚੰਗਿਆਈਆਂ ਧਾਰਣ ਕਰਨਾ ਹੈ।[329] ਪਹਿਨਣਾ ਉਹ ਸਫਲ ਹੈ ਜਿਸ ਦੇ ਪਹਿਨਣ ਨਾਲ ਪਰਮੇਸਰ ਪੱਤ ਰਖੇ ਅਤੇ ਨੇੜੇ ਰਖਿਆ ਜਾਵੇ।[330]

ਇਸ ਤੋਂ ਇਲਾਵਾ ਸਮਾਜਕ ਵਰਗ ਤੋਂ ਪ੍ਰਭਾਵਿਤ ਹੋਕੇ ਜਾਂ ਲਾਲਚ ਅਧੀਨ ਸਰਕਾਰੀ ਨੌਕਰੀ ਜਾਂ ਹੋਰ ਲਾਭ [illegible] ਭਾਰਤੀਆਂ ਵਲੋਂ ਮੁਸਲਮਾਨੀ ਪਹਿਰਾਵੇ ਦੇ ਅਪਨਾਏ ਜਾਣ ਬਾਰੇ ਵੀ ਗੁਰੂ ਜੀ ਨੇ ਸੰਕੇਤ ਕਰਦਿਆਂ ਕਿਹਾ ਕਿ ਭਾਰਤੀ ਨੀਲੇ ਕਪੜੇ ਪਾ ਕੇ ਮੁਸਲਿਮ ਹਾਕਮਾਂ ਦੀ ਨਜ਼ਰ ਵਿਚ ਪ੍ਰਵਾਨ ਹੁੰਦੇ ਸਨ।[331]

ਗੁਰਮਤਿ ਵਿਚ ਚੰਚਲਤਾ ਵਧਾਉਣ ਵਾਲੇ ਅਤੇ ਸਰੀਰਕ ਵਿਕਾਰ ਪੈਦਾ ਕਰਨ ਵਾਲੇ ਸ਼ਿੰਗਾਰ ਦੀ ਥਾਂ ਸਤ, ਸੰਤੋਖ, ਦਇਆ, ਧਰਮ ਤੇ ਖਿਮਾ ਦਾ ਸ਼ਿੰਗਾਰ ਕਰਨ ਦੀ ਪ੍ਰੇਰਣਾ ਦਿੱਤੀ ਗਈ ਹੈ।[332]

ਮਨੁੱਖਾਂ ਦੇ ਗਹਿਣਿਆਂ ਵਿਚ ਕੁੰਡਲ, ਗਲ ਵਿਚ ਮੋਤੀਆਂ ਦੀ ਮਾਲਾ ਤੇ ਫੁੱਲਾਂ ਦੀ ਸੇਜ ਦਾ ਉਲੇਖ ਕਰਦਿਆਂ ਗੁਰੂ-ਬਾਣੀ ਵਿਚ ਕਿਹਾ ਗਿਆ ਹੈ ਕਿ ਜਗਦੀਸ਼ ਦੇ ਸਿਮਰਨ ਬਿਨਾ ਇਹ ਭੌਤਿਕ ਸੁਖ ਕਿਸੇ ਕੰਮ ਨਹੀਂ।[333] ਇਸੇ ਤਰ੍ਹਾਂ ਸੁੰਦਰ ਨੈਣਾਂ ਵਾਲੀ ਇਸਤਰੀ ਸੋਲ੍ਹਾਂ ਸ਼ਿੰਗਾਰ ਵੀ ਕਰੇ ਤਾਂ ਵੀ ਜਗਦੀਸ਼ ਦੇ ਭਜਨ ਬਿਨਾ

---

325. ਗਾਂਢੂ ਮੰਦੇ ਕਪੜੇ, ਪਹਿਰਹਿ ਖਾਹਿ ਗਵਾਰ।
(ਕਲਿਆਣ ਕੀ ਵਾਰ ਮ:5, ਪਉੜੀ 2 ਦਾ ਸਲੋਕ, ਗੁ.ਗ੍ਰੰ., ਪੰ: 1318)

326. 'ਖਾਧਾ ਮੈਲੁ ਵਧਾਇਆ, ਪੈਧੈ ਘਰ ਕੀ ਹਾਣਿ।' (ਪ੍ਰਭਾਤੀ ਮ:1, ਗੁ.ਗ੍ਰੰ., ਪੰ: 1331)

327. 'ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ, ਜੋ ਨਾਮ ਹਰਿ ਰਾਤੇ।'
(ਵਾਰ ਸੋਰਠਿ ਮ:4, ਪਉੜੀ 16 ਗੁ.ਗ੍ਰੰ., ਪੰ: 638)

328. ਪੈਧਾ ਖਾਧਾ ਪਾਇ ਹੈ, ਜਾ ਮਨਿ ਦੂਜਾ ਭਾਉ।'।1।
(ਸਲੋਕ ਵਾਰਾਂ ਤੇ ਵਧੀਕ ਮ:1, ਗੁ.ਗ੍ਰੰ., ਪੰ: 1141)

329. ੳ) ਪੈਨਣੁ ਗੁਣ ਚੰਗਿਆਈਆ ਖਾਣੀ, ਆਪਣੀ ਪਤਿ ਕੇ ਸਾਦ ਆਪੇ ਖਾਇ।5।
(ਸਲੋਕ ਵਾਰਾਂ ਤੇ ਵਧੀਕ ਮ:3, ਗੁ.ਗ੍ਰੰ., ਪੰ: 1419)

ਅ) ਪੈਨਣੁ ਸਿਫਤਿ ਸਨਾਇ ਹੈ........................
ਸਦਾ ਸਦਾ ਓਹੁ ਊਜਲਾ, ਮੈਲਾ ਕਦੇ ਨ ਹੋਇ।'
(ਵਾਰ ਮਾਰੂ ਮ:3, ਪਉੜੀ 17 ਦਾ ਸਲੋਕ, ਗੁ.ਗ੍ਰੰ., ਪੰ: 1092)

330. ਪੈਨਣਾ ਰਖੁ ਪਤਿ ਪਰਮੇਸਰ, ਫਿਰਿ ਨਾਗੇ ਨਹੀ ਥੀਵਣਾ।' (ਮਾਰੂ ਮ:5, ਗੁ.ਗ੍ਰੰ., ਪੰ: 1019)

331. ੳ) ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ........।
(ਵਾਰ ਆਸਾ ਮ:1, ਪਉੜੀ 16 ਨਾਲ ਸਲੋਕ, ਗੁ.ਗ੍ਰੰ., ਪੰ: 472)

ਅ) ਕੂਜਾ ਬਾਂਗ ਨਿਵਾਜ ਮੁਸਲਾ, ਨੀਲ ਰੂਪ ਬਨਵਾਰੀ।
(ਬਸੰਤ ਮ:1, ਗੁ.ਗ੍ਰੰ., ਪੰ: 1191)

332. ੳ) ਸਤੁ ਸੰਤੋਖੁ ਦਇਆ ਧਰਮੁ, ਸੀਗਾਰੁ ਬਨਾਵਉ।' (ਬਿਲਾਵਲ ਮ:5, ਗੁ.ਗ੍ਰੰ., ਪੰ: 812)

ਅ) 'ਖਿਮਾ ਸੀਗਾਰ ਕਰੇ ਪ੍ਰਭ ਖੁਸੀਆ, ਮਨਿ ਦੀਪਕ ਗੁਰ ਗਿਆਨ ਬਲਈਆ।'
(ਬਿਲਾਵਲ ਮ:4, ਗੁ.ਗ੍ਰੰ., ਪੰ: 836)

(ਬਾਕੀ ਅਗਲੇ ਪੰਨੇ ਤੇ)

ਖੁਆਰ ਹੋਏਗੀ।[334] ਇਸੇ ਲਈ ਅਧਿਆਤਮਕ ਸ਼ਿੰਗਾਰ ਦਾ ਢੰਗ ਦੱਸਦੇ ਹੋਏ ਗੁਰੂ ਜੀ ਫ਼ਰਮਾਉਂਦੇ ਹਨ ਕਿ ਜੀਵ ਰੂਪ ਇਸਤਰੀ ਸੁਆਸਾਂ ਰੂਪੀ ਡੋਰ ਨਾਲ ਮਨ ਮੋਤੀ ਨੂੰ ਪਰੋ ਲੈ ਅਤੇ ਖਿਮਾਂ ਦਾ ਸ਼ਿੰਗਾਰ ਕਰਕੇ ਕੰਤ-ਪ੍ਰਭੂ ਨੂੰ ਮੋਹੇ; ਹਰੀ ਨੂੰ ਗਲ ਦਾ ਹਾਰ ਅਤੇ ਵਾਹਿਗੁਰੂ (ਦਾਮੋਦਰ) ਨੂੰ ਦੰਦਾਸਾ ਬਣਾਵੇ, ਕਰਤੇ ਨੂੰ ਹੱਥ ਦਾ ਕੰਗਣਾ ਸਮਝੇ; ਮਧੂ ਰਾਖਸ਼ ਨੂੰ ਮਾਰਨ ਵਾਲੇ ਵਿਸ਼ਨੂ (ਮਧੁ ਸੂਦਨ) ਭਾਵ ਵਾਹਿਗੁਰੂ ਨੂੰ ਹੱਥ ਦੀ ਮੁੰਦਰੀ ਬਣਾਵੇ, ਪਰਮੇਸ਼ਰ ਰੂਪੀ ਰੇਸ਼ਮ ਦਾ ਵਸਤਰ ਪਹਿਨੇ, ਧੀਰਜ ਨੂੰ ਮਾਂਗ ਦਾ ਸੰਧੂਰ ਬਣਾਵੇ (ਸ੍ਰੀ) ਲਛਮੀ ਨਾਲ ਆਨੰਦ ਮਾਨਣ ਵਾਲੇ ਵਿਸ਼ਨੂ ਭਾਵ ਵਾਹਿਗੁਰੂ ਨੂੰ ਅੱਖਾਂ ਦਾ ਸੁਰਮਾ ਬਣਾਵੇ, ਮਨ ਮੰਦਰ ਵਿਚ ਗਿਆਨ ਰੂਪੀ ਦੀਵਾ ਜਗਾ ਕੇ ਸਰੀਰ ਦੀ ਸੇਜ ਬਣਾਵੇ ਤਾਂ ਗਿਆਨ ਦਾ ਦਾਤਾ ਭਾਵ ਵਾਹਿਗੁਰੂ ਉਸ ਸੇਜ ਨੂੰ ਮਾਣਦਾ ਹੈ।[335]

ਗੁਰੂ ਜੀ ਅਨੁਸਾਰ ਨੇਤ੍ਰ ਤੇ ਕਾਨ ਦੁਨਿਆਵੀ ਸ਼ਿੰਗਾਰ ਬੇਅਰਥ ਹੁੰਦਾ ਹੈ, ਨਾਮ ਤੋਂ ਬਿਨਾ ਇਹ ਸ਼ਿੰਗਾਰ ਆਵਾਗਵਣ ਦਾ ਕਾਰਣ ਬਣਦਾ ਹੈ।[336] ਪਤੀ ਤੋਂ ਬਿਨਾ ਕਾਜਲ ਹਾਰ, ਤੰਬੋਲ, ਆਦਿ ਇਹ ਸੋਲਾਂ ਸ਼ਿੰਗਾਰ ਬਿਰਥਾ ਹਨ। ਆਦਰਸ਼ਕ ਪਤਨੀ ਨੂੰ ਤਾਂ ਪਤੀ ਬਿਨਾ ਸ਼ਿੰਗਾਰ ਕਰਨ ਨਾਲ ਸੁਖ ਮਿਲਣ ਦੀ ਬਜਾਇ ਸਰੀਰ ਨੂੰ ਬਿਰਹਾ ਰੂਪੀ ਪੀੜ ਵਾਲੇ ਦੁਖਦਾਈ ਅਨੁਭਵ ਹੁੰਦੇ ਹਨ।[337] ਜੋ ਉਹ ਹਰ ਪ੍ਰਕਾਰ ਦੇ

---

333. 'ਕਾਮਣਿ ਹੋਰਨ, ਗਲਿ ਮੋਤੀਅਨ ਕੀ ਮਾਲਾ, ਲਾਲ ਨਿਹਾਲੀ ਫੂਲ ਗੁਲਾਲਾ।
ਬਿਨੁ ਜਗਦੀਸ ਭਜੇ ਨਿਤ ਖੁਆਰ ਕਹਾ ਸੁਖ ਭਾਲਾ। (ਗਉੜੀ ਮ:1, ਉਹੀ, ਪੰ: 225)
334. ਨੈਨ ਸਲੋਨੀ ਸੁੰਦਰ ਨਾਰੀ। ਖੋੜ ਸੀਗਾਰ ਕਰੈ ਅਤਿ ਪਿਆਰੀ।
ਬਿਨੁ ਜਗਦੀਸ ਭਜੇ ਨਿਤ ਖੁਆਰੀ। (ਉਹੀ, ਪੰ: 225)
335. ਮਨੁ ਮੋਤੀ ਜੇ ਗਹਣਾ ਹੋਵੈ, ਪਉਣੁ ਹੋਵੈ ਸੂਤ ਧਾਰੀ
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ, ਰਾਵੈ ਲਾਲ ਪਿਆਰੀ।
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ, ਦਾਮੋਦਰੁ ਦੰਤੁ ਲੇਈ।
ਕਰਿ ਕਰਿ ਕਰਤਾ ਕੰਗਨ ਪਹਿਰੈ, ਇਨ ਬਿਧਿ ਚਿਤੁ ਧਰੇਈ।
ਮਧੁਸੂਦਨੁ ਕਰ ਮੁੰਦਰੀ ਪਹਿਰੈ, ਪਰਮੇਸਰੁ ਪਟੁ ਲੇਈ।
ਧੀਰਜ ਧੜੀ ਬੰਧਾਵੈ ਕਾਮਣਿ, ਸ੍ਰੀ ਰੰਗੁ ਸੁਰਮਾ ਦੇਈ।
ਮਨ ਮੰਦਰਿ ਜੇ ਦੀਪਕੁ ਜਾਲੇ, ਕਾਇਆ ਸੇਜ ਕਰੇਈ।
ਗਿਆਨ ਰਾਉ ਜਬ ਸੇਜੈ ਆਵੈ, ਤ ਨਾਨਕ ਭੋਗੁ ਕਰੇਈ।' (ਆਸਾ ਮ:1, ਉਹੀ, ਪੰ: 359)
336. ੳ) 'ਕਨਿਕ ਕਨਿਕ ਪਹਿਰੈ ਬਹੁ ਕੰਗਨਾ, ਕਾਪਰੁ ਭਾਂਤਿ ਬਨਾਵੈਗੋ।
ਨਾਮ ਬਿਨਾ ਸਭਿ ਫੀਕ ਫਿਕਾਨੇ, ਜਨਮਿ ਮਰੈ ਫਿਰਿ ਆਵੈਗੋ।(ਕਾਨੜਾ ਮ:4, ਉਹੀ, ਪੰਨ
ਅ) 'ਮਨਮੁਖ ਸੀਗਾਰੁ ਨ ਜਾਣਨੀ, ਜਾਸਨਿ ਜਨਮੁ ਸਭੁ ਹਾਰਿ।
ਬਿਨ ਹਰਿ ਭਗਤੀ ਸੀਗਾਰੁ ਕਰਹਿ, ਨਿਤ ਜੰਮਹਿ ਹੋਇ ਖੁਆਰੁ।
ਸੈਸਾਰੈ ਵਿਚਿ ਸੋਭ ਨ ਪਾਇਨੀ, ਅਗੈ ਜਿ ਕਰੇ ਸੁ ਜਾਣੈ ਕਰਤਾਰੁ।
(ਰਾਮਕਲੀ ਮ: 3, ਪਉੜੀ 8 ਦਾ ਸਲੋਕ, ਉਹੀ, ਪੰ: 950))
337. ੳ) 'ਸਖੀ ਕਾਜਲ ਹਾਰ ਤੰਬੋਲ, ਸਭੈ ਕਿਛੁ ਸਾਜਿਆ।
ਸੋਲਹ ਕੀਏ ਸੀਗਾਰ, ਕਿ ਅੰਜਨੁ ਪਾਜਿਆ।
ਜੇ ਘਰ ਆਵੈ ਕੰਤੁ, ਤ ਸਭੁ ਕਿਛੁ ਪਾਈਐ।
ਹਰਿ ਹਾਂ ਕੰਤੈ ਬਾਝੁ ਸੀਗਾਰੁ, ਸਭੁ ਬਿਰਥਾ ਜਾਈਐ।(ਫੁਨਹੇ ਮ:5, ਉਹੀ, ਪੰ: 1362)
ਅ) 'ਮੁੰਧੇ, ਪਿਰ ਬਿਨੁ ਕਿਆ ਸੀਗਾਰੁ।
ਦਰਿ ਘਰਿ ਢੋਈ ਨ ਲਹੈ, ਦਰਗਹ ਝੂਠੁ ਖੁਆਰੁ।' (ਸਿਰੀ ਰਾਗੁ ਮ:1, ਉਹੀ, ਪੰ: 18-19)

ਦੁਨਿਆਵੀ ਸ਼ਿੰਗਾਰ ਕਰਕੇ ਕੰਤ ਨੂੰ ਰੀਝਾ ਨਾ ਸਕੀ ਤਾਂ ਉਸ ਦੇ ਸਾਰੇ ਸ਼ਿੰਗਾਰ ਸਾਰੇ ਝੂਠੇ ਅਡੰਬਰ ਹੀ ਸਮਝੇ ਜਾਣੇ ਚਾਹੀਦੇ ਹਨ।[338]

ਪਿਰ ਦੇ ਰੰਗ ਵਿਚ ਰਤੀ ਇਸਤਰੀ ਸੱਚਾ ਸ਼ਿੰਗਾਰ ਕਰਦੀ ਹੈ। ਵਾਹਿਗੁਰੂ ਦਾ ਡਰ ਰੂਪੀ ਸੁਰਮਾਂ ਪਾਂਦੀ ਹੈ, ਨਾਮ ਰੂਪੀ ਤੰਬੋਲ ਖਾਂਦੀ ਹੈ, ਪਤੀ ਦੇ ਘਰ ਆਉਣ ਨਾਲ ਉਸ ਦੇ ਜੇਵਰ ਤੇ ਬਸਤਰ ਸੁੰਦਰ ਹੋ ਜਾਂਦੇ ਹਨ। ਆਪਣੇ ਗੁਣਾਂ ਨਾਲ ਪਤਨੀ ਪਤੀ ਨੂੰ ਵਸ ਵਿਚ ਕਰ ਲੈਂਦੀ ਹੈ।[339] ਕੰਤ ਦੇ ਡਰ ਤੇ ਪਿਆਰ ਰੂਪੀ ਸ਼ਿੰਗਾਰ ਕਰਨ ਤੇ ਕੰਤ ਪਤਨੀ ਨਾਲ ਆਨੰਦ ਮਾਣਦਾ ਹੈ।[340] ਸੋਹਾਗਣੀ ਲਈ ਸਹਿਜ ਤੇ ਸੰਤੋਖ ਦਾ ਸ਼ਿੰਗਾਰ ਕਰਨ ਲਈ ਕਿਹਾ ਗਿਆ ਹੈ,[341] ਗੁਰੂ ਜੀ ਅਨੁਸਾਰ ਕਰਤੇ ਦਾ ਹੁਕਮ ਮੰਨਣਾ ਹੀ ਅਸਲ ਸ਼ਿੰਗਾਰ ਹੈ।[342] ਸੋ ਇਸ ਪ੍ਰਕਾਰ ਗੁਰੂ ਜੀ ਨੇ ਸੱਚੇ ਸ਼ਿੰਗਾਰ ਤੇ ਜ਼ੋਰ ਦਿੱਤਾ ਹੈ ਜਿਸ ਦਾ ਆਧਾਰ ਅਧਿਆਤਮਕਤਾ ਅਤੇ ਨੈਤਿਕਤਾ ਹੈ।[343]

ਘਰ:- ਸਮਾਜ ਵਿਚ ਨਿਵਾਸ ਸਥਾਨ ਦਾ ਵਿਸ਼ੇਸ਼ ਮਹੱਤਵ ਹੈ। ਜੀਵਨ ਦੀਆਂ ਮੁਢਲੀਆਂ ਲੋੜਾਂ ਵਿਚ ਰੋਟੀ ਅਤੇ ਕਪੜੇ ਨਾਲ ਮਕਾਨ ਦੀ ਅਵੱਸ਼ਕਤਾ ਵੀ ਬਰਾਬਰ ਦੀ ਹੈ।

ਪਿਛਲੇ ਪੰਨੇ ਤੋਂ ਜਾਰੀ:

ੲ) ਸ੍ਰਬ ਸੀਗਾਰ ਤੰਬੋਲ ਰਸ, ਸਣੁ ਦੇਹੀ ਸਭ ਖਾਮ।
ਪ੍ਰਭ ਸੁਆਮੀ ਕੰਤ ਵਿਹੂਣੀਆ, ਮੀਤ ਸਜਣ ਸਭਿ ਜਾਮ।' (ਬਾਰਹਮਾਹ ਮਾਝ ਮ:5, ਉਹੀ, ਪੰਨ

ਸ) ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ, ਕਾਪਰੁ ਅੰਗਿ ਨ ਸੁਹਾਵਈ।
(ਮਲਾਰ ਮ:5, ਉਹੀ, ਪੰ:1274)

338. ੳ) ਚੰਦਨੁ ਮੋਲਿ ਅਣਾਇਆ, ਕੁੰਗੂ ਮਾਂਗ ਸੰਧੂਰੁ।
ਚੋਆ ਚੰਦਨੁ ਬਹੁ ਘਣਾ, ਪਾਨਾ ਨਾਲਿ ਕਪੂਰੁ।
ਜੇ ਧਨ ਕੰਤਿ ਨ ਭਾਵਈ, ਤ ਸਭਿ ਅਡੰਬਰ ਕੂੜੁ। (ਸਿਰੀ ਰਾਗ ਮ:1, ਉਹੀ, ਪੰ: 19)

ਅ) ਕਾਜਲ ਫੂਲ ਤੰਬੋਲ ਰਸੁ, ਲੈ ਧਨ ਕੀਆ ਸੀਗਾਰੁ।
ਸੇਜੈ ਕੰਤੁ ਨ ਆਇਓ, ਏਵੈ ਭਇਆ ਵਿਕਾਰੁ।'
(ਵਾਰ ਸੂਹੀ ਮ:3, ਪਉੜੀ ੭ ਦਾ ਸਲੋਕ, ਉਹੀ, ਪੰ:788)

339. 'ਸਤੁ ਸੀਗਾਰੁ ਭਉ ਅੰਜਨੁ ਪਾਇਆ। ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ।
ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ। ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ।
(ਸੂਹੀ ਮ:5, ਉਹੀ, ਪੰ:737)

340. ੳ) ਕਰਉ ਸੀਗਾਰੁ ਤੇ ਭਾਵ ਜਾ ਕੈ ਸੀਗਾਰੁ।
ਸਦ ਹੀ ਸੇਜੈ ਰਵੈ ਭਤਾਰੁ।' (ਆਸਾ ਮ:1, ਉਹੀ, ਪੰ:357)

ਅ) ਭੈ ਭਾਇ ਸੀਗਾਰ ਬਣਾਏ। ਗੁਰ ਪਰਸਾਦੀ ਮਹਲੁ ਘਰੁ ਪਾਏ।
ਅਨਦਿਨੁ ਸਦਾ ਰਵੈ ਦਿਨੁ ਰਾਤੀ, ਮਜੀਠੈ ਰੰਗੁ ਬਣਾਵਣਿਆ।
(ਮਾਝ ਮ:3, ਉਹੀ, ਪੰ:112)

341. ੳ) ਜਾਇ ਪੁਛਹੁ ਸੋਹਾਗਣੀ, ਤੁਸੀ ਰਾਵਿਆ ਕਿਨੀ ਗੁਣੀ।
ਸਹਜਿ ਸੰਤੋਖਿ ਸੀਗਾਰੀਆ, ਮਿਠਾ ਬੋਲਣੀ। (ਸਿਰੀ ਰਾਗ ਮ:1, ਉਹੀ, ਪੰ: 17.

ਅ) ਇਹੁ ਹਰਿ ਰੰਗੁ ਗੂੜਾ ਧਨ ਪਿਰ ਹੋਇ।
ਸਾਂਤਿ ਸੀਗਾਰੁ ਰਾਵੇ ਪ੍ਰਭੁ ਸੋਇ। (ਧਨਾਸਰੀ ਮ:3, ਉਹੀ, ਪੰ: 664)

342. ਕਰਤਾ ਕਰੈ ਸੁ ਮਾਨੀਐ, ਇਹੁ ਸੀਗਾਰੁ ਬਣਾਇ ਜੀ।
(ਆਸਾ ਮ:5, ਉਹੀ, ਪੰ: 400)

343. ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰ:592, ਡਾ: ਮਨਮੋਹਨ ਸਹਿਗਲ।

ਮੱਧਕਾਲੀਨ ਭਾਰਤ ਵਿਚ ਰਾਜੇ ਤੇ ਸਰਦਾਰ ਸ਼ਾਨਦਾਰ ਸੁਸੱਜਿਤ ਮਹੱਲਾਂ ਵਿਚ ਰਹਿੰਦੇ ਸਨ। ਹੋਰ ਸਰਦੇ ਪੁਜਦੇ ਲੋਕਾਂ ਦੇ ਘਰਾਂ ਵਿਚ ਵੀ ਬਹੁਤ ਅੱਛੀ ਕਿਸਮ ਦਾ ਫਰਨੀਚਰ ਹੁੰਦਾ ਸੀ।[344]

ਹੇਠਲੀ ਸ਼੍ਰੇਣੀ ਦੇ ਲੋਕਾਂ ਦੇ ਘਰਾਂ ਦੀ ਹਾਲਤ ਬਹੁਤ ਮਾੜੀ ਸੀ। ਉਹ ਅਜਿਹੇ ਮਕਾਨਾਂ ਤੇ ਰਹਿੰਦੇ ਸਨ ਜਿਨ੍ਹਾਂ ਦੀ ਹਾਲਤ ਪਸ਼ੂਆਂ ਵਰਗੀ ਸੀ। ਕੋਠੀਆਂ ਜਾਲੀਆਂ ਝੌਂਪੜੀਆਂ ਬਿਨਾ ਫਰਨੀਚਰ ਤੋਂ ਹੁੰਦੀਆਂ ਸਨ।[345] ਉਨ੍ਹਾਂ ਦੇ ਨਿਵਾਸ ਵਾਲੇ ਕਮਰਿਆਂ ਵਿਚ ਬਾਰੀਆਂ ਤੇ ਰੋਸ਼ਨਦਾਨ ਨਹੀਂ ਸਨ ਹੁੰਦੇ। ਫਰਸ਼ ਮਿੱਟੀ ਤੇ ਗੋਹੇ ਨਾਲ ਲਿਪਿਆ ਹੁੰਦਾ ਸੀ। ਉਹ ਲੋਕ ਆਮ ਤੌਰ ਤੇ ਜ਼ਮੀਨ ਤੇ ਹੀ ਸੌਂਦੇ ਸਨ।[346]

ਜ਼ਰਾ ਉਚੇਰੀ ਪੱਧਰ ਦੇ ਕਿਸਾਨਾਂ ਤੇ ਪਿੰਡਾਂ ਦੇ ਮੁਖੀਆਂ ਦੀ ਰਿਹਾਇਸ਼ ਵਧੀਆ ਹੁੰਦੀ ਸੀ। ਖੁਲ੍ਹਾ ਆਂਗਨ, ਡਿਉਢੀ ਤੇ ਬਰਾਂਡਾ ਤੇ ਕਈ ਵਾਰ ਦੋ ਮੰਜ਼ਲੀ ਰਿਹਾਇਸ਼ ਵੀ ਹੁੰਦੀ ਸੀ। ਸੰਯੁਕਤ ਪਰਿਵਾਰ ਦੇ ਮੈਂਬਰਾਂ ਲਈ ਰਿਹਾਇਸ਼ ਦੇ ਅੰਦਰ ਹੀ ਬਟਵਾਰਾ ਕੀਤਾ ਹੁੰਦਾ ਸੀ। ਘਰ ਦੀਆਂ ਦੀਵਾਰਾਂ ਕੈਂਚੀਆਂ ਤੇ ਆਮ ਤੌਰ ਤੇ ਲਕੜੀ ਦੀਆਂ ਸ਼ਤੀਰੀਆਂ ਪਾ ਕੇ ਛੱਤ ਲਈ ਕੱਖ-ਕਾਨਾ ਵੀ ਪਾਇਆ ਜਾਂਦਾ ਸੀ।[347]

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਮਹੱਲਾਂ ਵਿਚ ਰਹਿਣ ਵਾਲੇ, ਸੁਖਦਾਈ ਸੇਜਾਂ ਮਾਨਣ ਵਾਲੇ ਉਨ੍ਹਾਂ ਲੋਕਾਂ ਦਾ ਖੰਡਨ ਕੀਤਾ ਗਿਆ ਹੈ ਜੋ ਹਰੀ ਦਾ ਨਾਮ ਨਹੀਂ ਜਪਦੇ।[348] ਸੁੰਦਰ ਮਹੱਲਾਂ ਦੇ ਪਸਾਰੇ ਪਸਾਰ ਤੇ ਜਗਮਗਾਉਣਿਆਂ ਵਿਚ ਜੋ ਮਨ ਭਾਉਂਦੀ ਮੌਜ ਕਰਦੇ ਹਨ, ਉਨ੍ਹਾਂ ਨੂੰ ਮਨੁੱਖਾ ਜਨਮ ਹਾਰਦੇ ਦਰਸਾਇਆ ਗਿਆ ਹੈ[349] ਅਤੇ ਇਨ੍ਹਾਂ ਕੋਠੇ ਮੰਡਪ ਮਾੜੀਆਂ ਨਾਲ ਰੁਚੀ ਰੱਖਣ ਵਾਲਿਆਂ ਨੂੰ ਮੂਰਖ ਕਿਹਾ ਗਿਆ ਹੈ।[350] ਕਿਉਂਕਿ ਮਨੁਖ ਦੇ ਮਰਨ ਉਪਰੰਤ ਤਾਂ ਨਾਲ ਕੁਝ ਵੀ ਨਹੀਂ ਜਾਂਦਾ।[351]

---

344. Medieval Indian Culture, P-34, A.L. Srivastva.
345. Panjab under the Mughals, P-135, Dr. B.S. Nijjar.
346. Life & conditions of the people of Hindustan, P-195-96.
347. ਉਹੀ, ਪੰ: 196.
348. ਮੰਦਰ ਘਰ ਮਹਲਾ, ਸੇਜ ਸੁਖਾਲੀ।
ਅਹਿਨਿਸਿ ਫੂਲ ਬਿਛਾਵੈ ਮਾਲੀ।
ਬਿਨੁ ਹਰਿ ਨਾਮ ਸੁ ਦੇਹ ਦੁਖਾਲੀ। (ਗਉੜੀ ਮ: 1, ਸ਼ਬਦਾਰਥ, ਪੰ: 225)
349. ਤੁਰੇ ਪਲਾਣੇ ਪਉਣ ਵੇਗ, ਹਰ ਰੰਗੀ ਹਰਮ ਸਵਾਰਿਆ।
ਕੋਠੇ ਮੰਡਪ ਮਾੜੀਆ, ਲਾਇ ਬੈਠੇ ਕਰਿ ਪਾਸਾਰਿਆ।
ਚੀਜ ਕਰਨਿ ਮਨ ਭਾਵਦੇ, ਹਰਿ ਬੁਝਨਿ ਨਾਹੀ ਹਾਰਿਆ।
(ਵਾਰ ਆਸਾ ਮ:1, ਪਉੜੀ 17, ਉਹੀ, ਪੰ: 472)
350. ਕੋਠੇ ਮੰਡਪ ਮਾੜੀਆ, ਲਗਿ ਪਏ ਗਾਵਾਰੀ।
(ਵਾਰ ਸੂਹੀ ਮ: 3, ਪਉੜੀ 8, ਉਹੀ, ਪੰ: 788)
351. ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ।
ਗੜ੍ਹ ਮੰਦਰ ਗਚ ਗੀਰੀਆਂ, ਕਿਛੁ ਸਾਥਿ ਨ ਜਾਈ।
(ਸਾਰੰਗ ਕੀ ਵਾਰ ਮ:4, ਪਉੜੀ 23, ਉਹੀ, ਪੰ: 1246)

ਗੁਰੂ ਸਾਹਿਬਾਨ ਨੂੰ ਉੱਚੇ ਮਹੱਲਾਂ ਦਾ ਨਿਰਮਾਣ ਪਸੰਦ ਨਹੀਂ, ਜਿਸ ਦੀ ਪ੍ਰਸਤੀ ਵਿਚ ਮਨੁੱਖ ਆਪਣੇ ਕਰਤੇ ਨੂੰ ਭੁਲ ਜਾਵੇ। ਗੁਰੂ ਜੀ ਨੂੰ ਉਜਾੜ ਵੀ ਸੋਨੇ ਦੇ ਚੁਬਾਰੇ ਲਗਦੇ ਹਨ, ਜਿਥੇ ਹਰੀ ਦਾ ਨਾਮ ਜਪਿਆ ਜਾਂਦਾ ਹੈ, ਪਰੰਤੂ ਹਰ ਦੇ ਨਾਮ ਤੋਂ ਬਿਨਾ ਵਸਦੇ ਰਸਦੇ ਨਗਰ ਵੀ ਉਜਾੜ ਜਾਪਦੇ ਹਨ।[352] ਗੁਰੂ ਜੀ ਅਨੁਸਾਰ ਵਡੇ ਮਹੱਲ ਤੋਂ ਇਕ ਛਪਰੀ ਚੰਗੀ ਹੈ, ਜਿਥੇ ਹਰੀ ਦੇ ਗੁਣ ਗਾਏ ਜਾਂਦੇ ਹਨ।[353] ਜਿਥੇ ਵੀ ਪ੍ਰਭੂ ਦੇ ਪਿਆਰੇ ਵਸਦੇ ਹਨ, ਉਹੀ ਸਥਾਨ ਸੁਖ ਦੇਣ ਵਾਲੇ ਮਹੱਲਾਂ ਵਾਂਗ ਹਨ।[354] ਇਸੇ ਲਈ ਮੋਤੀਆਂ ਨਾਲ ਉਸਰੇ ਹੋਏ, ਰਤਨਾਂ ਨਾਲ ਜੜਾਊ, ਕਸਤੂਰੀ, ਕੁੰਗੂ, ਅਗਰ ਤੇ ਚੰਦਨ ਨਾਲ ਲਿਪੇ ਹੋਏ ਮੰਦਰ ਤੋਂ ਗੁਰੂ ਜੀ ਮੂੰਹ ਮੋੜ ਲੈਂਦੇ ਹਨ, ਤਾਂ ਕਿ ਹਰੀ ਦਾ ਨਾਮ ਨਾ ਵਿਸਰ ਜਾਏ।[355]

ਇਸ ਪ੍ਰਕਾਰ ਗੁਰੂ ਜੀ ਮਹੱਲਾਂ ਤੇ ਚੁਬਾਰਿਆਂ ਦੇ ਵਿਰੁਧ ਨਹੀਂ ਸਨ, ਪਰੰਤੂ ਉਨ੍ਹਾਂ ਵਿਚ ਬਿਤਾਏ ਜਾਂਦੇ ਵਿਲਾਸਮਈ ਜੀਵਨ ਦਾ ਉਨ੍ਹਾਂ ਨੇ ਖੰਡਨ ਕੀਤਾ, ਤੇ ਗਰੀਬਾਂ ਦੀ ਛਪਰੀ ਦੀ ਸਿਫਤ ਕੀਤੀ ਜਿੱਥੇ ਕਿਰਤੀ ਲੋਕ ਸੁੱਚੀ ਕਿਰਤ ਕਰਦੇ ਹੋਏ ਪ੍ਰਭੂ ਦਾ ਨਾਮ ਜਪਦੇ ਸਨ।

ਸਮੁੱਚੇ ਤੌਰ ਤੇ ਭੋਜਨ, ਬਸਤਰ ਅਤੇ ਘਰ ਬਾਰੇ ਗੁਰੂ ਜੀ ਦਾ ਮਤ ਹੈ ਕਿ ਮੇਵਾ, ਘਿਉ, ਗੁੜ, ਮੈਦਾ ਤੇ ਮਾਸ ਆਦਿਕ ਨਾਲ ਬਣੇ ਵਧੀਆ ਤੋਂ ਵਧ ਖਾਣੇ ਸੁੰਦਰ ਬਸਤਰ, ਆਰਾਮ ਦਾਇਕ ਸੇਜਾਂ ਅਤੇ ਸੁੰਦਰ ਮਹੱਲਾਂ ਦੇ ਭੋਗਣ ਦਾ ਵਿਸ਼ੇਸ਼ ਮਹੱਤਵ ਨਹੀਂ ਜੇ ਮਨ ਵਿਚ ਸੱਚੇ ਹਰੀ ਦਾ ਵਾਸ ਨਹੀਂ।

<u>ਮਨੋਰੰਜਨ:</u>

ਮੱਧਕਾਲ ਵਿਚ ਮਨਪਰਚਾਵਾ ਕਈ ਖੇਡ ਮੇਲਿਆਂ ਰਾਹੀਂ ਸੀ। ਇਸ ਕਾਲ ਵਿਚ ਰਜ਼ਮ ਜਾਂ ਬਜ਼ਮ (ਯੁੱਧ ਜਾਂ ਸਮਾਜਕ ਮੇਲ ਮਿਲਾਪ) ਨੂੰ ਇਕ ਦੂਜੇ ਦੇ ਪੂਰਕ ਸਮਝਿਆ ਜਾਂਦਾ ਸੀ। ਲੜਾਈ ਸਮੇਂ ਆਮ

---

352. ਜਿਥੈ ਨਾਮੁ ਜਪੀਐ ਪ੍ਰਭ ਪਿਆਰੇ। ਸੇ ਅਸਥਲ ਸੋਇਨ ਚਉਬਾਰੇ।
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ, ਸੇਈ ਨਗਰ ਉਜਾੜੀ ਜੀਉ।
(ਮਾਝ ਮ: 5, ਉਹੀ, ਪੰ: 105)

353. ਭਲੀ ਸੁਹਾਵੀ ਛਾਪਰੀ, ਜਾ ਮਹਿ ਗੁਨ ਗਾਏ।
ਕਿਤਹੀ ਕਾਮ ਨ ਧਉਲਹਰਿ, ਜਿਤੁ ਹਰਿ ਬਿਸਰਾਏ।
(ਉਹੀ ਮ: 5, ਉਹੀ, ਪੰ: 105)

354. ਸੁਖ ਮਹਲ ਜਾ ਕੇ ਊਚ ਦੁਆਰੇ। ਤਾ ਮਹਿ ਵਾਸਹਿ ਭਗਤ ਪਿਆਰੇ।
(ਸੂਹੀ ਮ: 5, ਉਹੀ, ਪੰ: 739)

355. ਮੋਤੀ ਤਾ ਮੰਦਰ ਊਸਰਹਿ, ਰਤਨੀ ਤ ਹੋਹਿ ਜੜਾਉ।
ਕਸਤੂਰਿ ਕੁੰਗੂ ਅਗਰਿ ਚੰਦਨਿ, ਲੀਪਿ ਆਵੈ ਚਾਉ।
ਮਤ ਦੇਖਿ ਭੂਲਾ ਵੀਸਰਹਿ, ਤੇਰਾ ਚਿਤ ਨ ਆਵੈ ਨਾਉ।
(ਸਿਰੀ ਰਾਗ ਮ: 1, ਉਹੀ, ਪੰ: 14)

[illegible]
356. ਕਿਆ ਖਾਧੈ ਕਿਆ ਪੈਧੈ ਹੋਇ। ਜਾ ਮਨਿ ਨਾਹੀ ਸਚਾ ਸੋਇ।
ਕਿਆ ਮੇਵਾ ਕਿਆ ਘਿਉ ਗੁੜ ਮਿਠਾ, ਕਿਆ ਮੈਦਾ ਕਿਆ ਮਾਸੁ।
ਕਿਆ ਕਪੜੁ ਕਿਆ ਸੇਜ ਸੁਖਾਲੀ, ਕੀਜਹਿ ਭੋਗ ਬਿਲਾਸੁ।
ਕਿਆ ਲਸਕਰ ਕਿਆ ਨੇਬ ਖਵਾਸੀ, ਆਵੈ ਮਹਲੀ ਵਾਸੁ।
ਨਾਨਕ ਸਚੇ ਨਾਮ ਵਿਣੁ, ਸਭੇ ਟੋਲ ਵਿਣਾਸੁ। (ਵਾਰ ਮਾਝ ਮ: 1, ਪਉੜੀ 10 ਦਾ ਸਲੋਕ, ਉਹੀ ਪੰਨ

ਇੱਜ਼ਤਦਾਰ ਮਨੁੱਖ ਅਜੰਸ ਹੋਣਾ ਲੈਂਦਾ ਸੀ ਤੇ ਜ਼ਿਆਦਾ ਪ੍ਰਸਿੱਧ ਉਹ ਸ਼ਰੀਰਕ ਤੇ ਮਨੋਰੰਜਨ ਤੇ ਖੇਲਾਂ ਵਿਚ ਸਮਾਂ ਬਿਤਾਉਂਦਾ ਸੀ।[357]

ਉੱਚ ਸ਼੍ਰੇਣੀ ਦਾ ਵਿਸ਼ੇਸ਼ ਮਨੋਰੰਜਨ ਸ਼ਿਕਾਰ ਖੇਡਣਾ ਸੀ। ਸਾਰੇ ਸੁਲਤਾਨ ਤੇ ਸਮਰਾਟ ਸ਼ਿਕਾਰ ਕਰਨ ਦਾ ਸ਼ੌਕ ਰਖਦੇ ਸਨ।[358] ਪਸ਼ੂਆਂ ਤੇ ਜਾਨਵਰਾਂ ਦੀ ਲੜਾਈ ਲੋਕਾਂ ਦੇ ਮਨਭਾਉਂਦੇ ਮਨੋਰੰਜਨ ਸਨ।[359] ਅਕਬਰ ਨੂੰ ਛੋਟੇ ਹੁੰਦਿਆਂ ਕਬੂਤਰ ਬਾਜ਼ੀ ਦਾ ਬਹੁਤ ਸ਼ੌਕ ਸੀ, ਜਿਸ ਨੂੰ ਉਹ 'ਇਸ਼ਕਬਾਜ਼ੀ' ਕਿਹਾ ਕਰਦਾ ਸੀ।[360]

ਸ਼ਾਹੀ ਮਹਿਲਾਂ ਸਮੇਂ, ਸੰਗੀਤ, ਸ਼ਰਾਬ, ਰੰਗ ਤੇ ਚੌਪੜ ਆਦਿ ਮਨੋਰੰਜਨ ਦੇ ਸਾਧਨ ਸਨ। ਅਕਬਰ ਵੇਲੇ ਮੀਨਾ ਬਾਜ਼ਾਰ ਲਗਾਇਆ ਜਾਂਦਾ ਸੀ, ਜਿਸ ਵਿਚ ਸਮਰਾਟ ਖੁਦ 'ਸੇਲਜ਼ਮੈਨ' ਬਣਦਾ ਸੀ, ਜਿਥੇ ਕਿ ਆਮ ਲੋਕ ਸਮਰਾਟ ਨੂੰ ਆਪਣੀ ਤਕਲੀਫ਼ ਦਸਣ ਦਾ ਮੌਕਾ ਪ੍ਰਾਪਤ ਕਰਦੇ ਸਨ।[361]

ਕੁਸ਼ਤੀਆਂ ਹਰ ਪ੍ਰਕਾਰ ਦੇ ਲੋਕਾਂ ਵਿਚ ਪ੍ਰਚਲਤ ਸੀ।[362] ਨਿਮਨ ਸ਼੍ਰੇਣੀ ਦੇ ਲੋਕ ਮੁਕਾਬਲ ਕਰਨ ਲਈ ਮੇਲੇ ਵੇਖਦੇ ਸਨ।[363] ਕਈ ਵਾਰ ਉਹ ਮੇਲੇ ਤੇ ਨਾਚ ਕਰਕੇ ਆਪਣੇ ਆਪ ਨੂੰ ਪ੍ਰਸੰਨ ਕਰਦੇ ਸਨ।[364] ਪਿੰਡਾਂ ਵਿਚ ਮੁਰਗਾਬਾਜ਼ੀ, ਮੁੰਗਲੀ ਫੇਰਨਾ, ਵੀਣੀ ਪਕੜਨਾ, ਤੈਰਾਕੀ, ਬਿੱਛੂ ਲੜਨਾ, ਆਦਿ ਆਮ ਲੋਕਾਂ ਦੇ ਸ਼ੁਗਲ ਸਨ। ਕੋਟਲਾ ਛਪਾਕੀ, ਗੀਟੇ-ਚੋਰ-ਕਟਿਲੀਆ, ਘੋੜੀ ਟੱਪਾ, ਗੁੱਲੀ-ਡੰਡਾ ਆਦਿ ਖੇਡਾਂ ਖੇਡ ਪਿੰਡਾਂ ਦੇ ਲੋਕ ਆਪਣਾ ਮਨ ਪਰਚਾਉਂਦੇ ਸਨ।[365] ਸਾਰੇ ਦਿਨ ਦੀ ਥਕਾਵਟ ਦੂਰ ਤੋਂ ਬਾਦ ਸ਼ਾਮ ਸਮੇਂ ਇਕ ਸਾਂਝੀ ਥਾਂ ਤੇ ਇਕੱਠੇ ਹੋ ਕੇ ਖੇਡਾਂ ਵਿਚ ਹਿੱਸਾ ਲੈਂਦੇ ਤੇ ਏਕਤਾ ਦੀ ਭਾਵਨਾ ਨਾਲ ਹਿੰਦੂ ਤੇ ਮੁਸਲਮਾਨ ਇਕ ਦੂਜੇ ਨੂੰ ਜੱਫੀਆਂ ਪਾਉਂਦੇ ਸਨ।[366]

ਸੰਗੀਤ ਤੇ ਨਾਚ ਮਨੋਰੰਜਨ ਦੇ ਤੌਰ ਤੇ ਵਿਸ਼ੇਸ਼ ਸਥਾਨ ਰਖਦੇ ਸਨ। ਗੁਜਰਾਤ ਦਾ 'ਗਰਬਾ' ਨ੍ਰਿਤ ਬਹੁਤ ਪ੍ਰਸਿੱਧ ਸੀ। 'ਰਾਮ ਲੀਲਾ' ਤੇ 'ਕ੍ਰਿਸ਼ਨ ਲੀਲਾ' ਹਿੰਦੂਆਂ ਵਿਚ ਬਹੁਤ ਪ੍ਰਸਿੱਧ ਸਨ।

---

357. Life & conditions of the people of Hindustan, P.221, K.M. Ashraf
358. ਉਹੀ, ਪੰ: 226-29.
359. History of the Punjab, P-187, Dr. K.S. Narang & Dr. H.R. Gupta.
360. Life & conditions of the people of Hindustan, P-237, K.M. Ashraf
361. ਉਹੀ, ਪੰ: 229.
362. ਵਿਸਥਾਰ ਲਈ ਵੇਖੋ:- ਇਸੇ ਅਧਿਆਇ ਵਿਚ 'ਸਮਾਜਕ ਕੁਰੀਤੀਆਂ'।
363. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ 'ਮੇਲੇ ਤੇ ਤਿਉਹਾਰ'।
364. History of the Punjab, P-187-88, Dr.K.S. Narang & Dr.H.R. Gupta.
365. Punjab under the Sultans, P-167, Dr. B.S. Nijjar.
366. ਉਹੀ, ਪੰ: 158.

ਕਿਸਾਨ ਲੋਕਾਂ ਸਮੇਂ ਮਰਦ ਤੇ ਇਸਤਰੀਆਂ ਇਕੱਠਾ ਨ੍ਰਿਤ ਕਰਦੇ ਸਨ, ਉਨ੍ਹਾਂ ਦੇ ਪੈਰਾਂ ਨਾਲ ਘੁੰਗਰੂ ਬੰਨ੍ਹੇ ਹੁੰਦੇ ਸਨ।[367]

ਸੰਗੀਤ ਪਾਰਟੀਆਂ ਨੇ ਹਿੰਦੂ ਤੇ ਮੁਸਲਿਮ ਲੋਕਾਂ ਵਿਚ ਸਮਾਜਕ ਵਿੱਥ ਮਿਟਾਉਣ ਲਈ ਕਾਫ਼ੀ ਮਦਦ ਕੀਤੀ।[368]

ਜਿਥੇ ਆਮ ਲੋਕ ਵਿਸ਼ੇਸ਼ ਤੌਰ ਤੇ ਸੰਮੀ, ਲੁੱਡੀ, ਭੰਗੜਾ, ਧਮਾਲ ਆਦਿ ਨ੍ਰਿਤ ਕਰਦੇ ਸਨ, ਉਥੇ ਕੁੜੀਆਂ ਵਿਆਹ ਸ਼ਾਦੀਆਂ ਸਮੇਂ ਸੁਹਾਗ ਤੇ ਘੋੜੀਆਂ ਅਤੇ ਸਾਵਣ ਦੇ ਮਹੀਨੇ ਤੀਆਂ ਦੇ ਤਿਉਹਾਰ ਸਮੇਂ ਗਿੱਧੇ ਦੇ ਨਾਲ ਲੋਕ ਗੀਤ ਗਾ ਗਾ ਕੇ ਆਪਣੇ ਦਿਲੀ ਭਾਵ ਪ੍ਰਗਟ ਕਰਦੀਆਂ ਸਨ।

ਆਦਿ ਗ੍ਰੰਥ ਵਿਚ ਤਤਕਾਲੀਨ ਮਨੋਰੰਜਨ ਦੇ ਸਾਧਨਾਂ ਦਾ ਉਲੇਖ ਉਪਲੱਬਧ ਹੈ ਜਿਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ। ਕੁਸ਼ਤੀ, ਪੋਲੋ, ਨ੍ਰਿਤ, ਰਾਸ-ਲੀਲਾ, ਨ੍ਰਿਤ ਤੇ ਸੰਗੀਤ। ਮੌਜ ਮੇਲੇ ਦੇ ਇਨ੍ਹਾਂ ਸਾਧਨਾਂ ਨੂੰ ਅਧਿਆਤਮਕ ਰੰਗਣ ਵਿਚ ਪੇਸ਼ ਕੀਤਾ ਗਿਆ ਹੈ। ਸ਼ਰਾਬ ਤੇ ਜੂਆਬਾਜ਼ੀ ਵੀ ਮੱਧਕਾਲ ਵਿਚ ਲੋਕਾਂ ਦੇ ਮਨੋਰੰਜਨ ਦੇ ਵਿਸ਼ੇਸ਼ ਸਾਧਨ ਸਨ, ਪਰ ਇਨ੍ਹਾਂ ਬਾਰੇ ਪਿਛੇ ਅਧਿਆਇ ਵਿਚ 'ਸਮਾਜਕ-ਬੁਰਾਈਆਂ' ਅਧੀਨ ਵਰਣਨ ਕੀਤਾ ਜਾ ਚੁਕਿਆ ਹੈ।

ਮਨੋਰੰਜਨ ਦੇ ਸਾਧਨ ਕੁਸ਼ਤੀ ਦਾ ਰੂਪਕ ਵਰਤਦਿਆਂ ਗੁਰੂ ਜੀ ਨੇ ਆਪਣੇ ਆਪ ਨੂੰ ਗੋਸਾਈਂ ਦਾ ਪਹਿਲਵਾਨ ਕਿਹਾ ਅਤੇ ਗੁਰੂ ਨੇ ਕੰਡ ਤੇ ਥਾਪੀ ਦੇ ਕੇ ਪੰਜ ਤਕੜੇ ਪਹਿਲਵਾਨਾਂ——ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨਾਲ ਕੁਸ਼ਤੀ ਦਾ ਵਰਣਨ ਕੀਤਾ ਹੈ।[369]

ਪੋਲੋ ਦੀ ਖੇਡ ਘੋੜੇ ਤੇ ਚੜ੍ਹ ਕੇ ਖੇਡੀ ਜਾਂਦੀ ਸੀ। ਕਈ ਸੁਆਰ ਖੁਲ੍ਹੇ ਹੱਥ ਸੁਆਰੀ ਕਰਦੇ ਸਨ ਤੇ ਅਣਜਾਣ ਡਿੱਗਣ ਨਾਲ ਹੀ ਹੱਡੀਆਂ ਤੁੜਾਂਦੇ ਸਨ। ਐਸੇ ਲੋਕਾਂ ਤੇ ਵਿਅੰਗ ਕਰਦਿਆਂ ਗੁਰੂ ਜੀ ਨੇ ਕਿਹਾ ਹੈ ਕਿ ਖੇਡਣੀ ਪੋਲੋ ਤੇ ਡਰਦੇ ਹੈਂ ? ਹੰਸਾਂ ਦੀ ਬਰਾਬਰੀ ਕਰਨ ਲਈ ਕੁੱਕੜ ਜਿੰਨੀ ਉਡਾਰੀ ਵੀ ਨਹੀਂ ਆਉਂਦੀ।[370]

ਸੰਗੀਤ ਤੇ ਨ੍ਰਿਤ ਦਾ ਗੁਰੂ ਕਾਵਿ ਵਿਚ ਅਧਿਆਤਮਕ ਪੱਖ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ।

---

367. Life & conditions of the people of Hindustan, P-245-47, K.M. Ashraf

368. Glimpses of Medieval Indian Culture, P-107, Yusuf Hussain.

369. 'ਹਉ ਗੋਸਾਈ ਦਾ ਪਹਿਲਵਾਨੜਾ। ਮੈ ਗੁਰ ਮਿਲਿ ਉਚ ਦੁਮਾਲੜਾ।
ਵਾਤ ਵਜਨਿ ਟੰਮਕ ਭੇਰੀਆ, ਮਲ ਲਥੇ ਲੈਦੇ ਫੇਰੀਆ।
ਨਿਹਤੇ ਪੰਜਿ ਜੁਆਨ ਮੈ, ਗੁਰ ਥਾਪੀ ਦਿਤੀ ਕੰਡਿ ਜੀਉ।'
(ਸਿਰੀ ਰਾਗ ਮ: 5, ਸ਼ਬਦਾਰਥ ਪੰ: 74)

370. 'ਚੜਿ ਕੈ ਘੋੜੜੈ ਕੁੰਦੇ ਪਕੜਹਿ, ਖੂੰਡੀ ਦੀ ਖੇਡਾਰੀ।
ਹੰਸਾ ਸੇਤੀ ਚਿਤੁ ਉਲਾਸਹਿ, ਕੁਕੜ ਦੀ ਓਡਾਰੀ।
(ਮ:5, ਗਉੜੀ ਕੀ ਵਾਰ, ਪਉੜੀ 19 ਦਾ ਸਲੋਕ, ਗਉੜੀ, ਪੰ: 322)

ਜਿੱਥੇ ਤਕ ਸੰਗੀਤ ਦਾ ਸੰਬੰਧ ਹੈ, ਗੁਰੂ ਸਾਹਿਬਾਨ ਖੁਦ ਉੱਚ ਕੋਟੀ ਦੇ ਕਵੀ ਤੇ ਮਹਾਨ ਸੰਗੀਤਕਾਰ ਸਨ। ਆਦਿ ਬੀੜ ਦਾ ਗੁਰੂ ਗ੍ਰੰਥ 31 ਰਾਗਾਂ ਵਿਚ ਉਚਾਰਨ ਕੀਤਾ ਗਿਆ ਹੈ।[371] ਰਾਗਾਂ ਵਿਚ ਗਾਇਣ ਕੀਤੀ ਬਾਣੀ ਮਨ ਉਤੇ ਡੂੰਘਾ ਪ੍ਰਭਾਵ ਪਾਉਂਦੀ ਹੈ ਅਤੇ ਸ੍ਰੋਤੇ ਦੀ ਬ੍ਰਿਤੀ ਨੂੰ ਆਕ੍ਰਸ਼ਿਤ ਕਰਦੀ ਹੈ।

ਸੰਗੀਤ ਦੇ ਨ੍ਰਿਤ ਦਾ ਦਾਮਨ ਚੋਲੀ ਦਾ ਸਾਥ ਹੈ, ਪਰੰਤੂ ਗੁਰੂ-ਗ੍ਰੰਥ ਵਿਚ ਅਖਾੜਿਆਂ ਦੇ ਨਾਟਕ ਚੇਟਕ ਦਾ ਖੰਡਨ ਕੀਤਾ ਗਿਆ ਹੈ, ਜਿਸ ਨਾਲ ਮਨ ਨੂੰ ਕਦੇ ਸੰਤੋਖ ਨਹੀਂ ਹੁੰਦਾ।[372] ਅਜਿਹੇ ਤਮਾਸ਼ਿਆਂ ਵਾਲੇ ਸਥਾਨ, ਜਿਥੇ ਹਰੀ ਦਾ ਨਾਮ ਯਾਦ ਨਾ ਆਵੇ, ਨੂੰ ਨਰਕ ਤੇ ਉਜਾੜ ਨਾਲ ਉਪਮਾ ਦਿੱਤੀ ਹੈ।[373] ਮਾਇਆ ਵਾਲੀ ਨਾਚ ਗਾਉਣ ਨੂੰ 'ਦੂਜਾ ਭਾਉ' ਕਿਹਾ ਹੈ, ਜਿਸ ਨਾਲ ਮਨੁੱਖ ਦੁਖ ਪਾਉਂਦਾ ਹੈ।[374] ਗੁਰੂ ਜੀ ਅਨੁਸਾਰ ਅਸਲ ਵਿਚ ਕਰਤਾ ਪੁਰਖ ਦੀ ਇਹ ਸੰਸਾਰ ਦੀ ਰਚਨਾ (ਪਸਾਰਾ) ਅਖਾੜੇ ਦਾ ਰੂਪ ਹੈ, ਵਿਭਿੰਨ ਪ੍ਰਕਾਰ ਦੇ ਜੀਵ ਜੰਤੂ ਆਪਣੇ ਨੱਚ ਰਹੇ ਹਨ, ਉਸ ਦੇ ਖੇਲ ਦਾ ਵਰਣਨ ਨਹੀਂ ਕੀਤਾ ਜਾ ਸਕਦਾ।[375]

ਅਸਲ ਵਿਚ ਗੁਰਮਤਿ ਅਨੁਸਾਰ ਅਧਿਆਤਮਿਕ ਨ੍ਰਿਤ ਉਹ ਹੈ ਜਿਸ ਵਿਚ ਮਨ ਸਤਿਗੁਰੂ ਅੱਗੇ ਨਾਚ ਕਰੇ[376] ਅਤੇ ਮੋਹ ਮਾਇਆ ਤੋਂ ਉਪਰ ਉੱਠਣ ਰੂਪੀ ਸੱਚਾ ਤਾਲ ਪੂਰੇ।[377] ਅਧਿਆਤਮਕ ਨ੍ਰਿਤ ਵਿਚ ਬਿਬੇਕ ਰੂਪੀ ਵਾਜਾ, ਭਾਉ ਰੂਪੀ ਢੋਲਕੀ, ਸਤ ਸੰਤੋਖ ਦੇ ਛੈਣੇ, ਸਦਾ ਖੁਸ਼ ਰਹਿਣਾ ਘੁੰਗਰੂ ਹਨ, ਸੰਗਤ ਵਿਚ ਜਾਣਾ ਨ੍ਰਿਤਕਾਰੀ ਦੀ ਸਿੱਖਿਆ ਨਾਲ ਪਿਆਰ ਕਰਨਾ ਹੈ।[378] ਰਬਾਬ, ਤਬਲਾ ਆਦਿ ਨਾਲ ਅਨਹਦ

---

371. ਵਿਸਥਾਰ ਲਈ ਵੇਖੋ: ਪਹਿਲਾ ਅਧਿਆਇ (ਗੁਰੂ ਗ੍ਰੰਥ ਦਾ ਸਰਵੇਖਣ)।

372. 'ਨਟ ਨਾਟਿਕ ਆਖਾਰੇ ਗਾਇਆ। ਤਾਮਹਿ ਮਨਿ ਸੰਤੋਖੁ ਨ ਪਾਇਆ।'
(ਗਉੜੀ ਮ: 5, ਉਹੀ, ਪੰ: 179)

373. ਕਉਤਕ ਕੋਡ ਤਮਾਸਿਆ, ਚਿਤਿ ਨ ਆਵਸੁ ਨਾਉ।
ਨਾਨਕ ਕੋੜੀ ਨਰਕ ਬਰਾਬਰੇ, ਉਜੜੁ ਸੋਈ ਥਾਉ।'
(ਵਾਰ ਜੈਤਸਰੀ ਮ:5, ਪਉੜੀ 9 ਦਾ ਸਲੋਕ, ਉਹੀ, ਪੰ:707)

374. ਮਾਇਆ ਕਾਰਣਿ ਪਿੜ ਬੰਧਿ ਨਾਚੈ, ਦੂਜੈ ਭਾਇ ਦੁਖੁ ਪਾਵਣਿਆ। (ਮਾਝ ਮ:3, ਉਹੀ, ਪੰ:122)

375. ਰਾਸਿ ਮੰਡਲੁ ਕੀਨੋ ਆਖਾਰਾ। ਸਗਲੋ ਸਾਜਿ ਰਖਿਓ ਪਾਸਾਰਾ।
ਸਭਿ ਰਸ ਲੈਤ ਬਸਤ ਨਿਰਾਰਾ। ਕਹਣੁ ਨ ਜਾਈ ਖੇਲੁ ਤੁਹਾਰਾ। (ਸੂਹੀ ਮ:5, ਉਹੀ, ਪੰ:)

376. ਇਹੁ ਮਨੁ ਨਾਚੈ ਸਤਿਗੁਰੂ ਆਗੈ, ਅਨਹਦ ਸਬਦ ਧੁਨਿ ਤੂਰ ਵਜਈਆ।'
(ਬਿਲਾਵਲ ਮ:4, ਉਹੀ, ਪੰ:834-35)

377. ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ, ਸਬਦੇ ਨਿਰਤ ਕਰਾਵਣਿਆ। (ਮਾਝ ਮ:3, ਉਹੀ, ਪੰ:121)

378. ਵਾਜਾ ਮਤਿ, ਪਖਾਵਜੁ ਭਾਉ। ਹੋਇ ਅਨੰਦੁ ਸਦਾ ਮਨਿ ਚਾਉ।
ਏਹਾ ਭਗਤਿ ਏਹੋ ਤਪਤਾਉ। ਇਤੁ ਰੰਗਿ ਨਾਚਹੁ ਰਖਿ ਰਖਿ ਪਾਉ।
ਪੂਰੇ ਤਾਲ ਜਾਣੈ ਸਲਾਹ। ਹੋਰੁ ਨਚਣਾ ਖੁਸੀਆ ਮਨ ਮਾਹ।
ਸਤੁ ਸੰਤੋਖੁ ਵਜਹਿ ਦੁਇ ਤਾਲ। ਪੈਰੀ ਵਾਜਾ ਸਦਾ ਨਿਹਾਲ।
ਰਾਗੁ ਨਾਦੁ ਨਹੀ ਦੂਜਾ ਭਾਉ। ਇਤੁ ਰੰਗਿ ਨਾਚਹੁ ਰਖਿ ਰਖਿ ਪਾਉ।
ਭਉ ਫੇਰੀ ਹੋਵੈ ਮਨ ਚੀਤਿ। ਬਹਦਿਆ ਉਠਦਿਆ ਨੀਤਾ ਨੀਤਿ।
ਲੇਟਣਿ ਲੇਟਿ ਜਾਣੈ ਤਨੁ ਸੁਆਹੁ। ਇਤੁ ਰੰਗਿ ਨਾਚਹੁ ਰਖਿ ਰਖਿ ਪਾਉ।
ਸਿਖ ਸਭਾ ਦੀਖਿਆ ਕਾ ਭਾਉ। ਗੁਰਮੁਖਿ ਸੁਣਣਾ ਸਾਚਾ ਨਾਉ।
ਨਾਨਕ ਆਖਣੁ ਵੇਰਾ ਵੇਰ। ਇਤੁ ਰੰਗਿ ਨਾਚਹੁ ਰਖਿ ਰਖਿ ਪੈਰ। (ਆਸਾ ਮ:1, ਉਹੀ, ਪੰ:350)

ਸਬਦ ਵਜਾ ਕੇ ਪਹਿਲਾਂ ਆਪਣੇ ਮਨ ਨੂੰ ਸਮਝਾਉਣਾ ਤੇ ਪਿਛੋਂ ਹੋਰਾਂ ਨੂੰ ਖੁਸ਼ ਕਰਨਾ ਹੱਥਾਂ ਨਾਲ ਸੰਤ ਪੁਰਸ਼ਾਂ ਦੇ ਚਰਨ ਧੋਣੇ। ਗੁਰੂ ਨੂੰ ਮਨ ਤਨ ਅਰਪਿਤ ਕਰਨਾ, ਆਪ ਆਪਾ-ਭਾਵ ਦੂਰ ਕਰਨਾ ਅਸਲ ਨਾਚ ਹੈ। ਗੁਰੂ ਸਾਹਿਬ ਅਨੁਸਾਰ ਅਜਿਹਾ ਨ੍ਰਿਤ ਨਰਕਾਂ ਤੋਂ ਬਚਾਉਂਦਾ ਹੈ।[379] ਇਸ ਦ੍ਰਿਸ਼ਟੀ ਦੇ ਆਧਾਰ ਮੰਡਲ ਦੀ ਨ੍ਰਿਤਕਾਰੀ ਨੂੰ ਪ੍ਰਭੂ ਵੇਖ ਰਿਹਾ ਹੈ। ਇਸ ਨ੍ਰਿਤ ਵਿਚ ਹਰ ਮਨੁੱਖ ਸ਼ਿੰਗਾਰ ਕੇ ਰਿਹਾ ਹੈ, ਉਸ ਦੇ ਹਥ ਹੀ ਖੜਤਾਲਾਂ ਹਨ, ਅੱਖਾਂ ਰੂਪੀ ਨੈਣੀਆਂ ਹਨ, ਮਸਤਕ ਰੂਪੀ ਰਬਾਬ ਹੈ।[380] ਵੀਣਾ ਵਜਾਉਣ ਵਾਲੇ ਦੀ ਤਰ੍ਹਾਂ ਹਰੀ ਦੇ ਹਥ ਵਿਚ ਵਾਜਾ ਰੂਪ ਜੀਵ ਵਜਦੇ ਹਨ।[381] ਪੁਤਲੀਆਂ ਦੇ ਤਮਾਸ਼ੇ ਵਾਂਗ ਪ੍ਰਭੂ-ਰੂਪੀ ਬਾਜ਼ੀਗਰ ਜੀਵ-ਰੂਪੀ ਕਾਠ ਦੀ ਪੁਤਲੀ ਪਾਸੋਂ ਜਿਸ ਪ੍ਰਕਾਰ ਦਾ ਪਾਰਟ ਅਦਾ ਕਰਵਾਉਣਾ ਚਾਹੇ, ਇਹ ਜੀਵ ਕਰਦਾ ਹੈ।[382]

ਦੂਜੀ ਬਾਣੀ ਰਾਸ ਦੀ ਬਜਾਇ ਗੁਰੂ-ਕਾਵਿ ਵਿਚ ਗੁਰਮੁਖਾਂ ਦੀ ਰਾਸ ਦਾ ਵਰਣਨ ਇਸ ਪ੍ਰਕਾਰ ਹੈ ਕਿ ਰਾਸ-ਕੀਰਤਨੀਆਂ ਜੋ ਵਾਹਿਗੁਰੂ ਦੀ ਧੁਨੀ ਗਾਉਂਦਾ ਹੈ, ਉਹ ਮਾਇਆ ਦਾ ਧੰਦਾ ਛਡ ਦਿੰਦਾ ਹੈ। ਉਸ ਦੇ ਸਾਜ (ਸੰਤੋਖ ਆਦਿ ਵਾਜੇ) ਵੀ ਦੁਨਿਆਵੀ ਸਾਜ਼ਾਂ ਨਾਲੋਂ ਵਖਰੇ ਹੁੰਦੇ ਹਨ। ਨ੍ਰਿਤ ਵੇਲੇ ਉਹਦੀ ਫੇਰੀ ਇਹ ਹੈ ਕਿ ਉਹ ਮੁੜ ਜਨਮ ਮਰਨ ਵਿਚ ਨਹੀਂ ਆਉਂਦਾ। ਏਥੇ ਤਿਆਗਣਾ ਘੁੰਗਰੂਆਂ ਦਾ ਖੜਾਕ ਹੁੰਦਾ ਹੈ। ਸਹਜ ਸੁਖ ਹਾਵ-ਭਾਵ ਹੁੰਦੇ ਹਨ। ਰਬ ਦਾ ਕੀਰਤਨ ਸਾਧ ਸੰਗਤ ਦੀ ਟੇਕ ਲਿਆਂ ਹੀ ਕੀਤਾ ਜਾ ਸਕਦਾ ਹੈ।[383] ਰਬ ਦੀ ਰਾਸ ਦਾ ਚਿਤਰ ਖਿਚਦਿਆਂ ਗੁਰੂ ਜੀ ਨੇ ਇਸ ਰਾਸ ਦੇ ਪਾਤਰਾਂ ਬਾਰੇ ਵਰਣਨ ਕਰਦਿਆਂ (ਕੀਤਾ) ਕਿ ਸਾਰੀਆਂ ਘੜੀਆਂ ਮਾਨੋ ਗੋਪੀਆਂ ਤੇ ਪਹਿਰ ਕਾਨ੍ਹ ਹਨ। ਚੰਨ ਤੇ ਸੂਰਜ ਮਾਨੋ ਅਵਤਾਰ ਹਨ,

---

379. ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ।
ਰਬਾਬੁ ਪਖਾਵਜ ਤਾਲ ਘੁੰਘਰੂ, ਅਨਹਦ ਸਬਦੁ ਵਜਾਵੈ।1।ਰਹਾਉ।
ਪ੍ਰਥਮੇ ਮਨੁ ਪਰਬੋਧੈ ਅਪਨਾ, ਪਾਛੈ ਅਵਰ ਰੀਝਾਵੈ।
.......ਕਰ ਸੰਗਿ ਸਾਧੂ ਚਰਨ ਪਖਾਰੈ, ਸੰਤ ਧੂਰਿ ਤਨਿ ਲਾਵੈ।
.....ਐਸੋ ਨਿਰਤਿ ਨਰਕ ਨਿਵਾਰੈ, ਨਾਨਕ ਗੁਰਮੁਖਿ ਜਾਗੈ।(ਆਸਾ ਮ:5, ਗ੍ਰੰ, ਪੰ:381)

380. ਕਰ ਕਰਿ ਤਾਲ ਪਖਾਵਜੁ ਨੈਨਹੁ, ਮਾਥੈ ਵਜਹਿ ਰਬਾਬਾ।
ਕਰਨਹੁ ਮਧੁ ਬਾਸੁਰੀ ਬਾਜੈ, ਜਿਹਵਾ ਧੁਨਿ ਆਗਾਜਾ।
ਨਿਰਤਿ ਕਰੇ ਕਰਿ ਮਨੂਆ ਨਾਚੈ, ਆਣੇ ਘੂਘਰ ਸਾਜਾ।
ਰਾਮ ਕੋ ਨਿਰਤਿਕਾਰੀ। ਪੇਖੈ ਪੇਖਨਹਾਰੁ ਦਇਆਲਾ, ਜੇਤਾ ਸਾਜੁ ਸੀਗਾਰੀ।1।ਰਹਾਉ।
ਆਖਾਰ ਮੰਡਲੀ ਧਰਣਿ ਸਬਾਈ, ਊਪਰਿ ਗਗਨੁ ਚੰਦੋਆ.....।(ਰਾਮਕਲੀ ਮ:5, ਗ੍ਰੰ, ਪੰ:884-85)

381. ਜਿਉ ਨਦੂਆ ਤੰਤੁ ਵਜਾਏ ਤੰਤੀ, ਤਿਉ ਵਾਜਹਿ ਜੰਤ ਜਨਾ।
(ਬਿਲਾਵਲ ਮ:4, ਗ੍ਰੰ, ਪੰ: 798-99)

382. ਕਾਠ ਕੀ ਪੁਤਰੀ ਕਹਾ ਕਰੈ ਬਪੁਰੀ, ਖਿਲਾਵਨਹਾਰੋ ਜਾਨੈ।
ਜੈਸਾ ਭੇਖੁ ਕਰਾਵੈ ਬਾਜੀਗਰੁ, ਓਹੁ ਤੈਸੋ ਹੀ ਸਾਜੁ ਆਨੈ। (ਗਉੜੀ ਮ: 5, ਗ੍ਰੰ, ਪੰ: 206)

383. ਭਲੋ ਭਲੋ ਰੇ ਕੀਰਤਨੀਆ।
ਰਾਮ ਰਮਾ ਰਾਮਾ ਗੁਨ ਗਾਉ। ਛੋਡਿ ਮਾਇਆ ਕੇ ਧੰਧ ਸੁਆਉ।1।ਰਹਾਉ।
ਪੰਚ ਬਜਿਤ੍ਰ ਕਰੇ ਸੰਤੋਖਾ, ਸਾਤ ਸੁਰਾ ਲੈ ਚਾਲੈ।
............ਫੇਰੀ ਫੇਰੁ ਨ ਹੋਵੈ ਕਬਹੂ, ਏਕੁ ਸਬਦੁ ਬੰਧਿ ਪਾਲੈ।
.............ਘੂੰਘਰ ਖੜਕੁ ਤਿਆਗਿ ਵਿਸੂਰੇ।
ਸਾਧ ਸੰਗਤਿ ਕੀ ਜਾਵਉ ਟੇਕ। ਕਹੁ ਨਾਨਕ ਤਿਸੁ ਕੀਰਤਨੁ ਏਕ। (ਰਾਮਕਲੀ ਮ:5, ਗ੍ਰੰ, ਪੰ:885)

ਜਿਨ੍ਹਾਂ ਦੇ ਸਾਂਗ ਉਤਾਰੇ ਜਾਂਦੇ ਹਨ। ਰਾਜਾ, ਰਾਣੀ ਤੇ ਚੋਰ ਆਦਿ ਜਿਨ੍ਹਾਂ ਨਾਟ-ਪਾਤਰਾਂ ਨੇ ਗਹਿਣੇ ਪਹਿਣੇ ਹੋਏ ਹਨ। ਸਾਰੀ ਰਾਤ ਦੀਆਂ ਖੇਡਾਂ ਨਾਟਕ ਕਰਨ ਦਾ ਸਾਮਾਨ ਹੈ ਅਤੇ ਸੰਸਾਰ ਦੇ ਸਾਰੇ ਝਮੇਲੇ ਸਾਰੇ ਪਾਤਰਾਂ ਦਾ ਪ੍ਰਸਪਰ ਵਰਤੋਂ ਵਿਹਾਰ ਹੈ। ਇਸ ਪ੍ਰਕਾਰ ਪ੍ਰਭੂ ਦੀ ਅਦੁੱਤੀ ਨਾਟ-ਰਚਨਾ ਦੇ ਟਾਕਰੇ ਉਤੇ ਰਾਸ ਕ੍ਰਿਸ਼ਨ ਦੀਆਂ ਰਾਸਾਂ ਨੂੰ ਤੁਛ ਜਾਣ ਕੇ ਇਨ੍ਹਾਂ ਦਾ ਗੁਰੂ ਜੀ ਨੇ ਖੰਡਨ ਕੀਤਾ, ਕਿਉਂਕਿ ਇਨ੍ਹਾਂ ਦਾ ਉਦੇਸ਼ ਕੇਵਲ ਰੋਟੀਆਂ ਕਾਰਣ ਤਾਲ ਪੂਰਨਾ ਹੀ ਸੀ।[384]

<u>ਮੇਲੇ ਤੇ ਤਿਉਹਾਰ</u> :

ਮੇਲੇ ਤੇ ਤਿਉਹਾਰ ਕਿਸੇ ਵੀ ਸਭਿਆਚਾਰ ਤੇ ਸੰਸਕ੍ਰਿਤੀ ਦੇ ਸਜੀਵ ਚਿੰਨ੍ਹ ਹੁੰਦੇ ਹਨ। ਆਮ ਤੌਰ ਤੇ ਮੌਸਮਾਂ ਦੀ ਤਬਦੀਲੀ ਵੇਲੇ ਇਹ ਮੇਲੇ ਤੇ ਤਿਉਹਾਰ ਮਨਾਏ ਜਾਂਦੇ ਹਨ ਜਦੋਂ ਕਿਸਾਨਾਂ ਨੂੰ ਵਿਹਲ ਹੋਵੇ। ਕੁਝ ਤਿਉਹਾਰਾਂ ਪਿਛੇ ਧਾਰਮਿਕ ਭਾਵਨਾਵਾਂ ਕੰਮ ਕਰ ਰਹੀਆਂ ਹਨ, ਪਰੰਤੂ ਬਹੁਤੇ ਲੋਕਾਂ ਲਈ ਸਮਾਜਕ ਮੌਜ ਮੇਲੇ ਦਾ ਵਧੀਆ ਸਾਧਨ ਹੁੰਦੇ ਹਨ।

ਮੱਧਕਾਲ ਦੇ ਦੌਰਾਨ ਭਾਰਤ ਵਿਚ ਤੇ ਵਿਸ਼ੇਸ਼ ਤੌਰ ਤੇ ਪੰਜਾਬ ਵਿਚ ਬਹੁਤ ਸਾਰੇ ਤਿਉਹਾਰ ਤੇ ਮੇਲੇ ਮਨਾਏ ਜਾਂਦੇ ਸਨ। ਇਨ੍ਹਾਂ ਵਿਚ ਹਿੰਦੂ ਲੋਕ ਬਸੰਤ, ਸ਼ਿਵਰਾਤਰੀ, ਦੁਸਹਿਰਾ, ਦੀਵਾਲੀ, ਰਖੜੀ, ਵੈਸਾਖੀ, ਰਾਮਨੌਮੀ, ਜਨਮ ਅਸ਼ਟਮੀ, ਤੇ ਕ੍ਰਿਸ਼ਨ ਲੀਲਾ, ਲੋਹੜੀ ਆਦਿ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਉਂਦੇ ਸਨ।[385] ਪੁਰੀ ਵਿਚ ਜਗਨਨਾਥ ਦੀ ਮੂਰਤੀ ਦਾ ਜਲੂਸ ਵੀ ਕਢਿਆ ਜਾਂਦਾ ਸੀ।

ਮੇਲੇ ਤੀਰਥ ਸਥਾਨਾਂ ਤੇ ਲਗਦੇ ਸਨ। ਆਮ ਤੌਰ ਤੇ ਬਹੁਤ ਤੀਰਥ ਸਥਾਨ ਗੰਗਾ ਨਦੀ ਦੇ ਕਿਨਾਰੇ ਤੇ ਸਥਿਤ ਸਨ। ਆਵਾਜਾਈ ਦੇ ਵਧੀਆ ਸਾਧਨ ਨਾ ਹੋਣ ਕਰਕੇ ਇਕੱਠੇ ਹੋ ਕੇ ਯਾਤਰਾ ਕਰਨ ਲਈ ਜਾਣ ਨਾਲ ਇਕ ਰੁਮਾਂਚਿਕ ਜਿਹਾ ਸਮਾਂ ਬੱਝ ਜਾਂਦਾ ਸੀ।[386]

ਹਿੰਦੂਆਂ ਵਾਂਗ ਮੁਸਲਮਾਨਾਂ ਦੇ ਆਪਣੇ ਵਿਸ਼ੇਸ਼ ਤਿਉਹਾਰ ਸਨ—ਈਦ-ਉਲ-ਫਿਤਰ, ਈਦ-ਉਲ-ਜੁਹਾ, ਮੁਹੱਰਮ, ਸ਼ਬੇ-ਬਰਾਤ, ਪੈਗੰਬਰ ਦਾ ਉਰਸ(ਬਰਸੀ) ਅਤੇ ਨੌਰੋਜ਼ ਆਦਿ।[387]

ਇਨ੍ਹਾਂ ਤੋਂ ਇਲਾਵਾ ਮੁਸਲਮਾਨ ਪ੍ਰਸਿੱਧ ਪੀਰਾਂ, ਫਕੀਰਾਂ ਤੇ ਮਜ਼ਾਰਾਂ ਦੀ ਜ਼ਿਆਰਤ ਕਰਦੇ ਸਨ। ਸਿੰਧ ਵਿਚ ਬਾਰਾਂ ਸਥਾਨ ਮੰਨੀਦੇ ਸਨ ਜਿਥੇ ਹਰ ਸੋਮਵਾਰ ਮੇਲੇ ਲਗਦੇ ਸਨ।[388]

---

384. ਘੜੀਆਂ ਸਭੇ ਗੋਪੀਆਂ, ਪਹਰ ਕੰਨ੍ਹ ਗੋਪਾਲ।
ਗਹਣੇ ਪਉਣੁ ਪਾਣੀ ਬੈਸੰਤਰੁ, ਚੰਦੁ ਸੂਰਜ ਅਵਤਾਰ।
ਸਗਲੀ ਧਰਤੀ ਮਾਲੁ ਧਨੁ। ਵਰਤਣਿ ਸਰਬ ਜੰਜਾਲ।
.....ਵਾਇਨਿ ਚੇਲੇ ਨਚਨਿ ਗੁਰ। ਪੈਰ ਹਲਾਇਨਿ ਫੇਰਨਿ ਸਿਰ।
.....ਉਡਿ ਉਡਿ ਰਾਵਾ ਝਾਟੈ ਪਾਇ। ਵੇਖੈ ਲੋਕੁ ਹਸੈ ਘਰਿ ਜਾਇ।
ਰੋਟੀਆ ਕਾਰਣਿ ਪੂਰਹਿ ਤਾਲ। ਆਪੁ ਪਛਾੜਹਿ ਧਰਤੀ ਨਾਲਿ।
ਗਾਵਨਿ ਗੋਪੀਆ ਗਾਵਨਿ ਕਾਨ੍ਹ। ਗਾਵਨਿ ਸੀਤਾ ਰਾਜੇ ਰਾਮ
(ਵਾਰ ਆਸਾ ਮ: 1, ਪਉੜੀ 5 ਦਾ ਸਲੋਕ, ਉਹੀ, ਪੰ: 465)

385. ਵਿਸਥਾਰ ਲਈ ਵੇਖੋ:
i) Life & conditions of the people of Hindustan, P-237, K.M. Ashraf
ii) Punjab under the great Mughals, P-144, Dr. B.S. Nijjar.

386. Life & conditions of the people of Hindustan, P-240, K.M. Ashraf

contd...)

ਪੇਂਡੂ ਖੇਤਰਾਂ ਵਿਚ ਇਹ ਸਾਰੇ ਤਿਉਹਾਰ ਤੇ ਮੇਲੇ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ ਸਨ। ਭੁੱਖੇ ਫਕੀਰਾਂ ਨੂੰ ਦਾਨ ਦਿੱਤਾ ਜਾਂਦਾ ਸੀ ਅਤੇ ਦੁਰਾਡੇ ਸਥਾਨਾਂ ਤੋਂ ਆਏ ਲੋਕਾਂ ਲਈ ਲੰਗਰ ਲਾਏ ਜਾਂਦੇ ਸਨ। ਇਸ ਅਭਿਆਸ ਨੇ ਮੁਸਲਿਮ ਤੇ ਹਿੰਦੂ ਪੀਰਾਂ ਤੇ ਸੰਤਾਂ ਦੇ ਮਜ਼ਾਰਾਂ ਅਤੇ ਸਮਾਧਾਂ ਤੇ ਚੜ੍ਹਾਵੇ ਚੜ੍ਹਾਉਣ ਦਾ ਰਿਵਾਜ ਵਿਕਸਤ ਹੋਇਆ।[389]

ਆਮ ਤੌਰ ਤੇ ਮੇਲਿਆਂ ਤੇ ਤਿਉਹਾਰਾਂ ਸਮੇਂ ਮਠਿਆਈ, ਬੱਚਿਆਂ ਦੇ ਖਿਡਾਉਣਿਆਂ, ਫਲ ਤੇ ਖਾਣ ਵਸਤਾਂ ਦੀਆਂ ਦੁਕਾਨਾਂ ਲਾਈਆਂ ਜਾਂਦੀਆਂ ਸਨ। ਕੁੱਕੜ ਲੜਾਉਣ ਦਾ ਆਮ ਰਿਵਾਜ ਸੀ। ਜਾਦੂਗਰ, ਸਪੇਰੇ ਤੇ ਮਦਾਰੀ ਆਪਣੇ ਕਰਤੱਬ ਵਿਖਾਂਦੇ ਸਨ। ਸੰਗੀਤਕਾਰ ਦਰਸ਼ਕਾਂ ਨੂੰ ਕਈ ਪ੍ਰਕਾਰ ਦੇ ਸੰਗੀਤ ਦੀਆਂ ਧੁਨੀਆਂ ਨਾਲ ਖੁਸ਼ ਕਰਦੇ ਸਨ।

ਹਿੰਦੂ ਤਿਉਹਾਰਾਂ ਜਾਂ ਮੇਲਿਆਂ ਦੁਆਰਾ ਜਿਥੇ ਲੋਕਾਂ ਦੀ ਧਾਰਮਿਕ ਤ੍ਰਿਪਤੀ ਹੁੰਦੀ ਸੀ, ਉਥੇ ਵੱਖ ਵੱਖ ਧਰਮਾਂ ਦੇ ਲੋਕਾਂ ਵਿਚ ਮੇਲ ਮਿਲਾਪ ਵਧਿਆ ਅਤੇ ਪਰਸਪਰ ਸਾਂਸਕ੍ਰਿਤਕ ਕੀਮਤਾਂ ਦਾ ਆਦਾਨ ਪ੍ਰਦਾਨ ਹੋਇਆ। ਮਜ਼੍ਹਬੀ ਵਿਰੋਧ ਅਤੇ ਸਮਾਜਕ ਮਤਭੇਦ ਕਿਸੇ ਹਦ ਤਕ ਘਟ ਗਏ। ਨਾਲ ਨਾਲ ਇਨ੍ਹਾਂ ਧਾਰਮਿਕ ਕੇਂਦਰਾਂ ਤੇ ਵਪਾਰੀਆਂ ਨੇ ਆਪਣੇ ਉਦਯੋਗ ਸਥਾਪਿਤ ਕਰ ਲਏ। ਅਨਾਜ ਤੇ ਪਸ਼ੂ ਮੰਡੀਆਂ ਵੀ ਹੋਂਦ ਵਿਚ ਆਈਆਂ। ਇਸ ਮਜ਼੍ਹਬੀ ਜੋਸ਼ ਦੀ ਆਰਥਿਕਤਾ ਤੇ ਵੀ ਚੰਗਾ ਪ੍ਰਭਾਵ ਪਿਆ।

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਇਸ ਬਾਰੇ ਉਪਲੱਬਧ ਵਰਣਨ ਅਧਿਆਤਮਕ ਰੰਗਣ ਵਿਚ ਰੰਗਿਆ ਹੋਇਆ ਹੈ। ਮਾਘ ਦੀ ਸੰਗਰਾਂਦ ਦੇ ਇਸ਼ਨਾਨ ਦਾ ਭਾਰਤੀ ਪਰੰਪਰਾ ਅਨੁਸਾਰ ਬਹੁਤ ਮਹੱਤਵ ਹੈ, ਪਰੰਤੂ ਗੁਰੂ ਜੀ ਅਨੁਸਾਰ ਮਾਘ ਤਾਂ ਹੀ ਪਵਿੱਤਰ ਹੈ ਜੇ ਮਨੁੱਖ ਆਪਣੇ ਅੰਤਰ ਆਤਮਾ ਨੂੰ ਹੀ ਤੀਰਥ ਸਮਝ ਕੇ ਹਰੀ ਦਾ ਨਾਮ ਜਪੇ, ਇਹੋ ਮਹਾਰਸ ਗੁਰੂ ਅਨੁਸਾਰ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।[390] ਜਾਂ ਸੰਤਾਂ ਦੀ ਸੰਗਤ ਹੀ ਇਸ਼ਨਾਨ ਕਰਨ ਤੁੱਲ ਹੈ ਅਤੇ ਜੀਵਾਂ ਤੇ ਦਇਆ ਕਰਨੀ ਮਾਨੋ ਅਠਾਹਠ ਤੀਰਥਾਂ ਦੇ ਇਸ਼ਨਾਨ ਕਰਨ ਦੇ ਬਰਾਬਰ ਹੈ।[391]

---

387. Medieval Indian Culture, P- 30, A.L. Srivastva.
388. Life & Conditions of the People of Hindustan, P.241, K.M. Ashraf.
389. The Religious Policy of the Mughal Emperors, P-81-82, S.R. Sharma.
390. ਮਾਘਿ ਪੁਨੀਤ ਭਈ, ਤੀਰਥੁ ਅੰਤਰਿ ਜਾਨਿਆ।
........ਨਾਨਕ ਮਾਘਿ ਮਹਾਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ।
(ਤੁਖਾਰੀ ਛੰਤ ਮ:1, ਬਾਰਹਮਾਹਾ, ਸ਼ਬਦਾਰਥ, ਪੰ: 1109)
391. ਮਾਘਿ ਮਜਨੁ ਸੰਗਿ ਸਾਧੂਆ, ਧੂੜੀ ਕਰਿ ਇਸਨਾਨੁ।
...........ਅਠਸਠਿ ਤੀਰਥ ਸਗਲ ਪੁੰਨ, ਜੀਅ ਦਇਆ ਪਰਵਾਨੁ।
(ਬਾਰਹਮਾਹਾ ਮਾਝ ਮ: 5, ਉਹੀ, ਪੰ: 135-36)

ਬਸੰਤ ਦੀ ਰੁੱਤ ਵਿਚ ਤਿਓਹਾਰਾਂ ਤੇ ਮੇਲੇ ਲਗਦੇ ਸਨ, ਵਿਸ਼ੇਸ਼ ਤੌਰ ਤੇ ਬਸੰਤ ਪੰਚਮੀ ਦਾ ਤਿਉਹਾਰ ਤਾਂ ਲਗਪੱਗ ਸਾਰੇ ਭਾਰਤ ਵਿਚ ਹੀ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਪਰੰਤੂ ਗੁਰੂ ਸਾਹਿਬ ਅਨੁਸਾਰ ਬਸੰਤ ਤਾਂ ਉਨ੍ਹਾਂ ਲਈ ਚੜ੍ਹਿਆ ਹੈ ਜਿਨ੍ਹਾਂ ਦੇ ਪਤੀ ਘਰ ਹਨ; ਜਿਨ੍ਹਾਂ ਦੇ ਪਤੀ ਪਰਦੇਸ ਗਏ ਹਨ, ਉਹ ਦਿਨ ਰਾਤ ਵਿਜੋਗ ਵਿਚ ਕੁੜ੍ਹਦੀਆਂ ਹਨ।[392] [redacted] ਬਸੰਤ ਦਾ ਅਨੰਦ ਉਹ ਗੁਰਮੁਖ ਮਾਣਦੇ ਹਨ, ਜਿਨ੍ਹਾਂ ਦੇ ਮਨ ਵਿਚ ਪ੍ਰਭੂ ਵਸ ਜਾਂਦਾ ਹੈ।[393] ਬਸੰਤ ਵਿਚ ਬਨਸਪਤੀ ਦੇ ਮਉਲਣ ਵਾਂਗ ਮਨੁੱਖੀ ਮਨ ਸ਼ਬਦ ਅਤੇ ਸਤਿਗੁਰੂ ਦੀ ਸੰਗਤ ਵਿਚ ਮਉਲਦਾ ਹੈ।[394] ਜਿਨ੍ਹਾਂ ਦੇ ਘਰ ਹਰਿ ਕੀਰਤਨ ਦੀਆਂ ਧੁਨੀਆਂ ਉਠਦੀਆਂ ਹਨ, ਜਾਂ ਗੁਰ ਸ਼ਬਦ ਦੀ ਵੀਚਾਰ ਹੁੰਦੀ ਹੈ, ਹਰਿ ਦਾ ਨਾਮ ਹਿਰਦੇ ਵਿਚ ਟਿਕ ਗਿਆ ਹੈ, ਉਥੇ ਸਦਾ ਹੀ ਬਸੰਤ ਹੈ।[395]

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਗੁਰੂ-ਕਵੀਆਂ ਨੇ ਪਰੰਪਰਾਗਤ ਹੋਲੀ ਦੀ ਥਾਂ ਅਧਿਆਤਮਕ ਮੰਡਲਾਂ ਦੀ ਹੋਲੀ ਖੇਡਣ ਲਈ ਲੋਕਾਂ ਨੂੰ ਪ੍ਰੇਰਣਾ ਦਿੱਤੀ ਹੈ।[396]

ਧਰਮ ਦਾ ਪ੍ਰਚਾਰ ਕਰਨ ਲਈ ਜਦੋਂ ਵੀ ਗੁਰੂ ਸਾਹਿਬਾਨ ਨੇ ਨਗਰ ਵਸਾਏ ਜਾਂ ਨਗਰਾਂ ਦੀ ਸਥਾਪਨਾ ਕੀਤੀ, ਉਥੇ ਵਖ ਵਖ ਸਮਿਆਂ ਦੇ ਉਤਸਵ ਤੇ ਮੇਲੇ ਮਨਾਏ ਜਾਣ ਲਗੇ। ਗੋਇੰਦਵਾਲ ਵਿਚ ਗੁਰੂ ਜੀ ਨੇ ਬਾਉਲੀ ਦਾ ਨਿਰਮਾਣ ਕਰਕੇ ਇਸ ਨੂੰ ਸਿੱਖਾਂ ਦਾ ਪਹਿਲਾ ਤੀਰਥ ਸਥਾਨ ਘੋਸ਼ਿਤ ਕੀਤਾ ਤੇ ਉਨ੍ਹਾਂ ਨੂੰ ਹਿੰਦੂਆਂ ਦੇ ਗੰਗਾ ਆਦਿ ਤੀਰਥ ਸਥਾਨਾਂ ਤੇ ਜਾਣੋ ਵਰਜ ਦਿੱਤਾ।[397]

---

392. ਨਾਨਕ ਤਿਨਾ ਬਸੰਤੁ ਹੈ, ਜਿਨਿ ਘਰਿ ਵਸਿਆ ਕੰਤੁ।
ਜਿਨ ਕੇ ਕੰਤ ਦਿਸਾਪੁਰੀ, ਸੇ ਅਹਿਨਿਸਿ ਫਿਰਹਿ ਜਲੰਤ।'
(ਵਾਰ ਸੂਹੀ ਮ: 3, ਪਉੜੀ 18 ਦਾ ਸਲੋਕ, ਉਹੀ, ਪੰ: 791)

393. ਨਾਨਕ ਤਿਨਾ ਬਸੰਤੁ ਹੈ, ਜਿਨਾ ਗੁਰਮੁਖਿ ਵਸਿਆ ਮਨਿ ਸੋਇ।
(ਸਲੋਕ ਵਾਰਾਂ ਤੇ ਵਧੀਕ ਮ:3, ਉਹੀ, ਪੰ:1420)

394. ੳ) ਬਨਸਪਤਿ ਮਉਲੀ ਚੜਿਆ ਬਸੰਤੁ। ਇਹੁ ਮਨੁ ਮਉਲਿਆ ਸਤਿਗੁਰੂ ਸੰਗਿ।
(ਬਸੰਤ ਮ:3, ਉਹੀ, ਪੰ: 1176)
ਅ) 'ਸਚਦੇ ਸਦਾ ਬਸੰਤ ਹੈ, ਜਿਤੁ ਤਨੁ ਮਨੁ ਹਰਿਆ ਹੋਇ।'60।
(ਸਲੋਕ ਵਾਰਾਂ ਤੇ ਵਧੀਕ ਮ:3, ਉਹੀ, ਪੰ: 1420)
ੲ) ਬਸੰਤੁ ਚੜਿਆ ਫੂਲੀ ਬਨਰਾਇ। ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ।
(ਬਸੰਤ ਮ: 3, ਉਹੀ, ਪੰ: 1177)

395. ੳ) ਗ੍ਰਿਹ ਤਾ ਕੇ ਬਸੰਤ ਗਨੀ। ਜਾ ਕੈ ਕੀਰਤਨੁ ਹਰਿ ਧੁਨੀ। (ਬਸੰਤ ਮ:5, ਉਹੀ, ਪੰ: 1180)
ਅ) ਸਦਾ ਬਸੰਤੁ ਗੁਰ ਸਬਦੁ ਵੀਚਾਰੇ। (ਬਸੰਤ ਮ: 3, ਉਹੀ, ਪੰ: 1176)
ੲ) ਤਿਨ ਬਸੰਤੁ ਜੋ ਹਰਿ ਗੁਣ ਗਾਇ। (ਬਸੰਤ ਮ:3, ਉਹੀ, ਪੰ: 1176)
ਸ) ਤਿਸੁ ਸਦ ਬਸੰਤ ਜਿਸੁ ਰਿਦੈ ਨਾਮੁ। (ਬਸੰਤ ਮ:5, ਉਹੀ, ਪੰ: 1180)
ਹ) 'ਮਾਹਾ ਮਾਹ ਮੁਮਾਰਖੀ, ਚੜਿਆ ਸਦਾ ਬਸੰਤੁ।
ਪਰਫੜੁ ਚਿਤ ਸਮਾਲਿ ਸੋਇ, ਸਦਾ ਸਦਾ ਗੋਬਿੰਦੁ।' (ਰਾਗ ਬਸੰਤ ਮ:1, ਉਹੀ, ਪੰ: 1168)

396. ਗੁਰ ਸੇਵਉ ਕਰਿ ਨਮਸਕਾਰ। ਆਜ ਹਮਾਰੈ ਮੰਗਲਚਾਰ।
ਆਜ ਹਮਾਰੈ ਬਨੇ ਫਾਗ। ਸਭ ਸੰਗੀ ਮਿਲਿ ਖੇਲਨ ਲਾਗ।
ਹੋਲੀ ਕੀਨੀ ਸੰਤ ਸੇਵ। ਰੰਗੁ ਲਾਗਾ ਅਤਿ ਲਾਲ ਦੇਵ। (ਬਸੰਤ ਮ: 5, ਉਹੀ, ਪੰ: 1180)

(ਬਾਕੀ ਅਗਲੇ ਪੰਨੇ ਤੇ....)

ਇਸ ਪ੍ਰਕਾਰ ਉਨ੍ਹਾਂ ਨੇ ਸਿਖ ਭਾਈਚਾਰੇ ਦੇ ਸੰਗਠਨ ਨੂੰ ਮਜ਼ਬੂਤ ਬਣਾਨ ਲਈ ਵੈਸਾਖੀ, ਮਾਘੀ ਤੇ ਦੀਵਾਲੀ ਵਾਲੇ ਦਿਨ ਵਡੀ ਗਿਣਤੀ ਵਿਚ ਇਕੱਠੇ ਹੋਣ ਲਈ ਕਿਹਾ।[398]

ਪਰੰਤੂ ਆਦਿ ਗ੍ਰੰਥ ਦੇ ਗੁਰੂ-ਕਾਲ ਵਿਚ ਗੁਰੂ ਰਾਮਦਾਸ ਦੁਆਰਾ ਨਿਰਮਿਤ ਅੰਮ੍ਰਿਤਸਰ ਦੇ ਪਵਿਤਰ ਸਰੋਵਰ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਨਿਰਮਿਤ ਹਰਿਮੰਦਰ ਦਾ ਵਰਣਨ ਉਪਲੱਬਧ ਹੈ।[399] ਪਵਿੱਤਰ ਸਰੋਵਰ ਅਤੇ ਹਰਿਮੰਦਰ ਦੇ ਕਾਰਣ ਇਹ ਨਗਰ ਮੁਸਲਮਾਨਾਂ ਦੇ ਮੱਕੇ ਵਾਂਗ ਸਿੱਖਾਂ ਦਾ ਕੇਂਦਰੀ ਸਥਾਨ ਬਣ ਗਿਆ, ਜਿਥੇ ਹਜ਼ਾਰਾਂ ਲੋਕ ਹਰ ਰੋਜ਼ ਦਰਸ਼ਨ ਕਰਕੇ ਆਪਣੇ ਮਨ ਦੀ ਤਪਤ ਬੁਝਾਉਣ ਲੱਗੇ।

<u>ਵਿਦਿਆ</u> :

ਲੋਕਾਂ ਦੀ ਸਭਿਅਤਾ ਅਤੇ ਸੰਸਕ੍ਰਿਤੀ ਉਨ੍ਹਾਂ ਦੀ ਵਿਦਿਆ-ਪ੍ਰਣਾਲੀ ਤੇ ਆਧਾਰਿਤ ਹੁੰਦੀ ਹੈ। ਮਧਕਾਲੀਨ ਵਿਦਿਆ ਪ੍ਰਣਾਲੀ ਮਜ਼੍ਹਬੀ ਪਖਪਾਤ ਤੇ ਆਧਾਰਿਤ ਸੀ। ਜਿਨ੍ਹਾਂ ਵਿਸ਼ਿਆਂ ਤੇ ਲੋਕਾਂ ਦੀ ਆਰਥਿਕ, ਸਮਾਜਕ ਤੇ ਰਾਜਨੀਤਕ ਭਲਾਈ ਆਧਾਰਿਤ ਹੁੰਦੀ ਹੈ, ਉਨ੍ਹਾਂ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਗਿਆ। ਉੱਚ ਵਿਦਿਆ ਲਈ ਅਧਿਆਪਕ ਵੀ ਫਾਰਸ, ਅਰਬ ਜਾਂ ਮਧ ਏਸ਼ੀਆ ਦੇ ਸਨ।[400]

ਤਿੰਨ ਪ੍ਰਕਾਰ ਦੀਆਂ ਵਿਦਿਅਕ ਸੰਸਥਾਵਾਂ ਸਨ। ਮਕਤਬ (ਪ੍ਰਾਇਮਰੀ ਸਕੂਲ) ਵਿਚ ਅਰਬੀ ਤੇ ਫਾਰਸੀ ਪੜ੍ਹਨੀ ਤੇ ਲਿਖਣੀ ਸਿਖਾਈ ਜਾਂਦੀ ਸੀ। ਕੁਰਾਨ ਸ਼ਰੀਫ਼ ਜ਼ਬਾਨੀ ਰਟਾਇਆ ਜਾਂਦਾ ਸੀ। ਖਾਨਗਾਹਾਂ ਦੇ ਸਕੂਲਾਂ ਵਿਚ ਦਰਸ਼ਨ ਤੇ ਜੀਵਨ ਜਾਚ ਦੀ ਸਿਖਿਆ ਦਿੱਤੀ ਜਾਂਦੀ ਸੀ। ਮਦਰਸੇ (ਉੱਚ ਵਿਦਿਆ ਲਈ ਸਕੂਲ) ਆਮ ਤੌਰ ਤੇ ਮਸਜਿਦਾਂ ਵਿਚ ਹੁੰਦੇ ਸਨ।[401]

ਮਧਕਾਲ ਵਿਚ ਸਰਕਾਰੀ ਵਿਦਿਅਕ ਵਿਭਾਗ ਨਹੀਂ ਸੀ ਹੁੰਦਾ। ਫਿਰ ਵੀ ਇਨ੍ਹਾਂ ਵਿਦਿਅਕ ਅਦਾਰਿਆਂ ਨੂੰ ਸਰਕਾਰੀ ਸਹਾਇਤਾ ਦਿੱਤੀ ਜਾਂਦੀ ਸੀ। ਅਕਬਰ ਦੇ ਸਮੇਂ 'ਸਦਰ' ਵਿਦਿਅਕ ਮੁਆਮਲਿਆਂ ਦਾ ਇੰਚਾਰਜ ਹੁੰਦਾ ਸੀ। ਉਸ ਨੂੰ ਸ਼ੇਖ-ਉਲ-ਇਸਲਾਮ ਕਹਿੰਦੇ ਸਨ। ਉਹ ਹੀ ਉਨ੍ਹਾਂ ਵਿਸ਼ਿਆਂ ਦੀ ਮਨਾਹੀ ਕਰ ਦਿੰਦਾ ਸੀ ਜਿਨ੍ਹਾਂ ਨਾਲ ਇਸਲਾਮ ਦੇ ਧਾਰਮਿਕ ਵਿਚਾਰਾਂ ਨੂੰ ਸੱਟ ਲਗਦੀ ਹੋਵੇ।[402]

397.
398. Advanced History of the Punjab, P-133-34, Dr. G.S. Chhabra.
399. ੳ) ਸੰਤਹੁ ਰਾਮ ਦਾਸ ਸਰੋਵਰੁ ਨੀਕਾ॥
ਜੋ ਨਾਵੈ ਸੋ ਕੁਲੁ ਤਰਾਵੈ, ਉਧਾਰੁ ਹੋਆ ਹੈ ਜੀਅ ਕਾ॥ (ਸੋਰਠਿ ਮ:5, ਉਹੀ, ਪੰ: 623)
ਅ) ਰਾਮਦਾਸਿ ਸਰੋਵਰਿ ਨਾਤੇ। ਸਭ ਲਾਥੇ ਪਾਪ ਕਮਾਤੇ। (ਸੋਰਠਿ ਮ:5, ਉਹੀ, ਪੰ: 624)
ੲ) ਰਾਮ ਦਾਸ ਸਰੋਵਰ ਨਾਤੇ। ਸਭਿ ਉਤਰੇ ਪਾਪ ਕਮਾਤੇ। (ਸੋਰਠਿ ਮ:5, ਉਹੀ, ਪੰ: 625)
ਸ) ਹਰਿ ਜਪੇ ਹਰਿਮੰਦਰ ਸਾਜਿਆ, ਸੰਤ ਭਗਤ ਗੁਣ ਗਾਵਹਿ ਰਾਮ।
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ।
(ਸੂਹੀ ਮ: 5, ਉਹੀ, ਪੰ: 781)
400.
401. Medieval Indian Culture, P-97, A.L. Srivastva.
402. ਉਹੀ, ਪੰ: 98-99.

ਹਿੰਦੂਆਂ ਦੇ ਸਕੂਲਾਂ ਮੰਦਰਾਂ ਵਿਚ ਹੀ ਹੁੰਦੇ ਸਨ ਜਿਥੇ ਵੇਦ, ਉਪਨਿਸ਼ਦ, ਮਹਾਂਕਾਵਿ, ਸ਼ਾਸਤਰਾਂ ਤੋਂ ਇਲਾਵਾ ਜੋਤਸ਼, ਵਿਆਕਰਨ ਤੇ ਸਾਹਿਤ ਦੀ ਸਿਖਿਆ ਦਾ ਪ੍ਰਬੰਧ ਸੀ। ਪਿੰਡਾਂ ਵਿਚ ਆਮ ਤੌਰ ਤੇ ਸਕੂਲ ਮਸੀਤਾਂ ਵਿਚ ਲਗਾਏ ਜਾਂਦੇ ਸਨ। ਹਿੰਦੂਆਂ ਦੇ ਅਜੇਹੇ ਸਕੂਲ ਪੰਜਾਬ ਵਿਚ ਘਟ ਹੀ ਸਨ। ਕਾਲਜਾਂ ਵਿਚ ਬ੍ਰਾਹਮਣ ਲੜਕੇ ਸੰਸਕ੍ਰਿਤ ਪੜ੍ਹਦੇ ਸਨ, ਹਿੰਦੂ ਦੁਕਾਨਦਾਰਾਂ ਦੇ ਲੜਕੇ ਮੁਨੀਮੀ ਅਥਵਾ ਮਹਾਜਨੀ ਲਿਪੀ ਪੜ੍ਹਨੀ ਤੇ ਲਿਖਣੀ ਸਿਖਦੇ ਸਨ।[403]

ਮੁਗਲਕਾਲੀਨ ਸ਼ਾਸਕਾਂ ਵਿਚੋਂ ਅਕਬਰ ਨੇ ਵਿਦਿਆ ਦੇ ਖੇਤਰ ਵਿਚ ਵਿਸ਼ੇਸ਼ ਦਿਲਚਸਪੀ ਲਈ। ਉਸ ਨੇ ਵਿਦਿਆ ਦੇ ਪਾਠ ਕ੍ਰਮ ਵਿਚ ਤਬਦੀਲੀਆਂ ਕੀਤੀਆਂ।[404] ਉਸ ਦੇ ਸ਼ਾਸਨ ਕਾਲ ਵਿਚ ਫਾਰਸੀ ਭਾਸ਼ਾ ਦਾ ਗਿਆਨ ਸਭ ਲਈ ਲਾਜ਼ਮੀ (compulsory) ਕਰ ਦਿੱਤਾ ਗਿਆ। ਹਿੰਦੂ ਤੇ ਮੁਸਲਿਮ ਇਕੋ ਹੀ ਸਕੂਲਾਂ ਤੇ ਕਾਲਜਾਂ ਵਿਚ ਵਿਦਿਆ ਪ੍ਰਾਪਤ ਕਰਨ ਲਗੇ।[405] ਲਾਹੌਰ ਵਿਚ ਅਮੀਰਾਂ, ਵਜ਼ੀਰਾਂ ਦੇ ਲੜਕਿਆਂ ਦੀ ਪੜ੍ਹਾਈ ਲਈ ਈਸਾਈ ਪਾਦਰੀਆਂ ਦੁਆਰਾ ਇਕ ਮਿਸ਼ਨ ਸਕੂਲ ਵੀ ਸਥਾਪਿਤ ਕੀਤਾ ਗਿਆ।[406] ਨੌਜਵਾਨਾਂ ਨੂੰ ਕਈ ਪ੍ਰਕਾਰ ਦੇ ਕੰਮ ਸਿਖਾਉਣ ਲਈ ਕਈ ਕਾਰਖਾਨੇ ਵੀ ਸਥਾਪਿਤ ਕੀਤੇ ਗਏ, ਜਿਥੇ ਉਨ੍ਹਾਂ ਨੂੰ ਤਕਨੀਕੀ ਤੇ ਕੰਮ ਦੀ ਸਿਖਿਆ ਦਿੱਤੀ ਜਾਂਦੀ ਸੀ।[407]

ਜਹਾਂਗੀਰ ਨੇ ਵੀ ਵਿਦਿਅਕ ਉਨੱਤੀ ਵਲ ਧਿਆਨ ਦਿੱਤਾ। ਉਹਦੇ ਰਾਜ ਵਿਚ ਕੋਈ ਸਰਦਾਰ (ਅਮੀਰ, ਵਜ਼ੀਰ) ਬਿਨਾ ਵਾਰਸ ਤੋਂ ਮਰ ਜਾਂਦਾ ਤਾਂ ਉਸ ਦੀ ਸਾਰੀ ਜਾਇਦਾਦ ਮਦਰੱਸਿਆਂ ਨੂੰ ਦੇ ਦਿੱਤੀ ਜਾਂਦੀ ਸੀ।[408]

ਔਰੰਗਜ਼ੇਬ ਨੇ ਵੀ ਕਈ ਮਦਰੱਸੇ ਖੁਲ੍ਹਵਾਏ, ਪਰੰਤੂ ਉਹ ਕੱਟੜ ਸੁੰਨੀ ਸੀ। ਇਸ ਲਈ ਕਿਸੇ ਵੀ ਮਦਰੱਸੇ ਵਿਚ ਇਸਲਾਮੀ ਦ੍ਰਿਸ਼ਟੀਕੋਣ ਦੇ ਉਲਟ ਪਾਠ ਕ੍ਰਮ ਲਾਗੂ ਕਰਨ ਦੀ ਆਗਿਆ ਨਹੀਂ ਸੀ।[409]

ਇਸ ਕਾਲ ਵਿਚ ਇਸਤਰੀ ਵਿਦਿਆ ਵਲ ਵੀ ਧਿਆਨ ਦਿੱਤਾ ਗਿਆ। ਪ੍ਰਾਇਮਰੀ ਵਿਦਿਆ ਤਾਂ ਉਹ ਲੜਕਿਆਂ ਨਾਲ ਹੀ ਪ੍ਰਾਪਤ ਕਰਦੀਆਂ ਸਨ। ਇਸ ਤੋਂ ਬਾਦ ਉਨ੍ਹਾਂ ਲਈ ਵਖਰੇ ਮਕਤਬ ਤੇ ਸਕੂਲ ਹੁੰਦੇ ਸਨ। ਉਚ ਸ਼੍ਰੇਣੀ ਦੀਆਂ ਲੜਕੀਆਂ ਨੂੰ ਘਰਾਂ ਵਿਚ ਹੀ ਇਸਤਰੀਆਂ ਜਾਂ ਅਧਿਆਪਕਾਂ ਪਾਸੋਂ ਪੜ੍ਹਾਇਆ ਜਾਂਦਾ ਸੀ।[410]

---

403. Punjab under the Sultans, P-169-70, Dr. D.S. Nijjar.
404. Glimpses of Medieval Indian Culture, P-64, Dr. Yusuf Hussain.
405. Punjab under the Great Mughals, P-109, Dr. B.S. Nijjar
406. ਉਹੀ, ਪੰ: 159.
407. Glimpses of Medieval Indian Culture, P-69, Yusuf Husain
408. ਉਹੀ, ਪੰ: 70-71.
409. ਉਹੀ, ਪੰ: 73-74.
410. Education in Muslim India, P-187-88, S.M. Jaffar.

ਮੋਟੇ ਤੌਰ ਤੇ ਇਸਲਾਮੀ ਵਿਦਿਆ ਦੇ ਦਿੱਲੀ, ਲਖਨਊ, ਸਿਆਲਕੋਟ ਮੁਖ ਕੇਂਦਰ ਸਨ।[411] ਹਿੰਦੂ ਵਿਦਿਆ ਲਈ ਬਨਾਰਸ, ਮਥਰਾ, ਪਰਯਾਗ, ਹਰਦਵਾਰ, ਉਜੈਨ ਤੇ ਅਯੋਧਿਆ ਪ੍ਰਸਿਧ ਕੇਂਦਰ ਸਨ। ਦਖਣ ਵਿਚ ਤੰਜੋਰ ਆਪਣੇ ਆਚਾਰੀਆਂ ਲਈ ਬੜਾ ਪ੍ਰਸਿਧ ਸੀ।[412]

ਮਧਕਾਲੀਨ ਭਾਰਤ ਵਿਚ ਵਿਦਿਆ ਰਚਨਾਤਮਕ ਨਹੀਂ ਸੀ। ਇਸ ਵਿਚ ਸਮੇਂ ਸਮੇਂ ਕੀਤੀਆਂ ਤਬਦੀਲੀਆਂ ਵੀ ਤਤਕਾਲੀਨ ਸਮਾਜ ਦੀਆਂ ਲੋੜਾਂ ਨੂੰ ਪੂਰਾ ਨਾ ਕਰ ਸਕੀਆਂ। ਇਸ ਵਿਚ ਮੁਖ ਤਰੁਟੀ ਇਹ ਸੀ ਕਿ ਵਿਦਿਆ ਪ੍ਰਾਪਤ ਕਰਨ ਵਾਲਿਆਂ ਨੂੰ ਅਮਲੀ ਸੋਚ ਵਿਚਾਰ ਲਈ ਆਦੀ ਨਹੀਂ ਬਣਾਉਂਦੀ ਸੀ। ਇਹ ਤਾਂ ਕੇਵਲ ਕਿਤਾਬੀ ਗਿਆਨ ਹੀ ਸੀ। ਉਹ ਨੈਤਿਕ ਤੇ ਅਧਿਆਤਮਕ ਵਿਕਾਸ ਲਈ ਬਲ ਪੈਦਾ ਨਹੀਂ ਕਰਦੀ ਸੀ।[413]

ਵਿਦਿਆ ਦੀ ਮਹੱਤਤਾ ਦਰਸਾਂਦਿਆਂ ਗੁਰੂ ਜੀ ਕਹਿੰਦੇ ਹਨ ਕਿ ਵਿਦਵਾਨਾਂ ਦੀ ਸੰਗਤ ਵਿਚ ਵਧ ਤੋਂ ਵਧ ਸਮਾਂ ਬਿਤਾ ਕੇ ਪਾਪ, ਪੁੰਨ ਦੀ ਵਿਚਾਰ ਕਰਕੇ ਕੂੜ ਦੀ ਰਾਸ ਨੂੰ ਘਟਾਉਣਾ ਚਾਹੀਦਾ ਹੈ।[414] ਉਸ ਪੜ੍ਹੇ ਲਿਖੇ ਨੂੰ ਮੂਰਖ ਕਿਹਾ ਜਾਂਦਾ ਹੈ ਜਿਸ ਨੇ ਲੋਭ, ਮੋਹ ਤੇ ਹੰਕਾਰ ਨਹੀਂ ਛੱਡਿਆ।[415] ਬਿਨਾ ਵਿਦਿਆ ਪ੍ਰਾਪਤ ਕੀਤੇ ਕੋਈ ਵਿਦਵਾਨ ਨਹੀਂ ਬਣ ਸਕਦਾ, ਭਾਵ ਜਨਮ ਜਾਤੀ ਤੋਂ ਪੰਡਤ ਜਾਂ ਗਿਆਨੀ ਮੰਨਣਾ ਭਰਮ ਹੈ।[416] ਜੋ ਆਖਦਾ ਹੈ ਮੈਂ ਸਭ ਕੁਝ ਜਾਣਦਾ ਹਾਂ, ਉਹ ਮੂਰਖ ਹੈ, ਕਿਉਂਕਿ ਵਿਦਿਆ ਦਾ ਅੰਤ ਨਹੀਂ।[417] ਗੁਰੂ ਜੀ ਨੇ ਵਿਦਿਆ ਦੀ ਵਿਚਾਰ ਕਰਕੇ ਪਰਉਪਕਾਰੀ ਬਣਨ ਤੇ ਜ਼ੋਰ ਦਿੱਤਾ ਹੈ।[418]

ਵਿਦਿਆ ਲਈ ਵਿਦਿਆ ਦਾਤੇ (ਅਧਿਆਪਕ/ਗੁਰੂ) ਦੀ ਲੋੜ ਹੁੰਦੀ ਹੈ। ਗੁਰੂ-ਵਾਕ ਅਨੁਸਾਰ ਵਿਦਿਆ ਦਾਤਾ ਸਤਿ-ਪੁਰਖ ਨੂੰ ਜਾਣਨ ਵਾਲਾ ਸਤਿਗੁਰੂ ਹੀ ਹੁੰਦਾ ਹੈ ਜਿਸ ਦੀ ਸੰਗਤ ਨਾਲ ਉਸ ਦੇ ਸ਼ਾਗਿਰਦਾਂ (ਸਿਖਾਂ) ਦਾ ਉਧਾਰ ਹੋ ਜਾਂਦਾ ਹੈ।[419] ਗੁਰੂ ਤੋਂ ਪਹਿਲਾਂ ਮਾਨਵ ਆਪਣੇ ਮਾਤਾ ਪਿਤਾ ਦੁਆਰਾ

---

411. Glimpses of Medieval Indian Culture, P-76, Yusuf Husain.
412- ਉਹੀ, ਪੰ: 81.
413. ਉਹੀ, ਪੰ: 81-82.
414. 'ਸਤੀ ਪਹਰੀ ਸਤੁ ਭਲਾ, ਬਹੀਐ ਪੜਿਆ ਪਾਸਿ।
ਓਥੈ ਪਾਪੁ ਪੁੰਨੁ ਬੀਚਾਰੀਐ, ਕੂੜੈ ਘਟੈ ਰਾਸਿ।'
(ਮ:2, ਵਾਰ ਮਾਝ ਮ:1, ਪਉੜੀ 18 ਦਾ ਸਲੋਕ, ਸ਼ਬਦਾਰਥ, ਪੰ: 146)
415. 'ਪੜਿਆ ਮੂਰਖੁ ਆਖੀਐ, ਜਿਸੁ ਲਬੁ ਲੋਭੁ ਅਹੰਕਾਰਾ।'
(ਮ:1, ਵਾਰ ਮਾਝ, ਪਉੜੀ 6, ਉਹੀ, ਪੰ: 140)
416. 'ਬਿਨੁ ਬਿਦਿਆ ਕਹਾ ਕੋਈ ਪੰਡਿਤੁ.........।' (ਭੈਰਉ ਮ:5, ਉਹੀ, ਪੰ: 1140)
417. 'ਸੋਈ ਅਜਾਣੁ ਕਹੈ ਮੈ ਜਾਨਾ, ਜਾਨਣਹਾਰੁ ਨ ਛਾਨਾ ਰੇ।' (ਆਸਾ ਮ:5, ਉਹੀ, ਪੰ:382)
418. 'ਵਿਦਿਆ ਵੀਚਾਰੀ ਤਾਂ ਪਰਉਪਕਾਰੀ।' (ਆਸਾ ਮ:1, ਉਹੀ, ਪੰ:356)
419. 'ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ।
ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਨ ਗਾਉ।'
(ਗਉੜੀ ਸੁਖਮਨੀ 5, ਅਸਟਪਦੀ 18 ਦਾ ਸਲੋਕ, ਉਹੀ, ਪੰ: 286)

ਵਿਦਿਆ ਪ੍ਰਾਪਤ ਕਰਦਾ ਹੈ। ਇਉਂ ਪ੍ਰਚਲਿਤ ਵਿਦਿਆ ਦਾਤਿਆਂ ਤੋਂ ਬਾਦ ਬਿਬੇਕ ਬੁਧੀ ਸਤਿਗੁਰੂ ਤੋਂ ਪ੍ਰਾਪਤ ਹੁੰਦੀ ਹੈ।[420] ਗੁਰੂ ਦੀ ਕ੍ਰਿਪਾ ਦੁਆਰਾ ਵਿਦਿਆ ਨੂੰ ਵੀਚਾਰਨ ਵਾਲਾ ਮਾਨ ਪ੍ਰਾਪਤ ਕਰਦਾ ਹੈ।[421]

ਗੁਰੂ ਅਨੁਸਾਰ ਵਿਦਿਆ ਦਾਨੀ ਦਾ ਰੋਲ ਆਦਰਸ਼ਵਾਦੀ ਹੋਣਾ ਚਾਹੀਦਾ ਹੈ ਪਰੰਤੂ ਜੋ ਗੁਰੂ ਬਣ ਕੇ ਵਿਦਿਆ ਵੇਚਦੇ ਹਨ, ਗੁਰੂ ਜੀ ਅਨੁਸਾਰ ਉਹ ਮਨਮੁਖ ਹਨ।[422] ਇਸ ਦੇ ਉਲਟ ਗੁਰੂ ਜੀ ਨੇ ਵਿਦਿਆ ਦਾਤਿਆਂ (ਪਾਂਧਿਆਂ) ਨੂੰ ਗੁਰਮੁਖ ਬਣ ਕੇ ਆਪਣੇ ਚੇਲਿਆਂ ਨੂੰ ਨਾਮ-ਸੰਗ੍ਰਹਿ ਕਰਨ ਲਈ ਸਿੱਖਿਆ ਦੇਣ ਦਾ ਸੁਝਾਅ ਦਿੱਤਾ।[423] ਰਸਮੀ ਵਿਚ ਭੁਲੇ ਹੋਏ ਅਧਕੁਤੀ ਪਾਂਧੇ ਨੂੰ ਗੁਰੂ ਜੀ ਨੇ ਸਖਤ ਤਾੜਨਾ ਕੀਤੀ ਜੋ ਆਪਣੇ ਚੇਲਿਆਂ ਨੂੰ ਮਾੜੇ ਪਾਸੇ ਲਾਉਂਦੇ ਸਨ।[424]

ਜਿਥੋਂ ਤਕ ਧਾਰਮਿਕ ਵਿਦਿਆ ਦਾ ਸੰਬੰਧ ਹੈ, ਗੁਰੂ ਜੀ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਾਰਮਿਕ ਗ੍ਰੰਥਾਂ ਦਾ ਖੰਡਨ ਕਰਦੇ ਹਨ, ਕਿਉਂਕਿ ਇਨ੍ਹਾਂ ਦੇ ਪਠਨ ਪਾਠਨ ਨਾਲ ਮੁਕਤੀ ਨਹੀਂ ਹੁੰਦੀ।[425] ਅਸਲ ਵਿਚ ਇਨ੍ਹਾਂ ਗ੍ਰੰਥਾਂ ਵਿਚਲੀ ਸਿੱਖਿਆ ਨਾਲ ਮਨੁਖ ਬੰਧਨਾਂ ਵਿਚ ਬਝਕੇ ਕੇਵਲ ਕਰਮ ਕਾਂਡੀ ਬਣਦਾ ਹੈ, ਹਉਮੈ ਪੈਦਾ ਹੁੰਦੀ ਹੈ ਅਤੇ ਸੱਚੇ ਗੁਰੂ ਤੋਂ ਬਿਨਾ ਮਨ ਦੇ ਸਹਸੇ ਦੂਰ ਨਹੀਂ ਹੋ ਸਕਦੇ।[426] ਇਸ ਤੋਂ ਭਾਵ ਇਹ ਨਹੀਂ ਕਿ ਇਨ੍ਹਾਂ ਗ੍ਰੰਥਾਂ ਦਾ ਅਧਿਐਨ x ਹੀ ਨਾ ਕੀਤਾ ਜਾਵੇ, ਬਲਕਿ ਇਨ੍ਹਾਂ ਦੇ ਪਠਨ ਪਾਠਨ ਉਪਰੰਤ ਹਉਮੈ ਨੂੰ ਛਡ ਕੇ ਅਸਲੀਅਤ ਦੀ ਪਛਾਣ ਕੀਤੀ ਜਾਵੇ। ਸਮੁੱਚੇ ਤੌਰ ਤੇ ਆਦਿ ਗ੍ਰੰਥ ਦੇ ਗੁਰੂ ਬਾਣੀ ਵਿਚ ਉਪਲੱਬਧ ਵਿਦਿਆ ਦੇ ਸੰਕਲਪ ਵਿਚ ਵਿਦਿਆ ਤੇ ਪਰਉਪਕਾਰ ਦਾ ਜੋ ਸੰਬੰਧ ਨਿਰਧਾਰਿਤ ਕੀਤਾ ਗਿਆ ਹੈ, ਉਸ ਦਾ ਸਮਾਜਕ ਪੱਖ ਅਤੀ ਮਹੱਤਵ-ਪੂਰਨ ਹੈ।

---

420. 'ਬਿਬੇਕ ਬੁਧਿ ਸਤਿਗੁਰ ਤੇ ਪਾਈ, ਗੁਰ ਗਿਆਨੁ ਗੁਰੂ ਪ੍ਰਭ ਕੇਰਾ'।
(ਟੋਡੀ ਮ:4, ਉਹੀ, ਪੰ:711)

421. 'ਗੁਰ ਪਰਸਾਦੀ ਵਿਦਿਆ ਵੀਚਾਰੈ, ਪੜਿ ਪੜਿ ਪਾਵੈ ਮਾਨੁ।' (ਪ੍ਰਭਾਤੀ ਮ:1, ਉਹੀ, ਪੰ:1329)

422. 'ਮਨਮੁਖ ਬਿਦਿਆ ਬਿਕ੍ਰਦਾ, ਬਿਖੁ ਖਟੇ ਬਿਖੁ ਖਾਇ। 53।
(ਰਾਮਕਲੀ ਮ: 1, ਦਖਣੀ ਓਅੰਕਾਰ, ਉਹੀ, ਪੰ:937-38)

423. 'ਪਾਧਾ ਗੁਰਮੁਖਿ ਆਖੀਐ, ਚਾਟੜਿਆ ਮਤਿ ਦੇਇ।
ਨਾਮੁ ਸਮਾਲਹੁ ਨਾਮੁ ਸੰਗਰਹੁ, ਲਾਹਾ ਜਗ ਮਹਿ ਲੇਇ।'54। (ਉਹੀ, ਪੰ: 938)

424. 'ਪੜੇ ਬੂਝਹਿ ਨਾਹੀ ਮੂੜੇ, ਭਰਮਿ ਭੂਲੇ ਤੇਰਾ ਜਨਮੁ ਗਇਆ।
ਅਣਹੋਦਾ ਨਾਉ ਧਰਾਇਓ ਪਾਧਾ, ਅਵਰਾ ਕਾ ਭਾਰੁ ਤੁਧੁ ਲਇਆ।3।
ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤੁ, ਅਵਰਾ ਨੋ ਨ ਸਿਖਾਲਿ x ਬਿਖਿਆ।
ਪਹਿਲਾ ਫਾਹਾ ਪਇਆ ਪਾਧੇ, ਪਿਛੋ ਦੇ ਗਲਿ ਚਾਟੜਿਆ।'5।
(ਰਾਗ ਆਸਾ ਮ:3, ਪੱਟੀ, ਉਹੀ, ਪੰ: 434-35)

425. ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ, ਇਨ ਪੜਿਆ ਮੁਕਤਿ ਨ ਹੋਈ।
(ਸੂਹੀ ਮ: 5, ਉਹੀ, ਪੰ: 747)

426. ਲਿਖਿ ਲਿਖਿ ਪੜਿਆ। ਤੇਤਾ ਕੜਿਆ। ਬਹੁ ਤੀਰਥ ਭਵਿਆ। ਤੇਤੋ ਲਵਿਆ।
ਬਹੁ ਭੇਖ ਕੀਆ। ਦੇਹੀ ਦੁਖੁ ਦੀਆ...............
ਸਤਿਗੁਰ ਭੇਟੇ ਸੋ ਸੁਖੁ ਪਾਏ। ਹਰਿ ਕਾ ਨਾਮੁ ਮੰਨਿ ਵਸਾਏ। ਨਾਨਕ ਨਦਰਿ ਕਰੇ ਸੋ ਪਾਏ।
ਆਸ ਅੰਦੇਸੇ ਤੇ ਨਿਹਕੇਵਲੁ, ਹਉਮੈ ਸਬਦਿ ਜਲਾਏ।
(ਵਾਰ ਆਸਾ ਮ:1, ਪਉੜੀ 9 ਦਾ ਸਲੋਕ, ਉਹੀ, ਪੰ: 467-68)

<u>ਆਰਥਿਕ ਵਿਵਸਥਾ:-</u>

ਆਰਥਿਕ ਪਰਿਸਥਿਤੀਆਂ ਹਰ ਸਮਾਜ ਦੇ ਢਾਂਚੇ ਨੂੰ ਪ੍ਰਭਾਵਤ ਕਰਦੀਆਂ ਹਨ। ਮਨੁੱਖ ਦੇ ਆਚਾਰ-ਵਿਚਾਰ, ਧਰਮ, ਸੰਸਕ੍ਰਿਤੀ, ਨੈਤਿਕਤਾ ਅਤੇ ਸਮਾਜਕ ਨਿਯੰਤ੍ਰਣ ਆਦਿ ਤੇ ਅਰਥ-ਵਿਵਸਥਾ ਦਾ ਪ੍ਰਬਲ ਪ੍ਰਭਾਵ ਪੈਂਦਾ ਹੈ। ਆਰਥਿਕ ਸੁਵਿਵਸਥਾ ਦੇ ਅਭਾਵ ਵਿਚ ਸਮਾਜਕ ਚੇਤਨਾ ਸਮੁੱਚੇ ਰੂਪ ਵਿਚ ਵਿਕਸਤ ਨਹੀਂ ਹੋ ਸਕਦੀ। ਅਰਥ-ਵਿਵਸਥਾ ਸਮਾਜਕ ਚੇਤਨਾ ਦੀ ਜਨਨੀ ਹੈ। ਇਹ ਰਾਜਨੀਤਕ ਸੰਗਠਨ, ਸਿੱਖਿਆ-ਸਿਧਾਂਤ, ਜੀਵਨ-ਪੱਧਰ ਦੀ ਉਸਾਰੀ ਵਿਚ ਆਪਣੇ ਪ੍ਰਭਾਵ ਦਿਖਾਂਦੀ ਹੈ। ਇਸ ਲਈ ਸਮਾਜ-ਵਿਵਸਥਾ ਨੂੰ ਠੀਕ ਰੱਖਣ ਲਈ ਆਰਥਿਕ-ਪਰਿਸਥਿਤੀਆਂ ਦਾ ਅਨੁਕੂਲ ਹੋਣਾ ਅਤਿ ਆਵਸ਼ਕ ਹੈ।

ਸਾਡੇ ਖੋਜ-ਪ੍ਰਬੰਧ ਦੇ ਨਿਰਧਾਰਿਤ ਕਾਲ ਵਿਚ ਦੇਸ਼ ਦੀ ਆਰਥਿਕ ਵਿਵਸਥਾ ਬਹੁਤੀ ਸੰਤੋਸ਼-ਜਨਕ ਨਹੀਂ ਸੀ। ਸ਼ਾਸਕਾਂ ਦੁਆਰਾ ਲਗਾਏ ਗਏ ਭਾਰੀ ਟੈਕਸ, ਜ਼ਿਮੀਦਾਰਾਂ ਰਾਹੀਂ ਛੋਟੇ ਕਿਸਾਨਾਂ ਦਾ ਸ਼ੋਸ਼ਣ, ਹਰ ਪ੍ਰਸ਼ਾਸਨ ਅਤੇ ਬੇਈਮਾਨ ਵਪਾਰੀ ਵਰਗ ਵੱਲੋਂ ਜਨਤਾ ਦੇ ਸ਼ੋਸ਼ਣ ਨੇ ਮਧਕਾਲੀਨ ਆਰਥਿਕ ਵਿਵਸਥਾ ਨੂੰ ਦੂਸ਼ਿਤ ਕਰ ਦਿੱਤਾ ਸੀ। ਅਮੀਰਾਂ ਤੇ ਗਰੀਬਾਂ ਦੀ ਜੀਵਨ ਪੱਧਰ ਵਿਚ ਬਹੁਤ ਅੰਤਰ ਸੀ। ਗੁਰੂ ਕਵੀਆਂ ਨੇ ਅਜਿਹੀ ਦੂਸ਼ਿਤ ਆਰਥਿਕ ਵਿਵਸਥਾ ਨੂੰ ਤੱਕ ਕੇ ਆਪਣੀ ਕਾਵਿ ਵਿਚ ਇਸ ਦਾ ਖੰਡਨ ਕੀਤਾ ਹੈ ਇਸ ਨੂੰ ਠੀਕ ਕਰਨ ਲਈ ਬਹੁਮੁੱਲੇ ਸੁਝਾਵ ਵੀ ਦਿੱਤੇ।

ਮਧਕਾਲੀਨ ਆਰਥਿਕ ਵਿਵਸਥਾ ਨੂੰ ਸਹੀ ਪ੍ਰਕਾਰ ਸਮਝਣ ਲਈ ਕ੍ਰਮਵਾਰ ਲੋਕਾਂ ਦੇ ਵੱਖ ਵੱਖ ਕਿੱਤਿਆਂ——ਖੇਤੀਬਾੜੀ, ਵਣਜ-ਵਪਾਰ, ਉਦਯੋਗ ਧੰਦੇ ਆਦਿ, ਟੈਕਸ ਪ੍ਰਣਾਲੀ, ਜੀਵਨ ਪੱਧਰ, ਧਨ ਸੰਗ੍ਰਹਿ ਦੀ ਬੁਰਾਈ ਸਮਾਜਵਾਦੀ ਦ੍ਰਿਸ਼ਟੀਕੋਣ ਤੇ ਗੁਰਮਤਿ ਆਦਿ ਸਿਰਲੇਖਾਂ ਦੇ ਅੰਤਰਗਤ ਚਰਚਾ ਕੀਤੀ ਜਾਵੇਗੀ।

<u>ਖੇਤੀਬਾੜੀ</u> : ਸਾਡੇ ਖੋਜ-ਪ੍ਰਬੰਧ ਦੇ ਨਿਸ਼ਚਿਤ ਕਾਲ (1469-1675 ਈ:) ਵਿਚ ਭਾਰਤੀ ਲੋਕਾਂ ਦਾ ਮੁੱਖ ਪੇਸ਼ਾ ਖੇਤੀਬਾੜੀ ਸੀ। ਜ਼ਮੀਨਾਂ ਦੇ ਮਾਲਕ ਵਡੇਰੇ ਕਰਕੇ ਉਹ ਜ਼ਿਮੀਦਾਰ ਹੁੰਦੇ ਸਨ, ਜਿਨ੍ਹਾਂ ਨੂੰ ਸੁਲਤਾਨ ਸਮਰਾਟ ਵੱਲੋਂ ਜਗੀਰ ਮਿਲੀ ਹੁੰਦੀ ਸੀ। ਉਹ ਅੱਗੇ ਛੋਟੇ ਕਿਸਾਨਾਂ ਆਦਿ ਨੂੰ (ਜਿਨ੍ਹਾਂ ਨੂੰ ਮੁਜ਼ਾਰੇ ਕਹਿੰਦੇ ਸਨ) ਵੰਡਾਈ ਜਾਂ ਠੇਕੇ ਤੇ ਜ਼ਮੀਨ ਦਿੰਦੇ ਸਨ। ਮੁਸਲਮਾਨਾਂ ਦਾ ਪੱਕੇ ਤੌਰ ਤੇ ਰਾਜ ਸਥਾਪਿਤ ਹੋ ਜਾਣ ਕਾਰਨ ਆਮ ਤੌਰ ਤੇ ਮੁਸਲਮਾਨ ਹੀ ਜ਼ਮੀਨਾਂ ਦੇ ਮਾਲਕ ਹੁੰਦੇ ਸਨ। ਸੁਲਤਾਨ-ਸ਼ਾਸਨ ਕਾਲ ਦੇ ਦੌਰਾਨ ਹਰ ਇਕ ਮੁਸਲਿਮ ਇਕਤਦਾਰ ਜਾਂ ਹਿੰਦੂ ਹਾਕਮ ਜਿੰਨਾ ਚਾਹੇ ਆਪਣੀ ਜਾਗੀਰ ਦੇ ਕਿਸਾਨਾਂ ਪਾਸੋਂ ਲਗਾਨ ਉਗਰਾਹ ਸਕਦਾ ਸੀ।[427] ਪਰੰਤੂ ਮੁਗ਼ਲ ਸ਼ਾਸਕਾਂ ਵੇਲੇ ਰਾਜਾ ਟੋਡਰ ਮਲ ਦੀ ਅਗਵਾਈ ਵਿਚ ਸਾਰੇ ਭਾਰਤ ਦੀ ਜ਼ਮੀਨ ਦੀ ਪੈਮਾਇਸ਼ ਕਰਵਾਈ ਗਈ ਤੇ ਜ਼ਮੀਨ ਦੀ ਕਿਸਮ ਦੇ ਆਧਾਰ ਤੇ ਲਗਾਨ ਨਿਸ਼ਚਿਤ ਕੀਤਾ ਗਿਆ। ਮੁਗ਼ਲਾਂ ਨੇ ਫ਼ੌਜਾਂ ਨੂੰ ਮਾਰਚ ਕਰਨ ਵੇਲੇ ਖੜੀਆਂ ਫ਼ਸਲਾਂ ਨੂੰ ਤਬਾਹ ਕਰਨ ਤੋਂ ਵੀ ਰੋਕਿਆ।[428] ਕਾਲ ਪੈਣ ਸਮੇਂ ਅਕਬਰ ਤੇ ਉਸ ਤੋਂ ਬਾਅਦ ਦੇ ਮੁਗ਼ਲ ਸ਼ਾਸਕਾਂ ਨੇ ਪੀੜਤ ਲੋਕਾਂ ਦੀ ਮੱਦਦ

---

427. The Agrarian System of Moslem India, P-67, Moreland.
428. Punjab under the Great Mughals, P-146, Dr.B.S.Nijjar.

ਸਹਾਇਤਾ ਵੀ ਕੀਤੀ ਜਿਸ ਦੀ ਮੁਕਤੀ ਤੇ ਪੂਰੀ ਸਫਲਤਾ ਨਾਲ ਇਹ ਸਮਸਿਆ ਹਲ ਨਾ ਹੋ ਸਕੀ।

ਆਦਿ-ਗ੍ਰੰਥ ਦੇ ਗੁਰੂ-ਕਾਲ ਵਿਚ ਖੇਤੀਬਾੜੀ ਦੇ ਵਿਸ਼ੇ ਬਾਰੇ ਗੁਰੂ-ਕਵੀਆਂ ਦੁਆਰਾ ਵਿਸ਼ੇਸ਼ ਤੌਰ ਤੇ ਵਿਵੇਚਨ ਉਪਲੱਬਧ ਹੈ। ਗੁਰੂ ਅਨੁਸਾਰ ਕਿਸਾਨ ਜੀਅ ਲਾ ਕੇ ਖੇਤੀ ਕਰਦਾ ਸੀ ਤਾਂ ਜੋ ਉਸ ਦੇ ਪੁੱਤਰ ਧੀਆਂ ਨੂੰ ਰਜਵੀਂ ਰੋਟੀ ਮਿਲ ਸਕੇ।[429] ਜ਼ਿਮੀਂਦਾਰ ਆਪਣੇ ਮੁਜ਼ਾਰਿਆਂ ਤੋਂ ਜ਼ਮੀਨ ਦਾ ਠੇਕਾ ਅਕੱਸ਼ ਤੇ ਬੇਰਹਿਮੀ ਨਾਲ ਵਸੂਲ ਕਰਦੇ ਸਨ, ਕਈ ਵਾਰ ਉਨ੍ਹਾਂ ਨੂੰ ਆਪਣੇ ਮਾਲਕ ਦੀ ਇੱਛਾ ਅਨੁਸਾਰ ਕੱਚੀ-ਪੱਕੀ ਫ਼ਸਲ ਵੀ ਕਟਣੀ ਪੈਂਦੀ ਸੀ।[430]

ਖੇਤੀ ਦੀ ਚੰਗੀ ਫ਼ਸਲ ਪੈਦਾ ਕਰਨ ਲਈ 'ਬੀਜ' ਦੀ ਵਿਸ਼ੇਸ਼ ਮਹਾਨਤਾ ਹੈ। ਇਸ ਲਈ ਗੁਰੂ-ਕਾਲ ਵਿਚ ਕਿਹਾ ਗਿਆ ਹੈ ਕਿ ਜਿਸ ਤਰ੍ਹਾਂ ਦਾ ਬੀਜ ਹੋਵੇ, ਉਸੇ ਤਰ੍ਹਾਂ ਦੀ ਖੇਤੀ ਪੈਦਾ ਹੁੰਦੀ ਹੈ।[431] ਕੁਰੁੱਤਾ ਬੀਜ ਬੀਜਣ ਨਾਲ ਨਾ ਫਲ ਤੇ ਨਾ ਫੁਲ ਦੀ ਪ੍ਰਾਪਤੀ ਹੁੰਦੀ ਹੈ।[432] ਇਸਤਰ੍ਹਾਂ ਤਾਂ ਲਾਭ ਦੇ ਨਾਲ ਮੂਲ ਵੀ ਗਵਾ ਬਹਿੰਦਾ ਹੈ।[433]

ਗੁਰੂ ਜੀ ਨੇ ਖੇਤੀ ਦੀ ਗੱਲ ਨੂੰ ਅਧਿਆਤਮਕ ਰੰਗਣ ਵੀ ਦਿੱਤੀ ਹੈ। ਗੁਰੂ ਜੀ ਅਨੁਸਾਰ ਭੈ-ਰੂਪੀ ਧਰਤ ਹੋਵੇ, ਪਵਿਤਰਤਾ ਰੂਪੀ ਪਾਣੀ, ਸਤਿ ਤੇ ਸੰਤੋਖ ਦੇ ਦੋ ਬਲਦ, ਨਿਮ੍ਰਤਾ ਦਾ ਹਲ, ਮਨ ਰੂਪੀ ਕਿਸਾਨ (ਹਾਲੀ) ਹੋਵੇ, ਸਿਮਰਣ ਦਾ ਵੱਤਰ, ਪ੍ਰਭੂ ਮਿਲਣ ਦੀ ਇੱਛਾ ਹੀ ਬੀਜ ਬੀਜਣ ਦਾ ਵਧੀਆ ਅਵਸਰ ਹੋਵੇ, ਹਰੀ ਨਾਮ ਰੂਪੀ ਬੀਜ, ਬਖਸ਼ਿਸ਼ ਰੂਪੀ ਬੋਹਲ ਅਤੇ ਸਮੂਹੇ ਜਗਤ ਨੂੰ ਮਿਥਿਆ ਘਾਸ-ਫੂਸ ਸਮਝੇ, ਇਸ ਪ੍ਰਕਾਰ ਦੀ ਖੇਤੀ ਕੀਤਿਆਂ ਪ੍ਰਭੂ-ਮਿਲਾਪ ਰੂਪੀ ਫਸਲ ਪ੍ਰਾਪਤ ਹੁੰਦੀ ਹੈ।[434] ਇਸੇ ਪ੍ਰਕਾਰ ਤਨ ਨੂੰ ਧਰਤੀ ਸਮਝ ਕੇ, ਇਸ ਵਿਚ ਚੰਗੇ ਕਰਮਾਂ ਦਾ ਬੀਜ ਬੀਜਕੇ, ਨਾਮ ਦੀ ਸਿੰਚਾਈ ਕਰਕੇ, ਮਨ ਨੂੰ ਕਿਸਾਨ ਬਣਾ ਕੇ, ਹਰੀ ਦਾ ਨਾਮ ਆਪਣੇ ਹਿਰਦੇ ਵਿਚ ਜਮਾਉਣ ਨਾਲ ਗੁਰੂ ਜੀ ਅਨੁਸਾਰ ਨਿਰਬਾਣ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।[435]

---

429. 'ਕਿਰਸਾਣੀ ਕਿਰਸਾਣੁ ਕਰੇ, ਲੋਚੈ ਜੀਉ ਲਾਇ।
ਹਲੁ ਜੋਤੈ ਉਦਮੁ ਕਰੇ, ਮੇਰਾ ਪੁਤੁ ਧੀ ਖਾਇ।'(ਗਉੜੀ ਗੁਆਰੇਰੀ ਮ:5, ਸ਼ਬਦਾਰਥ, ਪੰ: 166)
430. ਜੈਸੇ ਕਿਰਸਾਣੁ ਬੋਵੈ ਕਿਰਸਾਨੀ। ਕਾਚੀ ਪਾਕੀ ਬਾਢਿ ਪਰਾਨੀ। (ਆਸਾ ਮ:5, ਉਹੀ, ਪੰ: 375)
431. ਜੇਹਾ ਬੀਜੇ ਸੋ ਲੁਣੇ'.............(ਬਾਰਹਮਾਹਾ ਮਾਝ ਮ:5, ਉਹੀ, ਪੰ: 134)
432. ਆਨ ਰੁਤੀ ਆਨ ਬੋਈਐ, ਫਲੁ ਨ ਫੂਲੈ ਤਾਹਿ।' (ਮਾਰੂ ਮ:5, ਉਹੀ, ਪੰ: 1002)
433. 'ਕੁਰੁਤਾ' ਬੀਜੁ ਬੀਜੇ ਨਹੀ ਜੰਮੈ, ਸਭੁ ਲਾਹਾ ਮੂਲੁ ਗਵਾਇਦਾ।'
(ਮਾਰੂ ਸੋਲਹੇ ਮ:5, ਉਹੀ, ਪੰ: 1075)
434. ਭਉ ਭੁਇ, ਪਵਿਤੁ ਪਾਣੀ, ਸਤੁ ਸੰਤੋਖੁ ਬਲੇਦ।
ਹਲੁ ਹਲੇਮੀ, ਹਾਲੀ ਚਿਤੁ ਚੇਤਾ ਵਤੁ, ਵਖਤ ਸੰਜੋਗੁ।
ਨਾਉ ਬੀਜੁ, ਬਖਸੀਸ ਬੋਹਲ, ਦੁਨੀਆ ਸਗਲ ਦਰੋਗ।
ਨਾਨਕ ਨਦਰੀ ਕਰਮੁ ਹੋਇ, ਜਾਵਹਿ ਸਗਲ ਵਿਜੋਗ।
(ਮ:1, ਵਾਰ ਰਾਮਕਲੀ ਮ:3, ਪਉੜੀ 17 ਦਾ ਸਲੋਕ, ਉਹੀ, ਪੰ: 955)
435. ਇਹੁ ਤਨੁ ਧਰਤੀ, ਬੀਜ ਕਰਮਾ ਕਰੋ, ਸਲਿਲ ਆਪਾਉ ਸਾਰਿੰਗ ਪਾਣੀ।
ਮਨ ਕਿਰਸਾਣੁ, ਹਰਿ ਰਿਦੈ ਜੰਮਾਇ ਲੈ, ਇਉ ਪਾਵਸਿ ਪਦ ਨਿਰਬਾਣੀ।
(ਸਿਰੀ ਰਾਗ ਮ:1, ਉਹੀ, ਪੰ: 23)

ਵਣਜ ਤੇ ਵਪਾਰ :- ਤੁਰਕ ਅਫ਼ਗਾਨਾਂ ਦੇ ਸ਼ਾਸਨ-ਕਾਲ ਵਿਚ ਲੋਕਾਂ ਦੀ ਆਰਥਿਕ ਹਾਲਤ ਸੰਵਾਰਨ ਦਾ ਸਰਕਾਰੀ ਤੌਰ ਤੇ ਕੋਈ ਉਪਰਾਲਾ ਨਾ ਕੀਤਾ ਗਿਆ, ਪਰੰਤੂ ਆਪਣੇ ਤੌਰ ਤੇ ਹੀ ਲੋਕਾਂ ਦੁਆਰਾ ਕੀਤੇ ਜਾਣ ਵਾਲੇ ਵਪਾਰ ਦੀ ਹਾਲਤ ਬਹੁਤ ਚੰਗੀ ਸੀ।[436]

ਪਿੰਡਾਂ ਵਿਚ ਛੋਟੇ ਦੁਕਾਨਦਾਰ ਜੀਵਨ ਦੀਆਂ ਲੋੜੀਂਦੀਆਂ ਵਸਤੂ ਵੇਚਦੇ ਸਨ। ਸਮੇਂ ਸਮੇਂ ਮੇਲਿਆਂ ਤੇ ਤਿਉਹਾਰਾਂ ਦਾ ਵੱਡੇ ਪੈਮਾਨੇ ਤੇ ਲੈਣ ਦੇਣ ਕੀਤਾ ਜਾਂਦਾ ਸੀ।[437] ਉੱਤਰ ਵਿਚ ਵਪਾਰਕ ਸ਼੍ਰੇਣੀ ਵਿਚ ਸਭ ਤੋਂ ਪ੍ਰਸਿੱਧ ਮੁਲਤਾਨੀ ਅਤੇ ਪੱਛਮੀ ਤੱਟ ਤੇ ਗੁਜਰਾਤੀ ਬਾਣੀਏ (ਮਾਰਵਾੜੀ) ਸਨ। ਵਿਦੇਸ਼ੀ ਮੁਸਲਮ-ਸੌਦਾਗਰ ਵੀ ਸਾਰੇ ਦੇਸ਼ ਵਿਚ ਵਪਾਰ ਕਰਦੇ ਸਨ, ਜਿਨ੍ਹਾਂ ਨੂੰ ਖੁਰਾਸਾਨੀ ਕਿਹਾ ਜਾਂਦਾ ਸੀ।[438]

ਸੜਕਾਂ ਤੇ ਆਵਾਜਾਈ ਸਮੇਂ ਜੀਵਨ ਅਤੇ ਸੰਪੱਤੀ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਂਦਾ ਸੀ ਤਾਂ ਜੁ ਵਪਾਰ ਸੁਚਾਰੂ ਢੰਗ ਨਾਲ ਕੀਤਾ ਜਾ ਸਕੇ।[439] ਵਪਾਰੀਆਂ ਨੂੰ ਉਨ੍ਹਾਂ ਸੜਕਾਂ ਤੇ ਜਾਣ ਦੀ ਆਗਿਆ ਵੀ ਸੀ, ਜੋ ਵਿਸ਼ੇਸ਼ ਤੌਰ ਤੇ ਫ਼ੌਜਾਂ ਨੂੰ ਲੰਘਾਉਣ ਲਈ ਬਣਾਈਆਂ ਗਈਆਂ ਸਨ।[440]

ਅੱਜ ਵਾਂਗ ਬੈਂਕਾਂ ਦਾ ਉਸ ਸਮੇਂ ਪ੍ਰਬੰਧ ਨਹੀਂ ਸੀ, ਪਰੰਤੂ ਪਿੰਡ ਵਿਚ ਵੀ ਸਾਹੂ ਜਾਂ ਮਹਾਜਨ ਵਪਾਰੀਆਂ ਨੂੰ ਵਿਆਜ ਤੇ ਪੈਸਾ ਦਿੰਦੇ ਸਨ। ਕਈ ਵਾਰੀ ਵਿਆਜ ਨਾਲ ਮੂਲਧਨ ਦੀ ਰਾਸ਼ੀ ਇੰਨੀ ਬਹੁਤੀ ਹੋ ਜਾਂਦੀ ਸੀ ਕਿ ਵਾਪਸ ਮੋੜਨੀ ਔਖੀ ਹੁੰਦੀ ਸੀ।[441]

ਮੁਲਤਾਨੀ ਸੌਦਾਗਰਾਂ (ਵਪਾਰੀਆਂ) ਦਾ ਆਚਰਨ ਬਹੁਤ ਨੀਵਾਂ ਸੀ। ਬੇਈਮਾਨੀ ਕਰਨ ਲਈ ਹਰ ਕਿਸਮ ਦੇ ਢੰਗ ਅਪਣਾਏ ਜਾਂਦੇ ਸਨ, ਜਿਵੇਂ ਘਾਟ ਤੋਲਣਾ। ਉਨ੍ਹਾਂ ਨੂੰ ਠੀਕ ਕਰਨ ਲਈ ਕਿਸੇ ਪ੍ਰਕਾਰ ਦਾ ਕੋਈ ਨਿਯੰਤਰਨ ਨਹੀਂ ਸੀ।[442]

ਵਪਾਰ ਬਾਰੇ ਆਦਿ ਗ੍ਰੰਥ ਦੇ ਗੁਰੂ-ਕਾਵਿ ਬੜੇ ਸੁਚੱਜੇ ਢੰਗ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਅਜਿਹਾ ਜਾਪਦਾ ਹੈ ਕਿ ਵਪਾਰੀ (ਸੌਦਾਗਰ) ਇਕ ਥਾਂ ਤੋਂ ਦੂਜੀ ਥਾਂ ਤੇ ਜਾ ਕੇ ਮਾਲ ਵੇਚਦੇ ਸਨ।[443]

---

436. Medieval Indian Culture, P.36, A.L. Srivastava.
437. Life & conditions of the people of Hindustan, P-135, K.M. Ashraf.
438. ਉਹੀ, ਪੰ : 138-39.
439. Glimpses of Medieval Indian Culture, P-123, Yusuf Husain.
440. Life & conditions of the people of Hindustan, P-136, K.M. Ashraf.
441. ਉਹੀ, ਪੰ: 140.
442. ਉਹੀ, ਪੰ: 141.
443. ਜਿਉ ਤੁਰੇ ਸਉਦਾਗਰੀ, ਸਉਦਾਗਰ ਧਾਵੈ।
ਧਨ ਖਟੇ ਆਸਾ ਕਰੇ, ਮਾਇਆ ਮੋਹ ਵਧਾਵੈ।
(ਗਉੜੀ ਬੈਰਾਗਣ ਮ:4, ਸ਼ਬਦਾਰਥ ਪੰ: 166)

ਬਹੁਤਾ ਧਨ ਲਾਉਣ ਵਾਲੇ ਬੇੜੇ ਤੇ ਵਪਾਰੀ ਹੁੰਦੇ ਸਨ।[444] ਇਸ ਲਈ ਉਨ੍ਹਾਂ ਨੂੰ ਬਹੁਤਾ ਲਾਭ ਪ੍ਰਾਪਤ ਹੁੰਦਾ ਸੀ।[445] ਵਪਾਰੀਆਂ ਦੀ ਬੇਈਮਾਨੀ ਦੀ ਪੁਸ਼ਟੀ ਗੁਰੂ ਸਾਹਿਬ ਵਿੱਚ ਵੀ ਹੋ ਜਾਂਦੀ ਹੈ।[446] ਗੁਰੂ ਜੀ ਵਪਾਰ ਨੂੰ ਅਧਿਆਤਮਕ ਰੰਗਤ ਦਿੰਦੇ ਹੋਏ ਵਪਾਰੀ ਨੂੰ ਸੱਚਾ ਵਪਾਰ ਕਰਨ ਲਈ ਕਹਿੰਦੇ ਹਨ ਤਾਂ ਜੋ ਰੂਹਾਨੀ ਦਰਬਾਰ ਵਿਚ ਵੀ ਕੀਤੀ ਕਮਾਈ ਸਫਲੀ ਸਮਝੀ ਜਾਵੇ।[447]

ਵਪਾਰ ਵਿਚ ਰਾਸ਼ੀ ਤੋਂ ਬਿਨਾ ਕੋਈ ਵਸਤੂ ਪ੍ਰਾਪਤ ਨਹੀਂ ਹੁੰਦੀ।[448] ਜਿਹੜੇ ਵਪਾਰੀ ਦੀ ਆਪਣੇ ਕਰਮ ਦੀ ਕਮਾਈ ਰੂਪ ਸਚਾਈ ਪੂੰਜੀ ਨਹੀਂ ਹੁੰਦੀ, ਉਹ ਸੁਖੀ ਨਹੀਂ ਹੋ ਸਕਦਾ।[449] ਜਿਨ੍ਹਾਂ ਦੀ ਸੱਚੀ ਧਰਮ ਦੀ ਕਮਾਈ ਹੈ ਅਤੇ ਜੋ ਹੇਰਾਫੇਰੀ ਨਹੀਂ ਕਰਦੇ ਉਨ੍ਹਾਂ ਗੁਰਮੁਖਾਂ ਦਾ ਵਪਾਰ ਲਗਾਤਾਰ ਉੱਨਤੀ ਕਰਦਾ ਚਲਾ ਜਾਂਦਾ ਹੈ।[450] ਗੁਰੂ ਜੀ ਦੁਆਰਾ ਵਪਾਰ ਦੇ ਅਧਿਆਤਮਿਕ ਵਿਸ਼ਲੇਸ਼ਣ ਅਨੁਸਾਰ ਪੂੰਜੀ ਲਾਉਣ ਵਾਲਾ ਸ਼ਾਹ ਆਪ ਹਰੀ ਹੈ। ਇਸ ਦੇ ਭਗਤ ਵਣਜਾਰੇ ਹਨ, ਜੋ ਨਾਮ ਰੂਪੀ ਰਤਨ ਦਾ ਵਪਾਰ ਕਰਕੇ ਹਰੀ ਰੂਪੀ ਧਨ ਦਾ ਲਾਭ ਉਠਾ ਰਹੇ ਹਨ।[451] ਇਸ ਪ੍ਰਕਾਰ ਉਨ੍ਹਾਂ ਅਨੁਸਾਰ ਸ਼ਾਹ ਵੀ ਸੱਚਾ, ਉਸ ਦੇ ਵਣਜਾਰੇ ਵੀ ਸੱਚੇ, ਸੱਚ ਦਾ ਵਣਜ, ਸੱਚ ਦੀ ਖਰੀਦ ਅਤੇ ਸੱਚ ਦੀ ਹੀ ਕਮਾਈ ਹੈ।[452]

ਸਰਕਾਰ ਵੱਲੋਂ ਵਪਾਰ ਆਯਾਤ ਤੇ ਨਿਰਯਾਤ ਟੈਕਸ ਲਗਦਾ ਸੀ ਅਤੇ ਕਈ ਵਾਰ ਜਲ ਮਾਰਗ ਰਾਹੀਂ ਵਪਾਰ ਕਰਨ ਵਾਲੇ ਵਪਾਰੀਆਂ ਨੂੰ ਸਮੁੰਦਰੀ ਲੁਟੇਰੇ ਲੁੱਟ ਵੀ ਲੈਂਦੇ ਸਨ। ਪਰੰਤੂ ਗੁਰੂ ਜੀ ਅਨੁਸਾਰ ਨਾਮ ਰੂਪੀ ਪਦਾਰਥ ਦਾ ਜਹਾਜ਼ ਲੱਦ ਕੇ ਵਪਾਰ ਕੀਤਾ ਜਾਵੇ, ਤਾਂ ਗੁਰੂ ਰੂਪੀ ਮਲਾਹ ਉਸ ਨੂੰ ਟਿਕਾਣੇ

---

444. ਲਦੇ ਹਰਿ ਬੇੜੇ, ਨਾਨਕ ਹਰਿ ਧਨੁ ਮਾਲ।
(ਸਿਰੀ ਰਾਗ ਮ:5, ਛੰਤ ਡਖਣੇ, ਉਹੀ, ਪੰ:80)
445. ਪੂੰਜੀ ਸਾਬਤੁ ਘਣੋ ਲਾਹੁ, ਗ੍ਰਿਹਿ ਸੋਭਾ ਸੇਤ। (ਬਿਲਾਵਲ ਮ:5, ਉਹੀ, ਪੰ: 810)
446. ਧਰਮ ਸੇਤੀ ਵਾਪਾਰੁ ਨ ਕੀਤੋ, ਕਰਮੁ ਨ ਕੀਤੋ ਮਿਤੁ।
(ਸਿਰੀ ਰਾਗ ਮ:1, ਪਹਰੇ, ਉਹੀ, ਪੰ:75)
447. ਸਚ ਵਾਪਾਰ ਕਰਹੁ ਵਾਪਾਰੀ। ਦਰਗਹ ਨਿਬਹੈ ਖੇਪ ਤੁਮਾਰੀ।
(ਗਉੜੀ ਸੁਖਮਨੀ ਮ:5, ਅਸਟਪਦੀ 22, ਉਹੀ, ਪੰ:293)
448. ਬਿਨੁ ਰਾਸੀ ਕੋ ਵਥੁ ਕਿਉ ਪਾਏ। ਮਨਮੁਖ ਭੂਲੇ ਲੋਕ ਸਬਾਏ।
(ਮਾਝ ਮ: 3, ਉਹੀ, ਪੰ: 117)
449. ਜਿਨਾ ਰਾਸਿ ਨ ਸਚੁ ਹੈ, ਕਿਉ ਤਿਨਾ ਸੁਖੁ ਹੋਇ।
(ਸਿਰੀ ਰਾਗ ਮ:1, ਉਹੀ, ਪੰ: 22)
450. ਸਚੁ ਖਟਣਾ ਸਚੁ ਰਾਸਿ ਹੈ, ਸਚੇ ਸਚੀ ਸੋਇ।
ਸਚਿ ਮਿਲੇ ਸੇ ਨ ਵਿਛੁੜਹਿ, ਨਾਨਕ ਗੁਰਮੁਖਿ ਹੋਇ।
(ਸਿਰੀ ਰਾਗ ਮ: 3, ਉਹੀ, ਪੰ: 37)
451. ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ। ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ।
ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ, ਜਨ ਨਾਨਕ ਸਦ ਬਲਿਹਾਰਾ ਜੀਉ।
(ਗਉੜੀ ਮਾਝ ਮ:5, ਉਹੀ, ਪੰ:217)
452. ਸਚਾ ਸਾਹੁ, ਸਚੇ ਵਣਜਾਰੇ। ਸਚੁ ਵਣੰਜਹਿ, ਗੁਰ ਹੇਤਿ ਅਪਾਰੇ।
ਸਚੁ ਵਿਹਾਝਹਿ ਸਚੁ ਕਮਾਵਹਿ, ਸਚੋ ਸਚੁ ਕਮਾਵਣਿਆ। (ਮਾਝ ਮ:3, ਉਹੀ, ਪੰ: 117)

ਤੇ ਪਹੁੰਚ ਹੋਵੇਗਾ, ਕੋਈ ਟੈਕਸ ਲੈਣ ਵਾਲਾ (ਜਮ ਜਾਗਾਤੀ) ਜਾਂ ਤਸਕਰ (ਲੁਟੇਰਾ) ਉਸ ਦੇ ਨੇੜੇ ਨਹੀਂ ਆ ਸਕਦਾ।[453]

<u>ਉਦਯੋਗ ਅਤੇ ਹੋਰ ਧੰਦੇ</u> :- ਉਦਯੋਗ ਧੰਦੇ ਤੇ ਸ਼ਹਿਰਾਂ ਦੇ ਹੋਰਾਂ ਕਾਰਜਾਂ ਤੇ ਸਥਾਪਿਤ ਕੀਤੇ ਗਏ ਸਨ। ਮਲਮਲ-ਕਾਰੀ, ਖੱਦਰ ਪਸ਼ਮੀਨਾ, ਰੇਸ਼ਮ, ਪਸ਼ਮ ਤੇ ਕਪਾਹ ਦੀ ਉਪਜ ਵਜੋਂ ਪ੍ਰਸਿੱਧ ਸਨ।[454] ਸੋਨਾ ਤੇ ਚਾਂਦੀ ਵੀ ਕਈ ਥਾਵਾਂ ਤੇ ਮਿਲਦੇ ਸਨ। ਕੁਝ ਉਦਯੋਗ ਸਰਕਾਰੀ ਸਰਪ੍ਰਸਤੀ ਹੇਠਾਂ ਚਲਦੇ ਸਨ ਜਿਵੇਂ ਦਿੱਲੀ ਦੇ ਸੁਲਤਾਨਾਂ ਦੇ ਕਾਰਖਾਨਿਆਂ ਵਿਚ ਵਿਸ਼ੇਸ਼ ਪ੍ਰਕਾਰ ਦਾ ਰੇਸ਼ਮੀ ਕਪੜਾ ਬਣਾਇਆ ਜਾਂਦਾ ਸੀ।[455]

ਘਰੇਲੂ ਧੰਦਿਆਂ ਵਿਚ ਵਿਸ਼ੇਸ਼ ਤੌਰ ਤੇ ਸੂਤ ਦੀ ਕਤਾਈ ਤੇ ਬੁਣਾਈ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ ਟੋਪੀਆਂ, ਜੁੱਤੀਆਂ, ਹਥਿਆਰ ਲੋਹਾਰਾ ਕੰਮ, ਸੋਨੇ ਤੇ ਚਾਂਦੀ ਦੇ ਕੀਮਤੀ ਗਹਿਣੇ ਆਦਿਕ ਘਰਾਂ ਵਿਚ ਬਣਾਏ ਜਾਂਦੇ ਸਨ।[456]

ਪੰਜਾਬ ਵਿਚ ਲਾਹੌਰ ਗੁਜਰਾਤ, ਸਿਆਲਕੋਟ, ਸੁਲਤਾਨਪੁਰ, ਮੁਲਤਾਨ, ਬਿਜਵਾੜਾ ਪ੍ਰਸਿੱਧ ਉਦਯੋਗਿਕ ਨਗਰ ਸਨ। ਇਨ੍ਹਾਂ ਤੋਂ ਇਲਾਵਾ ਅੰਮ੍ਰਿਤਸਰ, ਅਨੰਦਪੁਰ, ਕਰਤਾਰਪੁਰ, ਤੇ ਕੀਰਤਪੁਰ ਤੇ ਤਰਨ-ਤਾਰਨ ਧਾਰਮਿਕ ਕੇਂਦਰ ਹੋਣ ਦੇ ਨਾਲ ਪ੍ਰਸਿੱਧ ਵਪਾਰਕ ਕੇਂਦਰ ਵੀ ਸਨ।

ਉਦਯੋਗ ਧੰਦਿਆਂ ਬਾਰੇ ਕਿਸੇ ਵਿਸ਼ੇਸ਼ ਕ੍ਰਮ ਅਨੁਸਾਰ ਆਦਿ ਗ੍ਰੰਥ ਦੇ ਗੁਰੂ ਸ਼ਬਦ ਵਿਚ ਵਿਸ਼ਲੇਸ਼ਣ ਨਹੀਂ ਕੀਤਾ ਗਿਆ। ਉਪਜੀਵਕਾ ਕਮਾਉਣ ਲਈ ਵਖ ਵਖ ਧੰਦਾ ਕਰਨ ਵਾਲੇ ਲੋਕਾਂ ਦਾ ਵਰਣਨ ਅਧਿਆਤਮਕ ਰੰਗਤ ਵਿਚ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਵਿਚ ਸੁਨਿਆਰ,[457] ਛੀਂਬਾ ਤੇ ਜੁਲਾਹਾ,[458] ਝੀਵਰ (ਪਨਿਹਾਰ),[459] ਤਸਕਰ (ਡਾਕੂ),[460] ਧਾਣਕ (ਸ਼ਿਕਾਰੀ),[461] ਖੇਵਟ (ਮਲਾਹ),[462] ਹੱਟ ਜਾਂ ਹਾਟੀ,[463] ਸੌਦਾਗਰ ਅਥਵਾ ਵਣਜਾਰਾ (ਵਪਾਰੀ)[464] ਆਦਿਕ ਸ਼ਾਮਿਲ ਹਨ।

---

453. ੳ) ਹਰਿ ਹਰਿ ਨਾਮੁ ਪੋਤੁ ਬੋਹਿਥਾ, ਖੇਵਟੁ ਸਬਦੁ ਗੁਰੂ ਪਾਰਿ ਲੰਘਾਈਆ।
ਜਮੁ ਜਾਗਾਤੀ ਨੇੜਿ ਨ ਆਵੈ, ਨਾ ਕੋ ਤਸਕਰੁ ਚੋਰੁ ਲਗਾਈਆ।
(ਬਿਲਾਵਲ ਮ:4, ਉਹੀ, ਪੰ:833)
ਅ) ਹਰਿ ਜਪਿ ਹਰਿ ਵਖਰੁ ਲਦਿਆ, ਜਮੁ ਜਾਗਾਤੀ ਨੇੜਿ ਨ ਆਇਆ।
(ਗਉੜੀ ਬੈਰਾਗਣਿ ਮ:4, ਉਹੀ, ਪੰ: 165)
454. Medieval Indian Culture, P-34, A.L. Srivastva.
455. ਉਹੀ, ਪੰ: 35.
456. Life & conditions of the people of Hindustan, P-122, K.M. Ashraf.
457. 'ਆਪੇ ਸੁਨਿਆਰਾ ਆਪੇ ਕਾਂਟਾ.........' (ਬਿਲਾਵਲ ਮ:3, ਅਸਟਪਦੀਆਂ, ਪੰ: 797)
458. 'ਨਾਮਾ ਛੀਬਾ, ਕਬੀਰੁ ਜੁੋਲਾਹਾ........' (ਸਿਰੀ ਰਾਗੁ ਮ:3, ਉਹੀ, ਪੰ: 67)
459. (ਹਰਿ ਕਾ ਸੰਤੁ ਪਰਾਨ ਧਨ) ਤਿਸ ਕਾ ਪਨਿਹਾਰਾ। (ਸੂਹੀ ਮ:5, ਉਹੀ, ਪੰ:745)
460. ਚੋਰ ਜਿਵਹੁ ਦਰ ਦੁਆਰ ਹੈ ਜਾਵੈ, ਅਹਿਨਿਸਿ ਤਸਕਰ ਪੰਚ ਚੋਰ ਲਗਾਈਆ।
(ਬਿਲਾਵਲ ਮ:4, ਉਹੀ, ਪੰ:833)
461. 'ਏਕ ਸੁਆਨੁ.....ਧਾਣਕ ਰੂਪਿ ਰਹਾ ਕਰਤਾਰ।' (ਸਿਰੀਰਾਗ ਮ:1, ਉਹੀ, ਪੰ:24)
462. 'ਸਬਦੁ ਖੇਵਟੁ.....ਇਨ ਬਿਧਿ ਦੁਤਰੁ ਤਰੀਐ।' (ਗਉੜੀ ਮ:3, ਉਹੀ, ਪੰ: 245)
463. ੳ) ਹਟੁ ਪਟਣੀ............(ਵਾਰ ਮਾਝ ਮ:1, ਪਉੜੀ 27, ਉਹੀ, ਪੰ: 150)
ਅ) ਹਟੁ ਪਟਣੀ............(ਵਾਰ ਸਿਰੀ ਰਾਗ ਮ:4, ਪਉੜੀ 21, ਉਹੀ, ਪੰ: 91) (ਬਾਕੀ ਅਗਲੇ ਪੰਨੇ ਤੇ)

ਹਰ ਪੇਸ਼ਾ ਸਮਾਜ ਦੀ ਆਰਥਿਕ ਵਿਵਸਥਾ ਦੀ ਇਕਾਈ ਹੁੰਦਾ ਹੈ। ਹਰ ਇਕ ਮਾਨਵ ਆਪਣੇ ਪੇਸ਼ੇ ਰਾਹੀਂ ਸਮਾਜ ਦੇ ਆਰਥਿਕ ਸਰੂਪ ਦੇ ਨਿਰਮਾਣ ਵਿਚ ਸਹਿਯੋਗੀ ਹੁੰਦਾ ਹੈ। ਉਪਜੀਵਿਕਾ ਲਈ ਗੁਰੂ ਜੀ ਨੂੰ ਕੋਈ ਵੀ ਪੇਸ਼ਾ ਅਪਰਵਾਨ ਨਹੀਂ ਸੀ, ਸ਼ਰਤ ਸਿਰਫ ਏਨੀ ਸੀ ਕਿ ਸਮਾਜ ਵਲੋਂ ਉਸ ਪੇਸ਼ੇ ਨੂੰ ਮਾਨਤਾ ਪ੍ਰਾਪਤ ਹੋਵੇ। ਅਸਮਾਜਕ ਧੰਦਿਆਂ ਦੀ ਗੁਰੂ ਬਾਣੀ ਵਿਚ ਨਿਖੇਧੀ ਕੀਤੀ ਗਈ ਹੈ।

<u>ਟੈਕਸ ਪ੍ਰਣਾਲੀ</u>:- ਆਰਥਿਕ ਪਰਿਸਥਿਤੀਆਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਸਰਕਾਰ ਵਲੋਂ ਜਨਤਾ ਉਪਰ ਲਗਾਏ ਗਏ ਟੈਕਸਾਂ ਬਾਰੇ ਵੀ ਗਿਆਨ ਹੋਣਾ ਅਤਿ ਆਵੱਸ਼ਕ ਹੈ। ਟੈਕਸ ਲਾਗੂ ਤੇ ਉਗਰਾਹੁਣ ਬਿਨਾ ਕਿਸੇ ਵੀ ਸਰਕਾਰ ਦਾ ਸੁਚਾਰੂ ਰੂਪ ਨਾਲ ਚਲਣਾ ਸੰਭਵ ਨਹੀਂ ਹੋ ਸਕਦਾ।

ਸਾਡੇ ਖੋਜ-ਪ੍ਰਬੰਧ ਦੇ ਨਿਰਧਾਰਿਤ ਕਾਲ ਦੌਰਾਨ ਅਫਗਾਨ ਤੇ ਮੁਗਲ ਸ਼ਾਸਕਾਂ ਵੇਲੇ ਪਰਜਾ ਨੂੰ ਕਈ ਪ੍ਰਕਾਰ ਦੇ ਟੈਕਸ ਅਦਾ ਕਰਨੇ ਪੈਂਦੇ ਸਨ, ਪਰੰਤੂ ਹਿੰਦੂਆਂ ਨਾਲ ਵਿਸ਼ੇਸ਼ ਤੌਰ ਤੇ ਅਨੇਕ ਪੱਖ-ਪਾਤ ਕੀਤਾ ਜਾਂਦਾ ਸੀ, ਜਿਸ ਬਾਰੇ ਤੀਜੇ ਅਧਿਆਇ ਵਿਚ ਵਰਨਣ ਕੀਤਾ ਜਾ ਚੁਕਿਆ ਹੈ,[465] ਇਸ ਲਈ ਇਥੇ ਦੁਹਰਾਉਣਾ ਠੀਕ ਨਹੀਂ ਸਮਝਿਆ ਗਿਆ।

<u>ਜੀਵਨ ਪੱਧਰ</u>:-

ਸ਼ਾਸਕ ਬਹੁਤ ਐਸ਼ ਭਰਿਆ ਜੀਵਨ ਬਿਤਾਉਂਦਾ ਸੀ।[466] ਸਾਰੀ ਸਲਤਨਤ ਤੇ ਉਹਦੇ ਸਾਧਨ ਸੁਲਤਾਨ/ਸਮਰਾਟ ਦੇ ਹੁਕਮ ਵਿਚ ਹੁੰਦੇ ਸਨ। ਸੀਮਿਤ ਸਾਧਨਾਂ ਦੀ ਹਾਲਤ ਵਿਚ ਉਹ ਆਮਦਨ ਦੇ ਨਵੇਂ ਸਾਧਨ ਲਈ ਗੁਆਂਢੀ ਰਾਜਾਂ ਤੇ ਹਮਲਾ ਵੀ ਕਰ ਦਿੰਦਾ ਸੀ।[467]

ਅਮੀਰ ਵਜ਼ੀਰ ਵੀ ਰਾਜਿਆਂ ਵਾਂਗ ਵਿਲਾਸਮਈ ਜੀਵਨ ਬਿਤਾਉਂਦੇ ਸਨ।[468] ਇਨ੍ਹਾਂ ਦੀ ਸ਼ਾਨ ਸ਼ੌਕਤ ਨੂੰ ਵੇਖ ਕੇ ਸੁਲਤਾਨਾਂ ਨੂੰ ਵੀ ਈਰਖਾ ਹੋਣ ਲਗਦੀ ਸੀ।[469] ਅੰਨ੍ਹੇਵਾਹ ਖਰਚ ਕਰਕੇ ਉਹ ਕਰਜ਼ਾਈ ਵੀ ਹੋ ਜਾਂਦੇ ਸਨ ਅਤੇ ਮਜਬੂਰ ਹੋ ਕੇ ਉਹ ਸਾਰਾ ਘਾਟਾ ਕਿਸਾਨਾਂ ਸਿਰੋਂ ਪੂਰਾ ਕਰਦੇ ਸਨ।[470]

---

464. ੳ) 'ਅਛੇ ਤਖੇ ਜੀ ਚਾਕਰੀ.......। (ਆਸਾ ਮ:1, ਉਹੀ, ਪੰ:420)
ਅ) 'ਨਰ ਪ੍ਰਾਣੀ ਚਾਕਰੀ ਕਰੇ.......। (ਗਉੜੀ ਬੈਰਾਗਣ ਮ:4, ਉਹੀ, ਪੰ: 166)
465. ਵਿਸਥਾਰ ਲਈ ਵੇਖੋ: ਅਧਿਆਇ ਤੀਜਾ, ਸ਼ਾਸਨ ਪ੍ਰਬੰਧ ਵਿਚ 'ਟੈਕਸ ਪ੍ਰਣਾਲੀ'।
466. ੳ) ਵਿਸਥਾਰ ਲਈ ਵੇਖੋ: ਅਧਿਆਇ ਤੀਜਾ, ਸ਼ਾਸਨ ਪ੍ਰਬੰਧ ਵਿਚ 'ਸੁਲਤਾਨ'।
ਅ) ਵਿਸਥਾਰ ਲਈ ਵੇਖੋ: ਅਧਿਆਇ ਛੇਵਾਂ, 'ਮੁਸਲਿਮ ਸਮਾਜ'।
467. Life & conditions of the people of Hindustan, P-148-52, K.M. Ashraf
468. ਵਿਸਥਾਰ ਲਈ ਵੇਖੋ: ੳ) ਅਧਿਆਇ ਤੀਜਾ, ਸ਼ਾਸਨ ਪ੍ਰਬੰਧ ਵਿਚ 'ਅਮੀਰ ਵਜ਼ੀਰ'।
ਅ) ਅਧਿਆਇ ਛੇਵਾਂ, 'ਮੁਸਲਿਮ ਸਮਾਜ'।
469. The Delhi Sultanate, P-613, Dr. R.C. Majumdar.
470. ੳ) Medieval Indian Culture, P-37, A.L. Srivastva.
ਅ) Life & conditions of the people of Hindustan, P-154-55, K.M. Ashraf.

ਮਧ ਸ਼੍ਰੇਣੀ[471] ਦੇ ਲੋਕਾਂ ਵਿਚ ਤੱਟ ਦੇ ਨਾਲ ਵਪਾਰ ਕਰਨ ਵਾਲੇ ਵਪਾਰੀਆਂ ਦਾ ਜੀਵਨ ਪੱਧਰ ਪੇਸ਼ਾਵਰ ਸ਼੍ਰੇਣੀਆਂ ਅਤੇ ਰਾਜ ਦੇ ਸਾਧਾਰਣ ਕਰਮਚਾਰੀਆਂ ਨਾਲੋਂ ਚੰਗੇਰਾ ਸੀ, ਕਿਉਂਕਿ ਵਿਦੇਸ਼ਾਂ ਨਾਲ ਸੰਪਰਕ ਕਾਰਣ ਉਨ੍ਹਾਂ ਨੂੰ ਅੰਤਰ ਰਾਸ਼ਟਰੀ ਜੀਵਨ-ਪੱਧਰ ਕਾਇਮ ਕਰਨਾ ਪੈਂਦਾ ਸੀ।[472]

ਨਿਮਨ ਸ਼੍ਰੇਣੀ ਦੇ ਲੋਕਾਂ ਦੀ ਹਾਲਤ ਭੈੜੀ ਸੀ। ਕਈ ਹਾਲਤਾਂ ਵਿਚ ਇਨ੍ਹਾਂ ਗਰੀਬ ਲੋਕਾਂ ਦੀਆਂ ਜੀਵਨ ਦੀਆਂ ਆਵੱਸ਼ਕ ਲੋੜਾਂ ਵੀ ਨਹੀਂ ਸਨ ਪੂਰੀਆਂ ਹੁੰਦੀਆਂ।[473] ਬੇਸ਼ਕ ਸਿਕੰਦਰ ਲੋਧੀ ਦੇ ਸ਼ਾਸਨ ਦੇ ਪਿਛਲੇ ਕਾਲ ਤੇ ਇਬਰਾਹੀਮ ਲੋਧੀ[474] ਅਤੇ ਅਕਬਰ ਵੇਲੇ[475] ਚੀਜ਼ਾਂ ਦੇ ਭਾਅ ਸਸਤੇ ਸਨ, ਫਿਰ ਵੀ ਉਨ੍ਹਾਂ ਦੇ ਮੁਕਾਬਲੇ ਕਾਮਿਆਂ ਦਾ ਦੈਨਿਕ ਵੇਤਨ ਬੜਾ ਘਟ ਸੀ।[476] ਗਰੀਬ ਲੋਕ ਹਾਕਮਾਂ ਦੀ ਸਮਾਜਕ ਗੁਲਾਮੀ ਵਿਚ ਫਸ ਜਾਂਦੇ ਸਨ।[477]

<u>ਧਨ ਸੰਗ੍ਰਹਿ ਦੀ ਬੁਰਾਈ:</u>- ਉਪਰੋਕਤ ਵਿਚਾਰ ਤੋਂ ਸਿਧ ਹੁੰਦਾ ਹੈ ਕਿ [illegible] ਮੱਧ ਕਾਲ ਦੇ ਦੌਰਾਨ ਸ਼ਾਸਕ, ਸਰਕਾਰੀ ਕਰਮਚਾਰੀ, ਵਪਾਰੀ, ਵਡੇ ਜ਼ਿਮੀਂਦਾਰ, ਲੋਕਾਂ ਦਾ ਸ਼ੋਸ਼ਣ ਕਰਕੇ ਬੜਾ ਐਸ਼ ਭਰਿਆ ਜੀਵਨ ਬਿਤਾਂਦੇ ਸਨ। ਅਮੀਰ ਹੋਰ ਅਮੀਰ ਹੋ ਰਹੇ ਸਨ ਅਤੇ ਗਰੀਬਾਂ ਦੀ ਆਰਥਿਕ ਹਾਲਤ ਦਿਨ ਬਦਿਨ ਵਧੇਰੇ ਹੀ ਨਿਘਰਦੀ ਜਾਂਦੀ ਸੀ। ਧਨ ਸੰਗ੍ਰਹਿ ਕਰਨ ਦੀ ਬੁਰਾਈ ਨੇ ਹੇਠਲੀ ਨਿਮਨ ਸ਼੍ਰੇਣੀ ਨੂੰ ਰਸਾਤਲ ਤਕ ਪਹੁੰਚਾ ਦਿੱਤਾ ਸੀ।

ਗੁਰੂ-ਕਾਲ ਵਿਚ ਧਨ-ਸੰਗ੍ਰਹਿ ਕਰਨ ਬਾਰੇ ਵਿਵੇਚਨ ਕਰਦਿਆਂ ਕਿਹਾ ਗਿਆ ਹੈ ਕਿ ਇਸ ਧਨ ਕਾਰਨ ਬਹੁਤ ਲੋਕ ਖੁਆਰ ਹੁੰਦੇ ਹਨ, ਪਾਪ ਕੀਤੇ ਬਿਨਾ ਜਾਂ ਵਲ ਛਲ ਕਰਨ ਤੋਂ ਬਿਨਾ ਧਨ ਇਕੱਠਾ ਨਹੀਂ ਹੋ ਸਕਦਾ, ਪਰੰਤੂ ਮਰਨ ਉਪਰੰਤ ਇਹ ਧਨ ਮਨੁੱਖ ਦੇ ਨਾਲ ਨਹੀਂ ਜਾਂਦਾ।[478] ਵਹੁਟੀ, ਮਿੱਤਰ, ਰਿਸ਼ਤੇਦਾਰ ਸਭ ਧਨ ਦੇ ਹੀ ਸੰਗੀ ਹਨ, ਜਦੋਂ ਮਨੁੱਖ ਨਿਰਧਨ ਹੋ ਜਾਵੇ ਤਾਂ ਸਾਰੇ ਹੀ ਛਡ ਜਾਂਦੇ ਹਨ।[479]

---

471. ਵਿਸਥਾਰ ਲਈ ਵੇਖੋ: ਅਧਿਆਇ ਇਹੋ, ਮੁਸਲਿਮ ਸਮਾਜ।
472. Glimpses of Medieval Indian Culture, P. 124, Yusuf Husain.
473. ਵਿਸਥਾਰ ਲਈ ਵੇਖੋ: ਇਸੇ ਅਧਿਆਇ ਵਿਚ 'ਮੁਸਲਿਮ ਸਮਾਜ' ਅਧੀਨ ਸਭ ਤੋਂ ਹੇਠਲੀ ਸ਼੍ਰੇਣੀ।
474. Medieval Indian Culture, P. 36, A.L. Srivastva.
475. ਉਹੀ, ਪ: 38-39
476. ਉਹੀ, ਪੰ: 39.
477. ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰ: 593, ਡਾ: ਮਨਮੋਹਨ ਸਹਿਗਲ।
478. ਇਸੁ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ।
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ।
(ਆਸਾ ਮ: 1, ਸ਼ਬਦਾਰਥ ਪੰ: 484)
479. ਦਾਰਾ ਮੀਤ ਪੂਤ ਸਨਬੰਧੀ, ਸਗਰੇ ਧਨ ਸਿਉ ਲਾਗੇ।
ਜਬ ਹੀ ਨਿਰਧਨ ਦੇਖਿਓ ਨਰ ਕਉ, ਸੰਗਿ ਛਾਡਿ ਸਭ ਭਾਗੇ।
(ਸੋਰਠਿ ਮ: 9, ਉਹੀ, ਪੰ: 633)

ਇਨ੍ਹਾਂ ਦੀ ਖਾਤਰ ਪਾਪ ਕਰਨ ਵਾਲਾ ਆਖੀਰ ਜਮਪੁਰੀ ਜਾਂਦਾ ਹੈ।[480] ਪਾਪਾਂ ਨਾਲ ਮਾਇਆ ਇਕੱਠੀ ਕਰਨ ਵਾਲਾ ਮਨੁਖ ਲੁਟੇ ਜਾਣ ਵਾਲੇ ਲੋਕਾਂ ਪਾਸੋਂ ਬਦ-ਅਸੀਸਾਂ ਲੈਂਦਾ ਹੈ। ਜਿਨ੍ਹਾਂ ਰਿਸ਼ਤੇਦਾਰਾਂ ਨੂੰ ਉਹ ਮਾਇਆ ਨਾਲ ਖੁਸ਼ ਕਰਦਾ ਹੈ, ਉਹ ਤਾਂ ਪਾਪ ਕਰਨ ਵਾਲੇ ਸਮੇਤ ਹੀ ਨਾਸਵੰਤ ਹਨ।[481] ਅਨਰਥ ਕਰਕੇ ਇਕੱਤਰ ਕੀਤਾ ਧਨ ਕਿਸੇ ਕੰਮ ਨਹੀਂ ਆਉਂਦਾ।[482] ਪਾਪ ਦੁਆਰਾ ਮਨੁੱਖ ਮਾਇਆ ਇਕੱਠੀ ਕਰਦਾ ਹੈ, ਪਰੰਤੂ ਇਹ ਸੰਸਾਰ ਤੋਂ ਨੰਗਾ ਹੀ ਜਾਂਦਾ ਹੈ ਤੇ ਧਨ ਇਥੇ ਪਿਆ ਰਹਿ ਜਾਂਦਾ ਹੈ।[483] ਰਾਜੇ ਮਾਇਆ ਦੀ ਜ਼ਹਿਰ ਇਕੱਤਰ ਕਰਦੇ ਤੇ ਦੂਜਿਆਂ ਦਾ ਧਨ ਖੋਹ ਕੇ ਖੁਸ਼ ਨਾਲ ਪਿਆਰ ਕਰਦੇ ਹਨ। ਪਰਿਵਾਰ ਦੇ ਮੈਂਬਰਾਂ ਨੂੰ ਚੰਗੀ ਨਜ਼ਰ ਨਾਲ ਵੇਖਦੇ ਹਨ। ਵੇਖਦਿਆਂ 2 ਹੀ ਮਾਇਆ ਚਲੀ ਜਾਂਦੀ ਹੈ ਤੇ ਫਿਰ ਪਛਤਾਂਦੇ ਹਨ। ਅਜਿਹੇ ਲੋਕਾਂ ਨੂੰ ਜਮ ਦੀ ਮਾਰ ਪੈਂਦੀ ਹੈ।[484]

ਜਦੋਂ ਇਹ ਧਨ ਨਾਲ ਨਹੀਂ ਜਾਂਦਾ ਤਾਂ ਮਨੁੱਖ ਇਸ ਨਾਲ ਕਿਉਂ ਲਿਪਟਿਆ ਹੋਇਆ ਹੈ, ਇਹਦੇ ਝੂਠੇ ਮੋਹ ਵਿਚ ਕਿਉਂ ਧਨ ਨੂੰ ਆਪਣਾ ਮੰਨਦਾ ਹੈ।[485] ਸਮਾਜਕ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੁੱਚੀ ਕਿਰਤ ਕਰਕੇ ਧਨ ਇਕੱਠਾ ਕਰਨ ਲਈ ਗੁਰਮਤਿ ਵਿਚ ਆਗਿਆ ਹੈ,[486] ਪਰੰਤੂ ਧਨ ਨੂੰ ਆਪਣੇ ਜਨਮ ਦਾ ਉਦੇਸ਼ ਮਾਤ੍ਰ ਬਣਾ ਲੈਣਾ ਅਤੇ ਅਹੰਕਾਰ ਨਾਲ ਮਾਇਆਧਾਰੀ ਬਣਨਾ ਨਿਸ਼ੇਧ ਹੈ, ਉਹ ਅੰਨ੍ਹਾ ਤੇ ਬੋਲਾ ਹੋ ਜਾਂਦਾ ਹੈ ਅਤੇ ਮਾਇਆ ਤੋਂ ਸਿਵਾ ਨਾ ਕੁਝ ਵੇਖਦਾ ਹੈ ਨਾ ਕੁਝ ਸੁਣਦਾ ਹੈ।[487]

---

480. ਕਾਮਣਿ ਲੋੜੈ ਸੁਇਨਾ ਰੁਪਾ, ਮਿਤ੍ਰ ਲੁੜੇਨਿ ਸੁ ਖਾਧਾਤਾ।
ਨਾਨਕ ਪਾਪ ਕਰੇ ਤਿਨ ਕਾਰਣਿ, ਜਾਸੀ ਜਮਪੁਰਿ ਬਾਧਾਤਾ।
(ਗਉੜੀ ਚੇਤੀ ਮ: 1, ਅੰ ਪੰ: 155)

481. ਲੈਦਾ ਬਦ ਦੁਆਇ ਤੂੰ, ਮਾਇਆ ਕਰਹਿ ਇਕੱਤ।
ਜਿਸਨੋ ਤੂੰ ਪਤੀ ਆਇਦਾ, ਸੋ ਸਣੁ ਤੁਝੈ ਅਨਿਤ। (ਸਿਰੀ ਰਾਗ ਮ: 5, ਗੁਰੀ, ਪੰ:42)

482. ਕਰ ਅਨਰਥ ਦਰਬੁ ਸੰਚਿਆ, ਸੋ ਕਾਰਜਿ ਕੇਤੁ।
(ਵਾਰ ਜੈਤਸਰੀ ਮ:5, ਪਉੜੀ 4, ਗੁਰੀ, ਪੰ: 706)

483. ਕਰਿ ਕਰਿ ਪਾਪੁ ਦਰਬੁ ਕੀਆ, ਵਰਤਣ ਕੈ ਤਾਈ।
ਮਾਟੀ ਸਿਉ ਮਾਟੀ ਰਲੀ, ਨਾਗਾ ਉਠਿ ਜਾਈ। (ਬਿਲਾਵਲ ਮ:5, ਗੁਰੀ, ਪੰ:809)

484. ਭੂਪਤਿ ਰਾਜੇ ਰੰਗ ਰਾਇ, ਸੰਚਹਿ ਬਿਖੁ ਮਾਇਆ।
ਕਰਿ ਕਰਿ ਹੇਤੁ ਵਧਾਇਦੇ, ਪਰ ਦਰਬੁ ਚੁਰਾਇਆ।
ਪੁਤ੍ਰ ਕਲਤ੍ਰ ਨ ਵਿਸਹਹਿ, ਬਹੁ ਪ੍ਰੀਤਿ ਲਗਾਇਆ।
ਵੇਖਦਿਆ ਹੀ ਮਾਇਆ ਧੁਹਿ ਗਈ ਪਛੁਤਹਿ ਪਛੁਤਾਇਆ।
ਜਮਦਰਿ ਬਧੇ ਮਾਰੀਅਹਿ, ਨਾਨਕ ਹਰਿ ਭਾਇਆ।
(ਸਾਰੰਗ ਕੀ ਵਾਰ ਮ: 4, ਪਉੜੀ 21, ਗੁਰੀ, ਪੰ: 1245)

485. ੳ) ਸੰਗਿ ਨ ਚਾਲਸਿ ਤੇਰੈ ਧਨਾ।
ਤੂੰ ਕਿਆ ਲਪਟਾਵਹਿ ਮੂਰਖ ਮਨਾ। (ਗਉੜੀ ਸੁਖਮਨੀ, ਮ:5, ਅਸਟਪਦੀ 19, ਗੁਰੀ, ਪੰ:288)
ਅ) ਧਨੁ ਧਨੁ ਕਹਾ ਪੁਕਾਰਤੇ, ਮਾਇਆ ਮੋਹ ਸਭ ਕੂਰ।
(ਗਉੜੀ ਬਾਵਨ ਅਖਰੀ ਮ:5, ਗੁਰੀ, ਪੰ: 250)

486. ਇਸੇ ਅਧਿਆਇ ਵਿਚ 'ਆਰਥਿਕ ਪਰਿਸਥਿਤੀਆਂ'।

487. ਮਾਇਆਧਾਰੀ ਅਤਿ ਅੰਨ੍ਹਾ ਬੋਲਾ।
(ਮ:3, ਵਾਰ ਗਉੜੀ ਮ:4, ਪਉੜੀ 24 ਦਾ ਸਲੋਕ, ਸਬਦਾਰਥ, ਪੰ: 313)

ਇਸੇ ਲਈ ਗੁਰੂ ਜੀ ਨੇ ਦੁਨਿਆਵੀ ਧਨ ਦੀ ਬਜਾਇ ਨਾਮ ਰੂਪੀ ਧਨ ਸੰਗ੍ਰਹਿ ਕਰਨ ਲਈ ਪ੍ਰੇਰਨਾ ਦਿੱਤੀ ਹੈ, ਕਿਉਂਕਿ ਇਸ ਧਨ ਨੂੰ ਨਾ ਤਾਂ ਅੱਗ ਸਾੜ ਸਕਦੀ ਹੈ, ਨਾ ਹੀ ਇਸ ਨੂੰ ਪਾਣੀ ਡੋਬ ਸਕਦਾ ਹੈ, ਨਾ ਹੀ ਇਹ ਮਨੁਖ ਦਾ ਸਾਥ ਹੀ ਛਡ ਕੇ ਜਾਂਦਾ ਹੈ।[488] ਕੇਵਲ ਨਾਮ ਰੂਪੀ ਧਨ ਹੀ ਨਿਹਚਲ ਹੈ, ਹੋਰ ਪ੍ਰਕਾਰ ਦੇ ਧਨ ਆਉਂਦੇ ਜਾਂਦੇ ਰਹਿੰਦੇ ਹਨ, ਇਸ ਧਨ ਨੂੰ ਚੋਰ ਜਾਂ ਡਾਕੂ ਚੋਰੀ ਨਹੀਂ ਕਰ ਸਕਦਾ।[489] ਧਨ ਦਾ ਨੁਕਸਾਨ ਹੋ ਜਾਣ ਤੇ ਮੂਰਖ ਝੂਰਦਾ ਹੈ, ਨਾਮ ਰੂਪੀ ਧਨ ਵਿਰਲੇ ਮਨੁਖ ਹੀ ਸੰਗ੍ਰਹਿ ਕਰਦੇ ਹਨ।[490] ਸੋਨਾ, ਚਾਂਦੀ, ਕੱਚਾ ਧਨ ਇਕੱਠਾ ਕਰਕੇ ਮਨੁਖ ਸਾਹ ਅਖਵਾਉਂਦਾ ਹੈ, ਪਰੰਤੂ ਬਾਦ ਵਿਚ ਦੁਬਿਧਾ ਵਿਚ ਪੈ ਕੇ ਖੁਆਰ ਹੁੰਦਾ ਹੈ, ਪਰੰਤੂ ਸਚਿਆਰ ਲੋਕ ਬਹੁਮੁੱਲਾ ਨਾਮ-ਰੂਪੀ ਸੱਚਾ ਧਨ ਸੰਗ੍ਰਹਿ ਕਰਦੇ ਹਨ।[491] ਕੱਚਾ ਧਨ ਮੂਰਖ ਤੇ ਗਵਾਰ ਹੀ ਇਕੱਤਰ ਕਰਦੇ ਹਨ ਤੇ ਸਦਾ ਦੁਖ ਭੋਗਦੇ ਹਨ।[492] ਨਾਮ ਰੂਪੀ ਸੱਚਾ ਧਨ ਕਦੇ ਘਟਦਾ ਨਹੀਂ।[493] ਗੁਰੂ ਜੀ ਨਾਮ ਰੂਪੀ ਸੱਚਾ ਧਨ ਵਰਤਣ ਲਈ ਕਹਿੰਦੇ ਹਨ, ਨਾ ਇਹ ਘਟਦਾ ਹੈ, ਇਹ ਸਗੋਂ ਪਰਲੋਕ ਵਿਚ ਵੀ ਨਾਲ ਹੀ ਰਹਿੰਦਾ ਹੈ।[494] ਗੁਰੂ ਜੀ ਇਸ ਸੱਚੇ ਧਨ ਨੂੰ ਰਲ ਮਿਲ ਕੇ ਵਰਤਣ ਲਈ ਜ਼ੋਰ ਦਿੰਦੇ ਹਨ, ਕਿਉਂਕਿ ਇਸ ਵਿਚ ਕਦੇ ਤੋਟ ਨਹੀਂ ਆਉਂਦੀ, ਸਗੋਂ ਵਧਦਾ ਹੀ ਜਾਂਦਾ ਹੈ।[495] ਗੁਰਮੁਖ ਨਾਮ ਧਨ ਇਕੱਤਰ ਕਰਦੇ ਹਨ ਤੇ ਹਰੀ ਦੇ ਨਾਂ ਤੇ ਹੀ ਖਰਚ ਕਰਦੇ ਹਨ ਨਾਲ ਦੂਜਿਆਂ ਨਾਲ ਸਾਂਝਾ ਕਰਦੇ ਹਨ ਅਤੇ ਸੁਖ ਪਾਂਦੇ ਹਨ।[496]

<u>ਸਮਾਜਵਾਦੀ-ਆਰਥਿਕ-ਦ੍ਰਿਸ਼ਟੀਕੋਣ ਤੇ ਗੁਰਮਤਿ:-</u> ਸਮਾਜਵਾਦੀਆਂ ਦੇ ਸਮਾਨ-ਆਰਥਿਕ-ਵਿਤਰਨ ਨਾਲ ਗੁਰੂ

---

488. ਐਸਾ ਹਰਿ ਧਨੁ ਸੰਚੀਐ ਭਾਈ।
ਭਾਹਿ ਨ ਜਾਲੈ, ਜਲਿ ਨਹੀ ਡੂਬੈ, ਸੰਗੁ ਛੋਡਿ ਕਰਿ ਕਤਹੁ ਨ ਜਾਈ।
(ਆਸਾ ਮ:5, ਗੁਹੀ, ਪੰ: 375)

489. ਏਕੋ ਨਿਹਚਲ ਨਾਮ ਧਨੁ, ਹੋਰੁ ਧਨੁ ਆਵੈ ਜਾਇ।
ਇਸੁ ਧਨ ਕਉ ਤਸਕਰੁ, ਜੋਹਿ ਨ ਸਕਈ, ਨਾ ਓਚਕਾ ਲੈ ਜਾਇ।
(ਵਾਰ ਗੂਜਰੀ ਮ:3, ਪਉੜੀ 7 ਦਾ ਸਲੋਕ, ਗੁਹੀ, ਪੰ: 511)

490. ਧਨ ਗਇਆ ਬਹਿ ਝੂਰੀਐ, ਧਨ ਮਹਿ ਚੀਤੁ ਗਵਾਰ।
ਧਨੁ ਵਿਰਲੀ ਸਚੁ ਸੰਚਿਆ, ਨਿਰਮਲੁ ਨਾਮੁ ਪਿਆਰਿ।36।
(ਰਾਮਕਲੀ ਮ:1, ਓਅੰਕਾਰ, ਗੁਹੀ, ਪੰ: 934)

491. ਸੁਇਨਾ ਰੁਪਾ ਸੰਚੀਐ, ਧਨੁ ਕਾਚਾ ਬਿਖੁ ਛਾਰੁ।
ਸਾਹੁ ਸਦਾਏ ਸੰਚਿ ਧਨੁ, ਦੁਬਿਧਾ ਹੋਇ ਖੁਆਰੁ।48।
(ਰਾਮਕਲੀ ਮ:1, ਦਖਣੀ ਓਅੰਕਾਰ, ਗੁਹੀ, ਪੰ: 937)

492. ਕਾਚਾ ਧਨੁ ਸੰਚਹਿ ਮੂਰਖ ਗਾਵਾਰ। ਮਨਮੁਖ ਭੂਲੇ ਅੰਧ ਗਾਵਾਰ।
ਬਿਖਿਆ ਕੈ ਧਨ ਸਦਾ ਦੁਖੁ ਹੋਇ। .... (ਧਨਾਸਰੀ ਮ:3, ਗੁਹੀ, ਪੰ: 665)

493. 'ਇਹ ਧਨੁ ਅਖੁਟੁ ਨ ਨਿਖੁਟੈ ਨ ਜਾਇ'। (ਧਨਾਸਰੀ ਮ: 3, ਗੁਹੀ, ਪੰ: 663)

494. 'ਖਾਵਹੁ ਖਰਚਹੁ ਤੋਟਿ ਨ ਆਵੈ, ਹਲਤ ਪਲਤ ਕੈ ਸੰਗੇ।'
(ਗੂਜਰੀ ਮ:5, ਗੁਹੀ, ਪੰ: 495-96)

495. ਖਾਵਹਿ ਖਰਚਹਿ ਰਲਿ ਮਿਲਿ ਭਾਈ। ਤੋਟਿ ਨ ਆਵੈ ਵਧਦੋ ਜਾਈ।
(ਗਉੜੀ ਮ: 5, ਗੁਹੀ, ਪੰ: 186)

496. ਗੁਰਮੁਖ ਜਨ ਪਵਿਤੁ ਹੈ, ਧਨੁ ਸੰਚਿ ਮਾਇਆ।
ਹਰਿ ਅਰਥਿ ਜੋ ਖਰਚਦੇ, ਦੇਂਦੇ ਸੁਖੁ ਪਾਇਆ। (ਵਾਰ ਸਾਰੰਗ ਮ:4, ਪਉੜੀ 22, ਗੁਹੀ, ਪੰ: 1246)

ਸਾਹਿਬਾਨ ਜ਼ਹਿਮਤ ਹਨ। ਉਹ ਲੋਕਾਂ ਵਿਚ ਧਨ ਦੌਲਤ, ਸੰਪੱਤੀ ਆਦਿ ਦੀ ਕਾਣੀ ਵੰਡ ਦਾ ਖਾਤਮਾ ਚਾਹੁੰਦੇ ਹਨ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਸਮਾਜਵਾਦੀ ਕ੍ਰਾਂਤੀ/ਇਨਕਲਾਬ ਦਾ ਸਾਧਨ ਅਪਨਾਏ ਹਨ, ਪਰੰਤੂ ਗੁਰਮਤਿ ਦਾ ਇਸ ਸਾਧਨ ਨਾਲ ਮਤਭੇਦ ਹੈ। ਗੁਰੂ ਸਾਹਿਬਾਨ ਵਲੋਂ ਧਰਮ ਦੀ ਕਿਰਤ ਅਤੇ ਲੋੜਵੰਦਾਂ ਨਾਲ ਵੰਡ ਕੇ ਛਕਣ ਤੇ ਜ਼ੋਰ ਦਿੱਤਾ ਗਿਆ ਹੈ,[497] ਮਨੁੱਖ ਧਰਮੀ ਹੀ ਤਾਂ ਹੋ ਸਕਦਾ ਹੈ ਜੇ ਉਹ ਮਿਹਨਤੀ ਹੈ, ਉੱਦਮੀ ਹੈ, ਕਿਉਂਕਿ ਉੱਦਮ ਕਰਨ ਨਾਲ ਕਮਾਈ ਦੁਆਰਾ ਸੁਖ ਦੀ ਪ੍ਰਾਪਤੀ ਹੁੰਦੀ ਹੈ।[498] ਜਿਸ ਪ੍ਰਕਾਰ ਕਿਰਤ ਕਰਨੀ ਤੇ ਵੰਡ ਛਕਣਾ ਸਮਾਜਕ ਸ਼ੁਭ ਹੈ, ਉਸੇ ਪ੍ਰਕਾਰ ਨਾਮ ਜਪਣਾ ਅਧਿਆਤਮਕ ਸ਼ੁਭ ਹੈ ਜਿਸ ਦੁਆਰਾ ਪ੍ਰਭੂ ਮਿਲਾਪ ਹੁੰਦਾ ਹੈ।[499] ਗੁਰੂ ਜੀ ਅਨੁਸਾਰ ਮਿਹਨਤ-ਮੁਸ਼ੱਕਤ ਕਰਨ ਵਾਲਿਆਂ ਦੇ ਮੁਖ ਉਜਲੇ ਹੁੰਦੇ ਹਨ।[500]

ਸੰਸਾਰ ਦੇ ਸਾਰੇ ਕਲੇਸ਼, ਝਗੜੇ ਅਤੇ ਖਿਚੋਤਾਣ ਦਾ ਮੂਲ ਕਾਰਨ ਹੈ ਹੀ ਦੂਜੇ ਦਾ ਹੱਕ ਮਾਰਨ ਦੀ ਰੁਚੀ। ਗੁਰੂ ਜੀ ਹਿੰਦੂ-ਮੁਸਲਮਾਨ ਦੋਨਾਂ ਧਰਮਾਂ ਦੇ ਲੋਕਾਂ ਨੂੰ ਇਸ ਬਾਰੇ ਅਸਲੀਅਤ ਦਰਸਾਂਦੇ ਹੋਏ ਕਹਿੰਦੇ ਹਨ ਕਿ ਪਰਾਇਆ ਹੱਕ ਮੁਸਲਮਾਨ ਦੇ ਸੂਰ ਖਾਣ ਤੇ ਹਿੰਦੂ ਦੇ ਗਊ ਖਾਣ ਬਰਾਬਰ ਹੈ, ਗੁਰੂ ਜਾਂ ਪੀਰ ਜਾਮਨ ਵੀ ਤਾਂ ਹੀ ਹਾਮੀ ਭਰੇਗਾ ਜੇ ਉਹ ਮੁਰਦਾਰ ਜਾਂ ਪਰਾਇਆ ਹੱਕ ਨਾ ਮਾਰੇ।[501]

ਮਾਇਆ ਦੀ ਬਹੁਤਾ ਜਾਂ ਥੁੜ ਮਾਨਸਿਕ ਚਿੰਤਾ ਦਾ ਕਾਰਨ ਹੁੰਦੀ ਹੈ। ਗੁਰੂ ਜੀ ਅਨੁਸਾਰ ਇਨ੍ਹਾਂ ਦੋਹਾਂ ਬਿਵਸਥਾ ਤੋਂ ਛੁਟਕਾਰਾ ਪਾਉਣ ਵਾਲਾ ਹੀ ਸੁਹੇਲਾ (ਸੁਖੀ) ਹੋ ਸਕਦਾ ਹੈ।[502]

ਗੁਰੂ ਸਾਹਿਬਾਨ ਨੇ ਤਤਕਾਲੀਨ ਸਮਾਜਕ, ਧਾਰਮਿਕ, ਰਾਜਨੀਤਕ, ਕੁਰੀਤੀਆਂ ਦਾ ਖੰਡਨ ਕਰਦਿਆਂ ਸਮਾਜ ਦੀ ਪਦਾਰਥਕ ਖੁਸ਼ਹਾਲੀ, ਮਾਨਸਿਕ ਅਰੋਗਤਾ ਅਤੇ ਆਤਮਿਕ ਉੱਚਤਾ ਦੀ ਕਾਮਨਾ ਤੇ ਕਲਪਨਾ ਕੀਤੀ। ਗੁਰੂ ਨਾਨਕ ਨੂੰ ਆਪਣੇ ਸਮੇਂ ਦਾ ਮਹਾਨ ਮਾਨਵਤਾਵਾਦੀ ਕਿਹਾ ਜਾਂਦਾ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਅਨੁਸਾਰ ਗੁਰੂ ਸਾਹਿਬ ਦਾ ਮਾਨਵਤਾਵਾਦ ਸੰਸਾਰ ਦੇ ਸਾਰੇ ਮਨੁੱਖਾਂ ਨੂੰ ਇਕ ਵਿਸ਼ਵ-ਭਾਈਚਾਰੇ ਦਾ ਅੰਗ ਮੰਨਦਾ ਹੈ। ਇਸ ਦੀ ਗਲਵਕੜੀ ਵਿਚ ਸਾਰੀ ਮਾਨਵਤਾ ਆ ਜਾਂਦੀ ਹੈ। ਮਾਰਕਸਵਾਦ ਵਿਚ, ਇਹ ਖਲਕ ਦੀ ਪਦਾਰਥਕ ਖੁਸ਼ਹਾਲੀ ਨਾਲ ਸੰਬੰਧ ਰਖਦਾ ਹੈ। ਸਮਾਜ ਦੇ ਸਾਰੇ ਲੋਕਾਂ ਨੂੰ ਕੁੱਲੀ, ਗੁੱਲੀ ਤੇ ਜੁੱਲੀ ਮੁਹੱਈਆ

---

497. ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।
(ਵਾਰ ਸਾਰੰਗ ਮ:1, ਪਉੜੀ 22 ਦਾ ਸਲੋਕ, ਉਹੀ, ਪੰ: 1245)

498. ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ।
(ਵਾਰ ਗੂਜਰੀ ਮ:5, ਪਉੜੀ 17 ਦਾ ਸਲੋਕ, ਉਹੀ, ਪੰ:522)

499. ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ। (ਉਹੀ, ਪੰ: 522)

500. ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ। (ਜਪੁ ਆਖਰੀ ਸਲੋਕ, ਉਹੀ, ਪੰ: 8)

501. ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ। (ਵਾਰ ਮਾਝ ਮ:1, ਪਉੜੀ 7 ਦਾ ਸਲੋਕ, ਉਹੀ, ਪੰ:14

502. ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ। ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ।
ਦੁਹੂ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਭਾਲੀਐ। (ਮਾਰੂ ਮ:5, ਉਹੀ, ਪੰ: 1019)

ਕਰਨਾ, ਕੋਈ ਵੀ ਸਰਕਾਰ ਦਾ ਪਰਮ ਕਰਮ ਹੁੰਦਾ ਹੈ, ਪਰ ਪਦਾਰਥਕ ਖੁਸ਼ਹਾਲੀ ਅੰਤਮ ਲਖਸ਼ ਨਹੀਂ। ਗੁਰੂ ਨਾਨਕ ਦਾ ਮਾਨਵਤਾਵਾਦ ਇਸ ਤੋਂ ਅੱਗੇ ਇਕ ਮਹਾਨ ਨੈਤਿਕ ਅਨੁਸ਼ਾਸਨ ਪ੍ਰਦਾਨ ਕਰਦਾ ਹੈ ਅਤੇ ਆਤਮਿਕ ਪੱਧਰ ਉਤੇ ਮਨੁੱਖ ਦੇ ਵਿਕਾਸ ਦਾ ਰਾਹ ਦਰਸਾਉਂਦਾ ਹੈ।[503]

ਇਸ ਅਧਿਆਇ ਦੇ ਸਿਰਲੇਖ ਦੇ ਅੰਤਰਗਤ ਸਮੁੱਚੀ ਵਿਚਾਰ ਕਰਨ ਉਪਰੰਤ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਪ੍ਰਤਿਕੂਲ ਪਰਿਸਥਿਤੀਆਂ ਹੋਣ ਦੇ ਬਾਵਜੂਦ ਵੀ ਆਦਿ ਬੀੜ ਦੇ ਗੁਰੂ-ਕਾਵਿ ਵਿਚ ਇਕ ਅਜਿਹੇ ਸਮਾਜ ਦਾ ਸੰਕਲਪ ਅਤੇ ਆਦਰਸ਼ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਵਰਣ-ਰਹਿਤ ਅਤੇ ਵਰਗ ਰਹਿਤ ਹੋਵੇ। ਵਖ ਵਖ ਸਮਾਜਾਂ ਨਾਲ ਸਬੰਧਤ ਲੋਕਾਂ ਨੂੰ ਸਾਂਝੀਵਾਲਤਾ ਦੇ ਸੂਤ ਵਿਚ ਪਰੋਣਾ ਗੁਰੂ-ਕਵੀਆਂ ਦਾ ਮੁਖ ਆਸ਼ਾ ਸੀ। ਉਨ੍ਹਾਂ ਦੁਆਰਾ ਸੰਕਲਪ ਕੀਤੇ ਗਏ ਆਦਰਸ਼ ਅਨੁਸਾਰ ਸਮਾਜ ਦਾ ਪ੍ਰਤਿਨਿਧ ਜੀਵਨ ਆਦਰਸ਼ਵਾਦੀ ਹੋਵੇ, ਇਸਤਰੀ ਦਾ ਯੋਗ ਸਤਿਕਾਰ ਹੋਵੇ ਅਤੇ ਉਹ ਸਮਾਜ ਹਰ ਪ੍ਰਕਾਰ ਦੀਆਂ ਸਮਾਜਕ, ਆਰਥਿਕ ਤੇ ਸਭਿਆਚਾਰਕ ਬੁਰਾਈਆਂ ਤੋਂ ਮੁਕਤ ਹੋਵੇ।

---

503. The humanism of Guru Nanak regards all human beings of the world as a part of the great universal fraternity. It brings all the humanity in its purview like Marxism, it is concerned with the material well being of the people. All the members of the society should be provided with food, shelter and clothing, and it is the primary duty of a ruler. But the material well being is only a midway target. The humanism of Guru Nanak further gives a great ethical discipline and provides for development on the spiritual plane.

-----Philosophy of Guru Nanak, P-167-68, Dr. S.S.Kohli.

ਅਧਿਆਇ ਤੀਜਾ

'ਸ਼ਹਿ ਤ੍ਰੂੰ ਦੇ ਕੁਰੂ-ਸ਼ਹਿ ਦਾ ਅਫਗਿਕ ਪੰਧ'

ਅਧਿਆਇ ਪੰਜਵਾਂ

'ਨਾਮਧਾਰੀ ਪੰਥ ਦੇ ਗੁਰੂ-ਸਾਹਿਬ ਦਾ ਧਾਰਮਿਕ ਪੱਖ'

ਭਾਰਤੀ ਸਮਾਜ ਦੇ ਬੁਨਿਆਦੀ ਤੱਤਾਂ ਵੱਲ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਇਸ ਦਾ ਮੂਲ ਅਧਾਰ ਧਰਮ ਹੈ। ਮਨੁੱਖੀ ਜੀਵਨ ਦੀ ਹਰ ਕਿਰਿਆ ਧਰਮ ਦੇ ਘੇਰੇ ਵਿਚ ਆ ਜਾਂਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਧਰਮ ਮਨੁਖੀ ਜੀਵਨ ਦੇ ਹਰ ਪੱਖ ਦੀ ਠੀਕ ਅਗਵਾਈ ਕਰਦਾ ਹੈ।

ਧਰਮ ਜੀਵਨ ਦੀ ਧਾਰਾ ਨਾਲ ਇਕਮਿਕਤਾ ਸਥਾਪਿਤ ਕਰਨਾ ਅਤੇ ਇਸ ਨਵੀਂ ਸਿਰਜਨਾਤਮਕ ਪ੍ਰਗਤੀ ਵਿਚ ਭਾਗ ਲੈਣਾ ਹੈ। ਧਰਮੀ ਮਨੁਖ ਭੌਤਿਕ ਪ੍ਰਕ੍ਰਿਤੀ ਜਾਂ ਸਮਾਜਕ ਪਰਿਸਥਿਤੀਆਂ ਅਨੁਸਾਰ ਥੋਪੀਆਂ ਗਈਆਂ ਮਰਿਆਦਾਵਾਂ ਤੋਂ ਉਪਰ ਉਠ ਜਾਂਦਾ ਹੈ ਅਤੇ ਸਿਰਜਨਾਤਮਕ ਪ੍ਰੇਰਨਾ ਨੂੰ ਵਧੇਰੇ ਵਿਸ਼ਾਲ ਬਣਾਉਂਦਾ ਹੈ। ਧਰਮ ਇਕ ਗਤੀਸ਼ੀਲ ਪ੍ਰਕਿਰਿਆ ਹੈ, ਜੋ ਕੁਝ ਖਾਸ ਵਿਅਕਤੀਆਂ ਦੇ ਮਾਧਿਅਮ ਦੁਆਰਾ ਮਾਨਵਜਾਤੀ ਨੂੰ ਇਕ ਨਵੇਂ ਪੱਧਰ ਤਕ ਪਹੁੰਚਾਉਣ ਲਈ ਯਤਨਸ਼ੀਲ ਰਹਿੰਦਾ ਹੈ।[1]

ਧਰਮ ਦਾ ਪ੍ਰਵਾਹ ਕਰਮ, ਗਿਆਨ ਅਤੇ ਭਗਤੀ ਦੀ ਤ੍ਰਿਵੇਣੀ ਵਿਚੋਂ ਹੁੰਦਾ ਹੈ। ਭਾਰਤ ਦੇ ਪ੍ਰਾਚੀਨ ਅਧਿਆਤਮਕ-ਜੀਵਨ ਵਿਚ ਕਦੇ ਗਿਆਨ, ਕਦੇ ਕਰਮ ਅਤੇ ਕਦੇ ਭਗਤੀ ਨੂੰ ਮਹੱਤਵ-ਪੂਰਨ ਮੰਨਿਆ ਗਿਆ, ਪਰੰਤੂ ਮਧਕਾਲ ਤਕ ਪਹੁੰਚਦਿਆਂ ਇਨ੍ਹਾਂ ਤਿੰਨਾਂ ਦਾ ਅਨੁਕੂਲ ਏਕੀਕਰਨ ਹੁੰਦਾ ਦਿਖਾਈ ਦਿੰਦਾ ਹੈ।[2]

ਕਿਸੇ ਵੀ ਸਮਾਜ ਦਾ ਕਲਿਆਣ ਉਪਰੋਕਤ ਵਰਣਿਤ ਤਿੰਨਾਂ ਧਾਰਾਵਾਂ ਨਾਲ ਹੀ ਹੋ ਸਕਦਾ ਹੈ। ਗਿਆਨ ਬਿਨਾ ਕਰਮ ਬੇਅਰਥ ਹੈ, ਭਗਤੀ ਬਿਨਾ ਆਤਮਾ-ਪ੍ਰਭੂ ਦਾ ਮੇਲ ਨਹੀਂ ਸੰਭਵ ਹੁੰਦਾ। ਐਸੇ ਕਰਮਾਂ ਬਿਨਾ ਨਾ ਇਹ ਲੋਕ ਸੌਰਦਾ ਹੈ ਅਤੇ ਨਾ ਹੀ ਪਰਲੋਕ। ਮਹਾਂਪੁਰਸ਼ ਸੰਸਾਰ ਦੇ ਕਲਿਆਣ ਲਈ ਆਉਂਦੇ ਹਨ, ਵਿਅਕਤੀ ਦੇ ਸਮਾਜਕ ਜੀਵਨ ਨੂੰ ਉੱਚਾ ਚੁਕਾਉਣ ਲਈ ਉਹ ਹਰ ਸੰਭਵ ਯਤਨ ਕਰਦੇ ਹਨ, ਜਿਸ ਲਈ ਧਰਮ ਇਕ ਆਵਸ਼ਕ ਤੱਤ ਹੈ। ਜਦੋਂ ਕਦੇ ਵਿਪਰੀਤ ਪਰਸਥਿਤੀਆਂ ਕਾਰਨ ਸਮਾਜ ਧਰਮ ਦੇ ਅਸਲ ਸਰੂਪ ਨੂੰ ਭੁਲ ਕੇ ਗਲਤ ਪਾਸੇ ਪੈ ਜਾਂਦਾ ਹੈ ਤਾਂ ਯੁਗ-ਪੁਰਸ਼ ਧਰਮ ਦੇ ਸ਼ੁਧ ਰੂਪ ਨੂੰ ਆਪਣੇ ਵਿਚ ਧਾਰਨ ਕਰਕੇ ਕੁਰਾਹੇ ਪਏ ਸਮਾਜ ਨੂੰ ਠੀਕ ਸੇਧ ਦੇ ਕੇ ਦੇਸ਼ ਨੂੰ ਪਤਨ ਤੋਂ ਬਚਾਉਣ ਲਈ ਯਤਨ ਸ਼ੀਲ ਹੁੰਦੇ ਹਨ।

ਸਾਡੇ ਖੋਜ ਪ੍ਰਬੰਧ ਦਾ ਇਤਿਹਾਸਕ ਕਾਲ ਭਾਵੇਂ ਮੱਧਕਾਲ ਅਰਥਾਤ ਗੁਰੂ ਕਾਲ ਹੀ ਹੈ ਪਰ ਵੈਸੇ ਪ੍ਰਾਚੀਨ ਕਾਲ ਤੋਂ ਧਰਮ ਸਮਾਜ ਨੂੰ ਆਪਣੇ ਕਾਬੂ ਵਿਚ ਰਖਦਾ ਰਿਹਾ ਹੈ। ਵੱਡੇ ਵੱਡੇ ਰਾਜਿਆਂ ਦੀ ਨਿਰੰਕੁਸ਼ਤਾ ਨੂੰ ਕਾਬੂ ਕਰਨ ਲਈ ਜਨਤਾ ਦੁਆਰਾ ਨਿਰਧਾਰਿਤ ਪ੍ਰਤਿਨਿਧ ਮੰਡਲ ਨਹੀਂ ਸੀ ਹੁੰਦਾ, ਕੇਵਲ ਧਰਮ ਹੀ ਰਾਜੇ ਦੀਆਂ ਸ਼ਕਤੀਆਂ ਨੂੰ ਨਿਯੰਤ੍ਰਤ ਕਰਦਾ ਸੀ।[3]

---

1. ਧਰਮ ਔਰ ਸਮਾਜ, ਪੰ: 42, ਡਾ: ਰਾਧਾ ਕ੍ਰਿਸ਼ਨਨ।
2. ਗੁਰੂ ਗੋਬਿੰਦ ਸਿੰਘ ਔਰ ਉਨ ਕਾ ਕਾਵਯ, ਪੰ: 325, ਡਾ: ਪ੍ਰਮਿੰਨੀ ਸਰਿਤਾ।
3. The Culture of India, P-76, Aurbindo C.C. Dutt.

ਆਦਿ ਗ੍ਰੰਥ ਦੇ ਗੁਰੂ-ਕਾਲ ਦੇ ਧਾਰਮਿਕ ਪੱਖ ਦਾ ਨਿਰੂਪਣ ਕਰਨ ਲਈ ਹੁਣ ਅਸੀਂ ਸਮਕਾਲੀਨ ਧਾਰਮਿਕ ਪਰਿਸਥਿਤੀਆਂ ਦਾ ਵਿਵੇਚਨ ਕਰਾਂਗੇ, ਉਪਰੰਤ ਉਨ੍ਹਾਂ ਪਰੰਪਰਾਗਤ ਧਰਮਾਂ ਬਾਰੇ ਚਰਚਾ ਕੀਤੀ ਜਾਵੇਗੀ ਜਿਨ੍ਹਾਂ ਤੇ ਸਮਕਾਲੀਨ ਸਮਾਜ ਵਿਸ਼ੇਸ਼ ਤੌਰ ਤੇ ਪ੍ਰਭਾਵਤ ਹੋ ਰਿਹਾ ਸੀ।

<u>ਸਮਕਾਲੀਨ ਧਾਰਮਿਕ ਪਰਿਸਥਿਤੀਆਂ:</u>

ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ (1469 ਈ:) ਤਕ ਭਾਰਤ ਵਿਚ ਮੁਸਲਮਾਨੀ ਰਾਜ ਦੀਆਂ ਜੜ੍ਹਾਂ ਪੱਕੀਆਂ ਹੋ ਚੁਕੀਆਂ ਸਨ। ਸ਼ਾਸਕ ਵਰਗ ਦਾ ਧਰਮ ਇਸਲਾਮ ਸੀ ਅਤੇ ਬਹੁਤੀ ਪਰਜਾ ਦੀ ਬਹੁਗਿਣਤੀ ਬ੍ਰਾਹਮਣੀ ਅਰਥਾਤ ਹਿੰਦੂ ਧਰਮ ਨੂੰ ਮੰਨਣ ਵਾਲੀ ਸੀ। ਪਰੰਤੂ ਸਮਾਜ ਵਿਚ ਇਨ੍ਹਾਂ ਵਿਚ ਕੇਵਲ ਦਿਖਾਵੇ ਦਾ ਹੀ ਧਰਮ ਰਹਿ ਗਿਆ ਸੀ। ਡਾ: ਨਾਰੰਗ ਅਨੁਸਾਰ ਹਿੰਦੂ ਰੋਜ਼ਾਨਾ ਪੂਜਾ ਪੁੰਨ ਕਰਕੇ ਜਾਂਦੀ ਬ੍ਰਾਹਮਣ ਤੀਰਥਾਂ ਤੇ ਇਸ਼ਨਾਨ ਕਰਨ, ਮੱਥੇ ਤੇ ਟਿੱਕਾ ਲਾਉਣ ਜਾਂ ਹੋਰ ਇਸ ਪ੍ਰਕਾਰ ਦੀਆਂ ਰਸਮਾਂ ਨੂੰ ਹੀ ਧਰਮ ਸਮਝਦੇ ਸਨ। ਬੁਤ ਪੂਜਾ ਜ਼ੋਰਾਂ ਤੇ ਸੀ, ਵੇਦ ਸ਼ਾਸਤਰ ਪੜ੍ਹਨ ਦਾ ਅਧਿਕਾਰ ਕੇਵਲ ਬ੍ਰਾਹਮਣਾਂ ਨੂੰ ਹੀ ਸੀ ਜੋ ਅਗਿਆਨੀ ਲੋਕਾਂ ਦਾ ਸ਼ੋਸ਼ਣ ਕਰਦੇ ਸਨ। ਇਸ ਪ੍ਰਕਾਰ ਪੁਜਾਰੀਆਂ ਦੀ ਮੁਕਾਬਲਤਨ ਗੈਰਜ਼ਰੂਰੀ ਰਸਮਾਂ ਨੇ ਸੱਚੇ ਧਰਮ ਦੀ ਜਗ੍ਹਾ ਲੈ ਲਿਆ ਸੀ। ਹਿੰਦੂ ਧਰਮ ਦੇ ਉੱਚ-ਆਦਰਸ਼ ਭਾਰ ਭੇਖ ਤੇ ਦਿਖਾਵੇ ਦੇ ਹੇਠਾਂ ਦਬ ਜਾ ਚੁਕੇ ਸਨ।[4]

ਸਾਰੇ ਦੇਸ਼ ਪ੍ਰਬੰਧ ਦੇ ਨਿਰਧਾਰਤ ਕਾਲ ਵਿਚ ਧਰਮ ਦਾ ਰੂਪ ਬਿਲਕੁਲ ਹੀ ਵਿਗੜ ਚੁਕਾ ਸੀ। ਬੁਤ-ਪੂਜਾ, ਮੜ੍ਹੀਆਂ, ਕਬਰਾਂ, ਜੰਤ, ਮੂਰਤ, ਜਾਦੂ ਟੂਣਾ, ਤੰਤਰ, ਕਰਮ ਕਾਂਡ ਆਦਿ ਦੀ ਪੂਜਾ ਕੀਤੀ ਜਾਂਦੀ ਸੀ। ਆਪੋ ਆਪਣੀ ਮਰਜ਼ੀ ਹੋਈ ਸੀ ਤੇ ਵੱਖਰੇ ਵੱਖਰੇ ਧਰਮ ਚਲਾਏ ਜਾ ਰਹੇ ਸਨ।[5] ਹਿੰਦੂ ਧਰਮ ਵਿਚ ਵਰਣ-ਆਸ਼ਰਮ ਪਰੰਪਰਾਗਤ ਹੋਣ ਕਰਕੇ ਧਾਰਮਿਕ ਏਕਤਾ ਨਹੀਂ ਸੀ ਆ ਸਕਦੀ। ਬ੍ਰਾਹਮਣੀ ਮੱਤ ਵਿਚੋਂ ਕਈ ਸੰਪਰਦਾਵਾਂ ਹੋਂਦ ਵਿਚ ਆ ਚੁਕੀਆਂ ਸਨ। ਨਾਥ, ਜੋਗੀ, ਸੰਨਿਆਸੀ, ਜੈਨੀ ਆਦਿਕ ਆਪਣੇ ਢੰਗ ਨਾਲ ਲੋਕਾਂ ਨੂੰ ਪਿੱਛੇ ਲਗਾ ਰਹੇ ਸਨ। ਬ੍ਰਾਹਮਣ ਵਾਦੀ ਕਰਕੇ ਵੇਦ ਤੇ ਪੁਰਾਣਾਂ ਦੇ ਵਾਦ ਕਰਨ ਵਿਚ ਪ੍ਰਵਿਰਤ ਹੋ ਰਹੇ ਸਨ। ਖੱਟ ਦਰਸ਼ਨ ਦੀਆਂ ਪਰਸਪਰ ਵਿਰੋਧੀ ਸਿਖਿਆਵਾਂ ਕਾਰਨ ਪਾਖੰਡ ਵਧ ਰਹੇ ਸਨ।[6]

ਇਸ ਤੋਂ ਇਲਾਵਾ ਹਿੰਦੂ ਧਰਮ ਵਿਚ ਕਿਤੇ ਵੈਸ਼ਨਵਾਂ ਦਾ ਕਿਤੇ ਸ਼ੈਵਾਂ ਦਾ, ਕਿਤੇ ਸ਼ਾਕਤਾਂ ਦਾ ਬੋਲਬਾਲਾ ਸੀ। ਕਿਤੇ ਰਾਮ ਦੀ ਪੂਜਾ, ਕਿਤੇ ਕ੍ਰਿਸ਼ਨ ਲੀਲਾ, ਕਿਤੇ ਨਿਰਗੁਣ ਵਾਦੀਆਂ ਦਾ ਰੰਗ ਅਤੇ ਕਿਤੇ ਹੱਠਯੋਗੀ ਆਪਣੀ ਧੂਣੀ ਰਮਾ ਰਹੇ ਸਨ। ਵੇਦਾਂਤੀਆਂ ਦੀ ਗਿਆਨ-ਪ੍ਰਧਾਨ ਵਿਚਾਰਧਾਰਾ ਵੀ ਜਨ ਸਾਧਾਰਣ

---

4. Transformation of Sikhism, P-5, Dr. G.C. Narang.
5. ਪਉੜੀ 18/ਵਾਰ ਪਹਿਲੀ, ਭਾਈ ਗੁਰਦਾਸ।
6. ਪਉੜੀ 19/ਵਾਰ ਪਹਿਲੀ, ਉਹੀ।

ਦੀ ਸਮਝ ਨਾ ਰਹੀ।

ਇਸ ਕਾਲ ਵਿਚ ਆਮ ਤੌਰ ਤੇ ਲੋਕ ਵਹਿਮਾਂ ਭਰਮਾਂ ਵਿਚ ਫਸੇ ਹੋਏ ਸ਼ਗਨ, ਅਪਸ਼ਗਨ, ਨਛੱਤਰ, ਚੰਗੇ ਮਾੜੇ ਦਿਨ ਅਤੇ ਦਿਨਾਂ ਵਿਚ ਵਿਸ਼ਵਾਸ਼ ਰਖਦੇ ਸਨ।[7] ਸਮੁੱਚੇ ਤੌਰ ਤੇ ਧਰਮ ਵਿਚ ਵਿਸ਼ਵਾਸ਼ ਹੋਣ ਦੀ ਥਾਂ ਬਾਹਰੀ ਵਿਖਾਵੇ ਤੇ ਰੀਤਾਂ ਵਿਚ ਲੋਕਾਂ ਦੀ ਰੁਚੀ ਵਧੇਰੇ ਹੁੰਦੀ ਸੀ। ਕਰਮਕਾਂਡ ਰੂਪੀ ਘਾਸ ਫੂਸ ਨੇ ਅਸਲੀਅਤ ਨੂੰ ਬਿਲਕੁਲ ਢੱਕ ਰਖਿਆ ਸੀ।[8]

ਪੰਜਾਬ ਵਿਚ ਪ੍ਰਚਲਤ ਦੂਜਾ ਧਰਮ ਇਸਲਾਮ ਸੀ। ਇਸਲਾਮ ਸ਼ਰ੍ਹਾ ਦਾ ਸਖਤ ਪਾਬੰਦ ਸੀ ਅਤੇ ਇਸ ਦੇ ਅਨੁਯਾਈ ਇਕ-ਈਸ਼ਵਰਵਾਦੀ ਹੋਣ ਦੇ ਬਾਵਜੂਦ ਵੀ ਰੋਜ਼ੇ, ਨਿਮਾਜ਼, ਹੱਜ ਯਾਤਰਾ, ਗੋਰ-ਮੜ੍ਹੀ ਦੀ ਪੂਜਾ ਆਦਿ ਕਰਮਕਾਂਡਾਂ ਵਿਚ ਫਸੇ ਹੋਏ ਸਨ।[9]

ਮੁਗ਼ਲਾਂ ਦੀ ਤਰ੍ਹਾਂ ਮੁਸਲਮਾਨਾਂ ਵਿਚ ਵੀ ਸੁੰਨੀ ਤੇ ਸ਼ੀਆ ਧਰਮ ਦੇ ਮੁਢੱਲੀ ਧੜਿਆਂ ਹੋਇਆਂ ਅਸਹਿਣਸ਼ੀਲ ਸ਼ਾਸਕ ਬਿਤੀਤੇ ਸਨ। ਗ਼ੈਰ ਮੁਸਲਮਾਨਾਂ ਨੂੰ ਕੁਰਾਨ ਵਿਚ ਕਾਫ਼ਰ ਕਹਿ ਉਨ੍ਹਾਂ ਨੂੰ ਨੁਕਸਾਨ/ਜ਼ਬਰਦਸਤੀ ਕਰਨੇ ਦੀ ਪ੍ਰਵਾਨਗੀ ਪ੍ਰਾਪਤ ਸੀ। ਕੁਰਾਨ ਅਨੁਸਾਰ ਮੁਸਲਿਮ ਸ਼ਾਸਕ ਦਾ ਮੁਖ ਕਰਤੱਵ ਹੀ ਕਾਫ਼ਰਾਂ ਦੀ ਧਰਤੀ ਵਿਰੁਧ ਜਹਾਦ ਦਾ ਨਾਹਰਾ ਲਾ ਕੇ ਯੁੱਧ ਕਰਨਾ ਮਿਥਿਆ ਗਿਆ ਸੀ ਅਤੇ ਉਦੋਂ ਤਕ ਜਹਾਦ ਜਾਰੀ ਰਖਿਆ ਜਾਂਦਾ ਸੀ ਜਦੋਂ ਤਕ ਉਥੋਂ ਦੇ ਲੋਕ ਮੁਸਲਮਾਨ ਨਹੀਂ ਬਣ ਜਾਂਦੇ।[10]

ਇਸਲਾਮੀ ਰਾਜ ਦੇ ਸਿਧਾਂਤ ਅਨੁਸਾਰ ਹਿੰਦੂਆਂ ਦੇ ਮੰਦਰਾਂ ਨੂੰ ਢਾਹ ਢੇਰੀ ਕੀਤਾ ਗਿਆ ਸੀ, ਬੁੱਤਾਂ ਨੂੰ ਤੋੜ ਕੇ ਉਨ੍ਹਾਂ ਦੇ ਧਰਮ ਦਾ ਅਪਮਾਨ ਕੀਤਾ ਗਿਆ ਸੀ। ਸਦੀਆਂ ਦੇ ਵਿਦੇਸ਼ੀ ਹਮਲਿਆਂ ਰਾਹੀਂ ਇਸ ਪ੍ਰਤੀ ਜਾਰੀ ਜਾਣ ਵਾਲੇ ਜ਼ੁਲਮਾਂ ਨੇ ਹਿੰਦੂਆਂ ਨੂੰ ਨਿਰਬਲ ਕਰ ਦਿਤਾ ਅਤੇ ਗ਼ੁਲਾਮ ਬਣਾ ਦਿੱਤਾ

---

7. 'The people in general were superstitious and had great faith in omens, lucky stars, auspicious and inauspicious moments and days etc.'--Medieval Indian Culture, P-36, A.L. Srivastava.

8. The springs of true religion had been choked up by weed of unmeaning ceremonial, debasing superstitions, the selfishness of the priests and the indifference of the people. Form had supplented the reality--Transformation of Sikhism, P-20, G.C. Narang.

9. ਇਸਲਾਮ ਬਾਰੇ ਵੇਖੋ: ਅਧਿਆਇ ਤੀਜਾ: 'ਧਾਰਮਿਕ ਵਿਸ਼ਵਾਸ'।

10. ੳ) ਕੁਰਾਨ ਸ਼ਰੀਫ਼, ਪਾਰਾ 26, ਸੂਰਤ 47, ਰੁਕੂਅ 1, ਆਇਤ 4-5.
ਅ) ਉਹੀ, 10,8.8.62.
ੲ) 'The highest duty of Muslim ruler is to carry on Jihad by waging war against infidel lands (Dar-ul-Harb) till they become a part of the realm of Islam (Dar-ul-Islam) and their populations are converted into true believers.'
--History of Aurangzeb, Vol.III, P-249, J.N. Sarkar.

ਸੀ, ਆਤਮਕ ਪਤਿਤਤਾ ਅਤੇ ਨੈਤਕ ਕਮੀਨੇ ਹੀ ਅਨੰਤ ਹੋ ਗਏ ਸਨ।[11] ਇਸ ਗਿਰਾਵਟ ਸਮੇਂ ਬਹੂ ਬੇਟੀਆਂ ਦੀ ਇੱਜ਼ਤ ਸੁਰੱਖਿਅਤ ਨਾ ਰਹੀ।[12] ਇਸਲਾਮ ਦਾ ਜ਼ੋਰ ਹਰ ਪਾਸੇ ਅਧਿਕਾਰ ਰੂਪ ਸੀ। ਇਸ ਪ੍ਰਕਾਰ ਭਾਰਤ ਦੇ ਸਭਿਆਚਾਰਕ ਤੇ ਧਾਰਮਿਕ ਜੀਵਨ ਵਿਚ ਉਥਲ ਪੁਥਲ ਮੱਚੀ ਹੋਈ ਸੀ।

ਇਸਲਾਮੀ ਰਾਜ ਵਿਚ ਮੁਸਲਮਾਨ ਸ਼ਾਸਕਾਂ ਨੇ ਹਿੰਦੂਆਂ ਨੂੰ ਤੰਗ ਕਰਨ ਲਈ ਸ਼ਰ੍ਹਾ ਅਨੁਸਾਰ 'ਜਜ਼ੀਆ'[13] ਅਤੇ ਹੋਰ ਕਈ ਪ੍ਰਕਾਰ ਦੇ ਟੈਕਸ ਲਾਏ।[14] ਇਸਲਾਮ ਧਾਰਨ ਕਰਾਉਣ ਲਈ ਪ੍ਰਚਾਰ, ਲਾਲਚ ਅਤੇ ਆਖ਼ਿਰ ਤਲਵਾਰ ਦੀ ਵਰਤੋਂ ਕੀਤੀ ਜਾਂਦੀ ਸੀ। ਦੋ ਗੁਰੂ ਸਾਹਿਬਾਨ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਮੁਗਲਾਂ ਦੀ ਕੱਟੜ ਧਾਰਮਿਕ ਨੀਤੀ ਦਾ ਸ਼ਿਕਾਰ ਹੋ ਗਏ।

ਇਸਲਾਮ ਦਾ ਇਕ ਹੋਰ ਰੂਪ ਸੀ — ਸੂਫ਼ੀ ਮੱਤ, ਜਿਸਦਾ ਮੰਤਵ ਤਲਵਾਰ ਤੇ ਡਰ ਦੀ ਥਾਂ ਪਿਆਰ ਨਾਲ ਇਸਲਾਮ ਧਾਰਨ ਕਰਵਾਉਣਾ ਸੀ। ਉਨ੍ਹਾਂ ਨੇ ਭਾਰਤੀ ਆਦਰਸ਼— ਸਿਧਾਂਤ— ਭਾਰਤੀ ਸਾਧਨਾ ਨੂੰ ਅਪਣਾਇਆ ਜੋ ਅਪ੍ਰੋਖ ਢੰਗ ਨਾਲ ਭਾਰਤੀ ਧਰਮ ਦੇ ਅਨੁਕੂਲ ਸੀ।

ਇਨ੍ਹਾਂ ਕਠਿਆਈਆਂ ਦਾ ਮੂਲ ਕਾਰਨ ਧਾਰਮਿਕ ਸੰਕੀਰਨਤਾ ਹੀ ਸੀ। ਉਸ ਸਮੇਂ ਹਿੰਦੂ ਤੇ ਮੁਸਲਮਾਨ ਆਪਣੇ ਧਰਮ ਦੀ ਵਿਸ਼ਾਲਤਾ ਅਤੇ ਅਸਲੀ ਜੌਹਰ ਨੂੰ ਭੁਲ ਕੇ ਸੰਪਰਦਾਇਕਤਾ ਦੇ ਅੰਨ੍ਹੇ ਖੂਹ ਵਿਚ ਡਿੱਗੇ ਪਏ ਸਨ।[15]

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਸਮਕਾਲੀਨ ਧਾਰਮਿਕ ਸਥਿਤੀ ਦਾ ਵਰਨਣ ਬੜੇ ਜ਼ੋਰਦਾਰ ਸ਼ਬਦਾਂ ਵਿਚ ਉਪਲੱਬਧ ਹੈ। ਗੁਰੂ-ਕਵੀਆਂ ਨੇ ਸ਼ਾਸਕ ਵਰਗ ਵਲੋਂ ਧਰਮ ਦੀ ਆੜ ਵਿਚ ਅਬੋਧ ਜਨਤਾ ਤੇ ਘੋਰ ਅਤਿਆਚਾਰ ਹੁੰਦੇ ਤਕੇ ਤਾਂ ਉਨ੍ਹਾਂ ਦੀ ਰੋਹ ਭਰੀ ਆਤਮਾ ਪੁਕਾਰ ਉਠੀ ਕਿ ਸ਼ਾਸਕਾਂ ਦੇ ਕਸਾਈ ਦਾ ਰੂਪ ਧਾਰਨ ਕਰਨ ਕਰਕੇ ਧਰਮ ਖੰਭ ਲਾ ਕੇ ਉਡ ਗਿਆ ਹੈ, ਕੂੜ ਰੂਪੀ ਮੱਸਿਆ ਦੀ ਰਾਤ ਵਿਚ ਸੱਚ-ਰੂਪੀ ਚੰਦ੍ਰਮਾ ਲੋਪ ਹੋ ਗਿਆ ਹੈ, ਅਤੇ ਹਰ ਪਾਸੇ ਕੂੜ ਹੀ ਪ੍ਰਧਾਨ ਹੈ।[16]

ਗੁਰੂ ਜੀ ਨੇ ਧਰਮਾਂ ਦੇ ਆਗੂਆਂ ਦੇ ਕਿਰਦਾਰ ਦੀ ਆਲੋਚਨਾ ਕੀਤੀ ਅਤੇ ਦਸਿਆ ਕਿ ਕਾਜ਼ੀ ਕੂੜ ਬੋਲ ਕੇ ਰਿਸ਼ਵਤ ਖਾਂਦਾ ਹੈ, ਬ੍ਰਾਹਮਣ ਜੀਆਂ ਨੂੰ ਮਾਰ ਕੇ, ਦੁਖ ਦੇ ਕੇ, ਫਿਰ ਦਿਖਾਵੇ ਲਈ ਤੀਰਥਾਂ

---

11. 'The centuries of invasion and foreign misrule and persecution produced the greatest depression and the spiritual subjection & stagnation had aggravated the demoralisation to an enormous degree.' -Transformation of Sikhism, P-20, Dr. G.C. Narang.

12. ਵਿਸਥਾਰ ਲਈ ਵੇਖੋ: ਅਧਿਆਇ ਤੀਜਾ: ਰਾਜਨੀਤਕ ਵਿਸ਼ਲੇਸ਼ਣ।
13. ਕੁਰਾਨ ਸ਼ਰੀਫ਼, 10, 9, 4, 29.
14. ਵਿਸਥਾਰ ਲਈ ਵੇਖੋ: ੳ) ਅਧਿਆਇ ਤੀਜਾ: ਸ਼ਾਸਨ ਪ੍ਰਬੰਧ ਅਧੀਨ 'ਟੈਕਸ ਪ੍ਰਣਾਲੀ'।
ਅ) ਅਧਿਆਇ ਚੌਥਾ: ਆਰਥਿਕ ਵਿਸ਼ਲੇਸ਼ਣ।
15. ਗੁਰਮਤਿ ਦਰਸ਼ਨ, ਪੰ: 16, ਡਾ: ਸ਼ੇਰ ਸਿੰਘ ਗਿਆਨੀ

(ਬਾਕੀ ਅਗਲੇ ਪੰਨੇ ਤੇ ------)

ਤੇ ਨਹਾਉਂਦਾ ਫਿਰਦਾ ਹੈ। ਜੋਗੀ ਅਗਿਆਨੀ ਹੈ ਅਤੇ ਪਰਮੇਸ਼ੁਰ ਨਾਲ ਮਿਲਣ ਦੀ ਜੁਗਤੀ ਹੀ ਨਹੀਂ ਜਾਣਦਾ। ਤਿੰਨੇ ਹੀ ਅਸਲ ਵਿਚ ਉਜਾੜੇ ਦਾ ਬਾਨ੍ਹਣੂ ਹਨ।[17] ਗੁਰੂ ਜੀ ਨੇ ਅਜਿਹੇ ਧਾਰਮਿਕ ਆਗੂਆਂ ਦਾ ਪਾਜ ਉਘੇੜਿਆ ਹੈ, ਜਿਨ੍ਹਾਂ ਤੇ ਲੋਕਾਂ ਨੇ ਅਗਵਾਈ ਲੈਣੀ ਹੁੰਦੀ ਸੀ। ਉਨ੍ਹਾਂ ਅਨੁਸਾਰ ਮਨੁੱਖ ਖਾ ਜਾਣ ਵਾਲੇ ਮੁਸਲਮਾਨ (ਕਾਜ਼ੀ ਤੇ ਮੁੱਲਾਂ) ਨਮਾਜ਼ ਪੜ੍ਹਦੇ ਹਨ ਅਤੇ ਜਿਹੜੇ ਹਿੰਦੂ (ਬ੍ਰਾਹਮਣ) ਜ਼ੁਲਮ ਰੂਪੀ ਛੁਰੀ ਚਲਾਉਂਦੇ ਹਨ, ਉਨ੍ਹਾਂ ਦੇ ਗਲ ਜਨੇਊ ਹਨ। ਗੁਰੂ-ਵਾਕ ਅਨੁਸਾਰ ਅਜਿਹੇ ਭੇਖੀਆਂ ਨੂੰ ਪਾਖੰਡ ਛਡ ਦੇਣ ਲਈ ਕਿਹਾ ਗਿਆ ਹੈ ਕਿ ਕੇਵਲ ਹਰੀ ਦੇ ਨਾਮ ਦੁਆਰਾ ਹੀ ਪਾਰ ਉਤਾਰਾ ਹੋ ਸਕਦਾ ਹੈ।[18]

ਮੁਖ ਤੌਰ ਤੇ ਹਿੰਦੂ ਅਤੇ ਇਸਲਾਮ ਦੋਹਾਂ ਧਰਮਾਂ ਵਿਚਕਾਰ ਵਿਤਕਰਾ ਸੀ। ਹਿੰਦੂਆਂ ਨੇ ਚਾਰ ਵਰਨ (ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ) ਅਤੇ ਮੁਸਲਮਾਨਾਂ ਚਾਰ ਮਜ਼੍ਹਬ (ਸ਼ੀਆ, ਸੁੰਨੀ, ਰਾਫ਼ਜ਼ੀ ਤੇ ਇਮਾਮ-ਸ਼ਾਫ਼ੀ) ਖੜੇ ਕਰ ਦਿੱਤੇ। ਹਿੰਦੂਆਂ ਨੇ ਗੰਗਾ ਤੇ ਕਾਸ਼ੀ ਨੂੰ ਮੁਕਤੀ ਦਾ ਘਰ ਮੰਨਿਆ ਤਾਂ ਮੁਸਲਮਾਨਾਂ ਨੇ ਕਾਬੇ ਦੇ ਹਜ ਵਿਚ ਜੰਨਤ ਪ੍ਰਾਪਤੀ ਸਮਝੀ। ਮੁਸਲਮਾਨਾਂ ਵਿਚ ਸੁੰਨਤ ਅਤੇ ਹਿੰਦੂਆਂ ਵਿਚ ਤਿਲਕ ਤੇ ਜਨੇਊ ਦਾ ਰਿਵਾਜ ਸੀ। ਹਿੰਦੂ ਪਰਮਾਤਮਾ ਨੂੰ ਰਾਮ ਤੇ ਮੁਸਲਮਾਨ ਰਹੀਮ ਆਖਦੇ ਸਨ, ਪਰ ਅਸਲ ਰਾਹੋਂ ਦੋਵੇਂ ਭੁੱਲੇ ਹੋਏ ਸਨ। ਵੇਦਾਂ, ਕਤੇਬਾਂ ਦੇ ਉਪਦੇਸ਼ ਨੂੰ ਭੁਲ ਕੇ ਸ਼ੈਤਾਨ ਲੋਕ ਦੁਨੀਆਂ ਦੇ ਲਾਲਚ ਵਿਚ ਫਸੇ ਹੋਏ ਸਨ।[19]

ਡਾ: ਬੈਨਰਜੀ ਅਨੁਸਾਰ ਪ੍ਰਮਾਤਮਾ ਦੀ ਪੂਜਾ ਦੀ ਥਾਂ ਅਵਤਾਰਾਂ, ਪੀਰਾਂ, ਦਰਗਾਹਾਂ, ਤੀਰਥ ਸਥਾਨਾਂ ਦੀ ਪੂਜਾ ਹੋ ਰਹੀ ਸੀ। ਫੋਕੀ ਸ਼ਰਧਾ ਦੀ ਥਾਂ ਖਾਲੀ ਰਸਮਾਂ ਹੀ ਨਿਭਾਈਆਂ ਜਾਂਦੀਆਂ ਸਨ। ਅੰਧ ਵਿਸ਼ਵਾਸ ਤੇ ਵਹਿਮ ਭਰਮ ਨੇ ਸੱਚ ਨੂੰ ਦੂਰ ਕਰ ਦਿੱਤਾ ਸੀ। ਹਿੰਦੂ ਮੁਸਲਿਮ ਆਪੋ ਵਿਚ ਲੜਦੇ ਸਨ, ਬ੍ਰਾਹਮਣ ਤੇ ਮੌਲਾਣੇ ਖਹਿੰਦੇ ਸਨ, ਜੀਵਨ ਦੇ ਸਾਰੇ ਪੱਖਾਂ— ਰਾਜਨੀਤਕ, ਸਮਾਜਕ ਤੇ ਧਾਰਮਿਕ ਖੇਤਰਾਂ ਵਿਚ ਅਸਮਾਨਤਾਵਾਂ ਦਾ ਬੋਲਬਾਲਾ ਸੀ।[20]

---

16. ੳ) ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ।
ਕੂੜੁ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ।
(ਮ: 1, ਵਾਰ ਮਾਝ, ਪਉੜੀ 16 ਦਾ ਸਲੋਕ, ਗੁਰੂ ਗ੍ਰੰਥ, ਪੰ: 145)
ਅ) ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ।
(ਤਿਲੰਗ ਮ: 1, ਉਹੀ, ਪੰ: 722)
ੲ) ਸਰਮ ਧਰਮ ਕਾ ਡੇਰਾ ਦੂਰਿ।
ਨਾਨਕ ਕੂੜੁ ਰਹਿਆ ਭਰਪੂਰਿ। (ਮ: 1, ਵਾਰ ਆਸਾ, ਪਉੜੀ 15 ਦਾ ਸਲੋਕ, ਉਹੀ, ਪੰ: 471)
17. ਕਾਦੀ ਕੂੜੁ ਬੋਲਿ ਮਲੁ ਖਾਇ। ਬ੍ਰਾਹਮਣ ਨਾਵੈ ਜੀਆ ਘਾਇ।
ਜੋਗੀ ਜੁਗਤਿ ਨ ਜਾਣੈ ਅੰਧੁ। ਤੀਨੇ ਓਜਾੜੇ ਕਾ ਬੰਧੁ। (ਧਨਾਸਿਰੀ ਮ: 1, ਉਹੀ, ਪੰ: 662)
18. ਛੋਡੀਲੇ ਪਾਖੰਡਾ। ਨਾਮਿ ਲਇਐ ਜਾਹਿ ਤਰੰਦਾ।
ਮਾਣਸ ਖਾਣੇ ਕਰਹਿ ਨਿਵਾਜ। ਛੁਰੀ ਵਗਾਇਨਿ ਤਿਨ ਗਲਿ ਤਾਗ।
(ਮ: 1, ਵਾਰ ਆਸਾ, ਪਉੜੀ 16 ਨਾਲ ਸਲੋਕ, ਉਹੀ, ਪੰ: 471)
19. ਪਉੜੀ 21/ਵਾਰ ਪਹਿਲੀ, ਭਾਈ ਗੁਰਦਾਸ ਜੀ।
20. Evolution of the Khalsa, Vol. I, P-43, Indu Bhushan Bannerjee.

ਅਸਲ ਵਿਚ ਧਰਮ ਦੇ ਮਤ ਭੇਦਾਂ ਨੇ ਹਿੰਦੂ ਤੇ ਮੁਸਲਮਾਨਾਂ ਨੂੰ ਇਕ ਦੂਜੇ ਦੇ ਜਾਨੀ ਦੁਸ਼ਮਣ ਬਣਾਇਆ ਹੋਇਆ ਸੀ। ਗੁਰੂ ਸਾਹਿਬਾਨ ਨੇ ਹਿੰਦੂ - ਮੁਸਲਮਾਨਾਂ ਦੀ ਅਸਲੀਅਤ ਦਰਸਾ ਕੇ ਦੁਹਾਂ ਵਿਚ ਪਈ ਸਮਾਜਕ ਵਿੱਥ ਨੂੰ ਖ਼ਤਮ ਕਰਨ ਲਈ ਅਣਥੱਕ ਯਤਨ ਕੀਤੇ।

ਗੁਰੂ ਜੀ ਅਨੁਸਾਰ ਰਾਮ ਤੇ ਖੁਦਾ, ਗੋਸਾਈਂ ਤੇ ਅੱਲਾ, ਕਾਰਨ-ਕਰਨ ਤੇ ਕਰੀਮ, ਕਿਰਪਾ-ਧਾਰ ਤੇ ਰਹੀਮ, ਤੀਰਥ ਯਾਤਰਾ ਤੇ ਹੱਜ, ਵੇਦ ਤੇ ਕੁਰਾਨ ਦੇ ਪਾਠ ਵਿਚ ਕੋਈ ਅੰਤਰ ਨਹੀਂ। ਮੁਸਲਮਾਨ ਨੀਲਾ ਤੇ ਹਿੰਦੂ ਸਫ਼ੈਦ ਪਹਿਰਾਵਾ ਕਰਦੇ ਸਨ। ਤੁਰਕ ਬਹਿਸ਼ਤ ਦੀ ਅਤੇ ਹਿੰਦੂ ਬੈਕੁੰਠ ਦੀ ਕਾਮਨਾ ਕਰਦੇ ਸਨ। ਭਾਵੇਂ ਦੋਹਾਂ ਧਰਮਾਂ ਦੇ ਲੋਕ ਵਖਰੇ ਨਾਂ ਤੇ ਵਖਰੇ ਤਰੀਕੇ ਵਰਤਦੇ ਸਨ, ਪਰੰਤੂ ਗੁਰੂ ਜੀ ਅਨੁਸਾਰ ਇਹ ਸਾਰੇ ਦਿਖਾਵੇ ਬੇਅਰਥ ਹਨ, ਅਸਲ ਗੱਲ ਤਾਂ ਹਰੀ ਦੇ ਹੁਕਮ ਵਿਚ ਰਹਿਣਾ ਹੈ।[21] ਸਰਬ ਸਮਰਥ ਹਰੀ ਕਿਸੇ ਧਾਰਮਿਕ ਪੁਸਤਕਾਂ ਵਿਚ ਨਹੀਂ, ਬਲਕਿ ਦੁਨੀਆਂ ਤੋਂ ਵਖਰਾ ਮਨੁੱਖਾਂ ਦੇ ਦਿਲਾਂ ਵਿਚੋਂ ਬੋਲਦਾ ਹੈ। ਮਉਲਾ ਤੇ ਨਾਰਾਇਣ ਇਕੋ ਰੱਬ ਦੇ ਦੋ ਨਾਂ ਹਨ। ਗੁਰੂ ਜੀ ਅਨੁਸਾਰ ਅੱਲਾ ਤੇ ਪਾਰਬ੍ਰਹਮ ਇਕੋ ਹੈ, ਕੇਵਲ ਧਰਮਾਂ ਅਨੁਸਾਰ ਨਾਵਾਂ ਦਾ ਹੀ ਫ਼ਰਕ ਹੈ।[22] ਹਿੰਦੂ ਧਰਮ ਤੇ ਇਸਲਾਮ ਦੋਵਾਂ ਨੂੰ

---

21. 'ਕੋਈ ਬੋਲੈ ਰਾਮ ਰਾਮ, ਕੋਈ ਖੁਦਾਇ।
ਕੋਈ ਸੇਵੈ ਗੁਸਈਆ , ਕੋਈ ਅਲਾਹਿ।
ਕਾਰਣ ਕਰਣ ਕਰੀਮ, ਕਿਰਪਾ ਧਾਰਿ ਰਹੀਮ।
ਕੋਈ ਨਾਵੈ ਤੀਰਥਿ, ਕੋਈ ਹਜ ਜਾਇ।
ਕੋਈ ਕਰੈ ਪੂਜਾ, ਕੋਈ ਸਿਰੁ ਨਿਵਾਇ।
ਕੋਈ ਪੜੈ ਬੇਦ, ਕੋਈ ਕਤੇਬ। ਕੋਈ ਓਢੈ ਨੀਲੁ, ਕੋਈ ਸੁਪੇਦ।
ਕੋਈ ਕਹੈ ਤੁਰਕੁ, ਕੋਈ ਕਹੈ ਹਿੰਦੂ।
ਕੋਈ ਬਾਛੈ ਭਿਸਤੁ, ਕੋਈ ਸੁਰਗਿੰਦੂ।
ਕਹੁ ਨਾਨਕ ਜਿਨਿ, ਹੁਕਮੁ ਪਛਾਤਾ।
ਪ੍ਰਭ ਸਾਹਿਬ ਕਾ, ਤਿਨਿ ਭੇਦੁ ਜਾਤਾ। (ਰਾਮਕਲੀ ਮ: 5, ਗੁਹੀ, ਪੰ: 885)

22. ਕਾਰਨ ਕਰਨ ਕਰੀਮ, ਸਰਬ ਪ੍ਰਤਿਪਾਲ ਰਹੀਮ।
ਅਲਹ ਅਲਖ ਅਪਾਰ। ਖੁਦਿ ਖੁਦਾਇ ਵਡ ਬੇਸੁਮਾਰ।
ਓੁਨਮੋ ਭਗਵੰਤ ਗੁਸਾਈ। ਖਾਲਕੁ ਰਵਿ ਰਹਿਆ ਸਰਬ ਠਾਈ।
..........ਰਿਖੀਕੇਸ ਗੋਪਾਲ ਗੋਵਿੰਦ। ਪੂਰਨ ਸਰਬਤ੍ਰ ਮੁਕੰਦ।
ਮਿਹਰਵਾਨ ਮਉਲਾ ਤੂਹੀ ਏਕ। ਪੀਰ ਪੈਕਾਂਬਰ ਸੇਖ।
ਦਿਲਾ ਕਾ ਮਾਲਕੁ ਕਰੇ ਹਾਕੁ। ਕੁਰਾਨ ਕਤੇਬ ਤੇ ਪਾਕੁ।
ਨਾਰਾਇਣ ਨਰਹਰ ਦਇਆਲ। ਰਮਤ ਰਾਮ ਘਟ ਘਟ ਆਧਾਰ।
ਬਾਸੁਦੇਵ ਬਸਤ ਸਭ ਠਾਇ। ਲੀਲਾ ਕਿਛੁ ਲਖੀ ਨ ਜਾਇ।
ਮਿਹਰ ਦਇਆ ਕਰਿ, ਕਰਨੈਹਾਰ। ਭਗਤਿ ਬੰਦਗੀ ਦੇਹਿ ਸਿਰਜਣਹਾਰ।
ਕਹੁ ਨਾਨਕ ਗੁਰਿ ਖੋਏ ਭਰਮ। ਏਕੋ ਅਲਹੁ ਪਾਰਬ੍ਰਹਮ।'
(ਰਾਮਕਲੀ ਮ: 5, ਗੁਹੀ, ਪੰ: 896-97).

ਇਕ ਕਰਤੇ ਜਾਣਨ ਵਾਲੇ ਦਾ ਜਨਮ ਸਫਲ ਹੁੰਦਾ ਹੈ, ਕੁਫਰ (ਨਾਸਤਕਤਾ) ਦੀ ਗੱਲ ਕਰਨ ਵਾਲੇ ਦੋਜ਼ਖ ਦੀ ਅੱਗ ਵਿਚ ਸੜਦੇ ਹਨ, ਕੇਵਲ ਹਉਮੈ ਗਵਾਉਣ ਵਾਲੇ ਹੀ ਰੱਬ ਦੀ ਦਰਗਾਹ ਵਿਚ ਪ੍ਰਵਾਨ ਹੁੰਦੇ ਹਨ।[23] ਗੁਰੂ ਜੀ ਅਨੁਸਾਰ ਖਸਮ ਜਾਂ ਦਾਤਾ ਗੁਰੂ ਤਾਂ ਇਕੋ ਹੀ ਹੈ, ਕੇਵਲ ਭ੍ਰਮ ਕਰਕੇ ਹੀ ਹਿੰਦੂਆਂ ਅਤੇ ਮੁਸਲਮਾਨਾਂ ਨੇ ਰਾਹ ਵੱਖ ਵੱਖ ਅਪਣਾਏ ਹੋਏ ਹਨ।[24]

ਗੁਰੂ ਜੀ ਵਰਤਨੇਮ ਕਰਨ ਵਾਲੇ ਹਿੰਦੂਆਂ ਤੇ ਨਿਮਾਜ਼ਾਂ ਤੇ ਰੋਜ਼ੇ ਰਖਣ ਵਾਲੇ ਕਰਮਕਾਂਡੀ ਮੁਸਲਮਾਨਾਂ ਤੋਂ ਆਪਣਾ ਮੱਤ ਅੱਡਰਾ ਦਸ ਕੇ ਇਕ ਨਿਰੰਕਾਰ ਦੇ ਪੁਜਾਰੀ ਹੋਣ ਦਾ ਦਾਅਵਾ ਕਰਦੇ ਹਨ।[25] ਜਿਸ ਦਾ ਸਪਸ਼ਟ ਭਾਵ ਅਰਥ ਇਹ ਹੈ ਕਿ ਹਿੰਦੂ ਤੇ ਮੁਸਲਮਾਨ ਦੇ ਵਿਤਕਰੇ ਵੇਅਰਥ ਹਨ।

ਉਪਰੋਕਤ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪੁਜਦੇ ਹਾਂ ਕਿ ਮੱਧਕਾਲ ਵਿਚ ਧਰਮ ਦਿਖਾਵਾ ਮਾਤ੍ਰ ਹੀ ਰਹਿ ਗਿਆ ਸੀ। ਧਰਮ ਦੇ ਨਾਂ ਹੇਠ ਕਰਮ-ਕਾਂਡੀ ਮੱਤ ਤੇ ਲੋਕੀਂ ਨੂੰ ਨਹੀਂ ਸਨ ਹਾਸਿਲ ਕਰ ਸਕਦੇ।[26] ਇਸ ਲਈ ਇਕ ਅਜਿਹੇ ਵਿਧਾਨ ਦੀ ਲੋੜ ਮਹਿਸੂਸ ਹੋਈ ਸੀ, ਜੋ ਇਨ੍ਹਾਂ ਧਰਮਾਂ ਦੇ ਕਰਮਕਾਂਡਾਂ ਅਤੇ ਪਾਖੰਡਾਂ ਤੋਂ ਲੋਕਾਂ ਨੂੰ ਬਚਾ ਕੇ ਠੀਕ ਰਾਹ ਸਿਰ ਅਗਵਾਈ ਦੇਵੇ। ਇਸ ਦੇ ਫਲਸਰੂਪ ਉੱਤਰੀ ਭਾਰਤ ਵਿਚ ਭਗਤੀ ਅੰਦੋਲਨ ਦਾ ਆਗਮਨ ਹੋਇਆ, ਭਾਵੇਂ ਮੂਲ ਰੂਪ ਵਿਚ ਇਸ ਦੀ ਉਤਪਤੀ ਦੱਖਣ ਵਿਚ ਹੋਈ ਅਤੇ ਭਗਤ ਰਾਮਾਨੰਦ ਜੀ ਇਸ ਨੂੰ ਉੱਤਰੀ ਭਾਰਤ ਵਿਚ ਲੈ ਕੇ ਆਏ।[27]

ਭਗਤੀ ਅੰਦੋਲਨ ਦੇ ਅੰਤਰਗਤ ਇਕ ਪਰਮਾਤਮਾ ਦੀ ਪਰਮ ਭਗਤੀ, ਗੁਰੂ ਦਾ ਮਹੱਤਵ, ਜ਼ਾਤ ਪਾਤ ਦਾ ਖੰਡਨ, ਝੂਠੇ ਆਡੰਬਰਾਂ ਦਾ ਵਿਰੋਧ ਅਤੇ ਸੰਸਕ੍ਰਿਤ ਭਾਸ਼ਾ ਨੂੰ ਪਵਿੱਤਰ ਮੰਨਣ ਵਿਚ ਅਵਿਸ਼ਵਾਸ ਆਦਿ ਤੇ ਜ਼ੋਰ ਦਿੱਤਾ ਗਿਆ। ਇਸ ਭਗਤੀ ਅੰਦੋਲਨ ਦੇ ਕੁਝ ਭਗਤਾਂ ਦੇ ਨਵੇਂ ਵਿਚਾਰ ਸਮਕਾਲੀਨ ਸ਼ਾਸਕਾਂ ਨੂੰ ਪਸੰਦ ਨਹੀਂ ਸਨ, ਇਸੇ ਲਈ ਭਗਤ ਕਬੀਰ ਅਤੇ ਭਗਤ ਨਾਮ ਦੇਵ ਵਰਗਿਆਂ ਨੂੰ ਬਾਦਸ਼ਾਹਾਂ ਦੀ ਇੱਤਾ

---

23. ਰਾਹ ਦੋਵੈ ਇਕੁ ਜਾਣੈ, ਸੋਈ ਸਿਝਸੀ।
ਕੁਫਰ ਗੋਅ ਕੁਫਰਾਣੈ, ਪਇਆ ਦਝਸੀ।
ਸਭ ਦੁਨੀਆ ਸੁਬਹਾਨੁ, ਸਚਿ ਸਮਾਈਐ।
ਸਿਝੈ ਦਰਿ ਦੀਵਾਨਿ, ਆਪੁ ਗਵਾਈਐ। (ਵਾਰ ਮਾਝ ਮ: 1, ਪਉੜੀ 9, ਗ੍ਰੰਥ, ਪੰ: 142)
24. ਰਾਹ ਦੋਵੈ ਖਸਮੁ ਏਕੋ ਜਾਣੁ। ਗੁਰ ਕੈ ਸਬਦਿ ਹੁਕਮੁ ਪਛਾਣੁ।
ਸਗਲ ਰੂਪ ਵਰਨ ਮਨ ਮਾਹੀ। ਕਹੁ ਨਾਨਕ ਏਕੋ ਸਾਲਾਹੀ। (ਗਉੜੀ ਮ: 1, ਅਸਟਪਦੀ, ਗ੍ਰੰਥ, ਪੰ: 223)
25. ਵਰਤ ਨ ਰਹਉ, ਨ ਮਹ ਰਮਦਾਨਾ। ਤਿਸੁ ਸੇਵੀ, ਜੋ ਰਖੈ ਨਿਦਾਨਾ।
ਏਕੁ ਗੁਸਾਈ ਅਲਹੁ ਮੇਰਾ, ਹਿੰਦੂ ਤੁਰਕ ਦੁਹਾਂ ਨੇਬੇਰਾ।
ਹਜ ਕਾਬੈ ਜਾਉ ਨ ਤੀਰਥ ਪੂਜਾ। ਏਕੋ ਸੇਵੀ ਅਵਰੁ ਨ ਦੂਜਾ।
ਪੂਜਾ ਕਰਉ ਨ ਨਿਵਾਜ ਗੁਜਾਰਉ। ਏਕ ਨਿਰੰਕਾਰ ਲੇ ਰਿਦੈ ਨਮਸਕਾਰਉ।
ਨਾ ਹਮ ਹਿੰਦੂ ਨ ਮੁਸਲਮਾਨ। ਅਲਹ ਰਾਮ ਕੇ ਪਿੰਡੁ ਪਰਾਨ। (ਭੈਰਉ ਮ: 5, ਗ੍ਰੰਥ, ਪੰ: 1136)
26. ਗੁਰਮਤਿ ਦਰਸ਼ਨ, ਪੰ: 21, ਡਾ: ਸ਼ੇਰ ਸਿੰਘ ਗਿਆਨੀ।
27. ੳ) ਗੁਰੂ ਨਾਨਕ ਤੇ ਭਗਤੀ ਅੰਦੋਲਨ, ਪੰ: 11 ਅਤੇ 34, ਡਾ: ਮਨਮੋਹਨ ਸਿੰਘ।
ਅ) ਹਿੰਦੀ ਸਾਹਿਤ ਕੀ ਭੂਮਿਕਾ, ਪੰ: 53, ਡਾ: ਹਜ਼ਾਰੀ ਪ੍ਰਸਾਦ ਦਿਵੇਦੀ।
ੲ) ਹਿੰਦੀ ਸਾਹਿਤਯ ਕਾ ਇਤਿਹਾਸ, ਪੰ: 58, ਰਾਮ ਚੰਦਰ ਸ਼ੁਕਲ।

ਗਿਆ। ਇਨ੍ਹਾਂ ਭਗਤਾਂ ਨੇ ਧਾਰਮਿਕ ਪਾਖੰਡਾਂ ਦੀ ਕਰੜੀ ਆਲੋਚਨਾ ਕੀਤੀ, ਪਰੰਤੂ ਮੁਸਲਮਾਨਾਂ ਵਲੋਂ ਧਰਮ ਦੀ ਆੜ ਵਿਚ ਹੋ ਰਹੇ ਅਤਿਆਚਾਰਾਂ ਦੇ ਵਿਰੁਧ ਉਨ੍ਹਾਂ ਆਵਾਜ਼ ਨਹੀਂ ਉਠਾਈ।

ਸਮਕਾਲੀਨ ਧਾਰਮਿਕ ਪਰਿਸਥਿਤੀਆਂ ਨੂੰ ਮੁਖ ਰਖਦਿਆਂ ਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਦੀ ਨੀਂਹ ਰੱਖੀ। ਆਪ ਦੁਆਰਾ ਪ੍ਰਤਿਪਾਦਿਤ ਨਵੇਂ ਧਰਮ ਦੇ ਸਿਧਾਂਤਾਂ ਦਾ ਪ੍ਰਚਾਰ ਆਪ ਦੇ ਨੌਂ ਉੱਤਰ-ਅਧਿਕਾਰੀਆਂ ਨੇ ਕੀਤਾ। ਆਪ ਦੇ ਬਹੁਤ ਸਾਰੇ ਸਿਧਾਂਤ ਤਾਂ ਭਗਤੀ ਅੰਦੋਲਨ ਦੇ ਸਿਧਾਂਤਾਂ ਨਾਲ ਹੀ ਮਿਲਦੇ ਸਨ ਜਿਵੇਂ: ਇਕ ਰਬ ਵਿਚ ਵਿਸ਼ਵਾਸ, ਈਸ਼ਵਰ ਭਗਤੀ, ਸ਼ੁਧ ਕਰਮਾਂ ਅਤੇ ਮਨ ਦੀ ਪਵਿੱਤਰਤਾ ਉਪਰ ਵਧੇਰੇ ਜ਼ੋਰ, ਗੁਰੂ ਭਗਤੀ, ਆਪਾ ਸਮਰਪਣ, ਜਾਤ-ਪਾਤ ਅਤੇ ਅਮੀਰ-ਗਰੀਬ ਦੇ ਭੇਦ-ਭਾਵ ਨੂੰ ਮੁਕਾ ਕੇ ਮਨੁੱਖੀ-ਸਮਾਨਤਾ ਉੱਤੇ ਜ਼ੋਰ, ਨਾਮ ਦਾ ਜਪਣਾ, ਮੂਰਤੀ ਪੂਜਾ ਅਤੇ ਫ਼ਜ਼ੂਲ ਦੇ ਢੌਂਗਾਂ ਅਤੇ ਰਹੁ ਰੀਤਾਂ ਦਾ ਖੰਡਨ ਆਦਿ।

ਧਾਰਮਿਕ ਪਰਿਸਥਿਤੀਆਂ ਦੇ ਵਰਣਨ ਤੋਂ ਬਾਅਦ ਹੁਣ ਅਸੀਂ ਉਨ੍ਹਾਂ ਪ੍ਰਮੁਖ ਧਰਮਾਂ (ਹਿੰਦੂ ਧਰਮ ਅਤੇ ਉਹਦੀਆਂ ਸੰਪਰਦਾਵਾਂ — ਵੈਸ਼ਨਵ, ਸ਼ੈਵ ਅਤੇ ਸ਼ਾਕਤ, ਇਸਲਾਮ, ਬੁਧ ਧਰਮ, ਜੈਨ ਧਰਮ ਅਤੇ ਨਾਥ ਸੰਪਰਦਾਇ) ਦਾ ਵਿਵੇਚਨ ਕਰਾਂਗੇ, ਜੋ ਸਾਰੇ ਸੋਧ-ਪ੍ਰਬੰਧ ਦੇ ਨਿਰਧਾਰਿਤ ਕਾਲ ਵਿਚ ਭਾਰਤ ਵਿਚ ਪ੍ਰਚਲਿਤ ਸਨ। ਗੁਰੂ-ਕਵੀਆਂ ਦੁਆਰਾ ਇਨ੍ਹਾਂ ਧਰਮਾਂ ਦੀ ਆਲੋਚਨਾ ਦੇ ਨਾਲ ਨਾਲ ਉਨ੍ਹਾਂ ਦੇ ਮੱਤ ਦੀ ਸਥਾਪਨਾ ਦਾ ਵਰਣਨ ਵੀ ਕੀਤਾ ਜਾਵੇਗਾ।

ਹਿੰਦੂ ਜਾਂ ਬ੍ਰਾਹਮਣੀ ਧਰਮ :

ਹਿੰਦੂ ਧਰਮ ਨੂੰ ਸਨਾਤਨੀ ਅਥਵਾ ਬ੍ਰਾਹਮਣੀ ਧਰਮ ਵੀ ਕਿਹਾ ਜਾਂਦਾ ਹੈ। ਇਸ ਦੇ ਘੇਰੇ ਵਿਚ ਕਰਮ ਕਾਂਡ, ਭਗਤੀ, ਅਧਿਆਤਮਕ ਚਿੰਤਨ, ਜੀਵਨ-ਫ਼ਿਲਾਸਫ਼ੀ ਤੇ ਸੰਸਕ੍ਰਿਤੀ ਆਦਿ ਆ ਜਾਂਦੇ ਹਨ। ਕਰਮਵਾਦ ਹਿੰਦੂ ਧਰਮ ਦਾ ਮੂਲ ਹੈ ਤੇ ਹਿੰਦੂ ਜਾਤੀ ਦਾ ਪੱਕਾ ਆਧਾਰ ਹੈ; ਸਨਾਤਨ ਧਰਮ ਦਾ ਦੂਜਾ ਆਧਾਰ ਭਗਤੀ ਹੈ ਅਤੇ ਭਗਤੀ ਦਾ ਆਧਾਰ ਏਕਤਾਵਾਦ ਹੈ।[28]

ਵੇਦ ਭਾਰਤੀ ਧਰਮ ਅਤੇ ਦਰਸ਼ਨ ਦਾ ਮੂਲ ਹੈ।[29] ਹਿੰਦੂ ਧਰਮ ਦੇ ਅਨੁਯਾਈ ਵੇਦਾਂ ਵਿਚ ਪੂਰਨ ਵਿਸ਼ਵਾਸ ਰਖਦੇ ਹਨ ਅਤੇ ਉਨ੍ਹਾਂ ਨੂੰ ਈਸ਼ਵਰੀ ਗਿਆਨ ਮੰਨਦੇ ਹਨ। ਸੰਸਕ੍ਰਿਤ ਨੂੰ ਉਹ ਦੇਵ ਭਾਸ਼ਾ ਮੰਨਦੇ ਹਨ।

ਗੁਰੂ-ਕਵੀਆਂ ਨੇ ਵੇਦਾਂ ਵਿਚ ਵਰਣਿਤ ਸਿਧਾਂਤਾਂ ਨੂੰ ਆਖਰੀ ਪ੍ਰਮਾਣ ਨਹੀਂ ਮੰਨਿਆ। ਨਾ ਹੀ ਉਨ੍ਹਾਂ ਨੂੰ ਈਸ਼ਵਰੀ ਕ੍ਰਿਤ ਦੇ ਤੌਰ ਤੇ ਮਾਨਤਾ ਦਿੱਤੀ ਹੈ। ਇਸੇ ਪ੍ਰਕਾਰ ਹੋਰ ਗ੍ਰੰਥਾਂ ਜਿਵੇਂ ਕਤੇਬ, ਪੁਰਾਣ, ਮਹਾਂਭਾਰਤ, ਸਿਮ੍ਰਿਤੀਆਂ ਆਦਿਕ ਦੀ ਪਵਿੱਤਰਤਾ ਨੂੰ ਵੀ ਗੁਰੂ-ਕਵੀਆਂ ਨੇ ਸਵੀਕਾਰ ਨਹੀਂ ਕੀਤਾ।

---

28. ਗੁਰੂ ਨਾਨਕ ਦਰਸ਼ਨ, ਪੰ: 17, ਡਾ: ਜਾਨਾ ਸਿੰਘ ਬੇਦੀ।
29. ਭਾਰਤੀਯ ਦਰਸ਼ਨ, ਪੰ: 27, ਡਾ: ਬਲਦੇਵ ਉਪਾਧਿਆਇ।

ਉਨ੍ਹਾਂ ਅਨੁਸਾਰ ਚਾਰੇ ਵੇਦਾਂ ਦੇ ਪੜ੍ਹਨ ਨਾਲ ਮਨ ਦੀਆਂ ਵਿਥਾਂ (ਹਰੀ ਤੋਂ ਦੂਰੀ) ਨਹੀਂ ਮਿਟਦੀਆਂ ਅਤੇ ਮਨ ਵਿਚ ਰਹਿਣ ਵਾਲੇ ਪੰਜ ਜਣੇ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਇਕ ਤਿਲ ਭਰ ਵੀ ਚੁਪ ਨਹੀਂ ਕਰਦੇ।[30] ਬਹੁਤ ਸਾਰੇ ਬ੍ਰਾਹਮਣ ਜੋਤਸ਼ੀ ਵੇਦਾਂ ਦੀ ਵਿਚਾਰ ਕਰਦੇ ਹਨ।[31] ਪਰੰਤੂ ਗੁਰਮਤਿ ਅਨੁਸਾਰ ਚਾਰ ਵੇਦਾਂ ਦੇ ਵਕਤੇ ਨੂੰ ਵੀ ਰਬ ਦੇ ਹਜ਼ੂਰ ਥਾਂ ਨਹੀਂ ਮਿਲਦੀ, ਕਿਉਂਕਿ ਉਹ ਸੁਧ ਅਖਰ (ਨਾਮ) ਦੀ ਗਲ ਨਹੀਂ ਸਮਝਦਾ ਅਤੇ ਬੇਅਰਥ ਮਗਜ਼ਖੋਰੀ ਕਰਦਾ ਹੈ।[32]

ਪੰਡਤ ਮਾਇਆ ਦੇ ਲਾਲਚ ਪਿਛੇ ਗ੍ਰੰਥਾਂ ਨੂੰ ਪੜ੍ਹਦਾ ਹੈ, ਅਸਲ ਵਿਚ ਉਸ ਨੂੰ ਗਿਆਨ ਕੋਈ * ਨਹੀਂ ਹੁੰਦਾ।[33] ਗੁਰੂ ਜੀ ਅਨੁਸਾਰ ਸੰਤ ਜਨ ਇਨ੍ਹਾਂ ਵੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ ਤੋਂ ਉਪਰ ਹਨ।[34]

ਹਿੰਦੂ ਧਾਰਮਿਕ ਗ੍ਰੰਥਾਂ ਵਿਚ ਪੁੰਨ ਤੇ ਪਾਪ ਆਦਿ ਵਿਸ਼ਿਆਂ ਸਬੰਧੀ ਵਾਦ-ਵਿਵਾਦ ਮਿਲਦਾ ਹੈ, ਪਰੰਤੂ ਆਦਿ ਗ੍ਰੰਥ ਦੇ ਗੁਰੂ-ਵਾਕ ਅਨੁਸਾਰ ਉਨ੍ਹਾਂ ਵਿਚ ਅਸਲ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ।[35] ਗੁਰੂ ਜੀ ਵੇਦ, ਪੁਰਾਣ ਤੇ ਸਿਮ੍ਰਤੀਆਂ ਆਦਿ ਦੇ ਪਠਨ ਪਾਠਨ ਦੀ ਕਿਰਿਆ ਤੇ ਵਿਅੰਗ ਕਰਦੇ ਹੋਏ ਕਹਿੰਦੇ ਹਨ ਕਿ ਹਰੀ ਦੇ ਰੰਗ ਵਿਚ ਰੰਗੇ ਜਾਣ ਤੋਂ ਬਿਨਾ ਮਨ ਦੀ ਭਟਕਣ ਸਮਾਪਤ ਨਹੀਂ ਹੋ ਸਕਦੀ।[36] ਇਨ੍ਹਾਂ ਧਾਰਮਿਕ ਗ੍ਰੰਥਾਂ ਦੇ ਵਾਚਨ ਨਾਲ ਛੁਟਕਾਰਾ ਨਹੀਂ ਹੋ ਸਕਦਾ।[37] ਗੁਰੂ ਜੀ ਉਨ੍ਹਾਂ ਗੁਮਰਾਹ ਵਿਆਖਿਆਕਾਰਾਂ ਦੀ ਖਿਲੀ ਉਡਾਂਦੇ ਹਨ ਜੋ ਨਾਮ ਵਿਸਾਰ ਕੇ ਵੇਦਾਂ ਦੀ ਵਿਚਾਰ ਉਪਰ ਜ਼ੋਰ ਦਿੰਦੇ ਹਨ।[38]

---

30. ਪੜੇ ਰੇ ਸਗਲ ਬੇਦ, ਨਹੀਂ ਚੂਕੈ ਮਨ ਭੇਦ, ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ।
(ਧਨਾਸਿਰੀ ਮ:5, ਅਸਟਪਦੀ, ਉਹੀ, ਪੰ: 687)
31. 'ਕੇਤੇ ਪੰਡਿਤ ਜੋਤਕੀ, ਬੇਦਾ ਕਰਹਿ ਬੀਚਾਰੁ।'
(ਸਿਰੀ ਰਾਗ ਮ: 1, ਪੰ: 56)
32. 'ਚਤੁਰ ਬੇਦ ਮੁਖ ਬਚਨੀ ਉਚਰੈ, ਆਗੈ ਮਹਲੁ ਨ ਪਾਈਐ।
ਬੂਝੈ ਨਾਹੀ ਏਕੁ ਸੁਧਾਖਰੁ, ਓਹੁ ਸਗਲੀ ਝਾਖ ਝਖਾਈਐ।
(ਗਉੜੀ ਮ: 5, ਉਹੀ, ਪੰ: 216)
33. ਪੰਡਿਤ ਵਾਚਹਿ ਪੋਥੀਆ, ਨਾ ਬੂਝਹਿ ਵੀਚਾਰੁ।
ਅਨ ਕਉ ਮਤੀ ਦੇ ਚਲਹਿ, ਮਾਇਆ ਕਾ ਵਾਪਾਰੁ। (ਸਿਰੀ ਰਾਗ ਮ: 1, ਉਹੀ, ਪੰ: 56)
34. 'ਬੇਦ ਪੁਰਾਨ ਸਿੰਮ੍ਰਿਤਿ ਭਨੇ। ਸਭ ਊਚ ਬਿਰਾਜਿਤ ਜਨ ਸੁਨੇ।'
'(ਗਉੜੀ ਮ: 5, ਉਹੀ, ਪੰ: 211)
35. ੳ) 'ਬੇਦ ਬਾਦਿ ਮਤਿ ਆਖਿ ਵਖਾਣਹਿ। ਨ ਅੰਤਰੁ ਭੀਜੈ ਨ ਸਬਦੁ ਪਛਾਣਹਿ।'
(ਮਾਰੂ ਸੋਲਹੇ ਮ:3, ਸੋਲਹਾ 5, ਉਹੀ, ਪੰ: 1050)
ਅ) ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ।
(ਰਾਮਕਲੀ ਮ: 3, ਅਨੰਦੁ, (ਪਉੜੀ 27, ਉਹੀ, ਪੰ:920)
36. 'ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ। ਬੇਦ ਪੁਰਾਣ ਪੜੈ ਸੁਣਿ ਥਾਟਾ।
ਬਿਨੁ ਰਸ ਰਾਤੇ ਮਨੁ ਬਹੁ ਨਾਟਾ। (ਗਉੜੀ ਮ: 1, ਅਸਟਪਦੀ, ਉਹੀ, ਪੰ: 226)
37. 'ਬੇਦ ਕਤੇਬ ਸਿਮ੍ਰਿਤਿ ਸਭ ਸਾਸਤ, ਇਨ ਪੜਿਆ ਮੁਕਤਿ ਨ ਹੋਈ।
(ਰਾਗ ਸੂਹੀ ਮ: 5, ਉਹੀ, ਪੰ: 747)
38. 'ਨਾਮੁ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ।'
(ਮਾਰੂ ਮ: 1, ਉਹੀ, ਪੰ: 1015-16)

ਗੁਰਮਤਿ ਅਨੁਸਾਰ ਹਰੀ ਦੇ ਨਾਮ ਦੇ ਬਰਾਬਰ ਧਾਰਮਿਕ ਗ੍ਰੰਥ ਨਹੀਂ ਪੁਜ ਸਕਦੇ।[39] ਛੇ ਦਰਸ਼ਨਾਂ (ਸ਼ਾਸਤਰਾਂ) ਦੇ ਜੋ ਵਿਸ਼ਿਆਂ ਦੁਆਰਾ ਪ੍ਰਤਿਪਾਦਿਤ ਛੇ ਪ੍ਰਕਾਰ ਦੇ ਵੱਖ ਵੱਖ ਉਪਦੇਸ਼ਾਂ ਦੀ ਬਜਾਇ ਗੁਰਮਤਿ ਵਿਚ ਕਰਤਾਰ ਦੀ ਮਹਿਮਾ ਵਾਲੇ ਸੁਭਾਗਤਾ ਦੇ ਅਭਿਆਸ ਕਰਨ ਲਈ ਵਿਧਾਨ ਹੈ।[40] ਅਠਾਰਾਂ ਪੁਰਾਣਾਂ ਅਤੇ ਚਾਰ ਵੇਦਾਂ ਨੇ ਜੋ ਯਥਾਰਥ ਭੇਦ ਨਹੀਂ ਪਾਇਆ, ਗੁਰੂ ਜੀਆਂ ਅਨੁਸਾਰ ਉਹੀ ਭੇਦ ਅਥਵਾ ਬ੍ਰਹਮ ਦੇ ਦਰਸ਼ਨ ਸਤਿਗੁਰੂ ਰਾਹੀਂ ਹੋ ਜਾਂਦੇ ਹਨ।[41] ਗੁਰਮਤਿ ਦਾ ਪ੍ਰਭੂ ਵੇਦਾਂ ਤੇ ਕਤੇਬਾਂ ਵਿਚ ਹੋਣ ਦੀ ਬਜਾਇ ਸਰਬ ਵਿਆਪਕ ਹੈ, ਜ਼ਾਹਰਾ ਜ਼ਹੂਰ ਹੈ।[42]

ਹਿੰਦੂ ਧਰਮ ਵਿਚ ਬਹੁ ਦੇਵਤਾਵਾਦ ਪ੍ਰਚੱਲਤ ਸੀ।[43] ਰਿਗ ਵੇਦ ਅਨੁਸਾਰ ਦੇਵਤਿਆਂ ਦੀ ਘਟੋ ਘਟ ਗਿਣਤੀ 33[44] ਅਤੇ ਵਧ ਤੋਂ ਵਧ ਗਿਣਤੀ 3339[45] ਮੰਨੀ ਗਈ ਹੈ। ਮੱਧ ਕਾਲ ਵਿਚ ਵੀ ਦੇਵੀਆਂ ਅਤੇ ਦੇਵਤਿਆਂ ਦੀ ਪੂਜਾ ਪ੍ਰਧਾਨ ਸੀ ਪਰ ਆਦਿ ਗ੍ਰੰਥ ਦੇ ਗੁਰੂ ਕਵੀਆਂ ਨੇ ਇਸ ਦਾ ਖੰਡਨ ਕਰਦਿਆਂ ਕਿਹਾ ਕਿ ਸਭ ਦੇਵੀਆਂ ਅਤੇ ਦੇਵਤੇ ਮਾਇਆ ਜਾਲ ਵਿਚ ਫਸੇ ਹੋਏ ਹਨ।[46] ਹਿੰਦੂਆਂ ਵਿਚ ਸੁਤੰਤਰ ਮੰਨੇ ਜਾਂਦੇ ਤਿੰਨ ਮੁਖ ਦੇਵਤਿਆਂ— ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ— ਬਾਰੇ ਪਰੰਪਰਾਗਤ ਵਿਸ਼ਵਾਸ ਨੂੰ ਗਲਤ ਕਰਾਰ ਦਿੰਦਿਆਂ ਗੁਰੂ ਜੀ ਅਸਲੀਅਤ ਦਰਸਾਂਦੇ ਅਤੇ ਕਿਹਾ ਕਿ ਇਹ ਤਿੰਨੇ ਦੇਵਤੇ ਪ੍ਰਭੂ ਨੇ ਹੀ ਪੈਦਾ ਕੀਤੇ ਹਨ, ਇਨ੍ਹਾਂ ਦੇਵਤਿਆਂ ਦੀ ਪੈਦਾਇਸ਼ ਪ੍ਰਕ੍ਰਿਤੀ ਦੇ ਵਿਸ਼ੇਸ਼ ਢੰਗ ਨਾਲ ਪ੍ਰਸੂਤ ਹੋਣ ਨਾਲ ਹੋਈ ਅਤੇ ਇਨ੍ਹਾਂ ਨੂੰ ਵਾਹਿਗੁਰੂ ਆਪਣੇ ਹੁਕਮ ਵਿਚ ਰਖਕੇ ਚਲਾਉਂਦਾ ਹੈ।[47] ਉਸ ਨੇ ਕੇਵਲ ਤਿੰਨ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ

---

39. 'ਬਹੁ ਸਾਸਤ੍ਰ ਬਹੁ ਸਿਮ੍ਰਿਤੀ, ਪੇਖੇ ਸਰਬ ਢਢੋਲਿ।
ਪੂਜਸਿ ਨਾਹੀ ਹਰਿ ਹਰੇ, ਨਾਨਕ ਨਾਮ ਅਮੋਲ।
(ਗਉੜੀ ਸੁਖਮਨੀ ਮ: 5, ਅਸਟਪਦੀ 3 ਦਾ ਸਲੋਕ, ਉਹੀ, ਪੰ: 265)
40. ਛਿਅ ਘਰ, ਛਿਅ ਗੁਰ, ਛਿਅ ਉਪਦੇਸ। ਗੁਰ ਗੁਰ ਏਕੋ ਵੇਸ ਅਨੇਕ।
ਜੈ ਘਰਿ ਕਰਤੇ ਕੀਰਤਿ ਹੋਇ। ਸੋ ਘਰੁ ਰਾਖੁ ਵਡਾਈ ਤੋਇ। (ਆਸਾ ਮ: 1, ਉਹੀ, ਪੰ: 357)
41. ਅਸਟਦਸੀ ਚਹੁ ਭੇਦੁ ਨ ਪਾਇਆ। ਨਾਨਕ ਸਤਿਗੁਰ ਬ੍ਰਹਮ ਦਿਖਾਇਆ।
(ਆਸਾ ਮ: 5, ਉਹੀ, ਪੰ: 355)
42. ਬੇਤ ਕਤੇਬ ਸੰਸਾਰ, ਹਭਾਹੂੰ ਬਾਹਰਾ। ਨਾਨਕ ਦਾ ਪਾਤਿਸਾਹੁ, ਦਿਸੈ ਜਾਹਰਾ।
(ਆਸਾ ਮ: 5, ਉਹੀ, ਪੰ: 397)
43. ੳ) ਭਾਰਤੀਯ ਦਰਸ਼ਨ, ਭਾਗ ਪਹਿਲਾ, ਪੰ; 84-80, ਡਾ: ਰਾਧਾ ਕ੍ਰਿਸ਼ਨ।
ਅ) ਮਧਯ ਕਾਲੀਨ ਧਰਮ ਸਾਧਨਾ, ਪੰ: 64ਡਾ: ਹਜ਼ਾਰੀ ਪ੍ਰਸਾਦ ਦਿਵੇਦੀ।
44. ਰਿਗਵੇਦ, 1/139/11 (ਮਧਯਕਾਲੀਨ ਧਰਮ ਸਾਧਨਾ, ਪੰ : 63, ਡਾ: ਹਜ਼ਾਰੀ ਪ੍ਰਸਾਦ ਦਿਵੇਦੀ ਤੋਂ ਪ੍ਰਾਪਤ)
45. ਰਿਗਵੇਦ 3/3/9 (ਉਹੀ, ਪੰ: 64 ਤੋਂ ਪ੍ਰਾਪਤ)।
46. 'ਮਾਇਆ ਮੋਹੇ ਦੇਵੀ ਸਭਿ ਦੇਵਾ।' (ਗਉੜੀ ਮ: 1, ਉਹੀ, ਪੰ: 227)
47. ੳ) ਏਕਾ ਮਾਈ ਜੁਗਤਿ ਵਿਆਈ, ਤਿਨਿ ਚੇਲੇ ਪਰਵਾਣੁ।
ਇਕੁ ਸੰਸਾਰੀ ਇਕੁ ਭੰਡਾਰੀ, ਇਕੁ ਲਾਏ ਦੀਬਾਣੁ।
ਜਿਵ ਤਿਸੁ ਭਾਵੈ ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ।(ਮ:1, ਜਪੁ (ਪਉੜੀ 30, ਉਹੀ, ਪੰ:7)
ਅ) ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ। (ਵਾਰ ਮਲਾਰ ਮ: 1, ਪਉੜੀ 3, ਉਹੀ, ਪੰ: 1279)

(ਬਾਕੀ ਅਗਲੇ ਪੰਨੇ ਤੇ..........)

ਨਹੀਂ ਬਣਾਏ, ਬਲਕਿ ਕਈਆਂ ਬ੍ਰਹਮਾ, ਕਈਆਂ ਵਿਸ਼ਨੂੰ ਤੇ ਕਰੋੜਾਂ ਹੀ ਸ਼ਿਵਜੀ ਪੈਦਾ ਕਰਕੇ ਆਪੋ ਆਪਣੇ ਕੰਮ ਲਾ ਰਖੇ ਹਨ।[48]

ਪਰਮੇਸ਼ਵਰ ਬੇਅੰਤ ਹੈ, ਗੁਰੂ ਜੀ ਅਨੁਸਾਰ ਬ੍ਰਹਮਾ ਵਰਗੇ ਦੇਵਤੇ ਨੂੰ ਵੀ ਉਸਦਾ ਭੇਦ ਨਹੀਂ ਅਤੇ ਨਾ ਹੀ ਕਿਸੇ ਹੋਰ ਅਵਤਾਰ ਨੂੰ ਉਸ ਦੇ ਅੰਤ ਦਾ ਪਤਾ ਲਗ ਸਕਦਾ ਹੈ, ਸ਼ਿਵ ਜੀ ਅਤੇ ਦੇਵੀਆਂ ਨੂੰ ਵੀ ਉਸ ਅਲੱਖ ਪਾਰਬ੍ਰਹਮ ਦਾ ਗਿਆਨ ਨਹੀਂ ਹੈ।[49]

ਗੁਰਮਤਿ ਅਨੁਸਾਰ ਵਾਹਿਗੁਰੂ ਸਭ ਤੋਂ ਵਡਾ ਪਾਤਸ਼ਾਹ ਹੈ ਜਿਸ ਦੇ ਦਰ ਤੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਅਤੇ ਅਨੇਕਾਂ ਦੇਵਤੇ ਖੜੇ ਰਹੇ ਹਨ ਅਤੇ ਉਸ ਦੇ ਗੁਣ ਗਾਇਨ ਕਰ ਰਹੇ ਹਨ, ਮਾਇਆ ਵੀ ਉਸੇ ਪ੍ਰਭੂ ਦੀ ਪੈਦਾ ਕੀਤੀ ਹੋਈ ਹੈ।[50] ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਬਹੁ-ਦੇਵਤਾਵਾਦ ਅਤੇ ਅਵਤਾਰਵਾਦ ਦਾ ਖੰਡਨ ਕਰਕੇ ਏਕੇਸ਼ਵਰਵਾਦ ਵਿਚ ਵਿਸ਼ਵਾਸ ਦ੍ਰਿੜਾਇਆ।

ਭਾਰਤੀ ਦਰਸ਼ਨ ਦੇ ਸਭ ਸਕੂਲਾਂ ਨੇ ਕਰਮ ਸਿਧਾਂਤ ਨੂੰ ਮੰਨਿਆ ਹੈ।[51] ਆਦਿ ਗ੍ਰੰਥ ਵਿਚ ਇਸ ਦੇ ਨਾਲ ਪੁਨਰ-ਜਨਮ ਦਾ ਸਿਧਾਂਤ ਜੋੜਿਆ ਗਿਆ ਹੈ।[52] ਚੰਗੇ ਮਾੜੇ ਕਰਮਾਂ ਅਨੁਸਾਰ ਪੁਨਰ ਜਨਮ ਮਿਲਦਾ ਹੈ। ਇਸ ਸਿਧਾਂਤ ਨੂੰ ਸਵੀਕਾਰ ਕਰਦਿਆਂ ਜੀਵਾਂ ਦੇ ਚੁਰਾਸੀ ਲਖ ਜੂਨੀਆਂ ਵਿਚ ਭੌਣੇ ਫਿਰਨ ਦਾ ਆਦਿ ਗ੍ਰੰਥ ਵਿਚ ਵਰਨਨ ਉਪਲੱਬਧ ਹੈ।[53] ਗੁਰੂ ਜੀਆਂ ਅਨੁਸਾਰ ਜਿਸ ਤਰ੍ਹਾਂ ਦਾ ਜੀਵ

ਪਿਛਲੇ ਪੰਨੇ ਦੀ ਬਾਕੀ:

ੲ) ਜਾ ਤਿਸੁ ਭਾਣਾ ਤਾ ਜਗਤੁ ਉਪਾਇਆ। ਬਾਝੁ ਕਲਾ ਆਡਾਣੁ ਰਹਾਇਆ।
ਬ੍ਰਹਮਾ ਬਿਸਨੁ ਮਹੇਸੁ ਉਪਾਏ, ਮਾਇਆ ਮੋਹੁ ਵਧਾਇਦਾ।
(ਮਾਰੂ ਮ: 1, ਸੋਲਹੇ, ਉਹੀ, ਪੰ: 1036)

ਸ) ਸੁੰਨਹੁ ਬ੍ਰਹਮਾ ਬਿਸਨੁ ਉਪਾਏ। (ਉਹੀ, ਪੰ: 1037)

48. ਕੋਟਿ ਬਿਸਨ ਕੀਨੇ ਅਵਤਾਰ। ਕੋਟਿ ਬ੍ਰਹਮੰਡ ਜਾ ਕੇ ਧ੍ਰਮ ਸਾਲ।
ਕੋਟਿ ਮਹੇਸ ਉਪਾਇ ਸਮਾਏ। ਕੋਟਿ ਬ੍ਰਹਮੇ ਜਗੁ ਸਾਜਣ ਲਾਏ।(ਭੈਰਉ ਮ: 5, ਉਹੀ, ਪੰ:1156)

49. '..............................ਬ੍ਰਹਮੇ ਨਹੀ ਜਾਨਹਿ ਭੇਦ।
ਅਵਤਾਰ ਨ ਜਾਨਹਿ ਅੰਤੁ। ਪਰਮੇਸਰੁ ਪਾਰਬ੍ਰਹਮ ਬੇਅੰਤੁ।1।
ਅਪਨੀ ਗਤਿ ਆਪਿ ਜਾਨੈ। ਸੁਣਿ ਸੁਣਿ ਅਵਰ ਵਖਾਨੈ।1। ਰਹਾਉ।
ਸੰਕਰਾ ਨਹੀ ਜਾਨਹਿ ਭੇਵ। ਖੋਜਤ ਹਾਰੇ ਦੇਵ।
ਦੇਵੀਆ ਨਹੀ ਜਾਨੈ ਮਰਮ। ਸਭ ਊਪਰਿ ਅਲਖ ਪਾਰਬ੍ਰਹਮ। (ਰਾਮਕਲੀ ਮ:5, ਉਹੀ, ਪੰ:894)

50. ੳ) ਬ੍ਰਹਮਾ ਬਿਸਨੁ ਮਹੇਸੁ ਦੁਆਰੈ। ਊਭੇ ਸੇਵੈ ਅਲਖ ਅਪਾਰੈ।
ਹੋਰ ਕੇਤੀ ਦਰ ਦੀਸੈ ਬਿਲਲਾਦੀ, ਮੈ ਗਣਤ ਨ ਆਵੈ ਕਾਈ ਹੈ।
(ਮਾਰੂ ਸੋਲਹੇ ਮ:1, ਉਹੀ, ਪੰ: 1022)

ਅ) ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ, ਗਾਵੈ ਰਾਜਾ ਧਰਮੁ ਦੁਆਰੇ।
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ, ਲਿਖਿ ਲਿਖਿ ਧਰਮੁ ਵੀਚਾਰੇ।
ਗਾਵਹਿ ਈਸਰੁ ਬਰਮਾ ਦੇਵੀ, ਸੋਹਨਿ ਸਦਾ ਸਵਾਰੇ।
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ।
...............ਰੰਗੀ ਰੰਗੀ ਭਾਤੀ ਕਰਿ ਕਰਿ, ਜਿਨਸੀ ਮਾਇਆ ਜਿਨਿ ਉਪਾਈ।............'
(ਮ:1, ਜਪੁ ਪਉੜੀ 27, ਉਹੀ, ਪੰ: 6)

51. Ethical Philosophies of India, P. 72, I. C. Sharma.

(ਬਾਕੀ ਅਗਲੇ ਪੰਨੇ ਤੇ -----)

ਬੀਜਦਾ ਹੈ, ਉਹੀ ਫਲਾਂ ਦਾ ਹਕਦਾਰ ਹੈ,[54] ਅਰ ਉਹੋ ਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ, ਇਸ ਪ੍ਰਕਾਰ ਦਾ ਜ਼ੋਰ ਕਰਮ ਕਾਂਡ ਹੈ।[55] ਚੰਗੇ ਕਰਮ ਕਰਨ ਵਾਲਿਆਂ ਨੂੰ ਧਰਮੀ ਅਤੇ ਬੁਰੇ ਕਰਮ ਕਰਨ ਵਾਲਿਆਂ ਨੂੰ ਪਾਪੀ ਕਿਹਾ ਜਾਂਦਾ ਹੈ।[56] ਗੁਰੂ ਜੀ ਅਨੁਸਾਰ ਭੈੜੇ ਕਰਮ ਕਰਨ ਵਾਲਿਆਂ ਨੂੰ ਰੱਬ ਦੀ ਦਰਗਾਹ ਵਿਚ ਸਜ਼ਾ ਦਿੱਤੀ ਜਾਂਦੀ ਹੈ।[57] ਪਾਪੀਆਂ ਨੂੰ ਧਰਮ ਰਾਜ ਦੂਤ ਵਿਕਰਾਲ ਰੂਪ ਧਾਰ ਦੁਖ ਦਿੰਦਾ ਹੈ।[58] ਸੰਤਾਂ ਦੀ ਨਿੰਦਿਆ ਅਤੇ ਭੈੜੇ ਲੋਕਾਂ ਦੀ ਪੂਜਾ ਨੀਚ ਕਰਮ ਹਨ।[59] ਸੰਤਾਂ ਦੀ ਨਿੰਦਿਆ ਅਤੇ ਭੈੜੇ ਲੋਕਾਂ ਦੀ ਪੂਜਾ ਦੇ ਫਲ ਸਰੂਪ ਵਾਰ ਵਾਰ ਅਤੇ ਨੀਚੀਆਂ ਜੂਨੀਆਂ ਵਿਚ ਭਟਕਣਾ ਪੈਂਦਾ ਹੈ।[60] ਸੰਤਾਂ ਦੇ ਦੋਖੀਆਂ ਨੂੰ ਨਰਕਾਂ ਵਿਚ ਵੀ ਸੁਟਿਆ ਜਾਂਦਾ ਹੈ।[61]

ਮਾਨਸ ਦੇਹੀ ਨੂੰ ਗੁਰੂ ਜੀ ਨੇ ਕਰਮ ਭੂਮੀ ਦੀ ਸੰਗਿਆ ਦਿੱਤੀ ਹੈ।[62] ਉਹਨਾਂ ਨੇ ਇਸ ਕਰਮ ਭੂਮੀ ਵਿਚ ਨਾਮ ਰੂਪੀ ਫ਼ਸਲ ਬੀਜਣ ਦਾ ਸੁਝਾਅ ਦਿੱਤਾ ਹੈ।[63] ਹਰ ਪ੍ਰਕਾਰ ਦੇ ਉਪਾਅ ਕਰ ਕੇ ਗੁਰੂ ਗੁਰੂ ਜੀ ਨੇ ਵਾਹਿਗੁਰੂ ਦੀ ਓਟ ਲੈਣ ਲਈ ਕਿਹਾ ਹੈ ਤਾਂ ਕਿ ਜੀਵਾਂ ਦਾ ਇਸ ਆਵਾਗਉਣ ਦੇ ਚੱਕਰ ਵਿਚੋਂ ਛੁਟਕਾਰਾ ਹੋ ਸਕੇ। ਇਸ ਜਨਮ ਨੂੰ ਗੁਰੂ ਜੀ ਨੇ ਮਨੁੱਖ ਦਾ ਗੋਬਿੰਦ ਨਾਲ ਮਿਲਣ ਦਾ ਸੁਨਹਿਰੀ ਮੌਕਾ ਮਿਥਿਆ ਹੈ ਅਤੇ ਸਾਧ ਸੰਗਤ ਵਿਚ ਕੇਵਲ ਨਾਮ ਦਾ ਸਿਮਰਨ ਕਰ ਕਿਆਂ ਪ੍ਰਭੂ ਅੱਗੇ

---

52. ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ। (ਜਪੁ, ਪਉੜੀ 4, ਗ੍ਰੰਥ, ਪੰ: 2)
53. ਕਈ ਜਨਮ ਭਏ ਕੀਟ ਪਤੰਗਾ। ਕਈ ਜਨਮ ਗਜ ਮੀਨ ਕੁਰੰਗਾ।
......ਲਖ ਚਉਰਾਸੀਹ ਜੋਨਿ ਭ੍ਰਮਾਇਆ। (ਗਉੜੀ ਗੁਆਰੇਰੀ ਮ:5, ਗ੍ਰੰਥ, ਪੰ: 176)
54. ੳ)ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ। (ਬਾਰਹਮਾਹ ਮਾਝ ਮ:5, ਗ੍ਰੰਥ, ਪੰ:134)
ਅ) ਬੀਜ ਬੋਵਸਿ ਭੋਗ ਭੋਗਹਿ, ਕੀਆ ਆਪਣਾ ਪਾਵਏ। (ਜੈਤਸਰੀ ਮ:5, ਛੰਤ, ਗ੍ਰੰਥ, ਪੰ:705)
ੲ) ਆਪੇ ਬੀਜਿ ਆਪੇ ਹੀ ਖਾਹੁ। (ਜਪੁ, ਪਉੜੀ 20, ਗ੍ਰੰਥ, ਪੰ:4)
55. ਫਲੁ ਤੇਵੇਹੋ ਪਾਈਐ, ਜੇਵੇਹੀ ਕਾਰ ਕਮਾਈਐ।
(ਮ:1, ਵਾਰ ਆਸਾ, ਪਉੜੀ 10, ਗ੍ਰੰਥ, ਪੰ:468)
56. ਜੇ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ, ਪਾਪਿ ਕਮਾਵੈ ਪਾਪੀ ਜਾਣੀਐ।
(ਮ:2, ਵਾਰ ਮਾਝ ਕੀ ਮ:1, ਦੀ ਪਉੜੀ 2 ਦਾ ਸਲੋਕ, ਗ੍ਰੰਥ, ਪੰ:138
57. ਕਰਿ ਦੁਹ ਕਰਮ ਦਿਖਾਵਹਿ ਹੋਰੁ। ਰਾਮ ਕੀ ਦਰਗਹ ਬਾਧਾ ਚੋਰੁ। (ਗਉੜੀ ਮ: 5, ਪੰ: 194)
58. ਪਾਪੀ ਕਰਮ ਕਮਾਵਦੇ, ਕਰਦੇ ਹਾਏ ਹਾਇ।
ਨਾਨਕ ਜਿਉ ਮਥਨਿ ਮਾਧਾਣੀਆ, ਤਿਉ ਮਥੇ ਧ੍ਰਮ ਰਾਇ।
(ਮ:5, ਸਲੋਕ ਵਾਰਾਂ ਤੇ ਵਧੀਕ, ਗ੍ਰੰਥ, ਪੰ:1425)
59. ਸੰਤ ਕੀ ਨਿੰਦਾ, ਸਾਕਤ ਕੀ ਪੂਜਾ, ਐਸੀ ਦ੍ਰਿੜੀ ਬਿਪਰੀਤਿ। (ਧਨਾਸਿਰੀ ਮ:5, ਗ੍ਰੰਥ, ਪੰ:673)
60. ੳ) ਸੰਤ ਕੀ ਨਿੰਦਾ ਨਾਨਕਾ, ਬਹੁਰਿ ਬਹੁਰਿ ਅਵਤਾਰ।
(ਗਉੜੀ ਸੁਖਮਨੀ ਮ:5, ਅਸਟਪਦੀ 13 ਨਾਲ ਸਲੋਕ, ਗ੍ਰੰਥ, ਪੰ:279)
ਅ)ਸੰਤਨ ਕੈ ਦੂਖਨਿ ਸਰਪ ਜੋਨਿ ਪਾਇ। ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ।
(ਉਹੀ, ਅਸਟਪਦੀ 13, ਗ੍ਰੰਥ, ਪੰ:279)
61. ਸੰਤ ਕੈ ਦੂਖਨਿ ਨਰਕ ਮਹਿ ਪਾਇ। (ਉਹੀ, ਪੰ: 279)
62. ਇਹ ਸਰੀਰੁ ਕਰਮ ਕੀ ਧਰਤੀ............। (ਬਿਲਾਵਲ ਮ:4, ਗ੍ਰੰਥ, ਪੰ: 834)
63. ਕਰਮ ਭੂਮਿ ਮਹਿ ਬੋਅਹੁ ਨਾਮੁ। ਪੂਰਨ ਹੋਇ ਤੁਮਾਰਾ ਕਾਮੁ।
(ਗਉੜੀ ਗੁਆਰੇਰੀ ਮ:5, ਗ੍ਰੰਥ, ਪੰ:176)

ਆਪਣੀ ਜੀਵ ਰਖਿਆ ਲਈ ਅਰਦਾਸ ਬੇਨਤੀ ਕਰਨ ਲਈ ਜ਼ੋਰ ਦਿੱਤਾ ਹੈ।[65]

ਹਿੰਦੂ ਧਰਮ ਵਿਚ ਮੂਰਤੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ, ਪਰੰਤੂ ਮਧਕਾਲ ਵਿਚ ਮਾਨਵ ਕੇਵਲ ਕਰਮਕਾਂਡੀ ਦਿਖਾਵੇ ਦਾ ਜੀਵਨ ਹੀ ਬਿਤਾ ਰਿਹਾ ਸੀ। ਗੁਰੂ ਜੀ ਅਨੁਸਾਰ ਮਨੁੱਖ ਆਪਣੀ ਅਸਲੀਅਤ ਭੁਲ ਕੇ ਪਸ਼ੂਆਂ ਵਾਲੀਆਂ ਕਰਤੂਤਾਂ ਕਰਦਾ ਸੀ। ਭੇਖੀ ਮਨੁੱਖ ਦੇ ਅੰਦਰ ਮਾਇਆ ਦੀ ਮੈਲ ਲਗੀ ਹੋਈ ਸੀ। ਬਾਹਰੋਂ ਗਿਆਨ, ਧਿਆਨ, ਇਸ਼ਨਾਨ ਦਾ ਦਿਖਾਵਾ ਕਰਨ ਵਾਲੇ ਦੇ ਅੰਦਰ ਕੁੱਤੇ ਵਾਲਾ ਲੋਭ ਭਰਿਆ ਹੋਇਆ ਸੀ।[66] ਹਿੰਦੂਆਂ ਦਾ ਧਾਰਮਿਕ ਆਗੂ, ਬ੍ਰਾਹਮਣ ਜੀਵਾਂ ਨੂੰ ਮਾਰ ਕੇ, ਧੂਪ ਦੇ ਕੇ ਦਿਖਾਵੇ ਮਾਤ੍ਰ ਤਾਲਾਂ ਤੇ ਨ੍ਹਾਉਂਦਾ ਫਿਰਦਾ ਸੀ।[67] ਵੇਦਾਂ ਦਾ ਪਾਠ, ਤੀਰਥ ਇਸ਼ਨਾਨ, ਆਸ਼੍ਰਮ ਅਨੁਸਾਰ ਵਿਚਰਣਾ, ਮਨ ਦਾ ਹੱਠ ਕਰਕੇ ਕਰਮ ਧਰਮ ਦੇ ਬੰਧਨਾਂ ਵਿਚ ਮਾਨਵ ਕੁਰਾਹੇ ਪਿਆ ਹੋਇਆ ਸੀ।[68] ਗੁਰੂ ਜੀਆਂ ਅਨੁਸਾਰ ਨਾਮ ਤੋਂ ਬਿਨਾ ਕਰਮਕਾਂਡ ਹੰਕਾਰ ਦਾ ਰੂਪ ਹੈ, ਇਸੇ ਲਈ ਉਨ੍ਹਾਂ ਨੇ ਕਰਮਕਾਂਡੀ ਨੂੰ ਲਾਹਨਤ ਪਾਈ ਹੈ।[69] ਹਰੀ ਦੇ ਜਾਪ ਤੋਂ ਬਿਨਾ ਸਾਰੀਆਂ ਕ੍ਰਿਆਵਾਂ, ਗੁਰਮਤਿ ਅਨੁਸਾਰ, ਵਿਅਰਥ ਹਨ, ਪਰੰਤੂ ਮੱਧਕਾਲ ਵਿਚ ਜਪ, ਤਪ, ਸੰਜਮ ਆਦਿ ਕਈ ਕਰਮਕਾਂਡਾਂ ਨਾਲ ਮਨੁਖ ਇਥੇ ਠਗਿਆ ਜਾ ਰਿਹਾ ਸੀ।[70]

ਹਿੰਦੂ ਧਰਮ ਦੇ ਅਨੁਯਾਈ ਮਧਕਾਲ ਵਿਚ ਹਵਨ ਤੇ ਯੱਗ ਆਦਿਕ ਕਰਮਕਾਂਡਾਂ ਵਿਚ ਫਸੇ ਹੋਏ ਸਨ। ਅਜਿਹੇ ਕਰਮ ਲੋਕ ਪਰਲੋਕ ਦੇ ਸੁਖਾਂ ਦਾ ਸਾਧਨ ਸਮਝੇ ਜਾਂਦੇ ਸਨ, ਕਿਉਂਕਿ ਵੇਦਾਂ ਦੀ ਵੱਡੀ ਤਾਲੀਮ ਏਸ ਹੈ।[71]

---

64. ਉਪਾਵ ਛੋਡਿ ਗਹੁ ਤਿਸ ਕੀ ਓਟ। ਨਿਮਖ ਮਾਹਿ ਹੋਵੈ ਤੇਰੀ ਛੋਟਿ।
(ਗਉੜੀ ਗੁਆਰੇਰੀ ਮ:5, ਗ੍ਰੰ, ਪੰ: 176)

65. ਭਈ ਪਰਾਪਤਿ ਮਾਨੁਖ ਦੇਹੁਰੀਆ, ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।
ਅਵਰਿ ਕਾਜ ਤੇਰੈ ਕਿਤੈ ਨ ਕਾਮ। ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।
.......ਕਹੁ ਨਾਨਕ ਹਮ ਨੀਚ ਕਰੰਮਾ। ਸਰਣਿ ਪਰੇ ਕੀ ਰਾਖਹੁ ਸਰਮਾ।
(ਆਸਾ ਮ: 5, ਗ੍ਰੰ, ਪੰ: 378)

66. ਕਰਤੂਤਿ ਪਸੂ ਕੀ ਮਾਨਸ ਜਾਤਿ। ਲੋਕ ਪਚਾਰਾ ਕਰੈ ਦਿਨੁ ਰਾਤਿ।
ਬਾਹਰਿ ਭੇਖ ਅੰਤਰਿ ਮਲੁ ਮਾਇਆ। ਛਪਸਿ ਨਾਹਿ ਕਛੁ ਕਰੈ ਛਪਾਇਆ।
ਬਾਹਰਿ ਗਿਆਨ ਧਿਆਨ ਇਸਨਾਨ। ਅੰਤਰਿ ਬਿਆਪੈ ਲੋਭੁ ਸੁਆਨੁ।
(ਗਉੜੀ ਸੁਖਮਨੀ ਮ:5, ਅਸਟਪਦੀ 4, ਗ੍ਰੰ, ਪੰ: 265)

67. ਬ੍ਰਾਹਮਣ ਨਾਵੈ ਜੀਆ ਘਾਇ। (ਧਨਾਸਿਰੀ ਮ:1, ਗ੍ਰੰ, ਪੰ: 562)

68. ਪੜੇ ਰੇ ਸਗਲ ਬੇਦ, ਨਹ ਚੂਕੈ ਮਨ ਭੇਦ, ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ।
ਜੇਤੇ ਰੇ ਤੀਰਥ ਨਾਏ, ਅਹੰਬੁਧਿ ਮੈਲੁ ਲਾਏ, ਘਰ ਕੋ ਠਾਕੁਰੁ, ਇਕੁ ਤਿਲੁ ਨ ਮਾਨੈ।
ਸਗਲ ਅਸ੍ਰਮ ਕੀਨੇ, ਮਨੂਆ ਨਹ ਪਤੀਨੇ, ਬਿਬੇਕ-ਹੀਨ ਦੇਹੀ ਧੋਏ।
ਕਰਮ ਧਰਮ ਜੁਗਤਾ, ਨਿਮਖ ਨ ਹੇਤੁ ਕਰਤਾ, ਗਰਬਿ ਗਰਬਿ ਪੜੈ ਕਹੀ ਨ ਲੇਖੈ।
ਮਨ ਹਠਿ ਜੋ ਕਮਾਵੈ, ਤਿਲੁ ਨ ਲੇਖੈ ਪਾਵੈ, ਬਗੁਲ ਜਿਉ ਧਿਆਨੁ ਲਾਵੈ, ਮਾਇਆ ਰੇ ਧਾਰੀ।
(ਧਨਾਸਿਰੀ ਮ:5, ਘਰੁ 6, ਅਸਟਪਦੀ, ਗ੍ਰੰ, ਪੰ: 687)

69. ਕਰਮਕਾਂਡ ਬਹੁ ਕਰਹਿ ਅਚਾਰ। ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ।
ਬੰਧਨਿ ਬਾਧਿਓ ਮਾਇਆ ਫਾਸ। ਜਨ ਨਾਨਕ ਛੂਟੈ ਗੁਰ ਪਰਗਾਸ।
(ਗਉੜੀ ਗੁਆਰੇਰੀ ਮ:3, ਗ੍ਰੰ, ਪੰ: 162)

(ਬਾਕੀ ਅਗਲੇ ਪੰਨੇ ਤੇ.........

ਆਦਿ-ਗ੍ਰੰਥ ਦੇ ਗੁਰੂ-ਕਾਵਿ ਵਿਚ ਉਪਰੋਕਤ ਕਰਮਕਾਂਡ ਦਾ ਖੰਡਨ ਕਰਦਿਆਂ ਗੁਰੂ-ਕਵੀਆਂ ਨੇ ਕਿਹਾ ਕਿ ਪੰਡਤ ਲੋਕ ਤੀਰਥਾਂ ਤੇ ਹੋਮ ਤੇ ਯੱਗ ਕਰਕੇ ਥੱਕ ਗਏ ਹਨ, ਪਰ ਉਨ੍ਹਾਂ ਦਾ ਮਾਇਆ ਦਾ ਮੋਹ ਫਿਰ ਵੀ ਖਤਮ ਨਹੀਂ ਹੋਇਆ।[72] ਉਨ੍ਹਾਂ ਦੀ ਹਉਮੈਂ ਵਿਚ ਸਗੋਂ ਹੋਰ ਵਾਧਾ ਹੋ ਗਿਆ ਹੈ।[73] ਇਸ ਕਰਮਕਾਂਡ ਨਾਲ ਉਹ ਪ੍ਰਭੂ ਨੂੰ ਨਹੀਂ ਪਾ ਸਕੇ।[74]

ਗੁਰੂ ਜੀ ਯੱਗ ਤੇ ਹਵਨ ਆਦਿ ਦਾ ਖੰਡਨ ਕਰਨ ਉਪਰੰਤ ਆਪਣੇ ਮਤ ਦੀ ਸਥਾਪਨਾ ਕਰਦੇ ਹੋਏ ਕਹਿੰਦੇ ਹਨ ਕਿ ਇਸ ਕਰਮਕਾਂਡ ਦੀ ਬਜਾਏ ਗੋਬਿੰਦ ਦੇ ਜਾਪ ਨਾਲ ਸਭ ਕੰਮ ਸੌਰ ਜਾਂਦੇ ਹਨ।[75] ਹੋਮ ਕਰਨ ਵਾਲਿਆਂ ਨੂੰ ਗੁਰੂ ਜੀ ਸੁਝਾਅ ਦਿੰਦੇ ਹਨ ਕਿ ਉਹ ਦੁਨਿਆਵੀ ਪਦਾਰਥਾਂ ਦੇ ਸੁਆਦਾਂ ਨੂੰ ਹਵਨ ਦੀ ਲੱਕੜੀ ਬਣਾਉਣ, ਮਾਇਕ ਰੂਪੀ ਤ੍ਰਿਸ਼ਨਾ ਨੂੰ ਹਵਨ ਲਈ ਘਿਉ ਤੇ ਤੇਲ, ਕਾਮ ਤੇ ਕ੍ਰੋਧ ਨੂੰ ਅੱਗ ਬਣਾ ਕੇ ਇਹਨਾਂ ਸਭਨਾਂ ਨੂੰ ਇਕੱਠਾ ਕਰਕੇ ਹਵਨ ਕਰਨ। ਜੋ ਪਰਮਾਤਮਾ ਨੂੰ ਭਾਵੇ, ਅਸਲ ਵਿਚ ਉਹੀ ਹੈ ਹਵਨ, ਉਹੀ ਹੈ ਯੱਗ ਅਤੇ ਪੁਰਾਣ ਦਾ ਪਾਠ ਆਦਿ।[76] ਹਉਮੈ ਤੋਂ ਛੁਟਕਾਰਾ ਪਾਉਣ ਲਈ ਤੇ ਪਰਲੋਕ ਸੁਹੇਲਾ ਕਰਨ ਲਈ ਗੁਰੂ ਜੀ ਬੜਾ ਆਸਾਨ ਢੰਗ ਦਰਸਾਉਂਦੇ ਹਨ, ਉਹ ਹੈ ਹਰਿ ਦਾ ਕੀਰਤਨ।[77] ਵੇਦਾਂ ਦੀ ਵੀਚਾਰ ਤੇ ਨਿਉਲੀ ਕਰਮ ਆਦਿਕ ਕਰਨ ਨਾਲ ਵੀ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਤੋਂ ਛੁਟਕਾਰਾ ਨਹੀਂ ਹੁੰਦਾ। ਇਸ ਪ੍ਰਕਾਰ ਅਜਿਹੇ ਕਰਮ ਕਰਨ ਨਾਲ ਪ੍ਰਭੂ-ਮਿਲਾਪ ਨਹੀਂ ਹੁੰਦਾ। ਇਸ ਲਈ [illegible] ਪ੍ਰਾਪਤ ਕਰਨ ਲਈ ਪ੍ਰਭੂ ਦਾ ਸ਼ਰਣ ਲੋੜੀਂਦੀ ਹੈ। [illegible] ਅਤੇ

---

70. ਹਰਿ ਬਿਨੁ ਅਵਰ ਕ੍ਰਿਆ ਬਿਰਥੇ।
ਜਪ ਤਪ ਸੰਜਮ ਕਰਮ ਕਮਾਣੇ, ਇਹਿ ਓਰੈ ਮੂਸੇ।.........' (ਗਉੜੀ ਮਾਲਾ ਮ:5, ਉਹੀ, ਪੰ:216)
71. ੳ) ਭਾਰਤੀਯ ਦਰਸ਼ਨ, ਭਾਗ ਪਹਿਲਾ, ਪੰ: 97, ਡਾ: ਰਾਧਾ ਕ੍ਰਿਸ਼ਨਨ।
ਅ) ਗੁਰਮਤਿ ਮਾਰਤੰਡ, ਭਾਗ ਪਹਿਲਾ, ਪੰ:222 (ਫੁਟ ਨੋਟ ਨੰ:9), ਭਾਈ ਕਾਨ੍ਹ ਸਿੰਘ ਨਾਭਾ।
72. ਹੋਮ ਜਗ ਸਭਿ ਤੀਰਥਾ, ਪੜ੍ਹਿ ਪੰਡਿਤ ਥਕੇ ਪੁਰਾਣ।
ਬਿਖੁ ਮਾਇਆ ਮੋਹੁ ਨ ਮਿਟਈ, ਵਿਚਿ ਹਉਮੈ ਆਵਣੁ ਜਾਣੁ।
(ਮ:3, ਸਲੋਕ ਵਾਰਾਂ ਤੇ ਵਧੀਕ, 37ਵਾਂ ਸਲੋਕ, ਉਹੀ, ਪੰ:1417)
73. ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ। (ਗਉੜੀ ਮ:5, ਉਹੀ, ਪੰ:214)
74. ਹੋਮ ਜੱਗ ਜਪ ਤਪ ਸਭਿ ਸੰਜਮ, ਤਟਿ ਤੀਰਥਿ ਨਹੀਂ ਪਾਇਆ।
(ਭੈਰਉ ਮ:5, ਉਹੀ, ਪੰ:1138-39)
75. ਹੋਮ ਜਗ ਉਰਧ ਤਪ ਪੂਜਾ। ਕੋਟਿ ਤੀਰਥ ਇਸਨਾਨੁ ਕਰੀਜਾ।
ਚਰਨ ਕਮਲ ਨਿਮਖ ਰਿਦੈ ਧਾਰੇ। ਗੋਬਿੰਦ ਜਪਤ ਸਭਿ ਕਾਰਜ ਸਾਰੇ।
(ਪ੍ਰਭਾਤੀ ਮ:5, ਅਸਟਪਦੀ, ਸ਼ਬਦਾਰਥ, ਪੰ:1348-49)
76. ਸਾਦ ਕਰਿ ਸਮਧਾਂ, ਤ੍ਰਿਸਨਾ ਘਿਉ ਤੇਲੁ। ਕਾਮੁ ਕ੍ਰੋਧੁ ਅਗਨੀ ਸਿਉ ਮੇਲੁ।
ਹੋਮ ਜਗ ਅਰੁ ਪਾਠ ਪੁਰਾਣ। ਜੋ ਤਿਸੁ ਭਾਵੈ ਸੋ ਪਰਵਾਣ।
(ਮਲਾਰ ਮ: 1, ਉਹੀ, ਪੰ: 1257)
77. ਨਾਨਕ ਕਹੈ ਸੁਨਿ ਰੇ ਮਨਾ, ਕਰਿ ਕੀਰਤਨੁ ਹੋਇ ਉਧਾਰੁ।
(ਗਉੜੀ ਮ: 5, ਉਹੀ, ਪੰ: 214)

ਜੰਗਲਾਂ ਵਿਚ ਨੰਗਿਆਂ ਫਿਰਨ ਨਾਲ ਤੀਰਥਾਂ ਅਤੇ ਸਾਰੀ ਧਰਤੀ ਦਾ ਰਟਨ ਕਰਨ ਨਾਲ ਦੁਬਿਧਾ ਖ਼ਤਮ ਨਹੀਂ ਹੁੰਦੀ।[78] ਗੁਰੂ ਜੀ ਅਨੁਸਾਰ ਸਭ ਤੋਂ ਵੱਡਾ ਕਰਮ ਸਾਧ ਸੰਗਤ ਵਿਚ ਵਿਚਰਦਿਆਂ ਹਰੀ ਦੀ ਸਿਫ਼ਤ ਕਰਨਾ ਹੈ।[79]

ਆਦਿ ਗ੍ਰੰਥ ਦੇ ਗੁਰੂ-ਸਾਹਿਬ ਵਿਚ ਪ੍ਰਚੱਲਤ ਕਰਮਕਾਂਡ ਦੇ ਟਾਕਰੇ ਤੇ ਭਗਤੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਗੁਰੂ ਜੀ ਮਨੁੱਖ ਨੂੰ ਹਰੀ ਦੀ ਭਗਤੀ ਕਰਨ ਲਈ ਜ਼ੋਰ ਦਿੰਦੇ ਹਨ ਕਿਉਂਕਿ ਗੁਰੂ ਦੇ ਮੱਤ ਅਨੁਸਾਰ ਭਗਤੀ ਤੋਂ ਬਿਨਾਂ ਜਨਮ ਹੀ ਬਿਰਥਾ ਹੈ।[80] ਅਤੇ ਇਸ ਬਿਨਾਂ ਮਨ ਦੇ ਸੀਗੇ ਨਵਿਰਤ ਨਹੀਂ ਹੁੰਦੇ।[81] ਭਗਤੀ ਤੋਂ ਬਿਨਾਂ ਜੀਵ ਸੂਅਰ ਜਾਂ ਕੁੱਤੇ ਦੀ ਤਰ੍ਹਾਂ ਹੈ।[82] ਜਾਂ ਉਹ ਪਾਣੀ ਵਿਚ ਪਏ ਪੱਥਰ ਵਾਂਗ ਹੈ ਜਿਸ ਤੇ ਕੋਈ ਅਸਰ ਨਹੀਂ ਹੁੰਦਾ।[83]

ਜੋਗ ਤਪ ਤੇ ਮੰਤਰਾਂ ਵਿਚ ਕੀਤੀ ਭਗਤੀ ਨੂੰ ਗੁਰੂ ਜੀ ਨੇ ਫੋਕਾ ਦਿਖਾਵਾ ਕਹਿ ਕੇ ਇਸ ਦਾ ਖੰਡਨ ਕੀਤਾ।[84] ਹਰ ਪ੍ਰਕਾਰ ਦੇ ਕਰਮਕਾਂਡ ਦੇ ਮੁਕਾਬਲੇ ਵਿਚ ਗੁਰਮਤਿ ਅਨੁਸਾਰ ਵਾਹਿਗੁਰੂ ਦੀ ਪ੍ਰਾਪਤੀ ਦੇ ਸਭ ਸਾਧਨਾਂ ਤੋਂ ਉੱਤਮ ਸਾਧਨ ਭਗਤੀ ਹੈ।[85] ਸੱਚੀ ਭਗਤੀ ਕਰਨ ਨਾਲ ਮਨ ਨਿਰਮਲ ਹੋ ਜਾਂਦਾ ਹੈ।[86] ਸੱਚਾ ਭਗਤ ਹਰ ਸਮੇਂ ਹੀ ਹਰੀ ਦੇ ਗੁਣ ਗਾਉਣ ਵਿਚ ਮਸਤ ਰਹਿੰਦਾ ਹੈ।[87] ਭਗਤੀ ਲਈ ਗੁਰੂ ਦਾ ਉਪਦੇਸ਼ ਗੁਰੂ-ਕਥਨਾਂ ਅਨੁਸਾਰ ਲਾਜ਼ਮੀ ਕਰਾਰ ਦਿੱਤਾ ਗਿਆ ਹੈ।[88]

---

78. ਪਾਠ ਪੜਿਓ ਅਰੁ ਬੇਦੁ ਬੀਚਾਰਿਓ, ਨਿਵਲਿ ਭੁਅੰਗਮ ਸਾਧੇ।
ਪੰਚ ਜਨਾ ਸਿਉ ਸੰਗੁ ਨ ਛੁਟਕਿਓ, ਅਧਿਕ ਅਹੰਬੁਧਿ ਬਾਧੇ।
ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ।
ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ। ਰਹਾਉ।
ਮੋਨਿ ਭਇਓ ਕਰਪਾਤੀ ਰਹਿਓ, ਨਗਨ ਫਿਰਿਓ ਬਨ ਮਾਹੀ।
ਤਟ ਤੀਰਥ ਸਭ ਧਰਤੀ ਭ੍ਰਮਿਓ, ਦੁਬਿਧਾ ਛੁਟਕੈ ਨਾਹੀ। (ਸੋਰਠਿ ਮ:5, ਸ਼ਬਦਾਰਥ, ਪੰ:541-42)
79. ਹਰਿ ਕੀਰਤਿ ਸਾਧਸੰਗਤਿ ਹੈ, ਸਿਰਿ ਕਰਮਨ ਕੈ ਕਰਮਾ..........। (ਉਹੀ, ਪੰ :642)
80. ਭਾਈ ਰੇ, ਭਗਤਿਹੀਣੁ ਕਾਹੇ ਜਗਿ ਆਇਆ।
ਪੂਰੇ ਗੁਰ ਕੀ ਸੇਵ ਨ ਕੀਨੀ, ਬਿਰਥਾ ਜਨਮੁ ਗਵਾਇਆ। (ਸਿਰੀ ਰਾਗ ਮ:3, ਉਹੀ, ਪੰ:64)
81. ਭਗਤਿ ਬਿਨਾ ਸਹਸਾ ਨਹ ਚੂਕੈ..........। (ਬਿਲਾਵਲ ਮ:9, ਉਹੀ, ਪੰ: 830)
82. ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ।
ਜੈਸੇ ਸੂਕਰ ਸੁਆਨ, ਨਾਨਕ ਮਾਨੋ ਤਾਹਿ ਤਨੁ।੫੫(ਸਲੋਕ ਮ:9, ਸਲੋਕ ਵਾਰਾਂ ਤੇ ਵਧੀਕ, ਉਹੀ, ਪੰ:1428)
83. ਜੈਸੇ ਪਾਹਨੁ ਜਲ ਮਹਿ ਰਾਖਿਓ, ਭੇਦੈ ਨਾਹਿ ਤਿਹਿ ਪਾਨੀ।
ਤੈਸੇ ਹੀ ਤੁਮ ਤਾਹਿ ਪਛਾਨਉ, ਭਗਤਿਹੀਨ ਜੋ ਪ੍ਰਾਨੀ। (ਬਿਲਾਵਲ ਮ:9, ਉਹੀ, ਪੰ: 831)
84. ਭਗਤਿ ਕਰਹਿ ਮੂਰਖ ਆਪੁ ਜਣਾਵਹਿ। ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ।
ਨਚਿਐ ਟਪਿਐ ਭਗਤਿ ਨ ਹੋਇ। ਸਬਦਿ ਮਰੈ ਭਗਤਿ ਪਾਏ ਜਨੁ ਸੋਇ।(ਗਉੜੀ ਮ:3, ਉਹੀ, ਪੰ: 159
85. ਸਭਹੂ ਕੋ ਰਸੁ ਹਰਿ ਹੋ।1।ਰਹਾਉ।
ਕਾਹੂ ਜੋਗ, ਕਾਹੂ ਭੋਗ, ਕਾਹੂ ਗਿਆਨ, ਕਾਹੂ ਧਿਆਨ, ਕਾਹੂ ਹੋ ਡੰਡ ਧਰਿ ਹੋ।
ਕਾਹੂ ਜਾਪ, ਕਾਹੂ ਤਾਪ, ਕਾਹੂ ਪੂਜਾ ਹੋਮ ਨੇਮ, ਕਾਹੂ ਹੋ ਗਉਨੁ ਕਰਿ ਹੋ।
ਕਾਹੂ ਤੀਰ, ਕਾਹੂ ਨੀਰ, ਕਾਹੂ ਬੇਦ ਬੀਚਾਰ, ਨਾਨਕਾ ਭਗਤਿ ਪ੍ਰਿਅ ਹੋ।(ਗਉੜੀ ਮ:5, ਉਹੀ, ਪੰ: 213
86. ਹਰਿ ਕੀ ਭਗਤਿ ਕਰਹੁ ਮਨ ਮੀਤ। ਨਿਰਮਲ ਹੋਇ ਤੁਮਾਰੋ ਚੀਤ।
(ਗਉੜੀ ਸੁਖਮਨੀ ਮ:5, ਅਸਟਪਦੀ 19, ਉਹੀ, ਪੰ: 288)

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਨਵਧਾ-ਭਗਤੀ ਦਾ ਵਰਣਨ, ਉਪਲਬਧ ਹੈ। ਇਸ ਦੇ ਅੰਤਰਗਤ ਆਉਣ ਵਾਲੀ ਸ੍ਰਵਣ, ਕੀਰਤਨ ਅਤੇ ਸਿਮਰਨ ਭਗਤੀ ਦਾ ਸਬੰਧ ਪ੍ਰਭੂ ਦੇ ਨਾਮ ਨਾਲ ਹੈ। ਪਾਦਸੇਵਨ, ਅਰਚਨ ਅਤੇ ਵੰਦਨ ਭਗਤੀ ਦਾ ਸਬੰਧ ਪ੍ਰਭੂ ਦੇ ਸਾਕਿਆਤ ਸਰੂਪ ਅਰਥਾਤ ਮੂਰਤੀ ਨਾਲ ਹੈ ਅਤੇ ਦਾਸ, ਸਖਾ ਅਤੇ ਆਤਮ-ਨਿਵੇਦਨ ਭਗਤੀ ਦੇ ਭਾਵ ਹਨ। ਇਨ੍ਹਾਂ ਵਿਚ ਨੌ ਪ੍ਰਕਾਰ ਦੀ ਭਗਤੀ ਦਾਸਭਾਵ ਵਿਚ ਪ੍ਰਭੂ ਦੇ ਨਾਮ, ਉਸ ਦੇ ਸਰੂਪ ਅਤੇ ਉਸ ਪ੍ਰਤੀ ਸਾਰੇ ਦਾ ਹੀ ਵਿਸਥਾਰ ਹੈ।[89]

ਵਿਸ਼ਾਲ ਪ੍ਰਾਚੀਨ ਕਾਲ ਵਿਚ ਪਾਦਸੇਵਨ, ਅਰਚਨ ਤੇ ਵੰਦਨ ਭਗਤੀ ਨਿਰਾਕਾਰ-ਸਾਕਾਰ ਹੋ ਚੁਕੀਆਂ ਸਨ, ਜੋ ਸਾਕਾਰ ਮੂਰਤੀ ਦੀ ਭਗਤੀ ਨੂੰ ਦ੍ਰਿੜਾਉਂਦੀਆਂ ਸਨ। ਗੁਰੂ-ਕਾਵਿ ਵਿਚ ਗੁਰੂ-ਕਵੀਆਂ ਨੇ ਇਨ੍ਹਾਂ ਪ੍ਰਤੀ ਆਪਣਾ ਨਿਵੇਕਲਾ ਮੱਤ ਦਰਸਾਇਆ।

ਪਾਦਸੇਵਨ ਭਗਤੀ ਦੇ ਅਨੁਸਾਰ ਕਿਸੇ ਮੂਰਤੀ ਨੂੰ ਅਪਾਰ ਮੰਨ ਕੇ ਉਸ ਦੇ ਚਰਨਾਂ ਵਿਚ ਆਪਣਾ ਮਨ ਲਾਉਂਦੇ ਸਨ। ਪਰੰਤੂ ਗੁਰੂ-ਕਵੀਆਂ ਦਾ ਪਾਦਸੇਵਨ ਸੂਖਮ ਹੈ। ਉਨ੍ਹਾਂ ਅਨੁਸਾਰ ਹਰੀ ਦੇ ਸੂਖਮ ਚਰਨਾਂ ਦੁਆਰਾ ਜਮਣ ਮਰਣ ਦਾ ਗੇੜ ਖਤਮ ਹੋ ਜਾਂਦਾ ਹੈ।[90] ਸਥੂਲ ਮੂਰਤੀ ਦਾ ਗੁਰੂ-ਕਾਵਿ ਵਿਚ ਪੁਰਜ਼ੋਰ ਖੰਡਨ ਕੀਤਾ ਗਿਆ ਹੈ।[91]

ਅਰਚਨ ਭਗਤੀ ਉਸ ਨੂੰ ਕਿਹਾ ਜਾਂਦਾ ਹੈ ਜੇ ਸ਼ਰਧਾ ਸਹਿਤ ਪਰਮਾਤਮਾ ਦੇ ਸਾਕਾਰ ਸਰੂਪ ਦੀ ਜਾਂ ਉਸਦੇ ਕਿਸੇ ਅਵਤਾਰ ਦੀ ਅਰਚਾ ਪੂਜਾ ਕੀਤੀ ਜਾਵੇ। ਮੱਧਕਾਲ ਦੌਰਾਨ ਇਸ ਵਿਚ ਮੂਰਤੀ ਦਾ ਇਸ਼ਨਾਨ, ਬਸਤਰ ਪਹਿਨਾਣੇ, ਫੁਲ ਚੜਾਉਣੇ, ਧੂਪ-ਦੀਪ ਅਤੇ ਵਧੀਆ ਭੋਜਨ ਆਦਿਕ ਉਸ ਦੇ

---

87. ਸਭ ਤੇ ਦੂਰ ਕਰਤ ਜਾ ਕੇ ਸੰਗ।
    ਆਠ ਪਹਰ ਗੁਨ ਗਾਵਹਿ ਰੰਗਿ। (ਸਾਰੰਗ ਮ: 5, ਗ੍ਰੰਥ, ਪੰ: 1236)
88. ੳ) ਗੁਰ ਬਿਨੁ ਭੇਦ ਬਤਾਵੈ। (ਬਿਲਾਵਲ ਮ: 9, ਗ੍ਰੰਥ, ਪੰ: 830)
    ਅ) ਹੋਰ ਕਿਤੈ ਭਗਤਿ ਨ ਹੋਵਈ, ਬਿਨੁ ਸਤਿਗੁਰ ਕੇ ਉਪਦੇਸ।
    (ਸਿਰੀ ਰਾਗ ਮ: 1, ਗ੍ਰੰਥ, ਪੰ: 22)
89. ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰ: 137, ਡਾ: ਮਨਮੋਹਨ ਸਿੰਘ।
90. ਜੰਮਣੁ ਮਰਣੁ ਤਿਨਾ ਕਾ ਚੂਕਾ ਜੋ ਹਰਿ ਲਾਗੇ ਪਾਵੈ। (ਆਸਾ ਮ:1, ਗੁਰਦਰਸ਼ਨ, ਪੰ: 438)
91. ੳ) ਜੋ ਪਾਥਰ ਕਉ ਕਹਤੇ ਦੇਵ। ਤਾ ਕੀ ਬਿਰਥਾ ਹੋਵੈ ਸੇਵ।
    ਜੋ ਪਾਥਰ ਕੀ ਪਾਂਈ ਪਾਇ। ਤਿਸ ਕੀ ਘਾਲ ਅਜਾਂਈ ਜਾਇ।
    ਠਾਕੁਰੁ ਹਮਰਾ ਸਦ ਬੋਲੰਤਾ। ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ।
    ......ਨਾ ਪਾਥਰੁ ਬੋਲੈ, ਨਾ ਕਿਛੁ ਦੇਇ। ਫੋਕਟ ਕਰਮ ਨਿਹਫਲ ਹੈ ਸੇਵ।
    (ਮ:5, ਭਗਤ ਕਬੀਰ ਜੀ ਦੇ ਸ਼ਬਦਾਂ ਵਿਚ, ਗ੍ਰੰਥ, ਪੰ: 1160)
    ਅ) ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ।
    ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ। (ਸੋਰਠਿ ਮ:1, ਗ੍ਰੰਥ, ਪੰ: 537)
    ੲ) ਨਾਵਹਿ ਧੋਵਹਿ ਪੂਜਹਿ ਸੈਲਾ। ਬਿਨੁ ਹਰਿ ਰਾਤੇ ਮੈਲੋ ਮੈਲਾ। (ਰਾਮਕਲੀ ਮ:1, ਗ੍ਰੰਥ, ਪੰ: 904)
    ਸ) ~~[illegible]~~ ਪਾਥਰ ਲੇ ਪੂਜਹਿ ਮੁਗਧ ਗਵਾਰ।
    ਓਹਿ ਜਾ ਆਪਿ ਡੁਬੇ, ਤੁਮ ਕਹਾ ਤਰਣਹਾਰੁ।
    (ਮ:1, ਵਾਰ ਬਿਹਾਗੜਾ ਮ:4, ਦੀ ਪਉੜੀ 20 ਦਾ ਸਲੋਕ, ਗ੍ਰੰਥ, ਪੰ: 556)
    ਹ) ਜਿਸੁ ਪਾਹਣ ਕਉ ਠਾਕੁਰੁ ਕਹਤਾ। ਓਹੁ ਪਾਹਣੁ ਲੈ ਉਸ ਕਉ ਡੁਬਤਾ। (ਸੂਹੀ ਮ:5, ਗ੍ਰੰਥ, ਪੰ: 739

ਅਰਪਣ ਕਰਨਾ ਸ਼ਾਮਿਲ ਹਨ। ਗੁਰੂ-ਕਾਲ ਵਿਚ ਹਿੰਦੂਆਂ ਦੁਆਰਾ ਪਾਸ਼ਾਣ ਮੂਰਤੀ ਦਾ ਅਰਚਨ-ਪੂਜਨ ਉਪਲੱਬਧ ਹੈ।[92] ਇਸ ਵਿਚ ਮੂਰਤੀ ਨੂੰ ਫੁੱਲ ਚੜ੍ਹਾਉਣ ਵਾਲੇ ਮੂਰਖ ਲੋਕਾਂ ਨੂੰ ਅਗਿਆਨੀ ਅਤੇ ਅੰਨ੍ਹੇ ਕਿਹਾ ਗਿਆ ਹੈ।[93] ਗੁਰੂ-ਗ੍ਰੰਥੀਆਂ ਨੇ ਸਥੂਲ ਅਰਚਨ ਦੇ ਸਾਧਨਾਂ ਦੀ ਨਿਖੇਧੀ ਕੀਤੀ[94] ਅਤੇ ਸੂਖਮ ਅਰਚਨ ਤੇ ਜ਼ੋਰ ਦਿੱਤਾ। ਉਨ੍ਹਾਂ ਅਨੁਸਾਰ ਪ੍ਰਭੂ ਦੇ ਨਾਮ ਨੂੰ ਚੰਦਨ ਦੀ ਲਕੜੀ ਅਤੇ ਮਨ ਨੂੰ ਉਰਸਾ ਅਰਥਾਤ ਚੰਦਨ ਦੀ ਲਕੜੀ ਅਤੇ ਮਨ ਨੂੰ ਉਰਸਾ ਅਰਥਾਤ ਚੰਦਨ ਘਸਾਉਣ ਲਈ ਪੱਥਰ ਦਾ ਇਕ ਟੁਕੜਾ ਬਣਾ ਕੇ ਸ਼ੁਭ-ਕਰਨੀ ਰੂਪੀ ਕੇਸਰ ਨੂੰ ਉਸ ਵਿਚ ਮਿਲਾ ਕੇ ਕੀਤੀ ਪੂਜਾ ਹੀ ਅਸਲ ਅਰਚਨ ਹੈ। ਇਸ ਵਿਚ ਠਾਕੁਰ ਨੂੰ ਬਾਹਰੋਂ ਪਾਣੀ ਨਾਲ ਇਸ਼ਨਾਨ ਨਹੀਂ ਕਰਵਾਇਆ ਜਾਂਦਾ ਸਗੋਂ ਮਨ ਨੂੰ ਅੰਦਰੋਂ ਸਿਮਰਨ ਦੁਆਰਾ ਪਵਿੱਤਰ ਕਰਕੇ ਪਾਪਾਂ ਦੀ ਜੂਠ ਉਤਾਰੀ ਜਾਂਦੀ ਹੈ, ਇਸ ਅਰਚਨ ਦੇ ਫਲਸਰੂਪ ਮੋਖ ਦੀ ਪ੍ਰਾਪਤੀ ਹੁੰਦੀ ਹੈ।[95]

ਗੁਰੂ ਜੀ ਅਨੁਸਾਰ ਪਰਮਾਤਮਾ ਤਾਂ ਇਕ ਹੈ ਪਰ ਉਸ ਦੇ ਅਨੇਕਾਂ ਰੂਪ ਬਣੇ ਹੋਏ ਹਨ, ਅਰਚਨ ਪੂਜਨ ਕਿਸ ਦਾ ਕੀਤਾ ਜਾਵੇ ਅਰਥਾਤ ਧੂਪ ਕਿਸ ਅੱਗੇ ਧੁਖਾਈ ਜਾਵੇ।[96] ਜਦੋਂ ਕਿ ਸਾਰੀ ਪ੍ਰਕ੍ਰਿਤੀ — ਚੰਦ, ਸੂਰਜ, ਬ੍ਰਹਮਾ, ਤਾਰੇ, ਮਣਿਆਂ ਰੂਪ ਪਹਾੜ, ਪਵਨ, ਸਾਰੀ ਬਨਸਪਤੀ ਆਦਿ—ਪ੍ਰਭੂ ਦੇ ਅਰਚਨ-ਪੂਜਨ ਵਿਚ ਲੱਗੀ ਹੋਈ ਹੈ।[97] ਇਸ ਪਰਚੱਲਤ ਅਰਚਨ-ਪੂਜਨ ਦਾ ਖੰਡਨ ਕਰਦਿਆਂ ਅਸਲ ਅਰਚਨ-ਪੂਜਨ ਬਾਰੇ ਵਿਚਾਰ ਗੁਰਮਤਿ ਵਿਚ ਉਪਲੱਬਧ ਹੈ। ਗੁਰੂ-ਗ੍ਰੰਥੀਆਂ ਅਨੁਸਾਰ ਮਨੁੱਖ ਆਪਣੇ ਮਨ ਨੂੰ ਹਰੀ ਦੇ ਨਿਵਾਸ ਦਾ ਸਿੰਘਾਸਨ (ਅਰਥਾਤ ਡੱਬਾ, ਠਾਕੁਰ ਰਖਣ ਦੀ ਛੋਟੀ ਸੰਪਟ) ਬਣਾਵੇ, ਉਸ ਨੂੰ ਸਤਿਸੰਗ ਰੂਪੀ ਨਦੀ ਵਿਚ ਇਸ਼ਨਾਨ ਕਰਵਾ ਕੇ ਸੁਰਤਾ ਰੂਪੀ ਤਿਲ ਅਤੇ ਪ੍ਰਾਣ ਤਕ ਪ੍ਰਭੂ ਦੇ ਅਰਪਣ ਕਰੇ ਤਾਂ

---

92. ਹਿੰਦੂ ਸਾਲਾਹੀ ਸਲਾਹਨਿ ਦਰਸਨਿ ਰੂਪਿ ਅਪਾਰੁ।
ਤੀਰਥਿ ਨਾਵਹਿ ਅਰਚਾ ਪੂਜਾ, ਅਗਰਵਾਸੁ ਬਹਕਾਰੁ। (ਮ:1, ਵਾਰ ਆਸਾ, ਪਉੜੀ 6 ਦਾ ਸਲੋਕ, ਗੁ: ਪੰ: 465)

93. ਭਰਮਿ ਭੂਲੇ ਅਗਿਆਨੀ ਅੰਧੁਲੇ, ਭ੍ਰਮਿ ਭ੍ਰਮਿ ਫੂਲ ਤੋਰਾਵੈ।
ਨਿਰਜੀਉ ਪੂਜਹਿ ਮੜਾ ਸਰੇਵਹਿ, ਸਭ ਬਿਰਥੀ ਘਾਲ ਗਵਾਵੈ।
(ਮਲਾਰ ਮ:4, ਗੁ:, ਪੰ: 1264)

94. ੳ) ਘਰ ਨਾਰਾਇਣ ਸਭਾ ਨਾਲ। ਪੂਜ ਕਰੇ ਰਖੈ ਨਾਵਾਲ।
ਕੁੰਗੂ ਚੰਦਨ ਫੂਲ ਚੜਾਏ। ਪੈਰੀ ਪੈ ਪੈ ਬਹੁਤੁ ਮਨਾਏ।
ਮਾਣੂਆ ਮੰਗਿ ਮੰਗਿ ਪੈਨੈ ਖਾਇ। ਅੰਧੀ ਕੰਮੀ ਅੰਧ ਸਜਾਇ।
ਭੁਖਿਆ ਦੇਇ ਨ ਮਰਦਿਆ ਰਖੈ। ਅੰਧਾ ਝਗੜਾ ਅੰਧੀ ਸਥੈ।
(ਮ:1, ਵਾਰ ਸਾਰੰਗ ਮ:4, ਪਉੜੀ 9 ਨਾਲ ਸਲੋਕ, ਗੁ:, ਪੰ: 1240)
ਅ) ਪੂਜ ਸਿਲਾ ਤੀਰਥ ਬਨਵਾਸਾ। ਭਰਮਤ ਡੋਲਤ ਭਏ ਉਦਾਸਾ। (ਧਨਾਸਰੀ ਮ:1, ਗੁ:, ਪੰ: 686)

95. ਤੇਰਾ ਨਾਮੁ ਕਰੀ ਚਨਣਾਠੀਆ, ਜੇ ਮਨ ਉਰਸਾ ਹੋਇ।
ਕਰਣੀ ਕੁੰਗੂ ਜੇ ਰਲੈ, ਘਟ ਅੰਤਰਿ ਪੂਜਾ ਹੋਇ।
ਪੂਜਾ ਕੀਚੈ ਨਾਮੁ ਧਿਆਈਐ, ਬਿਨੁ ਨਾਵੈ ਪੂਜ ਨ ਹੋਇ।1।ਰਹਾਉ।
ਬਾਹਰਿ ਦੇਵ ਪਖਾਲੀਅਹਿ, ਜੇ ਮਨੁ ਧੋਵੈ ਕੋਇ।
ਜੂਠਿ ਲਹੈ ਜੀਉ ਮਾਜੀਐ, ਮੋਖ ਪਇਆਣਾ ਹੋਇ। (ਗੂਜਰੀ ਮ:1, ਗੁ:, ਪੰ: 489)

96. ਤੇਰੀ ਮੂਰਤਿ ਏਕਾ ਬਹੁਤੁ ਰੂਪ। ਕਿਸੁ ਪੂਜ ਚੜਾਵਉ ਦੇਉ ਧੂਪ।
(ਬਸੰਤ ਮ:1, ਗੁ:, ਪੰ: 1168)

(ਬਾਕੀ ਅਗਲੇ ਪੰਨੇ ਤੇ)

ਪ੍ਰਭੂ ਪ੍ਰਸੰਨ ਹੁੰਦਾ ਹੈ।[98] ਪ੍ਰੇਮ ਨਿਰੰਕਾਰ ਪ੍ਰਭੂ ਨੂੰ ਮਨ ਦੀ ਭੇਟ ਅਤੇ ਸੱਤ ਅਤੇ ਸੰਤੋਖ ਦੀ ਅਰਦਾਸ ਕਰਨ ਲਈ ਹੀ ਗੁਰਮਤਿ ਦਾ ਵਿਧਾਨ ਹੈ।[99]

ਇਸੇ ਪ੍ਰਕਾਰ ਪਾਦਸੇਵਨ ਅਤੇ ਅਰਚਨ ਭਗਤੀ ਵੰਦਨ ਭਗਤੀ ਵੀ ਮੂਰਤੀ ਪੂਜਾ ਨਾਲ ਹੀ ਸਬੰਧਤ ਹੈ। ਇਸ ਦੇ ਸਮਰਥਕ ਭਗਵਾਨ ਦੀ ਮੂਰਤੀ ਨੂੰ ਡੰਡਉਤ ਬੰਦਨਾ ਕਰਦੇ ਹਨ, ਪਰ ਗੁਰ-ਬਾਣੀ ਵਿਚ ਸਰਬ ਕਲਾ ਸਮਰਥ ਪਰਮਾਤਮਾ ਅਰਥਾਤ ਪ੍ਰਭੂ ਦੇ ਨਿਰਗੁਣ ਸਰੂਪ ਨੂੰ ਡੰਡਉਤ ਬੰਦਨਾ ਕਰਨ ਦਾ ਮਤ ਦਰਸਾਇਆ ਗਿਆ ਹੈ।[100] ਗੁਰੂ ਕਥਨਾਂ ਅਨੁਸਾਰ ਪ੍ਰਭੂ ਦੇ ਨਾਮ ਨੂੰ ਮੰਨਣਾ ਹੀ ਪ੍ਰਭੂ ਅੱਗੇ ਨਿਵਣਾ ਹੈ।[101] ਸ੍ਵਾਰਥ ਦੀ ਖਾਤਰ ਵਿਖਾਵੇ ਮਾਤ੍ਰ ਸੀਸ ਨਿਵਾਉਣ ਅਰਥਾਤ ਵੰਦਨ ਦੀ ਪ੍ਰਥਾ ਨਿਸ਼ੇਧੀ ਗਈ ਹੈ, ਕਿਉਂਕਿ ਹਿਰਦੇ ਦੀ ਸ਼ੁੱਧਤਾ ਤੋਂ ਬਿਨਾ ਸੀਸ ਨਿਵਾਉਣ ਦਾ ਕੋਈ ਲਾਭ ਨਹੀਂ ਹੁੰਦਾ।[102]

ਮੱਧ ਕਾਲ ਵਿਚ ਹਿੰਦੂ ਧਰਮ ਦੇ ਵਰਣ-ਆਸ਼੍ਰਮ ਵਿਚ ਵਿਸ਼ਵਾਸ ਰੱਖਣ ਕਾਰਣ ਭਾਰਤੀ ਸਮਾਜ ਬਹੁਤ ਦੂਸ਼ਿਤ ਹੋ ਗਿਆ ਸੀ। ਗੁਰਮਤਿ ਵਿਚ ਇਸ ਦਾ ਖੰਡਨ ਕਰਕੇ ਗੁਰੂ-ਕਥਨਾਂ ਨੇ ਇਸ ਬਾਰੇ ਆਪਣਾ ਨਿਵੇਕਲਾ ਮੱਤ ਦਰਸਾਇਆ, ਜਿਸ ਦਾ ਵਰਣਨ ਤੀਜੇ ਅਧਿਆਇ ਵਿਚ 'ਹਿੰਦੂ ਸਮਾਜ' ਦੇ ਅੰਤਰਗਤ ਹੋ ਚੁਕਾ ਹੈ, ਇਸ ਲਈ ਇਥੇ ਇਸ ਦਾ ਦੁਹਰਾਉ ਕਰਨ ਤੋਂ ਸੰਕੋਚ ਕੀਤਾ ਗਿਆ ਹੈ।

ਹਿੰਦੂ ਧਰਮ ਵਿਚ ਕੁਝ ਰਸਮਾਂ ਤੇ ਵਹਿਮ ਭਰਮ ਅਨਿਵਾਰਜ ਰੂਪ ਪਰੰਪਰਾਗਤ ਚਲੇ ਆ ਰਹੇ ਸਨ, ਜਿਨ੍ਹਾਂ ਦਾ ਪਾਲਣ ਮੱਧਕਾਲ ਵਿਚ ਵਧੇਰੇ ਸਖਤੀ ਨਾਲ ਕੀਤਾ ਜਾ ਰਿਹਾ ਸੀ, ਇਨ੍ਹਾਂ ਵਿਚ ਕੁਝ ਕੁ ਧਾਰਮਿਕ ਰਸਮਾਂ ਤੇ ਵਹਿਮਾਂ ਭਰਮਾਂ ਦਾ ਵਿਵੇਚਨ ਇਥੇ ਕੀਤਾ ਜਾਂਦਾ ਹੈ:

ਹਿੰਦੂ ਧਰਮ ਵਿਚ ਅਸਲ ਪ੍ਰਵੇਸ਼ ਜਨੇਊ (ਉਪਨਯਨ) ਦੇ ਸੰਸਕਾਰ ਨਾਲ ਮੰਨਿਆ ਜਾਂਦਾ ਹੈ। ਇਸ ਲਈ ਬ੍ਰਾਹਮਣ ਬਾਲਕ ਲਈ 8 ਸਾਲ, ਖਤਰੀ ਬਾਲਕ ਲਈ 11 ਸਾਲ ਤੇ ਵੈਸ਼ ਬਾਲਕ ਲਈ 12

---

97. ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ।
ਧੂਪ ਮਲ ਅਨਲੋ ਪਵਣੁ ਚਵਰੋ ਕਰੇਂ, ਸਗਲ ਬਨਰਾਇ ਫੂਲੰਤ ਜੋਤੀ।
(ਰਾਗ ਧਨਾਸਰੀ ਮ:1, ਬੀੜ, ਪੰ:13 ਅਤੇ ਪੰ:663)
98. ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ, ਭਾਵਨ ਪਾਤੀ ਤ੍ਰਿਪਤਿ ਕਰੇ।
ਪੂਜਾ ਪ੍ਰਾਣ ਸੇਵਕੁ ਜੇ ਸੇਵੇ, ਇਨ੍ਹ ਬਿਧਿ ਸਾਹਿਬੁ ਰਵਤੁ ਰਹੇ। (ਸੂਹੀ ਮ:1, ਬੀੜ, ਪੰ:728)
99. .....ਸਾਚੁ ਭੇਟ ਬੈਸਣ ਕਉ ਥਾਉ।
ਸਤੁ ਸੰਤੋਖੁ ਹੋਵੈ ਅਰਦਾਸਿ। ਤਾ ਸੁਣਿ ਸਦਿ ਬਹਾਲੇ ਪਾਸਿ। (ਰਾਮਕਲੀ ਮ:1, ਬੀੜ, ਪੰ:878)
100. ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।
(ਗਉੜੀ ਬਾਵਨ ਅਖਰੀ ਮ:5, ਪਉੜੀ 24 ਨਾਲ ਸਲੋਕ, ਬੀੜ, ਪੰ:256)
101. ਤੁਧੁ ਨੋ ਨਿਵਣੁ ਮੰਨਣੁ ਤੇਰਾ ਨਾਉ। (ਰਾਮਕਲੀ ਮ:1, ਬੀੜ, ਪੰ:878)
102. ਅਪਰਾਧੀ ਦੂਣਾ ਨਿਵੈ, ਜੋ ਹੰਤਾ ਮਿਰਗਾਹਿ।
ਸੀਸਿ ਨਿਵਾਇਐ ਕਿਆ ਥੀਐ, ਜਾ ਰਿਦੈ ਕੁਸੁਧੇ ਜਾਹਿ।
(ਮ:1, ਵਾਰ ਆਸਾ, ਪਉੜੀ 14 ਦਾ ਸਲੋਕ, ਬੀੜ, ਪੰ: 470)

ਸਮਾਜ ਦੀ ਆਗੂ ਸ਼੍ਰੇਣੀ ਸੀ। ਇਸ ਤੋਂ ਇਲਾਵਾ ਬ੍ਰਾਹਮਣ ਨੂੰ ਕਪਾਹ ਦੇ ਸੂਤ ਦਾ, ਖੱਤਰੀ ਨੂੰ ਸਣ ਦਾ ਅਤੇ ਵੈਸ਼ ਨੂੰ ਮੀਂਢੇ ਦੀ ਉੱਨ ਦਾ ਜਨੇਊ ਪਹਿਨਾਏ ਜਾਣ ਦਾ ਵਿਧਾਨ ਸੀ।[103] ਸ਼ੂਦਰ ਨੂੰ ਜਨੇਊ ਦੀ ਰਸਮ ਦਾ ਅਧਿਕਾਰ ਨਹੀਂ ਸੀ। ਇਸ ਪ੍ਰਕਾਰ ਇਹ ਮਨੁੱਖਤਾ ਵਰਨਾਂ ਦੀ ਵੰਡ ਕਰਦਾ ਸੀ।

ਆਦਿ ਗ੍ਰੰਥ ਦੇ ਗੁਰੂ-ਕਰਤਿਆਂ ਨੇ ਇਸ ਨੂੰ ਵਹਿਮ ਭਰੀ ਰਸਮ ਸਮਝ ਕੇ ਵਿਰੋਧ ਕਰਦਿਆਂ ਕਿਹਾ ਕਿ ਬ੍ਰਾਹਮਣ ਕਿਸੇ ਵੀ ਹਿੰਦੂ ਦੇ ਘਰ ਜਾਂਦਾ ਹੈ ਤੇ ਮੰਤਰ ਪੜ੍ਹ ਕੇ ਉਸ ਦੇ ਗਲ ਜਨੇਊ ਪਾ ਦਿੰਦਾ ਹੈ। ਪਰੰਤੂ ਜੇ ਹਰ ਜਨੇਊ ਪਾ ਕੇ ਵੀ ਮਨੁੱਖ ਬੁਰਿਆਈ ਕਰੇ ਤਾਂ ਉਸ ਦਾ ਇਸ਼ਨਾਨ ਆਦਿ ਕੀਤਾ ਕਰਾਇਆ ਬਿਰਥਾ ਹੀ ਚਲਿਆ ਜਾਂਦਾ ਹੈ।[104] ਇਕ ਨਾਟਕ ਜਿਹਾ ਖੇਡ ਕੇ ਜਿਸ ਪ੍ਰਕਾਰ ਬ੍ਰਾਹਮਣ * ਚਉਕੇ ਵਿਚ ਬਹਿ ਕੇ, ਚਾਰ ਕਉਡੀਆਂ ਮੁਲ ਲੈ ਕੇ, ਗੁਰੂ ਬਣ ਕੇ, ਜਨੇਊ ਪਹਿਨਣ ਵਾਲੇ ਦੇ ਕੰਨ ਵਿਚ ਗਾਇਤ੍ਰੀ ਦੇ ਮੰਤਰ ਦੀ ਫੂਕ ਮਾਰਦਾ ਹੈ, ਗੁਰੂ ਜੀ ਉਸ ਦਾ ਮਜ਼ਾਕ ਉਡਾਂਦੇ ਹਨ ਅਤੇ ਕਹਿੰਦੇ ਹਨ ਕਿ ਮਰਨ ਉਪਰੰਤ ਜਨੇਊ ਝੜ ਜਾਂ ਸੜ ਜਾਂਦਾ ਹੈ ਅਤੇ ਇਸ ਪ੍ਰਕਾਰ ਜੀਵ ਜਨੇਊ ਤੋਂ ਬਿਨਾ ਹੀ ਦਰਗਾਹ ਵਿਚ ਜਾਂਦਾ ਹੈ। ਇਸ ਲਈ ਅਜਿਹੇ ਜਨੇਊ ਦਾ ਕੋਈ ਲਾਭ ਨਹੀਂ ਹੁੰਦਾ।[105]

ਇਸ ਭੇਖ ਦੀ ਬਜਾਇ ਗੁਰੂ ਜੀ ਅਜਿਹੇ ਅਧਿਆਤਮਿਕ ਜਨੇਊ ਪਹਿਨਣ ਲਈ ਸੁਝਾਵ ਦਿੰਦੇ ਹਨ ਜਿਸ ਦੀ ਦਇਆ ਰੂਪੀ ਕਪਾਹ, ਸੰਤੋਖ ਰੂਪੀ ਸੂਤ, ਜਤ ਦੀ ਗੰਢਾਂ, ਸੱਚ ਦਾ ਵੱਟ ਚੜ੍ਹਾਇਆ ਹੋਵੇ। ਇਸ ਪ੍ਰਕਾਰ ਦਾ ਜਨੇਊ ਨਾ ਟੁੱਟਦਾ ਹੈ, ਨਾ ਮੈਲਾ ਹੁੰਦਾ ਹੈ, ਨਾ ਸੜਦਾ ਹੈ ਅਤੇ ਗੁਰੂ ਜੀ ਅਨੁਸਾਰ ਅਜਿਹਾ ਜਨੇਊ ਪਹਿਨਣ ਵਾਲੇ ਮਨੁੱਖ ਧੰਨ ਹਨ।[106]

ਗੁਰੂ ਜੀ ਨੂੰ ਅਜਿਹੇ ਜਨੇਊ ਤੇ ਇਤਰਾਜ਼ ਹੈ ਜਿਸ ਨੂੰ ਪਹਿਨ ਕੇ ਮਨੁੱਖ ਦਿਨ ਰਾਤ ਲੱਖਾਂ ਚੋਰੀਆਂ, ਠੱਗੀਆਂ ਤੇ ਬੇਈਮਾਨੀਆਂ ਕਰਦਾ ਹੈ। ਜਨੇਊ ਪਹਿਨਾਉਣ ਸਮੇਂ ਬਕਰਾ ਮਾਰ ਕੇ ਮੀਟ ਖੁਆਇਆ ਜਾਂਦਾ ਹੈ ਤੇ ਸਾਰੇ ਹਾਜ਼ਰ ਲੋਕ ਜਨੇਊ ਪਾਉਣ ਲਈ ਕਹਿੰਦੇ ਹਨ। ਜਨੇਊ ਦੇ ਪੁਰਾਣਾ ਹੋ ਜਾਣ ਤੇ ਹੋਰ ਪਾ ਲਿਆ ਜਾਂਦਾ ਹੈ। ਗੁਰੂ ਜੀ ਇਸ ਦਾ ਮਜ਼ਾਕ ਉਡਾਂਦੇ ਹੋਏ ਕਹਿੰਦੇ ਹਨ ਕਿ ਜੇ ਜਨੇਊ ਵਿਚ ਸ਼ਕਤੀ

---

103. ਮਨੂੰ ਸਿਮ੍ਰਤੀ, ਅਧਿਆਇ 2, ਸਲੋਕ 44.

104. ਹਿੰਦੂ ਕੈ ਘਰਿ ਹਿੰਦੂ ਆਵੈ। ਸੂਤੁ ਜਨੇਊ ਪੜਿ ਗਲਿ ਪਾਵੈ।
ਸੂਤੁ ਪਾਇ ਕਰੇ ਬੁਰਿਆਈ। ਨਾਤਾ ਧੋਤਾ ਥਾਇ ਨ ਪਾਈ।....
(ਮ:1, ਰਾਮਕਲੀ ਕੀ ਵਾਰ ਮ:3 ਦੀ ਪਉੜੀ 11 ਦਾ ਸਲੋਕ, ਸਬਦਾਂ: ਪੰ951)

105. ਚਉਕੜਿ ਮੁਲਿ ਅਣਾਇਆ, ਬਹਿ ਚਉਕੈ ਪਾਇਆ।
ਸਿਖਾ ਕੰਨਿ ਚੜਾਈਆ, ਗੁਰੁ ਬ੍ਰਾਹਮਣੁ ਥਿਆ।
ਓਹੁ ਮੁਆ ਓਹੁ ਝੜਿ ਪਇਆ, ਵੇਤਗਾ ਗਇਆ।
(ਮ:1, ਵਾਰ ਆਸਾ, ਪਉੜੀ 15 ਨਾਲ ਸਲੋਕ, ਉਹੀ, ਪੰ: 471)

106. ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ।
ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ।
ਨਾ ਏਹੁ ਤੁਟੈ ਨ ਮਲੁ ਲਗੈ, ਨਾ ਏਹੁ ਜਲੈ ਨ ਜਾਇ।
ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ। (ਉਹੀ, ਪੰ: 471)

ਹੋਵੇ ਜੋ ਕਦੇ ਟੁੱਟੇ ਹੀ ਨਾ ਅਤੇ ਪੁਰਾਣਾ ਹੀ ਨਾ ਹੋਵੇ।[107]

ਅਸਲ ਵਿਚ ਜਨੇਊ ਕੁਝ ਪ੍ਰਤਿਬੰਧਾਂ ਦਾ ਪ੍ਰਤੀਕ ਸੀ। ਇਸ ਦੇ ਧਾਰਨ ਕਰਨ ਵਾਲਾ ਬ੍ਰਹਮਚਰਜ ਆਸ਼੍ਰਮ ਵਿਚ ਪ੍ਰਵੇਸ਼ ਕਰਕੇ ਸੰਜਮ ਦਾ ਜੀਵਨ ਜੀਣ ਲਈ ਹਰ ਪ੍ਰਕਾਰ ਦੇ ਸਾਧਨ ਅਪਣਾਉਂਦਾ ਸੀ। ਪਰੰਤੂ ਗੁਰੂ ਜੀ ਅਨੁਸਾਰ ਸਮਕਾਲੀਨ ਪੁਰਖ ਤੇ ਇਸਤਰੀ ਦੋਹਾਂ ਦੀ ਇੰਦ੍ਰੀ-ਇੱਛਾ ਤੇ ਕੋਈ ਪ੍ਰਤਿਬੰਧ ਨਹੀਂ ਸੀ ਅਤੇ ਵਿਸ਼ੇ ਵਿਕਾਰ ਬਹੁਤ ਵਧਿਆ ਹੋਇਆ ; ਹਥ ਪੈਰ, ਜੀਭ, ਅੱਖ ਵਿਚੋਂ ਕਿਸੇ ਤੇ ਵੀ ਜੀਵ ਦਾ ਕਾਬੂ ਨਹੀਂ ਸੀ ਰਿਹਾ, ਜੀਵਾਂ ਦੁਆਰਾ ਹਰ ਪ੍ਰਕਾਰ ਦੇ ਬੁਰੇ ਕਰਮ ਕੀਤੇ ਜਾ ਰਹੇ ਸਨ। ਗੁਰੂ ਜੀ ਨੇ ਲੋਕਾਂ ਦਾ ਧਾਰਮਿਕ ਸੋਸ਼ਣ ਕਰਨ ਵਾਲੇ ਬ੍ਰਾਹਮਣ (ਪਰੋਹਤ) ਪੁਰਖ ਵਿਅੰਗ ਕੀਤਾ ਕਿ ਆਪ ਤਾਂ ਅਧਿਆਤਮਕ ਜਨੇਊ ਤੋਂ ਸੱਖਣਾ ਹੀ ਫਿਰਦਾ ਸੀ ਤੇ ਲੋਕਾਂ ਨੂੰ ਝੂਠੇ ਜਨੇਊ ਪਾਉਂਦਾ ਸੀ।[108]

ਸੂਤਕ ਦਾ ਇਕ ਅਜਿਹਾ ਵਹਿਮ ਸੀ ਜੋ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਧਰਮਾਂ ਦੇ ਲੋਕਾਂ ਵਿਚ ਪ੍ਰਾਚੀਨ ਕਾਲ ਤੋਂ ਪਰੰਪਰਾਗਤ ਮੰਨਿਆ ਜਾਂਦਾ ਸੀ।

ਵਿਸ਼ੇਸ਼ ਸਮਿਆਂ ਤੇ ਇਸਤਰੀ ਨੂੰ ਅਪਵਿੱਤਰ ਸਮਝਿਆ ਜਾਂਦਾ ਹੈ। ਇਕ ਤਾਂ ਜਦੋਂ ਉਸ ਨੂੰ ਮਾਹਵਾਰੀ ਖੂਨ ਆਉਂਦਾ ਹੈ ਦੂਜਾ ਜਦੋਂ ਉਹ ਬੱਚੇ ਨੂੰ ਜਨਮ ਦਿੰਦੀ ਹੈ। ਇਸ ਅਪਵਿੱਤਰਤਾ ਨੂੰ ਸੂਤਕ ਆਖਿਆ ਜਾਂਦਾ ਹੈ। ਗੁਰੂ ਜੀ ਇਸਤਰੀ ਦੀ ਇਸ ਪਵਿੱਤਰਤਾ ਨਾਲੋਂ ਝੂਠੇ ਮਨੁੱਖ ਦੇ ਮਨ ਦੀ ਗੰਦਗੀ ਨੂੰ ਵਧੇਰੇ ਅਪਵਿੱਤਰ ਸਮਝਦੇ ਹਨ ਅਤੇ ਸਰੀਰਕ ਇਸ਼ਨਾਨ ਕਰਕੇ ਅਪਵਿੱਤਰ ਹੋਣ ਨਾਲੋਂ ਹਰੀ ਨੂੰ ਮਨ ਵਿਚ ਵਸਾਉਣ ਨਾਲ ਪਵਿੱਤਰ ਹੋਣ ਦੀ ਪ੍ਰੇਰਣਾ ਦਿੰਦੇ ਹਨ।[109]

ਬੱਚੇ ਦੇ ਸੂਤਕ ਖਤਮ ਕਰਨ ਦੀ ਰਸਮ ਹਿੰਦੂ ਸਮਾਜ ਵਿਚ ਜਨਮ ਤੋਂ 13 ਦਿਨਾਂ ਬਾਅਦ ਹੁੰਦੀ ਸੀ ਅਤੇ ਮੁਸਲਮਾਨ 40 ਦਿਨ ਸੂਤਕ ਮੰਨਦੇ ਸਨ। ਪਰਿਵਾਰ ਵਿਚ ਕਿਸੇ ਮੈਂਬਰ ਦੇ ਮਰ ਜਾਣ ਤੇ ਕੁਝ ਦਿਨਾਂ ਲਈ ਸੂਤਕ ਮੰਨਿਆ ਜਾਂਦਾ ਸੀ। ਆਸਾ ਕੀ ਵਾਰ ਦੇ ਗੁਰੂ-ਵਾਕਾਂ ਵਿਚ ਜ਼ੋਰਦਾਰ ਸ਼ਬਦਾਂ ਵਿਚ ਸੂਤਕ ਦਾ ਖੰਡਨ ਕੀਤਾ ਗਿਆ ਹੈ। ਜੇਕਰ ਸੂਤਕ ਮੰਨ ਹੀ ਲਈਏ ਤਾਂ ਗੁਰੂ ਸਾਹਿਬ ਅਨੁਸਾਰ ਸੂਤਕ ਹਰ ਥਾਂ ਮੌਜੂਦ ਹੈ।

---

107. ਲਖ ਚੋਰੀਆ ਲਖ ਜਾਰੀਆ, ਲਖ ਕੂੜੀਆ ਲਖ ਗਾਲਿ।
ਲਖ ਠਗੀਆ ਪਹਿਨਾਮੀਆ, ਰਾਤਿ ਦਿਨਸੁ ਜੀਅ ਨਾਲਿ।
ਤਗੁ ਕਪਾਹਹੁ ਕਤੀਐ, ਬ੍ਰਾਹਮਣੁ ਵਟੇ ਆਇ।
ਕੁਹਿ ਬਕਰਾ ਰਿੰਨਿ ਖਾਇਆ, ਸਭੁ ਕੋ ਆਖੈ ਪਾਇ।
ਹੋਇ ਪੁਰਾਣਾ ਸੁਟੀਐ, ਭੀ ਫਿਰਿ ਪਾਈਐ ਹੋਰੁ।
ਨਾਨਕ ਤਗੁ ਨ ਤੁਟਈ, ਜੇ ਤਗਿ ਹੋਵੈ ਜੋਰੁ। (ਉਹੀ, ਪੰ: 471)

108. ਤਗੁ ਨ ਇੰਦ੍ਰੀ, ਤਗੁ ਨ ਨਾਰੀ। ਭਲਕੇ ਥੁਕ ਪਵੈ ਨਿਤ ਦਾੜੀ।
ਤਗੁ ਨ ਪੈਰੀ, ਤਗੁ ਨ ਹਥੀ, ਤਗੁ ਨ ਜਿਹਵਾ, ਤਗੁ ਨ ਅਖੀ।
ਵੇਤਗਾ ਆਪੇ ਵਤੈ। ਵਟਿ ਧਾਗੇ ਅਵਰਾ ਘਤੈ। (ਉਹੀ, ਪੰ: 471)

109. ਜਿਉ ਜੋਰੂ ਸਿਰਨਾਵਣੀ, ਆਵੈ ਵਾਰੋਵਾਰ।
ਜੂਠੇ ਜੂਠਾ ਮੁਖਿ ਵਸੈ, ਨਿਤ ਨਿਤ ਹੋਇ ਖੁਆਰੁ।
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ।
ਸੂਚੇ ਸੇਈ ਨਾਨਕਾ, ਜਿਨ ਮਨਿ ਵਸਿਆ ਸੋਇ।
(ਵਾਰ ਆਸਾ ਮ:1, ਪਉੜੀ 17 ਦਾ ਸਲੋਕ, ਉਹੀ, ਪੰ: 472)

ਗੋਹੇ, ਲਕੜੀ, ਅੰਨ ਦੇ ਦਾਣਿਆਂ, ਪਾਣੀ ਅਤੇ ਸਾਡੀ ਰਸੋਈ ਪਈਆਂ ਚੀਜ਼ਾਂ ਵਿਚ ਜੀਵ ਜੀਵਨ ਦੇ ਹਰ ਕਦਮ ਤੇ ਸੂਤਕ ਹ। ਕੇਵਲ ਇਸ ਸਬੰਧੀ ਗਿਆਨ ਹੀ ਇਸ ਨੂੰ ਖਤਮ ਕਰ ਸਕਦਾ ਹੈ।[110] ਗੁਰਮਤਿ ਅਨੁਸਾਰ ਅਸਲ ਵਿਚ ਮਨੁੱਖੀ ਮਨ ਦਾ ਸੂਤਕ ਲੋਭ ਹੈ, ਜੀਭ ਦਾ ਸੂਤਕ ਝੂਠ ਬੋਲਣਾ ਹੈ, ਪਰਾਇਆ ਧਨ ਤੇ ਪਰਾਈ ਇਸਤਰੀ ਨੂੰ ਤੱਕਣਾ ਅੱਖਾਂ ਦਾ ਸੂਤਕ ਹੈ ਅਤੇ ਪਰਾਈ ਚੁਗਲੀ ਸੁਣਨਾ ਕੰਨਾਂ ਦਾ ਸੂਤਕ ਹੈ।[111] ਇਸ ਪ੍ਰਕਾਰ ਦੇ ਸੂਤਕ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ। ਬਾਕੀ ਸੂਤਕ ਪਾਤਕ ਸਭ ਭਰਮ ਹੈ। ਜੰਮਣਾ ਮਰਨਾ ਪ੍ਰਭੂ ਦਾ ਹੁਕਮ ਹੈ, ਖਾਣ ਪੀਣ ਦੀ ਕਿਰਿਆ ਅਤਿ ਪਵਿੱਤਰ ਹੈ, ਇਸ ਦਾ ਸੂਤਕ ਨਾਲ ਕੋਈ ਸੰਬੰਧ ਨਹੀਂ। ਗੁਰੂ ਸਾਹਿਬ ਨੇ ਸਪਸ਼ਟ ਤੌਰ ਕਿਹਾ ਹੈ ਕਿ ਜਿਨ੍ਹਾਂ ਮਨੁਖਾਂ ਨੂੰ ਗਿਆਨ ਦੀ ਸੋਝੀ ਹੋ ਜਾਂਦੀ ਹੈ, ਉਨ੍ਹਾਂ ਦੇ ਜੀਵਨ ਵਿਚ ਉਨ੍ਹਾਂ ਨੂੰ ਸੂਤਕ ਨਹੀਂ ਲਗਦਾ।[112]

ਗੁਰੂ ਜੀ ਅਨੁਸਾਰ ਹਰੀ ਦੇ ਨਾਮ ਤੋਂ ਬਿਨਾ ਜਗਤ ਵਿਚ ਸਭ ਸੂਤਕ ਹੈ, ਕੂੜ ਹੈ। ਅਸਲੀ ਸੂਤਕ ਨੂੰ ਮਨੁੱਖ ਸਮਝਦਾ ਹੀ ਨਹੀਂ, ਜਿਨ੍ਹਾਂ ਦੀ ਅਕਲ ਜੋ ਜਗਤ ਨੂੰ ਸਾਫ ਕਹੀ ਹ, ਸੂਤਕ ਹੀ ਤਾਂ ਹੈ। ਇਹ ਸੂਤਕ ਸਮੁੰਦਰ ਤੇ ਪ੍ਰਿਥਵੀ ਆਦਿ ਹਰ ਸਥਾਨ ਤੇ ਹੈ, ਇਸੇ ਸੂਤਕ ਵਿਚ ਜੀਵ ਜੰਮਦੇ ਤੇ ਮਰਦੇ ਹਨ।[113]

ਗੁਰਮਤਿ ਅਨੁਸਾਰ ਮਨ ਨੂੰ ਦਵੈਤ-ਭਾਵ ਦਾ ਸੂਤਕ ਲਗਾ ਹੋਇਆ ਹੈ। ਮਨ ਦੇ ਪਿਛੇ ਚਲਣ ਵਾਲਿਆਂ ਦਾ ਸੂਤਕ ਨਹੀਂ ਦੂਰ ਹੋ ਸਕਦਾ, ਜਦੋਂ ਤਕ ਗੁਰ ਸ਼ਬਦ ਵਿਚ ਭਿੱਜ ਕੇ ਹਰਿ ਦੇ ਨਾਮ ਵਿਚ ਨਹੀਂ ਜੁੜਦੇ। ਦ੍ਰਿਸ਼ਟਮਾਨ ਸੰਸਾਰ ਜੋ ਮੋਹ ਦਾ ਰੂਪ ਬਣਿਆ ਹੋਇਆ ਹੈ, ਇਹ ਸਭ ਸੂਤਕ ਹੈ, ਅੱਗ ਪਉਣ, ਪਾਣੀ, ਭੋਜਨ ਸਭ ਵਿਚ ਸੂਤਕ ਹੈ। ਸਾਰੇ ਕਰਮ ਧਰਮ ਸੂਤਕ ਵਿਚ ਹਨ, ਇਸ ਲਈ ਪੂਜਾ

---

110. ਜੇ ਕਰਿ ਸੂਤਕੁ ਮੰਨੀਐ, ਸਭ ਤੈ ਸੂਤਕੁ ਹੋਇ।
ਗੋਹੇ ਅਤੇ ਲਕੜੀ, ਅੰਦਰਿ ਕੀੜਾ ਹੋਇ।
ਜੇਤੇ ਦਾਣੇ ਅੰਨ ਕੇ, ਜੀਆ ਬਾਝੁ ਨ ਕੋਇ।
ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭ ਕੋਇ।
ਸੂਤਕੁ ਕਿਉ ਕਰਿ ਰਖੀਐ, ਸੂਤਕੁ ਪਵੈ ਰਸੋਇ।
ਨਾਨਕ ਸੂਤਕੁ ਏਵ ਨ ਉਤਰੈ, ਗਿਆਨੁ ਉਤਾਰੇ ਧੋਇ।
(ਵਾਰ ਆਸਾ ਮ: 1, ਪਉੜੀ 18 ਦਾ ਸਲੋਕ, ਉਹੀ, ਪੰ: 472)

111. ਮਨ ਕਾ ਸੂਤਕੁ ਲੋਭੁ ਹੈ, ਜਿਹਵਾ ਸੂਤਕੁ ਕੂੜੁ।
ਅਖੀ ਸੂਤਕੁ ਵੇਖਣਾ, ਪਰ ਤ੍ਰਿਅ ਪਰ ਧਨ ਰੂਪੁ।
ਕੰਨੀ ਸੂਤਕੁ ਕੰਨਿ ਪੈ, ਲਾਇਤਬਾਰੀ ਖਾਹਿ। (ਉਹੀ, ਪੰ 472)

112. ਸਭੋ ਸੂਤਕੁ ਭਰਮੁ ਹੈ, ਦੂਜੈ ਲਗੈ ਜਾਇ।
ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ।
ਖਾਣਾ ਪੀਣਾ ਪਵਿਤ੍ਰੁ ਹੈ, ਦਿਤੋਨੁ ਰਿਜਕੁ ਸੰਬਾਹਿ।
ਨਾਨਕ ਜਿਨੀ ਗੁਰਮੁਖਿ ਬੁਝਿਆ, ਤਿਨਾ ਸੂਤਕੁ ਨਾਹਿ। (ਉਹੀ, ਪੰ: 472-73)

113. ਬਿਨੁ ਨਾਵੈ ਸੂਤਕੁ ਜਗਿ ਫੇਰਿ।
..............ਸੂਤਕੁ ਅਗਨਿ ਭਖੈ ਜਗੁ ਖਾਇ। ਸੂਤਕੁ ਜਲਿ ਥਲਿ ਸਭ ਹੀ ਥਾਇ।
ਨਾਨਕ ਸੂਤਕਿ ਜਨਮਿ ਮਰੀਜੈ। ਗੁਰ ਪਰਸਾਦੀ ਹਰਿ ਰਸੁ ਪੀਜੈ। (ਆਸਾ ਮ: 1, ਉਹੀ, ਪੰ: 413)

ਨਹੀਂ ਹੋ ਸਕਦੀ। ਕੇਵਲ ਸਤਿਗੁਰੂ ਦੀ ਸਰਨ ਲੈਣ ਨਾਲ ਹੀ ਇਹ ਸੂਤਕ ਤੋਂ ਛੁਟਕਾਰਾ ਮਿਲ ਸਕਦਾ ਹੈ।[114]

ਮੱਧ ਕਾਲੀਨ ਸਮਾਜ ਦੇ ਲੋਕ ਆਮ ਤੌਰ ਤੇ ਸ਼ਗਨ, ਅਪਸ਼ਗਨ, ਮਹੂਰਤ, ਥਿਤੀ ਵਾਰ ਆਦਿ ਵਿਚ ਪੱਕਾ ਵਿਸ਼ਵਾਸ ਰੱਖਦੇ ਸਨ।[115]

ਗੁਰੂ ਜੀ ਅਨੁਸਾਰ ਜਿਸ ਨੂੰ ਵਾਹਿਗੁਰੂ ਚਿਤ ਨਹੀਂ ਆਉਂਦਾ, ਉਸ ਦਾ ਮਨ ਸ਼ੁਭ-ਅਸ਼ੁਭ ਹੋਣ ਕਰਕੇ ਆਪਣੇ ਹੀ ਸੰਕਲਪਾਂ ਦੇ ਕਾਰਨ ਹੋਏ ਭਰਮ ਅਨੁਸਾਰ ਕਲੇਸ਼ ਭੋਗਦਾ ਹੈ।[116] ਗੁਰੂ ਜੀ ਲਈ ਸ਼ਾਸਤਰ ਤੇ ਸ਼ਗਨ ਪ੍ਰਭੂ ਆਪ ਹੈ।[117]

ਥਿਤ, ਵਾਰ, ਮਹੀਨਾ, ਮਹੂਰਤ ਦਾ ਸ਼ੁਭ ਅਸ਼ੁਭ ਹੋਣ ਮੰਨ ਕੇ ਕਰਮ ਕਾਂਡ ਵਿਚ ਪੈਣਾ ਗੁਰਮਤਿ ਵਿਰੁਧ ਹੈ। ਵਾਰ, ਸ਼ਗਨ, ਸ਼ਾਸਤ੍ਰ ਦਾ ਵਿਚਾਰ ਹਉਮੈ ਹੈ ਜਿਸ ਵਿਚ ਜੀਵਨ ਗਵਾਇਆ ਹੋਇਆ ਹੈ। ਗੁਰੂ-ਸਾਹਿਬ ਅਨੁਸਾਰ ਥਿਤੀ ਵਾਰ ਨੂੰ ਮੰਨਣ ਵਾਲਾ ਮੂਰਖ ਤੇ ਗਵਾਰ ਹੁੰਦਾ ਹੈ।[118] ਗੁਰਮਤਿ ਅਨੁਸਾਰ ਹਰ ਮਹੀਨਾ, ਦਿਨ, ਮਹੂਰਤ, ਸਮਾਂ, ਘੜੀ ਇਸ ਸਫਲ ਹੈ ਜਦੋਂ ਪ੍ਰਭੂ ਦੀ ਸਿਮਰਨ ਸਵੱਲੀ ਹੋਵੇ ਅਤੇ ਮਨੁੱਖ ਹਰੀ ਦਾ ਨਾਮ ਜਪੇ ਕੋਈ ਸਮਾਂ ਵਿਸ਼ੇਸ਼ ਨਹੀਂ ਹੈ ਕੋਈ ਵਾਰ ਮਾੜਾ ਨਹੀਂ, ਇਹ ਸਭ ਵਹਿਮ ਹੈ।[119] ਭੈੜੀ ਵਾਲੇ ਘੜੀ ਆਵੇ ਮਹੂਰਤ ਵਹਿਮ ਕੀਤਾ ਜਾਂਦਾ ਸੀ, ਪਰ ਇਹ ਅਸਲ ਵਿਚ ਆਤਮਕ-ਪ੍ਰਕਾਸ਼ ਰੂਪੀ

---

114. ਮਨ ਕਾ ਸੂਤਕੁ ਦੂਜਾ ਭਾਉ। ਭਰਮੇ ਭੂਲੇ ਆਵਉ ਜਾਉ।
ਮਨਮੁਖਿ ਸੂਤਕੁ ਕਬਹਿ ਨ ਜਾਇ। ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ।ਰਹਾਉ।
ਸਭੋ ਸੂਤਕੁ ਜੇਤਾ ਮੋਹੁ ਆਕਾਰੁ। ਮਰਿ ਮਰਿ ਜੰਮੈ ਵਾਰੋ ਵਾਰ।
ਸੂਤਕੁ ਅਗਨਿ ਪਉਣੈ ਪਾਣੀ ਮਾਹਿ। ਸੂਤਕੁ ਭੋਜਨੁ ਜੇਤਾ ਕਿਛੁ ਖਾਹਿ।
ਸੂਤਕਿ ਕਰਮ ਨ ਪੂਜਾ ਹੋਇ। ਨਾਮਿ ਰਤੇ ਮਨੁ ਨਿਰਮਲੁ ਹੋਇ।
ਸਤਿਗੁਰੁ ਸੇਵਿਐ ਸੂਤਕੁ ਜਾਇ। ਮਰੈ ਨ ਜਨਮੈ ਕਾਲੁ ਨ ਖਾਇ।
(ਗਉੜੀ ਗੁਆਰੇਰੀ ਮ:3, ਅਸਟਪਦੀਆ, ਗ੍ਰੰਥ, ਪੰ: 229)
115. Mediaeval Indian Culture, P-26, A.L. Srivastava.
116. ਸਗੁਨ ਅਪਸਗੁਨ ਤਿਸ ਕਉ ਬਿਆਪਹਿ, ਜਿਸੁ ਚੀਤਿ ਨ ਆਵੈ। (ਆਸਾ ਮ:5, ਸ਼ਬਦਾਰਥ, ਪੰ:401)
117. ਪ੍ਰਭੁ ਹਮਾਰੈ ਸਾਸਤ੍ਰ ਸਉਣੁ।(ਭੈਰਉ ਮ:5, ਗ੍ਰੰਥ, ਪੰ: 1137)
118. ਕਰਿ ਕਰਿ ਵਾਰ, ਸਗਲ ਸਾਸਤ ਬੀਚਾਰੁ।
ਹਉਮੈ ਮੇਰਾ ਕਰਮਿ ਗੰਢਾਰੁ।
.......ਥਿਤੀ ਵਾਰ ਸੇਵਹਿ, ਮੁਗਧ ਗਵਾਰ। (ਬਿਲਾਵਲ ਮ: 3, ਵਾਰ ਸੱਤ, ਗ੍ਰੰਥ, ਪੰ:841)
119. ੳ) ਮਾਹ ਦਿਵਸ ਮੂਰਤ ਭਲੇ, ਜਿਸ ਕਉ ਨਦਰਿ ਕਰੇ।
(ਬਾਰਹਮਾਹਾ ਮਾਝ ਮ:5, ਗ੍ਰੰਥ, ਪੰ: 135)
ਅ) ਸੋਈ ਦਿਵਸੁ ਭਲਾ ਮੇਰੇ ਭਾਈ। ਹਰਿ ਗੁਨ ਗਾਇ ਪਰਮਗਤਿ ਪਾਈ।
(ਆਸਾ ਮ: 5, ਗ੍ਰੰਥ, ਪੰ: 395)
ੲ) ਦਿਨ ਰੈਣਿ ਸਭ ਸੁਹਾਵਣੇ ਪਿਆਰੇ, ਜਿਤੁ ਜਪੀਐ ਹਰਿ ਨਾਉ।
(ਆਸਾ ਮ: 5, ਬਿਰਹੜੇ, ਗ੍ਰੰਥ, ਪੰ: 432)
ਸ) ਸਾ ਵੇਲਾ, ਸੋ ਮੂਰਤੁ, ਸਾ ਘੜੀ, ਸੋ ਮੁਹਤੁ ਸਫਲੁ ਹੈ,
ਮੇਰੀ ਜਿੰਦੁੜੀਏ, ਜਿਤੁ ਹਰਿ ਮੇਰਾ ਚਿਤਿ ਆਵੈ ਰਾਮ। (ਬਿਹਾਗੜਾ ਮ:4, ਛੰਤ, ਗ੍ਰੰਥ,540)
ਹ) ਗੋਪਾਲ ਦਰਸ ਭੇਟ, ਸਫਲ ਨਾਨਕ ਸੋ ਮਹੂਰਤਹ।
(ਵਾਰ ਜੈਤਸਰੀ ਮ:5, ਪਉੜੀ 15 ਦਾ ਸਲੋਕ, ਗ੍ਰੰਥ, ਪੰ: 709)

ਤਾਰਾ ਹੈ ਜੋ ਗੁਰੂ ਦੇ ਸ਼ਬਦ ਵੱਲ ਧਿਆਨ ਲਾਇਆਂ ਵੇਖਿਆ ਜਾ ਸਕਦਾ ਹੈ, ਮਨ ਦੇ ਜਗਣ ਵਿਚ ਪੰਜ ਦੂਤੀ ਜੋ ਘਰ ਦੇ ਨੇੜੇ ਨਹੀਂ ਆਉਂਦੇ, ਜਦੋਂ ਗੁਰੂ ਦੀ ਸੇਵਾ ਕਰਦਿਆਂ ਹੈ ਅਤੇ ਹਰ ਇਕ ਵਿਚ ਬੇਅੰਤ ਹਰੀ ਦੀ ਜੋਤ ਜਗਦੀ ਹੋਈ ਦਿਸਦੀ ਹੈ, ਜਿਸ ਨਾਲ ਮਨੁੱਖ ਹੰਕਾਰ ਨਹੀਂ ਕਰਦਾ ਅਤੇ ਹਰੀ ਨਾਲ ਮਿਲਿਆ ਰਹਿੰਦਾ ਹੈ।[120]

ਕਈ ਵਹਿਮੀ ਲੋਕ ਜਾਦੂ ਟੂਣੇ ਦਾ ਵਿਸ਼ਵਾਸ ਕਰਦੇ ਸਨ ਤੇ ਪ੍ਰੇਤ ਤੋਂ ਬਚਣ ਲਈ ਅਵਿਦਿਆ ਭਰੇ ਅਜੀਬ ਕਰਮ ਕਰਦੇ ਸਨ, ਜਿਨ੍ਹਾਂ ਦਾ ਗੁਰਮਤਿ ਵਿਚ ਵਿਰੋਧ ਹੈ। ਗੁਰਮਤਿ ਅਨੁਸਾਰ ਰਾਮ ਨਾਮ ਜਪਣ ਵਾਲਿਆਂ ਉਪਰ ਤੰਤਰ ਮੰਤਰ ਕੋਈ ਅਸਰ ਨਹੀਂ ਕਰਦੇ ਅਤੇ ਨਾ ਹੀ ਉਨ੍ਹਾਂ ਨੂੰ ਬੁਰ-ਨਜ਼ਰ ਲਗਦੀ ਹੈ।[121] ਹਰੀ ਨੂੰ ਸਿਮਰਨ ਨਾਲ ਨਜ਼ਰ ਲੱਗਣ ਤੋਂ ਛੁਟਕਾਰਾ ਲੈਣੀ ਭੂਤ ਪ੍ਰੇਤ ਦਾ ਵੀ ਕੋਈ ਅਸਰ ਨਹੀਂ ਹੁੰਦਾ।[122]

ਮੱਧਕਾਲੀਨ ਹਿੰਦੂ ਮੜੀ ਮਸਾਣ ਦੀ ਪੂਜਾ ਕਰਦੇ ਸਨ। ਇਸ ਵਹਿਮ ਭਰੀ ਕਿਰਿਆ ਦਾ ਗੁਰੂ ਜੀ ਨੇ ਖੰਡਨ ਕਰਕੇ ਹਰੀ ਦੀ ਪੂਜਾ ਬਿਨਾ ਕਿਸੇ ਵੀ ਦੁਬਿਧਾ ਵਿਚ ਪੈਣ ਵਿਰੁੱਧ ਸੁਚੇਤ ਕੀਤਾ,[123] ਕਿਉਂਕਿ ਗੁਰਮਤਿ ਅਨੁਸਾਰ ਕਰਤਾਰ ਦੀ ਪੂਜਾ ਹੀ ਹੈ ਮੜੀ ਮਸਾਣ ਦੀ ਪੂਜਾ ਅਜੋਗ ਹੈ।[124]

ਇਸੇ ਪ੍ਰਕਾਰ ਲੋਕ ਵਹਿਮਾਂ ਕਾਰਨ ਹੀ ਅੰਤਰਗਤ ਵਰਤ ਰਖਦੇ ਸਨ। ਆਮ ਤੌਰ ਤੇ ਇਸਤਰੀਆਂ ਵਧੇਰੇ ਵਰਤ ਰਖਦੀਆਂ ਸਨ। ਸਾਵਿਤਰੀ ਵਰਤ ਸਭ ਤੋਂ ਪ੍ਰਸਿੱਧ ਸੀ। ਸਤਿ ਨਾਰਾਇਣ ਦਾ ਵਰਤ ਸਭ ਜਾਤੀ ਦੇ ਲੋਕ ਰਖਦੇ ਸਨ। ਏਕਾਦਸ਼ੀ ਦਾ ਵਰਤ ਵੀ ਬਹੁਤ ਪ੍ਰਸਿੱਧ ਸੀ।[125]

ਆਦਿ ਗ੍ਰੰਥ ਦੇ ਗੁਰੂ ਸਾਹਿਬ ਵਿਚ ਵਰਤ ਨੇਮ ਨੂੰ ਦੂਜਾ ਭਾਉ ਕਿਹਾ ਗਿਆ ਹੈ।[126] ਇਸ ਪਾਖੰਡ

---

120. ਤਾਰਾ ਚੜਿਆ ਲੰਮਾ, ਕਿਉ ਨਦਰਿ ਨਿਹਾਲਿਆ ਰਾਮ।
ਸੇਵਕ ਪੂਰ ਕਰੰਮਾ, ਸਤਿਗੁਰਿ ਸਬਦਿ ਦਿਖਾਲਿਆ ਰਾਮ।
ਗੁਰ ਸਬਦਿ ਦਿਖਾਲਿਆ, ਸਚੁ ਸਮਾਲਿਆ, ਅਹਿਨਿਸਿ ਦੇਖਿ ਬੀਚਾਰਿਆ।
ਧਾਵਤ ਪੰਚ ਰਹੇ ਘਰੁ ਜਾਣਿਆ, ਕਾਮੁ ਕ੍ਰੋਧੁ ਬਿਖੁ ਮਾਰਿਆ।
ਅੰਤਰਿ ਜੋਤਿ ਭਈ ਗੁਰ ਸਾਖੀ, ਚੀਨੇ ਰਾਮ ਕਰੰਮਾ।
ਨਾਨਕ ਹਉਮੈ ਮਾਰਿ ਪਤੀਣੇ, ਤਾਰਾ ਚੜਿਆ ਲੰਮਾ।
(ਤੁਖਾਰੀ ਮ:1, ਛੰਤ, ਗ੍ਰੰਥੀ, ਪੰ: 1010-11)

121. ਰਾਮ ਨਾਮੁ ਜੋ ਜਨੁ ਜਪੈ, ਅਨ ਦਿਨੁ ਸਦ ਜਾਗੈ।
ਤੰਤੁ ਮੰਤੁ ਨਹ ਜੋਹਈ, ਤਿਤੁ ਚਾਖੁ ਨ ਲਾਗੈ।
(ਬਿਲਾਵਲ ਮ: 5, [illegible], ਪੰ: 817-18)

122. ਹਰਿ ਸਿਮਰਤ ਕਿਛੁ ਚਾਖੁ ਨ ਜੋਹੈ। ਹਰਿ ਸਿਮਰਤ ਦੈਤ ਦੇਉ ਨ ਪੋਹੈ।
(ਭੈਰਉ ਮ: 5, ਗ੍ਰੰਥੀ, ਪੰ: 1150)

123. ਦੁਬਿਧਾ ਨਾ ਪੜਉ, ਹਰਿ ਬਿਨੁ ਹੋਰੁ ਨ ਪੂਜਉ, ਮੜੈ ਮਸਾਣਿ ਨ ਜਾਈ।
(ਸੋਰਠਿ ਮ:1, ਅਸਟਪਦੀ, ਗ੍ਰੰਥੀ ਪੰ: 634)

124. ਜਿਨਿ ਜੀਉ ਪਿੰਡੁ ਦਿਤਾ, ਤਿਸੁ ਚੇਤਹਿ ਨਾਹਿ। ਮੜੀ ਮਸਾਣੀ, ਮੂੜੇ ਜੋਗੁ ਨਾਹਿ।
(ਬਸੰਤ ਮ: ਅਸਟਪਦੀ, ਗ੍ਰੰਥੀ, ਪੰ: 1190)

125. A Critical Study of Adi Granth, P-219-20, Dr. S.S. Kohli.

126. ਵਰਤੁ ਨੇਮੁ ਨਿਤ ਪ੍ਰਤਿ ਪੂਜਾ। ਬਿਨੁ ਬੂਝੇ ਸਭੁ ਭਾਉ ਹੈ ਦੂਜਾ। (ਬਿਲਾਵਲ ਮ:3, ਵਾਰ 7, ਸਤਵਾਰ, ਪੰ:841

ਨਾਲ ਮਨ ਦਾ ਭਰਮ ਦੂਰ ਨਹੀਂ ਹੋ ਸਕਦਾ।[127] ਵਰਤ ਰਖਣ ਨਾਲ ਪ੍ਰਭੂ ਨਹੀਂ ਰੀਝਦਾ।[128] ਵੈਦਕਾਂ ਦੀਆਂ ਵਿਧੀਆਂ ਅਨੁਸਾਰ ਵਰਤ ਰਖਣ ਦਾ ਕੋਈ ਲਾਭ ਨਹੀਂ।[129] ਹਰੀ ਦੇ ਨਾਮ ਬਰਾਬਰ ਵਰਤ ਨਹੀਂ ਪੁਜ ਸਕਦੇ।[130] ਸਾਧ ਸੰਗਤ ਗੁਰਬਾਣੀ ਜਿਸ ਨੂੰ ਹਰੀ ਦਾ ਨਾਮ ਪ੍ਰਾਪਤ ਹੈ ਉਸ ਦੇ ਸਮਝੋ ਸਾਰੇ ਵਰਤ ਨੇਮ ਆਦਿ ਸਫਲ ਹੋ ਗਏ।[131] ਅੰਨ ਨਾ ਖਾਣ ਨਾਲ ਦੇਹੀ ਨੂੰ ਦੁਖ ਦੇਣਾ ਅਤੇ ਆਪਣਾ ਗੁਜ਼ਾਰਾ ਦਾਨ ਕਰਨ ਭੁਲ ਹੈ, ਅਸਲ ਵਿਚ ਗੁਰੂ ਦੇ ਗਿਆਨ ਬਿਨਾ ਤ੍ਰਿਪਤੀ ਵੀ ਨਹੀਂ ਹੁੰਦੀ।[132]

ਗੁਰੂ ਸਾਹਿਬ ਵਿਚ ਅੰਨ ਤਿਆਗ ਅਤੇ ਹਠ ਕਿਰਿਆਂ ਦਾ ਵਿਰੋਧ ਕਰਦੇ ਹੋਏ ਉੱਤਮ ਵਰਤ ਦੀ ਵਰਨਣ ਵੀ ਕੀਤੀ ਗਈ ਹੈ। ਉਨ੍ਹਾਂ ਅਨੁਸਾਰ 'ਏਕਾਦਸ਼ੀ' ਦਾ ਵਰਤ ਸੰਪੂਰਨ ਤਾਂ ਹੈ ਜੇ ਵਰਤ ਰਖਣ ਵਾਲਾ ਸੰਜਮ, ਸੰਤੋਖ ਅਤੇ ਦਇਆ ਦਾ ਧਾਰਨੀ ਹੋਵੇ।[133] ਇਸੇ ਪ੍ਰਕਾਰ ਕਾਮ, ਕ੍ਰੋਧ ਤੇ ਤ੍ਰਿਸ਼ਨਾ ਦਾ ਇਕ ਤਿਆਗ 'ਨਉਮੀਂ' ਦਾ ਵਰਤ ਸਮਝਣਾ ਚਾਹੀਦਾ ਹੈ, ਦਸਾਂ ਇੰਦ੍ਰਿਆਂ ਨੂੰ ਕਾਬੂ ਕਰਨਾ 'ਦਸਵੀਂ' ਦਾ ਵਰਤ, ਇਕੋ ਪ੍ਰਭੂ ਨੂੰ ਇਸ਼ਟ ਸਮਝਣਾ 'ਇਕਾਦਸ਼ੀ' ਦੇ ਵਰਤ ਤੁਲ ਹੈ। ਪੰਜ ਵਿਕਾਰਾਂ ਨੂੰ ਵਸ ਕਰਨਾ ਹੀ ਅਸਲ 'ਦੁਆਦਸ਼ੀ' ਦਾ ਵਰਤ ਹੈ।[134] ਅਸਲ ਵਿਚ ਗੁਰਮਤਿ ਅਨੁਸਾਰ ਮਨ ਨੂੰ ਵਸ ਕਰਨਾ ਹੀ ਅਸਲ ਵਰਤ ਹੈ ਅਤੇ ਅਜਿਹਾ ਵਰਤ ਦੇ ਧਾਰਨੀ ਜੀਵ ਹੀ ਮੁਕਤੀ ਦੇ ਭਾਗੀ ਹੁੰਦੇ ਹਨ।[135]

ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਭੇਖੀ ਤੇ ਪਾਖੰਡੀ ਰਸਮਾਂ ਕਰਿਆ ਕਰਮ ਤੇ ਭਰਮ ਭਰੇ ਜੀਵਨ ਤਿਆਗ ਕੇ ਸਾਦਗੀ ਦੇ ਰਸਤੇ ਤੇ ਚੱਲਣ ਦਾ ਸਹੀ ਉਪਦੇਸ਼ ਦਿੱਤਾ।

---

127. ਵਰਤ ਨੇਮ ਸੁਚ ਸੰਜਮ ਪੂਜਾ, ਪਾਖੰਡਿ ਭਰਮੁ ਨ ਜਾਈ।19। (ਮ:4, ਸਲੋਕ ਵਾਰਾਂ ਤੇ ਵਧੀਕ, ਗ੍ਰੰ, ਪੰ: 1423)

128. ਜੈ ਮਨ ਲੋਚੈ ਅੰਨੁ ਨ ਖਾਹਿ। ਜਾਗਿ ਨ ਭੀਜੈ ਸਾਚ ਨਾਹਿ।
....ਵਰਤ ਨੇਮ ਕਰੇ ਲੋਕ ਸਾਤ। (ਬਸੰਤ ਮ:1, ਗ੍ਰੰ, ਪੰ: 1169)

129. ਵਰਤ ਕਰਹਿ ਚੰਦ੍ਰਾਇਣਾ, ਸੇ ਕਿਤੈ ਨ ਲੇਖ॥ (ਮ:5, ਵਾਰ ਮਾਰੂ, ਪਉੜੀ 13, ਗ੍ਰੰ, ਪੰ: 1099)

130. ੳ) ਵਰਤ ਨੇਮ ਕਰੈ ਬਹੁ ਭਾਤੀ। ਨਹੀਂ ਤੁਲਿ ਰਾਮ ਨਾਮ ਬੀਚਾਰ।
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ। (ਗਉੜੀ ਸੁਖਮਨੀ ਮ:5, ਅਸਟਪਦੀ 3, ਗ੍ਰੰ, ਪੰ: 265)
ਅ) ਵਰਤ ਤਪਨੁ ਕਰਿ ਮਨੁ ਨਹੀ ਭੀਜੈ। ਰਾਮ ਨਾਮ ਸਰਿ ਅਵਰੁ ਨ ਪੂਜੈ।
(ਰਾਮਕਲੀ ਮ:1, ਅਸਟਪਦੀ 5, ਗ੍ਰੰ, ਪੰ: 905)

131. ੳ) ਵਰਤ ਨੇਮ ਮਜਨ ਤਿਸੁ ਪੂਜਾ। ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ।
ਮਹਾ ਪੁਨੀਤ ਜਾ ਕਾ ਨਿਰਮਲ ਥਾਨੁ। ਸਾਧਸੰਗਤਿ ਜਾ ਕੈ ਹਰਿ ਨਾਮੁ। (ਆਸਾ ਮ:5, ਗ੍ਰੰ, ਪੰ: [illegible])
ਅ) ਵਰਤ ਨੇਮ ਸੰਜਮ ਰਹਿ ਥਾਕੇ। ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ। (ਆਸਾ ਮ:5, ਗ੍ਰੰ, ਪੰ: 408)

132. ੳ) ਅੰਨੁ ਨ ਖਾਇਆ ਸਾਦੁ ਗਵਾਇਆ। ਬਹੁ ਦੁਖੁ ਪਾਇਆ ਦੂਜਾ ਭਾਇਆ।
(ਮ:1, ਵਾਰ ਆਸਾ, ਪਉੜੀ 7 ਦਾ ਸਲੋਕ, ਗ੍ਰੰ, ਪੰ: 457)
ਅ) ਅੰਨੁ ਨ ਖਾਹਿ ਦੇਹੀ ਦੁਖੁ ਦੀਜੈ। ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ।
(ਰਾਮਕਲੀ ਮ:1, ਅਸਟਪਦੀ 5, ਗ੍ਰੰ, ਪੰ: 905)

133. ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ। ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ।
ਮਨਿ ਸੰਤੋਖੁ ਸਰਬ ਜੀਅ ਦਇਆ। ਇਨ ਬਿਧਿ ਬਰਤੁ ਸੰਪੂਰਨ ਭਇਆ।
(ਗਉੜੀ ਥਿਤੀ ਮ:5, ਅ ਪਉੜੀ 11 ਦਾ ਸਲੋਕ, ਗ੍ਰੰ, ਪੰ: 299)

ਹਿੰਦੂ ਧਰਮ ਦੀਆਂ ਸੰਪਰਦਾਵਾਂ :

ਮੁਖ ਤੌਰ ਤੇ ਹਿੰਦੂ ਧਰਮ ਦੀਆਂ ਤਿੰਨ ਸ਼ਾਖਾਵਾਂ ਹਨ:-

1. ਵੈਸ਼ਨਵ ਸੰਪਰਦਾਇ।
2. ਸ਼ੈਵ ਸੰਪਰਦਾਇ।
3. ਸ਼ਾਕਤ ਸੰਪਰਦਾਇ।

ਸਮੇਂ ਅਨੁਸਾਰ ਇਨ੍ਹਾਂ ਸੰਪਰਦਾਵਾਂ ਤੇ ਏਨਾ ਅਧਿਕ ਪ੍ਰਭਾਵ ਪਿਆ ਕਿ ਇਹ ਸੁਤੰਤਰ ਮੱਤ ਹੋ ਨਿਬੜੀਆਂ, ਜਿਸ ਕਰਕੇ ਹਿੰਦੂਆਂ ਨੂੰ ਵੈਸ਼ਨਵ, ਸ਼ੈਵ ਤੇ ਸ਼ਾਕਤ ਮੱਤ ਦੀ ਕਿਹਾ ਜਾਂਦਾ ਹੈ। ਹੁਣ ਅਸੀਂ ਇਨ੍ਹਾਂ ਤਿੰਨਾਂ ਦਾ ਸੰਖੇਪ ਵਰਣਨ ਕਰਾਂਗੇ।

<u>ਵੈਸ਼ਨਵ ਸੰਪਰਦਾਇ</u>:- ਇਸ ਸੰਪਰਦਾਇ ਦੇ ਅਨੁਯਾਈ ਮੁਖ ਤੌਰ ਤੇ ਵਿਸ਼ਨੂੰ ਦੀ ਪੂਜਾ ਕਰਦੇ ਸਨ। ਪਿਛੋਂ ਇਹ ਲੋਕ ਸ੍ਰੀ ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਮਹਾਰਾਜ ਨੂੰ ਵਿਸ਼ਨੂੰ ਦਾ ਅਵਤਾਰ ਸਮਝ ਕੇ ਸੀਤਾ ਰਾਮ ਤੇ ਰਾਧਾ ਕ੍ਰਿਸ਼ਨ ਦੀ ਪੂਜਾ ਕਰਨ ਲੱਗ ਪਏ।[136] ਭਾਗਵਤ ਪੁਰਾਣ ਵਿਚ ਕ੍ਰਿਸ਼ਨ ਨੂੰ ਸਾਰੇ ਅਵਤਾਰਾਂ ਤੋਂ ਵੱਧ ਪੂਰਨ ਮੰਨਿਆ ਗਿਆ।[137] ਵੈਸ਼ਨੋ ਲੋਕ ਮੂਰਤੀ-ਪੂਜ ਸਨ, ਰਾਮ ਤੇ ਕ੍ਰਿਸ਼ਨ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਸਨ।[138] ਵੈਸ਼ਨੋ ਵੇਦਾਂ ਨੂੰ ਪੂਰਨ ਮੰਨਦੇ ਸਨ ਤੇ ਉਨ੍ਹਾਂ ਦੁਆਰਾ ਪ੍ਰਤਿਪਾਦਿਤ ਰਸਮਾਂ ਆਦਿ ਕਰਦੇ ਸਨ। ਵੈਸ਼ਨੋ ਸ਼ਾਕਾਹਾਰੀ ਭੋਜਨ ਖਾਂਦੇ ਸਨ ਅਤੇ ਅਹਿੰਸਾ ਵਿਚ ਵਿਸ਼ਵਾਸ ਰੱਖਦੇ ਸਨ।

ਆਦਿ ਗ੍ਰੰਥ ਦੇ ਗੁਰੂ-ਕਾਲ ਵਿਚ ਵੈਸ਼ਨਵ-ਵਾਦ ਤੇ ਅਵਤਾਰਵਾਦ ਦਾ ਖੰਡਨ ਕੀਤਾ ਗਿਆ, ਜਿਸ ਦਾ ਵਰਣਨ (ਹਿੰਦੂ ਧਰਮ ਦੇ ਅਧੀਨ) ਹੋ ਚੁਕਿਆ ਹੈ। ਇਸ ਕਰਕੇ ਅਸੀਂ ਇਥੇ ਇਸ ਬਾਰੇ ਦੁਹਰਾਉ ਦੀ ਲੋੜ ਨਹੀਂ ਸਮਝਦੇ। ਜਿਥੋਂ ਤਕ ਪ੍ਰਭੂ ਦੀ ਪ੍ਰੇਮਾ ਭਗਤੀ ਦਾ ਸੁਆਲ ਹੈ, ਉਥੋਂ ਤਕ ਤਕ ਗੁਰੂ-ਕਾਲ ਵੈਸ਼ਨੋ ਸੰਪਰਦਾਇ ਦੇ ਸਿਧਾਂਤਾਂ ਨਾਲ ਸਹਿਮਤ ਹੈ, ਪਰੰਤੂ ਵੈਸ਼ਨਵੀ ਦੁਆਰਾ ਸਰੀਰ ਤੇ ਚੱਕ੍ਰ ਬਣਾਉਣ[139]

---

134. ਨਉਮੀ ਨੇਮੁ ਸਚੁ ਜੇ ਕਰੈ। ਕਾਮ ਕ੍ਰੋਧੁ ਤ੍ਰਿਸਨਾ ਉਚਰੈ।
ਦਸਮੀ ਦਸੇ ਦੁਆਰ ਜੇ ਠਾਕੈ। ਏਕਾਦਸੀ ਏਕੁ ਕਰਿ ਜਾਣੈ।
ਦੁਆਦਸੀ ਪੰਚ ਵਸਗਤਿ ਕਰਿ ਰਾਖੈ, ਤਉ ਨਾਨਕ ਮਨੁ ਮਾਨੈ।
(ਮ:3, ਵਾਰ ਸਾਰੰਗ ਮ:4, ਪਉੜੀ 21 ਦਾ ਸਲੋਕ, ਗ੍ਰੰਥ, ਪੰ: 1245)

135. ਸਚੁ ਵਰਤੁ......................ਤੇ ਮਾਨਸ ਪਰਧਾਨ।
(ਮ:1, ਵਾਰ ਸਾਰੰਗ ਮ:4, ਪਉੜੀ 21 ਦਾ ਸਲੋਕ, ਗ੍ਰੰਥ, ਪੰ: 1245)

136. Vaisnavism, Saivism & other Minor religious systems, P-100, Sir R.G. Bhandarkar.

137. 'Bhagwata Puran is a gospel of divine life presenting the ideal that Krishna is the most perfect of all Autaras'.
--A Critical Study of Adi Granth, P-273, Dr. S.S. Kohli.

138. ਮਧਯਕਾਲੀਨ ਧਰਮ ਸਾਧਨਾ, ਪੰ: 41, ਡਾ: ਹਜ਼ਾਰੀ ਪ੍ਰਸਾਦ ਦਿਵੇਦੀ।

139. ਮਧਯਕਾਲੀਨ ਧਰਮ ਸਾਧਨਾ, ਪੰ: 41, ਡਾ: ਹਜ਼ਾਰੀ ਪ੍ਰਸਾਦ ਦਿਵੇਦੀ।

ਦੇ ਪਾਖੰਡ ਦਾ ਗੁਰੂ ਜੀ ਨੇ ਖੰਡਨ ਕੀਤਾ, ਕਿਉਂਕਿ ਉਨ੍ਹਾਂ ਅਨੁਸਾਰ ਇਸ ਨਾਲ ਅੰਦਰ ਦੀ ਮੈਲ ਨਹੀਂ ਉਤਰਦੀ ਅਤੇ ਮੁਖ ਹਰੀ ਹਰੀ ਕਹਿਣ ਵਾਲਾ ਪਰੰਤੂ ਅੰਦਰੋਂ ਕਾਮ ਨਾਲ ਲਿਪਤ ਆਪਣੇ ਆਪ ਨੂੰ ਵੈਸ਼ਨੋ ਅਖਵਾਉਣ ਵਾਲਾ ਹਉਮੈ ਦੇ ਕਰਮਾਂ ਨਾਲ ਜੁੜਿਆ ਹੁੰਦਾ ਹੈ। ਗੁਰਮਤਿ ਅਨੁਸਾਰ ਬਿਨਾ ਸਤਿ ਸੰਗ ਦੇ ਵੈਸ਼ਨਵਾਂ ਦੀ ਚਕ੍ਰ ਅਤੇ ਤਿਲਕ ਲਾਉਣ ਦੀ ਕਿਰਿਆ ਬੇਅਰਥ ਹੈ।[140]

ਵੈਸ਼ਨਵਾਂ ਦੀ ਮੂਰਤੀ ਪੂਜਾ ਤੇ ਤੁਲਸੀ ਮਾਲਾ[141] ਆਦਿਕ ਦਾ ਆਦਿ ਗ੍ਰੰਥ ਵਿਚ ਵਰਣਨ ਕਰਦਿਆਂ ਗੁਰੂ-ਕਵੀਆਂ ਨੇ ਸਾਲਗ ਰਾਮ (ਵਿਸ਼ਨੂੰ ਦੀ ਮੂਰਤੀ) ਪੂਜਨ ਦੀ ਖਿਲੀ ਉਡਾਈ ਹੈ।[142] ਉਨ੍ਹਾਂ ਨੇ ਪੰਡਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਹਰੀ ਨੂੰ ਸਾਲਗਰਾਮ ਬਣਾਵੇ ਅਤੇ ਸ਼ੁਭ ਕਰਨੀ ਨੂੰ ਤੁਲਸੀ ਦੀ ਮਾਲਾ।[143] ਗੁਰਮਤਿ ਅਨੁਸਾਰ ਤਾਂ ਸੇਵਾ ਹੀ ਸਾਲਗਰਾਮ ਹ, ਜਿਹੜੇ ਇਸ ਦੀ ਪੂਜਾ ਅਤੇ ਦੇਵਤ ਨੂੰ ਨਮਸਕਾਰ ਆਦਿ ਕਰਦਾ ਹੈ।[144]

ਵੈਸ਼ਨੋ ਪਵਿੱਤਰਤਾ ਕਾਇਮ ਰਖਣ ਲਈ ਕਿਸੇ ਨੂੰ ਛੋਹਦੇ ਨਹੀਂ ਅਤੇ ਆਪਣੇ ਆਪ ਨੂੰ 'ਅਪਰਸ' ਅਖਵਾਉਂਦੇ ਹਨ। ਪਰੰਤੂ ਗੁਰੂ-ਸਾਹਿਤ ਵਿਚ ਵੈਸ਼ਨਵਾਂ ਦੀ ਇਸ ਕਿਰਿਆ ਨੂੰ ਸਵੀਕਾਰਦਿਆਂ ਇਕ ਆਦਰਸ਼ 'ਅਪਰਸ' ਦੀ ਪਰਿਭਾਸ਼ਾ ਦਰਸਾਈ ਗਈ ਹੈ। ਗੁਰੂ ਜੀ ਅਨੁਸਾਰ ਅਪਰਸ ਉਸ ਨੂੰ ਕਿਹਾ ਜਾਣਾ ਚਾਹੀਦਾ ਹੈ ਜਿਸ ਦੀ ਜੀਭ ਝੂਠ ਨੂੰ ਨਾ ਛੋਹੇ, ਅੱਖਾਂ ਪਰਾਈ ਇਸਤਰੀ ਦੀ ਸੁੰਦਰਤਾ ਨੂੰ ਮੰਦ ਭਾਵਨਾ ਨਾਲ ਨਾ ਤੱਕਣ, ਕੰਨ ਪਰਾਈ ਨਿੰਦਾ ਨਾ ਸੁਨਣ, ਮਨ ਦੀ ਵਾਸ਼ਨਾ ਵੀ ਖਤਮ ਹੋ ਜਾਵੇ ਤੇ ਪੰਜ ਵਿਕਾਰਾਂ ਤੇ ਪੂਰਾ ਕਾਬੂ ਹੋਵੇ।[145]

---

140. ੳ) ਚਕ੍ਰ ਬਣਾਇ ਕਰੈ ਪਾਖੰਡ। (ਭੈਰਉ ਮ:5, ਸ਼ਬਦਾਰਥ, ਪੰ: 1151)
ਅ) ਦੇਹੀ ਧੋਵੈ ਚਕ੍ਰ ਬਣਾਏ, ਮਾਇਆ ਨੋ ਬਹੁ ਧਾਵੈ।
ਅੰਦਰਿ ਮੈਲੁ ਨ ਉਤਰੈ ਹਉਮੈ, ਫਿਰਿ ਫਿਰਿ ਆਵੈ ਜਾਵੈ।
ਨੀਂਦ ਵਿਆਪਿਆ, ਕਾਮਿ ਸੰਤਾਪਿਆ, ਮੁਖਹੁ ਹਰਿ ਹਰਿ ਕਹਾਵੈ।
ਬੈਸਨੋ ਨਾਮੁ ਕਰਮ ਹਉ ਜੁਗਤਾ, ਤੁਹ ਕੁਟੇ ਕਿਆ ਫਲੁ ਪਾਵੈ।
(ਵਾਰ ਰਾਮਕਲੀ ਮ:5, ਪਉੜੀ 7 ਦਾ ਸਲੋਕ, ਸ਼ਬਦਾਰਥ, ਪੰ: 950)
ੲ) ਕਰ ਇਸਨਾਨੁ ਤਨਿ ਚਕ੍ਰ ਬਣਾਏ।
ਅੰਤਰ ਕੀ ਮਲੁ ਕਬ ਹੀ ਨ ਜਾਏ। (ਪ੍ਰਭਾਤੀ ਮ:5, ਉਹੀ, ਪੰ: 1348)
ਸ) ਚਕ੍ਰ ਕਰਮ ਤਿਲਕ ਖਾਟੰਗਾ ਦਰਸਨੁ ਭੇਟੇ ਬਿਨੁ ਸਤਿ ਸੰਗਾ। (ਕਾਨੜਾ ਮ:5, ਉਹੀ, ਪੰ: 1305)
141. Vaishnavism, Saivism & Other Minor sects, p.55, R.G. Bhandarkar.
142. ਆਨੀ ਰਾਖਿਉ ਸਾਲਗਿਰਾਮੁ। ਮਨੁ ਕੀਨੋ ਦਹ ਦਿਸ ਬਿਸ੍ਰਾਮੁ। (ਰਾਮਕਲੀ ਮ:5, ਸ਼ਬਦਾਰਥ, ਪੰ: 887-88)
143. ਸਾਲਗਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।
(ਮ:1, ਬਸੰਤ ਹਿੰਡੋਲ ਘਰ 2, ਉਹੀ, ਪੰ: 1171)
144. ਸਾਲਗਿਰਾਮੁ ਹਮਾਰੈ ਸੇਵਾ। ਪੂਜਾ ਅਰਚਾ ਬੰਦਨ ਦੇਵਾ। (ਆਸਾ ਮ:5, ਉਹੀ, ਪੰ: 393)
145. ਮਿਥਿਆ ਨਾਹੀ ਰਸਨਾ ਪਰਸ। ਮਨ ਮਹਿ ਪ੍ਰੀਤਿ ਨਿਰੰਜਨ ਦਰਸ।
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ। ਸਾਧ ਕੀ ਟਹਲ ਸੰਤ ਸੰਗਿ ਹੇਤ।
ਕਰਨ ਨ ਸੁਨੈ ਕਾਹੂ ਕੀ ਨਿੰਦਾ। ਸਭ ਤੇ ਜਾਨੈ ਆਪਸ ਕਉ ਮੰਦਾ।
ਗੁਰ ਪ੍ਰਸਾਦਿ ਬਿਖਿਆ ਪਰਹਰੈ। ਮਨ ਕੀ ਬਾਸਨਾ ਮਨ ਤੇ ਟਰੈ।
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ। ਨਾਨਕ ਕੋਟਿ ਮਧੇ ਕੋ ਐਸਾ ਅਪਰਸ।
(ਗਉੜੀ ਸੁਖਮਨੀ ਮ: 5, ਨੌਵੀਂ ਅਸਟਪਦੀ, ਉਹੀ, ਪੰ: 274)

ਵੈਸ਼ਨਵ ਵੇਦ ਸ਼ਾਸਤਰਾਂ ਅਨੁਸਾਰ ਛੇ ਪ੍ਰਕਾਰ ਦੇ ਕਰਮ (ਖੱਟ ਕਰਮ) — ਵੇਦ ਪੜ੍ਹਨਾ ਤੇ ਪੜ੍ਹਾਉਣਾ, ਜੱਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਲੈਣਾ ਆਦਿ — ਕਰਦੇ ਸਨ।[146] ਗੁਰੂ ਜੀ ਉਨ੍ਹਾਂ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਖਟ ਕਰਮ ਕਰਨ ਦੇ ਬਾਵਜੂਦ ਵੀ ਉਨ੍ਹਾਂ ਦੇ ਅੰਦਰ ਲੋਭ ਦੀ ਭੁਖ ਕਾਇਮ ਰਹਿੰਦੀ ਹੈ।[147]

ਵੈਸ਼ਨਵ ਮਤ ਵਿਚ ਏਕਾਦਸ਼ੀ ਦੇ ਵਰਤ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਸੀ। ਗੁਰ-ਬਾਣੀ ਵਿਚ ਇਸ ਨੂੰ ਅਧਿਆਤਮਕ ਰੰਗਣ ਵਿਚ ਪੇਸ਼ ਕਰਦਿਆਂ ਨਿਵੇਕਲਾ ਅਰਥ ਦ੍ਰਿੜਾਇਆ ਗਿਆ ਹੈ। ਗੁਰੂ ਜੀ ਅਨੁਸਾਰ ਹਰੀ ਨੂੰ ਨੇੜੇ ਕਰ ਕੇ ਜਾਣਨਾ, ਇੰਦ੍ਰੀਆਂ ਨੂੰ ਵਸ ਵਿਚ ਰਖਣਾ, ਮਨ ਨੂੰ ਕਾਬੂ ਰਖਣਾ, ਜੀਆਂ ਤੇ ਦਇਆ ਕਰਨੀ ਆਦਿ ਹੀ ਸੰਪੂਰਨ ਵਰਤ ਹੈ।[148] ਇਸ ਤੋਂ ਇਲਾਵਾ ਕਿਸੇ ਵੀ ਵਰਤ ਦੀ ਬਜਾਇ ਗੁਰਮਤਿ ਅਨੁਸਾਰ ਅਲਪ ਅਹਾਰ ਦਾ ਵਿਧਾਨ ਹੈ।[149]

ਆਦਿ ਗ੍ਰੰਥ ਦੇ ਗੁਰੂ ਕਵੀਆਂ ਨੇ ਆਦਰਸ਼ਕ ਵੈਸ਼ਨਵ ਨੂੰ ਪਰਿਭਾਸ਼ਤ ਕਰਦਿਆਂ ਕਿਹਾ ਕਿ ਅਸਲ ਵੈਸ਼ਨਵ ਉਹ ਹੈ ਜਿਸ ਤੇ ਪ੍ਰਭੂ ਪ੍ਰਸੰਨ ਹੋਵੇ ਅਤੇ ਉਹ ਮਾਇਆ ਦੇ ਤਿੰਨ ਗੁਣਾਂ ਤੋਂ ਉਪਰ ਉਠ ਜਾਵੇ। ਉਹ ਨਿਸ਼ਕਾਮ ਭਾਵ ਨਾਲ ਸੇਵਾ ਕਰਦਿਆਂ 'ਨਿਹਕਾਮੀ ਹੋਵੇ'। ਕੀਤੀ ਹੋਈ ਸੇਵਾ ਦੇ ਫਲ ਦੀ ਉਹ ਇੱਛਾ ਨਾ ਰੱਖੇ। ਆਦਰਸ਼ਕ ਵੈਸ਼ਨਵ ਹਰੀ ਦੀ ਕੀਰਤਨ-ਭਗਤੀ ਵਿਚ ਲੀਨ ਰਹਵੇ। ਉਹਦੇ ਮਨ ਤਨ ਵਿਚ ਪ੍ਰਭੂ ਦਾ ਸਿਮਰਨ ਹੀ ਹੋਵੇ ਅਤੇ ਉਹ ਸਭ ਤੇ ਕਿਰਪਾ ਕਰਦਾ ਹੋਵੇ। ਖੁਦ ਨਾਮ ਜਪਣਾ ਅਤੇ ਦੂਜਿਆਂ ਨੂੰ ਜਪਾਉਣਾ ਉਸ ਦਾ ਉਦੇਸ਼ ਹੋਵੇ। ਅਜਿਹਾ ਵੈਸ਼ਨਵ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ।[150] ਗੁਰ-ਬਾਣੀ ਅਨੁਸਾਰ ਜਿਹੜਾ ਵੈਸ਼ਨੋ ਵਿਕਾਰਾਂ ਦਾ ਤਿਆਗ ਕਰਦਾ ਹੈ, ਉਹ ਪਰੇ ਤੋਂ ਪਰੇ ਹੈ।[151] ਪਰਾਣੀ ਇਹਾ

---

146. ਸ਼ਬਦਾਰਥ ਪੰ: 1117, ਨੋਟ 20.
147. ਬੈਸਨੋ ਨਾਮੁ ਕਰਤ ਖਟ ਕਰਮਾ, ਅੰਤਰਿ ਲੋਭ ਜੂਠਾਨਾ। (ਸਾਰੰਗ ਮ:5, ਉਹੀ, ਪੰ: 1202)
148. ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ। ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ।
ਮਨਿ ਸੰਤੋਖੁ ਸਰਬ ਜੀਅ ਦਇਆ। ਇਨ ਬਿਧਿ ਬਰਤੁ ਸੰਪੂਰਨ ਭਇਆ।
(ਗਉੜੀ ਥਿਤੀ ਮ:5, ਪਉੜੀ 11 ਦਾ ਸਲੋਕ, ਉਹੀ, ਪੰ: 299)
149. ਵਿਸਥਾਰ ਲਈ ਦੇਖੋ: ਤੀਜੇ ਅਧਿਆਇ ਵਿਚ 'ਹਿੰਦੂ ਧਰਮ' ਅਤੇ ਚੌਥੇ ਅਧਿਆਇ ਵਿਚ 'ਜੈਨ'।
150. ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ। ਬਿਸਨ ਕੀ ਮਾਇਆ ਤੇ ਹੋਇ ਭਿੰਨ।
ਕਰਮ ਕਰਤ ਹੋਵੈ ਨਿਹਕਰਮ। ਤਿਸੁ ਬੈਸਨੋ ਕਾ ਨਿਰਮਲ ਧਰਮ।
ਕਾਹੂ ਫਲ ਕੀ ਇਛਾ ਨਹੀ ਬਾਛੈ। ਕੇਵਲ ਭਗਤਿ ਕੀਰਤਨ ਸੰਗਿ ਰਾਚੈ।
ਮਨ ਤਨ ਅੰਤਰਿ ਸਿਮਰਨ ਗੋਪਾਲ। ਸਭ ਊਪਰਿ ਹੋਵਤ ਕਿਰਪਾਲ।
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ। ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ।
(ਗਉੜੀ ਸੁਖਮਨੀ ਮ:5, ਅਸਟਪਦੀ 9, ਉਹੀ, ਪੰ: 274)
151. ਸੋ ਬੈਸਨੋ ਹੈ ਅਪਰ ਅਪਾਰੁ। ਕਹੁ ਨਾਨਕ ਜਿਨਿ ਤਜੇ ਬਿਕਾਰ।
(ਗਉੜੀ ਮ: 5, ਉਹੀ, ਪੰ: 199)

ਲੋਭ ਅਤੇ ਮੋਹ ਨੂੰ ਤਿਆਗਣ ਵਾਲਾ ਅਤੇ ਹਰੀ ਨੂੰ ਹਰ ਥਾਂ ਹਾਜ਼ਰ ਨਾਜ਼ਰ ਸਮਝਣ ਵਾਲਾ ਹੀ ਸੱਚਾ ਵੈਸ਼ਨੋ ਅਖਵਾ ਸਕਦਾ ਹੈ।[152]

ਵੈਸ਼ਨੋ ਸੰਪ੍ਰਦਾਇ ਦੇ ਸ਼ਾਕਾਹਾਰੀ ਭੋਜਨ ਦਾ ਵੀ ਆਦਿ ਗ੍ਰੰਥ ਦੇ ਗੁਰੂ-ਬਾਣੀ ਵਿਚ ਖੰਡਨ ਕੀਤਾ ਗਿਆ ਹੈ, ਜਿਸ ਦਾ ਵਰਣਨ ਪਹਿਲੇ ਅਧਿਆਇ ਵਿਚ 'ਵੈਸ਼ਨਵ' ਸਿਰਲੇਖ ਦੇ ਅੰਤਰਗਤ ਕੀਤਾ ਜਾ ਚੁਕਿਆ ਹੈ। ਇਸ ਲਈ ਇਥੇ ਦੁਹਰਾਉਣ ਦੀ ਲੋੜ ਨਹੀਂ ਸਮਝਿਆ ਗਿਆ।

ਇਸ ਪ੍ਰਕਾਰ ਗੁਰੂ ਸਾਹਿਬ ਨੇ ਧਰਮ ਦੀ ਆੜ ਵਿਚ ਕੁਰੀਤੀਆਂ, ਪਾਖੰਡ, ਜਾਤ ਵਿਤਕਰਾ ਅਤੇ ਆਚਰਣ ਗਿਰਾਵਟ ਨੂੰ ਦੂਰ ਕਰਨ ਦੇ ਪ੍ਰਯਤਨ ਕੀਤੇ ਅਤੇ ਸਤ ਅਤੇ ਸੰਤੋਖ ਤੇ ਅਮਲ ਕਰਨ ਦਾ ਨਿਰਣਾ ਕੀਤਾ।[153]

<u>ਸ਼ੈਵ ਸੰਪ੍ਰਦਾਇ :-</u> ਇਸ ਸੰਪ੍ਰਦਾਇ ਦੇ ਅਨੁਯਾਈ ਮੁਖ ਤੌਰ ਤੇ ਸ਼ਿਵ ਜੀ ਨੂੰ ਆਪਣਾ ਦੇਵਤਾ ਮੰਨਦੇ ਹਨ।[154] ਕੁਲ ਜੀਵ-ਮਾਤ੍ਰ ਨੂੰ 'ਪਸ਼ੂ' ਕਹਿੰਦੇ ਹਨ ਤੇ ਸ਼ਿਵ ਜੀ ਨੂੰ 'ਪਸ਼ੂ-ਪਤੀ'।[155]

ਸ਼ੈਵ ਸੰਪ੍ਰਦਾਇ ਵਿਚ 'ਸ਼ਿਵ ਜੀ' ਨੂੰ ਕਰਤਾ ਮੰਨਿਆ ਜਾਂਦਾ ਹੈ।[156] ਪਰੰਤੂ ਆਦਿ ਗ੍ਰੰਥ ਦੇ ਗੁਰੂ-ਬਾਣੀ ਵਿਚ ਸ਼ਿਵ ਜੀ ਦੇ ਸ੍ਰਿਸ਼ਟੀ ਦੇ ਸੁਤੰਤਰ ਕਰਤਾ ਮੰਨਣ ਤੋਂ ਇਨਕਾਰ ਕੀਤਾ ਗਿਆ ਹੈ ਤੇ ਇਸ ਦੇ ਉਲਟ ਇਹ ਕਿਹਾ ਗਿਆ ਹੈ ਕਿ ਸ਼ਿਵ ਅਤੇ ਸ਼ਕਤੀ ਨੂੰ ਪ੍ਰਭੂ ਨੇ ਪੈਦਾ ਕੀਤਾ ਹੈ।[157]

ਸ਼ੈਵ ਲੋਕ ਜਪ ਤੇ ਤਪ ਨੂੰ ਬੜਾ ਮਹੱਤਵ ਦਿੰਦੇ ਹਨ। ਇਸ ਬਾਰੇ ਹਿੰਦੂ ਧਰਮ ਦੇ ਅੰਤਰ-ਗਤ ਮਤਾਂ ਦੇ ਵਿਵਰਣ ਵਿਚ ਵਿਵੇਚਨ ਕੀਤਾ ਗਿਆ ਹੈ। ਇਸ ਲਈ ਇਥੇ ਦੁਹਰਾਉਣ ਤੋਂ ਸੰਕੋਚ ਕੀਤਾ ਗਿਆ ਹੈ।

ਮਧਕਾਲ ਤਕ ਸ਼ੈਵ ਸੰਪ੍ਰਦਾਇ ਦੀਆਂ ਤਿੰਨ ਪ੍ਰਧਾਨ ਸ਼ਾਖਾਵਾਂ ਬਣ ਗਈਆਂ ਸਨ[158] (1) ਵੈਦਿਕ ਪਸ਼ੂਪਤ ਜਿਹੜੇ, ਰੁਦਰਾਖ ਅਤੇ ਭਸਮ ਧਾਰਣ ਕਰਦੇ ਸਨ। (2) ਤਾਂਤ੍ਰਿਕ ਪਸ਼ੂਪਤ ਜਿਹੜੇ ਦੁਆਰਾ ਤਪ ਲਿੰਗ ਅਤੇ ਤ੍ਰਿਸ਼ੂਲ ਧਾਰਣ ਕਰਦੇ ਸਨ। (3) ਮਿਸ਼ਰ ਪਸ਼ੂਪਤ —ਦੇਵਤਿਆਂ ਦੀ ਉਪਾਸਨਾ ਕਰਦੇ ਸਨ।

ਸ਼ਿਵਮੱਤ ਵਾਲੇ ਸ਼ਿਵ ਲਿੰਗ ਦੀ ਪੂਜਾ ਵੀ ਕਰਦੇ ਸਨ, ਸ਼ਿਵਨਾਟਕ ਵਿਚ ਇਨ੍ਹਾਂ ਦਾ ਜੋ

---

152. ਪ੍ਰਭਮੇ ਵੈਸ਼ੀ ਪਰਾਣੀ ਜਿਨਾ, ਗੁਰਿ ਕਹੀ ਸਭ ਮਨ ਕੀ ਚਿੰਦ।
ਲੋਭੁ ਮੋਹੁ ਜਾ ਜੀਤਿ ਛੁਟਿ। ਪਰਮ ਬੈਸਨੋ ਪ੍ਰਭ ਪੇਖਿ ਹਜੂਰਿ।
(ਭੈਰਉ ਮ:5, ਗੁਰੂ, ਪੰ: 1147)
153. ਗੁਰਮਤਿ ਦਰਸ਼ਨ, ਪੰ: 111, ਡਾ: ਸ਼ੇਰ ਸਿੰਘ ਗਿਆਨੀ।
154. Vaishnavism, Saivism and Minor Religious Sects, P.115-16, Sir R.G. Bhandarkar.
155. ਮਧਕਾਲੀਨ ਧਰਮ ਸਾਧਨਾ, ਪੰ: 44, ਡਾ: ਹਜਾਰੀ ਪ੍ਰਸਾਦ ਦ੍ਵਿਵੇਦੀ।
156. A Critical study of the Adi Granth, P.279, Dr. S.S.Kohli.
157. ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ।
(ਰਾਮਕਲੀ ਮ:3, ਅਨੰਦੁ, ਪਉੜੀ 26, [illegible], ਪੰ: 920)
158. ਮਧਕਾਲੀਨ ਧਰਮ ਸਾਧਨਾ, ਪੰ: 44, ਡਾ: ਹਜਾਰੀ ਪ੍ਰਸਾਦ ਦ੍ਵਿਵੇਦੀ।

ਲਿੰਗਾਇਤ ਜਾਂ ਸ਼ਿਵਮ ਸੀ।[159] ਗੁਰੂ ਸਾਹਿਬ ਵਿਚ ਸ਼ਿਵਲਿੰਗ-ਪੂਜਾ ਤੇ ਵਿਸ਼ੇਸ਼ ਟਿੱਪਣੀਆਂ ਕੀਤਾ ਗਿਆ ਹੈ ਕਿ ਜਦ ਵਿਚ ਪੱਥਰ ਦਾ ਮੂਰਤੀ (ਸ਼ਿਵ ਦਾ ਲਿੰਗ) ਸਥਾਪਿਤ ਕਰਕੇ ਆਪਣੇ ਅੰਦਰ ਪ੍ਰਭੂ ਨੂੰ ਅਨੁਭਵ ਨਹੀਂ ਕਰਦੇ। [illegible] ਭਰਮਾਂ ਵਿਚ ਭੁੱਲੇ ਹੋਏ ਪਾਣੀ ਰਿੜਕਦੇ ਹਨ। ਜਿਸ ਪੱਥਰ ਨੂੰ ਇਹ ਠਾਕੁਰ ਸਮਝਦੇ ਹਨ, ਓਹੀ ਉਨ੍ਹਾਂ ਨੂੰ ਲੈ ਡੁਬਦੇ ਹਨ, ਜਦ ਇਸ ਪ੍ਰਕਾਰ ਦੀ ਪੂਜਾ ਸਦਾਚਾਰਕ ਤੇ ਤਰਕ ਦਾ ਸਾਮ੍ਹਣਾ ਨਹੀਂ।[160] ਇਸ ਦੇ ਉਲਟ ਗੁਰੂ ਜੀ ਆਪਣਾ ਮੱਤ ਦਰਸਾਉਂਦੇ ਹੋਏ ਫ਼ਰਮਾਉਂਦੇ ਹਨ ਕਿ ਗੁਰੂ ਰਾਹੀਂ ਜਿਸ ਨੇ ਨਾਨਕ ਪ੍ਰਭੂ ਨਾਲ ਸਾਂਝ ਪਾਈ ਹੈ, ਉਸ ਨੂੰ ਹਰ ਪ੍ਰਭੂ ਸਰਬ ਵਿਆਪਕ ਅਨੁਭਵ ਹੋ ਜਾਂਦਾ ਹੈ।[161]

ਹਿੰਦੂ ਧਰਮ ਦੇ ਵਧਿਆਂ ਦੇ ਤ੍ਰਿਮੂਰਤੀ ਸਿਧਾਂਤ ਅਨੁਸਾਰ ਸ਼ਿਵ ਜੀ ਸੰਘਾਰ ਕਰਨ ਵਾਲਾ ਦੇਵਤਾ ਹੈ, ਇਸ ਲਈ ਸ਼ੈਵ ਮੱਤ ਨੂੰ ਪ੍ਰਸਿੱਧ ਕਰਨ ਲਈ ਬਹੁਤੀ ਲਿਖੀ ਸਨ।[162] ਪਰੰਤੂ ਇਸ ਅਵਿਦਿਆ ਵਾਲੇ ਧਰਮ ਦੇ ਉਲਟ ਗੁਰਮਤਿ ਵਿਚ ਆਤਮਅਨਸਮਰਪਣ ਨੂੰ ਬ੍ਰਹਮ ਗਿਆਨ ਮੰਨਿਆ ਗਿਆ ਹੈ।[163]

<u>ਸ਼ਾਕਤ ਸੰਪ੍ਰਦਾਇ:</u>- ਹਿੰਦੂ ਧਰਮ ਦੀ ਤੀਜੀ ਪ੍ਰਮੁੱਖ ਸ਼ਾਖ 'ਸ਼ਾਕਤ-ਸੰਪ੍ਰਦਾਇ' ਹੈ, ਜਿਸ ਦੇ ਅਨੁਯਾਈ ਸ਼ਕਤੀ ਦੀ ਪੂਜਾ ਕਰਦੇ ਹਨ।[164] ਪਾਰਬਤੀ, ਦੁਰਗਾ ਆਦਿ ਦੇਵੀਆਂ ਦੀ ਪੂਜਾ ਕਰਨ ਵਾਲਿਆਂ ਨੂੰ ਸ਼ਾਕਤ-ਮਤੀਏ ਕਿਹਾ ਜਾਂਦਾ ਹੈ। ਕਈ ਥਾਵਾਂ ਤੇ ਸ਼ਿਵ ਜੀ ਅਤੇ ਪਾਰਬਤੀ ਦੀ ਸਾਂਝੀ ਪੂਜਾ ਵੀ ਕੀਤੀ ਜਾਂਦੀ ਹੈ।[165]

ਸ਼ਕਤੀ ਨੂੰ ਗੁਰਬਾਣੀ ਵਿਚ ਬ੍ਰਹਮ ਦੀ ਦਾਸੀ ਕਿਹਾ ਗਿਆ ਹੈ। ਠਾਕੁਰ (ਬ੍ਰਹਮ) ਨੂੰ

---

159. ੳ) Vaishnavism, Saivism and Minor Religious Sects, P-126, Sir R.G. Bhandarkar.

ਅ) [illegible], ਪੰ: 454, ਡਾ: [illegible]।

ੲ) Modern Religious Movement in India, P-301 J.N. Farquhar.

160. ਘਰ ਮਹਿ ਠਾਕੁਰੁ ਨਦਰਿ ਨ ਆਵੈ। ਗਲ ਮਹਿ ਪਾਹਣੁ ਲੈ ਲਟਕਾਵੈ।
ਭਰਮੇ ਭੂਲਾ ਸਾਕਤੁ ਫਿਰਤਾ। ਨੀਰੁ ਬਿਰੋਲੈ ਖਪਿ ਖਪਿ ਮਰਤਾ।
ਜਿਸੁ ਪਾਹਣ ਕਉ ਠਾਕੁਰੁ ਕਹਤਾ। ਓਹੁ ਪਾਹਣੁ ਲੈ ਉਸ ਕਉ ਡੁਬਤਾ।
ਗੁਨਹਗਾਰ ਲੂਣ ਹਰਾਮੀ। ਪਾਹਣ ਨਾਵ ਨ ਪਾਰਗਿਰਾਮੀ।
(ਸੂਹੀ ਮ:5, ਗੁ:ਗ੍ਰੰ:, ਪੰ: 738-39)

161. ਗੁਰ ਮਿਲਿ ਨਾਨਕ ਠਾਕੁਰੁ ਜਾਤਾ। ਜਲਿ ਥਲਿ ਮਹੀਅਲਿ ਪੂਰਨ ਬਿਧਾਤਾ। (ਗੁ:ਗ੍ਰੰ:, ਪੰ:739)

162. ੳ) ਗੁਰਮਤਿ ਪ੍ਰਕਾਸ਼, ਪੰ: 1?2, ਡਾ: ਸ਼ੇਰ ਸਿੰਘ ਗਿਆਨੀ।

ਅ) Vaishnavism, Saivism and Minor Religious Sects, P-126 Sir R.G. Bhandarkar

163. ੳ) ...ਹੋਤੁ ਕੋਤੁ ਗੁਰਬਾਣਾ। (ਮਾਝ ਮ:5, ਸ਼ਬਦਾਰਥ [illegible])

ਅ) ਜੇ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ।
(ਮ:1, ਸਲੋਕ ਵਾਰਾਂ ਤੇ ਵਧੀਕ, ਗੁ:ਗ੍ਰੰ:, ਪੰ: 1412)

164. ੳ) An Outline of the Religious Literature of India, P-167&200, J.N. Farquhar.

ਅ) Vaishnavism, Saivism & other Minor Religious Sects, P-144, Sir R.G. Bhandarkar.

165. ਗੁਰਮਤਿ ਵਿਚਾਰਧਾਰਾ, ਪੰ:210, ਡਾ: [illegible]।

ਫੋਕ ਤੇ ਕੱਚੀ ਬਾਣੀ (ਕੁਬਾਣੀ) ਦਾ ਸਿਮਰਨ ਕਰਨ ਵਾਲਿਆਂ ਨੂੰ ਮੰਦੇ ਅੰਧ ਮਤ ਅਗਿਆਨੀ ਕਿਹਾ ਗਿਆ ਹੈ।[165] ਗੁਰੂ ਜੀ ਅਨੁਸਾਰ ਸਰਬ ਗੁਣਾਂ ਨਾਲ ਅਤੇ ਸਭ ਤੋਂ ਉਪਰ ਪਾਰਬ੍ਰਹਮ ਦਾ ਭੇਦ ਦੇਵੀਆਂ ਨਹੀਂ ਜਾਣਦੀਆਂ।[167]

ਸ਼ਾਕਤ ਮਤ ਦੇ ਅਨੁਯਾਈ ਮੰਤਰ, ਜੰਤਰ ਤੇ ਤੰਤਰ ਆਦਿ ਵਿਚ ਵਿਸ਼ਵਾਸ ਰਖਦੇ ਸਨ।[168] ਪਰੰਤੂ ਆਦਿ ਗ੍ਰੰਥ ਦਾ ਗੁਰੂ ਸਾਹਿਬ ਵਿਚ ਇਨ੍ਹਾਂ ਦਾ ਖੰਡਨ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਮੰਤਰ-ਸਿੱਧੀ ਨਾਲ ਕੀਤੇ ਕਰਮਾਂ ਨਾਲ ਮਨ ਪਵਿੱਤਰ ਨਹੀਂ ਹੁੰਦਾ। ਇਸ ਦੇ ਮੁਕਾਬਲੇ ਵਿਚ ਹਰੀ ਦਾ ਨਾਮ ਕਰੋੜਾਂ ਪਾਪ ਖਤਮ ਕਰ ਦੇਂਦਾ ਹੈ।[169] ਦੂਜੇ ਪਾਸੇ ਮੰਤਰ ਕਰਨ ਵਾਲੀ ਇਸਤਰੀ ਆਪਣੇ ਮਨੋਰਥ ਦੀ ਸਿਧੀ ਨਹੀਂ ਬਲਕਿ ਜਮ-ਜਾਲ ਵਿਚ ਪੈਂਦੀ ਹੈ।[170] ਪਰੰਤੂ ਗੁਰੂ ਜੀ ਅਨੁਸਾਰ ਤੰਤਰ ਤੇ ਮੰਤਰ ਸਭ ਪਾਖੰਡ ਹੈ।[171] ਅਸਲ ਵਿਚ ਹਰੀ ਦੇ ਗੁਣ ਗਾਉਣਾ ਹੀ ਮਹਾ ਮੰਤਰ ਹੈ।[172] ਮਨਮੁਖ ਕਰਮਾਂ ਵਿਚ ਫਸੇ ਹੁੰਦੇ ਅਤੇ ਮਸਾਣਾਂ ਵਿਚ ਮੰਤਰ ਸਿਧ ਕਰਨ ਵਾਲੇ ਮਨਮੁਖ ਸਾਧਕਾਂ ਦਾ ਗੁਰੂ ਜੀ ਨੇ ਮਜ਼ਾਕ ਉਡਾਇਆ ਹੈ ਜੋ ਕੁਰਾਹੇ ਪੈ ਕੇ ਠੱਗੇ ਜਾਂਦੇ ਹਨ।[173] ਕਰਮਾਂ ਅਤੇ ਵਹਿਮਾਂ ਵਿਚ ਪਏ ਲੋਕ ਮੰਤਰ ਅਤੇ ਤਾਵੀਜ਼ਾਂ ਵਿਚ ਰਖਿਆ ਸਮਝਦੇ ਸਨ ਪਰੰਤੂ ਗੁਰੂ ਜੀ ਨੇ ਤਾਂ ਪ੍ਰਭੂ ਨੂੰ ਹੀ ਆਪਣਾ ਰਾਖਾ ਸਮਝਿਆ ਜਿਸ ਨੂੰ ਜਪਣ ਨਾਲ ਗੁਰ ਹਰ ਥਾਂ ਤੇ ਰਖਿਆ ਕਰਦਾ ਹੈ।[174] ਗੁਰਮਤਿ ਅਨੁਸਾਰ ਮਹਾਂਪੁਰਖਾਂ ਦੀ ਬਾਣੀ ਹੀ ਅਸਲ ਮੰਤਰ ਹੈ, ਜਿਸ ਨਾਲ ਮਨ ਦਾ ਹੰਕਾਰ ਦੂਰ ਜਾਂਦਾ ਹੈ।[175]

---

165. ਠਾਕੁਰੁ ਛੋਡਿ ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ।
(ਭੈਰਉ ਮ:5, ਚਉਪਦੇ ਪੰ: 1138-39)

167. ਦੇਵੀਆ ਨਹੀ ਜਾਨੈ ਮਰਮ, ਸਭ ਊਪਰਿ ਅਲਖ ਪਾਰਬ੍ਰਹਮ।
(ਰਾਮਕਲੀ ਮ: 5, ਗੁਰੂ, ਪੰ: 894)

168. An outline of the Religious Literature of India, P-203, J.N. Farguhar.

169. ਅਨਿਕ ਪੁਨਹਚਰਨ ਕਰਤ ਨਹੀ ਤਰੈ। ਹਰਿ ਕੋ ਨਾਮੁ ਕੋਟਿ ਪਾਪ ਪਰਹਰੈ।
(ਗਉੜੀ ਸੁਖਮਨੀ ਮ:5, ਅਸਟਪਦੀ 2, ਗੁਰਦਾ:, ਪੰ:264)

170. ਕਾਮਣਿਆਰੀ ਕਾਮਣ ਪਾਏ, ਬਹੁਰੰਗੀ ਕਰਿ ਤਾਕਾ।
(ਵਡਹੰਸ ਮ:1, ਅਲਾਹੁਣੀਆਂ, ਗੁਰੂ, ਪੰ: 582)

171. ਤੰਤੁ ਮੰਤੁ ਪਾਖੰਡੁ ਨ ਜਾਣਾ, ਰਾਮੁ ਰਿਦੈ ਮਨੁ ਮਾਨਿਆ।
(ਸੂਹੀ ਮ:1, ਛੰਤ, ਗੁਰੂ, ਪੰ: 766)

172. ਮਹਾ ਮੰਤ੍ਰ ਨਾਨਕ ਕਥੈ, ਹਰਿ ਕੇ ਗੁਣ ਗਾਈ। (ਬਿਲਾਵਲ ਮ:5, ਗੁਰੂ, ਪੰ: 814)

173. ਮਨਮੁਖਿ ਭਰਮਿ ਭਵੈ ਬੇਬਾਣਿ। ਵੇਮਾਰਗਿ ਮੂਸੈ ਮੰਤ੍ਰਿ ਮਸਾਣਿ।
(ਰਾਮਕਲੀ, ਸਿਧਗੋਸਟਿ, ਮ:1, ਗੁਰੂ, ਪੰ: 941)

174. ਊਠਤ ਸੁਖੀਆ, ਬੈਠਤ ਸੁਖੀਆ। ਭਉ ਨਹੀ ਲਾਗੈ ਜਾਂ ਐਸੇ ਬੁਝੀਆ।
ਰਾਖਾ ਏਕੁ ਹਮਾਰਾ ਸੁਆਮੀ। ਸਗਲ ਘਟਾ ਕਾ ਅੰਤਰਜਾਮੀ।
ਸੋਇ ਅਚਿੰਤਾ ਜਾਗਿ ਅਚਿੰਤਾ। ਜਹਾ ਕਹਾਂ ਪ੍ਰਭੁ ਤੂੰ ਵਰਤੰਤਾ।
ਘਰਿ ਸੁਖਿ ਵਸਿਆ, ਬਾਹਰਿ ਸੁਖੁ ਪਾਇਆ। ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ।
(ਭੈਰਉ ਮ: 5, ਗੁਰੂ, ਪੰ: 1136)

175. ਬਾਣੀ ਮੰਤ੍ਰੁ ਮਹਾ ਪੁਰਖਨ ਕੀ, ਮਨਹਿ ਉਤਾਰਨ ਮਾਨ ਕਉ। (ਸਾਰੰਗ ਮ:5, ਗੁਰੂ, ਪੰ:1208)

ਭਾਰਤ ਲੋਕ ਪਰਮ ਪੂਜਾ ਵਿਚ ਹੀ ਵਿਸ਼ਵਾਸ ਰਖਦੇ ਸਨ। ਬ੍ਰਾਹਮਣ ਦੇ ਪ੍ਰਭਾਵ ਹੇਠ ਇਸਤਰੀਆਂ ਕਿਵੇਂ ਵੀ ਜਾਤ ਜਾਂ ਧਰਮ ਦੇ ਹੋਣ, ਦੋਹਾਂ ਦੇ ਸਿਮਰਨ ਵੀ ਨ ਕਰਦੇ ਸਨ ਜਿਵੇਂ, ਪਤੀ ਪਤਨੀ, ਮਾਂ ਪੇਉ, ਭਰਾ— ਆਮ ਲੋਕ ਤੇ ਨਾਰ ਨੂੰ ਦਿਸਦੇ ਹੋ ਕੇ ਇਸ ਚਕਰ ਵਿਚ ਬਧਿ ਕੇ ਮੰਤਰਾਂ ਦਾ ਜਾਪ ਕਰਨ ਉਪਰੰਤ ਸ਼ਰਾਬ ਮਾਸ ਦਾ ਸੇਵਨ ਅਤੇ ਹੋਰ ਵਿਲਾਸ ਕਰਦੇ ਸਨ।[176] ਇਸ ਪ੍ਰਕਾਰ ਦੇ ਵਾਮ-ਮਾਰਗੀ ਸ਼ਕਤੀ ਦਾ ਸਾਹਿ ਗ੍ਰੰਥ ਵਿਚ ਬਹੁਤ ਮੰਦੀ ਤਰ੍ਹਾਂ ਪਾਜ ਖੋਲ੍ਹਿਆ ਗਿਆ ਹੈ ਅਤੇ ਨਾਮ ਨੂੰ ਹੀ ਉੱਤਮ ਕਿਹਾ ਗਿਆ ਹੈ। ਗੁਰੂ ਜੀ ਅਨੁਸਾਰ ਇਨ੍ਹਾਂ ਮਾਯਾ ਪ੍ਰਧਾਨ ਸ਼ਕਤੀ ਦੀ ਗੱਲ ਆਖੀ ਲੱਗਦੀ ਸੀ।[177] ਇਹ ਸ਼ਕਤੀ ਦੇ ਪੁਜਾਰੀ ਕਾਮ-ਰੂਪ ਦੇ ਲੋਕਾਂ ਵਿਚ ਹੋ ਕੇ ਸੰਤ ਜੀਵਨ ਨੂੰ ਛਡ ਦਿੰਦੇ ਸਨ, ਸੁਖ ਤੇ ਧਨ ਦੀ ਪ੍ਰਾਪਤੀ ਲਈ ਜਾਦੂਗਰੀ ਕਰਦੇ ਸਨ।[178] ਇਹ ਲੋਕ ਮੁਰਦੇ ਜਲੀ ਤੋਂ ਉਪਰ ਨਹੀਂ ਸਨ ਉਠ ਸਕਦੇ ਅਤੇ ਇਸਤਰੀਆਂ ਹੀ ਸਭਨਾਂ ਆਪੂ ਕਿਤਾ ਦਿੰਦੇ ਸਨ।[179] ਗੁਰੂ-ਬਾਣੀਆਂ ਅਨੁਸਾਰ ਇਹ ਮਾਯਾ ਪ੍ਰਧਾਨ ਲੋਕ ਹਰੀ ਨਾਮ ਰੂਪੀ ਰਤਨ ਨੂੰ ਛਡ ਕੇ ਕੂੜ, ਕਪਟ ਦੇ ਸੰਗ੍ਰਹ ਵਿਚ ਹੀ ਲੱਗੇ ਸਨ। ਹਰੀ ਦਾ ਨਾਮ ਸੁਣਨ ਕਰਿਆਂ, ਮਾਨੋ, ਇਨ੍ਹਾਂ ਨੂੰ ਬਿੱਛੂ ਡਸ ਜਾਂਦਾ ਸੀ।[180]

ਆਦਿ ਗ੍ਰੰਥ ਦੇ ਗੁਰੂ ਕਾਲ ਵਿਚ ਮਾਯਾ-ਪੁਜਾਰੀ ਜੀ ਕੀ ਉਹੇ ਆਚਰਨ ਤੇ ਜ਼ੋਰ ਦਿੱਤਾ ਗਿਆ ਹੈ। ਪਰ ~~xx~~ ਆਚਰਨਹੀਣ ਸਮਾਜ ਬਣਾਉਣ ਲਈ ਕਰਿਆਂ ਦਾ ਸੇਵਨ ਅਤੇ ਪਰ ਇਸਤਰੀ ਗਮਨ ਤੋਂ ਵਿਵਰਜਤ ਕਰਨ ਹਿਤ ਗੁਰੂ-ਬਾਣੀਆਂ ਨੇ ਸਖਤ ਤਾੜਨੀ ਕੀਤੀ ਹੈ ਜਿਸ ਦਾ ਵਰਨਣ ਪਹਿਲਾਂ ਕੀਤਾ ਜਾ ਚੁਕਿਆ ਹੈ।[181]

ਉਪਰੋਕਤ ਵਿਚਾਰ ਕਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬਾਨ ਨੇ ਹਿੰਦੂ ਧਰਮ ਅਤੇ ਉਸ ਦੀਆਂ ਪ੍ਰਣਾਲੀਆਂ ਦਾ ਖੰਡਨ ਕਰਨ ਦੇ ਨਾਲ ਉਸਾਰੂ ਸੁਝਾਅ ਵੀ ਦਿੱਤੇ। ਗੁਰੂ ਜੀ ਦਾ ਮੁਖ ਮਨੋਰਥ ਪਰੰਪਰਾਗਤ ਧਰਮਾਂ ਦਾ ਖੰਡਨ ਕਰਨਾ ਹੀ ਨਹੀਂ ਸੀ, ਬਲਕਿ ਮਨੁੱਖ ਨੂੰ ਇਖਲਾਕੀ ਤੌਰ ਤੇ ਬਲਵਾਨ ਕਰਨਾ ਵੀ ਸੀ।

---

176. ੳ) An outline of the Religious Literature of India, P.203, J.N. Farquhar.
ਅ) Modern Religious Movement in India, P.303-304, ੳ੭੧
ੲ) Vaishnavism, Saivism & Minor Religious sects, P-146, Sir.R.G. Bhandarkar.
178. ਬਾਹਰਿ ਨ ਜਿਹਾਨੀ ਸਾਕਤੀ, ਜਿਨ ਵਿਸਰੈ ਨਾਉ।
(ਸਲੋਕ ਮ:5, ਵਾਰ ਮਲਾਰ ਮ:1, ਪਉੜੀ 14 ਦਾ ਸਲੋਕ, ਗ੍ਰੰਥ, ਪੰ:1284)
177. 'ਤਨੁ ਮਨੁ ਧਨੁ ਅਰਪਿ ਰਖਿਆ।
ਕਹਿਤ ਸੁਣਤ ਸਭ ਹੋਤ ਨਿਰਾਸਿ, ਜੋ ਨਾਮ ਵਿਸਾਰਿ ਗਵਾਇਆ। ।ਰਹਾਉ।
ਜਤੁ ਸਤੁ ਸੰਜਮੁ ਸੀਲ ਨ ਰਾਖਿਆ, ਪ੍ਰੇਤ ਪਿੰਜਰ ਮਹਿ ਕਾਸਟੁ ਭਇਆ।.......
ਸੁਖ ਸੰਪਤਿ ਕਉ ਆਦਰ ਦੇਖੈ, ਸਾਕਤ ਮਨਿ ਅਭਿਮਾਨੁ ਭਇਆ। (ਰਾਮਕਲੀ ਮ:1, ਗ੍ਰੰਥ, ਪੰ:906)
178. ਲੋਕ ਪਚਾਰ ਮਹਿ ਦੇਖ ਲਿਤ ਜਾਈ। ਸਾਕਤ ਕਿਰਤੀ ਕਰਤ ਕਿਰਾਨੀ। (ਰਾਮਕਲੀ ਮ:5, ਗ੍ਰੰਥ, ਪੰ:888
180. ਅੰਮ੍ਰਿਤ ਨਾਮੁ ਹਰਿ ਮੀਠਾ, ਸਾਕਤ ਕੀ ਬਿਧਿ ਨੈਨਹੁ ਡੀਠੀ।
ਕੂੜਿ ਕਪਟਿ ਅਹੰਕਾਰਿ ਰੀਝਾਨਾ। ਨਾਮੁ ਸੁਨਤ ਜਨੁ ਬਿਛੂਅ ਡਸਾਨਾ। (ਰਾਮਕਲੀ ਮ:5, ਗ੍ਰੰਥ, ਪੰ:893)
181. ਵਿਸਥਾਰ ਲਈ ਦੇਖੋ : ਇਸ ਅਧਿਆਇ ਵਿਚ 'ਸਮਾਜਕ ਬੁਰਾਈਆਂ' ਅਤੇ 'ਪਰ ਇਸਤਰੀ ਗਮਨ।'

ਇਸਲਾਮ ਧਰਮ:-

ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਸਨ। ਇਸਲਾਮ ਪ੍ਰਚਾਰਕ ਮੱਤ ਹੈ, ਇਸ ਲਈ ਇਸ ਦਾ ਪ੍ਰਚਾਰ ਪਿਆਰ ਤੇ ਤਲਵਾਰ ਦੋਹਾਂ ਢੰਗਾਂ ਨਾਲ ਕੀਤਾ ਗਿਆ। ਭਾਵੇਂ ਇਸ ਮੱਤ ਦਾ ਜਨਮ ਅਰਬ ਦੇਸ਼ ਵਿਚ ਹੋਇਆ, ਪਰਚਾਰਕ ਮੱਤ ਹੋਣ ਕਾਰਨ ਇਹ ਸੰਸਾਰ ਦੇ ਕਈ ਦੇਸ਼ਾਂ ਵਿਚ ਫੈਲਿਆ ਹੋਇਆ ਹੈ।

ਇਤਿਹਾਸ ਵਾਚਨ ਤੋਂ ਪਤਾ ਚਲਦਾ ਹੈ ਕਿ ਅਰਬਾਂ ਤੇ ਤੁਰਕਾਂ ਤੋਂ ਪਹਿਲਾਂ ਅਨੇਕ ਜਾਤੀਆਂ ਵਿਦੇਸ਼ਾਂ ਤੋਂ ਭਾਰਤ ਵਿਚ ਆਈਆਂ। ਉਨ੍ਹਾਂ ਜਾਤੀਆਂ ਨੇ ਭਾਰਤ ਦੇ ਸਮਕਾਲੀਨ ਧਰਮਾਂ (ਜਿਵੇਂ ਵੈਸ਼ਨੋ, ਸ਼ੈਵ ਜਾਂ ਬੁਧ ਧਰਮ) ਨੂੰ ਅਪਣਾਇਆ। ਜਦੋਂ ਵੀ ਦੋ ਜਾਤੀਆਂ ਦਾ ਸੰਪਰਕ ਹੁੰਦਾ ਹੈ ਤਾਂ ਰਾਜਨੀਤਕ, ਸਮਾਜਕ, ਸਾਂਸਕ੍ਰਿਤਕ ਤੇ ਧਾਰਮਿਕ ਪੱਖੀ ਆਦਾਨ ਪ੍ਰਦਾਨ ਹੁੰਦਾ ਹੈ। ਯਵਨਾਂ, ਹੂਨ, ਸ਼ੱਕ ਆਦਿ ਜਾਤੀਆਂ ਦੇ ਲੋਕ ਪੂਰਨ ਤੌਰ ਤੇ ਭਾਰਤੀ ਬਣ ਗਏ ਅਤੇ ਉਨ੍ਹਾਂ ਨੇ ਆਪਣੇ ਰਸਮਾਂ ਰਿਵਾਜਾਂ ਤੇ ਵਿਸ਼ਵਾਸਾਂ ਦਾ ਭਾਰਤੀਆਂ ਤੇ ਵੀ ਪ੍ਰਭਾਵ ਪਾਇਆ ਪਰ ਭਾਰਤ ਦੇ ਇਤਿਹਾਸ ਵਿਚ ਪਹਿਲਾ ਅਵਸਰ ਸੀ ਜਦੋਂ ਅਰਬ ਤੇ ਤੁਰਕ ਲੋਕ ਭਾਰਤ ਵਿਚ ਆ ਜਾਣ ਤੋਂ ਬਾਅਦ ਵੀ ਇਸ ਦੇਸ਼ ਦੇ ਧਰਮ, ਭਾਸ਼ਾ ਅਤੇ ਸਾਹਿਤ ਆਦਿ ਨਾਲ ਸਮਝੌਤਾ ਨਾ ਕਰ ਸਕੇ। ਇਸ ਲਈ ਭਾਰਤੀ ਲੋਕਾਂ ਨੂੰ ਆਪਣੇ ਰੰਗ ਵਿਚ ਰੰਗ ਸਕਣ ਵਿਚ ਉਹ ਸਫਲਤਾ ਨਹੀਂ ਮਿਲੀ ਜੋ ਉਨ੍ਹਾਂ ਨੂੰ ਹੋਰ ਦੇਸ਼ਾਂ ਵਿਚ ਪ੍ਰਾਪਤ ਹੋਈ।[182]

ਇਸਲਾਮ ਧਰਮ ਦੇ ਅਨੁਯਾਈ ਇਕ ਰੱਬ ਅਰਥਾਤ ਅੱਲਾ ਵਿਚ ਵਿਸ਼ਵਾਸ ਰਖਦੇ ਸਨ।[183] ਉਨ੍ਹਾਂ ਦੇ ਏਕੇਸ਼ਵਰਵਾਦ ਅਨੁਸਾਰ ਅੱਲਾ ਹੀ ਸਭ ਦਾ ਮਾਲਕ ਹੈ, ਕੇਵਲ ਉਸੇ ਦੀ ਆਰਾਧਨਾ ਕਰਨੀ ਚਾਹੀਦੀ ਹੈ।[184] ਇਸਲਾਮ ਮੱਤ ਅਨੁਸਾਰ ਅੱਲਾ ਸਤਵੇਂ ਆਸਮਾਨ ਤੇ ਰਹਿੰਦਾ ਹੈ। ਉਸ ਦੇ ਕੇਵਲ 'ਕੁਨ' (ਹੋ ਜਾ) ਸ਼ਬਦ ਕਹਿਣ ਨਾਲ ਹੀ ਸ੍ਰਿਸ਼ਟੀ ਦੀ ਰਚਨਾ ਹੋਈ।[185] ਅੱਲਾ ਸਭ ਦਾ ਪਾਲਨਹਾਰ ਹੈ।[186] ਇਸ ਮੱਤ ਵਿਚ ਅੱਲਾ ਤੋਂ ਬਿਨਾ ਕਿਸੇ ਹੋਰ ਦੀ ਪੂਜਾ ਵਿਵਰਜਤ ਹੈ।[187]

ਇਸਲਾਮ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਰੱਬ ਦਾ ਭੇਜਿਆ ਰਸੂਲ ਹੈ।[188] ਉਸ ਤੇ

---

182. ਭਾਰਤੀਯ ਸੰਸਕ੍ਰਿਤੀ ਔਰ ਉਸ ਕਾ ਇਤਿਹਾਸ, ਪੰ: 460, ਸਤਯਕੇਤੂ ਵਿਦਿਆ ਲੰਕਾਰ।
183. ਕੁਰਾਨ ਸ਼ਰੀਫ਼ ਪਾਰਾ 3, ਸੂਰਤ 2, ਰੁਕੂਅ 34, ਆਇਤ 256.
184. ਉਹੀ, 14.16.7.53.
185. ਉਹੀ, 24.40.7.70.
186. ਉਹੀ, 24.40.7.65 ਅਤੇ 1.1. x.2.
187. ੳ) ਉਹੀ, 7.5.7.42.
     ਅ) ਉਹੀ, 11.10.11.106.
     ੲ) ਉਹੀ, 11.11.1.2.
188. ੳ) ਉਹੀ, 21.33.5.40.
     ਅ) ਉਹੀ, 26.48.4.29.

'ਮੋਮਿਨ (ਵਿਸ਼ਵਾਸੀ) ਨਿਆਂ ਦੇ ਦਿਨ ਜ਼ੋਰ ਦੋਜ਼ਖ਼ (ਜਹੰਨਮ ਅਥਵਾ ਨਰਕ) ਵਿਚ ਧਕੇਲਿਆ ਜਾਵੇਗਾ।[189] ਇਸ ਦੇ ਉਲਟ ਕਿਆਮਤ ਵਾਲੇ ਮੋਮਿਨ ਵਿਸ਼ਵਾਸੀ ਬੰਦਿਆਂ ਲਈ ਬਹਿਸ਼ਤ ਦੇ ਬਾਗ਼ ਹੋਣਗੇ, ਜਿਥੇ ਸੁੰਦਰ ਹੂਰਾਂ ਤੇ ਨਹਿਰਾਂ ਵਗ ਰਹੀਆਂ ਹੋਣਗੀਆਂ, ਉਨ੍ਹਾਂ ਨੂੰ ਸੋਨੇ ਦੇ ਕੜੇ ਤੇ ਕੀਮਤੀ ਗਹਿਣੇ ਪੁਆਏ ਜਾਣਗੇ। ਬਾਰੀਕ ਤੇ ਮੋਟੇ ਸਬਜ਼ ਰੇਸ਼ਮੀ ਵਸਤਰ ਪਹਿਨਾਏ ਜਾਣਗੇ। ਉਹ ਤਕੀਏ ਲਗਾ ਕੇ ਤਖ਼ਤਾਂ ਉਪਰ ਬੈਠਣਗੇ ਅਤੇ ਉਨ੍ਹਾਂ ਨੂੰ ਸੋਨੇ ਆਦਿ ਦੀਆਂ ਥਾਲੀਆਂ ਵਿਚ ਖਾਣਾ ਦਿੱਤਾ ਜਾਏਗਾ।[190] ਮੋਮਿਨ ਬੰਦਿਆਂ ਨੂੰ ਵਿਸ਼ਰਾਮ ਕਰਨ ਲਈ ਉਸ ਬਾਗ਼ ਵਿਚ ਹੂਰਾਂ ਪੇਸ਼ ਕੀਤੀਆਂ ਜਾਣਗੀਆਂ।[191]

ਇਸਲਾਮ ਦੇ ਨਿਯਮਾਂ ਅਨੁਸਾਰ ਮੁਸਲਮਾਨ (ਸੁੰਨਤ) ਪੈਗ਼ੰਬਰ ਜੀ ਦੀ ਪਕੀ ਕਿਸਮ ਹੈ। ਇਸਲਾਮ ਦਾ ਕਲਮਾਂ ਇਸ ਪ੍ਰਕਾਰ ਹੈ :— ਲਾ-ਇਲਾਹ—ਇਲਾ ਅਲਾਹ ਮੁਹੰਮਦ ਰਸੂਲ ਅਲਾਹ।[192'] ਅਰਥਾਤ ਅੱਲਾ ਤੋਂ ਬਿਨਾ ਕੋਈ ਹੋਰ ਰੱਬ ਨਹੀਂ ਅਤੇ ਮੁਹੰਮਦ ਉਸ ਦਾ ਰਸੂਲ ਹੈ।

ਆਦਿ ਗ੍ਰੰਥ ਦੇ ਗੁਰੂ-ਸਾਹਿਬ ਅਨੁਸਾਰ ਪਰਮਾਤਮਾ ਇਕ ਹੈ। ਮੂਲ ਮੰਤਰ ਵਿਚ ਓਅੰਕਾਰ ਤੋਂ ਪਹਿਲਾਂ '੧' ਲਗਾ ਕੇ ਇਹ ਗੱਲ ਬਿਲਕੁਲ ਸਪਸ਼ਟ ਕੀਤਾ ਗਿਆ ਹੈ।[193] ਗੁਰਮਤਿ ਵਿਚ ਇਸ ਇਕ ਪ੍ਰਭੂ ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ।[194] ਪ੍ਰਭੂ ਸਰਬ-ਵਿਆਪਕ ਹੈ, ਇਸਲਾਮ ਵਾਂਗ ਕਿਸੇ ਸਤਵੇਂ ਅਸਮਾਨ ਤੇ ਨਹੀਂ ਬੈਠਾ ਹੋਇਆ।[195] ਰਬ ਇਕ ਅਜਿਹੀ ਜੋਤ ਹੈ ਜੋ ਉਸ ਦੀ ਆਪਣੀ ਰਚਨਾ ਵਿਚ ਵਿਆਪਕ ਹੈ ਤੇ ਹਰ ਥਾਂ ਤੇ ਹਾਜ਼ਰ ਹੁੰਦੀ ਹੈ।[196] ਸ੍ਰਿਸ਼ਟੀ ਸਾਰੀ ਉਸ ਦੇ ਹੁਕਮ ਵਿਚ ਹੈ। ਜੇ ਉਹ ਚਾਹਵੇ ਤਾਂ ਇਸ ਦਾ ਵਿਸਥਾਰ ਕਰ ਲਵੇ, ਜਦੋਂ ਜੀ ਚਾਹੇ ਇਸ ਦਾ ਵਿਨਾਸ਼ ਕਰਕੇ ਏਕੰਕਾਰ ਬਣ ਜਾਂਦਾ ਹੈ।[197.] ਪ੍ਰਭੂ ਕਰਨ-ਕਾਰਣ ਸਮਰੱਥ ਹੈ। ਉਸ ਦਾ ਫ਼ੁਰਨਾ ਹੀ ਹੁਕਮ ਹੈ, ਸ੍ਰਿਸ਼ਟੀ ਸਾਰੀ ਉਸ ਦੇ ਹੁਕਮ ਦੀ ਖੇਡ ਹੈ।[198]

---

189. ੳ) ਉਹੀ, 15.18.11.100
     ਅ) ਉਹੀ, 21.30.20.13-15
     ੲ) ਉਹੀ, 26.47.2.16-18
190. ੳ) ਉਹੀ, 15.17.9.80.
     ਅ) ਉਹੀ, 21.30.2.13-15
     ੲ) ਉਹੀ, 26.47.2.15-18.
191. ਉਹੀ, 27.55 3. 78.
192. Islam, P.33 (Faith & Practice, Theology & Ethics - Dr. M. Abdul Haq
193. '੧ਓ ' ਸਤਿਨਾਮੁ............। (ਮੂਲ ਮੰਤ੍ਰ, ਜਪੁਜੀ, ਪੰ: 1)
194. 'ਸਾਹਿਬੁ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ।'
     (ਆਸਾ ਮ:1, ਘਰ 2, ਉਹੀ, ਪੰ: 350)
195. 'ਅੰਤਰਿ ਬਸੈ ਬਾਹਰਿ ਭੀ ਓਹੀ। ਨਾਨਕ ਦਰਸਨੁ ਦੇਖਿ ਸਭ ਮੋਹੀ।
     (ਗਉੜੀ ਸੁਖਮਨੀ ਮ:5, ਉਹੀ, ਪੰ: 294)
196. ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ। (ਆਸਾ ਮ:5, ਉਹੀ, ਪੰ: 397)
197. 'ਤਿਸੁ ਭਾਵੈ ਤਾਂ ਕਰੇ ਬਿਸਥਾਰ। ਤਿਸ ਭਾਵੈ ਤਾਂ ਏਕੰਕਾਰ।'
     (ਗਉੜੀ ਸੁਖਮਨੀ ਮ:5, ਅਸਟਪਦੀ 23, ਉਹੀ, ਪੰ: 294)

(ਬਾਕੀ ਅਗਲੇ ਪੰਨੇ ਤੇ -----)

ਗੁਰੂ ਤਰੀਆਂ ਅਨੁਸਾਰ ਪਰਮਾਤਮਾ (ਅੱਲਾ) ਸਭ ਦਾ ਪਾਲਣਹਾਰ ਹੈ।[199] ਉਹ ਜੱਬਾਰ ਤੇ ਕੱਹਾਰ ਦੇ ਨਾਲ ਪਰਮ ਦਿਆਲੂ ਵੀ ਹੈ ਤੇ ਭੁਲੇ ਜੀਵਾਂ ਨੂੰ ਸਿਧੇ ਰਾਹ ਪਾਉਂਦਾ ਹੈ।[200]

ਆਦਿ ਗ੍ਰੰਥ ਦੀ ਗੁਰੂ-ਬਾਣੀ ਵਿਚ ਅੱਲਾ ਨਿਆਂਕਾਰ ਵੀ ਹੈ। ਉਸ ਦਾ ਕੋਈ ਨਬੀ ਜਾਂ ਰਸੂਲ ਨਹੀਂ। ਉਸ ਲਈ ਅਮੀਰ ਤੇ ਗਰੀਬ, ਜੋਗੀ ਤੇ ਹਾਜੀ ਇਕ ਸਮਾਨ ਹਨ। ਉਹ ਕਿਸੇ ਦੀ ਸਲਾਹ ਨਹੀਂ ਲੈਂਦਾ। ਉਹ ਆਪ ਹੀ ਸਭ ਦਾ ਆਧਾਰ ਹੈ।[201]

ਇਸਲਾਮ ਅਨੁਸਾਰ 'ਕੁਰਾਨ ਸ਼ਰੀਫ਼', ਜੋ ਅੱਲਾ ਨੇ ਆਪਣੇ ਰਸੂਲ ਮੁਹੰਮਦ ਹਜ਼ਰਤ ਸਾਹਿਬ ਉਪਰ ਉਤਾਰੀ ਹੈ, ਤੇ ਈਮਾਨ ਲਿਆਉਣ ਲਈ ਸਖਤ ਤਾਕੀਦ ਕੀਤੀ ਗਈ ਹੈ।[202] ਇਸ ਉਪਰ ਈਮਾਨ ਨਾ ਲਿਆਉਣ ਵਾਲਿਆਂ ਨੂੰ ਦੋਜ਼ਖ (ਨਰਕ) ਦੀ ਅੱਗ ਵਿਚ ਸਾੜਿਆ ਜਾਵੇਗਾ।[203]

ਪਰੰਤੂ ਆਦਿ ਗ੍ਰੰਥ ਦੀ ਗੁਰੂ-ਬਾਣੀ ਵਿਚ ਇਸਲਾਮ ਦੇ ਇਸ ਮੱਤ ਦਾ ਖੰਡਨ ਕਰਦਿਆਂ ਕਿਹਾ ਗਿਆ ਹੈ ਕਿ ਕੁਰਾਨ ਰਾਹੀਂ ਪ੍ਰਭੂ ਦਾ ਭੇਦ ਨਹੀਂ ਪਾਇਆ ਜਾ ਸਕਦਾ।[204] ਇਸ ਨੂੰ ਪੜ੍ਹਨ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ।[205] ਗੁਰਮਤਿ ਅਨੁਸਾਰ ਪ੍ਰਭੂ ਕੁਰਾਨ ਆਦਿਕ ਗ੍ਰੰਥਾਂ ਤੋਂ ਬਾਹਰਾ ਹਜ਼ੂਰ ਹੈ।[206] ਤਤਕਾਲੀਨ ਧਾਰਮਿਕ ਆਗੂਆਂ ਨੂੰ ਸੱਚ ਤੇ ਸ਼ੁਧ ਹੱਕ ਹਲਾਲ ਦੀ ਕਮਾਈ ਨੂੰ 'ਕੁਰਾਨ' ਸਮਝਣ ਲਈ ਬਹੁਮੁੱਲਾ ਸੁਝਾਅ ਦਿੱਤਾ।[207]

---

198. ੳ) ਕੀਤਾ ਪਸਾਉ ਏਕੋ ਕਵਾਉ। (ਮ:1, ਜਪੁ, ਪਉੜੀ 16, ਉਹੀ, ਪੰ: 3)
ਅ) ਹੁਕਮੀ ਹੋਵਨਿ ਆਕਾਰ........। (ਉਹੀ, ਪਉੜੀ 2, ਪੰ: 1)

199. ਤੂਟੀ ਗਾਂਢਨਹਾਰ ਗੋਪਾਲ। ਸਰਬ ਜੀਆ ਆਪੇ ਪ੍ਰਤਿਪਾਲ।
ਸਗਲ ਕੀ ਚਿੰਤਾ ਜਿਸੁ ਮਨ ਮਾਹਿ। ਤਿਸ ਤੇ ਬਿਰਥਾ ਕੋਈ ਨਾਹਿ।
(ਗਉੜੀ ਸੁਖਮਨੀ ਮ:5, ਉਹੀ, ਪੰ:282)

200. ਆਪੇ ਕੁਰਾਹੁ ਪਾਇਦਾ ਪਿਆਰਾ, ਆਪਿ ਦਿਖਾਲੇ ਰਾਹੁ।
(ਸੋਰਠਿ ਮ:4, ਘਰੁ 1, ਉਹੀ, ਪੰ:604)

201. ਰੰਗ ਰੂਪੁ ਜਾਕੈ ਰੇਖ ਨ ਮਾਹਿ। ਕੋਟਿ ਹਸਤਿ ਸਗਲ ਪੁਰਾਨ।
ਓਹੁ ਪ੍ਰਭੁ ਨ ਜਾਪਿਤ ਧਰੈ। ਜੋ ਕਿਛੁ ਕਰੈ ਸੁ ਆਪਹਿ ਕਰੈ।
ਜਾਕਾ ਅੰਤੁ ਨ ਜਾਣਸਿ ਕੋਇ, ਆਪੇ ਆਪਿ ਨਿਰੰਜਨ ਸੋਇ।
ਆਪਿ ਅਕਾਰੁ ਆਪਿ ਨਿਰੰਕਾਰੁ। ਘਟ ਘਟ ਘਟਿ ਸਭ ਘਟ ਆਧਾਰੁ। (ਗੋਂਡ ਮ:5, ਉਹੀ, ਪੰ:863)

202. ੳ) ਕੁਰਾਨ ਸ਼ਰੀਫ਼, 5.4.20.135.
ਅ) ਉਹੀ, 8.6.20.156.
ੲ) ਉਹੀ, 23/39/1-5/1-32.

203. ਉਹੀ, 4.4.8.59.

204. ੳ) ਬੇਦ ਕਤੇਬੀ ਭੇਦੁ ਨ ਜਾਤਾ। (ਮਾਰੂ ਮ:1, ਸੋਲਹੇ, [illegible] ਪੰ: 1021)
ਅ) ਏਤ ਕਤੇਬ ਕਹਹਿ ਕਰ ਥਪੁਤੇ, ਨਹ ਬੂਝਹਿ ਇਕ ਏਕਾ। (ਸੋਰਠਿ ਅਸਟਪਦੀਆ ਮ:1, ਉ: ਪੰ: 115

205. ਬੇਦ ਕੇਤਬ ਸਿਮ੍ਰਿਤਿ ਸਭ ਸਾਸਤ ਇਨ ਪੜਿਆ ਮੁਕਤਿ ਨ ਹੋਈ। (ਸੂਹੀ ਮ:5, ਉਹੀ, ਪੰ:747)

206. ੳ) ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ। ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ।
(ਆਸਾ ਮ:5, ਉਹੀ, ਪੰ:397)
ਅ) ਬੇਦ ਕਤੇਬ ਨ ਸਿੰਮ੍ਰਿਤਿ ਸਾਸਤ। ਮਾਰੂ ਮ:1, ਸੋਲਹੇ, ਪੰ:1036)

(ਬਾਕੀ ਅਗਲੇ ਪੰਨੇ ਤੇ ----)

ਕੁਰਾਨ ਅਨੁਸਾਰ ਜੋ ਕੋਈ ਮਨੁੱਖ ਇਸਲਾਮ ਤੋਂ ਛੁੱਟ ਕਿਸੇ ਹੋਰ ਧਰਮ ਨੂੰ ਪਸੰਦ ਕਰੇਗਾ ਤਾਂ ਉਹ ਉਸ ਧਰਮ ਰਾਹੀਂ ਪਰਵਾਨ ਨਹੀਂ ਹੋਵੇਗਾ ਅਤੇ ਅੰਤਕਾਲ ਘਾਟਾ ਪਾਉਣ ਵਾਲਿਆਂ ਵਿਚੋਂ ਹੋਵੇਗਾ।[208] ਪਰ ਆਦਿ ਗ੍ਰੰਥ ਦੇ ਗੁਰੂ ਕਵੀਆਂ ਨੇ ਮਨੁਖੀ ਵਿਖੇਵਿਆਂ ਅਤੇ ਵਿਤਕਰਿਆਂ ਦੀ ਥਾਂ ਤੇ ਸਾਂਝੀ ਕੜੀ ਤੇ ਜ਼ੋਰ ਦਿੱਤਾ ਹੈ। ਹਰ ਧਰਮ ਵਿਚ ਚੰਗਿਆਈਆਂ ਹਨ। ਵਿਭਿੰਨ ਭੂਗੋਲਿਕ ਪਰਿਸਥਿਤੀਆਂ ਹੋਣ ਕਾਰਣ ਹਰ ਦੇਸ਼ ਦੀਆਂ ਆਪੋ ਵਖ ਮਨੌਤਾਂ ਹਨ। ਬੁਨਿਆਦੀ ਤੌਰ ਤੇ ਮਨੁੱਖਤਾ ਸਭ ਧਰਮਾਂ ਦੇ ਕੇਂਦਰ ਵਿਚ ਸੁਸ਼ੋਭਿਮਾਨ ਹੈ। ਇਸੇ ਲਈ ਸਰਬੱਤ ਦਾ ਭਲਾ ਮੰਗਣ ਵਾਲੇ ਗੁਰੂ-ਕਵੀਆਂ ਨੇ ਹਰ ਧਰਮ ਦੇ ਲੋਕਾਂ ਦੇ ਉਧਾਰ ਲਈ ਅਰਦਾਸ ਕੀਤੀ ਹੈ।[209]

ਇਸਲਾਮ ਵਿਚ ਬੁਤ ਪੂਜਾ ਵਿਵਰਜਤ ਹੈ ਤੇ ਉਹ ਆਪਣੇ ਆਪ ਨੂੰ ਬੁੱਤ ਸ਼ਿਕਨ ਕਹਿੰਦੇ ਹਨ। ਗੁਰਮਤਿ ਵਿਚ ਵੀ ਮੂਰਤੀ ਪੂਜਾ ਦਾ ਖੰਡਨ ਕੀਤਾ ਗਿਆ ਹੈ।[210] ਪਰੰਤੂ ਦੋਨਾਂ ਦੇ ਢੰਗਾਂ ਵਿਚ ਬਹੁਤ ਅੰਤਰ ਹੈ। ਜਿਥੇ ਗੁਰੂ ਸਾਹਿਬਾਨ ਨੇ ਪ੍ਰਚਾਰ ਕਰਕੇ ਲੋਕਾਂ ਨੂੰ ਬੁੱਤ-ਪੂਜਾ ਤੋਂ ਵਰਜਿਆ, ਉਥੇ ਇਸਲਾਮ ਵਾਲਿਆਂ ਨੇ ਪ੍ਰਚਾਰ ਦੇ ਨਾਲ ਬੁੱਤ-ਪੂਜ ਹਿੰਦੂਆਂ ਤੇ ਬੜੇ ਬੜੇ ਜ਼ੁਲਮ ਢਾਹੇ।[211] ਇਸਲਾਮ ਵਾਲਿਆਂ ਦੀ ਇਸ ਦਮਨ ਨੀਤੀ ਬਾਰੇ ਬੇਸ਼ਕ ਸਿੱਧੇ ਤੌਰ ਤੇ ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਵਰਣਨ ਉਪਲੱਬਧ ਨਹੀਂ, ਫਿਰ ਵੀ ਇਤਿਹਾਸਕ ਤੱਥਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਗੁਰੂ ਸਾਹਿਬਾਨ ਨੇ ਇਸ ਧਾਰਮਿਕ ਨੀਤੀ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਲੋਕਾਂ ਵਿਚ ਚੇਤੰਨਤਾ ਵੀ ਪੈਦਾ ਕੀਤੀ। ਹਿੰਦੂ ਧਰਮ ਦੇ ਸਿਧਾਂਤਾਂ ਵਿਚ ਵਿਸ਼ਵਾਸ ਨਾ ਰਖਦਿਆਂ ਹੋਇਆਂ ਵੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਖਿਆ ਲਈ ਸ਼ਹਾਦਤ ਦਿੱਤੀ।[212]

---

207. ਹਕ ਹਲਾਲ [illegible] 1 ਮ: 1, ਵਾਰ ਮਾਝ, ਪਉੜੀ 7 ਦਾ ਸਲੋਕ, ਗ੍ਰੰਥ, ਪੰ: 140.
208. ਕੁਰਾਨ ਸ਼ਰੀਫ, 3.3.9.79.
209. ਜਗਤ ਜਲੰਦਾ ਰਖ ਲੈ, ਆਪਣੀ ਕਿਰਪਾ ਧਾਰ।
ਜਿਤ ਦੁਆਰੈ ਉਬਰੈ, ਤਿਤੈ ਲਿਹੁ ਉਬਾਰ।
(ਮ: 3, ਬਿਲਾਵਲ ਕੀ ਵਾਰ ਮ: 4, ਪਉੜੀ 10 ਦਾ ਸਲੋਕ, ਸ਼ਬਦਾਰਥ, ਪੰ: 853.)
210. ਵਿਸਥਾਰ ਲਈ ਵੇਖੋ: ਇਸ ਅਧਿਆਇ ਵਿਚ: 'ਹਿੰਦੂ ਧਰਮ ਅਤੇ ਉਸਦੀਆਂ ਸੰਪਰਦਾਵਾਂ'।
211. ਵਿਸਥਾਰ ਲਈ ਵੇਖੋ:
ੳ) Medieval Indian under Mohammedan Rule, P.30-31, Stanley Lane Poole.
ਅ) Advanced History of Panjab, P-2, Dr. G.S. Chhabra.
ੲ) Tarikh-i-Farishta, Vol.I, Briggs, P-454-55.
ਸ) ਭਾਰਤੀ ਇਤਿਹਾਸ ਦਾ ਮੁਸਲਿਮ ਯੁਗ (ਮਧਕਾਲੀਨ ਭਾਰਤ), ਪੰ: 246, ਏ.ਐਲ.ਸ਼ਾਸਤਰੀ।
ਹ) Abdulla, Tarikh-i-Daudi, Elliot & Dowson, Vol.IV, P-439-40.
ਕ) The Mughal Empire, P-68, 112, A.L. Srivastva.
ਖ) Religious Policy of the Mughal Emperors, P-162, S.R. Sharma.
212. ੳ) ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ, ਪੰ.78, ਡਾ: ਫੌਜਾ ਸਿੰਘ, ਡਾ: ਤਾਰਨ ਸਿੰਘ
ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰ: 434, ਡਾ: ਤਾਰਨ ਸਿੰਘ।
ੲ) The Sikh Religion, Vol IV, P.392, M.A. Macauliffe.

(ਬਾਕੀ ਅਗਲੇ ਪੰਨੇ ਤੇ....)

ਇਸਲਾਮ ਮੱਤ ਅਨੁਸਾਰ ਹਰ ਰੋਜ਼ ਪੰਜ ਨਿਮਾਜ਼ਾਂ ਪੜ੍ਹਨ ਤੇ ਜ਼ੋਰ ਦਿੱਤਾ ਗਿਆ ਹੈ।[213] ਵਿਸ਼ੇਸ਼ ਤੌਰ ਤੇ ਜੁਮੇ (ਸ਼ੁਕਰਵਾਰ) ਦੇ ਦਿਹਾੜੇ ਵਾਲੀ ਨਿਮਾਜ਼ ਲਈ ਵਧੇਰੇ ਤਾਕੀਦ ਕੀਤੀ ਗਈ ਹੈ।[214] ਨਿਮਾਜ਼ ਜਮਾਤੇ (ਸੰਗਮ ਰੂਪ) ਵਿਚ ਰਲ ਕੇ ਪੜ੍ਹੀ ਜਾਂਦੀ ਹੈ। ਸਮੇਂ ਤੋਂ ਖੁੰਝ ਜਾਣ ਨਾਲ ਕਜ਼ਾ ਹੋ ਜਾਂਦੀ ਹੈ। ਨਿਮਾਜ਼ ਪੜ੍ਹਨ ਤੋਂ ਪਹਿਲਾਂ ਸਰੀਰ ਤੇ ਕਪੜੇ ਧੋਣੇ ਚਾਹੀਦੇ ਹਨ। ਨਿਮਾਜ਼ ਪੜ੍ਹਨ ਲੱਗਿਆਂ ਜੁੱਤੀ ਦਾ ਉਤਾਰਨਾ ਅਤੇ ਸਿਰ ਨੂੰ ਢੱਕਣਾ ਵੀ ਜ਼ਰੂਰੀ ਹੈ।[215] ਇਕੱਠਿਆਂ ਨਿਮਾਜ਼ ਮਸਜਿਦ ਵਿਚ ਪੜ੍ਹੀ ਜਾਂਦੀ ਹੈ ਤੇ ਮਸਜਿਦ ਦੇ ਮੀਨਾਰ ਤੇ ਚੜ੍ਹ ਕੇ ਬਾਂਗ ('ਅਜ਼ਾਨ') ਦਿੱਤੀ ਜਾਂਦੀ ਹੈ ਤਾਂ ਕਿ ਆਸ ਪਾਸ ਦੇ ਨਿਮਾਜ਼ੀ ਮਸਜਿਦ ਵਿਚ ਇਕੱਠੇ ਹੋ ਜਾਣ।

ਆਦਿ ਗ੍ਰੰਥ ਦੇ ਗੁਰੂ ਸਾਹਿਬ ਦੇ ਰਚੇਤਿਆਂ ਨੇ ਸਮਕਾਲੀਨ ਇਸਲਾਮ ਮੱਤ ਦਾ ਕਰਮਕਾਂਡੀ ਜੀਵਨ ਤੱਕਿਆ ਹੈ ਤੇ ਉਨ੍ਹਾਂ ਨੂੰ ਨਵੀਆਂ ਵਿਆਖਿਆਈਆਂ ਅਨੁਸਾਰ ਦੇਈਆਂ। ਮਨੁਖ ਦੀ ਆਤਮਿਕ ਉੱਨਤੀ ਲਈ ਅਤੇ ਪਰਮਾਤਮਾ ਵਿਚ ਅਭੇਦ ਹੋਣ ਲਈ ਗੁਰੂ ਜੀ ਨੇ ਪੰਜ ਨਿਮਾਜ਼ਾਂ ਤੇ ਕਲਮੇ ਦੀ ਵਿਆਖਿਆ ਨਵੇਂ ਢੰਗ ਨਾਲ ਕੀਤੀ। ਉਨ੍ਹਾਂ ਅਨੁਸਾਰ: ਪਹਿਲੀ ਨਿਮਾਜ਼—ਸਚ ਨੂੰ ਧਾਰਨ ਕਰਨਾ; ਦੂਜੀ ਨਿਮਾਜ਼—ਹਲਾਲ ਦੀ ਖਾਣੀ ਅਰਥ ਸੱਚੀ ਕਿਰਤ ਕਰਨੀ; ਤੀਜੀ ਨਿਮਾਜ਼—ਖੁਦਾ ਦੇ ਨਾਂ ਤੇ ਦਾਨ ਦੇਣਾ; ਚੌਥੀ ਨਿਮਾਜ਼—ਨੀਅਤ ਨੇਕ ਰਖਣੀ; ਪੰਜਵੀਂ ਨਿਮਾਜ਼—ਖੁਦਾ ਦੀ ਸਿਫਤ ਕਰਨੀ ਅਤੇ ਕਲਮਾ—ਚੰਗੀ ਕਰਨੀ ਅਰਥ ਨੇਕ ਕਰਮ ਕਰਨੇ ਹਨ। ਇਨ੍ਹਾਂ ਤੋਂ ਇਲਾਵਾ ਸਭ ਕੁਝ ਕੂੜ ਹੈ।[216]

ਇਸਲਾਮ ਧਰਮ ਵਿਚ ਰਮਜ਼ਾਨ ਦੇ ਮਹੀਨੇ ਵਿਚ 30 ਰੋਜ਼ੇ ਰਖਣੇ ਜ਼ਰੂਰੀ ਹਨ।[217] ਕਿਉਂਕਿ ਰੋਜ਼ੇ ਰਖਣ ਨਾਲ ਪਾਪਾਂ ਦਾ ਨਾਸ਼ ਹੁੰਦਾ ਹੈ। ਸ਼ੁਕਰਵਾਰ (ਜੁਮਾ) ਪਵਿੱਤਰ ਸਮਝਿਆ ਜਾਂਦਾ ਹੈ।[218] ਮੁਸਲਮਾਨ ਲਈ ਆਪਣੇ ਜੀਵਨ ਵਿਚ ਮੱਕੇ ਦਾ ਹੱਜ (ਜਾਤਰਾ) ਕਰਨਾ ਆਵੱਸ਼ਕ ਹੈ।[219]

ਸ) Transformation of Sikhism, P-70-71, G.C.Narang.
ਹ) History of Sikh Gurus, P-140-44, Dr. Hari Ram Gupta.

213. ੳ) ਕੁਰਾਨ ਸ਼ਰੀਫ਼, 1.2.5.40 ਅਤੇ 43.
ਅ) ਉਹੀ, 16.24.7.55

214. ਉਹੀ, 28.62.2.9.

215. ੳ) ਉਹੀ, 6.5.2.8
ਅ) ਉਹੀ 6.5.2.9.
ੲ) ਉਹੀ, 8.7.3.29.

216. 'ਪੰਜਿ ਨਿਵਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ।
ਪਹਿਲਾ ਸਚੁ, ਹਲਾਲੁ ਦੁਇ, ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ।
ਕਰਣੀ ਕਲਮਾ ਆਖਿ ਕੈ, ਤਾ ਮੁਸਲਮਾਣੁ ਸਦਾਇ।
ਨਾਨਕ ਜੇਤੇ ਕੂੜਿਆਰ, ਕੂੜੈ ਕੂੜੀ ਪਾਇ।
(ਵਾਰ ਮਾਝ ਮ: 1, ਪਉੜੀ 7 ਦਾ ਸਲੋਕ, ਸ਼ਬਦਾਰਥ, ਪੰ: 141)

217. ਕੁਰਾਨ ਸ਼ਰੀਫ਼, 2.2.23.181.

218. ਉਹੀ, 28. 62. 2. 9. (ਬਾਕੀ ਅਗਲੇ ਪੰਨੇ ਤੇ -----)

ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ 'ਵਰਤਨੇਮ' ਕਰਨ ਵਾਲੇ ਹਿੰਦੂਆਂ ਅਤੇ ਨਿਮਾਜ਼ ਪੜ੍ਹਨ ਵਾਲੇ, ਰੋਜ਼ੇ ਤੇ ਕਾਅਬੇ ਦਾ ਹੱਜ ਕਰਨ ਵਾਲੇ ਮੁਸਲਮਾਨਾਂ ਤੋਂ ਅਲੱਗ ਸਿਧਾਂਤ ਦਰਸਾਕੇ ਇਕ ਨਿਰੰਕਾਰ ਦੇ ਪੁਜਾਰੀ ਹੋਣ ਦਾ ਦਾਅਵਾ ਕੀਤਾ ਗਿਆ ਹੈ।[220]

ਇਸਲਾਮ ਅਨੁਸਾਰ ਆਪਣੀ ਕਮਾਈ ਦਾ ਚਾਲ੍ਹੀਵਾਂ ਹਿਸਾ ਖੁਦਾ ਦੇ ਨਾਮ ਦਾਨ ਕਰ ਦੇਣਾ ਵਿਧਾਨ ਹੈ ਜਿਸ ਨੂੰ ਜ਼ਕਾਤ ਕਿਹਾ ਜਾਂਦਾ ਹੈ।[221] ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਹੱਕ ਹਲਾਲ ਦੀ ਕਮਾਈ ਵਿਚੋਂ ਦਾਨ ਕਰਨ ਵਾਲੇ ਨੂੰ ਹੀ ਧਰਮੀ ਕਿਹਾ ਗਿਆ ਹੈ।[222]

ਹਿੰਦੂਆਂ ਵਿਚ ਜਨੇਊ ਦੀ ਰਸਮਾਂ ਅਤੇ ਮੁਸਲਮਾਨਾਂ ਵਿਚ 'ਸੁੰਨਤ' ਸੰਸਕਾਰ ਪਰਚੱਲਤ ਸੀ।[223] ਪਰੰਤੂ ਗੁਰੂ-ਕਵੀਆਂ ਨੇ ਇਸਲਾਮ ਦੇ ਅਨੁਯਾਈਆਂ ਦੇ ਲਿੰਗ-ਇੰਦ੍ਰੀ ਨੂੰ ਕਟਣ ਕੇ ਸੁੰਨਤ ਕਰਾਉਣ ਦੇ ਸਿਧਾਂਤ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਅਨੁਸਾਰ ਸ਼ਰਮ ਤੇ ਜ਼ਬਤ ਹੀ ਸੁੰਨਤ ਹਨ।[224]

ਗੁਰੂ ਜੀ ਨੇ ਇਸਲਾਮੀ ਸ਼ਰੀਅਤ ਦੇ ਤੱਤਾਂ ਦੀ ਵਿਆਖਿਆ ਕਰਦਿਆਂ ਆਪਣੇ ਨਿਵੇਕਲੇ ਵਿਚਾਰ ਦਰਸਾਏ। ਉਨ੍ਹਾਂ ਅਨੁਸਾਰ ਦਇਆ ਰੂਪੀ ਮਸੀਤ, ਸਰਧਾ ਰੂਪੀ ਮੁਸੱਲਾ, ਹਕ ਹਲਾਲ ਦੀ ਕਮਾਈ ਰੂਪੀ ਕੁਰਾਨ, ਸ਼ਰਮ ਰੂਪੀ ਸੁੰਨਤ, ਸ਼ੀਲ (ਚੰਗਾ ਸੁਭਾਅ) ਰੂਪੀ ਰੋਜ਼ੇ ਆਦਿ ਦੇ ਧਾਰਨੀ ਹੋਣ ਵਾਲਾ ਹੀ ਸੱਚਾ ਮੁਸਲਮਾਨ ਹੋ ਸਕਦਾ ਹੈ। ਅਤੇ ਅਜਿਹਾ ਮੁਸਲਮਾਨ ਚੰਗੀ ਕਰਨੀ ਨੂੰ ਕਾਅਬਾ ਸਮਝੇ, ਸੱਚ ਨੂੰ ਪੀਰ ਸਮਝੇ ਚੰਗੇ ਤੇ ਨੇਕ ਕਰਮਾਂ ਨੂੰ ਕਲਮਾ ਤੇ ਨਿਮਾਜ਼ ਜਾਣੇ, ਰਬ ਦੇ ਹੁਕਮ ਅਨੁਸਾਰ ਭਾਣੇ ਨੂੰ ਤਸਬੀ ਮੰਨੇ ਤਾਂ ਹੀ ਰਬ ਉਸ ਦੀ ਲਾਜ ਰਖਦਾ ਹੈ।[225]

---

219. ੳ) ਉਹੀ, 17.22.4.28.
ਅ) ਉਹੀ, 2.2.24. 192.

220. ਵਰਤ ਨ ਰਹਉ ਨ ਮਹ ਰਮਦਾਨਾ। ਤਿਸੁ ਸੇਵੀ ਜੋ ਰਖੈ ਨਿਦਾਨਾ।1।
ਏਕੁ ਗੁਸਾਈ ਅਲਹੁ ਮੇਰਾ। ਹਿੰਦੂ ਤੁਰਕ ਦੁਹਾਂ ਨੇਬੇਰਾ।1।ਰਹਾਉ।
ਹਜ ਕਾਬੈ ਜਾਉ ਨ ਤੀਰਥ ਪੂਜਾ। ਏਕੋ ਸੇਵੀ ਅਵਰੁ ਨ ਦੂਜਾ।2।
ਪੂਜਾ ਕਰਉ ਨ ਨਿਵਾਜ ਗੁਜਾਰਉ। ਏਕ ਨਿਰੰਕਾਰ ਲੇ ਰਿਦੈ ਨਮਸਕਾਰਉ।3।
ਨਾ ਹਮ ਹਿੰਦੂ ਨ ਮੁਸਲਮਾਨ। ਅਲਹ ਰਾਮ ਕੇ ਪਿੰਡੁ ਪਰਾਨ।4।
(ਭੈਰਉ ਮ:5, ਉਹੀ, ਪੰ:1136.

221. ੳ) ਕੁਰਾਨ ਸ਼ਰੀਫ, ਪਾਰਾ 1, ਸੂਰਤ 2, ਰੁਕੂਅ 13, ਆਇਤ 104.
ਅ) ਉਹੀ, 18, 24.7.55.

222. ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।
(ਮ:1, ਸਾਰੰਗ ਕੀ ਵਾਰ ਮ:4, ਪਉੜੀ 22 ਦਾ ਸਲੋਕ, ਸ਼ਬਦਾਰਥ, ਪੰ:1245)

223. A Critical Study of Adi Granth, P-241, Dr. S. S. Kohli.

224. ੳ) ਸਰਮ ਸੁੰਨਤ............ਹੋਹੁ ਮੁਸਲਮਾਣੁ।
(ਮ:1, ਵਾਰ ਮਾਝ, ਪਉੜੀ 7 ਦਾ ਸਲੋਕ, ਸ਼ਬਦਾਰਥ, ਪੰ: 140)
ਅ) ਸੁੰਨਤਿ ਸੀਲ ਬੰਧਾਨਿ ਬਾਣਾ। (ਮਾਰੂ ਮ:5, ਸੋਲਹਾ, ਉਹੀ, ਪੰ: 1084)

225. ਮਿਹਰ ਮਸੀਤ, ਸਿਦਕੁ ਮੁਸਲਾ, ਹੱਕ ਹਲਾਲ ਕੁਰਾਣ।
ਸਰਮ ਸੁੰਨਤਿ, ਸੀਲੁ ਰੋਜਾ, ਹੋਹੁ ਮੁਸਲਮਾਣੁ।

(ਬਾਕੀ ਅਗਲੇ ਪੰਨੇ ਤੇ......)

ਇਸਲਾਮ ਦੇ ਵਿਸ਼ਵਾਸ ਅਨੁਸਾਰ ਮੁਰਦੇ ਨੂੰ ਜਲਾ ਦੇਣ ਦੀ ਬਜਾਇ ਕਬਰ ਵਿਚ ਦਫ਼ਨਾ ਦਿੱਤਾ ਜਾਂਦਾ ਹੈ। ਕਿਆਮਤ ਦੇ ਦਿਨ ਮੁਰਦੇ ਜਾਗ ਉਠਣਗੇ, ਚੰਗੇ ਮੰਦੇ ਕਰਮਾਂ ਦਾ ਹਿਸਾਬ ਹੋਵੇਗਾ, ਰਸੂਲ ਤੇ ਈਮਾਨ ਲਿਆਉਣ ਵਾਲਿਆਂ ਨੂੰ ਬਹਿਸ਼ਤ ਵਿਚ ਭੇਜਿਆ ਜਾਵੇਗਾ ਤੇ ਰਸੂਲ ਤੋਂ ਮੁਨਕਰ ਜੀਵਾਂ ਨੂੰ ਦੋਜ਼ਖ਼ ਦੇ ਕਸ਼ਟ ਸਹਿਣੇ ਪੈਣਗੇ।[226] ਪਰੰਤੂ ਗੁਰਮਤਿ ਇਸ ਦਾ ਖੰਡਨ ਕਰਦੀ ਹੈ। ਗੁਰੂ-ਬਾਣੀ ਅਨੁਸਾਰ ਮੁਰਦਾ ਸਰੀਰ ਚੇਤਨਾ-ਰਹਿਤ ਹੈ। ਸਰੀਰ ਦੀ ਚੇਤੰਨ ਸੱਤਾ ਅਰਥਾਤ ਆਤਮਾ ਤਾਂ ਆਪਣਾ ਲੇਖਾ ਭੁਗਤਣ ਲਈ ਸਰੀਰ ਨੂੰ ਛੱਡ ਜਾਂਦੀ ਹੈ, ਇਸ ਲਈ ਸਰੀਰ ਨੂੰ ਦਫ਼ਨ ਕਰਨ, ਜਲਾ ਦੇਣ, ਜਲ ਪਰਵਾਹ ਕਰਨ, ਜਾਂ ਪੰਛੀਆਂ ਅਥਵਾ ਜਾਨਵਰਾਂ ਦੇ ਖਾਣ ਲਈ ਕਿਸੇ ਖੁਲ੍ਹੇ ਸਥਾਨ ਤੇ ਰਖਣ ਨਾਲ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ।[227] ਇਸ ਤੋਂ ਇਲਾਵਾ ਮੁਸਲਮਾਨਾਂ ਦੀ ਉਸ ਧਾਰਮਿਕ ਹਉਮੈ ਵਲ ਗੁਰੂ ਜੀ ਨੇ ਸੰਕੇਤ ਕੀਤਾ ਹੈ, ਜਿਸ ਅਨੁਸਾਰ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਾਰੇ ਜਲਣ ਵਾਲੇ ਮਨੁੱਖ ਦੋਜ਼ਖ਼ ਵਿਚ ਪੈਣਗੇ। ਉਨ੍ਹਾਂ ਅਨੁਸਾਰ ਮੁਸਲਮਾਨਾਂ ਦੀਆਂ ਕਬਰਾਂ ਦੀ ਮਿੱਟੀ ਘੁਮਿਆਰ ਦੇ ਹੱਥ ਤੇ ਚੜ੍ਹਨ ਉਪਰੰਤ ਭਾਂਡੇ ਆਵੇ ਵਿਚ ਸੜਦੀ ਹੋਈ ਰੋਂਦੀ ਤੇ ਪੁਕਾਰ ਕਰਦੀ ਹੈ। ਗੁਰੂ ਜੀ ਅਨੁਸਾਰ ਅਸਲ ਵਿਚ ਕਰਮ-ਕਾਰਣ ਪ੍ਰਗਟ ਹੋ ਜਾਂਦਾ ਹੈ ਕਿ ਮਨੁੱਖ ਦੀ ਜ਼ਿੰਦਗੀ ਦਾ ਜੋ ਸਿੱਟਾ ਨਿਕਲਣਾ ਹੈ, ਦਬਾਏ ਵਾਲੇ ਨੇ ਦੋਜ਼ਖ਼ ਜਾਣਾ ਹੈ ਜਾਂ ਸੜਨ ਵਾਲੇ ਨੇ।[228]

ਇਸਲਾਮ ਧਰਮ ਵਿਚ ਸੂਰ ਦਾ ਮਾਸ ਖਾਣਾ ਵਿਵਰਜਤ ਹੈ ਅਤੇ ਹਲਾਲੀ ਦਾ ਮਾਸ ਖਾਣਾ ਹੀ ਵਿਧਾਨ ਹੈ।[229] ਜਾਨਵਰ ਨੂੰ ਜ਼ਬ੍ਹਾ ਕਰਨ ਲਗਿਆਂ ਉਸ ਦੀ ਸਾਹ ਰਗ ਕਟੀ ਜਾਂਦੀ ਹੈ। ਕਲਮਾ ਪੜ੍ਹਿਆਂ ਜਦੋਂ ਛੁਰੀ ਹੌਲੀ ਹੌਲੀ ਚਲਾਈ ਜਾਂਦੀ ਹੈ ਤਾਂ ਲਹੂ ਵਗਦਾ ਹੈ, ਉਸ ਮਾਸ ਨੂੰ ਮੁਸਲਮਾਨ ਹਲਾਲ ਦਾ ਮਾਸ ਆਖਦੇ ਹਨ।

ਗੁਰਮਤਿ ਵਿਚ ਅਜਿਹੇ ਰਿਵਾਜ ਨੂੰ ਨਿਰਦੈਤਾ ਮੰਨਿਆ ਹੈ। ਹਲਾਲੀ ਦਾ ਆਦਰਸ਼ ਰੂਪ ਗੁਰੂ-ਬਾਣੀ ਵਿਚ ਦਰਸਾਇਆਂ ਕਿਹਾ ਗਿਆ ਹੈ ਕਿ ਸਚ ਦੀ ਕਟਾਰ, ਸ਼ਬਦ ਦੀ ਸਾਣ ਤੇਜ਼ ਕਰਕੇ ਗੁਣਾਂ

ਕਰਣੀ ਕਾਬਾ, ਸਚੁ ਪੀਰੁ, ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ, ਨਾਨਕ ਰਖੈ ਲਾਜ।
(ਮ:1, ਵਾਰ ਮਾਝ, ਪਉੜੀ 7 ਦਾ ਸਲੋਕ, ਉਹੀ, ਪੰ: 140-41)

226. ਕੁਰਾਨ ਸ਼ਰੀਫ਼, ਪਾਰਾ 21, ਸੂਰਤ 30, ਅ ਰੁਕੂਅ 2, ਆਇਤ 13-15.

227. ਇਕ ਦਝਹਿ, ਇਕ ਦਬੀਅਹਿ, ਇਕਨਾ ਕੁਤੇ ਖਾਹਿ।
ਇਕ ਪਾਣੀ ਵਿਚਿ ਉਸਟੀਅਹਿ, ਇਕਿ ਭੀ ਫਿਰਿ ਹਸਣਿ ਪਾਹਿ।
(ਮ:3, ਵਾਰ ਸੋਰਠਿ ਮ:4, ਪਉੜੀ 16 ਦਾ ਸਲੋਕ, ਸ਼ਬਦਾ:, ਪੰ: 648)

228. ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।
ਘੜਿ ਭਾਂਡੇ ਇਟਾ ਕੀਆ, ਜਲਦੀ ਕਰੇ ਪੁਕਾਰ।
ਜਲਿ ਜਲਿ ਰੋਵੈ ਬਪੁੜੀ, ਝੜਿ ਝੜਿ ਪਵਹਿ ਅੰਗਿਆਰ।
ਨਾਨਕ ਜਿਨਿ ਕਰਤੈ ਕਾਰਣੁ ਕੀਆ, ਸੋ ਜਾਣੈ ਕਰਤਾਰੁ।
(ਵਾਰ ਆਸਾ ਮ:1, ਪਉੜੀ 5 ਦਾ ਸਲੋਕ, ਉਹੀ, ਪੰ: 466)

229. ਕੁਰਾਨ ਸ਼ਰੀਫ਼, 21,30.2.13-15.

ਰੂਪੀ ਮਿਆਨ ਵਿਚ ਰਖੀ ਜਾਵੇ। ਉਸ ਕਟਾਰ ਨਾਲ ਆਪਣੇ ਮਨ ਨੂੰ ਕੱਟੇ ਅਤੇ ਉਸ ਵਿਚੋਂ ਲੋਭ ਰੂਪੀ ਲਹੂ ਨੂੰ ਨਿਕਲਦਿਆਂ ਵੇਖੇ, ਤਾਂ ਉਹ ਜੀਵਨ ਹਲਾਲ ਕਿਹਾ ਜਾਵੇਗਾ।[230]

ਇਸਲਾਮੀ ਸ਼ਰ੍ਹਾ ਅਨੁਸਾਰ, ਜਾਰੀ[231] (ਪਰ ਇਸਤਰੀ ਵੱਲ ਭੈੜੀ ਦ੍ਰਿਸ਼ਟੀ) ਅਤੇ ਸੂਦ[232] ਤੇ ਪੈਸਾ ਲੈਣਾ ਦੇਣਾ ਵਰਜਿਤ ਹੈ। ਪਰ ਮੱਧ ਕਾਲ ਵਿਚ ਇਨ੍ਹਾਂ ਬੁਰਾਈਆਂ ਦਾ ਬੋਲਬਾਲਾ ਸੀ, ਇਨ੍ਹਾਂ ਬਾਰੇ ਪਹਿਲਾਂ ਵਰਨਣ ਕੀਤਾ ਜਾ ਚੁਕਿਆ ਹੈ।[233] ਇਸ ਲਈ ਇਥੇ ਦੁਹਰਾਉ ਕਰਨਾ ਉਚਿਤ ਨਹੀਂ।

ਚੋਰੀ ਕਰਨ ਤੋਂ ਵੀ ਇਸਲਾਮ ਧਰਮ ਵਿਚ ਸਖਤ ਤਾੜਨਾ ਕੀਤੀ ਗਈ ਹੈ।[234] ਪਰ ਮੱਧਕਾਲ ਵਿਚ ਇਹ ਬੁਰਾ ਧੰਦਾ ਕਰਨ ਵਿਚ ਮੁਸਲਮਾਨ ਵੀ ਸ਼ਾਮਿਲ ਸਨ, ਜਿਸ ਦਾ ਖੰਡਨ ਗੁਰੂ-ਕਾਵਿ ਵਿਚ ਕੀਤਾ ਗਿਆ ਹੈ।[235] ਗੁਰੂ ਜੀ ਅਨੁਸਾਰ ਪਰਾਈਆਂ ਇਸਤਰੀਆਂ ਦਾ ਸੰਪਰਕ ਰਖਣ ਵਾਲੇ ਅਤੇ ਜੁਆਰੀਆਂ ਦੇ ਨਾਲ ਚੋਰਾਂ ਨੂੰ ਵੀ ਕੋਹਲੂ ਵਿਚ ਪਾ ਕੇ ਪੀੜਿਆ ਜਾਂਦਾ ਹੈ।[236]

ਆਦਿ ਗ੍ਰੰਥ ਦਾ ਗੁਰੂ-ਕਾਵਿ ਇਸਲਾਮ ਵਿਰੋਧੀ ਨਹੀਂ ਪਰ ਇਸ ਧਰਮ ਵਿਚ ਭੈੜੀ ਜੀਵਨ ਜਾਚ ਵਾਲਿਆਂ ਦਾ ਗੁਰੂ ਸਾਹਿਬਾਨ ਨੇ ਖੰਡਨ ਕੀਤਾ। ਇਸੇ ਲਈ ਗੁਰੂ ਜੀ ਨੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਪ੍ਰੇਰਿਆ ਅਤੇ ਸੱਚੇ ਮੁਸਲਮਾਨ ਦੇ ਗੁਣਾਂ ਬਾਰੇ ਆਪਣੇ ਮੌਲਿਕ ਵਿਚਾਰ ਦਰਸਾਇਆਂ ਜਿਵੇਂ:- ਮੁਸਲਮਾਨ ਉਹ ਹੈ ਜਿਸ ਨੂੰ ਮਜ਼੍ਹਬ ਪਿਆਰਾ ਲਗੇ, ਜਿਵੇਂ ਮਸਕਲੇ (ਜੰਗਾਲ ਲਾਹੁਣ ਵਾਲਾ ਹਥਿਆਰ) ਨਾਲ ਜੰਗਾਲ ਲਾਹੀਦਾ ਹੈ, ਉਸੇ ਪ੍ਰਕਾਰ ਆਪਣੀ ਕਮਾਈ ਦਾ ਧਨ ਲੋੜਵੰਦਾਂ ਵਿਚ ਵੰਡਕੇ ਆਪਣਾ ਹੰਕਾਰ ਦੂਰ ਕਰੇ। ਦੀਨ ਜਾਂ ਮਜ਼੍ਹਬ ਦੀ ਅਗਵਾਈ ਵਿਚ ਮੁਸਲਮਾਨ ਬਣੇ ਤੇ ਸਾਰੇ ਜੀਵਨ ਦੀ ਭਟਕਣ ਮੁਕਾ ਦੇਵੇ। ਰਬ ਦੇ ਭਾਣੇ ਨੂੰ ਸਿਰ ਮੱਥੇ ਮੰਨੇ। ਕਾਦਰ ਨੂੰ ਕਰਨ ਕਰਾਵਨ ਹਾਰ ਸਮਝ ਕੇ ਖੁਦੀ ਮਿਟਾ ਦੇਵੇ। ਰਬ ਦੇ ਬੰਦਿਆਂ ਨਾਲ ਪਿਆਰ ਕਰੇ। ਇਨ੍ਹਾਂ ਸਾਰੇ ਗੁਣਾਂ ਦਾ ਧਾਰਨੀ ਹੀ ਸੱਚਾ ਮੁਸਲਮਾਨ ਅਖਵਾ ਸਕਦਾ ਹੈ।[237] ਅਜਿਹੇ ਮੁਸਲਮਾਨ ਲਈ ਰਬ ਦੀ ਸਿਫਤ, ਸੰਤੋਖ, ਨਿਮ੍ਰਤਾ, ਦਾਨ ਅਤੇ ਇੰਦ੍ਰੀ- ਦਮਨ ਨੂੰ

---

230. ਸੱਚ ਕੀ ਕਾਤੀ ਸਚੁ ਸਭੁ ਸਾਰੁ। ਘਾੜਤ ਤਿਸ ਕੀ ਅਪਰ ਅਪਾਰ।
ਸਬਦੇ ਸਾਣ ਰਖਾਈ ਲਾਇ। ਗੁਣ ਕੀ ਥੇਕੈ ਵਿਚਿ ਸਮਾਇ।
ਤਿਸ ਦਾ ਕੁਠਾ ਹੋਵੈ ਸੇਖੁ। ਲੋਹੂ ਲਬੁ ਨਿਕਥਾ ਵੇਖੁ।
ਹੋਇ ਹਲਾਲੁ ਲਗੈ ਹਕਿ ਜਾਇ। ਨਾਨਕ ਦਰਿ ਦੀਦਾਰਿ ਸਮਾਇ।
(ਮ:1, ਰਾਮਕਲੀ ਕੀ ਵਾਰ ਮ:3, ਪਉੜੀ 19 ਦਾ ਸਲੋਕ, ਗੁਗ੍ਰੰ, ਪੰ:956)

231. ਕੁਰਾਨ ਸ਼ਰੀਫ, ਪਾਰਾ 18, ਸੂਰਤ 24, ਰੁਕੂਅ 1, ਆਇਤ 2-3.

232. ਉਹੀ, 3.2.28.276-81.

233. ਵਿਸਥਾਰ ਲਈ ਵੇਖੋ: ਕ੍ਰਮਵਾਰ ਅਧਿਆਇ ਤੀਜਾ ਵਿਚ ਸਮਾਜਕ ਬੁਰਾਈਆਂ ਦੇ ਅੰਤਰਗਤ, ਪਰ ਇਸਤਰੀ-ਗਮਨ ਅਤੇ ਆਰਥਿਕ ਪਰਿਸਥਿਤੀਆਂ।

234. ਕੁਰਾਨ ਸ਼ਰੀਫ, 6.5.6.42.

235. ਚੋਰ ਕੀ ਹਾਮਾ ਭਰੇ ਨ ਕੋਇ। ਚੋਰ ਕੀਆ ਚੰਗਾ ਕਿਉ ਹੋਇ।
(ਧਨਾਸਰੀ ਮ:1, ਗੁਗ੍ਰੰ, ਪੰ: 662)

236. ਚੋਰ ਜਾਰ ਜੂਆਰ ਪੀੜੇ ਘਾਣੀਐ। (ਮਲਾਰ ਕੀ ਵਾਰ ਮ:1, ਪਉੜੀ 21, ਗੁਗ੍ਰੰ, ਪੰ:1288)

237. ਮੁਸਲਮਾਣੁ ਕਹਾਵਣੁ ਮੁਸਕਲੁ, ਜਾ ਹੋਇ ਤਾ ਮੁਸਲਮਾਣੁ ਕਹਾਵੈ।
ਅਵਲਿ ਅਉਲਿ ਦੀਨੁ ਕਰਿ ਮਿਠਾ, ਮਸਕਲ ਮਾਨਾ ਮਾਲੁ ਮੁਸਾਵੈ।

(ਬਾਕੀ ਅਗਲੇ ਪੰਨੇ ਤੇ......)

ਜੀਵਨ ਵਿਚ ਚਾਲ ਚਲਣ ਦੇ ਨਿਰੋਲ ਗੁਣਾਂ ਵਾਲੀਆਂ ਨਿਮਾਜ਼ਾਂ ਪੜ੍ਹਨ ਲਈ ਗੁਰੂ ਜੀ ਨੇ ਸੁਝਾਵ ਦਿੱਤਾ ਹੈ।[238]

ਮੁਲਾਂ ਤੇ ਕਾਜ਼ੀ ਇਸਲਾਮ ਧਰਮ ਦੀਆਂ ਦੋ ਪ੍ਰਸਿੱਧ ਹਸਤੀਆਂ ਸਨ। ਮੁੱਲਾਂ ਦਾ ਕੰਮ ਧਾਰਮਿਕ ਗ੍ਰੰਥ 'ਕੁਰਾਨ' ਪੜ੍ਹਨਾ, ਪੜ੍ਹਾਉਣਾ ਅਤੇ ਸ਼ਰੀਅਤ ਅਨੁਸਾਰ ਧਾਰਮਿਕ ਜੀਵਨ ਬਿਤਾਉਣ ਲਈ ਪ੍ਰੇਰਨਾ ਦੇਣਾ ਸੀ। ਕਾਜ਼ੀ ਦਾ ਕੰਮ ਨਿਆਂ ਕਰਨਾ ਅਤੇ ਮੁਲਾਂ ਦੇ ਨਾਲ ਰਲਕੇ ਕੁਰਾਨ ਸ਼ਰੀਫ ਦੀ ਵਿਆਖਿਆ ਕਰਨਾ ਸੀ। ਪਰੰਤੂ ਇਨ੍ਹਾਂ ਦੋਨਾਂ ਦਾ ਜੀਵਨ ਪਖੰਡੀ ਸੀ। ਕਾਜ਼ੀ ਬਾਰੇ ਰਾਜਨੀਤਕ ਪੱਖ ਦੇ ਅਧਿਆਇ (ਤੀਜਾ) ਵਿਚ ਸ਼ਾਸਨ ਪ੍ਰਬੰਧ ਦੇ ਅੰਤਰਗਤ ਵਰਣਨ ਕੀਤਾ ਗਿਆ ਹੈ। ਇਥੇ ਇਸ ਦਾ ਦੁਹਰਾਉ ਕਰਨਾ ਅਯੋਗ ਹੋਵੇਗਾ।

ਮੁੱਲਾਂ ਵਰਗਾ ਧਾਰਮਿਕ ਆਗੂ, ਜਿਸ ਨੇ ਲੋਕਾਂ ਦਾ ਮਾਰਗ ਦਰਸ਼ਨ ਕਰਨਾ ਹੁੰਦਾ ਸੀ, ਅਨੈਤਿਕਤਾ ਦੀ ਖੱਡ ਵਿਚ ਡਿਗਿਆ ਪਿਆ ਸੀ। ਉਹ ਝੂਠ ਬੋਲ ਕੇ ਪਰਾਇਆ ਹੱਕ ਖਾਂਦਾ ਪਰੰਤੂ ਇਸ ਕੰਮ ਤੋਂ ਦੂਜਿਆਂ ਨੂੰ ਵਰਜਦਾ ਸੀ। ਗੁਰੂ ਜੀ ਅਜਿਹੇ ਆਗੂਆਂ ਤੇ ਵਿਅੰਗ ਕਸਦੇ ਹੋਏ ਕਹਿੰਦੇ ਹਨ ਕਿ ਅਸਲ ਵਿਚ ਇਸ ਪ੍ਰਕਾਰ ਦੇ ਅੰਨ੍ਹੇ ਆਗੂ ਆਪ ਵੀ ਲੁਟੀਂਦੇ ਹਨ ਤੇ ਆਪਣੇ ਅਨੁਯਾਈਆਂ ਨੂੰ ਵੀ ਲੁਟਾਉਂਦੇ ਹਨ।[239] ਅਜਿਹੇ ਗਿਆਨ-ਵਿਹੂਣੇ ਧਾਰਮਿਕ ਆਗੂਆਂ ਨੂੰ, ਗੁਰਮਤਿ ਅਨੁਸਾਰ, ਦਰਗਾਹ ਵਿਚ ਜੁੱਤੀਆਂ ਮੂੰਹ ਤੇ ਪੌਲਾਂ ਪੈਂਦੀਆਂ ਹਨ।[240]

ਇਸ ਲਈ ਮੁਲਾਂ ਨੂੰ ਗੁਰੂ-ਬਾਣੀ ਦੇ ਰਚਨਹਾਰਿਆਂ ਵੱਲੋਂ ਮੌਤ ਯਾਦ ਕਰਾਕੇ ਰੱਬ ਦੇ ਡਰ ਵਿਚ ਰਹਿਣ ਲਈ ਚੇਤਾਵਨੀ ਦਿੱਤੀ ਗਈ ਹੈ। ਕੇਵਲ ਕਿਤਾਬਾਂ (ਕੁਰਾਨ ਆਦਿ ਧਾਰਮਿਕ ਗ੍ਰੰਥ) ਪੜ੍ਹਨੀਆਂ ਕੁਝ ਲਈ ਕਾਫੀ ਨਹੀਂ, ਸਗੋਂ ਰੱਬ ਦੇ ਨਾਮ ਨਾਲ ਡੂੰਘੀ ਸਾਂਝ ਪਾਉਣੀ ਵੀ ਜ਼ਰੂਰੀ ਹੈ। ਪੰਜ ਵਖਤ ਨਿਮਾਜ਼ ਅਤੇ ਕੁਰਾਨ ਪੜ੍ਹਨ ਵਾਲਿਆਂ ਨੂੰ ਰੱਬ ਤੋਂ ਡਰਨਾ ਚਾਹੀਦਾ ਹੈ, ਕਿਉਂਕਿ ਮੌਤ ਆਉਣ ਨਾਲ ਉਨ੍ਹਾਂ ਦੀ ਹਰਾਮ ਨਾਲ ਕੀਤੀ ਕਮਾਈ ਇਥੇ ਹੀ ਰਹਿ ਜਾਂਦੀ ਹੈ।[241] ਗੁਰਮਤਿ

(ਪਿਛਲੇ ਪੰਨੇ ਦੀ ਬਾਕੀ:)

ਹੋਇ ਮੁਸਲਿਮੁ ਦੀਨ ਮੁਹਾਣੈ, ਮਰਣ ਜੀਵਣ ਕਾ ਭਰਮੁ ਚੁਕਾਵੈ।
ਰਬ ਕੀ ਰਜਾਇ ਮੰਨੇ ਸਿਰ ਉਪਰਿ, ਕਰਤਾ ਮੰਨੇ ਆਪੁ ਗਵਾਵੈ।
ਤਉ ਨਾਨਕ ਸਰਬ ਜੀਆ ਮਿਹਰੰਮਤਿ, ਹੋਇ ਤ ਮੁਸਲਮਾਣੁ ਕਹਾਵੈ।
(ਵਾਰ ਮਾਝ ਮ: 1, ਪਉੜੀ 8 ਨਾਲ ਸਲੋਕ, ਗ੍ਰੰਥ, ਪੰ: 141)

238. ਅਵਲ ਸਿਫਤੀ ਦੂਜੀ ਸਬੂਰੀ। ਤੀਜੈ ਹਲੇਮੀ, ਚਉਥੈ ਖੈਰੀ।
ਪੰਜਵੈ ਪੰਜੇ ਇਕਤੁ ਮੁਕਾਮੈ, ਏਹਿ ਵਖਤ ਤੇਰੇ ਅਪਰ ਪਾਰਾ।
(ਮਾਰੂ ਸੋਲਹੇ ਮ: 5, ਗ੍ਰੰਥ, ਪੰ: 1084)

239. ਕੂੜ ਬੋਲਿ ਮੁਰਦਾਰੁ ਖਾਇ। ਅਵਰੀ ਨੂੰ ਸਮਝਾਵਣਿ ਜਾਇ।
ਮੁਠਾ ਆਪਿ ਮੁਹਾਏ ਸਾਥੈ। ਨਾਨਕ ਐਸਾ ਆਗੂ ਜਾਪੈ।
(ਮ: 1, ਵਾਰ ਮਾਝ, ਪਉੜੀ 5 ਦਾ ਸਲੋਕ, ਗ੍ਰੰਥ, ਪੰ: 140)

240. ਨਾਨਕ ਅੰਧਾ ਹੋਇ ਕੈ ਦਸੇ ਰਾਹੈ, ਸਭਸੁ ਮੁਹਾਏ ਸਾਥੈ।
ਅਗੈ ਗਇਆ ਮੁਹੇ ਮੁਹਿ ਪਾਹਿ, ਸੁ ਐਸਾ ਆਗੂ ਜਾਪੈ।
(ਮ: 1, ਵਾਰ ਮਾਝ, ਪਉੜੀ 6 ਦਾ ਸਲੋਕ, ਗ੍ਰੰਥ, ਪੰ: 140)

(ਬਾਕੀ ਅਗਲੇ ਪੰਨੇ ਤੇ ----)

ਅਨੁਸਾਰ ਅਸਲ ਮੁੱਲਾਂ ਤਾਂ ਹੈ ਜੋ ਨਾਪਾਕ ਜੀਆਂ ਤੇ ਜਿਹਾਦ ਪਾਵੇ।[242]

ਮੁਸਲਮਾਨ ਆਪਣੇ ਧਰਮ ਨੂੰ ਸਭ ਤੋਂ ਉੱਚਾ ਸਮਝਦੇ ਸਨ। ਮੁਸਲਮਾਨ ਬਣ ਜਾਣ ਤੋਂ ਬਾਅਦ ਪ੍ਰਹੇਜ਼, ਛੂਤ ਛਾਤ ਆਦਿ ਜੇਹਾ ਖ਼ਤਮ ਹੋ ਜਾਂਦਾ ਸੀ। ਸ਼ੂਦਰ ਜਾਤੀ ਦੇ ਲੋਕਾਂ ਆਪਣੀ ਪੰਗਤੀ ਹਾਲਤ ਵਿਚ ਸੁਧਾਰ ਕਰਨ ਲਈ ਹਿੰਦੂ ਧਰਮ ਛੱਡ ਕੇ ਇਸਲਾਮ ਧਾਰਨ ਕਰਕੇ ਸ਼ਾਸਕ ਸ਼੍ਰੇਣੀ ਵਿਚ ਸ਼ਾਮਿਲ ਹੋ ਗਏ। ਇਸਲਾਮ ਧਰਮ ਲਈ ਪ੍ਰਚਾਰ ਦਾ ਵੀ ਮੁਕਾਬਲਾ ਮੌਕਾ ਸੀ। ਜਿਥੇ ਪਿਆਰ, ਪ੍ਰੇਰਨਾ ਜਾਂ ਲਾਲਚ ਦੁਆਰਾ ਇਸਲਾਮ ਨਾ ਫੈਲ ਸਕਿਆ, ਉਥੇ ਸ਼ਾਸਕ ਸ਼੍ਰੇਣੀ ਹੋਣ ਕਰਕੇ ਤਲਵਾਰ ਦੇ ਜ਼ੋਰ ਨਾਲ ਫੈਲਾਇਆ ਗਿਆ।[243] ਸ਼ਰ੍ਹਾ ਅਨੁਸਾਰ ਹੀ ਗੈਰ ਮੁਸਲਿਮ ਲੋਕਾਂ ਤੇ ਜਜ਼ੀਆ ਲਾਇਆ ਗਿਆ।[244] ਇਸਲਾਮ ਵਿਚ ਸ਼ਰ੍ਹਾ ਅਨੁਸਾਰ ਜੀਵਿਆਂ ਹੀ ਮਾਨਤਾ ਮਿਲਦੀ ਹੈ ਅਤੇ ਕੁਰਾਨ ਸ਼ਰੀਫ ਵਿਚ ਸਪਸ਼ਟ ਤੌਰ ਤੇ ਦਰਸਾਇਆ ਗਿਆ ਹੈ ਕਿ ਮੁਸਲਮਾਨਾਂ ਨੂੰ ਮੁਸਲਮਾਨਾਂ ਤੋਂ ਛੁੱਟ ਕਿਸੇ ਨੂੰ ਮਿੱਤਰ ਨਹੀਂ ਬਣਾਉਣਾ ਚਾਹੀਦਾ।[245] ਪਰੰਤੂ ਗੁਰਮਤਿ ਵਿਚ ਇਸ ਦੇ ਉਲਟ ਸਾਰੀ ਖ਼ਲਕਤ, ਭਾਵੇਂ ਉਹ ਕਿਸੇ ਧਰਮ ਨਾਲ ਸੰਬੰਧਤ ਹੈ ਗੁਰੂ ਦੀ ਮਿੱਤਰ ਹੈ, ਗੁਰੂ ਦਾ ਕਿਸੇ ਨਾਲ ਵੈਰ ਨਹੀਂ ਦੁਸ਼ਮਣੀ ਨਹੀਂ।[246] ਇਸਲਾਮੀ ਸ਼ਰ੍ਹਾ ਵਿਚ ਦੂਜੇ ਦਾ ਧਰਮ ਅਪਣਾਉਣ ਨਾਲ ਹੀ ਪ੍ਰਹੇਜ਼ ਆਦਿ ਜੇਹਾ ਬਾਅਦ ਖ਼ਤਮ ਹੁੰਦਾ ਹੈ, ਪਰੰਤੂ ਗੁਰਮਤਿ ਵਿਚ ਊਚ ਨੀਚ ਦਾ ਭੇਦ ਹੈ ਹੀ ਨਹੀਂ।[247] ਇਸ ਪ੍ਰਕਾਰ ਇਸਲਾਮ ਧਰਮ ਦੇ ਕਰਮਕਾਂਡੀ ਜੀਵਨ ਅਤੇ ਸ਼ਾਸਕ ਜਾਤ ਦੇ ਗੈਰ ਮੁਸਲਮਾਨਾਂ ਨੂੰ ਜ਼ਬਰਦਸਤੀ ਇਸਲਾਮ ਧਾਰਨ ਕਰਨ ਲਈ ਮਜਬੂਰ ਕਰਨ ਦੇ ਯਤਨ ਵਿਰੁੱਧ ਆਦਿ ਗ੍ਰੰਥ ਦੇ ਗੁਰੂ ਸਾਹਿਬਾਨ ਨੇ ਪੁਰਜ਼ੋਰ ਆਵਾਜ਼ ਉਠਾਈ। ਮੁਸਲਮਾਨਾਂ ਨੂੰ ਅਸਲ ਰੂਪ ਵਿਚ ਮੁਸਲਮਾਨ ਬਣਨ ਲਈ ਪ੍ਰੇਰਨਾ ਦਿੱਤੀ ਅਤੇ ਉਚੇਰੇ ਨੈਤਿਕ ਜੀਵਨ ਜੀਣ ਲਈ ਬਹੁਮੁੱਲੇ ਅਤੇ ਸੁਚੱਜੇ ਸੁਝਾਅ ਵੀ ਦਿੱਤੇ।

---

241. ਮਰਣਾ ਮੁਲਾ ਮਰਣਾ। ਭੀ ਕਰਤਾਰਹੁ ਡਰਣਾ।1।ਰਹਾਉ।
ਤਾਂ ਤੂੰ ਮੁਲਾ (ਤਾਂ ਤੂ ਕਾਜੀ) ਜਾਣਹਿ ਨਾਮੁ ਖੁਦਾਈ।
ਜੇ ਬਹੁਤੇਰਾ ਪੜਿਆ ਹੋਵਹਿ, ਕੋ ਰਹੈ ਨ ਭਰੀਐ ਪਾਈ।
.....ਪੰਜ ਵਖਤ ਨਿਵਾਜ ਗੁਜਾਰਹਿ, ਪੜਹਿ ਕਤੇਬ ਕੁਰਾਣਾ।
ਨਾਨਕ ਆਖੈ ਗੋਰ ਸਦੇਈ, ਰਹਿਓ ਪੀਣਾ ਖਾਣਾ।
(ਸਿਰੀ ਰਾਗ ਮ:1,(ਘਰ 4),ਸ਼ਬਦਾਰਥ, ਪੰ: 24)
242. ਸੋ ਮੁਲਾ ਮਲਊਨ ਨਿਵਾਰੈ.....। (ਮਾਰੂ ਮ:5, ਸੋਲਹੇ, ਉਹੀ, ਪੰ: 1084)
243. ਵਿਸਥਾਰ ਲਈ ਵੇਖੋ: ੳ) ਅਧਿਆਇ ਤੀਜਾ: ਸ਼ਾਸਨ ਪ੍ਰਬੰਧ ਵਿਚ ... ਅਤੇ ਸਿੱਖਾਂ
ਅ) ਅਧਿਆਇ ਚੌਥਾ: ਆਰਥਿਕ ਪਰਿਸਥਿਤੀਆਂ। ਪ੍ਰਬੰਧ।
244. ਕੁਰਾਨ ਸ਼ਰੀਫ, ਪਾਰਾ ੯, ਸੂਰਤ ੯, ਰੁਕੂਅ 4, ਆਇਤ 2੯.
245. ਉਹੀ, 3.3.3.27.
246. ਨਾ ਕੋ ਮੇਰਾ ਦੁਸਮਨੁ ਰਹਿਆ, ਨਾ ਹਮ ਕਿਸ ਕੇ ਬੈਰਾਈ......
ਸਭ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ।.........
(ਧਨਾਸਰੀ ਮ:5, ਉਹੀ, ਪੰ: 671)
247. ਸਭ ਕਹੁ ਊਚਾ ਆਖੀਐ, ਨੀਚੁ ਨ ਦੀਸੈ ਕੋਇ।
ਇਕਨੈ ਭਾਂਡੇ ਸਾਜਿਐ, ਇਕੁ ਚਾਨਣੁ ਤਿਹੁ ਲੋਇ।(ਸਿਰੀ ਰਾਗ ਅਸਟਪਦੀਆ ਮ:1, ਉਹੀ, ਪੰ:62)

ਬੁੱਧ ਧਰਮ :-

ਬੁੱਧ ਧਰਮ ਦੇ ਬਾਨੀ ਰਾਜਕੁਮਾਰ ਸਿਧਾਰਥ ਜੀ ਸਨ। ਉਨ੍ਹਾਂ ਨੇ ਵੇਦਾਂ ਦੀ ਪ੍ਰਮਾਣਿਕਤਾ ਤੋਂ ਇਨਕਾਰ ਕੀਤਾ।[248] ਉਨ੍ਹਾਂ ਅਹਿੰਸਾ[249] ਅਤੇ ਸ਼ੁੱਧ ਆਚਰਣ[250] ਤੇ ਜ਼ੋਰ ਦਿੱਤਾ। ਬੁੱਧ ਧਰਮ ਨੇ 'ਪੰਚਸ਼ੀਲ'[251] ਨਾਂ ਦੇ ਪੰਜ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਬਣਾਇਆ :(1) ਹਿੰਸਾ ਨਾ ਕਰਨਾ, (2) ਚੋਰੀ ਨਾ ਕਰਨਾ, (3) ਦੁਰਾਚਾਰ ਨਾ ਕਰਨਾ, (4) ਝੂਠ ਨਾ ਬੋਲਣਾ ਅਤੇ (5) ਨਸ਼ੀਲੀ ਵਸਤੂਆਂ ਦਾ ਸੇਵਨ ਨਾ ਕਰਨਾ।

ਬੁੱਧ ਧਰਮ ਵਾਲੇ ਕਰਮ ਸਿਧਾਂਤ ਵਿਚ ਵਿਸ਼ਵਾਸ ਰਖਦੇ ਅਤੇ ਕਰਮਾਂ ਅਨੁਸਾਰ ਮਨੁੱਖ ਦਾ ਪੁਨਰ-ਜਨਮ ਹੁੰਦਾ ਮੰਨਦੇ ਸਨ।[252]

ਜਾਤੀ ਪ੍ਰਥਾ,[253] ਯੱਗ,[254] ਬਲੀ ਅਤੇ ਕਰਮਕਾਂਡ ਵਿਚ ਉਨ੍ਹਾਂ ਦਾ ਅਵਿਸ਼ਵਾਸ ਸੀ। ਈਸ਼ਵਰ ਦੀ ਹੋਂਦ ਬਾਰੇ ਉਹ ਮੌਨ ਸਨ।[255]

ਬੁੱਧ ਦੇ ਚਾਰ ਮੌਲਿਕ ਸਿਧਾਂਤਾਂ ਨੂੰ 'ਚਾਰ ਆਰਯ ਸਤਯ'[256] ਕਿਹਾ ਜਾਂਦਾ ਸੀ ਜੋ ਇਸ ਪ੍ਰਕਾਰ ਹਨ:-

(1) ਦੁਨੀਆਂ ਦੁੱਖਾਂ ਦਾ ਘਰ ਹੈ।

(2) ਇਨ੍ਹਾਂ ਦੁੱਖਾਂ ਦਾ ਕਾਰਨ ਮਨੁੱਖ ਦੀਆਂ ਇੱਛਾਵਾਂ/ਵਾਸਨਾਵਾਂ ਹਨ।

(3) ਇਨ੍ਹਾਂ ਇੱਛਾਵਾਂ/ਵਾਸਨਾਵਾਂ ਤੇ ਜਿੱਤ ਪ੍ਰਾਪਤ ਕਰ ਲੈਣ ਨਾਲ ਦੁੱਖਾਂ ਦਾ ਅੰਤ ਹੋ ਸਕਦਾ ਹੈ।

---

248. The Religions of India, P-109-10, A. Barth.
249. ੳ) ਧਮਪਦ, ਵਗ 18/ ਗਾਥਾ 247, ਸੰਪਾਦਕ: ਡਾ: ਐਸ.ਐਸ. ਸੇਠੀ ਅਤੇ ਡਾ: ਸ਼ਾਰਦਾ ਜੋਸ਼ੀ।
ਅ) ਉਹੀ, 19/270
250. ੳ) ਉਹੀ, 8/110
ਅ) ਉਹੀ, 14/183-85
251. ੳ) ਭਾਰਤੀਯ ਦਰਸ਼ਨ ਪੰ: 122, ਡਾ: ਬਲਦੇਵ ਉਪਾਧਿਆਏ।
ਅ) Buddhism, P-49 (Buddhist Ethics and Social Ideas- Dr. Shanti Bhikshu Shastri), P.U.P.
252. ਭਾਰਤੀਯ ਦਰਸ਼ਨ, ਭਾਗ ਪਹਿਲਾ, ਪੰ: 405, ਡਾ: ਰਾਧਾ ਕ੍ਰਿਸ਼ਨਨ।
253. The Essence of Buddhism, P-91, P.L. Narasu.
254. ਉਹੀ, ਪੰ: 51 ਅਤੇ 157.
255. ੳ) ਭਾਰਤੀਯ ਦਰਸ਼ਨ, ਭਾਗ ਪਹਿਲਾ, ਪੰ: 417, ਡਾ: ਰਾਧਾ ਕ੍ਰਿਸ਼ਨਨ।
ਅ) Buddhism, P-136. (Buddhism & other Religions- Bhadant Anand Kaushalyayan) P.U.P.
256. ੳ) ਭਾਰਤੀਯ ਦਰਸ਼ਨ, ਪੰ: 120-21, ਡਾ: ਬਲਦੇਵ ਉਪਾਧਿਆਏ।
ਅ) The Essence of Buddhism, P-128, P.L. Narasu.

(4) ਇਨ੍ਹਾਂ ਇੱਛਾਵਾਂ ਦਾ ਅੰਤ ਕਰਨ ਲਈ ਅਸ਼ਟਾਂਗ ਮਾਰਗ ਤੇ ਚਲਣਾ ਚਾਹੀਦਾ ਹੈ।[257]

ਮਹਾਤਮਾ ਬੁੱਧ ਦੇ ਅਸ਼ਟਾਂਗ ਮਾਰਗ ਨੂੰ ਮੱਧ-ਮਾਰਗ ਵੀ ਕਹਿੰਦੇ ਹਨ,[258] ਕਿਉਂਕਿ ਇਹ ਹਿੰਦੂਆਂ ਅਤੇ ਜੈਨੀਆਂ ਦੇ ਮਾਰਗਾਂ ਦੇ ਵਿਚਕਾਰ ਵਾਲਾ ਸੀ। ਮਹਾਤਮਾ ਜੀ ਬ੍ਰਾਹਮਣਾਂ ਦੇ ਵਿਲਾਸੀ ਜੀਵਨ ਤੋਂ ਘ੍ਰਿਣਾ ਕਰਦੇ ਸਨ ਅਤੇ ਜੈਨੀਆਂ ਦੀ ਕਠੋਰ ਤਪੱਸਿਆ ਦੇ ਵੀ ਵਿਰੋਧੀ ਸਨ। ਇਸ ਲਈ ਉਨ੍ਹਾਂ ਨੇ ਮੱਧ-ਮਾਰਗ ਤੇ ਜੋਰ ਦਿੱਤਾ।

ਆਦਿ ਗ੍ਰੰਥ ਦੇ ਗੁਰੂ-ਬਾਣੀ ਵਿਚ ਸੰਸਾਰ ਦੇ ਦੁੱਖਾਂ ਦਾ ਵਰਣਨ ਕੀਤਾ ਗਿਆ ਹੈ। ਸਾਰੇ ਸੰਸਾਰ ਹੀ ਦੁਖੀ ਹੈ। ਜਿਸ ਮਨੁੱਖ ਨਾਲ ਵੀ ਗੱਲ ਕਰੀਏ, ਉਹੀ ਦੁੱਖਾਂ ਨਾਲ ਭਰਿਆ ਪਿਆ ਹੈ।[259] ਪਰੰਤੂ ਗੁਰੂ ਕਵੀਆਂ ਅਨੁਸਾਰ ਬੁੱਧ ਧਰਮ ਵਾਂਗ ਇਹ ਦੁਖ ਮਨੁੱਖੀ ਇੱਛਾਵਾਂ/ਵਾਸ਼ਨਾਵਾਂ ਕਾਰਣ ਪੈਦਾ ਨਹੀਂ ਹੁੰਦੇ ਸਗੋਂ ਪਰਮੇਸ਼ਰ ਨੂੰ ਭੁੱਲਣ ਕਰਕੇ ਹਨ।[260] ਉਨ੍ਹਾਂ ਅਨੁਸਾਰ ਦੁੱਖਾਂ ਦਾ ਨਾਸ਼ ਬੁੱਧ ਧਰਮ ਦੇ ਅਸ਼ਟਾਂਗ ਮਾਰਗ ਅਪਣਾਉਣ ਦੀ ਬਜਾਏ ਹਰੀ ਦੇ ਨਾਮ ਦਾ ਆਸਰਾ ਲੈਣ ਨਾਲ ਅਤੇ ਗੁਰੂ ਦੀ ਸ਼ਰਨ ਦੁਆਰਾ ਹੀ ਹੋ ਸਕਦਾ ਹੈ।[261] ਅਹਿੰਸਾ ਦੇ ਸਿਧਾਂਤ ਨਾਲ ਵੀ ਗੁਰੂ ਜੀ ਸਹਿਮਤ ਹਨ।[262] ਪਰੰਤੂ ਗੁਰੂ ਜੀ ਦੁਆਰਾ ਪ੍ਰਤਿਪਾਦਿਤ ਅਹਿੰਸਾ ਜੀਵਾਂ ਤੇ ਦਇਆ ਕਰਨ ਵਿਚ ਹੈ।[263]

---

257. (1) ਸਮਿਅਕ ਦ੍ਰਿਸ਼ਟੀ। (2) ਸਮਿਅਕ ਸੰਕਲਪ। (3) ਸਮਿਅਕ ਵਾਕ। (4) ਸਮਿਅਕ ਕਰਮਾਂਤ (5) ਸਮਿਅਕ ਆਜੀਵ, (6) ਸਮਿਅਕ ਵਿਆਯਾਮ ਅਥਵਾ ਪ੍ਰਯਤਨ, (7) ਸਮਿਅਕ ਸਿਮ੍ਰਤੀ। (8) ਸਮਿਅਕ ਸਮਾਧੀ।
— ਭਾਰਤੀਯ ਦਰਸ਼ਨ ਕਾ ਪਰਿਚਯ, ਪੰ: 386, ਡਾ: ਰਾਧਾ ਕ੍ਰਿਸ਼ਨਨ।
ਵਿਸਥਾਰ ਲਈ ਵੇਖੋ: ਅ) ਧਮਪਦ 14/191, ਡਾ: [illegible] ਅਤੇ ਡਾ: [illegible]।
ੲ) Buddhism, P-56-68 (Buddhistic Ethics and Social Ideas Dr. Shanti Bhikshu Shastree, P.U.P.
ਸ) The essence of Buddhism, P-161, P.L.Narasu.
258. ੳ) An Introduction to Indian Religions, P.130, Harbans Singh & L.M.Joshi.
ਅ) The Essence of Buddhism P.161, P.L.Narasu
259. ੳ) ਨਾਨਕ ਦੁਖੀਆ ਸਭੁ ਸੰਸਾਰੁ। (ਰਾਮਕਲੀ ਕੀ ਵਾਰ ਮ: 3, ਪਉੜੀ 14 ਦਾ ਸਲੋਕ, ਮ: 1, ਸ਼ਬਦਾਰਥ ਪੰਨਾ 954)
ਅ) ਜਿਸੁ ਮਾਨੁਖ ਪਹਿ ਕਰਉ ਬੇਨਤੀ, ਸੋ ਅਪਨੈ ਦੁਖਿ ਭਰਿਆ। (ਗੂਜਰੀ ਮ:5, ਗ੍ਰੰਥ, ਪੰ:497)
260. ਪਰਮੇਸਰ ਤੇ ਭੁਲਿਆਂ, ਵਿਆਪਨਿ ਸਭੇ ਰੋਗ। (ਮਾਝ ਮ: 5, ਬਾਰਹਮਾਹ, ਗ੍ਰੰਥ, ਪੰ: 135)
261. ਤ੍ਰਿਸਨਾ ਬੁਝੈ ਤ੍ਰਿਪਤਿ ਹੋਇ ਹਰਿ ਕੈ ਨਾਇ ਪਿਆਰਿ।
ਨਾਨਕ ਗੁਰਮੁਖਿ ਪਾਈਐ, ਹਰਿ ਅਪਨੀ ਕਿਰਪਾ ਧਾਰਿ।35।
(ਸਲੋਕ ਵਾਰਾਂ ਤੇ ਵਧੀਕ ਮ:3, ਗ੍ਰੰਥ, ਪੰ:1417)
262. ਦੁਖ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ।
(ਗਉੜੀ ਕੀ ਵਾਰ ਮ:5, ਪਉੜੀ 17, ਗ੍ਰੰਥ, ਪੰ:322)

(ਬਾਕੀ ਅਗਲੇ ਪੰਨੇ ਤੇ ----)

ਬੇਸ਼ਕ ਬੁੱਧ ਧਰਮ ਤੇ ਗੁਰਮਤਿ ਦੇ ਕੁਝ ਸਿਧਾਂਤਾਂ ਵਿਚ ਸਮਾਨਤਾਵਾਂ ਵੀ ਹਨ, ਪਰੰਤੂ ਬੁਨਿਆਦੀ ਤੌਰ ਤੇ ਇਨ੍ਹਾਂ ਦੋਹਾਂ ਵਿਚ ਬਹੁਤ ਅੰਤਰ ਹੈ। ਬੁੱਧ ਧਰਮ ਨਾਸਤਿਕ ਹੈ, ਪਰੰਤੂ ਗੁਰਮਤਿ ਦੇ ਅਨੁਯਾਈ ਅਕਾਲ ਪੁਰਖ ਦੀ ਹੋਂਦ ਵਿਚ ਵਿਸ਼ਵਾਸ ਰਖਦੇ ਹਨ।

ਬੁੱਧ ਮਤ ਵਿਚ ਨਿਰਵਾਣ ਦੇ ਇੱਛਕ ਔਰਤਾਂ ਦੇ ਗ੍ਰਿਹਸਥ ਛਡ ਘਰ ਬਾਰ ਛਡ ਕੇ ਟੁਰ ਜਾਣ,[264] ਭਿਖਸ਼ੂ ਬਣ ਕੇ ਜੰਗਲ ਵਿਚ ਰਹਿਣ[265] ਅਤੇ ਭੀਖ ਮੰਗ ਕੇ ਖਾਣ ਨੂੰ ਗੁਰੂ ਜੀ ਨੇ ਭਾਰੀ ਗੁਨਾਹ ਦਸਿਆ।[266] ਇਸੇ ਲਈ ਗੁਰਮਤਿ ਵਿਚ ਘਰ ਬਾਰ ਤਿਆਗੀ ਸੰਤਾਂ ਤੇ ਮੰਤਰੀਆਂ ਨੂੰ ਚੰਗੇਰੀ ਨਿਗਾਹ ਨਾਲ ਨਹੀਂ ਤਕਿਆ ਜਾਂਦਾ, ਕਿਉਂਕਿ ਇਸ ਤੋਂ ਭੇਖ, ਪਾਖੰਡ ਤੇ ਲੋਕ ਦਿਖਾਵਾ ਵਧਦਾ ਹੈ ਤੇ ਅਸਲੀ ਧਾਰਮਿਕ ਜੀਵਨ ਘਟਦਾ ਹੈ।[267] ਅਸਲ ਵਿਚ ਗੁਰੂ ਨਾਨਕ ਸਾਹਿਬ ਆਪਣੀ ਸੰਸਾਰ ਯਾਤਰਾ ਸਮੇਂ ਜੋਗੀਆਂ, ਸਾਧੂਆਂ ਤੇ ਫਕੀਰਾਂ ਨਾਲ ਰਹਿ ਕੇ ਅਤੇ ਵਿਚਾਰ ਵਟਾਂਦਰਾ ਕਰਕੇ ਉਨ੍ਹਾਂ ਦਾ ਜੀਵਨ ਵਿਚ ਪੋਲ, ਦਿਖਾਵਾ, ਪਾਖੰਡ ਤੇ ਧੋਖਾ ਦੇਖ ਕੇ ਆਪਣੇ ਅਨੁਯਾਈਆਂ ਨੂੰ ਘਰਾਂ ਵਿਚ ਰਹਿ ਕੇ ਗ੍ਰਿਹਸਥੀ ਜੀਵਨ ਬਿਤਾਉਣ ਦਾ ਉਪਦੇਸ਼ ਦਾ ਦਿੱਤਾ ਕਿਉਂਕਿ ਜੋਗੀਆਂ ਅਤੇ ਹੋਰ ਫਕੀਰਾਂ ਦੀਆਂ ਸਿੱਖ ਦੀ ਇਕ ਮੰਗ ਖਾਣੀ ਸੰਪਰਦਾਇ ਬਣ ਕੇ ਰਹਿ ਗਈਆਂ, ਧਰਮਸਾਲਾਵਾਂ ਅਤੇ ਮੰਦਰਾਂ ਆਦਿ ਨੂੰ ਮਲ ਕੇ ਉਨ੍ਹਾਂ ਹੀ ਜਜਮਾਨਾਂ ਵਿਚ ਫਸ ਜਾਂਦੇ ਤੇ ਪਾਖੰਡੀ ਬਣ ਜਾਂਦੇ ਜਿਨ੍ਹਾਂ ਵਿਚ ਗੁਰੂ ਜੀ ਨੇ ਦੋਹਨਾਂ ਭਾਰਤੀ ਸਾਧੂਆਂ ਅਤੇ ਫਕੀਰਾਂ ਨੂੰ ਫਸੇ ਤੱਕਿਆ ਸੀ।[268]

ਮਹਾਤਮਾ ਬੁੱਧ ਤੋਂ ਬਾਅਦ ਉਨ੍ਹਾਂ ਦੇ ਅਨੁਯਾਈ ਉਨ੍ਹਾਂ ਦੀ ਮੂਰਤੀ ਬਣਾ ਕੇ ਪੂਜਾ ਕਰਨ ਲਗ ਪਏ ਤੇ ਉਨ੍ਹਾਂ ਨੂੰ ਅਵਤਾਰ ਵੀ ਮੰਨਿਆ ਜਾਣ ਲਗ ਪਿਆ। ਗੁਰੂ ਸਾਹਿਬਾਨ ਨੇ ਇਨ੍ਹਾਂ ਦੋਨਾਂ ਹੀ ਸਿਧਾਂਤਾਂ ਦੀ ਸਖਤ ਨਿਖੇਧੀ ਕੀਤੀ। ਉਨ੍ਹਾਂ ਨੇ ਖਾਸ ਤਾਕੀਦ ਕੀਤੀ ਕਿ ਨਾ ਗੁਰੂ ਤੇ ਨਾ ਪਰਮੇਸ਼ਰ ਦੀ ਕੋਈ ਮੂਰਤੀ ਬਣਾਈ ਜਾਵੇ ਅਤੇ ਨਾ ਬੁੱਤ-ਪੂਜਾ ਕੀਤੀ ਜਾਵੇ, ਗੁਰੂ ਨੂੰ ਰੱਬ ਜਾਂ ਵਿਸ਼ਨੂੰ-ਭਾਵ ਵਾਲਾ ਅਵਤਾਰ ਨਾ ਸਮਝਿਆ ਜਾਵੇ।[269]

---

263. ੳ) ਜਫ਼ਿਆ ਜਾਜੀ ਜੋਗ ਕੀ, ਬਿਨੁ ਪ੍ਰੀਤ ਨਾਨਕ ਕਰੇ ਇ।
(ਵਾਰ ਆਸਾ ਮ:1, ਪਉੜੀ 10 ਦਾ ਸਲੋਕ, ਗ੍ਰੰਥ, ਪੰ:468)
ਅ) ਸਤੁ ਸੰਤੋਖੁ ਦਇਆ ਕਮਾਵੈ, ਏਹ ਕਰਣੀ ਸਾਰ। (ਸਿਰੀ ਰਾਗ ਮ:5, ਗ੍ਰੰਥ, ਪੰ:51)
264. ਧਮਪਦ, 7/91, ਡਾ: ਐਸ.ਐਮ.ਜੋਸ਼ੀ ਅਤੇ ਡਾ: ਸੁਰਕਾ ਜੋਸ਼ੀ।
265. ਉਹੀ, 7/99
266. ਵਿਸਤਾਰ ਲਈ ਦੇਖੋ: ਅਧਿਆਇ ਪਹਿਲਾ, ਹਿੰਦੂ ਆਸ਼ਰਮ ਵਿਵਸਥਾ ਵਿਚ ਸੰਨਿਆਸ ਆਸ਼ਰਮ ਦਾ ਵਿਵਰ
267. ਗੁਰਮਤਿ ਦਰਸ਼ਨ, ਪੰ: 131, ਪ੍ਰੋ: ਸ਼ੇਰ ਸਿੰਘ ਗਿਆਨੀ (ਡਾਕਟਰ)
268.
269. [illegible] P- cxi Dr. [illegible]
ਅ) ਵਿਸਤਾਰ ਲਈ ਦੇਖੋ: ਇਸੇ ਅਧਿਆਇ ਵਿਚ: ਹਿੰਦੂ ਧਰਮ ਅਤੇ ਜੈਨ ਦੀਆਂ ਸੰਪਰਦਾਵਾਂ।

ਉਪਰੋਕਤ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਬੁੱਧ ਧਰਮ ਅਤੇ ਗੁਰਮਤਿ ਵਿਚ ਸਿਧਾਂਤਕ ਤੌਰ ਤੇ ਕੁਝ ਸਮਾਨਤਾਵਾਂ ਹੋਣ ਦੇ ਬਾਵਜੂਦ ਵੀ ਦੋਹਾਂ ਵਿਚ ਬੁਨਿਆਦੀ ਅੰਤਰ ਹਨ। ਗੁਰੂ ਸਾਹਿਬਾਨ ਨੇ ਸੰਘਾਂ ਦੇ ਜੀਵਨ, ਇਤਿਹਾਸ ਅਤੇ ਬੁੱਧ ਧਰਮ ਦੀ ਗਿਰਾਵਟ ਦੇ ਕਾਰਣਾਂ ਨੂੰ ਤੱਕ ਕੇ ਉਹ ਕਮੀਆਂ ਆਪਣੇ ਅਨੁਯਾਈਆਂ ਵਿਚ ਨਹੀਂ ਆਉਣ ਦਿੱਤੀਆਂ। ਵਿਸ਼ੇਸ਼ ਤੌਰ ਤੇ ਭਿਖਸ਼ੂ ਬਣ ਕੇ ਭੀਖ ਮੰਗਿਆਂ ਦੇ ਜੀਵਨ ਦੀ ਥਾਂ ਗੁਰਮਤਿ ਵਿਚ ਗ੍ਰਿਹਸਥੀ ਜੀਵਨ ਨੂੰ ਪ੍ਰਧਾਨਤਾ ਪ੍ਰਾਪਤ ਹੈ।

<u>ਜੈਨ ਧਰਮ</u> :-

ਭਾਰਤੀ ਧਰਮ ਇਤਿਹਾਸ ਵਿਚ ਜੈਨ ਧਰਮ ਦਾ ਵਿਸ਼ੇਸ਼ ਸਥਾਨ ਹੈ। ਬੇਸ਼ਕ ਇਸ ਧਰਮ ਦੇ ਅਨੁਯਾਈਆਂ ਦੀ ਸੰਖਿਆ ਘਟ ਹੈ, ਪਰੰਤੂ ਇਸ ਧਰਮ ਨੇ ਸਾਰੇ ਦੇਸ਼ਾਂ ਦੀ ਅਧਿਆਤਮਕ ਵਿਚਾਰਧਾਰਾ ਤੇ ਵਿਸ਼ੇਸ਼ ਪ੍ਰਭਾਵ ਪਾਇਆ ਹੈ।

ਇਸ ਮੱਤ ਦੇ ਅਨੁਯਾਈਆਂ ਅਨੁਸਾਰ ਗੁਰੂ ਦੇ ਧਰਮ ਦੇ ਬਾਨੀ ਮਹਾਤਮਾ 'ਰਿਸ਼ਭ' ਸਨ, ਜੋ 24 ਤੀਰਥੰਕਰਾਂ ਵਿਚੋਂ ਸਭ ਤੋਂ ਪਹਿਲੇ ਸਨ। 23ਵੇ ਤੀਰਥੰਕਰ ਮਹਾਤਮਾ ਪਾਰਸ਼ਵਨਾਥ ਨੇ 'ਚਤੁਰਧਮ' ਦਾ ਉਪਦੇਸ਼ ਦਿੱਤਾ : 1. ਅਹਿੰਸਾ, 2. ਝੂਠ ਨਾ ਬੋਲਣਾ, 3. ਉਹ ਵਸਤੂ ਨਹੀਂ ਲੈਣੀ, ਜੋ ਦਿੱਤੀ ਨਾ ਗਈ ਹੋਵੇ (ਅਸਤੇਯ), ਅਤੇ 4. ਸੰਸਾਰੀ ਵਸਤੂਆਂ ਦੇ ਮੋਹ ਦਾ ਤਿਆਗ (ਅਪਰਗ੍ਰਿਹ)। ਇਸ ਧਰਮ ਦੇ 24 ਵੇਂ ਤੀਰਥੰਕਰ ਮਹਾਂਵੀਰ ਵਰਧਮਾਨ ਨੇ ਇਸ 'ਬ੍ਰਹਮਚਰਜ' ਸ਼ਾਮਿਲ ਕਰਕੇ ਜੈਨ ਧਰਮ ਦੇ ਨਿਯਮਾਂ ਨੂੰ ਪੰਜ ਵਰਤ ਬਣਾ ਦਿੱਤਾ।[270]

ਜੈਨ ਧਰਮ ਵਿਚ ਘੋਰ ਤਪੱਸਿਆ ਦੇ ਵਖ ਵਖ ਸਾਧਨਾਂ ਤੇ ਜ਼ੋਰ ਦਿੱਤਾ ਜਾਂਦਾ ਸੀ।[271] ਪਰੰਤੂ ਇਸ ਧਰਮ ਦੇ ਅਨੁਯਾਈ ਪਰਮਾਤਮਾ ਵਿਚ ਵਿਸ਼ਵਾਸ਼ ਨਹੀਂ ਰਖਦੇ।[272] ਉਹ ਪੁਨਰ ਜਨਮ ਅਤੇ ਕਰਮ ਸਿਧਾਂਤ ਵਿਚ ਵਿਸ਼ਵਾਸ਼ ਰਖਦੇ ਸਨ, ਕਰਮ ਦੀ ਸਮਾਪਤੀ ਵਿਚ ਨਿਰਵਾਣ ਦਾ ਸੰਕਲਪ ਕਰਦੇ ਸਨ।[273] ਅਤੇ ਇਸ ਲਈ 'ਤ੍ਰਿਰਤਨ' ਮਾਰਗ ਦੀ ਵਰਤੋਂ ਕਰਦੇ ਹਨ:[274] 1. ਸਮਿਅਕ ਵਿਸ਼ਵਾਸ਼(Right faith) 2. ਸਮਿਅਕ ਗਿਆਨ(Right knowledge) ਅਤੇ 3. ਸਮਿਅਕ ਚਰਿਤ੍ਰ (Right conduct) ਡਾਕਟਰ ਰਾਮਸ ਅਨੁਸਾਰ ਜੈਨ ਧਰਮ ਨਿਰਿਸ਼ਵਾਰਵਾਦ ਦੀ ਕਿਸਮ ਹੈ, ਜਿਸ ਵਿਚ ਸੋਖ ਧਰਮ ਦੁਆਰਾ

---

270. Jainism, P-7(Historical Survey of India, Dr. A.N. Sinha, P.U.P.
271. ੳ) ਉਹੀ, ਪੰ: 6
ਅ) An outline of the Religious Literature of India, P-74, J.N. Farquhar.
272. ੳ) ਮਹਾਨ ਕੋਸ਼, ਭਾਗ ਪਹਿਲਾ, ਪੰ: 302, ਡਾ: ਰਤਨ ਸਿੰਘ।
ਅ) The Religious of India, P. 1[illegible]6, B. Barth
273. Jainism, P-6, (Historical Survey of India, Dr. A.N. Sinha), P.U.P.
274. ਭਾਰਤੀਯ ਦਰਸ਼ਨ, ਪੰ: 111, ਡਾ: ਬਲਦੇਵ ਉਪਾਧਿਆ।

ਪ੍ਰਾਪਤ ਕੀਤੀ ਜਾਂਦੀ ਹੈ।[275]

ਜੈਨ ਮਤ [illegible] ਵਿਚ ਪ੍ਰਵੇਸ਼ ਕਰਨ [illegible] ਨੂੰ ਸਿਰ ਮੁਨਾਉਣ ਦੀ ਬਜਾਏ ਸਿਰ ਦਾ ਹਰ ਵਾਲ ਪੁਟਣੇ ਦਾ [illegible] ਹੁਕਮ ਦਿੱਤਾ ਸੀ। ਇਹ ਦੁਖ ਭਰੀ ਰਸਮ ਨੂੰ ਹਰ ਸਾਲ ਦੁਹਰਾਇਆ ਜਾਂਦਾ ਸੀ।[276] ਆਦਿ ਗ੍ਰੰਥ ਵਿਚ [illegible] ਸਿਰ ਦੇ ਵਾਲ ਪੁਟਾਉਣ ਦੀ ਇਸ ਕਿਰਿਆ ਦੀ ਨਿਖੇਧੀ ਕੀਤੀ ਗਈ ਹੈ।[277]

ਜੈਨੀ ਲੋਕ ਅਹਿੰਸਾ ਦੇ ਪੁਜਾਰੀ ਸਨ।[278] ਉਹ ਛੋਟੇ ਤੋਂ ਛੋਟੇ ਜੀਵ ਨੂੰ ਮਾਰਨ ਤੋਂ ਸੰਕੋਚ ਕਰਦੇ ਸਨ। ਗੁਰੂ ਸਾਹਿਬਾਨ ਨੇ ਉਨ੍ਹਾਂ ਦੇ ਇਸ [illegible] ਦੀ ਖਿੱਲੀ ਉਡਾਈ ਹੈ ਕਿ [illegible] ਦਾ ਕਿ ਉਨ੍ਹਾਂ ਦੇ ਬਹੁਤਾਂ ਜੂਠੀਆਂ ਸਨ [illegible] ਜੀਵਾਂ ਨੂੰ [illegible] ਇਕ ਵਿਕਾਰ ਵਿਚ [illegible] ਸਨ, ਸਭ ਤੋਂ [illegible] ਜੈਨੀ [illegible] [illegible] ਜਾਂਦਾ ਸੀ [illegible] ਆਦਿ [illegible] ਜਾਂਦੇ।[279] ਇਹ ਜੈਨੀ [illegible] ਪਾਣੀ [illegible] ਪੀਂਦੇ ਸਨ।[280] [illegible] ਨਹੀਂ [illegible] ਕੁਚੀਲ ਰਹਿੰਦੇ ਸਨ।[281] ਸਿਰ ਨੂੰ [illegible] ਨਹੀਂ [illegible] ਕਿ [illegible], ਪਰੰਤੂ [illegible] ਜੈਨੀਆਂ [illegible] ਗੁਰੂ ਜੀ ਨੇ [illegible] ਕਿ [illegible] ਇਸ [illegible] ਦੇ ਸਭ ਫੁਲ [illegible] ਦੇ [illegible] ਜਾਂਦੇ ਹਨ।[282]

---

275. Jainism is the most extreme form of kiryavad, the doctrine that salvation is attained trough works --As quoted in A Critical Study of the Adi Granth, on P.253, by Dr.S.S.Kohli.

276.)i Monks and nuns had to pluck their own hair out by the roots. --An Outline of the Religious Literature of India,P-74, J.N. Farquhar.

)ii An instance of extreme infliction of pain that they impose is pulling out of the hair by the roots. This is required when the novice takes his vow as a monk and accepts initiation. The painful process is supposed to be repeated every year-- --The Living Religions of the Indian People, by N.Macnicol,

277. ੳ) [illegible]
ਅ) ਭੇਡਾ ਵਾਗੀ ਸਿਰੁ ਖੋਹਾਇਨਿ, ਭਰੀਅਨਿ ਹਥ ਸੁਆਹੀ। (ਉਹੀ, ਪੰ: 149)
ੲ) [illegible] ਸਿਰ ਖੋਹਾਇ, [illegible]।(ਮ:1, ਵਾਰ ਮਲਾਰ, ਪਉੜੀ 16, ਉਹੀ, ਪੰ:1285)

279. [illegible] Literature of India: P.74, J.N. Farquhar
(ਮ:1, ਵਾਰ ਮਾਝ, ਪਉੜੀ 26 ਨਾਲ ਸਲੋਕ, ਗੁਰੂ ਗ੍ਰੰਥ, ਪੰ: 149)

280. ਪੀਅਹਿ ਮਲਵਾਣੀ..........। (ਉਹੀ, ਪੰ: 149)

281. ੳ) ਸਦਾ ਕੁਚੀਲ ਰਹਹਿ ਦਿਨ ਰਾਤੀ -(ਉਹੀ, ਪੰ: 149)
ਅ) ਕੁਚਿਲ ਰਹਹਿ ਦਿਨ ਰਾਤ......।(ਮ:1, ਵਾਰ ਮਲਾਰ, ਪਉੜੀ 16, ਉਹੀ, ਪੰ:1285)
ੲ) [illegible] ਇਸਨਾਨੁ [illegible]......।(ਮ:1, ਵਾਰ ਮਾਝ, ਪਉੜੀ 26 ਨਾਲ ਸਲੋਕ, ਉਹੀ, ਪੰ:150)
ਸ) ਪਾਣੀ ਦੇਖਿ ਸਗਲਾਹੀ..........। (ਉਹੀ, ਪੰ: 149) (ਬਾਕੀ ਅਗਲੇ ਪੰਨੇ ਤੇ)

ਜਿਸ ਤੋਂ ਸਿੱਧ [illegible] ਹੈ ਕਿ [illegible] ਪਾਣੀ [illegible] ਨੂੰ [illegible] ਹਨ ਤਾਂ ਜੋ ਕੋਈ ਜੀਵ [illegible] ਮਰ ਜਾਏ, ਅਤੇ ਇਸ ਪ੍ਰਕਾਰ ਮੂੰਹ [illegible] ਹੀ ਰੱਖਦੇ ਹਨ।[283]

ਜੈਨੀਆਂ ਦੇ ਇਸ ਪ੍ਰਕਾਰ ਦੇ ਅਹਿੰਸਾ ਦੇ ਸਿਧਾਂਤ ਨੂੰ ਮੁਖ ਰਖਦਿਆਂ ਗੁਰੂ ਜੀ ਨੇ ਇਸ ਦਾ ਖੰਡਨ ਕਰਦਿਆਂ ਲਿਖਿਆ ਕਿ ਮਨੁੱਖ ਦੇ ਹੱਥ ਕੁਝ ਨਹੀਂ, ਪਰਮਾਤਮਾ ਹੀ ਜੀਆਂ ਨੂੰ ਬਚਾਉਣ ਦੇ ਸਮਰੱਥ ਹੈ।[284]

ਗੁਰੂ ਸਾਹਿਬ ਨੇ ਜੈਨੀਆਂ ਦੇ ਸਿਧਾਂਤ [illegible] ਦੀ ਨਿਖੇਧੀ ਕੀਤੀ।[285] ਗੁਰਬਾਣੀ ਨੇ ਜੈਨੀਆਂ ਦੇ [illegible] ਜਾਪ ਤਾਪ ਕਰਨ ਦੇ ਸਿਧਾਂਤ ਨੂੰ ਪਰਵਾਨ ਨਹੀਂ ਕੀਤਾ। ਗੁਰੂ ਜੀ ਅਨੁਸਾਰ ਜੈਨੀਆਂ ਦੀ ਇਸ ਕੁਰਬਾਨੀ ਨਾਲ ਰੱਬੀ ਪ੍ਰਾਪਤੀ ਨਹੀਂ ਹੁੰਦੀ।[287]

ਜੈਨੀ ਸਿਧਾਂਤ ਵਾਦੀ ਦੋ ਸੰਪਰਦਾਵਾਂ ਹਨ:[288] (1) ਸਵੇਤੰਬਰ ਸੰਪਰਦਾਇ ਦੇ ਜੈਨੀ ਸਫੈਦ ਕਪੜੇ ਪਹਿਨਦੇ ਹਨ। (2) ਦਿਗੰਬਰ ਸੰਪਰਦਾਇ ਦੇ ਜੈਨੀ ਨੰਗੇ ਰਹਿੰਦੇ ਹਨ।

ਗੁਰੂ ਸਾਹਿਬ [illegible] ਦਿਗੰਬਰ ਜੈਨੀਆਂ ਦੀ ਬੜੀ ਕਰੜੀ ਆਲੋਚਨਾ ਕੀਤੀ ਗਈ ਹੈ।[289] ਅਤੇ ਲਿਖਿਆ ਹੈ ਕਿ ਕੁਝ ਲੋਕ ਨੰਗੇ ਰਹਿ ਕੇ ਦਿਗੰਬਰ ਜੋ ਬਣ ਜਾਂਦੇ ਹਨ ਪਰੰਤੂ ਗੁਰੂ ਜੀ ਅਨੁਸਾਰ ਉਨ੍ਹਾਂ ਦਾ ਮਨ ਫਿਰ ਵੀ ਕਾਬੂ ਨਹੀਂ ਆਉਂਦਾ, ਉਨ੍ਹਾਂ ਦੀ ਤ੍ਰਿਸ਼ਨਾ ਨਹੀਂ ਬੁਝਦੀ।[290]

---

282. ਨਾਨਕ ਜੇ ਸਿਰ ਖੁਥੇ ਨਾਵਨਿ, ਨਾਹੀ ਤਾ ਸਤ ਚਟੇ ਸਿਰਿ ਛਾਈ,। (ਉਹੀ, ਪੰ: 150)
283. ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ.......।(ਮ:1, ਰਾਗ ਮਾਝ, ਪਉੜੀ 26 ਨਾਲ ਸਲੋਕ, ਉਹੀ, ਪੰ:149)
284. ਜੀਅ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ। (ਉਹੀ, ਪੰ: 150)
285. ੳ) ਜੂਠਾ ਮੰਗਿ ਮੰਗਿ ਖਾਹੀ। (ਉਹੀ, ਪੰ: 149)
    ਅ) ਅਲੁ ਮਲੁ ਖਾਈ......। (ਮ:1, ਰਾਗ ਆਸਾ, ਪਉੜੀ 9 ਨਾਲ ਸਲੋਕ, ਉਹੀ, ਪੰ:467)
    ੲ) ਮਨ ਜੂਠੈ [illegible] ਜਾਤਿ, ਜੂਠਾ ਖਾਵਣਾ।
    (ਮ:1, ਰਾਗ ਮਲਾਰ, ਪਉੜੀ 16, ਉਹੀ, ਪੰ: 1285)
286. ਜੈਨ ਮਾਰਗ ਸੰਜਮ ਅਤਿ ਸਾਧਨ....। (ਬਾਣੀ ਸੁਖਮਨੀ ਮ:5, ਅਸਟਪਦੀ 3, ਉਹੀ, ਪੰ:265)
287. ਜਾਪ ਤਾਪ [illegible], [illegible] ਕੇ ਭੇਸ।
    [illegible] ਬਿਧਿ [illegible], [illegible]।
    (ਧਨਾਸਰੀ ਮ:5, ਉਹੀ, ਪੰ: 674)
288. ੳ)
    ਅ) An Outline of Religious Literature of India, P.75, J.N. Farquhar
289. Jainism p.9 (Historical Survey of Jainism - Dr. A.N. Sinha) P.U.P.
    [illegible]
    (ਮ:1, ਰਾਗ ਮਲਾਰ, ਪਉੜੀ 15, ਉਹੀ, ਪੰ: 1285)
290. ਉਪਜੀ ਤਰਕ ਦਿਗੰਬਰ ਹੋਆ, ਮਨੁ ਦਹ ਦਿਸਿ ਚਲਿ ਚਲਿ ਗਉਨੁ ਕਰਾਇਆ।
    ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ, ਮਿਲਿ ਸੰਗਿ ਸਾਧ ਦਇਆ ਘਰੁ ਪਾਇਆ।।
    (ਬਿਲਾਵਲ ਮ: 4, ਉਹੀ, ਪੰ: 835)

ਗੁਰੂ ਜੀ ਦੁਆਰਾ ਅਜਿਹੇ ਜੋਗੀਆਂ ਤੇ ਕਟਾਖਸ਼ ਕੀਤਾ ਗਿਆ ਹੈ ਜੋ ਕਪੜੇ ਉਤਾਰ ਕੇ ਦਿਗੰਬਰ ਬਣ ਜਾਂਦੇ ਹਨ।[291] ਦਿਗੰਬਰ ਮਤ ਤੋਂ ਭਿੰਨ ਹੋਰ ਪੁਰਖ ਅਨੁਯਾਈ ਕੇ [illegible] ਵਿਚ ਫਿਰਦੇ ਹਨ। ਇਹ ਕਪੜੇ ਨਾ ਪਾ ਕੇ [illegible] ਜੋਗ ਮਾਰਗ ਦੇ ਜੰਗਲਾਂ ਦੇ ਮੜ੍ਹੀਆਂ ਮਸਾਣਾਂ ਵਿਚ ਫਿਰਦੇ ਹਨ, ਭੇਖ ਕਰਕੇ ਦੇਹੀ ਨੂੰ ਦੁਖ ਦਿੰਦੇ ਹਨ, [illegible] ਹਥ ਦੇ (ਜੀਵ ਨਾ ਮਾਰ ਕੇ) ਅਪਣਾ ਗੁਜ਼ਾਰਾ ਚਲਾਉਂਦੇ ਹਨ। ਗੁਰੂ ਜੀ ਨੇ ਇਸ ਨੂੰ ਵਿਸ਼ੂ ਦੇ ਸ਼ਾਸਤਰਾਂ ਤੋਂ ਉਲਟ ਕਿਹਾ ਹੈ।[292]

ਅਜਿਹੇ ਭੇਖ ਦੇ ਦੁਰਕਾਰਿ ਵਿਚ ਜੋਗੀਆਂ ਦੇ ਸਾਧਾਰਨ ਹੋਣ ਦਾ [illegible] ਉਦਾਹਰਣ ਮਿਲਦਾ ਹੈ।[293] ਗੁਰਮਤਿ ਅਨੁਸਾਰ ਗੁਰੂ ਦੇ ਸ਼ਬਦ ਤੋਂ ਬਿਨਾ ਕਿਸੇ ਨੂੰ ਵੱਡੀ ਕਠਿਨਾਈ ਝੱਲਣੀ ਦਾ [illegible] ਨਹੀਂ [illegible] ਕਿਸੇ ਤਰ੍ਹਾਂ ਜੋਗੀਆਂ ਦੁਆਰਾ [illegible] ਨੂੰ ਕੁਚਲਿ [illegible] ਸ਼ਾਸਤਰਾਂ ਦੀ ਸਾਧਨਾ ਗੁਰਮਤਿ ਵਿਚ ਗੁਰੂ ਦੇ ਅਨੁਯਾਈਆਂ ਦੇ ਲੋ ਲੋਕ ਦੁਆਰਾ [illegible] ਨਹੀਂ ਵਿਚ [illegible] ਦੇ ਜੋਰ ਦਿੱਤਾ ਗਿਆ ਹੈ।[294]

ਜੋਗ ਮਾਰਗ ਦੇ [illegible] ਸਿਧਾਂਤ ਦਾ ਵੀ ਗੁਰੂ ਜੀ ਨੇ ਖੰਡਨ ਕੀਤਾ ਹੈ।[295] ਗੁਰਮਤਿ ਦੇ ਪਰਮਾਤਮਾ ਵਿਚ ਅਨਿਸ਼ਚਿਤ [illegible], ਵਿਸ਼ਵਾਸ ਤੋਂ ਰਹਿਤ, ਹਠ ਦੇ ਜੋਗੀਆਂ [illegible] ਵਿਚ ਦੇ [illegible] ਨਹੀਂ, ਇਕ [illegible] ਹਰਿ ਦੇ [illegible] ਜੋਗੀਆਂ ਪ੍ਰਤੀ [illegible] ਦਿੱਤਾ ਹੈ ਕਿ ਜਿਨ੍ਹਾਂ [illegible] ਦੇ ਹੁਕਮ ਦੇ [illegible] ਕਿਹਾ [illegible] ਸੰਤਾਪਿਆ ਹੈ।[296]

ਜੋਗ ਮਾਰਗ ਦੇ ਉਪਦੇਸ਼ਕ ਦਰਸ਼ਨ ਸਿਧੀਆਂ ਦੇ [illegible] ਗੁਰਮਤਿ ਵਿਚ ਵਿਸ਼ੇਸ਼ ਵਿਚਾਰ [illegible] ਜੀਵਨ, ਸੰਜੋਗ, ਪ੍ਰਵਿਰਤੀ ਦੇ [illegible] ਅਨੁਸਾਰ ਆਪਣੇ ਪ੍ਰਭੂ ਸਿਮਰਨ ਉਤੇ [illegible] ਦੇ ਗਿਆਨ ਇੰਦ੍ਰੀਆਂ ਨੂੰ ਵਸਤ ਵਿਚ ਰਖ ਕੇ ਜੀਵਨ ਬਤੀਤ ਕਰਨ ਉਤੇ ਜੋਰ ਦਿੱਤਾ ਗਿਆ ਹੈ। ਨਾਲ ਹੀ [illegible] ਦੇ [illegible] ਪੁਰਖ ਤੋਂ ਰਹ [illegible] ਉਤੇ ਸਮਾਜਿਕ ਵਿਚ [illegible] ਰਹਿਣ ਲਈ ਉਪਦੇਸ਼ ਦਿੱਤਾ ਹੈ।[297]

---

291. ਬਸਤ੍ਰ ਉਤਾਰਿ ਦਿਗੰਬਰੁ ਹੋਗੁ।
ਮਨੁ ਨਿਰਮਲੁ ਨਹੀ ਦਸਵੈ ਦੁਆਰ। ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ।'
(ਰਾਗ ਬਸੰਤ ਮ: 3, ਗ੍ਰੰਥ, ਪੰ: 1169)
292. ਬਹੁ ਭੇਖ ਕੀਆ, ਦੇਹੀ ਦੁਖੁ ਦੀਆ। ਸਹੁ ਵੇ ਜੀਆ ਅਪਣਾ ਕੀਆ।
ਅੰਨੁ ਨ ਖਾਇਆ, ਸਾਦੁ ਗਵਾਇਆ। ਬਹੁ ਦੁਖੁ ਪਾਇਆ, ਦੂਜਾ ਭਾਇਆ।
ਬਸਤ੍ਰ ਨ ਪਹਿਰੈ, ਅਹਿਨਿਸਿ ਕਹਰੈ। ਮੋਨਿ ਵਿਗੂਤਾ, ਕਿਉ ਜਾਗੈ ਗੁਰ ਬਿਨੁ ਸੂਤਾ।
ਪਗ ਉਪੇਤਾਣਾ। ਅਪਣਾ ਕੀਆ ਕਮਾਣਾ। ਅਲੁ ਮਲੁ ਖਾਈ, ਸਿਰਿ ਛਾਈ ਪਾਈ।
ਮੂਰਖਿ ਅੰਧੈ ਪਤਿ ਗਵਾਈ। ਵਿਣੁ ਨਾਵੈ ਕਿਛੁ ਥਾਇ ਨ ਪਾਈ।
ਰਹੈ ਬੇਬਾਣੀ, ਮੜੀ ਮਸਾਣੀ। ਅੰਧੁ ਨ ਜਾਣੈ ਫਿਰਿ ਪਛੁਤਾਣੀ।
(ਮ:1, ਰਾਗ ਆਸਾ, ਪਉੜੀ 9 ਦੇ ਨਾਲ ਸਲੋਕ, ਗ੍ਰੰਥ, ਪੰ:467)
293. ਤਿਨ ਮੁਖਿ ਨਾਹੀ ਨਾਮੁ....।(ਮ:1, ਰਾਗ ਮਾਝ, ਪਉੜੀ 26 ਦਾ ਸਲੋਕ, ਗ੍ਰੰਥ, ਪੰ:150)
294. [illegible]
ਗੁਰਮੁਖਿ [illegible] (ਮ:1, ਰਾਗ ਮਲਾਰ, ਪਉੜੀ 16, ਗ੍ਰੰਥ, ਪੰ: 1285)
295. ਗੁਰਮਤਿ ਦਰਸ਼ਨ, ਪੰ: 135, ਡਾ: ਸ਼ੇਰ ਸਿੰਘ ਗਿਆਨੀ।
296. [illegible] ਸੰਤਾਪਿਆ।
(ਮ:1, ਰਾਗ ਮਲਾਰ, ਪਉੜੀ 16, ਗ੍ਰੰਥ, ਪੰ: 1285)
297. ਗੁਰਮਤਿ ਦਰਸ਼ਨ, ਪੰ: 135, ਡਾ: ਸ਼ੇਰ ਸਿੰਘ ਗਿਆਨੀ।

ਰਾਮ ਸੰਪਰਦਾਇ:

ਭਾਰਤੀ ਧਰਮਾਂ ਦੇ ਇਤਿਹਾਸ ਤੋਂ ਪਤਾ [illegible] ਹੈ ਕਿ [illegible] ਮਤ ਤੇ [illegible] ਮੱਤ [illegible] ਨਾਲੋਂ [illegible] ਵਿਕਾਸ ਕੀਤਾ, [illegible] ਦਾ ਵਿਕਾਸ ਕਿਹਾ [illegible] ਹੈ।[298] [illegible] ਵਿਦੇਸ਼ੀ [illegible] ਵਿਚ [illegible], [illegible], [illegible] ਆਦਿ [illegible] ਸੰਪਰਦਾਵਾਂ ਹੋਈਆਂ, ਜਿਨ੍ਹਾਂ ਦਾ [illegible] ਬਹੁਤ [illegible] ਹੈ, ਪਰੰਤੂ [illegible] ਦੇ [illegible] ਪ੍ਰਧਾਨ ਹੈ।[299] ਰਾਮ ਸੰਪਰਦਾਇ ਦਾ [illegible] ਸੀ, ਪਰੰਤੂ [illegible] ਹੈ [illegible] ਪ੍ਰਸਿੱਧੀ ਪ੍ਰਾਪਤ [illegible]। [illegible] ਸੰਪਰਦਾਇ [illegible] ਹੈ।

[illegible] ਪ੍ਰਚਾਰ [illegible] ਬਹੁਤ [illegible] ਦੇ [illegible] ਰੂਪ [illegible]। [illegible] ਦੇ ਭਗਤੀ [illegible] ਰੂਪ [illegible]।[300] [illegible][301] ਰਾਮ ਸੰਪਰਦਾਇ ਦੇ [illegible] ਸੀ।

[illegible] ਹੋਈ।[302] [illegible] ਗ੍ਰੰਥ [illegible] ਪ੍ਰਾਪਤ [illegible]। [illegible][303] [illegible] ਸੀ।

[illegible] ਪ੍ਰਚਲਿਤ [illegible]। [illegible] ਧਰਮ ਦੇ [illegible]। [illegible][304] [illegible]।

---

298. [illegible], ਪੰ: 123, [illegible]।
299. [illegible], ਪੰ: 46-47, [illegible]।
300. [illegible], ਪੰ: 293, [illegible]।
301. [illegible], ਪੰ: 250, [illegible]।
302. [illegible]

303. [illegible] A Critical Study of Adi Granth, P-274, [illegible] Kohli

304. An outline of th Religious Literature of Indja, P.348, J.N. Farquhar.

[illegible] ਸੀ। ਜੋਗ [illegible] ਵਿਚ [illegible] ਸੀ। ਇਸ ਅਵਸਥਾ ਨੂੰ [illegible] ਹੋਣ [illegible]। ਜੋਗ ਦੇ ਅਠ ਅੰਗ ਹਨ: ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ ਤੇ ਸਮਾਧੀ।[305]

ਜੋਗ [illegible] ਮਨ ਨੂੰ [illegible] ਹੈ ਅਤੇ ਮਨ ਨੂੰ ਹਰ ਪ੍ਰਕਾਰ ਦੀ [illegible] ਕਰਨ ਪ੍ਰਤੀਤ ਕਿਹਾ ਹੈ। [illegible] ਨੂੰ [illegible] ਸੁਖਮਨਾ [illegible] ਜਾਵੇ ਤਾਂ ਮਨ ਵਿਚ ਇਕ ਪ੍ਰਕਾਰ ਦੀ [illegible] ਹੈ, ਜੋ [illegible] ਹੈ।

ਜੋਗ [illegible] ਵੀ [illegible] ਦੇ ਚਕ੍ਰ [illegible] ਹਨ। [illegible] ਵਿਚ ਸੁਖਮਨਾ [illegible] ਹੈ, [illegible] ਹੈ। ਇਸ [illegible] ਹਨ। [illegible] ਦੇ ਚਕ੍ਰ [illegible] ਹਨ। ਇਹ ਚਕ੍ਰ [illegible] ਦੇ [illegible] ਹਨ। ਹਰ ਇਕ ਚਕ੍ਰ [illegible] ਹੈ। ਸਭ ਤੋਂ ਹੇਠਲਾ, ਪਰ ਸਭ ਤੋਂ [illegible] ਮੂਲਾਧਾਰ ਹੈ। ਇਸ ਮੂਲਾਧਾਰ ਵਿਚ ਬ੍ਰਹਮ ਸ਼ਿਵਲਿੰਗ ਦੇ ਸਰੂਪ ਵਿਚ [illegible] ਹੈ। ਇਸ ਸ਼ਿਵਲਿੰਗ ਦੇ [illegible] ਦੇਵੀ [illegible] ਚਕ੍ਰ [illegible] ਹੈ। ਇਸ [illegible] ਨੂੰ ਇਸ [illegible] ਕੁੰਡਲਨੀ [illegible] ਹਨ। [illegible] ਜੋਗ [illegible] ਵਿਚ ਦੇਵੀ [illegible] ਹੈ ਤੇ ਉਸ ਨੂੰ ਸਭ ਤੋਂ ਉਤਲੇ ਚਕ੍ਰ ਤਕ ਚੜ੍ਹਾਇਆ ਜਾ ਸਕਦਾ ਹੈ। ਇਹ ਸਾਰੇ ਚਕ੍ਰ ਤੇ ਨਾੜੀਆਂ [illegible] ਦਾ [illegible] ਹਨ। [illegible] ਹੈ, [illegible] ਇਹ [illegible] ਪ੍ਰਾਪਤ ਕਰ ਲੈਂਦਾ ਹੈ।[306]

305.(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਪਹਿਲੀ, ਪੰ: 23, ਪ੍ਰੋ: ਸਾਹਿਬ ਸਿੰਘ, ਡੀ. ਲਿਟ

(ਅ) An outline of Religious Literature of India, P.253-54, J.N. Farquhar.

306. There are six great centres or circles (chakra), of occult force situated in the human trunk, the one above the other. Each of these is described as a lotus. Muladhara, the lowest and most important of all, contains Brahman in the form of linga, and the Devi lies asleep, coiled three and half times round the linga like a serpent. In this posture she is called Kundalni, the coiled one. By Shakta Yog, she may be waked and induced to ascend to the highest cakra. The channels and centres form the basis of all the miracle working power, which the initiate can achieve--

--- An Outline of Religious Literture of India, P-301-02.

ਡਾ: ਰਾਮ ਮੂਰਤੀ ਤ੍ਰਿਪਾਠੀ ਅਨੁਸਾਰ ਨਾਥ ਸਿੱਧਾਂ ਦੀ ਜੋਗ ਸਾਧਨਾ ਵਿਚ ਪੂਰਣ ਆਨੰਦ ਨੂੰ ਹੀ ਪ੍ਰਧਾਨਤਾ ਪ੍ਰਾਪਤ ਹੈ।[307]

ਆਦਿ ਗ੍ਰੰਥ ਵਿਚ ਇਨ੍ਹਾਂ ਦੇ ਬਹੁਤਾਂ ਬਾਰੇ ਗੁਰੂ-ਸਾਹਿਬਾਂ ਦਾ ਨਿਵੇਕਲਾ ਮੱਤ ਦਰਸਾਇਆ ਗਿਆ ਹੈ। ਉਨ੍ਹਾਂ ਅਨੁਸਾਰ ਜੋ ਰਹਿਣ ਵਾਲੀ ਦੇਹੀ ਰੂਪ ਮੱਠ ਵਿਚ ਰਹਿਣ ਵਾਲਾ ਬੈਰਾਗੀ ਮਨ ਹੈ, ਜਿਸ ਦੇ ਅੰਦਰ ਅਨਾਹਦ ਸ਼ੋਭੀ ਵਾਲਾ ਸ਼ਬਦ (ਅਨਾਹਦ) ਗੂੰਜਦਾ ਹੈ। ਗੁਰੂ ਦੇ ਉਪਦੇਸ਼ ਦੁਆਰਾ ਹੀ ਸੱਚੇ ਨਾਮ ਨਾਲ ਮਨੁੱਖ ਪਤੀਜਦਾ ਹੈ। ਗੁਰੂ ਜੀ ਅਨੁਸਾਰ ਹੱਠ ਜੋਗ ਦੀ ਬਜਾਇ ਗੁਰੂ ਦੇ ਅਨੁਸਾਰੀ ਹੋ ਕੇ ਪ੍ਰਭੂ ਦੀ ਭਗਤੀ ਨਾਲ ਹੀ ਸੁਖ ਦੀ ਪ੍ਰਾਪਤੀ ਅਤੇ ਹਰੀ ਵਿਚ ਸਮਾ ਸਕੀਦਾ ਹੈ।[308]

ਆਦਿ ਗ੍ਰੰਥ ਦੇ ਗੁਰੂ-ਸਾਹਿਬ ਨੇ ਸਿੱਧਾਂ-ਨਾਥਾਂ ਦੀਆਂ ਕਰਾਮਾਤਾਂ ਦਾ ਖੰਡਨ ਕਰਦਿਆਂ ਕਿਹਾ ਗਿਆ ਹੈ ਕਿ ਹਰੀ ਦੇ ਨਾਮ ਤੋਂ ਬਿਨਾਂ ਸਿੱਧੀਆਂ ਅਤੇ ਕਰਾਮਾਤਾਂ ਬੇਅਰਥ ਹਨ।[309] ਇਸ ਦੇ ਮੁਕਾਬਲੇ ਵਿਚ ਗੁਰਮਤਿ ਵਿਚ ਹੱਠ ਜੋਗ ਦੀ ਥਾਂ ਗੁਰਮਤਿ ਜੋਗ ਦਾ ਵਰਨਣ ਕੀਤਾ ਗਿਆ ਹੈ। ਗੁਰੂ ਜੀ ਦੇ ਅਨੁਸਾਰ ਹਰੀ ਦੀ ਕਥਾ ਸੱਚੀ ਜੋਗੀਆਂ ਨੂੰ ਜੋ ਖੰਡ ਮੰਡਲੀ ਦੇ ਗੁਪਤ ਰਸਤਾ ਦੀ ਲੋੜ ਨਹੀਂ, ਉਹ ਤਾਂ ਸਰੀਰ ਵਿਚ ਵਸਿਆ ਹੋਇਆ ਹੈ। ਮਨ ਨੂੰ ਨਾਮ ਦੀਆਂ ਮਾਲਾ ਹੀ ਜੋਗੀ ਦੀ ਅਸਲ ਮੁੰਦਰੀ ਹੈ।[310]

ਆਦਿ ਗ੍ਰੰਥ ਦੇ ਗੁਰੂ ਸਾਹਿਬ ਵਿਚ ਗੁਰੂ-ਸਾਹਿਬਾਂ ਨੇ ਨਾਥ ਸਿੱਧਾਂ ਦੇ ਜੋਗ ਦਾ ਖੰਡਨ ਕੀਤਾ[311] ਅਤੇ ਕਿਹਾ ਕਿ ਜੋਗੀਆਂ ਦੇ ਚਿੰਨ੍ਹ ਜੋ ਜੋਗ — ਮੁੰਦਰਾਂ (ਖਿੰਥਾ), ਡੰਡਾ, ਮੁੰਦਰਾਂ, ਸਿਰ ਮੁਨਾਉਣਾ, ਸਿੰਙੀ ਵਜਾਉਣਾ, ਮੜ੍ਹੀ ਮਸਾਣ ਜਾਣਾ, ਤਾੜੀ ਲਾਉਣਾ, ਦੇਸ ਪ੍ਰਦੇਸ ਫਿਰ ਭਉਣਾ, ਤੀਰਥ ਨਾਉਣਾ, ਦੇ ਧਾਰਣ ਕਰਨ ਨਾਲ ਅਸਲ ਜੋਗ ਦੀ ਜੁਗਤੀ ਪ੍ਰਾਪਤ ਨਹੀਂ ਹੁੰਦੀ ਸਗੋਂ 'ਅੰਜਨ ਮਾਹਿ ਨਿਰੰਜਨ' ਅਰਥਾਤ ਮਾਇਆ ਵਿਚ ਨਿਰਲੇਪ ਰਹਿ ਕੇ ਵਿਚ ਸਮਾਏ ਰਹਿਣ ਨਾਲ ਹੀ ਇਹ ਜੋਗ ਦੀ ਜੁਗਤੀ ਪ੍ਰਾਪਤ ਹੁੰਦੀ ਹੈ। ਸੱਚੇ ਗੁਰੂ ਦੇ ਮਿਲਣ ਨਾਲ ਮਨ ਨੂੰ ਵਿਸ਼ਿਆਂ ਵਲ ਦੌੜਨ ਤੋਂ ਰੋਕਿਆ ਜਾ ਸਕਦਾ ਹੈ। ਕੇਵਲ ਗੱਲਾਂ ਅਥਵਾ ਕਰਾਮਾਤੀ ਸਾਧਨਾਂ ਨਾਲ ਜੋਗ ਨਹੀਂ ਪਾਇਆ ਜਾ ਸਕਦਾ ਗੁਰੂ ਜੀ ਅਨੁਸਾਰ

---

307. ਆਦਿ ਕਾਲੀਨ ਹਿੰਦੀ ਸਾਹਿਤ੍ਯ ਕੀ ਸਾਂਸਕ੍ਰਿਤਕ ਪੀਠਿਕਾ, ਪੰ: 248, ਡਾ: ਰਾਮ ਮੂਰਤੀ ਤ੍ਰਿਪਾਠੀ।
308. ਘਟਮਟ ਦੇਹੀ ਜੋਗੀ ਮਨੁ ਬੈਰਾਗੀ। ਸੁਰਤਿ ਸਬਦੁ ਧੁਨਿ ਅੰਤਰਿ ਜਾਗੀ।
ਵਾਜੈ ਅਨਹਦੁ ਮੇਰਾ ਮਨੁ ਲੀਣਾ। ਗੁਰ ਬਚਨੀ ਸਚਿ ਨਾਮਿ ਪਤੀਣਾ।
ਪ੍ਰਾਣੀ ਰਾਮ ਭਗਤਿ ਸੁਖੁ ਪਾਈਐ।
ਗੁਰਮੁਖਿ ਹਰਿ ਹਰਿ ਮੀਠਾ ਲਾਗੈ, ਹਰਿ ਹਰਿ ਨਾਮਿ ਸਮਾਈਐ।(ਰਾਮਕਲੀ ਮ:1, ਗ੍ਰੰਥ:, ਪੰ:903)
309. ੳ) ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ, ਧਿਗੁ ਸਿਧੀ ਧਿਗੁ ਕਰਮਾਤਿ।
(ਵਾਰ ਸੋਰਠਿ ਮ:3, ਪਉੜੀ 20 ਦਾ ਸਲੋਕ, ਗ੍ਰੰਥ: ਪੰ:650)
ਅ) ਰਿਧਿ ਸਿਧਿ ਅਵਰਾ ਸਾਦ।....(ਜਪੁ, ਪਉੜੀ 29, ਉਹੀ, ਪੰ: 6)
ੲ) ਉਡਿ ਨ ਜਾਣੀ ਸਿਧ ਨਾ ਹੋਇ।(ਮ:1, ਵਾਰ ਆਸਾ, ਪਉੜੀ 5 ਦਾ ਸਲੋਕ, ਉਹੀ, ਪੰ:465)
310. ਜੋਗ ਜੁਗਤਿ ਸੁਨਿ ਆਇਓ ਗੁਰ ਤੇ। ਮੋ ਕਉ ਸਤਿਗੁਰ ਸਬਦਿ ਬੁਝਾਇਓ।।1।।ਰਹਾਉ।
ਨਉਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ..........
ਜੁਗਤਿ ਨਾਮੁ ਮਨਿ ਜਾਪੀ। (ਗਉੜੀ ਮ: 5, ਉਹੀ, ਪੰ: 208)

ਇਕ ਨਜ਼ਰ ਨਾਲ ਜਗਤ ਨੂੰ ਬਰਾਬਰ ਸਮਝਨ ਵਾਲੇ ਨੂੰ ਹੀ ਜੋਗੀ ਕਿਹਾ ਜਾ ਸਕਦਾ ਹੈ।[312]

ਗੁਰੂ ਜੀ ਨੇ ਨਾਥ ਜੋਗੀਆਂ ਨੂੰ ਭੇਖ ਤਜ ਕੇ ਅਧਿਆਤਮਕ ਜੀਵਨ ਜੀਣ ਲਈ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਅੰਦਰ ਦੀ ਮੈਲ ਵਾਸ਼ਨਾ ਨੂੰ ਜੋਲਣਾ ਹੀ ਅਸਲ ਮੁੰਦ੍ਰਾਂ ਹਨ ਸਰੀਰ ਨੂੰ [illegible] ਸਮਝਣਾ ਅਸਲ ਖਿੰਥਾ ਹੈ, ਪੰਜ ਗਿਆਨ-ਇੰਦ੍ਰੀਆਂ ਨੂੰ ਵਸ ਕਰਨਾ [illegible] ਤੁੱਲ ਹੈ, ਮਨ ਨੂੰ ਕਾਬੂ ਕਰਨਾ ਅਸਲ ਡੰਡਾ ਹੈ।[313]

ਉਨ੍ਹਾਂ ਨੇ ਸੁਚੱਜਾ ਜੀਵਨ ਜੀਣ ਦੀ ਜੁਗਤੀ ਦਰਸਾਉਂਦਿਆਂ ਕਿਹਾ ਕਿ ਜੋਗੀ [illegible] ਨੂੰ [illegible] ਮੁੰਦਰਾਂ ਬਣਾਏ, [illegible] ਨੂੰ ਧੀਰਜ ਦੇ [illegible] ਨੂੰ ਆਪਣੀ ਬਣਾਇ ਸਿਮਰਨ ਕਰਨ, ਪ੍ਰਭੂ ਦੇ ਗਿਆਨ ਰੂਪੀ ਪ੍ਰਕਾਸ਼ ਵਿਚ ਰੈਣ, [illegible] ਨੂੰ ਜੋਗੀ ਬਣਾਉਣ, ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ [illegible] ਨੂੰ ਜੋਗ ਦੀ [illegible] ਬਣਾਉਣ ਅਤੇ [illegible] ਨੂੰ ਡੰਡਾ ਬਣਾਉਣ। ਜੋਗੀਆਂ ਦੇ ਬਾਰਾਂ ਫਿਰਕਿਆਂ[314] ਵਿਚੋਂ 'ਆਈ ਪੰਥ' ਸਭ ਤੋਂ ਉੱਤਮ ਗਿਣਿਆ ਜਾਂਦਾ ਹੈ, ਪਰੰਤੂ ਗੁਰੂ ਜੀ ਅਨੁਸਾਰ ਜੋ ਮਨੁੱਖ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣੇ ਸੰਗ-ਸੀਂਤਰ ਸਮਝਦਾ ਹੈ, ਵਾਸਤਵ ਵਿਚ ਉਹੀ 'ਆਈ ਪੰਥ' ਵਾਲਾ ਹੈ। [illegible] ਮਨ ਦੇ ਖਿੰਥਾ, ਮੁੰਦਰਾ, ਝੋਲੀ ਅਤਿਰਕ
ਪ੍ਰਭੂ ਦੀ ਯਾਦ ਵਿਚ [illegible] ਹੀ ਪ੍ਰਾਪਤ ਹੋ ਸਕਦਾ ਹੈ। ਗੁਰੂ ਜੀ ਅਨੁਸਾਰ ਜੋਗੀ ਨੂੰ ਚਾਹੀਦਾ ਹੈ ਕਿ ਉਹ ਪ੍ਰਭੂ ਦੀ ਸਰਬ ਵਿਆਪਕਤਾ ਦੇ ਗਿਆਨ ਨੂੰ ਤੰਡਾਰਾ (ਭੋਜਨ) [illegible] ਅਤੇ ਦਇਆ ਨੂੰ ਇਸ ਗਿਆਨ ਰੂਪ

ਪਰ ਨਾਥ ਜੋਗੀ ਦੀ ਹਿੱਥ ਤਿਲਾਉਣ ਦੇ ਯੋਗ ਨਹੀਂ (315) ਨਾਲ ਸੰਤੋਖ ਦਾ ਸਾਥ ਜੀਵਨ ਤਾਂ ਉਸ ਨਾਲ

---

311. [illegible] ਜਗਾਇ ਕਰਹਿ ਪਾਖੰਡ। ਮਾਇਆ ਮੋਹਿ ਸਹਹਿ ਜਮਡੰਡ।
....ਇੰਦ੍ਰੀ ਰਹਤ ਬਨਾਵੀ [illegible]। ਮੁਕਤਿ ਨਹੀ ਬਿਦਿਆ ਬਿਗਿਆਨਿ।
[illegible] ਇੰਦ੍ਰੀ ਸਾਧਿ [illegible]। ਪਸੂ [illegible] ਨਾਹੀ [illegible]।
(ਰਾਮਕਲੀ ਮ:1, ਅਸਟਪਦੀ 2, ਗੁ.ਗ੍ਰੰ.ਸਾ., ਪੰ:903)

312. ਜੋਗੁ ਨ ਖਿੰਥਾ ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ।
ਜੋਗੁ ਨ ਮੁੰਦੀ ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।
ਗਲੀ ਜੋਗੁ ਨ ਹੋਈ। ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ।
ਜੋਗੁ ਨ ਬਾਹਰਿ ਮੜੀ ਮਸਾਣੀ, ਜੋਗੁ ਨ ਤਾੜੀ ਲਾਈਐ।
ਜੋਗੁ ਨ ਦੇਸਿ ਦਿਸੰਤਰਿ ਭਵਿਐ, ਜੋਗੁ ਨ ਤੀਰਥਿ ਨਾਈਐ।
ਸਤਿਗੁਰੁ ਭੇਟੈ ਤਾ ਸਹਸਾ ਤੂਟੈ, ਧਾਵਤੁ ਵਰਜਿ ਰਹਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ।(ਸੂਹੀ ਮ:1, ਘਰ 7, ਗੁ.ਗ੍ਰੰ.ਸਾ., ਪੰ:730)

313. ਗੁਰੂ ਕੇ ਘਟ ਜੀਤਹਿ ਇੰਦ੍ਰੀ, ਕਾਇਆ ਨੀਕੇ ਖਿੰਥਾ।
ਖਿਮਾ [illegible] ਕਰ ਜੀਤਹਿ [illegible], ਇਹੁ ਮਨੁ [illegible] ਡੰਡਾ।(ਗਉੜੀ ਬੈਰਾਗਣਿ ਮ:1, ਗੁ.ਗ੍ਰੰ.ਸਾ., ਪੰ: 155)

314. [illegible] ਮਹਿ ਜੋਗੀ ਕਹਾਵੈ।.....(ਰਾਮਕਲੀ ਮ:1, ਸਿਧ ਗੋਸਟਿ, ਗੁ.ਗ੍ਰੰ.ਸਾ., ਪੰ: 941)
ੳ) ਹੇਤੂ, ਪਾਵ, ਆਈ, [illegible], ਗੋਪਾਲ, ਕੰਥੜੀ, [illegible] ਪਰੰਥ, ਜੋਗੀ ਕਾਮਣ ਅਤੇ [illegible] ਪੰਥ।
(ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰ:540, ਫੁਟਨੋਟ, ਡਾ: ਮਨਮੋਹਨ ਸਹਿਗਲ।)

315. ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ, ਕੁਆਰੀ ਕਾਇਆ, ਜੁਗਤਿ ਡੰਡਾ ਪਰਤੀਤਿ।
ਆਈ ਪੰਥੀ, ਸਗਲ ਜਮਾਤੀ, ਮਨਿ ਜੀਤੈ ਜਗੁ ਜੀਤੁ।(ਜਪੁ ਪਉੜੀ 28, ਗੁ.ਗ੍ਰੰ.ਸਾ., ਪੰ: 6)

ਤੋੜਾਵੇ ਦੀ [illegible] ਸਾਰੀ ਬਣਾਵੇ। ਹਰ ਇਕ ਜੀਵ ਅੰਦਰ ਜੋ ਜੀਵਨ ਜੋਤ ਜਗ ਰਹੀ ਹੈ, ਇਸ ਨੂੰ ਉਹ 'ਨਾਦ ਵਜਣਾ' ਮੰਨਦੇ। ਸਤਗੁਰ ਸੁਖਜੀਵਨ ਨੂੰ ਉਹ ਆਪਣਾ ਮਨ ਮਾਰ ਕੇ ਜਿਸ ਨੇ ਸਾਰੀ ਸ੍ਰਿਸ਼ਟੀ ਆਪਣੇ ਆਪ ਵਿਚ ਲੀਨ ਕੀਤੀ ਹੋਈ ਹੈ।[316]

ਪੰਜ ਪ੍ਰਕਾਰ ਦੇ ਜੋਗੀਆਂ ਦਾ ਜ਼ਿਕਰ[317] ਰਾਮਕਲੀ ਗੁਰੂ [illegible] ਵਿਚ ਉਪਲਬਧ ਹੈ, ਜਿਵੇਂ ਈਸਰ (ਗਿਰਹੀ), (2) ਗੋਰਖਨਾਥ (ਅਉਧੂਤ), (3) ਗੋਪੀਚੰਦ (ਉਦਾਸੀ), (4) ਚਰਪਟ (ਪਾਖੰਡੀ ਅਤੇ (5) ਭਰਥਰੀ (ਬੈਰਾਗੀ)। ਇਨ੍ਹਾਂ ਦੇ ਪੰਜ ਕਿਸੇ ਵਿਸ਼ੇਸ਼ ਤੌਰ ਤੇ (ਪਾਖੰਡੀ) ਆਦਿ [illegible] ਪ੍ਰਕਾਰੀਆਂ ਦਾ ਗੁਰੂ ਜੀ ਨੇ ਖੰਡਨ ਕੀਤਾ ਹੈ। ਇਹ ਪ੍ਰਕਾਰੀ ਜੋਗ ਮਤ ਪ੍ਰਚਾਰ ਵਿਚ ਵਿਸ਼ੇਸ਼ਤਾ ਰਖਦੇ ਸਨ।[318]

ਇਹ ਜੋਗ ਦੇ ਸਿਧਾਂਤਾਂ ਨੂੰ ਜਦ [illegible] ਨਹੀਂ ਅਪਣਾਏ ਤੇ [illegible] ਦਾ ਗੁਰੂ ਜੀ ਨੇ ਖੰਡਨ ਕੀਤਾ ਹੈ ਕਿਉਂਕਿ ਇਸ ਨਾਲ ਮਨ ਦੀ ਤ੍ਰਿਸ਼ਨਾ ਬੁਝੀ ਨਹੀਂ ਜਾ ਸਕਦੀ।[319]

ਜੋਗੀਆਂ ਦੇ ਹਠ ਯੋਗ ਦੇ ਮੁਕਾਬਲੇ ਵਿਚ ਗੁਰਮਤਿ ਦਾ ਸਹਿਜ ਯੋਗ ਹੈ। ਨਾਮ, ਸਿਮਰਨ, ਸੇਵਾ, ਭਜਨ ਤੇ ਕੀਰਤਨ ਆਦਿ ਗੁਰਮੁਖਾਂ ਲਈ ਹੀ ਜ਼ਿੰਦਗੀ ਨੂੰ ਅੰਤਰਮੁਖ ਕਰ [illegible] ਗੁਰਮਤਿ ਦਾ ਸਹਿਜ ਜੋਗ ਹੈ। ਗੁਰਮਤਿ ਅਨੁਸਾਰ ਗੁਰੂ ਦਾ ਪ੍ਰਕਾਸ਼ ਹੀ ਜੋਗੀ ਦੀਆਂ ਮੁੰਦ੍ਰਾਂ ਹਨ। ਇਸ ਜੋਗੀਆਂ ਦੀ [illegible] ਸਾਮਾਨ ਹੈ। ਜਦ ਕਿ ਗੁਰਮਤਿ ਵਾਲਾ ਜੀਵ ਸਦਾ ਹੀ ਜੋਗੀ ਹੈ। ਗੁਰਮਤਿ

---

316. 'ਗੁਰਮਤਿ ਗਿਆਨੁ, ਰਤਨਾ ਉਜੀਆਰਾ, ਘਟਿ ਘਟਿ ਵਾਜਹਿ [illegible]।
ਆਪਿ ਤਰੈ, ਤਾਰੇ ਸੰਸਾਰੀ, (ਤਿਨਿ ਸਿਰਿ ਕਰਤਾ ਜਾਣ।)(ਉਹੀ, ਪਉੜੀ 29, ਪੰ:6)

317. 'ਸੋ ਗਿਰਹੀ ਜੋ ਨਿਗ੍ਰਹੁ ਕਰੈ। ਜਪੁ ਤਪੁ ਸੰਜਮੁ ਭੀਖਿਆ ਕਰੈ।
ਪੁੰਨ ਦਾਨ ਕਾ ਕਰੇ ਸਰੀਰੁ। ਸੋ ਗਿਰਹੀ ਗੰਗਾ ਕਾ ਨੀਰੁ।
ਬੋਲੈ ਈਸਰੁ ਸਤਿ ਸਰੂਪੁ। ਪਰਮ ਤੰਤ ਮਹਿ ਰੇਖ ਨ ਰੂਪੁ।2।
ਸੋ ਅਉਧੂਤੀ ਜੋ ਧੂਪੈ ਆਪੁ। ਭਿਖਿਆ ਭੋਜਨੁ ਕਰੈ ਸੰਤਾਪੁ।
ਅਉਹਠਿ ਪਟਣ ਮਹਿ ਭੀਖਿਆ ਕਰੈ। ਸੋ ਅਉਧੂਤੀ ਸਿਵ ਪੁਰਿ ਚੜੈ।
ਬੋਲੈ ਗੋਰਖੁ ਸਤਿ ਸਰੂਪੁ। ਪਰਮ ਤੰਤ ਮਹਿ ਰੇਖ ਨ ਰੂਪੁ।3।
ਸੋ ਉਦਾਸੀ ਜਿ ਪਾਲੇ ਉਦਾਸੁ। ਅਰਧ ਉਰਧ ਕਰੇ ਨਿਰੰਜਨ ਵਾਸੁ।
ਚੰਦ ਸੂਰਜ ਕੀ ਪਾਏ ਗੰਢਿ। ਤਿਸੁ ਉਦਾਸੀ ਕਾ ਪੜੈ ਨ ਕੰਧੁ।
ਬੋਲੈ ਗੋਪੀ ਚੰਦੁ ਸਤਿ ਸਰੂਪੁ। ਪਰਮ ਤੰਤ ਮਹਿ ਰੇਖ ਨ ਰੂਪੁ।4।
ਸੋ ਪਾਖੰਡੀ ਜਿ ਕਾਇਆ ਪਖਾਲੇ। ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ।
ਸੁਪਨੈ ਬਿੰਦੁ ਨ ਦੇਈ ਝਰਣਾ। ਤਿਸੁ ਪਾਖੰਡੀ ਜਰਾ ਨ ਮਰਣਾ।
ਬੋਲੈ ਚਰਪਟੁ ਸਤਿ ਸਰੂਪੁ। ਪਰਮ ਤੰਤ ਮਹਿ ਰੇਖ ਨ ਰੂਪੁ।5।
ਸੋ ਬੈਰਾਗੀ ਜਿ ਉਲਟੇ ਬ੍ਰਹਮੁ। ਗਗਨ ਮੰਡਲ ਮਹਿ ਰੋਪੈ ਥੰਮੁ।
ਅਹਿਨਿਸਿ ਅੰਤਰਿ ਰਹੈ ਧਿਆਨਿ। ਤੇ ਬੈਰਾਗੀ ਸਤ ਸਮਾਨਿ।
ਬੋਲੈ ਭਰਥਰਿ ਸਤਿ ਸਰੂਪੁ। ਪਰਮ ਤੰਤ ਮਹਿ ਰੇਖ ਨ ਰੂਪੁ।6।
(ਸਲੋਕ ਮ:1 (ਵਾਰ ਰਾਮਕਲੀ ਮ:3, ਪਉੜੀ 12 ਦਾ ਸਲੋਕ, ਉਹੀ, ਪੰ: 952)

318. ੳ) ਵਿਸਥਾਰ ਲਈ ਦੇਖੋ: ਇਸੇ ਅਧਿਆਇ ਵਿਚ 'ਸਾਧਨਾ ਸੰਪਰਦਾਇ'।
ਅ) A critical Study of Adi Granth, P-274, Dr. S.S. Kohli.

ਹੈ ਜੋਗੀ ਆਤਮਕ ਮੰਡਲ ਦੇ ਆਸਣ ਤੇ ਬੈਠਦੇ ਹਨ। ਉਨ੍ਹਾਂ ਪਾਸ ਵਿਚਾਰ ਰੂਪੀ ਸਿੰਙੀ, ਗਿਆਨ ਰੂਪੀ ਡੰਡਾ, ਧਿਆਨ ਰੂਪੀ ਬਿਭੂਤੀ ਹੁੰਦੀ ਹੈ। ਗੁਰਬਾਣੀ ਵਿਚ ਐਸੀ ਵਿਰੱਕਤ ਪੰਥ ਦਾ ਨਾਂ ਗੁਰਮੁਖ ਪੰਥ ਹੈ। ਸਭ ਵਰਨਾਂ ਵਿਚ ਪ੍ਰਭੂ ਦੀ ਜੋਤ ਗੁਰਮੁਖ ਜੋਗੀਆਂ ਦੀ ਬੈਰਾਗ ਸਾਧਨਾ ਹੈ।[321]

ਗੁਰੂ ਜੀ ਜੋਗੀਆਂ ਨੂੰ ਭੇਖ ਦੀ ਥਾਂ ਬ੍ਰਹਮਚਾਰੀ ਤੇ ਨਾਮ ਦਾ ਧਿਆਨ ਕਰਨ ਦੀ ਜੋਗ ਦੀ ਜੁਗਤੀ ਬਾਰੇ ਕਈ ਉਪਦੇਸ਼ ਦਿੰਦੇ ਹਨ।[322]

ਗੁਰੂ ਜੀ ਅਨੁਸਾਰ ਗੁਰੂ ਦੇ ਉਪਦੇਸ਼ ਤੋਂ ਬਿਨਾਂ ਕਿਸੇ ਜੋਗੀ ਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਇਸ ਦੇ ਉਲਟ ਗੁਰੂ ਦੀ ਸਿਖਿਆ ਤੇ ਅਮਲ ਕਰਨ ਨਾਲ ਗੁਰਮੁਖ ਵਿਚ ਸਾਧਨ ਪ੍ਰਗਟ ਹੁੰਦਾ ਹੈ ਅਤੇ ਉਹ ਜੋਗ ਦੀ ਅੰਤਰ ਸਿਖਿਆ ਲੈ ਕੇ ਸ਼ਬਦ ਪ੍ਰੇਮ ਨਾਲ ਅਮਰ ਤੁਰੀਆ ਲੱਭਦਾ ਹੈ। ਗੁਰੂ ਦੀ ਸਿਖਿਆ ਅਨੁਸਾਰ ਉਹ ਬੰਨ੍ਹ ਕੇ ਜੀਵਨ ਰਹਿਤ ਹੋ ਜਾਂਦਾ ਹੈ ਅਤੇ ਗੁਰੂ ਦੀ ਸ਼ਰਣ ਪੈ ਕੇ ਹਉਮੈ ਨੂੰ ਮਨ

---

319. 'ਸਿਧਾ ਕੇ ਆਸਣ ਜੇ ਸਿਖੈ, ਇੰਦ੍ਰੀ ਵਸਿ ਕਰਿ ਕਮਾਇ।
ਮਨ ਕੀ ਮੈਲੁ ਨ ਉਤਰੈ, ਹਉਮੈ ਮੈਲੁ ਨ ਜਾਇ।
(ਵਡਹੰਸ ਮ: 3, ਸ਼ਬਦਾਰਥ, ਪੰ: 558)

320. ਸ਼ਬਦਾਰਥ ਪੰ: 359, ਫੁਟ ਨੋਟ।

321. 'ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ, ਖਿੰਥਾ ਖਿਮਾ ਹਢਾਵਉ।
ਜੋ ਕਿਛੁ ਕਰੈ ਭਲਾ ਕਰਿ ਮਾਨਉ, ਸਹਜ ਜੋਗ ਨਿਧਿ ਪਾਵਉ।1।
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ, ਪਰਮ ਤੰਤ ਮਹਿ ਜੋਗੰ।
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ, ਗਿਆਨ ਕਾਇਆ ਰਸ ਭੋਗੰ।1।ਰਹਾਉ।
ਸਿਵ ਨਗਰੀ ਮਹਿ ਆਸਣਿ ਬੈਸਉ, ਕਲਪ ਤਿਆਗੀ ਬਾਦੰ।
ਸਿੰਙੀ ਸਬਦੁ ਸਦਾ ਧੁਨਿ ਸੋਹੈ, ਅਹਿਨਿਸਿ ਪੂਰੈ ਨਾਦੰ।2।
ਪਤੁ ਵੀਚਾਰੁ ਗਿਆਨ ਮਤਿ ਡੰਡਾ, ਵਰਤਮਾਨ ਬਿਭੂਤੰ।
ਹਰਿ ਕੀਰਤਿ ਰਹਰਾਸਿ ਹਮਾਰੀ, ਗੁਰਮੁਖਿ ਪੰਥੁ ਅਤੀਤੰ।3।
ਸਗਲੀ ਜੋਤਿ ਹਮਾਰੀ ਸੰਮਿਆ, ਨਾਨਾ ਵਰਨ ਅਨੇਕੰ।
ਕਹੁ ਨਾਨਕ ਸੁਣਿ ਭਰਥਰਿ ਜੋਗੀ, ਪਾਰਬ੍ਰਹਮ ਲਿਵ ਏਕੰ।4।
(ਆਸਾ 11:1, ਪੋਥੀ, ਪੰ: 359-60)

322. 'ਸੁਣਿ ਮਾਛਿੰਦ੍ਰਾ ਨਾਨਕੁ ਬੋਲੈ। ਵਸਗਤਿ ਪੰਚ ਕਰੇ ਨਹ ਡੋਲੈ।
ਐਸੀ ਜੁਗਤਿ ਜੋਗ ਕਉ ਪਾਲੇ। ਆਪਿ ਤਰੈ ਸਗਲੇ ਕੁਲ ਤਾਰੇ।1।
ਸੋ ਅਉਧੂਤੁ ਐਸੀ ਮਤਿ ਪਾਵੈ। ਅਹਿਨਿਸਿ ਸੁੰਨਿ ਸਮਾਧਿ ਸਮਾਵੈ।1।ਰਹਾਉ।
ਭਿਖਿਆ ਭਾਇ ਭਗਤਿ ਭੈ ਚਲੈ। ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ।
ਧਿਆਨ ਰੂਪਿ ਹੋਇ ਆਸਣੁ ਪਾਵੈ। ਸਚਿ ਨਾਮਿ ਤਾੜੀ ਚਿਤੁ ਲਾਵੈ।2।
ਨਾਨਕੁ ਬੋਲੈ ਅੰਮ੍ਰਿਤ ਬਾਣੀ। ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ।
ਆਸਾ ਮਾਹਿ ਨਿਰਾਸੁ ਵਲਾਏ। ਨਿਹਚਉ ਨਾਨਕ ਕਰਤੇ ਪਾਏ।3।
ਪ੍ਰਣਵਤਿ ਨਾਨਕੁ ਅਗਮੁ ਸੁਣਾਏ। ਗੁਰ ਚੇਲੇ ਕੀ ਸੰਧਿ ਮਿਲਾਏ।
ਦੀਖਿਆ ਦਾਰੂ ਭੋਜਨੁ ਖਾਇ। ਛਿਅ ਦਰਸਨ ਕੀ ਸੋਝੀ ਪਾਇ।
(ਰਾਮਕਲੀ ਮ: 1, ਪੋਥੀ, ਪੰ: 877-78)

ਵਿਚ ਸਮਾਉਣਾ ਹੀ ਉਸ ਦੀਆਂ ਮੁੰਦ੍ਰਾਂ ਹਨ।[323]

ਸਿਧ ਜੋਗੀਆਂ ਦਾ ਘਰ ਬਾਰ ਛਡ ਕੇ ਜੰਗਲ ਫਿਰਨ ਦਾ ਕੁਦਰਤ-ਵਾਦੀਆਂ ਵਰਗਾ ਜੀਵਨ ਜੀਣਾ ਕਿਹਾ ਹੈ।[324] ਗੁਰੂ ਨਾਨਕ ਸਾਹਿਬ 'ਸਿਧ-ਗੋਸਟ' ਦਾ ਜੋਗੀਆਂ ਵਿਚ ਹੀ ਕਿਹਾ ਹੈ ਕਿ ਜੰਗਲ-ਬੀਆਬਾਨਾਂ ਤੇ ਤੀਰਥਾਂ ਤੇ ਭੌਣ ਦਾ ਕੋਈ ਲਾਭ ਨਹੀਂ ਬਲਕਿ ਸੱਚੇ ਸ਼ਬਦ (ਸਤਿਗੁਰੂ ਦੇ ਉਪਦੇਸ਼) ਤੋਂ ਬਿਨਾ ਮੁਕਤੀ ਨਹੀਂ ਹੋ ਸਕਦੀ।[325] ਬੈਰਾਗੀਆ ਜੋਗੀ ਨਾਲ ਸਵਾਲ-ਜਵਾਬ ਕਰਦਿਆਂ ਜੰਗਲ ਵਿਚ ਕੰਦ-ਮੂਲ ਖਾ ਕੇ ਗੁਜ਼ਾਰਾ ਕਰਨ ਅਤੇ ਤੀਰਥਾਂ ਤੇ ਇਸ਼ਨਾਨ ਆਦਿ ਕਰਨ ਦੀ ਥਾਂ ਗੁਰੂ ਜੀ ਨੇ ਅਵਿਦਿਆ ਦੀ ਨੀਂਦ ਤੋਂ ਸੁਚੇਤ ਰਹਿਣ, ਪਰਾਈ ਇਸਤਰੀ ਅਤੇ ਪਰਾਏ ਧਨ ਵਲ ਵੇਖ ਕੇ ਮਨ ਨੂੰ ਨਾ ਡੁਲਾਉਣ, ਅਲਪ ਅਹਾਰ ਥੋੜਾ ਸੌਣ ਅਤੇ ਸੱਚ ਦਾ ਵਿਹਾਰ ਕਰਨ ਉਪਰ ਜ਼ੋਰ ਦਿੱਤਾ[326] ਅਤੇ ਪਰਿਵਾਰਕ ਜੀਵਨ ਵਿਚ ਵਿਚਰਦੇ ਸਹਿਜ ਉਦਾਸੀ ਸਾਧਨਾ ਦੀ ਪ੍ਰੇਰਨਾ ਦਿੱਤੀ।[327]

---

323. ਛਾਦਨੁ ਭੋਜਨੁ ਮਾਗਤੁ ਭਾਗੈ। ਖੁਧਿਆ ਦੁਸਟ ਜਲੈ ਦੁਖੁ ਆਗੈ।
ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ। ਗੁਰਮਤਿ ਭਗਤਿ ਪਾਵੈ ਜਨੁ ਕੋਈ।1।
ਜੋਗੀ ਜੁਗਤਿ ਸਹਜ ਘਰ ਵਾਸੀ।
ਏਕ ਦ੍ਰਿਸਟਿ ਏਕੋ ਕਰਿ ਦੇਖਿਆ, ਭੀਖਿਆ ਭਾਇ ਸਬਦਿ ਤ੍ਰਿਪਤਾਸੀ।1।ਰਹਾਉ।
ਪੰਚ ਬੈਲ ਗਡੀਆ ਦੇਹ ਧਾਰੀ। ਰਾਮ ਕਲਾ ਨਿਬਹੈ ਪਤਿ ਸਾਰੀ।
ਧਰ ਤੂਟੀ ਗਾਡੋ ਸਿਰ ਭਾਰਿ। ਲਕਰੀ ਬਿਖਰਿ ਜਰੀ ਮੰਝ ਭਾਰਿ।2।
ਗੁਰ ਕਾ ਸਬਦੁ ਵੀਚਾਰਿ ਜੋਗੀ। ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ।
ਭੁਗਤਿ ਨਾਮੁ ਗੁਰ ਸਬਦਿ ਬੀਚਾਰੀ। ਅਸਥਿਰੁ ਕੰਧੁ ਜਪੈ ਨਿਰੰਕਾਰੀ।3।
ਸਹਜ ਜਗੋਟਾ ਬੰਧਨ ਤੇ ਛੂਟਾ। ਕਾਮੁ ਕ੍ਰੋਧੁ ਗੁਰ ਸਬਦੀ ਲੂਟਾ।
ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ। ਨਾਨਕ ਰਾਮ ਭਗਤਿ ਜਨ ਤਰਣਾ।4।
(ਰਾਮਕਲੀ ਮ:1, ਉਹੀ, ਪੰ:879)

324. ੳ) ਏਹੁ ਜੋਗੁ ਨ ਹੋਵੈ ਜੋਗੀ, ਜਿ ਕੁਟੰਬੁ ਛੋਡਿ ਪਰਭਵਣੁ ਕਰਹਿ। (ਰਾਮਕਲੀ ਮ:3, ਉਹੀ, ਪੰ:909)
ਅ) ਜੋਗੀ ਜੁਗਤਿ ਗਵਾਈ ਹੰਢੈ, ਪਾਖੰਡਿ ਜੋਗੁ ਨ ਪਾਈ। (ਰਾਮਕਲੀ ਮ:3, ਉਹੀ, ਪੰ: 909)

325. ਕਿਆ ਭਵੀਐ ਸਚਿ ਸੂਚਾ ਹੋਇ। ਸਾਚ ਸਬਦ ਬਿਨੁ ਮੁਕਤਿ ਨ ਕੋਇ।1।ਰਹਾਉ।
(ਰਾਮਕਲੀ ਮ:1, ਸਿਧ ਗੋਸਟਿ, ਉਹੀ, ਪੰ:938)

326. ਬੈਰਾਗੀਆ ਜੋਗੀ ਦਾ ਵਿਚਾਰ:
ਹਾਟੀ ਬਾਟੀ ਰਹਹਿ ਨਿਰਾਲੇ, ਰੂਖਿ ਬਿਰਖਿ ਉਦਿਆਨੇ।
ਕੰਦ ਮੂਲੁ ਅਹਾਰੋ ਖਾਈਐ, ਅਉਧੂ ਬੋਲੈ ਗਿਆਨੇ।
ਤੀਰਥ ਨਾਈਐ ਸੁਖੁ ਫਲੁ ਪਾਈਐ, ਮੈਲੁ ਨ ਲਾਗੈ ਕਾਈ।
ਗੋਰਖ ਪੂਤ ਲੋਹਾਰੀਪਾ ਬੋਲੈ, ਜੋਗ ਜੁਗਤਿ ਬਿਧਿ ਸਾਈ।7।ਉਹੀ, ਪੰ: 938-39,
ਗੁਰੂ ਜੀ ਦਾ ਉੱਤਰ:
ਹਾਟੀ ਬਾਟੀ ਨੀਦ ਨ ਆਵੈ, ਪਰ ਘਰਿ ਚਿਤੁ ਨ ਡੋਲਾਈ।
ਬਿਨੁ ਨਾਵੈ ਮਨੁ ਟੇਕ ਨ ਟਿਕਈ, ਨਾਨਕ ਭੂਖ ਨ ਜਾਈ।
ਹਾਟੁ ਪਟਣੁ ਘਰੁ ਗੁਰੂ ਦਿਖਾਇਆ, ਸਹਜੇ ਸਚੁ ਵਾਪਾਰੋ।
ਖੰਡਿਤ ਨਿਦ੍ਰਾ ਅਲਪ ਅਹਾਰੰ, ਨਾਨਕ ਤਤੁ ਬੀਚਾਰੋ।8(ਉਹੀ, ਪੰ:939)

327. ਗਿਰਹ ਕੁਟੰਬ ਮਹਿ ਸਹਜਿ ਉਦਾਸੀ। ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ।
(ਮ:4, ਵਾਰ ਸਾਰੰਗ, ਪਉੜੀ 23 ਦਾ ਸਲੋਕ, ਉਹੀ, ਪੰ: 1246)

ਕਈ ਲੋਕ [illegible] ਰਹੀਆਂ ਜ਼ਿੰਮੇਵਾਰੀਆਂ ਤੋਂ ਡਰ ਕੇ ਜੋਗੀ ਬਣ ਜਾਂਦੇ ਸਨ ਤਾਂ ਕਿ ਉਨ੍ਹਾਂ ਨੂੰ ਰੋਜ਼ੀ ਕਮਾਉਣੀ ਨਾ ਕਰਨੀ ਪਵੇ। ਅਜਿਹੇ ਮਖਟੂਆਂ ਦਾ [illegible] ਜੋਗੀ ਬਣ ਜਾਣ ਦਾ ਗੁਰੂ [illegible] ਵਿਚ ਖੰਡਨ ਕੀਤਾ ਗਿਆ ਹੈ।[328] ਗੁਰੂ ਸਾਹਿਬਾਂ ਨੇ ਘਰ ਬੈਠ ਕੇ ਗ੍ਰਹਿਸਤ ਜੀਵਨ ਜੀਣ ਲਈ ਜੋਗੀਆਂ ਨੂੰ ਪ੍ਰੇਰਨਾ ਦਿੱਤੀ। ਘਰ [illegible] ਦੇ [illegible] ਵਿਚਾਰ [illegible] ਅੰਮ੍ਰਿਤ ਤੇ ਨਾ [illegible] ਹੈ। ਜੋਗੀ [illegible] ਗੁਰੂ ਜੀ ਨੇ [illegible] ਪਾਈ ਹੈ।[329] [illegible] ਹੈ ਕਿ ਅੰਤ ਸਮੇਂ ਜੋਗੀ ਦਾ [illegible] ਦਰਗਾਹ ਵਿਚ ਲੇਖਾ ਮੰਗਿਆ ਗਿਆ ਤਾਂ ਉਹ ਕਿਸ ਕਿਸ ਨੂੰ ਉਤਰ ਦੇਵੇਗਾ?[330]

ਜਦੋਂ ਜੋਗੀ ਦਾ [illegible] ਗੁਰੂ ਜੀ [illegible] ਕਿ ਜੋਗੀ ਦਾ [illegible] ਕਿਸੇ ਦੇ ਘਰ [illegible], ਜੋ [illegible] ਦਾ [illegible] ਹੈ [illegible] ਜੀ [illegible] ਹੈ ਗੁਰ [illegible] ਦੇ [illegible] ਤਾਂ [illegible] ਨੂੰ [illegible] ਹੈ।[331]

[illegible] ਦਾ [illegible] ਵਿਚ [illegible] ਦਾ [illegible] — [illegible] ਹੈ ਕਿ [illegible] ਹੀ [illegible] ਕਿ [illegible] — [illegible] ਦਾ [illegible] — ਬਲਕਿ ਸਤਿਗੁਰੂ ਦੇ ਉਪਦੇਸ਼ [illegible] ਘਰ ਬੈਠਿਆਂ ਹੀ ਜੋਗ ਦੀ ਪ੍ਰਾਪਤੀ ਹੋ ਜਾਂਦੀ ਹੈ।[332]

ਜੋਗੀ [illegible] ਜੀ ਦੇ [illegible] ਸਨ [illegible] ਵਿਚ [illegible] ਵਿਚ [illegible] ਸਨ। ਗੁਰੂ ਸਾਹਿਬਾਂ ਨੇ [illegible], [illegible] ਦੇ [illegible], [illegible] ਦੇ [illegible] ਜੋਗੀਆਂ [illegible] ਦਾ ਖੰਡਨ [illegible] ਕਿ [illegible] ਦਾ ਵਿਰੋਧ ਕੀਤਾ। [illegible] ਕੁਲੀ [illegible], [illegible] ਕੁਲੀ [illegible] ਦੇ [illegible], [illegible] ਕੁਲੀ [illegible] (ਇੱਕਠ ਦਾ ਮੇਲ),

328. ਮਖਟੂ ਹੋਇ ਕੈ ਕੰਨ ਪੜਾਏ। ਫਕਰੁ ਕਰੇ ਹੋਰੁ ਜਾਤਿ ਗਵਾਏ।
(ਮ:1, ਵਾਰ ਸਾਰੰਗ ਮ:4, ਪਉੜੀ 22 ਦਾ ਸਲੋਕ, ਗੁ.ਗ੍ਰੰ.ਸਾ., ਪੰ: 1245)

329. [illegible] ਪਿਤੁ [illegible] ਤਿਤਕਾਲੀ। [illegible] ਅੰਮ੍ਰਿਤੁ [illegible]।
[illegible] ਜਗਤੁ [illegible] ਘਰਿ ਘਰਿ [illegible]।
(ਰਾਮਕਲੀ ਮ:1, ਗੁ.ਗ੍ਰੰ., ਪੰ:903)

330. ਜੋਗੀ ਹੋਵਾ ਜਗਿ ਭਵਾ, ਘਰਿ ਘਰਿ ਭੀਖਿਆ ਲੇਉ।
ਦਰਗਹ ਲੇਖਾ ਮੰਗੀਐ, ਕਿਸੁ ਕਿਸੁ ਉਤਰੁ ਦੇਉ।
(ਮ:3, ਵਾਰ ਮਾਰੂ, ਪਉੜੀ 9 ਦਾ ਸਲੋਕ, ਗੁ.ਗ੍ਰੰ., ਪੰ:1089)

331. ਘਰ [illegible] ਨਾਹਿ [illegible] ਮਹਲੁ [illegible]। [illegible] ਲਿਖਿਲਿ [illegible]।
[illegible] ਮਹਲੁ [illegible]। [illegible] ਜੋਗ [illegible]।
(ਰਾਮਕਲੀ ਮ:1, ਗੁ.ਗ੍ਰੰ., ਪੰ:904)

332. ਜੋਗੁ ਨ ਭਗਵੀ ਕਪੜੀ, ਜੋਗੁ ਨ ਮੈਲੇ ਵੇਸਿ।
ਨਾਨਕ ਘਰ ਬੈਠਿਆ ਜੋਗੁ ਪਾਈਐ, ਸਤਿਗੁਰ ਕੈ ਉਪਦੇਸਿ।64।
(ਮ:3, ਸਲੋਕ ਵਾਰਾਂ ਤੇ ਵਧੀਕ, ਗੁ.ਗ੍ਰੰ., ਪੰ: 1420-21)

ਪ੍ਰਕਾਸ਼ ਰੂਪੀ ਹੋਵੇ ([illegible]) [illegible] ਅੰਮ੍ਰਿਤ [illegible] ਹੈ, [illegible] ਰੂਪੀ ਪਿਆਲਾ [illegible] ਹੁੰਦਾ ਹੈ। ਅੰਮ੍ਰਿਤ ਦਾ ਵਪਾਰੀ [illegible] ਪਿਆਲਾ [illegible]। [illegible] ਨੂੰ [illegible] ਕਰਦੇ ਹੋਏ ਗੁਰੂ ਜੀ ਆਖਦੇ ਹਨ ਕਿ ਜੋ ਰੂਪੀ [illegible] ਅੰਮ੍ਰਿਤ ਦੀ [illegible] ਦਾ [illegible]
335
ਹੈ।

ਗੋਰਖ [illegible] [illegible] 334 [illegible] ਗੋਰਖ [illegible] 335 [illegible] 336 [illegible] ਸਨ। [illegible] ਦਾ [illegible] ਕੀਤਾ ਗਿਆ ਹੈ। ਗੋਰਖ ਨੂੰ [illegible] ਗੁਰੂ ਜੀ [illegible] ਹੋਏ ਆਖਦੇ ਹਨ ਕਿ [illegible] ਗੋਰਖ ([illegible]) [illegible]। [illegible] ਗੋਰਖ [illegible] ਹੈ, ਜੋ ਧਰਤੀ ਦਾ [illegible] ਹੈ [illegible] ਨੂੰ [illegible], [illegible] ਚੰਦ ਸੂਰਜ [illegible] ਹੈ, [illegible] ਕਰਦੇ ਹੋ [illegible], [illegible] ਧਰਤੀ [illegible] ਹੈ, ਪਰੰਤੂ [illegible] ਗੋਰਖ ([illegible]) ਦੇ [illegible] ਵਿਸਾਰ ਦਿੱਤੇ ਹਨ।
337

ਇਸ ਪ੍ਰਕਾਰ [illegible] ਗੁਰੂ [illegible] ਸਿਧਗੋਸਟਿ [illegible] ਦਾ [illegible] ਕੀਤਾ ਹੈ। [illegible] ਦਾ [illegible] ਰੂਪ [illegible] ਕੀਤਾ ਹੈ। ਗੁਰੂ [illegible] ਨੂੰ [illegible] ਅਤੇ [illegible] ਜੀਵਨ [illegible] ਅਤੇ [illegible] ਪ੍ਰਦਾਨ ਕੀਤੇ ਹਨ।

---

333. ਗੁੜ ਕਰਿ ਗਿਆਨੁ, ਧਿਆਨੁ ਕਰਿ ਧਾਵੈ, ਕਰਿ ਕਰਣੀ ਕਸੁ ਪਾਈਐ।
ਭਾਠੀ ਭਵਨੁ ਪ੍ਰੇਮ ਕਾ ਪੋਚਾ, ਇਤੁ ਰਸਿ ਅਮਿਉ ਚੁਆਈਐ।੧।
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ, ਸਹਜ ਰੰਗ ਰਚਿ ਰਹਿਆ।
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਹਿਆ।੧।ਰਹਾਉ।
ਪੂਰਾ ਸਾਚੁ ਪਿਆਲਾ ਸਹਜੇ, ਤਿਸਹਿ ਪੀਆਏ, ਜਾ ਕਉ ਨਦਰਿ ਕਰੇ।
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ।੨।
ਗੁਰ ਕੀ ਸਾਖੀ ਅੰਮ੍ਰਿਤ ਬਾਣੀ, ਪੀਵਤ ਹੀ ਪਰਵਾਣੁ ਭਇਆ।
ਦਰ ਦਰਸਨ ਕਾ ਪ੍ਰੀਤਮੁ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ।੩।
ਸਿਫਤੀ ਰਤਾ ਸਦ ਬੈਰਾਗੀ, ਜੂਐ ਜਨਮੁ ਨ ਹਾਰੈ।
ਕਹੁ ਨਾਨਕ ਸੁਣਿ ਭਰਥਰਿ ਜੋਗੀ, ਖੀਵਾ ਅੰਮ੍ਰਿਤ ਧਾਰੈ।'(ਆਸਾ ਮ:੧, ਪੰਨਾ 360)
334. An outline of Religious Literature, P.247, J.N. Farquhar.
335. [illegible] ਵੇਖੋ: ਇਸੇ ਅੰਤਰਗਤਿ ਵਿਚ ਸਿੱਧ [illegible]'।
336. [illegible] ਵੇਖੋ: ਇਸੇ ਅੰਤਰਗਤਿ ਵਿਚ '[illegible] ਸਿਧਗੋਸਟਿ।'
337. ਬਾਬਾ ਗੋਰਖੁ ਜਾਗੈ।
ਗੋਰਖੁ ਸੋ ਜਿਨਿ ਗੋਇ ਉਠਾਲੀ,
ਪਾਣੀ ਪ੍ਰਾਣ ਪਵਣਿ ਬੰਧਿ ਰਾਖੇ, ਚੰਦੁ ਸੂਰਜੁ ਮੁਖਿ ਦੀਏ।
ਮਰਣ ਜੀਵਣ ਕਉ ਧਰਤੀ ਦੀਨੀ, ਏਤੇ ਗੁਣ ਵਿਸਰੇ।
(ਰਾਮਕਲੀ ਮ:੧, ਪੰਨਾ 877)

ਸੂਫ਼ੀ ਮੱਤ :

ਰਹੱਸਵਾਦ ਦੇ ਇਸਲਾਮੀ ਰੂਪ ਨੂੰ ਸੂਫ਼ੀ ਮੱਤ ਕਹਿੰਦੇ ਹਨ।[338] ਇਸ [illegible] ਦੀ ਉਤਪਤੀ ਇਸਲਾਮ ਦੀ ਗੋਦ ਵਿਚ ਹੋਈ।[339] ਹਜ਼ਰਤ ਅਲੀ ਨੂੰ ਇਸ ਦਾ ਬਾਨੀ ਕਿਹਾ ਜਾਂਦਾ ਹੈ।

ਸੂਫ਼ੀਮੱਤ ਨੇ ਵੀ ਇਸਲਾਮ ਦੀ ਤਰ੍ਹਾਂ ਅਰਬ ਵਿਚ ਹੀ ਜਨਮ ਲਿਆ ਪਰ ਇਹ ਭਾਰਤ ਵਿਚ ਮੁਸਲਮਾਨਾਂ ਦੇ ਪ੍ਰਵੇਸ਼ ਨਾਲ ਆਇਆ। ਬਾਰ੍ਹਵੀਂ ਸਦੀ ਤਕ ਪੰਜਾਬ ਵਿਚ ਪਾਕਪਟਨ, ਮੁਲਤਾਨ ਤੇ ਕਸੂਰ ਆਦਿ ਸੂਫ਼ੀ ਮੱਤ ਦੇ ਕੇਂਦਰ ਬ ਚੁਕੇ ਸਨ।

ਆਰੰਭਕ ਸੂਫ਼ੀ ਧਾਰਮਿਕ ਮਰਯਾਦਾ ਲਈ 'ਕੁਰਾਨ' ਨੂੰ ਆਪਣਾ ਗ੍ਰੰਥ ਅਤੇ ਹਜ਼ਰਤ ਮੁਹੰਮਦ ਸਾਹਿਬ ਨੂੰ ਆਪਣਾ 'ਮੁਰਸ਼ਦ' ਸਮਝਦੇ ਸਨ।[340] ਇਸਲਾਮ ਅਨੁਸਾਰ ਗਿਆਨ ਅਤੇ ਅਧਿਆਤਮਕ ਵਿਦਿਆ ਨੂੰ 'ਤਸੱਵੁਫ਼' ਕਹਿੰਦੇ ਹਨ। ਇਸਲਾਮੀ ਤਸੱਵੁਫ਼ ਦੀ ਬੁਨਿਆਦ ਕੁਰਾਨ, ਸੁੰਨਤ ਅਤੇ ਸ਼ਰੀਅਤ ਉਪਰ ਕਾਇਮ ਹੈ।[341] ਇਹ ਸੂਫ਼ੀ ਰੱਬ ਦੀ ਰਜ਼ਾ ਵਿਚ ਸ਼ਾਕਰ ਰਹਿੰਦਿਆਂ ਪਵਿੱਤਰਤਾ, ਤਿਆਗ ਤੇ ਨਫ਼ਸ ਦੇ ਕਾਬੂ ਉਪਰ ਅਧਿਕ ਜ਼ੋਰ ਦਿੰਦੇ ਸਨ।

ਉੱਤਰੀ ਭਾਰਤ ਦੇ ਸੂਫ਼ੀ ਫ਼ਕੀਰ ਆਰੰਭ ਵਿਚ ਇਸਲਾਮ ਦੇ ਪ੍ਰਚਾਰਕ ਸਨ।[342] ਉਹ ਤੁਰਕੀ ਅਫ਼ਗਾਨ ਸੁਲਤਾਨਾਂ ਵਾਂਗ ਕੱਟੜ ਸਨ ਅਤੇ ਉਨ੍ਹਾਂ ਵਿਚ ਫ਼ਕੀਰਾਂ ਵਾਲੀ ਉਦਾਰਤਾ ਨਹੀਂ ਸੀ।[343] ਉਨ੍ਹਾਂ ਨੇ ਇਸਲਾਮ ਦਾ ਪ੍ਰਚਾਰ ਤਲਵਾਰ ਦੀ ਬਜਾਇ ਪ੍ਰੇਮ ਨਾਲ ਕੀਤਾ। ਪੰਜਾਬ ਦੇ ਪਹਿਲੇ ਪ੍ਰਸਿੱਧ ਸੂਫ਼ੀ ਸ਼ੇਖ਼ ਫ਼ਰੀਦ ਸ਼ੱਕਰ ਗੰਜ (1173-1266 ਈ:) ਦਾ ਸੂਫ਼ੀ ਕਲਾਮ ਆਦਿ ਗ੍ਰੰਥ ਵਿਚ ਸੰਕਲਿਤ ਕੀਤਾ ਗਿਆ।[344] ਉਨ੍ਹਾਂ ਦੀ ਸਿਖਿਆ ਦੇ ਪ੍ਰਭਾਵ ਥੱਲੇ ਬਹੁਤ ਸਾਰੇ ਹਿੰਦੂ ਲੋਕਾਂ ਨੇ ਉਨ੍ਹਾਂ ਦੇ ਹੱਥ ਇਸਲਾਮ ਧਾਰਨ ਕੀਤਾ।[345] ਖ਼ਲਿਕ ਅਹਿਮਦ ਨਿਜ਼ਾਮੀ ਨੇ ਇਕ ਅਜਿਹੀ ਘਟਨਾ ਦਾ ਵੀ ਵਰਣਨ ਕੀਤਾ ਹੈ ਜਦੋਂ ਸ਼ੇਖ਼

---

338. ੳ) ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ, ਪੰ: 9 (ਭੂਮਿਕਾ), ਡਾ: ਸਾਧੂ ਰਾਮ ਸ਼ਾਰਦਾ।
    ਅ) ਪੰਜਾਬੀ ਦੁਨੀਆਂ— ਸੂਫ਼ੀ ਸਾਹਿਤ ਅੰਕ (ਨਵੰਬਰ-ਦਸੰਬਰ, 1964 ਈ:) ਪੰ: 5, (ਲੇਖ, ਪ੍ਰੋ: ਮੋਹਨ ਸਿੰਘ)।

339. Glimpses of Medieval Indian Culture, P-28,Yusuf Husain.

340. ਉਹੀ, ਪੰ: 28.

341. ਪੰਜਾਬੀ ਦੁਨੀਆਂ-ਸੂਫ਼ੀ ਸਾਹਿਤ ਅੰਕ (ਨਵੰਬਰ, ਦਸੰਬਰ, 1964), ਪੰ:328, (ਲੇਖ, ਪ੍ਰੋ: ਕੁਲਵੰਤ ਸਿੰਘ

342. In the begining the sufis in Northern India were preachers:- Panjabi sufi Poets, P-220, Dr. Lajwanti Rama Krishna.

343. ਸੂਫ਼ੀ ਮੱਤ ਅਤੇ ਪੰਜਾਬੀ ਸੂਫ਼ੀ ਸਾਹਿਤ, ਪੰ: 86, ਡਾ: ਸਾਧੂ ਰਾਮ ਸ਼ਾਰਦਾ।

344. ਸ਼ਬਦਾਰਥ ਪੰ: 488, ਪੰ: 794 ਅਤੇ ਪੰ: 1377-84.

345. Socio-Cultural Impact of Islam on India, P-15,(Baba Farid-A Real Saint by Dr. Ganda Singh).

ਫਰੀਦ ਮੁਤਅੱਲਕ ਹੈ ਕਿ ਇਕ ਹਿੰਦੂ ਨੂੰ ਤਿੰਨ ਦਿਨਾਂ ਲਈ ਇਕ ਕਮਰੇ ਵਿਚ ਬੰਦ ਰਖਿਆ ਅਤੇ ਉਸ ਤੋਂ ਇਸਲਾਮ ਕਬੂਲ ਕਰਨ ਦਾ ਵਾਅਦਾ ਲੈ ਕੇ ਹੀ ਛਡਿਆ।[346]

ਫਰੀਦ ਤੋਂ ਪਿਛੋਂ ਨਾਨਕ ਕਾਲ ਦਾ ਪਹਿਲਾ ਪ੍ਰਸਿਧ ਸੂਫ਼ੀ ਕਵੀ ਸ਼ਾਹ ਹੁਸੈਨ (1538-1599 ਈ:) ਸੀ। ਬੇਸ਼ਕ ਉਹ ਪਹਿਲਾਂ ਜ਼ਾਹਦ ਸੀ, ਪਰ ਬਾਅਦ ਵਿਚ ਉਸ ਨੇ ਫਰੀਦ ਦੀ ਚਲਾਈ ਫ਼ਕਰ ਧਾਰਾ ਦਾ ਰੰਗ ਰੂਪ ਹੀ ਬਦਲ ਦਿੱਤਾ ਅਤੇ ਨੈਤਕਤਾ ਨੂੰ ਵੰਗਾਰਨ, ਆਪਣਾ ਰਾਹ ਨਿਖੇੜਨ ਤੇ ਪ੍ਰੇਮ ਸਾਗਰ ਵਿਚ ਖੁਲ੍ਹੀਆਂ ਤਾਰੀਆਂ ਲਾਉਣ ਦੀ ਪਹਿਲ ਕੀਤੀ।[347] ਉਹ ਮੁਲਾਮਤੀ ਮਸਖ਼ਰਿਆਂ ਅਤੇ ਸ਼ਰਾਬ ਜਾਮ, ਭੰਗ ਦਾ ਸੇਵਨ ਕਰਕੇ ਨੱਚਣ ਗਾਉਣ ਵਿਚ ਮਸਤ ਰਹਿੰਦਾ ਸੀ।

ਹੁਸੈਨ ਤੋਂ ਮਗਰੋਂ ਸੁਲਤਾਨ ਬਾਹੂ (1629-1691 ਈ) ਦੀਆਂ 'ਹੂ' ਵਾਲੀ ਸਤਰੇਵੀ ਤੁਕਾਂ ਨੇ ਉਸ ਨੂੰ ਬੇਹਦ ਮਕਬੂਲ ਬਣਾਇਆ। ਉਹ ਨਾ ਤਾਂ ਫਰੀਦ ਵਾਲੀ ਸ਼ਰ੍ਹਾ ਦੀ ਪਰਿਪਾਟੀ ਤੋਂ ਟੁੱਟਿਆ ਅਤੇ ਨਾ ਹੀ ਹੁਸੈਨ ਵਾਂਗ ਉਸ ਨੇ ਖੁੱਲ੍ਹ ਖੇਡ੍ਹ ਦੇ ਰਸਤੇ ਦੀ ਚੋਣ ਕੀਤੀ। ਉਸ ਨੇ ਸ਼ਰੀਅਤ ਦੀ ਰੱਖਿਆ ਅਤੇ ਇਸਲਾਮ ਦਾ ਪ੍ਰਚਾਰ ਹੀ ਕੀਤਾ।[348]

ਨਾਨਕ ਕਾਲ ਦੇ ਇਕ ਹੋਰ ਸੂਫ਼ੀ ਸ਼ਾਹ ਸ਼ਰਫ਼ (1640 ਈ:-1724 ਈ:) ਦੀਆਂ ਕਾਫ਼ੀਆਂ ਵਿਚ ਸੋਜ਼ ਤੇ ਵੈਰਾਗ ਹੈ। ਪ੍ਰੀਤਮ ਦੀ ਖੋਜ ਦਾ ਵਰਨਣ ਕਰਦਿਆਂ ਉਸ ਨੇ ਪਤੀ ਪਤਨੀ ਦੇ ਦੁਨਿਆਵੀ ਪ੍ਰੇਮ ਨੂੰ ਬੜੀ ਸਫਲਤਾ ਪੂਰਵਕ ਅਧਿਆਤਮਕ ਰੰਗਣ ਦਿੱਤੀ।[349] ਉਸ ਦੀ ਸਾਰੀ ਰਚਨਾ ਫ਼ਕੀਰੀ ਰੰਗ ਦੀ ਹੈ, ਜਿਸ ਵਿਚ ਪ੍ਰਭੂ ਮਿਲਾਪ ਦੀ ਤਾਂਘ ਹੈ।[350]

ਸੂਫ਼ੀ ਮੱਤ ਤੇ ਗੁਰਮਤਿ ਵਿਚ ਕਈ ਗੱਲਾਂ ਸਾਂਝੀਆਂ ਹਨ, ਜਿਵੇਂ ਰੱਬ ਦਾ ਸਿਮਰਨ ਅਥਵਾ ਨਾਮ ਭਗਤੀ, ਗੁਰ-ਭਗਤੀ ਤੇ ਮਨ ਦਾ ਸੰਜਮ, ਬਾਹਰਲੇ ਭੇਖ ਦਿਖਾਵੇ ਦੀ ਥਾਂ ਅੰਦਰੂਨੀ ਸਦਾਚਾਰਕ ਤੇ ਆਤਮਿਕ ਗੁਣਾਂ ਉਤੇ ਜ਼ੋਰ ਆਦਿ।[351] ਪਰੰਤੂ ਸੂਫ਼ੀ ਮੱਤ ਅਤੇ ਗੁਰਮਤਿ ਵਿਚ ਕੁਝ ਬੁਨਿਆਦੀ ਮਤਭੇਦ ਵੀ ਹਨ, ਜਿਨ੍ਹਾਂ ਬਾਰੇ ਗੁਰੂ-ਰਚਨਾ ਦੁਆਰਾ ਆਪਣਾ ਨਿਵੇਕਲਾ ਮੱਤ ਦਰਸਾਇਆ ਗਿਆ ਹੈ। ਆਦਿ ਗ੍ਰੰਥ ਜੀ ਵਿਚ ਸੰਕਲਿਤ ਫਰੀਦ-ਰਚਿਤ-ਬਾਣੀ ਵਿਚ ਜਿਥੇ ਸੂਫ਼ੀ ਸਿਧਾਂਤਾਂ ਨੂੰ ਸਮਝਣ ਵਿਚ ਟਪਲਾ ਲਗ ਸਕਣ ਦੀ ਸੰਭਾਵਨਾ ਸੀ, ਉਥੇ ਗੁਰੂ ਸਾਹਿਬਾਨ ਵਲੋਂ ਟਿਪਣੀਆਂ ਦਿੱਤੀਆਂ ਗਈਆਂ ਹਨ।

---

346. Life & Time of Farid, Ganj-i-Shakar, P-107, K.A. Nizami.
347. ਸੂਫ਼ੀ ਕਾਵਿ-ਸੰਗ੍ਰਹਿ, ਪੰ: 9, ਡਾ: ਹਰਨਾਮ ਸਿੰਘ ਸ਼ਾਨ (ਸੰ:)
348. ਉਹੀ, ਪੰ: 4.
349. ਸੂਫ਼ੀਮਤ ਤੇ ਪੰਜਾਬੀ ਸੂਫ਼ੀ ਸਾਹਿਤ, ਪੰ: 2 4, ਡਾ: ਸਾਧੂ ਰਾਮ ਸ਼ਾਰਦਾ।
350. ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰ: 400, ਭਾਸ਼ਾ ਵਿਭਾਗ।
351. ੳ) ਗੁਰਮਤਿ ਦਰਸ਼ਨ, ਪੰ: 147, ਡਾ: ਸ਼ੇਰ ਸਿੰਘ ਗਿਆਨੀ।

ਅ) ਪੰਜਾਬੀ ਦੁਨੀਆਂ, ਸੂਫ਼ੀ ਸਾਹਿਤ ਅੰਕ, ਪੰ: 78-79, (ਲੇਖ ਡਾ: ਤਾਰਨ ਸਿੰਘ)।

ਸੂਫੀਮੱਤ ਵਾਲੇ ਸ਼ਰ੍ਹਾ ਸ਼ਰੀਅਤ ਨੂੰ ਪੂਰਾ ਤਰ੍ਹਾਂ ਮੰਨਦੇ ਸਨ। ਗੁਰੂ-ਵਾਣੀ ਵਿਚ ਦਰਵੇਸ਼ਾਂ ਨੂੰ 'ਖੁਦਾ ਦੇ ਬੰਦੇ' ਕਹਿਕੇ ਦੁਨੀਆਂ ਦੇ ਧੰਦਿਆਂ ਤੋਂ ਬਚਣ ਲਈ ਕਿਹਾ ਗਿਆ ਹੈ। ਗੁਰੂ ਜੀ ਨੇ ਖੁਦਾ ਦੇ ਫਕੀਰਾਂ ਦੇ ਪੈਰਾਂ ਦੀ ਧੂੜ ਬਣ ਬਿਲਕੁਲ ਨਿਮਾਣਾ ਬਣਨ ਲਈ ਕਿਹਾ ਕਿਉਂਕਿ ਖੁਦਾ ਦੇ ਦਰ ਤੇ ਇਸ ਪ੍ਰਕਾਰ ਦੇ ਦਰਵੇਸ਼ ਹੀ ਕਬੂਲ ਹੁੰਦੇ ਹਨ।[352] ਉਨ੍ਹਾਂ ਨੇ ਸੱਚ ਨੂੰ ਨਿਮਾਜ਼, ਯਕੀਨ ਨੂੰ ਮੁਸੱਲਾ, ਇਛਾਵਾਂ ਤੇ ਸੰਜਮ ਨੂੰ 'ਆਸਾ' (ਡੰਡਾ), ਸਰੀਰ ਨੂੰ ਮਸੀਤ, ਮਨ ਨੂੰ ਮੁੱਲਾਂ ਅਤੇ ਮਨ ਦੀ ਪਵਿੱਤਰਤਾ ਨੂੰ ਖੁਦਾਈ ਕਲਮਾ ਬਣਾਉਣ ਤੇ ਜ਼ੋਰ ਦਿੱਤਾ।[353]

ਸੂਫੀ ਫਕੀਰ ਆਤਮਿਕ ਉਨਤੀ ਲਈ ਮੁੱਖ ਤੌਰ ਤੇ ਚਾਰ ਮੰਜ਼ਲਾਂ ਨੂੰ ਮੰਨਦੇ ਸਨ: ਸ਼ਰੀਅਤ, ਤਰੀਕਤ, ਮਾਰਫਤ ਤੇ ਹਕੀਕਤ। ਗੁਰੂ ਜੀ ਨੇ ਇਨ੍ਹਾਂ ਬਾਰੇ ਸਪਸ਼ਟ ਆਪਣਾ ਮੱਤ ਦਰਸਾਇਆ ਕਿਹਾ ਕਿ ਨਾਮ ਦੀ ਕਮਾਈ ਹੀ ਅਸਲ ਸ਼ਰ੍ਹਾ ਸ਼ਰੀਅਤ ਅਥਵਾ ਧਾਰਮਿਕ ਰਹਿਣੀ ਹੈ। ਮਨ ਦੀ ਸੁੱਧੀ ਦੇ ਢੰਗ ਨੂੰ ਤਰੀਕਤ ਕਹਿੰਦੇ ਹਨ ਪਰ ਗੁਰੂ ਜੀ ਅਨੁਸਾਰ ਵੈਰਾਗ ਦੁਆਰਾ ਖੋਜ ਕੇ ਖੁਦਾ ਨੂੰ ਲੱਭਣਾ ਹੀ ਅਸਲ ਤਰੀਕਤ ਹੈ ਅਤੇ ਮਨ ਨੂੰ ਮਾਰਨਾ ਹੀ ਅਸਲ ਮਾਰਫਤ (ਗਿਆਨ) ਹੈ। ਇਸਲਾਮ ਅਨੁਸਾਰ ਚੌਥੀ ਮੰਜ਼ਲ ਨੂੰ ਜਿਥੇ ਮਨੁੱਖ ਸਚਾਈ ਦਾ ਰੂਪ ਹੁੰਦਾ ਹੈ, ਹਕੀਕਤ ਕਹਿੰਦੇ ਹਨ, ਪਰ ਗੁਰੂ ਜੀ ਅਨੁਸਾਰ ਖੁਦਾ ਨੂੰ ਮਿਲਣਾ ਹੀ ਹਕੀਕਤ ਹੈ ਤਾਂ ਜੋ ਫਿਰ ਜਨਮ ਮਰਨ ਨ ਹੋਵੇ।[354]

ਸ਼ਰੀਅਤ ਅਨੁਸਾਰ ਪੰਜ ਨਿਮਾਜ਼ਾਂ ਦੇ ਪੰਜ ਵਕਤ ਹਨ, ਪਰ ਗੁਰੂ ਜੀ ਅਨੁਸਾਰ ਦਿਲ ਵਿਚ ਖਾਲਕ ਤੇ ਮਉਲਾ ਦੀ ਯਾਦ ਹੀ ਅਸਲ ਵਕਤ ਹਨ।[355] ਅਤੇ ਖੁਦਾ ਦੀ ਸਿਫਤ, ਸਬਰ, ਹਲੀਮੀ, ਦਾਨ ਅਤੇ ਇੰਦ੍ਰੀਆਂ ਨੂੰ ਇਕ ਥਾਂ ਤੇ ਰਖਣਾ ਅਰਥਾਤ ਕਾਬੂ ਰਖਣਾ ਹੀ ਅਸਲ ਪੰਜ ਨਿਮਾਜ਼ਾਂ ਹਨ[356]। ਦਸ ਇੰਦ੍ਰੀਆਂ ਨੂੰ ਕਾਬੂ ਵਿਚ ਰਖਣਾ ਹੀ ਫਕੀਰ ਦੀ ਅਸਲ ਤਸਬੀ ਹੈ, ਸੀਲ ਹੀ ਅਸਲ ਸੁੰਨਤ ਦਾ ਬੰਧਾਨ ਹੈ।[357]

ਸੂਫੀ ਲਗਪਗ ਸਾਰੇ ਫਕੀਰ ਹੀ ਹੁੰਦੇ ਸਨ। ਐਸ.ਏ. ਰਾਸ਼ਦ ਅਨੁਸਾਰ ਫਕੀਰੀ ਅਥਵਾ ਨਿਰਧਨਤਾ ਅਰਥਾਤ ਤਿਆਗ ਸੂਫੀ ਦੀ ਆਤਮਿਕ ਉਨਤੀ ਲਈ ਜ਼ਰੂਰੀ ਸਾਧਨ ਹੈ। ਸ੍ਵੈ-ਆਦਰਸ਼-ਪ੍ਰਾਪਤੀ ਲਈ ਤਪੱਸਵੀ

---

352. ਅਲਹ ਅਗਮ ਖੁਦਾਈ ਬੰਦੇ। ਛੋਡਿ ਖਿਆਲ ਦੁਨੀਆ ਕੇ ਧੰਧੇ।
ਹੋਇ ਪਖਾਕ ਫਕੀਰ ਮੁਸਾਫਰ, ਇਹੁ ਦਰਵੇਸੁ ਕਬੂਲ ਦਰਾ।।1।।(ਮਾਰੂ ਮ:5, ਸੋਲਹੇ, ਪੰ: 1083)
353. ਸਚੁ ਨਿਵਾਜ ਯਕੀਨੁ ਮੁਸਲਾ। ਮਨਸਾ ਮਾਰਿ ਨਿਵਾਰਿਹੁ ਆਸਾ।
ਦੇਹ ਮਸੀਤਿ ਮਨੁ ਮਉਲਾਣਾ, ਕਲਮ ਖੁਦਾਈ ਪਾਕੁ ਖਰਾ। (ਉਹੀ, ਪੰ: 1083)
354. ਸਰਾ ਸਰੀਅਤਿ ਲੇ ਕੰਮਾਵਹੁ। ਤਰੀਕਤਿ ਤਰਕ ਖੋਜਿ ਟੋਲਾਵਹੁ।
ਮਾਰਫਤਿ ਮਨੁ ਮਾਰਹੁ ਅਬਦਾਲਾ, ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ। (ਉਹੀ, ਪੰ: 1083)
355. ਸਭੇ ਵਖਤ ਸਭੇ ਕਰਿ ਵੇਲਾ। ਖਾਲਕੁ ਯਾਦਿ ਦਿਲੈ ਮਹਿ ਮਉਲਾ।(ਮਾਰੂ ਮ:5, ਸੋਲਹੇ, ਉਹੀ, ਪੰ:108
356. ਅਵਲਿ ਸਿਫਤਿ ਦੂਜੀ ਸਾਬੂਰੀ। ਤੀਜੈ ਹਲੇਮੀ ਚਉਥੈ ਖੈਰੀ।
ਪੰਜਵੈ ਪੰਜੇ ਇਕਤੁ ਮੁਕਾਮੈ, ਏਹਿ ਪੰਜਿ ਵਖਤ ਤੇਰੇ ਅਪਰਪਰਾ। (ਉਹੀ, ਪੰ: 1084)
357. ਤਸਬੀ ਯਾਦਿ ਕਰਹੁ ਦਸ ਮਰਦਨੁ, ਸੁੰਨਤਿ ਸੀਲੁ ਬੰਧਾਨਿ ਬਰਾ।
(ਉਹੀ, ਪੰ: 1084)

ਜੀਵਨ, ਰਿਆਜ਼ਤ ਤੇ ਜੋਗੀਆਂ ਵਾਲੇ ਕਰੜੇ ਸੰਜਮ ਧਾਰਣ ਕਰਨੇ ਜ਼ਰੂਰੀ ਹਨ।[358] ਪਰ ਸੂਫੀਆਂ ਦੇ ਤਿਆਗ ਵਾਲੇ ਸਿਧਾਂਤ ਨੂੰ ਗੁਰੂ-ਸਾਹਿਬ ਵਿਚ ਮਾਨਤਾ ਪ੍ਰਾਪਤ ਨਹੀਂ। ਦਰਵੇਸ਼ ਬਣ ਕੇ ਘਰ ਘਰ ਭਿੱਖਿਆ ਮੰਗਣ ਵਾਲੇ ਨੂੰ ਗੁਰੂ ਜੀ ਨੇ ਫਿਟਕਾਰ ਪਾਈ ਅਤੇ ਇਸ ਅਸਮਾਜਕ ਕ੍ਰਿਆ ਦੀ ਬਜਾਇ ਗੁਰੂ ਦੇ ਅਨੁਸਾਰੀ ਹੋ ਕੇ ਹਰ ਪ੍ਰਕਾਰ ਦੀ ਇੱਛਾ ਤੇ ਚਿੰਤਾ ਦਾ ਤਿਆਗ ਕਰਕੇ ਕੇਵਲ ਨਾਮ ਦੀ ਭਿਖਿਆ ਮੰਗਣ ਲਈ ਸੁਝਾਅ ਦਿੱਤਾ।[359]

ਪਰਮਾਤਮਾ ਨੂੰ ਪਾਉਣ ਹਿੱਤ ਮਨ ਨੂੰ ਸਾਧਨ ਲਈ ਸੂਫੀ ਆਪਣੇ ਕਪੜੇ ਪਾੜ ਕੇ ਕੇਵਲ ਕੰਬਲੀ ਹੀ ਪਹਿਨਦੇ ਸਨ।[360] ਪਰ ਗੁਰੂ ਜੀ ਨੇ ਅਜਿਹੇ ਕਰਮ ਕਰਨ ਦੀ ਬਜਾਇ ਘਰ ਰਹਿ ਕੇ ਕੇਵਲ ਨੀਅਤ ਨੂੰ ਸਾਫ਼ ਰਖਣ ਤੇ ਜ਼ੋਰ ਦਿੱਤਾ।[361]

ਗੁਰਮਤਿ ਵਿਚ ਤਾਂ ਮੋਹ ਮਾਇਆ ਦੇ ਜੰਜਾਲ ਵਿਚ ਫਸੇ ਜੀਵ ਨੂੰ ਸੁਚੇਤ ਕਰਦਿਆਂ ਦਿਤਾ ਗਿਆ ਹੈ ਕਿ ਸੰਸਾਰ ਦਾ ਮੋਹ ਮੱਛੀ ਦੇ ਪਾਣੀ ਵਾਲਾ ਮੋਹ ਹੈ, ਆਖੀਰ ਜਦੋਂ ਸ਼ਿਕਾਰੀ ਦੇ ਜਾਲ ਵਿਚ ਮੱਛੀ ਫਸ ਜਾਂਦੀ ਹੈ ਤਾਂ ਉਸ ਨੂੰ ਅਸਲੀਅਤ ਦਾ ਪਤਾ ਲਗਦਾ ਹੈ। ਸੋ ਐਸੇ ਤਿਆਗ ਨ ਕਰ ਹਰੀ ਨੂੰ ਪਾਉਣ ਲਈ ਪ੍ਰੇਮ ਦੀ ਭਗਤੀ ਕਰਨ ਲਈ ਗੁਰੂ ਸਾਹਿਬ ਨੇ ਸੁਝਾਅ ਦਿੱਤਾ ਹੈ।[362]

ਸ਼ੇਖ ਫਰੀਦ (ਪੰਜਾਬ ਦਾ ਪਹਿਲਾ ਵੱਡਾ ਸੂਫੀ) ਨੇ ਬੜਾ ਸਖਤ ਤੇ ਰਿਆਜ਼ਤ ਭਰਿਆ ਜੀਵਨ ਜੀਵਿਆ।[363] ਭੁੱਖੇ ਰਹਿਣ ਕਾਰਣ ਤੋਂ ਇਸ ਦਾ [illegible] ਮਿਲ ਜਾਂਦੀ ਹੈ।[364]

ਫਰੀਦ ਨੇ ਅੰਮ੍ਰਿਤ ਵੇਲੇ ਨਾ ਜਾਗ ਕੇ ਰਬ ਨੂੰ ਵਿਸਰੇ ਹੋਏ ਲੋਕਾਂ ਪ੍ਰਤੀ ਕਿਹਾ ਕਿ ਉਹ

---

358. Islamic Sufism, P-274, (S.A. Shah) ਗੁਰਮਤਿ ਦਰਸ਼ਨ, ਪੰ: 148, (ਡਾ: ਸ਼ੇਰ ਸਿੰਘ ਗਿਆਨੀ) ਤੋਂ ਪ੍ਰਾਪਤ।

359. ਦਰਵੇਸੀ ਕੋ ਜਾਣਸੀ, ਵਿਰਲਾ ਕੋ ਦਰਵੇਸੁ।
ਜੇ ਘਰਿ ਘਰਿ ਹੰਢੈ ਮੰਗਦਾ, ਧਿਗੁ ਜੀਵਣੁ ਧਿਗੁ ਵੇਸੁ।
ਜੇ ਆਸਾ ਅੰਦੇਸਾ ਤਜਿ ਰਹੈ, ਗੁਰਮੁਖਿ ਭਿਖਿਆ ਨਾਉ।
ਤਿਸ ਕੇ ਚਰਨ ਪਖਾਲੀਅਹਿ, ਨਾਨਕ ਹਉ ਬਲਿਹਾਰੈ ਜਾਉ।
(ਮ:3, ਵਾਰ ਬਿਹਾਗੜਾ ਮ:4, ਪਉੜੀ 6 ਦਾ ਸਲੋਕ, ਸ਼ਬਦਾ:, ਪੰ: 550)

360. ਫਰੀਦਾ ਪਾੜਿ ਪਟੋਲਾ ਧਜ ਕਰੀ, ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੈ, ਸੇਈ ਵੇਸ ਕਰੇਉ।103। (ਸਲੋਕ ਸ਼ੇਖ ਫਰੀਦ ਕੇ, ਗ੍ਰੰਥ, ਪੰ: 1383)

361. ਕਾਇ ਪਟੋਲਾ ਪਾੜਤੀ, ਕੰਬਲੜੀ ਪਹਿਰੇਇ।
ਨਾਨਕ ਘਰ ਹੀ ਬੈਠਿਆ ਸਹੁ ਮਿਲੈ, ਜੇ ਨੀਅਤਿ ਰਾਸਿ ਕਰੇਇ।104।)
(ਮ: 3, ਸਲੋਕ ਸ਼ੇਖ ਫਰੀਦ ਕੇ ਵਿਚ ਸੰਕਲਿਤ, ਗ੍ਰੰਥ, ਪੰ: 1383.)

362. ਮੇਰੇ ਜੀਅੜਿਆ ਪਰਦੇਸੀਆ, ਕਿਤੁ ਪਵਹਿ ਜੰਜਾਲੇ ਰਾਮ।
ਸਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮਜਾਲੇ ਰਾਮ।
ਮਛੁਲੀ ਵਿਛੁੰਨੀ ਨੈਣ ਰੁੰਨੀ, ਜਾਲੁ ਬਧਿਕਿ ਪਾਇਆ।
ਸੰਸਾਰੁ ਮਾਇਆ ਮੋਹੁ ਮੀਠਾ, ਅੰਤਿ ਭਰਮੁ ਚੁਕਾਇਆ।
ਭਗਤਿ ਕਰਿ ਚਿਤੁ ਲਾਇ ਹਰਿ ਸਿਉ, ਛੋਡਿ ਮਨਹੁ ਅੰਦੇਸਿਆ।
ਸਚੁ ਕਹੈ ਨਾਨਕੁ, ਚੇਤਿ ਰੇ ਮਨ, ਜੀਅੜਿਆ ਪਰਦੇਸੀਆ। (ਆਸਾ ਮ:1, ਛੰਤ, ਗ੍ਰੰਥ, ਪੰ: 439)

363. Glimpses of Medieval Indian Culture, P-3?, Yusuf Husain.

(ਬਾਕੀ ਅਗਲੇ ਪੰਨੇ ਤੇ)

ਜਾਂਦੇ ਹੋ ਮਰਿਆਂ ਸਮਾਨ ਹਨ।[365] ਪਰ ਗੁਰੂ ਗ੍ਰੰਥ ਵਿਚ ਫਰੀਦ ਦੇ ਮੱਤ ਨੂੰ ਸਪਸ਼ਟ ਕਰਦਿਆਂ ਦਰਸਾਇਆ ਗਿਆ ਹੈ ਕਿ ਅੰਮ੍ਰਿਤ ਵੇਲੇ ਦੀ ਬੰਦਗੀ ਵਿਚ ਬੇਮੁਖਤਾ,[366] ਪਾਪ ਦੀ ਨਵਿਰਤੀ,[367] ਰਜ਼ਾ ਵਿਚ ਰਹਿਣਾ,[368] ਅਤੇ ਮਾਇਆ ਦੀ ਮਾਰ ਤੋਂ ਬਚਾਉ[369] ਕਰਕੇ ਨਾਲ ਨਿਕਲਣੇ ਚਾਹੀਦੇ ਹਨ। ਬੇਸ਼ਕ ਗੁਰਮਤਿ ਵਿਚ ਵੀ ਅੰਮ੍ਰਿਤ ਵੇਲੇ ਦੀ ਵਿਸ਼ੇਸ਼ ਮਹਾਨਤਾ ਹੈ, ਪਰ ਗੁਰੂਆਂ ਦੁਆਰਾ ਕਰਮਕਾਂਡ ਦੇ ਅਧੀਨ ਰਾਤ ਭਰ ਜਾਗ ਕੇ ਕੀਤੀ ਭਗਤੀ ਦੇ ਉਲਟ[370] ਗੁਰੂ-ਗ੍ਰੰਥ ਵਿਚ ਵਖਰਾ ਮੱਤ ਦਰਸਾਇਆ ਕਿਹਾ ਗਿਆ ਹੈ ਕਿ ਸਭ ਦਾਤਾਂ ਪ੍ਰਭੂ ਦੀਆਂ ਹਨ, ਇਕ ਜਾਗਦੇ ਹੋਏ ਵੀ ਪ੍ਰਾਪਤ ਨਹੀਂ ਕਰ ਸਕਦੇ, ਤੇ ਜਿਨ੍ਹਾਂ ਉਪਰ ਪਰਮਾਤਮਾ ਦੀ ਕਿਰਪਾ ਹੋ ਜਾਵੇ, ਉਨ੍ਹਾਂ ਸੁੱਤੇ ਪਿਆਂ ਨੂੰ ਉਠਾ ਕੇ ਵੀ ਉਹ ਆਪਣੀ ਦਾਤ (ਭਗਤੀ) ਪ੍ਰਦਾਨ ਕਰ ਦਿੰਦਾ ਹੈ।[371]

ਫਰੀਦ ਜੀ ਪਰਮਾਤਮਾ ਦੇ ਸਿਮਰਨ ਲਈ ਜੁਆਨੀ ਦੇ ਸਮੇਂ ਨੂੰ ਵਧੇਰੇ ਬਿਹਤਰ ਸਮਝਦੇ ਹਨ।[372] ਪਰ ਗੁਰੂ ਗ੍ਰੰਥ ਵਿਚ ਇਸ ਵਿਚਾਰ ਨਾਲ ਕੁਝ ਭੇਦ ਪ੍ਰਗਟ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਜੁਆਨੀ ਤੇ ਬੁਢੇਪਾ ਸਿਮਰਨ ਲਈ ਇਕੋ ਜਿਹਾ ਹੈ, ਜਦੋਂ ਵੀ ਕਿਸੇ ਦਾ ਜੋਸ਼ ਜਾਗੇ ਪ੍ਰਭੂ ਨਾਲ ਪਿਆਰ ਹੋ ਸਕਦਾ ਹੈ। ਪਰੰਤੂ ਇਹ ਪ੍ਰੇਮ ਆਪਣੇ ਮਨ ਦੇ ਜ਼ੋਰ ਨਾਲ ਨਹੀਂ ਕਰ ਸਕਦਾ, ਜਿਸ ਤੇ ਆਪ ਉਹ ਮਾਲਕ ਕਿਰਪਾ ਕਰੇ, ਉਸ ਨੂੰ ਪ੍ਰੇਮ ਰੂਪੀ ਪਿਆਲੇ ਦੀ ਬਖਸ਼ਿਸ਼ ਹੁੰਦੀ ਹੈ।[373]

---

364. ਸਲੋਕ ਸ਼ੇਖ ਫਰੀਦ ਕੇ, ਗੁਰੂ ਗ੍ਰੰਥ, ਸਲੋਕ 28-29 (ਪੰ: 1379), ਸਲੋਕ 51(ਪੰ:1380) ਸਲੋਕ 70-72 (ਪੰ: 1381), ਸਲੋਕ 90-92 (ਪੰ: 1382) ਅਤੇ ਸਲੋਕ 119,(ਪੰ:1384)
365. ਫਰੀਦਾ ਪਿਛਲ ਰਾਤਿ ਨ ਜਾਗਿਓਹਿ, ਜੀਵਦੜੋ ਮੁਇਓਹਿ।
ਜੇ ਤੈ ਰਬੁ ਵਿਸਾਰਿਆ, ਤ ਰਬਿ ਨ ਵਿਸਰਿਓਹਿ।107।
(ਸਲੋਕ ਸ਼ੇਖ ਫਰੀਦ ਕੇ, ਉਹੀ, ਪੰ: 1383)
366. ਫਰੀਦਾ ਕੰਤੁ ਰੰਗਾਵਲਾ, ਵਡਾ ਵੇਮੁਹਤਾਜੁ।
ਅਲਹ ਸੇਤੀ ਰਤਿਆ, ਏਹੁ ਸਚਾਵਾਂ ਸਾਜੁ।108।(ਮ:5, ਸਲੋਕ ਸ਼ੇਖ ਫਰੀਦ ਕੇ ਵਿਚ ਸੰਕਲਿਤ), ਉਹੀ, ਪੰ: 1383)
367. ਫਰੀਦਾ ਦੁਖੁ ਸੁਖੁ ਇਕੁ ਕਰਿ, ਦਿਲ ਤੇ ਲਾਹਿ ਵਿਕਾਰੁ।
ਅਲਹ ਭਾਵੈ ਸੋ ਭਲਾ, ਤਾਂ ਲਭੀ ਦਰਬਾਰੁ। 109। (ਉਹੀ, ਪੰ: 1383)
368. ਫਰੀਦਾ ਦੁਨੀ ਵਜਾਈ ਵਜਦੀ, ਤੂੰ ਭੀ ਵਜਹਿ ਨਾਲਿ।
ਸੋਈ ਜੀਉ ਨ ਵਜਦਾ, ਜਿਸੁ ਅਲਹੁ ਕਰਦਾ ਸਾਰ।110।(ਉਹੀ, ਪੰ:1383)
369. ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ, ਦੁਨੀ ਨ ਕਿਤੈ ਕੰਮਿ।
ਮਿਸਲ ਫਕੀਰਾਂ ਗਾਖੜੀ, ਸੁ ਪਾਈਐ ਪੂਰ ਕਰੰਮਿ।111।(ਉਹੀ, ਪੰ: 1383-84)
370. ਪਹਿਲੈ ਪਹਰੈ ਫੁਲੜਾ, ਫਲੁ ਭੀ ਪਛਾ ਰਾਤਿ।
ਜੋ ਜਾਗੰਨਿ ਲਹੰਨਿ ਸੇ, ਸਾਈ ਕੰਨੋ ਦਾਤਿ।112।(ਸਲੋਕ ਸ਼ੇਖ ਫਰੀਦ ਕੇ, ਉਹੀ, ਪੰ:1384)
371. ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ।
ਇਕਿ ਜਾਗੰਦੇ ਨਾ ਲਹਨਿ, ਇਕਨਾ ਸੁਤਿਆ ਦੇਇ ਉਠਾਲਿ।113।
(ਮ:1, ਸਲੋਕ ਸ਼ੇਖ ਫਰੀਦ ਕੇ, ਵਿਚ ਅੰਕਿਤ, ਉਹੀ, ਪੰ: 1384)
372. ਫਰੀਦਾ ਕਾਲੀ ਜਿਨੀ ਨ ਰਾਵਿਆ, ਧਉਲੀ ਰਾਵੈ ਕੋਇ।
ਕਰ ਸਾਂਈ ਸਿਉ ਪਿਰਹੜੀ, ਰੰਗੁ ਨਵੇਲਾ ਹੋਇ।12।(ਸਲੋਕ ਸ਼ੇਖ ਫਰੀਦ ਕੇ, ਉਹੀ, ਪੰ:1378)

(ਬਾਕੀ ਅਗਲੇ ਪੰਨੇ ਤੇ ----)

ਫ਼ਰੀਦ ਜੀ ਦੇ ਵਿਚਾਰ ਵਿਚ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਮਨੁੱਖ ਨੂੰ ਆਤਮਕ ਜੀਵਨ ਦਾ ਬੇੜਾ ਜੁਆਨੀ ਵਿਚ ਹੀ ਬੰਨ੍ਹਣਾ ਚਾਹੀਦਾ ਹੈ।[374] ਪਰੰਤੂ ਗੁਰੂ ਜੀ ਅਨੁਸਾਰ ਪਰਮਾਤਮਾ ਦੇ ਨਾਮ ਦੇ ਸਿਮਰਨ ਰੂਪੀ ਬੇੜੇ ਤੇ ਸੁਆਰ ਹੋਇਆਂ ਸੰਸਾਰ-ਸਮੁੰਦਰ ਵਿਚ ਵਿਕਾਰਾਂ ਦੀਆਂ ਲਹਿਰਾਂ ਕਾਂਗਾਂ ਮਨੁੱਖ ਦੇ ਰਸਤੇ ਵਿਚ ਨਹੀਂ ਆਉਂਦੀਆਂ। ਗੁਰ ਨਾਲ ਮਿਲਾਪ ਤਾਂ ਹੀ ਹੋ ਸਕਦਾ ਜੇ ਮਨੁੱਖ ਆਪਣੇ ਪੱਲੇ ਆਤਮਿਕ ਜੀਵਨ ਵਾਲੇ ਚੰਗੇ ਗੁਣ ਬੰਨ੍ਹ ਲਵੇ।[375]

ਬਾਬਾ ਫ਼ਰੀਦ ਨੇ ਇਸ ਜੀਵਨ ਨੂੰ ਦੁਖ ਰੂਪ ਸਮਝਿਆ,[376] ਅਤੇ ਸੰਸਾਰ ਨੂੰ ਦੁੱਖਾਂ ਦਾ ਘਰ ਸਮਝਦੇ ਜਨਮ ਵੇਲੇ ਨਾੜੂਆਂ ਕੱਟਣ ਦੀ ਬਜਾਇ ਗਰਦਨ ਕਟਵਾਉਣ ਨੂੰ ਬਿਹਤਰ ਕਿਹਾ ਤਾਂ ਜੁ ਦੁੱਖਾਂ ਦਾ ਸਾਮ੍ਹਣਾ ਨਾ ਕਰਨਾ ਪਵੇ।[377] ਪਰ ਗੁਰੂ ਜੀ ਇਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ। ਉਨ੍ਹਾਂ ਅਨੁਸਾਰ ਸੰਸਾਰ ਦੁੱਖਾਂ ਦਾ ਘਰ ਨਹੀਂ, ਇਹ ਤਾਂ ਇਕ ਸੁਹਣਾ ਬਾਗ ਵਾਂਗ ਹੈ, ਜਿਸ ਵਿਚ ਫੁੱਲਾਂ ਤੇ ਫਲਾਂ ਵਾਲੇ ਜ਼ਹਿਰੀਲੇ ਬੂਟੇ ਵੀ ਹਨ, ਪਰ ਜਿਨ੍ਹਾਂ ਨੂੰ ਗੁਰੂ ਬਚਾ ਲੈਂਦਾ ਹੈ, ਉਨ੍ਹਾਂ ਨੂੰ ਆਂਚ ਨਹੀਂ ਲਗਦੀ।[378]

ਸੂਫ਼ੀ ਰਬ ਦੀ ਪਰਾਪਤੀ ਮਗਰੋਂ ਬੇਖ਼ੁਦ ਹੋ ਜਾਂਦੇ ਹਨ। ਹੁਸੈਨ ਆਪਣੀ ਬੇਖ਼ੁਦੀ ਨੂੰ 'ਸਰਸ਼ਾਰ ਕੀ ਮਸਤੀ' ਕਹਿੰਦਾ ਹੈ।[379] ਦੁਨੀਆਂ ਵਲੋਂ ਰਬ ਨੇਹੁੰ ਮੰਗੀਆਂ ਗਈਆਂ ਹਾਲਤਾਂ ਵਿਚ ਉਹ

---

373. ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ, ਜੇ ਕੋ ਚਿਤਿ ਕਰੇ।
ਆਪਣਾ ਲਾਇਆ ਪਿਰਮੁ ਨ ਲਗਈ, ਜੇ ਲੋਚੈ ਸਭੁ ਕੋਇ।
ਏਹੁ ਪਿਰਮ ਪਿਆਲਾ ਖਸਮ ਕਾ, ਜੈ ਭਾਵੈ ਤੈ ਦੇਇ।13।
(ਮ:3, ਸਲੋਕ ਸੇਖ ਫਰੀਦ ਕੇ ਵਿਚ ਸਲੋਕ, ਗ੍ਰੰਥ, ਪੰ: 1378)

374. ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ।
ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ। (ਸੂਹੀ ਲਲਿਤ ਸੇਖ ਫਰੀਦ, ਗ੍ਰੰਥ, ਪੰ: 794)

375. ਜਪ ਤਪ ਕਾ ਬੰਧੁ ਬੇੜੁਲਾ, ਜਿਤੁ ਲੰਘਹਿ ਵਹੇਲਾ।
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ।......
ਸਾਜਨ ਚਲੇ ਪਿਆਰਿਆ, ਕਿਉ ਮੇਲਾ ਹੋਈ।
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ। (ਸੂਹੀ ਮ: 1, ਗ੍ਰੰਥ, ਪੰ: 729)

376. ਫਰੀਦਾ ਮੈ ਜਾਨਿਆ ਦੁਖੁ ਮੁਝ ਕੂ, ਦੁਖੁ ਸਬਾਇਐ ਜਗਿ।
ਊਚੇ ਚੜਿ ਕੈ ਦੇਖਿਆ, ਤਾਂ ਘਰਿ ਘਰਿ ਏਹਾ ਅਗਿ।81।
(ਸਲੋਕ ਸੇਖ ਫਰੀਦ ਕੇ, ਗ੍ਰੰਥ, ਪੰ: 1382)

377. ਫਰੀਦਾ ਜਿ ਦਿਹਿ ਨਾਲਾ ਕਪਿਆ, ਜੇ ਗਲੁ ਕਪਹਿ ਚੁਖ।
ਪਵਨਿ ਨ ਇਤੀ ਮਾਮਲੇ, ਸਹਾਂ ਨ ਇਤੀ ਦੁਖ।76। (ਗ੍ਰੰਥ, ਪੰ: 1381)

378. ਫਰੀਦਾ ਭੂਮਿ ਰੰਗਾਵਲੀ, ਮੰਝਿ ਵਿਸੂਲਾ ਬਾਗੁ।
ਜੋ ਜਨ ਪੀਰਿ ਨਿਵਾਜਿਆ, ਤਿੰਨਾ ਅੰਚ ਨ ਲਾਗ।82।
ਫਰੀਦਾ ਉਮਰ ਸੁਹਾਵੜੀ, ਸੰਗਿ ਸੁਵੰਨੜੀ ਦੇਹ।
ਵਿਰਲੇ ਕੇਈ ਪਾਈਅਨਿ, ਜਿਨਾ ਪਿਆਰੇ ਨੇਹ।83।
(ਮ:5, ਸਲੋਕ ਸੇਖ ਫਰੀਦ ਕੇ ਵਿਚ ਸਲੋਕ, ਗ੍ਰੰਥ, ਪੰ: 1382)

379. ਕਹੇ ਹੁਸੈਨ ਫ਼ਕੀਰ ਸਾਈਂ ਦਾ, ਸਦਾ ਸੇਰ ਕੀ ਮਸਤੀ ਹੈ।
(ਕਾਫ਼ੀਆਂ ਸ਼ਾਹ ਹੁਸੈਨ, ਸੂਫ਼ੀ ਕਾਵਿ ਸੰਗ੍ਰਹਿ, ਪੰ:5, ਸੰ: ਡਾ: ਦਰਸ਼ਨ ਸਿੰਘ ਮਾਨ ਤੇ ਪ੍ਰਕਾਸ਼)

ਭੰਗ ਤੇ ਪੋਸਤ ਦਾ ਵਰਣਨ ਵੀ ਕਰਦਾ ਹੈ,[380] ਜਿਸ ਤੋਂ ਪਰਗਟ ਹੁੰਦਾ ਹੈ ਕਿ ਉਹ ਇਨ੍ਹਾਂ ਦੀ ਸਰ੍ਹੇ-ਆਮ ਵਰਤੋਂ ਕਰਦਾ ਸੀ। ਪਰੰਤੂ ਗੁਰਮਤਿ ਦੇ ਅਨੁਯਾਈ ਆਪਣੀ ਹਉਮੈ ਨੂੰ ਗੁਰੂ ਦੀ ਮੱਤ ਦੇ ਅਧੀਨ ਕਰ ਦਿੰਦੇ ਹਨ।[381] ਗੁਰਮਤਿ ਦਾ ਰਾਹ ਸਮਾਜਕ ਹੈ, ਮਸਤੀ ਵਿਚ ਮਨੁੱਖ ਸਮਾਜਕ ਜ਼ਿੰਮੇਵਾਰੀਆਂ ਤੋਂ ਅਵੇਸਲਾ ਹੋ ਜਾਂਦਾ ਹੈ।

ਸਾਰੇ ਸੂਫ਼ੀ ਨਬੀ ਅਵਤਾਰ ਰਸੂਲ ਦੇ ਸਰੂਪ ਵਿਚ ਵਿਸ਼ਵਾਸ ਰਖਦੇ ਸਨ।[382] ਪਰ ਗੁਰੂ-ਕਾਵਿ ਵਿਚ ਰਸੂਲਵਾਦ ਅਰਥਾਤ ਅਵਤਾਰਵਾਦ ਦਾ ਖੰਡਨ ਕੀਤਾ ਗਿਆ ਹੈ।[383]

ਉਪਰੋਕਤ ਵਿਚਾਰ ਦੇ ਸਿੱਟੇ ਵਜੋਂ ਅਸੀਂ ਨਿਰਸੰਕੋਚ ਕਹਿ ਸਕਦੇ ਹਾਂ ਕਿ ਆਦਿ-ਗ੍ਰੰਥ ਦੇ ਗੁਰੂ-ਕਾਵਿ ਵਿਚ ਸੂਫ਼ੀ ਮੱਤ ਦੇ ਕੇਵਲ ਉਨ੍ਹਾਂ ਸਿਧਾਂਤਾਂ ਬਾਰੇ ਚਰਚਾ ਕੀਤੀ ਗਈ ਹੈ, ਜਿਨ੍ਹਾਂ ਬਾਰੇ ਗੁਰੂ ਸਾਹਿਬਾਨ ਸਮਝਦੇ ਸਨ ਕਿ ਲੋਕਾਂ ਨੂੰ ਟਪਲਾ ਲਗ ਸਕਦਾ ਹੈ ਜਾਂ ਜਿਨ੍ਹਾਂ ਸਿਧਾਂਤਾਂ ਨਾਲ ਗੁਰੂ ਸਾਹਿਬਾਨ ਸਹਿਮਤ ਨਹੀਂ ਸਨ।

'ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਧਾਰਮਿਕ ਪੱਖ' ਦੇ ਇਸ ਅਧਿਆਇ ਦੀ ਸਮੁੱਚੀ ਵਿਚਾਰ ਕਰਨ ਉਪਰੰਤ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਗੁਰੂ ਸਾਹਿਬਾਨ ਨੇ ਸਮਕਾਲੀਨ ਧਰਮਾਂ ਨੂੰ ਘੋਖਿਆ, ਉਨ੍ਹਾਂ ਦੀ ਕਰੜੀ ਆਲੋਚਨਾ ਤੇ ਕਰਮਕਾਂਡ ਦਾ ਖੰਡਨ ਕੀਤਾ, ਨਿਵਿਰਤੀ ਦੀ ਥਾਂ ਪਰਵਿਰਤੀ ਮਾਰਗ (ਗ੍ਰਿਹਸਤੀ ਜੀਵਨ) ਤੇ ਜ਼ੋਰ ਦਿੱਤਾ, ਵਿਭਿੰਨ ਪ੍ਰਕਾਰ ਦੇ ਧਰਮ-ਅਡੰਬਰੀਆਂ ਨੂੰ ਪਾਖੰਡ ਕਹਿਆ ਜੋ ਉਚਿਤ ਧਰਮੀ ਜੀਵਨ ਜਿਊਣ ਲਈ ਨਹੀਂ ਅਤੇ ਉਸ ਦੀ ਥਾਂ ਉਜਾਗਰ ਕਰਨ ਵਾਲੇ ਨਾਮ ਮਾਰਗ ਨੂੰ ਅਪਣਾਉਣ ਲਈ ਬਹੁਮੁੱਲੇ ਸੁਝਾਅ ਦਿੱਤੇ।

---

380. ਕੂੰਡਾ ਦੇਈਂ, ਸੋਟਾ ਦੇਈਂ, ਤੇਰੀ ਦੇਈਂ ਭੰਗ ਦੀ।
ਪੋਸਤ ਦਈਂ, ਬਾਟੀ ਦੇਈਂ, ਜਾਟੀ ਦੇਈਂ ਪੈਂਡ ਦੀ।
(ਸ਼ਾਹ ਹੁਸੈਨ ਸੂਫ਼ੀਆਂ ਦਾ ਕਲਾਮ, ਪੰ: 76, ਸੰ: ਡਾ: ਮੋਹਨ ਸਿੰਘ ਤੋਂ ਪ੍ਰਾਪਤ)

381. ਮਨਸਾ ਮਾਰਿ ਮਨੈ ਮਹਿ ਰਾਖੈ, ਸਤਿਗੁਰ ਸਬਦ ਵੀਚਾਰੀ।
(ਰਾਮਕਲੀ ਮ: 1, ਸ਼ਬਦਾਰਥ, ਪੰ: ੧੦)

382. ਨਾਲ ਮੁਹੱਬਤ, ਸਰਵਰ ਆਲਮ, ਹੁਜਤੀ ਆਲਮ ਸਾਰਾ ਹੂ।
ਮੈਂ ਕੁਰਬਾਨ ਤਿਨ੍ਹਾਂ ਤੋਂ ਬਾਹੂ, ਜਿਨ੍ਹਾਂ ਮਿਲਿਆ ਨਬੀ ਸਹਾਰਾ ਹੂ।'
(ਸੁਲਤਾਨ ਬਾਹੂ ਸੂਫ਼ੀ ਕਾਵਿ ਸੰਗ੍ਰਹਿ, ਪੰ: ੧, ਸੰ: ਡਾ: ਮੋਹਨ ਸਿੰਘ ਤੋਂ ਪ੍ਰਾਪਤ)।

383. ਵਿਸਥਾਰ ਲਈ ਵੇਖੋ: ਇਸੇ ਅਧਿਆਇ, ਹਿੰਦੂ ਧਰਮ ਵਿਚ ਅਵਤਾਰਵਾਦ ਦਾ ਵਰਣਨ।

ਅਧਿਆਇ ਛੇਵਾਂ

ਸਮਾਤੁ

[illegible]

'ਸਾਰ'

'ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਸਮਾਜਕ ਪੱਖ'

ਹੱਥਲੇ ਖੋਜ ਪ੍ਰਬੰਧ ਦਾ ਵਿਸ਼ਾ ਹੈ —'ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਸਮਾਜਕ ਪੱਖ'। ਆਦਿ ਗ੍ਰੰਥ ਵਿਚ ਛੇ ਗੁਰੂ ਸਾਹਿਬਾਨ ਅਤੇ ਤੀਹ ਹੋਰ ਮਹਾਂ ਪੁਰਸ਼ਾਂ ਦਾ ਕਾਵਿ ਸੰਕਲਿਤ ਹੈ, ਪਰੰਤੂ ਸਾਡੇ ਨਿਰਧਾਰਤ ਵਿਸ਼ੇ ਦਾ ਆਧਾਰ ਕੇਵਲ ਛੇ ਗੁਰੂ ਸਾਹਿਬਾਨ ਦੀ ਬਾਣੀ ਅਰਥਾਤ ਕਾਵਿ ਹੈ।

ਇਸ ਖੋਜ ਪ੍ਰਬੰਧ ਦੇ ਵਿਸ਼ੇ ਨੂੰ ਪੂਰੀ ਤਰ੍ਹਾਂ ਨਿਰੂਪਣ ਕਰਨ ਲਈ ਇਸ ਨੂੰ ਕੁਲ ਛੇ ਅਧਿਆਇਆਂ ਵਿਚ ਵੰਡਿਆ ਗਿਆ ਹੈ:

<u>ਪਹਿਲੇ ਅਧਿਆਇ</u>—— 'ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਸੰਖੇਪ ਸਰਵੇਖਣ'— ਨੂੰ ਦੋ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਪੂਰਵ ਨਾਨਕ ਕਾਲ ਦੇ ਰਾਜਨੀਤਕ, ਸਮਾਜਕ ਤੇ ਧਾਰਮਿਕ ਪਿਛੋਕੜ ਵਿਚ ਸਮਕਾਲੀਨ ਉਪਲੱਬਧ ਪੰਜਾਬੀ ਸਾਹਿਤ ਦਾ ਸੰਖੇਪ ਵਰਣਨ ਕੀਤਾ ਗਿਆ ਹੈ। ਨਾਥ ਜੋਗੀਆਂ ਦਾ ਸਾਹਿਤ ਉਪਲੱਬਧ ਪ੍ਰਾਚੀਨਤਮ ਪੰਜਾਬੀ ਸਾਹਿਤ ਦਾ ਪਹਿਲਾ ਨਮੂਨਾ ਹੈ ਅਤੇ ਗੋਰਖ ਨਾਥ ਨੂੰ ਪੰਜਾਬੀ ਸਾਹਿਤ ਦਾ ਆਦਿ ਕਵੀ ਮੰਨਿਆ ਜਾਂਦਾ ਹੈ। ਉਸ ਤੋਂ ਇਲਾਵਾ ਚਰਪਟ, ਚੌਰੰਗੀ ਤੇ ਰਤਨ ਨਾਥ ਆਦਿ ਪ੍ਰਸਿੱਧ ਜੋਗੀ ਨਾਥ ਹੋਏ। ਇਨ੍ਹਾਂ ਨਾਥ ਜੋਗੀਆਂ ਨੇ ਤਤਕਾਲੀਨ ਧਾਰਮਿਕ ਫੋਕੀਆਂ ਦਾ ਖੰਡਨ ਕੀਤਾ, ਜਾਤ ਪਾਤ ਵਿਚ ਅਵਿਸ਼ਵਾਸ ਪਰਗਟ ਕੀਤਾ। ਨਿਵਿਰਤੀ ਮਾਰਗ ਦਾ ਪ੍ਰਚਾਰ ਕੀਤਾ ਤੇ ਇਸਤਰੀ ਦੀ ਨਿੰਦਾ ਕੀਤੀ। ਇਨ੍ਹਾਂ ਪੰਜਾਬੀ ਸਭਿਆਚਾਰ ਤੇ ਸਾਹਿਤ ਉਪਰ ਬਹੁਤ ਪ੍ਰਭਾਵ ਪਾਇਆ। ਇਨ੍ਹਾਂ [illegible] ਨੇ ਅਪਭ੍ਰੰਸ਼-ਪ੍ਰਾਕ੍ਰਿਤ-ਪੰਜਾਬੀ ਵਿਚ ਕਾਵਿ-ਰਚਨਾ ਕੀਤੀ।

ਨਾਥ ਸਾਹਿਤ ਤੋਂ ਬਾਦ ਪੰਜਾਬੀ ਵਿਚ ਸੂਫ਼ੀ ਸਾਹਿਤ ਮਿਲਦਾ ਹੈ, ਜਿਸ ਦਾ ਮੁੱਢ ਸ਼ੇਖ ਫ਼ਰੀਦ ਸ਼ੱਕਰ ਗੰਜ (1173-1266 ਈ:) ਨੇ ਬੰਨ੍ਹਿਆ। ਇਸ ਮਹਾਨ ਸੂਫ਼ੀ ਸੰਤ ਦਾ ਕਲਾਮ 'ਆਦਿ ਗ੍ਰੰਥ' ਵਿਚ ਸੰਕਲਿਤ ਕੀਤਾ ਗਿਆ ਜੋ ਮੁਲਤਾਨੀ ਅਥਵਾ ਲਹਿੰਦੀ ਪੰਜਾਬੀ ਵਿਚ ਲਿਖਿਆ ਗਿਆ ਹੈ। ਸ਼ੇਖ ਫ਼ਰੀਦ ਦੇ ਜੀਵਨ ਕਾਲ ਤਕ ਸੂਫ਼ੀਮੱਤ ਸ਼ਰ੍ਹਾ ਤੋਂ ਆਜ਼ਾਦ ਨਹੀਂ ਸੀ ਹੋਇਆ, ਇਸੇ ਲਈ ਉਸ ਦੀ ਰਚਨਾ ਵਿਚ ਸ਼ਰ੍ਹਾ ਦੇ ਸਿਧਾਂਤ ਦ੍ਰਿਸ਼ਟੀਗੋਚਰ ਹੁੰਦੇ ਹਨ।

ਤਤਕਾਲੀਨ ਸਮਾਜਕ ਅਧੋਗਤੀ ਦੇ ਫਲਸਰੂਪ ਦੱਖਣ ਵਿਚ ਰੂਪਮਾਨ ਹੋਏ ਭਗਤੀ ਅੰਦੋਲਨ ਦੇ ਆਚਾਰੀਆ ਰਾਮਾਨੁਜ ਦੇ ਚੇਲੇ ਰਾਮਾਨੰਦ ਨੇ ਬਨਾਰਸ ਨੂੰ ਆਪਣਾ ਕੇਂਦਰ ਬਣਾਇਆ। ਉਸ ਦੀ ਸ਼ਿਸ਼ ਪ੍ਰਣਾਲੀ ਵਿਚ ਭਗਤ ਕਬੀਰ ਤੇ ਰਵਿਦਾਸ ਬਹੁਤ ਪ੍ਰਸਿੱਧ ਹੋਏ। ਇਸ ਕਾਲ ਦੇ ਬਹੁਤ ਸਾਰੇ ਭਗਤਾਂ ਤੇ ਮਹਾਂਪੁਰਸ਼ਾਂ ਦੀ ਕਾਵਿ-ਰਚਨਾ ਆਦਿ ਗ੍ਰੰਥ ਵਿਚ ਸੰਕਲਿਤ ਹੈ। ਇਨ੍ਹਾਂ ਭਗਤਾਂ ਨੇ ਲੋਕ ਭਾਸ਼ਾ, ਲੋਕ ਸ਼ੈਲੀ ਅਤੇ ਲੋਕ-ਕਾਵਿ-ਰੂਪਾਂ ਵਿਚ ਆਪਣੀ ਕਾਵਿ-ਰਚਨਾ ਰਾਹੀਂ ਤਤਕਾਲੀਨ ਸਮਾਜਕ ਅਤੇ ਧਾਰਮਿਕ ਕੁਰੀਤੀਆਂ ਦਾ ਖੰਡਨ ਕੀਤਾ।

ਰਾਜਸੀ ਅਰਾਜਕਤਾ ਦੇ ਫਲਸਰੂਪ 'ਵਾਰ ਸਾਹਿਤ' ਦੀ ਸਿਰਜਨਾ ਹੋਈ। ਕੇਵਲ ਕੁਝ ਅਗਿਆਤ ਕਵੀਆਂ ਦੀਆਂ ਵਾਰਾਂ ਉਪਲਬਧ ਹਨ ਜੋ ਤਤਕਾਲੀਨ ਰਾਜਿਆਂ ਵਿਚਕਾਰ ਹੋਈਆਂ ਲੜਾਈਆਂ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ। ਇਨ੍ਹਾਂ ਲੜਾਈਆਂ ਦਾ ਕਾਰਨ ਮੁਖ ਤੌਰ ਤੇ ਜ਼ਰ, ਜ਼ੋਰੂ ਜਾਂ ਜ਼ਮੀਨ ਹੁੰਦੇ ਸਨ। ਇਸ ਵਾਰ ਸਾਹਿਤ ਵਿਚ ਤਤਕਾਲੀਨ ਰਾਜਨੀਤਕ, ਆਰਥਕ ਤੇ ਸਮਾਜਕ ਦਸ਼ਾ ਦਾ ਚਿਤਰਣ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਵਾਰਾਂ ਆਗਾਮੀ ਵਾਰ ਸਾਹਿਤ ਦਾ ਪਿਛੋਕੜ ਬਣੀਆਂ।

ਪੂਰਵ ਨਾਨਕ ਕਾਲ ਵਿਚ ਜੈਨ ਸਾਹਿਤ ਦਾ ਕੋਈ ਪ੍ਰਮਾਣੀਕ ਸੰਗ੍ਰਹਿ ਉਪਲੱਬਧ ਨਹੀਂ, ਇਸ ਦੀ ਆਰੰਭਕ ਪੰਜਾਬੀ ਜੈਨ ਕਾਵਿ ਦੇ ਜੈਨ ਗੀਤਾਂ, ਬੁਝਾਰਤਾਂ ਤੇ ਅਖਾਣਾਂ ਦੇ ਕੁਝ ਨਮੂਨੇ ਵੰਨਗੀ ਮਾਤ੍ਰ ਕੁਝ ਵਿਦਵਾਨਾਂ ਨੇ ਦਿੱਤੇ ਹਨ ਜਿਨ੍ਹਾਂ ਵਿਚ ਤਤਕਾਲੀਨ ਸਮਾਜ ਦਾ ਪ੍ਰਤਿਬਿੰਬ ਵੇਖਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਇਸ ਕਾਲ ਵਿਚ ਫੁੱਟਕਲ ਸਾਹਿਤ ਦੇ ਅਧੀਨ ਅਮੀਰ ਖੁਸਰੋ, ਅਬਦੁਰ-ਰਹਮਾਨ, ਸੈਨ ਬਰਨਾਲੀ, ਮਸਊਦ, ਸ਼ਾਹ ਮੀਰਾਂ ਜੀ, ਸ਼ਾਹ ਬੁਰਹਾਨ ਦੀਨ ਜਾਨਮ, ਪ੍ਰਗਮ, ਸ਼ੇਖ ਦਾਊਦ ਅਤੇ ਕਬੀਰ ਦਾ ਪੁੱਤਰ ਕਮਾਲ ਆਦਿ ਕਵੀਆਂ ਦੀ ਰਚਨਾ ਨੂੰ ਲਿਆ ਜਾ ਸਕਦਾ ਹੈ। ਪੰਜਾਬੀ ਦੇ ਮੂਲ ਰੂਪ ਵਿਚ ਕਵੀ ਨਾ ਹੋਣ ਦੇ ਬਾਵਜੂਦ ਵੀ ਇਨ੍ਹਾਂ ਰਚਨਾਵਾਂ ਵਿਚ ਜਿਥੇ ਪੁਰਾਤਨ ਪੰਜਾਬੀ ਦਾ ਅੰਸ਼ ਦਿਖਾਈ ਦਿੰਦਾ ਹੈ, ਉਥੇ ਕਿਸੇ ਹਦ ਤਕ ਸਮੇਂ ਦਾ ਸਮਾਜ ਵੀ ਪ੍ਰਤਿਬਿੰਬਤ ਹੁੰਦਾ ਹੈ।

ਇਸੇ ਅਧਿਆਇ ਦੇ ਦੂਜੇ ਭਾਗ ਵਿਚ ਆਦਿ ਗ੍ਰੰਥ ਦੇ ਗੁਰੂ-ਕਵੀਆਂ ਅਤੇ ਗੁਰੂਆਂ ਦੇ ਕਾਵਿ ਬਾਰੇ ਅਤਿ ਸੰਖੇਪ ਪਰਿਚੈ ਦਿੱਤਾ ਗਿਆ ਹੈ:

ਆਦਿ ਗ੍ਰੰਥ ਦੇ ਗੁਰੂ-ਕਾਵਿ ਦੇ ਪ੍ਰਮੁੱਖ ਰਚਨਹਾਰੇ ਗੁਰੂ ਨਾਨਕ ਦੇਵ ਜੀ ਸਨ ਜੋ ਸਿਖ ਧਰਮ ਦੇ ਬਾਨੀ ਸਨ। ਆਪ ਜੀ ਦੇ ਜੀਵਨ ਕਾਲ ਸਮੇਂ ਦੇਸ਼ ਵਿਚ ਰਾਜਨੀਤਕ, ਸਮਾਜਕ ਤੇ ਧਾਰਮਿਕ ਅਨੀਤੀ ਕਾਰਨ ਮਾਨਵਤਾ ਰਸਾਤਲ ਵਲ ਜਾ ਰਹੀ ਸੀ। ਗੁਰੂ ਜੀ ਨੇ ਜਗਤ ਜਲੰਦੇ ਨੂੰ ਠਾਰਨ ਲਈ ਦੇਸ਼ ਦੇ ਵਿਦੇਸ਼ਾਂ ਦਾ ਅਟਨ ਕੀਤਾ ਤੇ ਵਖ ਵਖ ਧਰਮਾਂ ਦੇ ਅਵਲੰਬੀਆਂ ਨੂੰ ਅਸਲ ਧਰਮ ਦੇ ਤੱਤਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਆਪਣੀ ਕਾਵਿ ਰਚਨਾ ਦੁਆਰਾ ਤਤਕਾਲੀਨ ਰਾਜਨੀਤਕ, ਸਮਾਜਕ ਤੇ ਧਾਰਮਿਕ ਪਰਿਸਥਿਤੀਆਂ ਉਪਰ ਜੋਰਦਾਰ ਆਲੋਚਨਾ ਕਰਦਿਆਂ ਆਪਣੇ ਉਸਾਰੂ ਵਿਚਾਰ ਦਰਸਾਏ। ਮਧ ਯੁਗ ਦੇ ਸਮਾਜ ਸੁਧਾਰਕਾਂ ਵਿਚੋਂ ਸਭ ਤੋਂ ਪਹਿਲਾਂ ਆਪ ਨੇ ਪਦ-ਦਲਿਤ ਇਸਤਰੀ ਜਾਤੀ ਦੇ ਹੱਕ ਵਿਚ ਆਵਾਜ਼ ਉਠਾਈ। ਆਪ ਜੀ ਦੁਆਰਾ ਰਚਿਤ ਬਾਣੀ 'ਆਦਿ ਗ੍ਰੰਥ' ਵਿਚ 17 ਰਾਗਾਂ ਵਿਚ ਅੰਕਿਤ ਹੈ। ਆਪਦੀਆਂ ਪ੍ਰਮੁਖ ਬਾਣੀਆਂ – ਜਪੁ, ਬਾਰਹਮਾਹ, ਕੁਚਜੀ, ਓਅੰਕਾਰ, ਦਖਣੀ, ਸਿਧ ਗੋਸਟ, ਵਾਰਾਂ, ਪੱਟੀ, ਥਿੱਤੀ ਅਤੇ ਆਰਤੀ ਆਦਿਕ ਹਨ।

ਗੁਰੂ-ਕਾਵਿ ਦੇ ਦੂਜੇ ਰਚਨਹਾਰੇ ਗੁਰੂ ਅੰਗਦ ਦੇਵ ਜੀ 1539 ਈ: ਵਿਚ ਗੁਰੂ-ਅਧਿਕਾਰੀ ਬਣੇ ਸਨ। ਆਪਨੇ ਪ੍ਰਾਚੀਨ ਲਿਪੀਆਂ ਵਿਚ ਸੁਧਾਰ ਕਰਕੇ ਉਨ੍ਹਾਂ ਨੂੰ ਮੌਜੂਦਾ ਗੁਰਮੁਖੀ ਦੇ ਨੇੜੇ ਲਿਆਂਦਾ ਅਤੇ ਗੁਰਮੁਖੀ ਦਾ ਪ੍ਰਚਾਰ ਕੀਤਾ। ਆਪਨੇ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਗੁਰਮੁਖੀ ਅਖਰਾਂ ਵਿਚ ਲਿਖਵਾਈ ਜੋ ਪੰਜਾਬੀ ਸਾਹਿਤ ਵਿਚ ਵਾਰਤਕ ਦਾ ਪਹਿਲਾ ਨਮੂਨਾ ਹੈ। ਆਪਨੇ ਧਰਮ ਪ੍ਰਚਾਰ ਦਾ

ਕੇਂਦਰ ਕਰਤਾਰ ਪੁਰ (ਗੁਰਦਾਸਪੁਰ) ਤੋਂ ਬਦਲ ਕੇ ਖਡੂਰ (ਅੰਮ੍ਰਿਤਸਰ) ਬਣਾਇਆ ਅਤੇ ਸਿਖ ਧਰਮ ਦੇ ਸਮਾਜਕ, ਧਾਰਮਿਕ ਤੇ ਸਾਹਿਤਕ ਵਿਕਾਸ ਵਿਚ ਯੋਗ ਦਾਨ ਪਾਇਆ। ਗੁਰੂ ਜੀ ਇਕ ਸੁਲਝੇ ਹੋਏ ਕਵੀ ਵੀ ਸਨ। ਆਪ ਦੁਆਰਾ ਰਚਿਤ 'ਸਲੋਕ' ਆਦਿ ਗ੍ਰੰਥ ਵਿਚ ਦੂਜੇ ਗੁਰੂ ਸਾਹਿਬਾਨ ਦੀਆਂ ਵਾਰਾਂ ਵਿਚ ਸੰਕਲਿਤ ਕੀਤੇ ਗਏ ਹਨ। ਆਪ ਜੀ ਦੀ ਕਾਵਿ-ਰਚਨਾ ਉਪਰ ਗੁਰੂ-ਨਾਨਕ ਦੇਵ ਜੀ ਦੇ ਵਿਚਾਰਾਂ ਦੀ ਮੋਹਰ ਛਾਪ ਹੈ।

1552 ਈ: ਵਿਚ ਤੀਜੇ ਗੁਰੂ ਅਮਰਦਾਸ ਜੀ ਨੂੰ ਨਾਨਕ ਮਿਸ਼ਨ ਦੀ ਜ਼ਿੰਮੇਵਾਰੀ ਸੌਂਪੀ ਗਈ। ਉਨ੍ਹਾਂ ਵਿਚ ਸਮਾਜ ਸੁਧਾਰ ਦੀ ਵਿਸ਼ੇਸ਼ ਰੁਚੀ ਸੀ। ਉਨ੍ਹਾਂ ਨੇ ਆਪਣਾ ਧਰਮ ਪ੍ਰਚਾਰ ਕੇਂਦਰ ਗੋਇੰਦਵਾਲ (ਅੰਮ੍ਰਿਤਸਰ) ਬਣਾਇਆ। ਧਰਮ ਪ੍ਰਚਾਰ ਲਈ 22 ਮੰਜੀਆਂ ਥਾਪੀਆਂ। ਗੋਇੰਦਵਾਲ ਵਿਖੇ ਬਾਉਲੀ ਬਣਵਾ ਕੇ ਉਸ ਵਿਚ ਹਰ ਕੌਮ ਦੇ ਲੋਕਾਂ ਨੂੰ ਇਸ਼ਨਾਨ ਕਰਨ ਦੀ ਖੁਲ੍ਹ ਦੇ ਕੇ ਭਾਰਤੀ ਧਰਮ ਪਰੰਪਰਾ ਵਿਚ ਇਕ ਵੱਡਾ ਇਨਕਲਾਬ ਲਿਆਂਦਾ। ਆਪ ਨੇ ਸੰਗਤ ਤੇ ਪੰਗਤ ਨੂੰ ਪੱਕੀ ਸੰਸਥਾ ਦਾ ਰੂਪ ਦਿੱਤਾ। ਭਾਰਤ ਸਮਰਾਟ ਅਕਬਰ ਆਪ ਦੇ ਦਰਸ਼ਨ ਕਰਨ ਆਇਆ ਤੇ ਉਸ ਨੇ ਜਨ ਸਾਧਾਰਣ ਨਾਲ ਆਪ ਦਾ ਲੰਗਰ ਛਕ ਕੇ ਆਨੰਦ ਮਾਣਿਆ। ਆਪ ਨੇ ਸਤੀ ਤੇ ਪਰਦੇ ਦੀਆਂ ਰਸਮਾਂ ਬੰਦ ਕਰਵਾਈਆਂ। ਸ਼ਰਾਬ ਵਰਗੇ ਨਸ਼ੇ ਤੋਂ ਆਪਣੇ ਸਿਖਾਂ ਨੂੰ ਸਖ਼ਤੀ ਨਾਲ ਵਰਜਿਆ। ਆਪ ਜੀ ਦੀ ਸਿਖਿਆ ਦਾ ਸਾਰ ਆਪ ਦੁਆਰਾ ਰਚਿਤ ਬਾਣੀ ਵਿਚ ਦਰਜ ਹੈ ਜੋ ਆਦਿ ਗ੍ਰੰਥ ਦੇ 17 ਰਾਗਾਂ ਵਿਚ ਉਪਲੱਬਧ ਹੈ। ਆਪ ਦੁਆਰਾ ਰਚਿਤ ਪ੍ਰਮੁੱਖ ਬਾਣੀਆਂ ਪੱਟੀ, ਅਲਾਹੁਣੀਆਂ, ਸਤਵਾਰੇ, ਅਸ਼ਟ, ਵਾਰਾਂ ਅਤੇ ਛੰਤ ਆਦਿ ਹਨ। ਆਪ ਜੀ ਦੀ ਸ਼ਾਹਕਾਰ ਰਚਨਾ 'ਅਨੰਦੁ' ਹੈ। ਆਪ ਦੇ ਕਾਵਿ ਦਾ ਸਮੁੱਚਾ ਵਿਸ਼ਾ ਪਰਮਾਤਮਾ ਦੀ ਭਗਤੀ, ਗੁਰ ਭਗਤੀ, ਕਰਮਕਾਂਡਾਂ ਦਾ ਖੰਡਨ, ਸਮਾਜਕ ਬੁਰਾਈਆਂ ਦਾ ਸੁਧਾਰ, ਨਾਮ, ਸਦਾਚਾਰ ਅਤੇ ਜੀਵਨ ਜੁਗਤੀ ਆਦਿ ਹੈ।

ਚੌਥੇ ਗੁਰੂ ਰਾਮਦਾਸ ਜੀ ਨੇ 1574 ਈ: ਵਿਚ ਨਾਨਕ-ਮਿਸ਼ਨ ਦਾ ਕੰਮ ਸੰਭਾਲਿਆ। ਆਪ ਨੇ ਅੰਮ੍ਰਿਤਸਰ ਵਸਾ ਕੇ ਦੋ ਸਰੋਵਰ ਖੁਦਵਾਏ। ਬਾਦ ਵਿਚ ਇਹ ਨਗਰ ਧਾਰਮਿਕ, ਵਪਾਰਕ, ਉਦਯੋਗਕ ਤੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਬੜਾ ਲਾਭਦਾਇਕ ਸਾਬਤ ਹੋਇਆ। ਆਪ ਨੇ ਮਸੰਦ ਪ੍ਰਥਾ ਕਾਇਮ ਕਰਕੇ ਗੁਰੂ-ਘਰ ਦੀ ਆਮਦਨ ਵਿਚ ਵਾਧਾ ਕੀਤਾ। ਇਕ ਵਾਰ ਕਾਲ ਦੇ ਸਮੇਂ ਆਪ ਨੇ ਸਮਰਾਟ ਅਕਬਰ ਪਾਸੋਂ ਕਿਸਾਨੀ ਦਾ ਲਗਾਨ ਮੁਆਫ਼ ਕਰਵਾ ਦਿੱਤਾ। ਇਸ ਦੇ ਨਾਲ ਆਪ ਇਕ ਕਵੀ ਵੀ ਸਨ। ਆਪ ਦੀ ਕਾਵਿ-ਰਚਨਾ ਆਦਿ ਗ੍ਰੰਥ ਵਿਚ 30 ਰਾਗਾਂ ਵਿਚ ਅੰਕਿਤ ਹੈ। ਆਪ ਦੀਆਂ ਪ੍ਰਮੁੱਖ ਬਾਣੀਆਂ ਵਾਰਾਂ, ਛੰਤ, ਸੋਲਹੇ, ਘੋੜੀਆਂ ਤੇ ਕਾਫ਼ੀਆਂ ਹਨ। ਆਪ ਦੀ ਰਚਨਾ ਦਾ ਪ੍ਰਮੁੱਖ ਵਿਸ਼ਾ ਗੁਰੂ ਅਤੇ ਪ੍ਰਭੂ ਵਿਛੋੜੇ ਵਿਚ ਵੈਰਾਗ ਦੀ ਤੀਬਰਤਾ ਹੈ।

ਗੁਰੂ-ਗੱਦੀ ਦੇ ਜਾਨਸ਼ੀਨਾਂ ਦੀ ਲੜੀ ਵਿਚ ਪੰਜਵੀਂ ਥਾਂ ਗੁਰੂ ਅਰਜਨ ਦੇਵ ਜੀ ਸਨ ਜੋ ਉਚ ਕੋਟੀ ਦੇ ਕਵੀ, ਸੰਪਾਦਕ ਹੋਣ ਤੋਂ ਇਲਾਵਾ ਨਿਮ੍ਰਤਾ, ਸੇਵਾ ਤੇ ਕੁਰਬਾਨੀ ਦੇ ਪੁੰਜ ਸਨ। ਗੁਰਗੱਦੀ

ਤੇ ਨੌ ਤੇ ਗੁਰ ਰਹੇ (1581-1506 ਈ:) ਤਕ ਆਪ ਨੇ ਸਿਖ ਸੰਬੰਧੀ ਪੰਥ ਦੇ ਸੰਗਠਨ ਲਈ ਅਦੁੱਤੀ ਘਾਲਨਾ ਕੀਤੀ। ਆਪ ਨੇ ਅੰਮ੍ਰਿਤਸਰ ਦੇ ਸਰੋਵਰ ਵਿਚ ਹਰਿਮੰਦਰ ਦਾ ਨਿਰਮਾਣ ਕਰਵਾਇਆ ਤੇ ਸਨ ਵਿਚ ਪ੍ਰਸਿੱਧ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ, ਜਿਸ ਨਾਲ ਇਹ ਸੁਧਿਰ ਮੁਸਲਮਾਨਾਂ ਦੇ ਜਾਅਲੀ ਵੰਡ ਸਿੱਖਾਂ ਦਾ ਪੰਥ ਐਲਾਨਿਸਥਾਨ ਕਰ ਦਿੱਤਾ। ਜਿਸ ਤੋਂ ਇਲਾਵਾ ਆਪ ਨੇ ਕਈ ਨਗਰ ਵਸਾਏ। ਸਿੱਖਾਂ ਦੀ ਆਰਥਿਕ ਦਸ਼ਾ ਨੂੰ ਸੁਧਾਰਨ ਲਈ ਕਈ ਕਦਮ ਉਠਾਏ। ਆਦਿ ਗ੍ਰੰਥ ਦੀ ਸੰਪਾਦਨਾ ਕਰਕੇ ਆਪ ਨੇ ਇਸ ਮਹਾਨ ਗ੍ਰੰਥ ਵਿਚ ਆਪਣੀ ਕਾਵਿ ਰਚਨਾ ਤੋਂ ਇਲਾਵਾ ਆਪਣੇ ਤੋਂ ਪਹਿਲੇ ਹੋਏ ਚਾਰ ਗੁਰੂ ਸਾਹਿਬਾਨ ਤੇ 30 ਹੋਰ ਸੰਤ ਪੁਰਸ਼ਾਂ ਦੀ ਰਚਨਾ ਸੰਕਲਿਤ ਕਰਕੇ ਇਕ ਮਹਾਨ ਸੰਪਾਦਕ ਹੋਣ ਦਾ ਸਬੂਤ ਦਿੱਤਾ। ਆਦਿ ਗ੍ਰੰਥ ਦੇ ਗੁਰੂ-ਵਿਅਕਤੀਆਂ ਦੁਆਰਾ ਰਚਿਤ ਕਾਵਿ ਵਿਚ ਸੰਖਿਆ ਅੰਗਾ ਕਾਵਿ ਆਪ ਦੁਆਰਾ ਰਚਿਤ ਹੈ। ਆਪ ਜੀ ਦੀਆਂ ਪ੍ਰਮੁੱਖ ਰਚਨਾਵਾਂ — ਸੁਖਮਨੀ, ਬਾਰਹਮਾਹ (ਮਾਝ), ਬਾਵਨ, ਰੁੱਤੀ, ਸਵਈਏ ਤੇ ਗੁਣਵੰਤੀ ਆਦਿਕ ਹਨ। ਆਪ ਜੀ ਦੀ ਕਾਵਿ-ਰਚਨਾ ਦਾ ਪ੍ਰਮੁੱਖ ਵਿਸ਼ਾ ਪਰਮਾਤਮਾ ਦਾ ਸਰੂਪ, ਪ੍ਰਭੂ-ਪ੍ਰੇਮ ਤੇ ਮਿਲਾਪ ਦੀ ਇੱਛਾ, ਗੁਰੂ-ਪ੍ਰੇਮ ਅਤੇ ਮਹੱਤਵ, ਗੁਰਸਿਖ ਤੇ ਸਤਿਗੁਰੂ ਦੀ ਉਸਤਤਿ, ਨਾਮ ਸਿਮਰਨ ਤੇ ਸਾਧੂ ਦੀ ਮਹਿਮਾ ਅਤੇ ਪ੍ਰਭ ਦੀ ਇੱਛਾ ਦੀਆਂ ਝਾਕੀਆਂ ਦਾ ਭਰ-ਪੂਰ ਵਰਣਨ ਹੈ। ਗੁਰੂ ਜੀ ਦੀ ਸਮਾਜ ਸੁਧਾਰਕ ਰੁਚੀ, ਸਿਖ ਧਰਮ ਦੇ ਸੰਗਠਨ ਕਾਰਨ ਪੰਡਤਾਂ ਤੇ ਮੌਲਾਣਿਆਂ ਦੇ ਵਿਰੋਧ ਅਤੇ ਮੁਤਅੱਸਬੀ ਸਮਰਾਟ ਜਹਾਂਗੀਰ ਦੀ ਸੰਕੀਰਨ ਧਾਰਮਿਕ ਨੀਤੀ ਕਾਰਣ ਆਪ ਨੂੰ ਸ਼ਹਿਜ਼ਾਦਾ ਖੁਸਰੋ ਦੀ ਮਦਦ ਦਾ ਬਹਾਨਾ ਬਣਾ ਕੇ ਸ਼ਹੀਦ ਕੀਤਾ ਗਿਆ। ਫਲਸਰੂਪ ਭਗਤੀ ਤੇ ਸ਼ਕਤੀ ਦਾ ਸੁਮੇਲ ਹੋਇਆ। ਗੁਰੂ ਹਰਿ ਗੋਬਿੰਦ ਸਾਹਿਬ ਦੀ ਅਗਵਾਈ ਵਿਚ ਗੁਰੂ ਜੀ ਦੇ ਅਨੁਯਾਈ [illegible] ਰਣ ਤੱਤੇ ਵਿਚ ਸੰਤ-ਸਿਪਾਹੀ ਹੋ ਨਿਬੜੇ।

ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਇਲਾਵਾ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸੰਕਲਿਤ ਹੈ। ਆਪ ਮਹਾਨ ਯੋਧੇ, ਉੱਚ ਕੋਟੀ ਦੇ ਕਵੀ ਅਤੇ ਅਦੁੱਤੀ ਸ਼ਹੀਦ ਸਨ। ਆਪ 1665 ਈ: ਵਿਚ ਗੁਰਗੱਦੀ ਤੇ ਬਿਰਾਜਮਾਨ ਹੋਏ। ਆਪ ਨੇ ਪ੍ਰਸਿੱਧ ਨਗਰ ਅਨੰਦਪੁਰ ਵਸਾਇਆ ਜੋ ਬਾਦ ਵਿਚ ਸੈਨਿਕ ਗਤੀਵਿਧੀਆਂ ਤੇ ਬਹੁਤ ਸਾਹਿਤਕ ਸੈਂਟਰ ਹੋਇਆ। ਸਮ-ਕਾਲੀਨ ਸਮਰਾਟ ਔਰੰਗਜ਼ੇਬ, ਦੇ ਇਸਲਾਮੀ ਰਾਜ ਦੇ ਸਿਧਾਂਤ ਦਾ ਸਖਤੀ ਨਾਲ ਅਨੁਸਰਣ ਕਰਨ ਵਿਰੁੱਧ ਆਪ ਨੇ ਹਿੰਦੂ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਖਿਆ ਲਈ 1675 ਈ: ਵਿਚ ਦਿੱਲੀ ਸ਼ਹਾਦਤ ਦਿੱਤੀ। ਇਸ ਅਦੁੱਤੀ ਸ਼ਹਾਦਤ ਦੇ ਪਰਿਣਾਮ ਵਜੋਂ ਆਪ ਦੇ ਸਪੁੱਤਰ ਤੇ ਉੱਤਰ ਅਧਿਕਾਰੀ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਜਿਨ੍ਹਾਂ ਦਾ ਉਦੇਸ਼ ਜ਼ੁਲਮ ਦਾ ਵਿਰੋਧ ਅਤੇ ਮਜ਼ਲੂਮ ਸਾਧੂ ਦੀ ਰਖਿਆ ਕਰਨਾ ਸੀ। ਗੁਰੂ ਤੇਗ ਬਹਾਦਰ ਜੀ ਦੀ ਕਾਵਿ ਰਚਨਾ ਆਦਿ ਗ੍ਰੰਥ ਵਿਚ 15 ਰਾਗਾਂ ਵਿਚ ਸੰਕਲਿਤ ਹੈ। ਆਪ ਦੁਆਰਾ ਰਚਿਤ ਕਾਵਿ ਤੋਂ ਸਮਾਜ ਵਿਚ ਰਹਿ ਕੇ ਨਿਰਬਾਣ ਪਦ, ਅਡੋਲਤਾ ਅਤੇ ਜੀਵਨ ਮੁਕਤੀ ਪ੍ਰਾਪਤ ਕਰਨ ਦੀ ਪ੍ਰੇਰਨਾ ਮਿਲਦੀ ਹੈ।

ਦੂਜੇ ਅਧਿਆਇ —— 'ਸਾਹਿਤ ਤੇ ਸਮਾਜ' — ਵਿਚ ਸਾਹਿਤ ਤੇ ਸਮਾਜ ਦੇ ਪਰਸਪਰ ਸੰਬੰਧਾਂ ਅਤੇ ਇਨ੍ਹਾਂ ਦੇ ਆਧਾਰ ਪ੍ਰਮਾਣ, ਮਧਕਾਲੀਨ ਪੰਜਾਬੀ ਸਾਹਿਤ ਅਤੇ ਸਮਾਜ ਦੇ ਸੰਬੰਧਾਂ ਅਤੇ ਸਮਾਜਕ ਪੱਖ ਤੇ ਕੀ ਅਸਰ ਹੈ? ਆਦਿਕ ਵਿਚਾਰਾਂ ਸੰਬੰਧੀ ਚਰਚਾ ਕੀਤੀ ਗਈ ਹੈ।

ਪ੍ਰਾਚੀਨ ਕਾਲ ਵਿਚ 'ਸਾਹਿਤ' ਦੀ ਥਾਂ 'ਕਾਵਿ' ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਸੀ। ਸ਼ਬਦ 'ਸਾਹਿਤ' ਤੇ 'ਕਾਵਿ' ਅਰਥਾਤ 'ਕਵਿ' ਪ੍ਰਮਾਣਵਾਚੀ (ਸਮਾਨਾਰਥਕ) ਸ਼ਬਦ ਹਨ। ਕਾਵਿ ਦੀ ਪਰਿਭਾਸ਼ਾ ਪੂਰਬ ਤੇ ਪੱਛਮ ਦੇ ਵਿਦਵਾਨਾਂ ਨੇ ਆਪਣੇ ਅਨੁਭਵ ਅਨੁਸਾਰ ਵੱਖ ਵੱਖ ਢੰਗਾਂ ਨਾਲ ਕੀਤੀ ਹੈ, ਪਰ ਸਾਹਿਤ ਦਾ ਮੋਟੇ ਤੌਰ ਤੇ ਅਰਥ ਹੈ — ਸੁਚੱਜੇ ਅਤੇ ਸੁੰਦਰ ਵਿਚਾਰਾਂ ਅਤੇ ਅਨੁਭਵਾਂ ਦਾ ਰਸ-ਆਤਮਕ ਤੇ ਕਲਾਤਮਕ ਚਿਤਰਣ।

ਸਮਾਜ ਮਨੁੱਖਾਂ ਦੇ ਕਈ ਸਮੂਹਾਂ ਦਾ ਇਕ ਵੱਡਾ ਸਮੁਦਾਇ ਹੈ, ਜਿਸ ਵਿਚ ਮਨੁੱਖਾਂ ਦੇ ਆਪਸੀ ਸੰਬੰਧਾਂ ਦਾ ਸੰਗਠਨ ਹੁੰਦਾ ਹੈ। ਸਮਾਜ ਮਨੁੱਖ ਦਾ ਕਾਰਜ ਖੇਤਰ ਹੈ ਤੇ ਵਿਅਕਤੀ ਦੇ ਸਰਬਪੱਖੀ ਵਿਕਾਸ ਲਈ ਸੰਭਵ ਸੁਵਿਧਾਵਾਂ ਪ੍ਰਦਾਨ ਕਰਦਾ ਹੈ।

ਸਾਹਿਤ ਤਤਕਾਲੀਨ ਸਮਾਜ ਦਾ ਪ੍ਰਤਿਬਿੰਬ ਹੁੰਦਾ ਹੈ। ਕਵੀ ਅਥਵਾ ਸਾਹਿਤਕਾਰ ਇਕ ਸਮਾਜਕ ਪ੍ਰਾਣੀ ਹੋਣ ਕਰਕੇ ਦੁਖ ਤੇ ਸੁਖ, ਆਸ਼ਾ ਤੇ ਨਿਰਾਸ਼ਾ ਦਾ ਅਨੁਭਵ ਕਰਦਾ ਹੈ ਤੇ ਇਨ੍ਹਾਂ ਭਾਵਨਾਵਾਂ ਦੀ ਪ੍ਰਤਿਕਿਰਿਆ ਕਰਨ ਹਿਤ ਭਾਸ਼ਾ ਨੂੰ ਮਾਧਿਅਮ ਬਣਾਉਂਦਾ ਹੈ। ਇਸ ਪ੍ਰਕਾਰ ਉਹ ਤਤਕਾਲੀਨ ਸਮਾਜ ਦੇ ਪਿਛੋਕੜ ਵਿਚ ਆਪਣੀ ਸਾਹਿਤਕ ਰਚਨਾ ਕਰਕੇ ਆਦਰਸ਼ਕ ਰੂਪ ਵਿਚ ਜੀਵਨ ਦੀ ਅਗਵਾਈ ਕਰਦਾ ਹੈ। ਸਾਹਿਤ ਸਮਾਜ ਤੋਂ ਪ੍ਰਭਾਵਤ ਹੋਣ ਦੇ ਨਾਲ ਉਸ ਨੂੰ ਪ੍ਰਭਾਵਿਤ ਵੀ ਕਰਦਾ ਹੈ। ਸਾਹਿਤ ਸਮਾਜ ਤੋਂ ਯਥਾਰਥ ਤੱਤ ਗ੍ਰਹਿਣ ਕਰਦਾ ਅਤੇ ਬਦਲੇ ਵਿਚ ਉਸ ਦੇ ਸਾਹਮਣੇ ਆਦਰਸ਼ ਦਾ ਸਰੂਪ ਰਖਦਾ ਹੈ।

ਅਸਲ ਵਿਚ ਸਾਹਿਤ ਜੀਵਨ ਦੀ ਆਲੋਚਨਾ ਹੈ। ਇਸੇ ਲਈ ਸਾਹਿਤ ਤੇ ਜੀਵਨ ਦੇ ਪ੍ਰਯੋਜਨ ਆਪੋ ਵਿਚ ਮੇਲ ਖਾਂਦੇ ਹਨ। ਸਤਿਅੰ, ਸ਼ਿਵਮ ਅਤੇ ਸੁੰਦਰਮ ਦਾ ਸੁਮੇਲ ਕਾਵਿ ਦਾ ਅਸਲ ਉਦੇਸ਼ ਹੈ। ਇਸੇ ਲਈ ਮਧਕਾਲੀਨ ਭਗਤ ਕਵੀਆਂ ਦਾ ਕਾਵਿ ਵਿਸ਼ੇਸ਼ ਤੌਰ ਤੇ ਸਮਾਜਕ ਕਲਿਆਣ ਦੀ ਭਾਵਨਾ ਨਾਲ ਓਤ ਪੋਤ ਹੈ ਅਤੇ ਜੀਵਨ ਦੀ ਕਾਇਆ ਕਲਪ ਕਰਨ ਦੀ ਸਮਰਥਾ ਰਖਦਾ ਹੈ।

'ਕਲਾ, ਕਲਾ ਲਈ' ਦੇ ਸਿਧਾਂਤ ਦੇ ਸਮਰਥਕ ਕੇਵਲ ਕਲਪਨਾ ਦੇ ਆਧਾਰ ਤੇ ਉਚ ਕੋਟੀ ਦੇ ਸਾਹਿਤ ਦੀ ਸਿਰਜਣਾ ਨਹੀਂ ਕਰ ਸਕਦੇ। ਕਲਪਨਾ ਦਾ ਆਧਾਰ ਵੀ ਵਾਸਤਵਿਕ ਜਗਤ ਅਤੇ ਸਮਾਜ ਹੀ ਹੁੰਦਾ ਹੈ। ਕਵੀ ਆਪਣੇ ਯੁਗ, ਸਮਾਜ ਅਤੇ ਤਤਕਾਲੀਨ ਪਰਿਸਥਿਤੀਆਂ ਤੋਂ ਉਲਟ ਕਲਪਨਾ ਦੇ ਆਕਾਸ਼ ਵਿਚ ਨਹੀਂ ਵਿਚਰ ਸਕਦਾ। ਸਮਾਜਕ ਸਮਸਿਆਵਾਂ ਸਾਹਿਤ ਸਿਰਜਣਾ ਦਾ ਮੂਲ ਆਧਾਰ ਹੁੰਦੀਆਂ ਹਨ, ਇਸ ਲਈ ਸਾਹਿਤ ਨੂੰ ਸਮਾਜ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ।

ਸਾਹਿਤਕਾਰ ਜਾਂ ਕਵੀ ਦੇ ਵਿਅਕਤਿਤਵ ਦਾ ਵੀ ਸਾਹਿਤ-ਰਚਨਾ ਵਿਚ ਵਿਸ਼ੇਸ਼ ਰੋਲ ਹੈ। ਉਹ ਆਪਣੀ ਰਚਨਾ ਵਿਚ ਆਪਣੇ ਵਿਅਕਤਿਤਵ ਦੀ ਮੋਹਰ ਛਾਪ ਲਾਉਂਦਾ ਹੈ ਅਤੇ ਆਪਣੇ ਵਿਅਕਤਿਤਵ

ਨੂੰ ਆਪਣੀ ਵਿਸ਼ੇਸ਼ ਸ਼ੈਲੀ ਦੁਆਰਾ ਅਭਿਵਿਅਕਤ ਕਰਦਾ ਹੈ। ਹਰ ਇਕ ਜਾਤੀ ਦੇ ਸਾਹਿਤ ਦਾ ਆਪਣਾ ਨਿਵੇਕਲਾ ਵਿਅਕਤਿਤਵ ਵੀ ਹੁੰਦਾ ਹੈ ਜੋ ਉਸ ਨੂੰ ਦੂਜੀ ਜਾਤੀ ਤੇ ਸਮਾਜ ਤੋਂ ਨਿਖੇੜਦਾ ਹੈ ਅਤੇ ਉਸ ਦਾ ਪ੍ਰਭਾਵ ਸਾਹਿਤ ਤੇ ਵੀ ਪੈਂਦਾ ਹੈ। ਸਾਹਿਤ ਤੇ ਸਮਾਜ ਵਿਚ ਆਦਾਨ-ਪ੍ਰਦਾਨ ਦੇ ਕਾਰਣ ਨਵੀਂ ਰਚਨਾ ਕਰਕੇ ਸਮਾਜਕ ਉੱਨਤੀ ਦੀ ਬੁਨਿਆਦ ਤਿਆਰ ਕਰਦੀ ਹੈ।

ਇਸ ਵਿਚ ਕੋਈ ਸ਼ਕ ਨਹੀਂ ਕਿ ਸਮਾਜ ਤੋਂ ਪ੍ਰਭਾਵਤ ਹੋ ਕੇ ਹੀ ਸਾਹਿਤ-ਸਿਰਜਣਾ ਹੁੰਦੀ ਹੈ, ਪਰ ਸਾਹਿਤ ਦਾ ਪ੍ਰਭਾਵ ਸ਼ਸਤਰਾਂ ਦੇ ਪ੍ਰਭਾਵ ਨਾਲੋਂ ਵੀ ਵਧੇਰੇ ਹੁੰਦਾ ਹੈ। ਅੰਗਰੇਜ਼ਾਂ ਦਾ ਪ੍ਰਭਾਵ ਸ਼ਕਤੀ ਦੀ ਬਜਾਇ ਹਿੰਦੀਆਂ ਨੇ ਸਾਹਿਤ ਦੁਆਰਾ ਕਿਤੇ ਵਧੇਰੇ ਕਬੂਲ ਕੀਤਾ। ਸੰਸਾਰ ਵਿਚ ਹੁਣ ਤਕ ਹੋਏ ਸੰਪੂਰਨ ਇਨਕਲਾਬ ਜਾਂ ਰਾਜ-ਪਲਟਿਆਂ ਦੇ ਪਿਛੋਕੜ ਵਿਚ ਕੋਈ ਨਾ ਕੋਈ ਵਿਚਾਰਧਾਰਾ ਕੰਮ ਕਰਦੀ ਆਈ ਹੈ, ਜਿਸ ਦਾ ਚਿਤਰਨ ਸਾਹਿਤ ਦੁਆਰਾ ਹੁੰਦਾ ਹੈ।

ਸਾਹਿਤਕਾਰ ਸਮਾਜ ਦੇ ਨਾਲ ਜੁੜਿਆ ਹੋਇਆ ਵੀ ਸਮਾਜ ਨਾਲੋਂ ਅਗੇਰੇ ਹੁੰਦਾ ਹੈ। ਉਹ ਸਮਾਜਕ ਜੀਵਨ ਨੂੰ ਆਪਣੀ ਕਾਲਪਨਿਕ ਜੀਵਨ ਅਨੁਸਾਰ ਢਲਿਆ ਵੇਖਣ ਦਾ ਇਛਕ ਹੁੰਦਾ ਹੈ। ਇਥੇ ਆ ਕੇ ਸਾਹਿਤ ਦਾ ਕਰਤੱਵ ਜੀਵਨ ਦਾ ਮਾਰਗ ਦਰਸ਼ਨ ਕਰਨਾ ਬਣ ਜਾਂਦਾ ਹੈ।

ਪੰਜਾਬੀ ਸਾਹਿਤ ਦਾ ਸਮਾਜ ਨਾਲ ਬਹੁਤ ਡੂੰਘਾ ਸਬੰਧ ਹੈ। ਇਹ ਪੰਜਾਬੀ ਜੀਵਨ ਦੀਆਂ ਸਮਾਜਕ ਪਰਿਸਥਿਤੀਆਂ ਦੀ ਉਪਜ ਹੈ। ਇਸ ਦੇ ਪੂਰਵ-ਨਾਨਕ ਕਾਲ ਦੇ ਉਪਲੱਬਧ ਸਾਹਿਤ (ਨਾਥ ਸਾਹਿਤ) ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਪਿਛੇ ਪੰਜਾਬੀ ਜੀਵਨ ਦਾ ਪ੍ਰਵਾਹ ਚਲ ਰਿਹਾ ਹੈ। ਗੋਰਖ ਨਾਥ ਪੰਜਾਬੀ ਸਾਹਿਤ ਦਾ ਪਹਿਲਾ ਕਵੀ ਹੈ। ਤਤਕਾਲੀਨ ਸਾਧਾਂ ਸੰਤਾਂ ਵਿਚ ਆ ਚੁਕੀਆਂ ਕੁਰੀਤੀਆਂ ਵਿਰੁਧ ਗੋਰਖ ਨਾਥ, ਚਰਪਟ ਆਦਿ ਦੀਆਂ ਨਾਥ ਰਚਨਾਵਾਂ ਵਿਚ ਜ਼ੋਰਦਾਰ ਆਲੋਚਨਾ ਉਪਲੱਬਧ ਹੈ।

ਮਧਕਾਲੀਨ ਪੰਜਾਬੀ ਸਾਹਿਤ ਦੀ ਦੂਜੀ ਵਿਚਾਰਧਾਰਾ ਸੂਫ਼ੀ-ਕਾਵਿ-ਸਾਹਿਤ ਦੀ ਹੈ। ਪੰਜਾਬੀ ਸੂਫ਼ੀ ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਕਾਵਿ-ਰਚਨਾ ਦੀ ਪੰਜਾਬੀ ਜੀਵਨ ਤੇ ਅਮਿੱਟ ਛਾਪ ਹੈ। ਮੁਸਲਿਮ ਸ਼ਾਸਕਾਂ ਦੀ ਤਲਵਾਰ ਨਾਲੋਂ ਫ਼ਰੀਦ-ਰਚਿਤ ਸਾਹਿਤ ਦੇ ਪ੍ਰਭਾਵ ਕਾਰਣ ਬਹੁਤ ਸਾਰੇ ਹਿੰਦੂ ਆਪਣੇ ਆਪ ਹੀ ਮੁਸਲਮਾਨ ਬਣ ਗਏ। ਨਾਨਕ ਕਾਲ ਦੇ ਸ਼ਾਹ ਹੁਸੈਨ ਸੁਲਤਾਨ ਬਾਹੂ ਤੇ ਸ਼ਾਹ ਸ਼ਰਫ਼ ਆਦਿ ਸੂਫ਼ੀਆਂ ਨੇ ਵੀ ਜਨ ਜੀਵਨ ਦੇ ਵਧੇਰੇ ਨੇੜੇ ਹੋ ਕੇ ਰਚਨਾ ਕੀਤੀ। ਸਮਾਜਕ ਅਧੋਗਤੀ ਦੇ ਪ੍ਰਤਿ-ਕਰਮ ਵਜੋਂ ਭਗਤੀ ਅੰਦੋਲਨ ਦੁਆਰਾ ਜਨਸਾਧਾਰਣ ਨੂੰ ਨਵੀਂ ਚੇਤਨਾ ਪ੍ਰਾਪਤ ਹੋਈ। ਭਗਤ ਰਾਮਾਨੰਦ, ਕਬੀਰ, ਨਾਮਦੇਵ, ਰਵਿਦਾਸ ਆਦਿਕ ਨੇ ਲੋਕਾਂ ਨੂੰ ਅਧਿਆਤਮਕ ਸੇਧ ਦਿਤੀ। ਸਮਾਜਕ ਖੇਤਰ ਵਿਚ ਇਨ੍ਹਾਂ ਭਗਤ ਕਵੀਆਂ ਨੇ ਕ੍ਰਾਂਤੀਕਾਰੀ ਯੋਗਦਾਨ ਦਿੱਤਾ। ਤਤਕਾਲੀਨ ਪੰਜਾਬ ਦਾ ਇਤਿਹਾਸ ਵਿਦੇਸ਼ੀ ਹਮਲਾਵਰਾਂ ਨਾਲ ਹੋਈਆਂ ਲੜਾਈਆਂ ਅਤੇ ਇਥੋਂ ਦੇ ਦੇਸੀ ਰਾਜਿਆਂ ਦੇ ਆਪਸੀ ਯੁੱਧਾਂ ਵਾਲੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਫਲ ਸਰੂਪ ਵੀਰ ਸਾਹਿਤ ਦੀ ਸਿਰਜਣਾ ਹੋਈ। ਇਸ ਕਾਲ ਦੇ ਉਪਲਬੱਧ ਜੈਨ ਸਾਹਿਤ ਉਪਰ ਜੀਵਨ ਦੀ ਗਹਿਰੀ ਛਾਪ ਵੇਖੀ ਜਾ ਸਕਦੀ ਹੈ, ਅਮੀਰ ਖੁਸਰੋ ਦੀਆਂ ਬੁਝਾਰਤਾਂ ਤੇ ਕਹਿ ਮੁਕਰਨੀਆਂ ਬਹੁਤ ਪ੍ਰਸਿੱਧ ਹਨ। ਲੋਕ ਗੀਤਾਂ ਦੀਆਂ ਵੰਨਗੀਆਂ ਵੀ ਉਪਲੱਬਧ ਹਨ।

ਇਸ ਕਾਲ ਦੀ ਵੱਡੀ ਤੇ ਅਦੁੱਤੀ ਸਾਹਿਤਕ ਪ੍ਰਾਪਤੀ 'ਆਦਿ ਗ੍ਰੰਥ' ਹੈ ਜਿਸ ਵਿਚ ਸੰਕਲਿਤ ਗੁਰੂ-ਕਾਵਿ ਨੂੰ ਇਸ ਖੋਜ ਪ੍ਰਬੰਧ ਦੇ ਵਿਸ਼ੇ ਦਾ ਆਧਾਰ ਬਣਾਇਆ ਗਿਆ ਹੈ। ਗੁਰੂ ਕਵੀਆਂ ਨੇ ਤਤਕਾਲੀਨ ਰਾਜਨੀਤਕ, ਸਮਾਜਕ, ਆਰਥਿਕ, ਸਭਿਆਚਾਰਕ ਤੇ ਧਾਰਮਿਕ ਸਥਿਤੀ ਦਾ ਯਥਾਰਥਕ ਚਿਤ੍ਰਣ ਕੀਤਾ ਹੈ। ਅਸਲ ਵਿਚ ਗੁਰੂ-ਕਾਵਿ ਤਤਕਾਲੀਨ ਸਮਾਜ ਦਾ ਸਹੀ ਪ੍ਰਤਿਬਿੰਬ ਹੈ। ਇਸ ਕਾਲ (1675 ਈ: ਤਕ) ਦੇ ਅਧਿਆਤਮਕ ਸਾਹਿਤ ਵਿਚ ਗੁਰੂ-ਕਾਵਿ ਤੋਂ ਇਲਾਵਾ ਭਾਈ ਗੁਰਦਾਸ ਜੀ, ਕਾਨ੍ਹਾ, ਛੱਜੂ, ਪੀਲੂ ਤੇ ਸੁਥਰਾ ਆਦਿ ਕਵੀਆਂ ਦੇ ਰਚਿਤ ਕਾਵਿ ਵਿਚ ਵੀ ਪੰਜਾਬੀ ਜੀਵਨ ਸਪਸ਼ਟ ਰੂਪ ਵਿਚ ਦਿਖਾਈ ਦਿੰਦਾ ਹੈ।

ਮੁਗ਼ਲ ਰਾਜ-ਕਾਲ ਸਮੇਂ ਕੁਝ ਸਮੇਂ ਲਈ ਰਾਜਨੀਤਕ ਤੇ ਆਰਥਿਕ ਸਥਿਰਤਾ ਦੇ ਚਿੰਨ੍ਹ ਪਰਗਟ ਹੋਏ। ਮੁਗ਼ਲਾਂ ਦੇ ਮਨੋਰਥਾਂ ਦੇ ਪ੍ਰਤਿਕਰਮ ਵਜੋਂ ਰੀਤੀ-ਕਾਲੀਨ ਸਾਹਿਤ ਦੀ ਸਿਰਜਣਾ ਹੋਈ। ਦਮੋਦਰ, ਪੀਲੂ, ਅਹਿਮਦ ਤੇ ਹਾਫ਼ਜ਼ ਬਰਖ਼ੁਰਦਾਰ ਵਰਗਿਆਂ ਨੇ ਕਿੱਸੇ ਰਚੇ ਜਿਹੜੇ ਕਿ ਤਤਕਾਲੀਨ ਸਮਾਜਕ ਪਰਿਸਥਿਤੀਆਂ ਦਾ ਸ਼ੀਸ਼ਾ ਵੀ ਹਨ।

ਕਾਵਿ-ਸਾਹਿਤ ਤੋਂ ਇਲਾਵਾ ਸਾਡੇ ਖੋਜ-ਪ੍ਰਬੰਧ ਦੇ ਨਿਰਧਾਰਿਤ ਕਾਲ ਵਿਚ ਪੰਜਾਬੀ ਵਾਰਤਕ ਦਾ ਆਰੰਭ ਵੀ ਹੋ ਜਾਂਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ, ਗੋਸ਼ਟਾਂ ਅਤੇ ਗੁਰਬਾਣੀ ਦੀ ਵਿਆਖਿਆ ਵਾਰਤਕ ਵਿਚ ਉਪਲੱਬਧ ਹੈ, ਜਿਸ ਵਿਚ ਗੁਰੂ-ਕਾਵਿ ਵਾਂਗ ਹੀ ਸਮਾਜਕ ਤੱਤ ਦਿਖਾਈ ਦਿੰਦੇ ਹਨ।

ਇਸ ਪ੍ਰਕਾਰ ਪੰਜਾਬੀ ਸਾਹਿਤ ਪੰਜਾਬੀਆਂ ਦੇ ਗੁਜ਼ਰਾਨ ਅਤੇ ਜੀਵਨ ਦਾ ਪ੍ਰਤਿਬਿੰਬ ਹੈ। ਪੰਜਾਬੀ ਸਾਹਿਤ ਦੇ ਰਚਨਹਾਰਿਆਂ ਨੇ 'ਕਲਾ, ਕਲਾ ਲਈ' ਦੇ ਸਿਧਾਂਤ ਨੂੰ ਸਵੀਕਾਰ ਕਰਨ ਦੀ ਬਜਾਇ ਲੋਕਾਂ ਦੀ ਸਮਾਜਕ ਤੇ ਸਭਿਆਚਾਰਕ ਅਗਵਾਈ ਕੀਤੀ।

ਕਿਸੇ ਕਾਵਿ ਦੇ ਸਮਾਜਕ ਪੱਖ ਦੇ ਨਿਰੂਪਣ ਵਿਚ ਉਸ ਦੇ ਰਾਜਨੀਤਕ ਪੱਖ, ਸਮਾਜਕ ਤੇ ਸਭਿਆਚਾਰਕ ਪੱਖ ਅਤੇ ਧਾਰਮਿਕ ਪੱਖ ਆਦਿ ਉੱਤੇ ਵਿਚਾਰ ਕੀਤੀ ਜਾਂਦੀ ਹੈ। ਇਸੇ ਲਈ ਹੱਥਲੇ ਖੋਜ ਪ੍ਰਬੰਧ ਦੇ ਤੀਜੇ, ਚੌਥੇ ਤੇ ਪੰਜਵੇਂ ਅਧਿਆਇ ਵਿਚ ਕ੍ਰਮਵਾਰ ਇਨ੍ਹਾਂ ਸਬੰਧੀ ਵਿਵੇਚਨ ਕੀਤਾ ਗਿਆ ਹੈ।

<u>ਤੀਜੇ ਅਧਿਆਇ</u> —— ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਰਾਜਨੀਤਕ ਪੱਖ —— ਵਿਚ ਸਮਕਾਲੀਨ ਰਾਜਨੀਤਕ ਵਿਵਸਥਾ, ਗੁਰੂ ਸਾਹਿਬਾਨ ਦੇ ਸ਼ਾਸਕਾਂ ਨਾਲ ਸੰਬੰਧ, ਸ਼ਾਸਨ ਪ੍ਰਬੰਧ, ਕਰ-ਪ੍ਰਣਾਲੀ ਅਤੇ ਨਿਆਂ-ਪ੍ਰਬੰਧ ਆਦਿ ਦਾ ਵਰਣਨ ਕਰਦਿਆਂ ਆਦਿ ਗ੍ਰੰਥ ਦੇ ਗੁਰੂ ਕਵੀਆਂ ਦੁਆਰਾ ਆਲੋਚਨਾ ਅਤੇ ਗੁਰੂਆਂ ਦੁਆਰਾ ਪ੍ਰਤਿਪਾਦਤ ਆਦਰਸ਼ ਰਾਜੇ ਅਤੇ ਰਾਮਰਾਜ ਦੇ ਸੰਕਲਪ ਦਾ ਵਿਵੇਚਨ ਕੀਤਾ ਗਿਆ ਹੈ।

ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਸਮਾਂ 1469 ਈ: (ਗੁਰੂ ਨਾਨਕ ਦੇਵ ਜੀ ਦਾ ਜਨਮ) ਤੋਂ 1675 ਈ: (ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ) ਤਕ ਹੈ। ਇਸ ਸਮੇਂ ਦੌਰਾਨ ਦਿੱਲੀ ਦੇ ਸਿੰਘਾਸਨ ਉੱਤੇ ਲੋਧੀ, ਸੂਰੀ ਤੇ ਮੁਗ਼ਲ ਵੰਸ਼ਾਂ ਦੇ ਸ਼ਾਸਕਾਂ ਨੇ ਰਾਜ ਕੀਤਾ।

ਲੋਧੀਆਂ ਸਮੇਂ ਇਥੇ ਰਾਜਨੀਤਕ ਅਸਥਿਰਤਾ ਸੀ। ਇਸ ਵੰਸ਼ ਦੇ ਸ਼ਾਸਕਾਂ ਵਿਚੋਂ ਸਿਕੰਦਰ ਲੋਧੀ ਬੜਾ ਅਭਿਮਾਨੀ ਸੀ, ਜਿਸ ਨੇ ਹਿੰਦੂਆਂ ਤੇ ਬੜੇ ਜ਼ੁਲਮ ਢਾਹੇ। ਦੇਸ਼ ਦੀ ਅੰਦਰੂਨੀ ਫੁੱਟ ਕਾਰਨ

ਬਾਬਰ ਨੂੰ ਹਮਲੇ ਕਰਨ ਲਈ ਉਤਸ਼ਾਹ ਮਿਲਿਆ। ਬਾਬਰ ਦੇ ਮੁਢਲੇ ਹਮਲਿਆਂ ਦਾ ਵਰਨਨ ਗੁਰੂ ਨਾਨਕ ਨੇ ਬਾਣੀ ਤੇ ਏਹੋ ਵੀ ਇਤਿਹਾਸਕਾਰ ਵਜੋਂ ਚਿਤਰ ਕੀਤਿਆ। ਇਸ ਯੁਗ ਦੀ ਜ਼ਿੰਮੇਵਾਰੀ ਗੁਰੂ ਨਾਨਕ ਨੇ ਲੋਧੀਆਂ ਸਿਰ ਠਹਿਰਾਈ ਜੋ ਵਿਲਾਸਤਾ ਭਰੀ ਜੀਵਨ ਵਿਚ ਡੁਬ ਕੇ ਦੇਸ਼ ਦੀ ਰਖਿਆ ਨਾ ਕਰ ਸਕੇ।

ਮੁਗ਼ਲ ਸਮਰਾਟ ਬਾਬਰ ਤੇ ਹਮਾਯੂੰ ਵੇਲੇ ਰਾਜਨੀਤਕ ਅਰਾਜਕਤਾ ਹੀ ਰਹੀ, ਜਿਸ ਦਾ ਸ਼ੇਰ ਸ਼ਾਹ ਸੂਰੀ ਨੇ ਲਾਭ ਉਠਾ ਕੇ ਦਿਲੀ ਦਾ ਰਾਜ ਸਿੰਘਾਸਨ ਸੰਭਾਲਿਆ, ਪਰੰਤੂ ਉਸ ਦੇ ਕਮਜ਼ੋਰ ਉਤਰ ਅਧਿਕਾਰੀਆਂ ਪਾਸੋਂ ਹਮਾਯੂੰ ਨੇ ਫਿਰ ਰਾਜ ਪ੍ਰਾਪਤ ਕਰ ਲਿਆ। ਅਕਬਰ ਵੇਲੇ ਦੇਸ਼ ਵਿਚ ਕੁਝ ਸਮੇਂ ਲਈ ਸ਼ਾਂਤੀ ਰਹੀ, ਪਰ ਉਸ ਤੋਂ ਬਾਦ ਜਹਾਂਗੀਰ ਸ਼ਾਹਜਹਾਨ ਤੇ ਔਰੰਗਜ਼ੇਬ ਦੀਆਂ ਕਠੋਰ ਨੀਤੀਆਂ ਕਾਰਣ ਥਾਂ ਥਾਂ ਬਗ਼ਾਵਤਾਂ ਹੋਈਆਂ। ਤਖ਼ਤ ਨਸ਼ੀਨੀ ਦੇ ਵਿਸ਼ੇਸ਼ ਉਤਰ-ਅਧਿਕਾਰ ਦੇ ਨਿਯਮਾਂ ਦੀ ਅਣਹੋਂਦ ਕਾਰਣ ਸੁਲਤਾਨ/ਸਮਰਾਟ ਦੀ ਮੌਤ ਤੇ ਲਗ ਭਗ ਹਰ ਵਾਰ ਭਰਾ-ਮਾਰੂ ਯੁਧ ਛਿੜ ਜਾਂਦਾ ਤੇ ਸਭ ਤੋਂ ਵਧ ਸ਼ਕਤੀਸ਼ਾਲੀ ਰਾਜਕੁਮਾਰ ਹੀ ਸਿੰਘਾਸਨ ਤੇ ਕਾਬਜ਼ ਹੁੰਦਾ, ਇਸ ਕਾਰਣ ਵੀ ਰਾਜਨੀਤਕ ਅਸਥਿਰਤਾ ਵਿਚ ਵਾਧਾ ਹੋਇਆ। ਅਸਲ ਵਿਚ ਸੈਨਾ ਦੇ ਬਲਬੂਤੇ ਲੋਧੀ, ਸੂਰੀ ਤੇ ਮੁਗ਼ਲ ਬਾਦਸ਼ਾਹ ਰਾਜ ਕਰਦੇ ਰਹੇ।

ਲੋਧੀ ਤੇ ਸੂਰੀ ਵੰਸ਼ ਦੇ ਸੁਲਤਾਨਾਂ ਦੇ ਸ਼ਾਸਨ ਦੌਰਾਨ ਗੁਰੂ ਸਾਹਿਬਾਨ ਅਤੇ ਸੁਲਤਾਨਾਂ ਦੇ ਸੰਬੰਧ ਠੀਕ ਹੀ ਰਹੇ, ਕਿਸੇ ਪ੍ਰਕਾਰ ਦੀ ਅਣੋਖੀ ਘਟਨਾ ਨਹੀਂ ਵਾਪਰੀ। ਪਰੰਤੂ ਮੁਗ਼ਲ ਸਮਰਾਟਾਂ ਸਮੇਂ ਪਰਸਪਰ ਵਿਰੋਧਤਾ ਰਹੀ। ਬਾਬਰ ਦੇ ਹਮਲੇ ਦੌਰਾਨ ਗੁਰੂ ਨਾਨਕ ਦੇਵ ਨੂੰ ਬੰਦੀ ਬਣਾ ਕੇ ਉਨ੍ਹਾਂ ਪਾਸੋਂ ਚੱਕੀ ਪਿਸਵਾਈ ਗਈ। ਸ਼ੇਰਸ਼ਾਹ ਤੋਂ ਹਾਰ ਖਾ ਕੇ ਹਮਾਯੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਹਾਜ਼ਰ ਹੋਇਆ ਪਰ ਗੁਰੂ ਜੀ ਦੇ ਸਮਾਧੀ ਵਿਚ ਵਿਲੀਨ ਹੋਣ ਕਰਕੇ ਉਸ ਨੂੰ ਉਡੀਕ ਕਰਨੀ ਪਈ। ਅਸਹਿਣਸ਼ੀਲ ਹੋ ਕੇ ਉਸ ਨੇ ਤਲਵਾਰ ਨੂੰ ਹਥ ਪਾਇਆ, ਪਰ ਗੁਰੂ ਜੀ ਦੇ ਮੂੰਹੋਂ ਵਿਅੰਗ ਸੁਣ ਕੇ ਸ਼ਰਮਿੰਦਾ ਹੋ ਕੇ ਪਛਤਾਣ ਲਗਿਆ। ਅਕਬਰ ਦੇ ਸੰਬੰਧ ਗੁਰੂ ਸਾਹਿਬਾਨ ਨਾਲ ਅਛੇ ਰਹੇ। ਉਸ ਨੇ ਗੁਰੂ-ਅਮਰਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਉਸ ਨੇ ਬ੍ਰਾਹਮਣਾਂ ਤੇ ਮੌਲਵੀਆਂ ਵਲੋਂ ਗੁਰੂ ਜੀ ਵਿਰੁਧ ਕੀਤੀ ਗਈ ਕਿਸੇ ਵੀ ਸ਼ਿਕਾਇਤ ਤੇ ਕੋਈ ਕਾਰਵਾਈ ਨਾ ਕੀਤੀ। ਜਹਾਂਗੀਰ ਆਪਣੇ ਪਿਤਾ ਤੋਂ ਉਲਟ ਕੱਟੜ ਮੁਸਲਮਾਨ ਸੀ। ਉਸ ਨੇ ਸ਼ਹਿਜ਼ਾਦਾ ਖੁਸਰੋ ਦੀ ਸੰਕਟ ਮਦਦ ਦਾ ਬਹਾਨਾ ਬਣਾ ਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਦਿੱਤਾ। ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਕੈਦ ਕੀਤੀ ਰਖਿਆ। ਸ਼ਾਹਜਹਾਨ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲ ਫ਼ੌਜਾਂ ਨੂੰ ਤਿੰਨ ਵਾਰ ਪਰਾਜਿਤ ਕੀਤਾ। ਔਰੰਗਜ਼ੇਬ ਦੀ ਦਾਰ-ਉਲ-ਹਰਬ ਤੋਂ ਦਾਰ-ਉਲ-ਇਸਲਾਮ ਬਣਾਉਣ ਦੀ ਜ਼ਾਲਮ ਨੀਤੀ ਵਿਰੁਧ ਗੁਰੂ ਤੇਗ ਬਹਾਦਰ ਜੀ ਨੇ 1675 ਈ: ਵਿਚ ਦਿੱਲੀ ਵਿਖੇ ਸ਼ਹਾਦਤ ਦਿੱਤੀ।

ਦਿੱਲੀ ਦੇ ਸੁਲਤਾਨ/ਬਾਦਸ਼ਾਹ ਰਾਜ ਦੇ ਦੈਵੀ ਸਿਧਾਂਤ ਵਿਚ ਵਿਸ਼ਵਾਸ ਰਖਦੇ ਸਨ। ਸੁਲਤਾਨ ਦੀ ਇੱਛਾ ਹੀ ਕਾਨੂੰਨ ਹੁੰਦੀ ਸੀ। ਉਹ ਆਪ ਹੀ ਮੁਖ-ਨਿਆਂਕਾਰ ਤੇ ਮੁਖ ਸੈਨਾਪਤੀ ਹੁੰਦਾ ਸੀ। ਸੁਲਤਾਨਾਂ ਸਮੇਂ ਖਲੀਫ਼ੇ ਦੀ ਪ੍ਰਭੁਸੱਤਾ ਨੂੰ ਸਵੀਕਾਰਿਆ ਜਾਂਦਾ ਸੀ, ਪਰ ਬਾਬਰ ਨੇ ਬਾਹਰੀ ਪ੍ਰਭੁਸੱਤਾ ਨੂੰ ਖ਼ਤਮ ਕਰ ਦਿੱਤਾ ਤੇ ਆਪ ਹੀ ਖਲੀਫ਼ਾ ਬਣ ਗਿਆ। ਇਸਲਾਮੀ ਰਾਜ ਦੇ ਸਿਧਾਂਤ ਅਨੁਸਾਰ ਉਲਮਾ ਤੇ

ਤੇ ਰਾਜੇ ਸੁਲਤਾਨਾਂ ਪਾਸੋਂ ਗੈਰ ਮੁਸਲਿਮ ਜਨਤਾ ਤੇ ਕਈ ਅਤਿਆਚਾਰ ਕਰਵਾਉਂਦੇ ਸਨ। ਕਾਫ਼ਰਾਂ ਦਾ ਵਿਨਾਸ਼ ਕਰਨਾ ਸੁਲਤਾਨਾਂ ਦਾ ਮੁੱਖ ਕਰਤੱਵ ਦਸਿਆ ਗਿਆ ਸੀ। ਜਜ਼ੀਏ ਦਾ ਲਾਗੂ ਕਰਨਾ, ਮੰਦਰਾਂ ਨੂੰ ਢਾਹ ਢੇਰੀ ਕਰਨਾ ਜ਼ਬਰੀ ਤੌਰ ਤੇ ਇਸਲਾਮ ਧਾਰਣ ਨਾ ਕਰਨ ਵਾਲੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦੇਣਾ, ਗਊ ਗਰੀਬ ਨੂੰ ਮਾਰਨਾ ਆਦਿ ਅਤਿਆਚਾਰ ਐਸੇ ਸਨ ਜੋ ਸਮੇਂ ਨੂੰ ਕਰ ਕੇ ਇਸ ਸਾਰੇ ਕਾਲ ਵਿਚ ਹੀ ਹੁੰਦੇ ਰਹੇ। ਵਿਚਾਰੇ ਹਿੰਦੂ ਆਪਣੇ ਹੀ ਵਤਨ ਵਿਚ ਗੈਰ ਦੇਸ ਦੇ ਸ਼ਹਿਰੀ ਜਿਵੇਂ ਰਹੇ ਸਨ। ਕੋਈ ਵੀ ਹਿੰਦੂ ਰਾਜ ਐਸਾ ਸਰਕਾਰ ਨਾਲ ਟੱਕਰ ਲੈਣ ਵਾਲਾ ਨਹੀਂ ਰਹਿ ਗਿਆ ਸੀ। ਅਜਿਹੀਆਂ ਪਰਿਸਥਿਤੀਆਂ ਵਿਚ ਭਗਤੀ ਅੰਦੋਲਨ ਦਾ ਮੁੱਢ ਬੱਝਿਆ। ਭਗਤਾਂ ਨੇ ਸਮਾਜ ਸੁਧਾਰ ਲਈ ਬਹੁਤ ਜ਼ੋਰ ਲਾਇਆ ਪਰ ਤਤਕਾਲੀਨ ਰਾਜਨੀਤੀ ਵਿਰੁੱਧ ਕਿਸੇ ਵੀ ਆਵਾਜ਼ ਬੁਲੰਦ ਨਾ ਕੀਤੀ। ਰੱਤ-ਪੀਣੇ ਰਾਜਿਆਂ ਅਤੇ ਉਹਨਾਂ ਦੇ ਜ਼ੁਲਮ ਭਰੇ ਰਾਜ ਵਿਰੁੱਧ ਕੇਵਲ ਗੁਰੂ-ਬਾਣੀ ਵਿਚ ਹੀ ਸੰਕੇਤ ਉਪਲਬਧ ਹਨ। ਜਮਰਾਜ ਦੇ ਰੂਪ ਵਿਚ ਬਾਬਰ ਦੇ ਜਿਹਾਦਾਰ ਨੂੰ ਚਿਤਰਨਾ ਗੁਰੂ ਨਾਨਕ ਦੇਵ ਜੀ ਦੀ ਹੀ ਹਿੰਮਤ ਸੀ। ਲੋਕਾਂ ਦੀ ਰਖਿਆ ਨਾ ਕਰ ਸਕਣ ਕਾਰਨ ਉਹਨਾਂ ਨੇ ਸ਼ਾਹੀਆਂ ਦੀ ਵੀ ਸਖਤ ਆਲੋਚਨਾ ਕੀਤੀ। ਗੁਰੂ ਬਾਣੀ ਵਿਚ ਅਤਿਆਚਾਰੀ ਰਾਜੇ ਨੂੰ ਕਸਾਈ ਨਾਲ ਤੁਲਨਾ ਦਿੱਤੀ ਗਈ ਹੈ, ਉਹ ਰੱਤਪੀਣੇ ਰਾਜੇ ਸਭ ਅਰਾਜਕਤਾ ਕਾਲ ਦੇ ਪ੍ਰਤੀਕ ਸਨ। ਗੁਰੂ ਜੀ ਅਨੁਸਾਰ ਇਹ ਰਾਜ ਕਰਤੇ ਸਾਰੀ ਕੌਮ ਦੇ ਵਿਨਾਸ਼ ਅਤੇ ਜੀਵਨ ਸਤ ਹਰਨ ਦੇ ਤੁੱਲ ਹੋ ਚੁਕੇ ਸਨ।

ਕਰਮਕਾਂਡੀ ਧਰਮ ਦੀ ਜਕੜ ਦੇ ਪ੍ਰਭਾਵਾਂ ਤੋਂ ਜਨ ਸਾਧਾਰਨ, ਹਰਿਆ ਜੀਵਨ ਬਿਤਾਉਂਦਾ ਸੀ। ਸਰਾਧ, ਤਿਥਾਂ, ਨਾਮ ਜਾਪ, ਸਤਰੰਜ ਆਦਿ ਕਰਮਕਾਂਡਾਂ ਦੇ ਗੁਲਾਮ ਸਨ। ਗੁਰੂ ਜੀ ਨੇ ਅਨੁਯਾਈਆਂ ਦੇ ਇਸ ਵਿਸ਼ਵਾਸ ਅਤੇ ਜੀਵਨ ਦਾ ਖੰਡਨ ਕੀਤਾ। ਗੁਰੂ-ਗ੍ਰੰਥ ਵਿਚ ਕਰਮਕਾਂਡੀ ਧਰਮ ਨੂੰ ਕੁਰੀਤੀਆਂ ਦਾ ਪ੍ਰਤੀਕ ਦਰਸਾਇਆ ਗਿਆ ਹੈ, ਪਾਤਸ਼ਾਹ, ਉਮਰਾਵ, ਸਿਕਦਾਰ ਤੇ ਚਉਧਰੀ ਆਦਿ ਨੂੰ ਮਿਥਿਆ ਤੇ ਕੂੜਾ ਸਾਬਤ ਕੀਤਾ ਗਿਆ ਹੈ। ਮੁਕੱਦਮ (ਪਿੰਡ ਦਾ ਨੰਬਰਦਾਰ ਜਾਂ ਸਰਪੰਚ) ਨੂੰ ਕੁੱਤਾ ਕਹਿ ਕੇ ਦੁਰਕਾਰਿਆ ਗਿਆ ਹੈ। ਅਜਿਹਾ ਹਿੰਮਤ ਗੁਰੂ ਸਾਹਿਬਾਨ ਤੋਂ ਇਲਾਵਾ ਕਿਸੇ ਧਾਰਮਿਕ ਆਗੂ ਨੇ ਨਹੀਂ ਕੀਤੀ।

ਸਰਕਾਰ ਦੀ ਆਮਦਨੀ ਦਾ ਸਭ ਤੋਂ ਵੱਡਾ ਸਾਧਨ ਜ਼ਮੀਨ ਦਾ ਲਗਾਨ ਸੀ। ਇਸ ਤੋਂ ਇਲਾਵਾ ਹਿੰਦੂਆਂ ਤੇ ਵਿਸ਼ੇਸ਼ ਤੌਰ ਤੇ ਜਜ਼ੀਆ ਅਤੇ ਕਈ ਪ੍ਰਕਾਰ ਦੇ ਹੋਰ ਟੈਕਸ ਲਾਏ ਗਏ ਸਨ। ਗੁਰੂ ਸਾਹਿਬਾਨ ਨੇ ਵੇਲੇ ਵੇਲੇ ਅਕਬਰ ਪਾਸੋਂ ਕਿਸਾਨਾਂ ਦਾ ਦੋ ਵਾਰ ਲਗਾਨ ਮੁਆਫ਼ ਕਰਵਾਇਆ। ਗੁਰੂ ਅਮਰਦਾਸ ਜੀ ਨੇ ਤੀਰਥ ਯਾਤਰਾ ਕਰਦੇ ਸਮੇਂ ਕੋਈ ਤੀਰਥ ਯਾਤਰਾ ਕਰ ਨਹੀਂ ਦਿੱਤਾ। ਗੁਰੂ ਅਰਜਨ ਦੇਵ ਜੀ ਸ਼ਹੀਦ ਹੋ ਗਏ ਪਰ ਉਹਨਾਂ ਨਾਜਾਇਜ਼ ਜੁਰਮਾਨਾ ਨਹੀਂ ਭਰਿਆ।

ਰਾਜ ਵਿਚ ਸਭ ਤੋਂ ਵੱਡਾ ਨਿਆਂਕਾਰ ਸੁਲਤਾਨ ਜਾਂ ਸਮਰਾਟ ਆਪ ਸੀ। ਪਰ ਆਮ ਤੌਰ ਤੇ ਨਿਆਂ ਕਾਜ਼ੀ ਕਰਦੇ ਸਨ। ਹਿੰਦੂਆਂ ਨੂੰ ਇਸਲਾਮੀ ਸ਼ਰ੍ਹਾ ਅਨੁਸਾਰ ਨਿਆਂ ਮਿਲਣ ਦੀ ਆਸ ਹੀ ਨਹੀਂ ਸੀ ਹੋ ਸਕਦੀ। ਆਪਣੀ ਸ਼ਕਤੀ ਦਾ ਗਲਤ ਪ੍ਰਯੋਗ ਕਰਨ ਕਾਰਨ ਰਿਸ਼ਵਤ ਲੈਣ ਕਾਰਣ ਇਸ ਕਾਲ

ਵਿਚ ਕਾਫ਼ੀ ਬਹੁਤ ਬਦਨਾਮ ਸਨ। ਗੁਰੂ ਕਾਵਿ ਵਿਚ ਕਾਜ਼ੀਆਂ ਦੀ ਖਿੱਲੀ ਉਡਾਈ ਗਈ ਹੈ ਜੋ ਵਿਖਾਵੇ ਦੇ ਧਰਮੀ ਬਣ ਕੇ ਵੱਢੀ ਲੈ ਕੇ ਇਨਸਾਫ਼ ਦਾ ਗਲ ਘੁਟ ਦਿੰਦੇ ਸਨ।

ਗੁਰੂ ਸਾਹਿਬਾਨ ਤਤਕਾਲੀਨ ਰਾਜਨੀਤਕ ਪਰਿਸਥਿਤੀਆਂ ਤੋਂ ਸੰਤੁਸ਼ਟ ਨਹੀਂ ਸਨ। ਉਨ੍ਹਾਂ ਅਨੁਸਾਰ ਰਾਜ ਤਖ਼ਤ ਉਸ ਨੂੰ ਹੀ ਬਣਨਾ ਚਾਹੀਦਾ ਹੈ ਜੋ ਸ਼ਾਸਨ ਕਰਨ ਦੇ ਯੋਗ ਹੋਵੇ। ਗੁਰੂ-ਕਾਵਿ ਦੁਆਰਾ ਰਾਜਿਆਂ ਜਾਂ ਸੁਆਮੀ ਰਾਜ ਦੀ ਥਾਂ ਪੰਚਾਂ ਦੇ ਰਾਜ ਵਿਚ ਦ੍ਰਿੜ੍ਹ ਵਿਸ਼ਵਾਸ ਦ੍ਰਿੜਾਇਆ ਗਿਆ ਹੈ। ਗੁਰੂ-ਕਵੀਆਂ ਦੁਆਰਾ ਰਾਮ ਰਾਜ ਦਾ ਸੰਕਲਪ ਦਿੱਤਾ ਗਿਆ, ਉਨ੍ਹਾਂ ਦੀ ਇਹ ਰਾਜ ਸਬੰਧੀ ਕਲਪਨਾ ਲੋਕ-ਤੰਤਰ ਦੇ ਕਰੀਬ ਲੈਂਦੀ ਹੈ। ਇਸ ਵਿਚ ਨਾ ਕੇਵਲ ਰਾਜਨੀਤਕ ਖੇਤਰ ਵਿਚ ਸੁਤੰਤਰਤਾ, ਸਮਾਨਤਾ ਤੇ ਲੋਕਤੰਤਰ ਸਥਾਪਿਤ ਕਰਨ ਦਾ ਹੀ ਆਦਰਸ਼ ਹੈ, ਸਗੋਂ ਜੀਵਨ ਦੇ ਹਰ ਖੇਤਰ ਵਿਚ ਸੁਤੰਤਰਤਾ, ਸਮਾਨਤਾ ਤੇ ਲੋਕ ਤੰਤਰ ਦੀ ਸਥਾਪਨਾ ਦਾ ਪ੍ਰਯਾਸ ਕਰਨਾ ਹੈ।

<u>ਰੀਤਿ ਮਰਯਾਦਾ</u>—— ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਸਮਾਜਕ ਤੇ ਸਭਿਆਚਾਰਕ ਪੱਖ— ਵਿਚ ਸਮਾਜਕ ਵਿਵਸਥਾ ਦੇ ਅੰਤਰਗਤ ਹਿੰਦੂ ਤੇ ਮੁਸਲਿਮ ਸਮਾਜ: ਪਰਿਵਾਰ; ਵਿਆਹ, ਇਸਤਰੀ ਦਾ ਸਥਾਨ, ਸਮਾਜਕ ਤੇ ਸਭਿਆਚਾਰਕ ਬੁਰਾਈਆਂ, ਭੋਜਨ ਬਸਤਰ ਤੇ ਘਰ, ਮਨੋਰੰਜਨ, ਤਿਉਹਾਰ, ਮੇਲੇ, ਵਿੱਦਿਆ ਅਤੇ ਆਰਥਿਕ ਵਿਵਸਥਾ ਬਾਰੇ ਚਰਚਾ ਕੀਤੀ ਗਈ ਹੈ।

ਸਾਡੇ ਖੋਜ ਪ੍ਰਬੰਧ ਦੇ ਨਿਰਧਾਰਿਤ ਕਾਲ ਦੌਰਾਨ ਭਾਰਤੀ ਸਮਾਜ ਦੋ ਮੁਖ ਜਾਤਾਂ ਵਿਚ ਵਿਭਾਜਿਤ ਸੀ: ਹਿੰਦੂ ਤੇ ਮੁਸਲਮਾਨ। ਹਿੰਦੂ ਸਮਾਜ ਵਿਚ ਵਰਣ ਵੰਡ ਪ੍ਰਧਾਨ ਸੀ। ਲੋਕਾਂ ਦੀ ਸਮੁਦਾਇਕ ਭਾਵਨਾ ਸੰਕੁਚਿਤ ਹੋਣ ਕਾਰਣ ਸਮਾਜਕੀ ਏਕਤਾ ਵਿਚ ਰੁਕਾਵਟ ਪੈਦਾ ਹੋ ਗਈ। ਇਸ ਵਰਣ ਵਿਵਸਥਾ ਨੇ ਛੂਆ ਛਾਤ ਨੂੰ ਜਨਮ ਦਿੱਤਾ। ਮੱਧਕਾਲ ਵਿਚ ਨੀਵੇਂ ਤਿੰਨੇ ਵਰਣ ਖਤਰੀ, ਵੈਸ਼ ਤੇ ਸ਼ੂਦਰ-ਬ੍ਰਾਹਮਣ ਵਰਣ ਦੇ ਅਧਿਕਾਰਾਂ ਦੇ ਜ਼ੋਰ ਅਧੀਨ ਦਬੇ ਹੋਏ ਅਜਿਹੇ ਨਵੀਨ ਸਮਾਜਕ ਵਿਧਾਨ ਦੀ ਲੋੜ ਮਹਿਸੂਸ ਕਰਨ ਲੱਗੇ ਜਿਸ ਨਾਲ ਬ੍ਰਾਹਮਣਾਂ ਦੇ ਠੇਕੇਦਾਰੀਆਂ ਨੂੰ ਚੁਣੌਤੀ ਦਿੱਤੀ ਜਾ ਸਕੇ। ਗੁਰੂ-ਕਾਵਿ ਵਿਚ ਵੇਦਾਂ ਦਾ ਪਾਠ ਕਰਨ ਵਾਲੇ ਅਤੇ ਦੂਜਿਆਂ ਨੂੰ ਉਪਦੇਸ਼ ਕਰਨ ਵਾਲੇ ਪਰੰਤੂ ਆਪ ਕ੍ਰਮ ਦੇ ਉਲਟ ਚਲਣ ਵਾਲੇ ਬ੍ਰਾਹਮਣ ਦੀ ਖਿੱਲੀ ਉਡਾਈ ਗਈ ਹੈ ਅਤੇ ਕਰਮਕਾਂਡੀ ਪੰਡਤ ਨੂੰ ਰਸਮੀ ਕ੍ਰਿਆਵਾਂ ਅਤੇ ਪਾਠ ਪੂਜਾ ਦੀ ਥਾਂ ਅਸਲੀ ਧਾਰਮਿਕ ਜੀਵਨ ਧਾਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਇਸੇ ਪ੍ਰਕਾਰ ਖਤਰੀ ਤੇ ਵੈਸ਼ ਨੂੰ ਵੀ ਉਨ੍ਹਾਂ ਦੇ ਕਰਤੱਵਾਂ ਤੋਂ ਜਾਣੂ ਕਰਵਾਇਆ ਗਿਆ ਹੈ। ਸ਼ੂਦਰ ਵਰਣ ਦੀ ਅਤਿ ਚਿੰਤਾ ਜਨਕ ਦਸ਼ਾ ਤਕ ਕੇ ਉਨ੍ਹਾਂ ਕਥਿਤ ਨੀਚ ਲੋਕਾਂ ਦੇ ਸਾਥੀ ਹੋਣ ਦਾ ਗੁਰੂ ਸਾਹਿਬਾਨ ਨੇ ਦਾਅਵਾ ਕੀਤਾ ਅਤੇ ਬ੍ਰਾਹਮਣ ਦੀ ਜਾਤੀ ਵੰਡ ਦੇ ਵਿਰੁਧ ਜਹਾਦ ਕੀਤਾ।

ਹਿੰਦੂ ਸਮਾਜ ਵਿਚ ਆਸ਼੍ਰਮ ਵਿਵਸਥਾ ਹੀ ਸਮਾਜਕ ਸੰਗਠਨ ਦਾ ਮੂਲ ਆਧਾਰ ਮੰਨੀ ਗਈ ਹੈ। ਕ੍ਰਮ ਦੇ ਲਿਹਾਜ਼ ਨਾਲ ਮਨੁੱਖੀ ਜੀਵਨ ਨੂੰ ਪੰਜੀਹ ਪੰਜੀਹ ਸਾਲ ਦੇ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ।

ਮੱਧਕਾਲ ਵਿਚ ਲੋਕਾਂ ਨੇ ਆਸ਼੍ਰਮ ਮਰਯਾਦਾ ਨੂੰ ਭੰਗ ਕਰ ਦਿੱਤਾ ਸੀ। ਬਾਲ ਵਿਆਹ ਦਾ

ਆਮ ਰਿਵਾਜ ਸੀ। ਇਹ ਤੋਂ ਵਧ ਕੁਆਰੀਆਂ ਰਹਿਣ ਦਾ ਪਰੰਪਰਾ ਪ੍ਰਚਲਿਤ ਸੀ। ਜੀਵਨ ਵਿਚ ਸੰਘਰਸ਼ ਕਰਨ ਦੇ ਡਰ ਤੋਂ ਕਈ ਲੋਕ ਜੋਗੀ ਜਾਂ ਸੰਨਿਆਸੀ ਬਣ ਜਾਂਦੇ ਸਨ। ਗੁਰੂ ਗ੍ਰੰਥ ਵਿਚ ਬਾਣਪ੍ਰਸਥੀ ਤੇ ਸੰਨਿਆਸੀ ਦੀ ਸਖ਼ਤ ਆਲੋਚਨਾ ਕੀਤੀ ਗਈ ਹੈ ਤੇ ਘਰ ਘਰ ਫਿਰਕੇ ਮੰਗ ਕੇ ਖਾਣ ਵਾਲਿਆਂ ਨੂੰ ਫਿਟਕਾਰ ਪਾਈ ਗਈ ਹੈ। ਗੁਰੂ ਸਾਹਿਬਾਨ ਨੇ ਆਪ ਘਰ ਸੰਜਮੀ ਰਹਿਣ ਲਈ ਪ੍ਰੇਰਣਾ ਦਿਤੀ ਹੈ। ਉਨ੍ਹਾਂ ਨੇ ਗ੍ਰਿਹਸਥ ਆਸ਼੍ਰਮ ਨੂੰ ਪ੍ਰਧਾਨਤਾ ਦਿਤੀ ਅਤੇ ਆਪਣੇ ਸ਼ਰਧਾਲੂਆਂ ਨੂੰ ਸਾਰੀ ਉਮਰ ਗ੍ਰਿਹਸਥੀ ਰਹਿ ਕੇ ਸਮਾਜਕ ਜ਼ਿੰਮੇਵਾਰੀਆਂ ਨਿਭਾਉਣ ਲਈ ਕਿਹਾ। ਪੁਰਸ਼ਾਰਥ ਵਿਵੇਚਨ ਕਰਦਿਆਂ ਗੁਰੂ-ਗ੍ਰੰਥ ਵਿਚ [illegible] ਪਰ ਪਰਮਾਤਮ ਮੰਤ ਨਾਮੀ ਵਸਤਾ ਮੰਤ ਜਾਣਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਹਰੀ ਦਾ ਸਿਮਰਨ ਕਰਨ ਨਾਲ ਚਾਰੇ ਪੁਰਸ਼ਾਰਥਾਂ — ਧਰਮ, ਅਰਥ, ਕਾਮ ਅਤੇ ਮੋਖ — ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਪ੍ਰਕਾਰ ਆਦਿ ਗ੍ਰੰਥ ਦਾ ਗੁਰੂ-ਗ੍ਰੰਥ ਸਿਧਾਂਤ ਪ੍ਰਵਿਰਤੀ ਪ੍ਰਧਾਨ ਚਿੰਤਨ ਹੋਣ ਨਾਤੇ ਉਮਰ ਭਰ ਕਰਮਸ਼ੀਲ ਰਹਿਣ, ਗ੍ਰਿਹਸਥ ਪ੍ਰਵੇਸ਼ ਕਰਨ ਉਪਰੰਤ ਅਨੁਸ਼ਾਸਿਤ ਜੀਵਨ, ਜਿਸ ਵਿਚ ਗ੍ਰਿਹਸਥ, ਬਾਨਪ੍ਰਸਥ ਅਤੇ ਸੰਨਿਆਸ ਆਸ਼੍ਰਮ ਦੇ ਆਦਰਸ਼ਾਂ ਦਾ ਸੁਮੇਲ ਹੋਵੇ, ਜੀਣ ਦੀ ਪ੍ਰੇਰਣਾ ਦਿੰਦਾ ਹੈ।

ਮੁਸਲਿਮ ਸਮਾਜ ਸ਼੍ਰੇਣੀ ਭੇਦ ਦੇ ਆਧਾਰ ਤੇ ਕਈ ਜਾਤਾਂ ਵਿਚ ਵਿਭਾਜਤ ਸੀ। ਸਭ ਤੋਂ ਉਪਰਲੀ ਸ਼੍ਰੇਣੀ ਵਿਚ ਸ਼ਾਸਕ ਤੇ ਵਡੇ ਅਹੁਦੇਦਾਰ ਮਨਸਬਦਾਰ, ਅਮੀਰ, ਵਜ਼ੀਰ, ਖ਼ਾਨ, ਮਲਕ, ਸਿਪਾਹ ਸਾਲਾਰ ਆਦਿ — ਐਸ਼ ਭਰਿਆ ਜੀਵਨ ਬਿਤਾਂਦੇ ਸਨ ਜਿਸ ਦਾ ਗੁਰੂ-ਗ੍ਰੰਥ ਵਿਚ ਖੰਡਨ ਕੀਤਾ ਗਿਆ ਹੈ। ਮਧ ਸ਼੍ਰੇਣੀ ਦੇ ਮੁਸਲਿਮ ਵਿਦਵਾਨ, ਧਾਰਮਿਕ ਮਨੁਖ, ਛੋਟੇ ਅਫ਼ਸਰ, ਸੌਦਾਗਰ ਤੇ ਵਪਾਰੀ ਵੀ ਐਸ਼ ਭਰਿਆ ਜੀਵਨ ਹੀ ਬਿਤਾਉਂਦੇ ਸਨ, ਉਨ੍ਹਾਂ ਦਾ ਵਤੀਰਾ ਮਧ ਸ਼੍ਰੇਣੀ ਦੇ ਹਿੰਦੂਆਂ ਨਾਲੋਂ ਚੰਗਾ ਸੀ, ਕਿਉਂਕਿ ਉਹ ਅੱਲਾ ਦੇ ਜ਼ਿਆਦੇ ਹੋਣ ਪ੍ਰਤੀਤ ਸਨ। ਮੁਸਲਿਮ ਸਮਾਜ ਦੀ ਹੇਠਲੀ ਸ਼੍ਰੇਣੀ ਦੇ ਆਮ ਲੋਕ ਮਜ਼ਦੂਰ, ਕਿਸਾਨ, ਛੋਟੇ ਦੁਕਾਨਦਾਰ ਅਤੇ ਘਰੇਲੂ ਨੌਕਰ ਆਦਿ — ਦੀ ਚਿੰਤਾਜਨਕ ਦਸ਼ਾ ਨਾਲ ਗੁਰੂ-ਗ੍ਰੰਥ ਵਿਚ ਹਮਦਰਦੀ ਪ੍ਰਗਟ ਕੀਤੀ ਗਈ ਹੈ। ਸਭ ਤੋਂ ਹੇਠਲੀ ਸ਼੍ਰੇਣੀ ਵਿਚ ਗ਼ੁਲਾਮ ਆਦਿ ਸਨ ਪਰ ਇਸ ਦਾਸ ਪ੍ਰਥਾ ਦੇ ਗੁਰੂ ਜੀ ਵਿਰੁਧ ਸਨ। ਗੁਰਮਤਿ ਵਿਚ ਕੇਵਲ ਹਰੀ ਦੇ ਦਾਸ ਬਣਨ ਲਈ ਕਿਹਾ ਗਿਆ ਹੈ। ਇਸ ਕਾਲ ਵਿਚ ਵਿਦੇਸ਼ੀ ਮੁਸਲਮਾਨ ਵੀ ਭਾਰਤ ਨੂੰ ਆਪਣਾ ਘਰ ਹੀ ਸਮਝਣ ਲਗ ਪਏ ਸਨ ਤੇ ਇਸ ਪ੍ਰਕਾਰ ਹਿੰਦੂ-ਮੁਸਲਿਮ ਸਮਾਜ ਦੀ ਨੀਂਹ ਵੀ ਰਖੀ ਗਈ ਸੀ, ਪਰ ਸ਼ਾਸਕ ਵਰਗ ਨੇ ਗੈਰ ਮੁਸਲਿਮ ਜਨਤਾ ਤੇ ਬੜੇ ਅਤਿਆਚਾਰ ਕੀਤੇ। ਗੁਰੂ ਸਾਹਿਬਾਨ ਨੇ ਹਿੰਦੂ ਤੇ ਮੁਸਲਿਮ ਦੀ ਸਮਾਜਕ ਵਿਥ ਨੂੰ ਖ਼ਤਮ ਕਰਨ ਲਈ ਆਪਣੀ ਕਾਵਿ ਰਚਨਾ ਅਤੇ ਅਮਲੀ ਪ੍ਰਯਤਨਾਂ ਦੁਆਰਾ ਮੇਲ ਮਿਲਵਰਤਣੀ ਪ੍ਰਦਾਨ ਕੀਤੀ। ਅਸਲ ਵਿਚ ਗੁਰੂ ਜੀ ਵਰਣ ਰਹਿਤ ਅਤੇ ਸ਼੍ਰੇਣੀ ਰਹਿਤ ਸਮਾਜ ਦੇ ਹੱਕ ਵਿਚ ਸਨ।

ਭਾਰਤੀ ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਹੈ। ਆਦਿ ਗ੍ਰੰਥ ਵਿਚ ਮਧਕਾਲੀਨ ਪਰਿਵਾਰ ਵਿਵਸਥਾ ਦਾ ਵਰਣਨ ਉਪਲਬਧ ਹੈ। ਪਰਿਵਾਰ ਦੇ ਮੁਖ ਮੈਂਬਰ ਇਸਤਰੀ ਤੇ ਪੁਰਖ ਦਾ ਪਰਸਪਰ ਪ੍ਰੇਮ ਆਰਥਿਕ ਹਿੱਤਾਂ ਦੀ ਪੂਰਤੀ ਤੇ ਆਧਾਰਿਤ ਸੀ। ਇਸ ਤੋਂ ਇਲਾਵਾ ਸਭ ਰਿਸ਼ਤੇਦਾਰ ਤੇ

ਮਿਤਰ ਪਿਆਰੇ ਮਨੁੱਖ ਦੇ ਸੁਖ ਦੇਣ ਦੇ ਹੀ ਸਾਥੀ ਸਨ। ਗੁਰੂ ਜੀ ਨੇ ਇਸ ਝੂਠੇ ਨੇਹੁੰ ਤੇ ਦੁਖ ਪ੍ਰਗਟਾਉਂਦਿਆਂ ਆਦਰਸ਼ਕ ਪਰਿਵਾਰਕ ਜੀਵਨ ਨੂੰ ਮਾਨਤਾ ਦਿੱਤੀ।

ਹਿੰਦੂ ਤੇ ਮੁਸਲਿਮ ਪਰਿਵਾਰਾਂ ਵਿਚ ਵਿਸ਼ੇਸ਼ ਸਮਿਆਂ ਤੇ ਵਿਸ਼ੇਸ਼ ਸੰਸਕਾਰ ਕੀਤੇ ਜਾਂਦੇ ਸਨ। ਗੁਰਮਤਿ ਵਿਚ ਉਨ੍ਹਾਂ ਵਿਚ ਕੁਝ ਕੁ ਨੂੰ ਮਾਨਤਾ ਦਿੱਤੀ ਗਈ ਹੈ ਜਿਵੇਂ ਬੱਚੇ ਦੇ ਜਨਮ ਨੂੰ ਇਸ ਕਰਕੇ ਚੰਗਾ ਸਮਝਿਆ ਜਾਂਦਾ ਹੈ ਕਿ ਇਸ ਨਾਲ ਖਾਨਦਾਨ ਦਾ ਸਿਲਸਿਲਾ ਅੱਗੇ ਤੁਰਦਾ ਹੈ ਪਰ ਹਿੰਦੂਆਂ ਦੇ ਜਨੇਊ ਤੇ ਮੁਸਲਮਾਨਾਂ ਦੀ ਸੁੰਨਤ ਦੋਨਾਂ ਦਾ ਗੁਰਬਾਣੀ ਵਿਚ ਖੰਡਨ ਕੀਤਾ ਗਿਆ ਹੈ। ਵਿਆਹ ਬਾਰੇ ਵਿਵੇਚਨ ਬਾਅਦ ਅੱਗੇ ਕੀਤਾ ਗਿਆ ਹੈ। ਮੁਸਲਮਾਨਾਂ ਦੇ 'ਮਿਸਤ' ਅਤੇ ਹਿੰਦੂਆਂ ਦੇ ਪਰੰਪਰਾਵਾਦੀ ਮ੍ਰਿਤਕ ਸੰਸਕਾਰਾਂ ਦਾ ਖੰਡਨ ਕਰਦਿਆਂ ਕੀਤਾ ਗਿਆ ਹੈ ਕਿ ਸਿਆਪਾ ਤੇ ਰੋਣਾ ਪਿੱਟਣਾ ਸਭ ਵਿਖਾਵਾ ਮਾਤ੍ਰ ਹੈ। ਗੁਰਮਤਿ ਅਨੁਸਾਰ ਅਰਥੀ ਨੂੰ ਸ਼ਿੰਗਾਰਨਾ ਮਨ੍ਹਾ ਹੈ, ਪਿੰਡ, ਪੱਤਲ, ਕਿਰਿਆ, ਦੀਵਾ, ਵੱਟੀ, ਫੁੱਲ ਪਾਉਣਾ ਕਰਨਾ ਆਦਿ ਕਿਰਿਆ ਕਰਮਾਂ ਦੀ ਬਜਾਇ ਨਾਮ ਨੂੰ ਮਹੱਤਵ ਪੂਰਨ ਦ੍ਰਿੜ੍ਹਾਇਆ ਗਿਆ ਹੈ। ਮ੍ਰਿਤਕ ਨਿਮਿੱਤ ਕਰਨ ਵਾਲੇ ਜਿੰਨੇ ਸਾਰੇ ਸਰਾਧ ਦਾ ਗੁਰਮਤਿ ਵਿਚ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਗਿਆ ਹੈ ਅਤੇ ਦਲੀਲ ਦਿੱਤੀ ਗਈ ਹੈ ਕਿ ਇਸ ਲੋਕ ਵਿਚ ਕੀਤੇ ਗਏ ਕਰਮਾਂ ਦਾ ਹੀ ਫਲ ਪਰਲੋਕ ਵਿਚ ਮਿਲਦਾ ਹੈ।

ਸਮਾਜ ਵਿਚ ਮਨੁੱਖ ਤੇ ਇਸਤਰੀ ਦੇ ਆਪਸੀ ਸੰਬੰਧਾਂ ਨੂੰ ਵਿਆਹ ਸੰਸਕਾਰ ਰਾਹੀਂ ਮਾਨਤਾ ਦਿੱਤੀ ਜਾਂਦੀ ਹੈ, ਮਧਕਾਲੀਨ ਹਿੰਦੂ ਵਿਆਹ ਲਈ 39 ਪ੍ਰਮੁੱਖ ਸੰਸਕਾਰ ਪ੍ਰਚੱਲਤ ਸਨ ਜਿਨ੍ਹਾਂ ਦੇ ਆਧਾਰ ਤੇ ਇਸ ਨੂੰ ਇਕ ਪਵਿੱਤਰ ਧਾਰਮਿਕ ਸੰਸਕਾਰ ਮੰਨਿਆ ਜਾਂਦਾ ਸੀ; ਮੁਸਲਿਮ ਪਰਿਵਾਰ ਵਿਚ ਨਿਕਾਹ ਸੰਸਕਾਰ ਪ੍ਰਚੱਲਤ ਹੈ ਜੋ ਧਾਰਮਿਕ ਸੰਸਕਾਰ ਦੀ ਥਾਂ ਇਕ ਸਮਾਜਕ ਸਮਝੌਤਾ ਹੁੰਦਾ ਹੈ। ਇਕ ਮੁਸਲਮਾਨ ਪੁਰਸ਼ ਇਕੋ ਸਮੇਂ ਚਾਰ ਇਸਤਰੀਆਂ ਨਾਲ ਨਿਕਾਹ ਕਰਵਾ ਸਕਦਾ ਹੈ, ਪਰ ਇਸਤਰੀ ਨੂੰ ਅਜਿਹਾ ਅਧਿਕਾਰ ਨਹੀਂ।

ਮਧਕਾਲ ਵਿਚ ਵਿਆਹ ਲਈ ਕੋਈ ਉਮਰ ਨਿਸਚਿਤ ਨਹੀਂ ਸੀ। ਛੋਟੀ ਉਮਰਾਂ ਦੇ ਲੋਕ ਬਾਲ ਵਿਆਹ ਦੇ ਹੱਕ ਵਿਚ ਸਨ। ਵਿਆਹ ਛੇਤੀ ਨਾਲ ਪਰਿਵਾਰ ਦੀ ਇੱਜ਼ਤ ਦਾ ਸੁਆਲ ਸਮਝਿਆ ਜਾਂਦਾ ਸੀ। ਅਧਿਕ ਸ਼ਾਦੀਆਂ ਕਰਨਾ ਸਮਾਜਕ ਪ੍ਰਤਿਸ਼ਠਾ ਤੇ ਵਡੱਪਨ ਦਾ ਪ੍ਰਤੀਕ ਸੀ। ਪੁਰਸ਼ ਆਪਣੀ ਮਰਜ਼ੀ ਨਾਲ, ਜਦੋਂ ਚਾਹੇ, ਇਸਤਰੀ ਨੂੰ ਤਿਆਗ ਸਕਦਾ ਸੀ।

ਗੁਰਮਤਿ ਵਿਚ ਵਿਆਹ ਨੂੰ ਸਮਾਜਕ ਬੰਧਨ ਦੀ ਬਜਾਇ ਇਕ ਸਦੀਵੀ ਸਾਥ ਮੰਨਿਆ ਗਿਆ ਹੈ ਜੋ 'ਏਕ ਜੋਤਿ ਦੁਇ ਮੂਰਤੀ' ਦੇ ਆਦਰਸ਼ ਨੂੰ ਮੂਰਤੀਮਾਨ ਕਰਦਾ ਹੈ। ਇਸਤਰੀ ਭਰਤਾ ਦੀ ਜ਼ਿੰਦਗੀ ਲਈ ਸਤ, ਪ੍ਰੇਮ, ਸਤਿਕਾਰ ਤੇ ਸਹਿਜ ਦਾ ਆਦਰਸ਼ ਦਰਸਾਇਆ ਗਿਆ ਹੈ। ਮਧਕਾਲੀਨ ਦਾਜ ਪ੍ਰਥਾ ਦੀ ਸਮਾਜਕ ਲਾਹਨਤ ਦਾ ਖੰਡਨ ਕਰਦੇ ਹੋਏ ਹਰਿ ਨਾਮ ਰੂਪੀ ਦਾਨ, ਹਰਿ-ਨਾਮ ਰੂਪੀ ਕਪੜੇ ਤੇ ਹਰਿ-ਨਾਮ ਦੀ ਸੇਜ ਆਦਿ ਦਾਜ ਦੇਣ ਲਈ ਗੁਰੂ ਜੀਆਂ ਵਲੋਂ ਸੁਝਾਵ ਦਿੱਤਾ ਗਿਆ ਹੈ।

ਪਰਿਵਾਰਕ ਜੀਵਨ ਇਸਤਰੀ ਤੋਂ ਬਿਨਾ ਸੁਚਾਰੂ ਢੰਗ ਨਾਲ ਨਹੀਂ ਚਲ ਸਕਦਾ। ਮਧਕਾਲੀਨ

ਸਮਾਜ ਵਿਚ ਇਸਤਰੀ ਦੀ ਦਸ਼ਾ ਚਿੰਤਾਜਨਕ ਸੀ। ਉਹ ਜੀਵਨ ਦੇ ਹਰ ਪੜਾਅ ਤੇ ਪੁਰਸ਼ ਅਧੀਨ ਸੀ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸਭ ਮਹਾਂਪੁਰਖਾਂ ਨੇ ਇਸਤਰੀ ਨੂੰ ਪੁਰਸ਼ ਤੋਂ ਨੀਵਾਂ ਮੰਨਿਆ। ਉਸ ਨੂੰ ਪੁਰਸ਼ ਦੀ ਜਾਇਦਾਦ ਸਮਝ ਕੇ ਉਸ ਦਾ ਵਪਾਰ ਵੀ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਜੰਮਦੀਆਂ ਕੁੜੀਆਂ ਨੂੰ ਮਾਰ ਦੇਣਾ, ਬਾਲ ਵਿਆਹ, ਵਿਧਵਾ ਦਾ ਪੁਨਰ ਵਿਆਹ ਵਿਵਰਜਤ ਹੋਣਾ, ਸਤੀ, ਵਿਭਚਾਰ ਤੇ ਪਰਦਾ ਆਦਿ ਅਸਮਾਜਕ ਪ੍ਰਥਾਵਾਂ ਨੇ ਇਸਤਰੀ ਜਾਤੀ ਦਾ ਪਤਨ ਕਰ ਦਿੱਤਾ ਸੀ।

ਗੁਰੂ ਸਾਹਿਬਾਨ ਨੇ ਇਸਤਰੀ ਜਾਤੀ ਦੇ ਹੱਕ ਵਿਚ ਜ਼ਬਰਦਸਤ ਆਵਾਜ਼ ਉਠਾਈ ਅਤੇ ਰਾਜਿਆਂ ਨੂੰ ਜਨਮ ਦੇਣ ਵਾਲੀ ਇਸਤਰੀ ਦੀ ਮਹਾਨਤਾ ਦਰਸਾਉਂਦਿਆਂ ਉਸ ਨੂੰ ਮੰਦਾ ਕਹਿਣ ਵਾਲਿਆਂ ਨੂੰ ਸਖ਼ਤ ਤਾੜਨਾ ਕੀਤੀ। ਗੁਰੂ-ਕਾਵਿ ਵਿਚ ਬਾਲ ਵਿਧਵਾ ਨਾਲ ਹਮਦਰਦੀ ਤੇ ਉਸ ਦੇ ਪੁਨਰ ਵਿਆਹ ਲਈ ਸੰਕੇਤ ਉਪਲਬਧ ਹਨ। ਗੁਰੂ ਸਾਹਿਬਾਨ ਨੇ ਸਤੀ ਦੀ ਕੁਪ੍ਰਥਾ ਆਪਣੇ ਅਨੁਯਾਈਆਂ ਵਿਚੋਂ ਖ਼ਤਮ ਕਰਵਾਈ। ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਜ਼ੁਲਮਾਂ ਤੋਂ ਪਦ-ਦਲਿਤ ਇਸਤਰੀ ਜਾਤੀ ਦੇ ਅਧਿਕਾਰਾਂ ਦੀ ਪ੍ਰਤਿਨਿਧਤਾ ਕੀਤੀ।

ਮੱਧ ਕਾਲ ਵਿਚ ਸਮਾਜਕ ਢਾਂਚਾ ਵਿਗੜ ਚੁੱਕਾ ਹੋਣ ਕਰਕੇ ਸਮਾਜ ਤੇ ਸਦਾਚਾਰਕ ਬੁਰਾਈਆਂ ਦਾ ਬੋਲਬਾਲਾ ਹੋ ਗਿਆ ਸੀ। ਗੁਰੂਆਂ ਦਾ ਚੇਤਨ ਕਰਮਕਾਂਡ ਤੇ ਵਹਿਮ ਭਰਮ, ਜਾਤ ਪਾਤ, ਪਰੋਹਿਤ ਵਰਗ ਦੁਆਰਾ ਲੋਕਾਂ ਤੋਂ ਭਿਖਿਆ ਮੰਗਣੀ, ਇਸਤਰੀ ਜਾਤੀ ਨਾਲ ਵਿਤਕਰਾ, ਦਹੇਜ ਪ੍ਰਥਾ, ਪਰ ਨਿੰਦਾ ਕਰਨਾ, ਪਰਾਇਆ ਹੱਕ ਮਾਰਨਾ, ਨਸ਼ੇ ਦੀ ਆਦਤ, ਮਿਲਾਵਟ ਖੋਰੀ, ਮਦਿਰਾ ਦਾ ਸੇਵਨ, ਜੂਆ ਬਾਜ਼ੀ ਤੇ ਪਰ ਇਸਤਰੀ-ਗਮਨ ਆਦਿ ਸਭੇ ਗੁਰੂ-ਕਾਵਿ ਵਿਚ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ ਅਤੇ ਗੁਰੂ ਕਵੀਆਂ ਦੁਆਰਾ ਇਨ੍ਹਾਂ ਤੋਂ ਬਚਣ ਲਈ ਸਮਾਜ ਉਸਾਰੂ ਸੁਝਾਅ ਵੀ ਦਿੱਤੇ ਗਏ ਹਨ।

ਭੋਜਨ, ਬਸਤਰ ਤੇ ਘਰ ਕਿਸੇ ਵੀ ਸਮਾਜ ਦੀਆਂ ਮੁਢਲੀਆਂ ਲੋੜਾਂ ਹੁੰਦੀਆਂ ਹਨ। ਮੱਧਕਾਲੀਨ ਸਮਾਜ ਵਿਚ ਉੱਚ ਸ਼੍ਰੇਣੀ ਤੇ ਨਿਮਨ ਸ਼੍ਰੇਣੀ ਦੇ ਭੋਜਨ ਬਸਤਰ ਤੇ ਘਰਾਂ ਦੇ ਪੱਧਰ ਵਿਚ ਬਹੁਤ ਅੰਤਰ ਸੀ। ਗੁਰੂ ਕਾਵਿ ਵਿਚ ਅਜਿਹਾ ਭੋਜਨ ਖਾਣ ਤੋਂ ਵਰਜਿਆ ਗਿਆ ਹੈ, ਜਿਸ ਨਾਲ ਵਿਕਾਰ ਪੈਦਾ ਹੋਣ। ਲੋੜ ਅਨੁਸਾਰ ਅਲਪ ਅਹਾਰ ਕਰਨਾ, ਗੁਰਮਤਿ ਦਾ ਵਿਧਾਨ ਹੈ। ਇਸੇ ਪ੍ਰਕਾਰ ਅਜਿਹੇ ਬਸਤਰ ਤੇ ਸ਼ਿੰਗਾਰ ਕਰਨ ਤੋਂ ਗੁਰੂ-ਕਾਵਿ ਵਿਚ ਵਰਜਿਤ ਕੀਤਾ ਗਿਆ ਹੈ, ਜਿਸ ਨਾਲ ਮਨ ਦੀ ਚੰਚਲਤਾ ਵਧਦੀ ਹੋਵੇ। ਸ਼ਾਸਕ ਵਰਗ ਤੋਂ ਪ੍ਰਭਾਵਿਤ ਹੋ ਕੇ ਲਾਭ ਉਠਾਉਣ ਲਈ ਹਿੰਦੂਆਂ ਵਲੋਂ ਮੁਸਲਮਾਨੀ ਪਹਿਰਾਵੇ ਦੇ ਅਪਣਾਏ ਜਾਣ ਦੇ ਬਾਰੇ ਗੁਰੂ-ਕਾਵਿ ਵਿਚ ਟਿੱਪਣੀ ਉਪਲਬਧ ਹੈ। ਗੁਰਮਤਿ ਵਿਚ ਚੰਚਲਤਾ ਵਧਾਉਣ ਵਾਲੇ ਸ਼ਿੰਗਾਰ ਦੀ ਥਾਂ ਸੱਚ, ਸੰਤੋਖ, ਦਇਆ, ਧਰਮ ਤੇ ਖਿਮਾ ਦਾ ਸ਼ਿੰਗਾਰ ਧਾਰਨ ਲਈ ਪ੍ਰੇਰਣਾ ਦਿੱਤੀ ਗਈ ਹੈ। ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਮਹਿਲਾਂ ਵਿਚ ਰਹਿਣ ਵਾਲੇ, ਸੁਖਦਾਈ ਸੇਜਾਂ ਮਾਣਨ ਵਾਲੇ ਉਨ੍ਹਾਂ ਲੋਕਾਂ ਦਾ ਖੰਡਨ ਕੀਤਾ ਗਿਆ ਹੈ ਜੋ ਹਰੀ ਦਾ ਨਾਮ ਨਹੀਂ ਜਪਦੇ। ਗੁਰੂ ਜੀ ਅਨੁਸਾਰ ਮਹਿਲਾਂ ਨਾਲੋਂ ਉਹ ਛਪਰੀ ਭਲੀ ਹੈ, ਜਿਥੇ ਹਰੀ ਦੇ ਗੁਣ ਗਾਏ ਜਾਂਦੇ ਹਨ।

ਮੱਧਕਾਲ ਵਿਚ 'ਕਰਮ' (ਧੰਦਾ) ਜਾਂ 'ਧਰਮ' (ਸਮਾਜਕ ਮੇਲ ਜੋਲ) ਨੂੰ ਇਕ ਦੂਜੇ ਦੇ ਪੂਰਕ ਸਮਝਿਆ ਜਾਂਦਾ ਸੀ। ਰਈਸਾਂ ਦਾ ਵਿਸ਼ੇਸ਼ ਮਨੋਰੰਜਨ ਸ਼ਿਕਾਰ ਖੇਡਣਾ ਸੀ। ਪਸ਼ੂਆਂ ਤੇ ਜਾਨਵਰਾਂ

ਦੀ ਲੜਾਈ, ਕਬੂਤਰ ਬਾਜ਼ੀ, ਸ਼ਤਰੰਜ, ਨਾਚ, ਪ੍ਰਾਸ਼, ਜੂਆ ਆਦਿ ਖੇਡਾਂ ਦੇ ਮਨ ਭਾਉਂਦੇ ਸ਼ੁਗਲ ਸਨ। ਜਿਸਨ ਹੁੰਦੀ ਦੇ ਤੌਰ ਮੇਲੇ ਵੇਖਦੇ ਸਨ। ਰਾਮਲੀਲਾ ਤੇ ਰਾਸ ਲੀਲਾ ਹਿੰਦੂਆਂ ਵਿਚ ਬਹੁਤ ਪ੍ਰਸਿੱਧ ਸਨ। ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਅਜਿਹੇ ਮਨੋਰੰਜਨ ਦਾ ਖੰਡਨ ਕੀਤਾ ਗਿਆ ਹੈ ਜਿਸ ਨਾਲ ਮਨ ਨੂੰ ਸੰਤੋਖ ਨਾ ਆਵੇ। ਰੂਹਾਨੀ ਰਾਸ ਦੀ ਬਜਾਇ ਗੁਰੂ-ਕਾਵਿ ਵਿਚ ਗੁਰਮੁਖਾਂ ਦੀ ਨਿਰਾਲੀ ਰਾਸ ਦਾ ਵਰਨਨ ਕੀਤਾ ਗਿਆ ਹੈ। ਰੋਟੀਆਂ ਕਾਰਣ ਰਾਸ ਪਾਉਣ ਵਾਲਿਆਂ ਦੀ ਨਿਖੇਧੀ ਕੀਤੀ ਗਈ ਹੈ।

ਮੇਲੇ ਤੇ ਤਿਉਹਾਰ ਲੋਕ ਦੀ ਜੀਵ ਬਿਰਤੀ ਤੇ ਸਭਿਆਚਾਰ ਦੇ ਸਜੀਵ ਚਿੰਨ੍ਹ ਹੁੰਦੇ ਹਨ। ਮੱਧ ਕਾਲ ਵਿਚ ਹਿੰਦੂ ਤੇ ਮੁਸਲਮਾਨ ਆਪੋ ਆਪਣੇ ਮੇਲੇ ਤੇ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਉਂਦੇ ਸਨ। ਇਨ੍ਹਾਂ ਰਾਹੀਂ ਲੋਕਾਂ ਦੀ ਧਾਰਮਿਕ ਤ੍ਰਿਪਤੀ ਹੋਣ ਦੇ ਨਾਲ ਵਖ ਵਖ ਧਰਮਾਂ ਦੇ ਲੋਕਾਂ ਵਿਚ ਮੇਲ ਮਿਲਾਪ ਵਧਿਆ ਅਤੇ ਪਰਸਪਰ ਸਾਂਸਕ੍ਰਿਤਕ ਕੀਮਤਾਂ ਦਾ ਆਦਾਨ ਪ੍ਰਦਾਨ ਹੋਇਆ। ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਮਾਘ ਦੇ ਇਸ਼ਨਾਨ, ਬਸੰਤ, ਹੋਲੀ ਆਦਿ ਦਾ ਅਧਿਆਤਮਕ ਰੰਗ ਵਿਚ ਵਰਨਨ ਕੀਤਾ ਗਿਆ ਹੈ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕਰਕੇ ਇਸ ਨੂੰ ਸਿੱਖਾਂ ਦਾ ਪਹਿਲਾ ਤੀਰਥ ਸਥਾਨ ਘੋਸ਼ਿਤ ਕੀਤਾ ਤੇ ਸਿਖ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਹੀ ਵੈਸਾਖੀ ਤੇ ਦੀਵਾਲੀ ਨੂੰ ਮੇਲੇ ਲਾਉਣੇ ਆਰੰਭ ਕੀਤੇ। ਅੰਮ੍ਰਿਤਸਰ ਵਿਖੇ ਹਰਿਮੰਦਰ ਦੇ ਨਿਰਮਾਣ ਉਪਰੰਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਨਾਲ ਇਹ ਨਗਰ ਮੁਸਲਮਾਨਾਂ ਦੇ ਮੱਕੇ ਵਾਂਗ ਸਿੱਖਾਂ ਦਾ ਕੇਂਦਰੀ ਧਾਰਮਿਕ ਸਥਾਨ ਬਣ ਗਿਆ। ਇਸੇ ਪ੍ਰਕਾਰ ਗੁਰੂ ਸਾਹਿਬਾਨ ਵਲੋਂ ਥਾਪੇ ਗਏ ਪ੍ਰਚਾਰ ਕੇਂਦਰਾਂ ਤੇ ਵੀ ਵਿਸ਼ੇਸ਼ ਸਮਿਆਂ ਉਪਰ ਮੇਲੇ ਤੇ ਤਿਉਹਾਰ ਮਨਾਏ ਜਾਣ ਲਗੇ।

ਮੱਧਕਾਲੀਨ ਵਿਦਿਆ ਪ੍ਰਣਾਲੀ ਮਜ਼੍ਹਬੀ ਪੱਖਪਾਤ ਤੇ ਆਧਾਰਿਤ ਸੀ। ਜਿਨ੍ਹਾਂ ਵਿਦਿਅਕ ਤੇ ਲੋਕਾਂ ਦੀ ਆਰਥਿਕ, ਸਮਾਜਕ ਤੇ ਰਾਜਨੀਤਕ ਤਰੱਕੀ ਆਧਾਰਿਤ ਹੁੰਦੀ ਹੈ, ਉਨ੍ਹਾਂ ਨੂੰ ਪ੍ਰੋਹਿਤਾਂ ਨਜ਼ਰ ਅੰਦਾਜ਼ ਕੀਤਾ ਗਿਆ। ਇਸ ਪ੍ਰਕਾਰ ਵਿਦਿਆ ਕਰਮਧਰਮਿਕ ਹੋਣ ਦੀ ਬਜਾਇ ਕੇਵਲ ਕਿਤਾਬੀ ਗਿਆਨ ਹੋਣ ਕਰਕੇ ਨੈਤਿਕ ਤੇ ਅਧਿਆਤਮਕ ਵਿਕਾਸ ਲਈ ਬਲ ਪੈਦਾ ਨਹੀਂ ਕਰਦੀ ਸੀ। ਗੁਰੂ-ਕਾਵਿ ਵਿਚ ਉਸ ਵਿਦਿਆ ਤੇ ਜ਼ੋਰ ਦਿੱਤਾ ਗਿਆ ਹੈ ਜੋ ਮਨੁੱਖ ਨੂੰ ਪਰ ਉਪਕਾਰੀ ਬਣਾਵੇ। ਗੁਰੂ ਦੀ ਕਿਰਪਾ ਦੁਆਰਾ ਵਿਦਿਆ ਨੂੰ ਵਿਚਾਰਨ ਵਾਲਾ ਮਾਨ ਪ੍ਰਾਪਤ ਕਰਦਾ ਹੈ। ਜੋ ਵਿਦਿਆ ਮਨੁਖ ਨੂੰ ਕੇਵਲ [illegible] ਬਣਾਉਂਦੀ ਹੈ, ਉਸ ਦਾ ਗੁਰੂ-ਕਾਵਿ ਵਿਚ ਖੰਡਨ ਕੀਤਾ ਗਿਆ ਹੈ।

ਸਾਡੇ ਖੋਜ-ਪ੍ਰਬੰਧ ਦੇ ਨਿਰਧਾਰਿਤ ਕਾਲ ਵਿਚ ਦੇਸ਼ ਦੀ ਆਰਥਿਕ ਵਿਵਸਥਾ ਬਹੁਤੀ ਸੰਤੋਸ਼ਜਨਕ ਨਹੀਂ ਸੀ। ਸੁਲਤਾਨਾਂ ਦੁਆਰਾ ਲਗਾਏ ਗਏ ਭਾਰੀ ਟੈਕਸ, ਜਿਮੀਂਦਾਰਾਂ ਤੇ ਛੋਟੇ ਕਿਸਾਨਾਂ ਦਾ ਸੋਸ਼ਣ, ਕਰਮਚਾਰੀਆਂ ਵਲੋਂ ਧਨ ਸੰਗ੍ਰਹਿ ਕਰਨ ਲਈ ਹਰ ਪ੍ਰਯਤਨ ਅਤੇ ਬੇਈਮਾਨ ਵਪਾਰੀ ਵਰਗ ਵਲੋਂ ਜਨਤਾ ਦੇ ਸ਼ੋਸ਼ਣ ਨੇ ਮੱਧਕਾਲੀਨ ਆਰਥਿਕ ਵਿਵਸਥਾ ਨੂੰ ਦੂਸ਼ਿਤ ਕਰ ਦਿੱਤਾ ਸੀ। ਅਮੀਰਾਂ ਤੇ ਗਰੀਬਾਂ ਦੇ ਜੀਵਨ ਪੱਧਰ ਵਿਚ ਢੇਰ ਅੰਤਰ ਸੀ। ਗੁਰੂ ਸਾਹਿਬਾਂ ਨੇ ਅਜਿਹੀ ਦੂਸ਼ਿਤ ਆਰਥਿਕ ਵਿਵਸਥਾ ਨੂੰ ਤਕ ਕੇ ਆਪਣੇ ਕਾਵਿ ਵਿਚ ਇਸ ਦਾ ਖੰਡਨ ਕੀਤਾ। ਉਪਜੀਵਕਾ ਲਈ ਗੁਰੂ ਜੀ ਨੂੰ ਕੋਈ ਵੀ ਧੰਦਾ ਅਪ੍ਰਵਾਨ ਨਹੀਂ, ਜੇਕਰ ਉਸ ਧੰਦੇ ਨੂੰ ਸਮਾਜਕ ਮਾਨਤਾ ਪ੍ਰਾਪਤ ਹੋਵੇ। ਅਸਮਾਜਕ ਧੰਦਿਆਂ ਦੀ ਗੁਰੂ-ਕਾਵਿ ਵਿਚ ਨਿ

ਨਿਖੇਧੀ ਕੀਤੀ ਗਈ ਹੈ। ਛਲ ਕਪਟ ਨਾਲ ਧਨ ਦੀ ਖੱਟੀ ਇਕੱਠੀ ਕਰਨ ਦੀ ਬਜਾਇ ਗੁਰੂ-ਕਵੀਆਂ ਨੇ ਨਾਮ ਰੂਪੀ ਧਨ ਸੰਗ੍ਰਹਿ ਕਰਨ ਲਈ ਪ੍ਰੇਰਣਾ ਦਿੱਤੀ। ਗੁਰੂ ਸਾਹਿਬਾਨ ਧਨ ਦੀ ਕਾਣੀ ਵੰਡ ਦਾ ਖ਼ਾਤਮਾ ਚਾਹੁੰਦੇ ਸਨ। ਇਸ ਲਈ ਉਹ ਸਮਾਜਵਾਦੀਆਂ ਦੇ ਕ੍ਰਾਂਤੀ ਦੇ ਸਾਧਨ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਨੇ ਧਰਮ ਦੀ ਕਿਰਤ ਤੇ ਲੋੜਵੰਦਾਂ ਨਾਲ ਵੰਡ ਕੇ ਛਕਣ ਤੇ ਜ਼ੋਰ ਦਿੱਤਾ ਹੈ। ਗੁਰੂ-ਕਾਵਿ ਅਨੁਸਾਰ ਮਿਹਨਤ ਮੁਸ਼ੱਕਤ ਕਰਨ ਵਾਲਿਆਂ ਦੇ ਮੁਖ ਉਜਲੇ ਹੁੰਦੇ ਹਨ, ਦੂਜੇ ਦਾ ਹੱਕ ਮਾਰ ਕੇ ਹਿੰਦੂ ਲਈ ਗਊ ਅਤੇ ਮੁਸਲਮਾਨ ਲਈ ਸੂਰ ਖਾਣ ਦੇ ਬਰਾਬਰ ਹੈ। ਗੁਰੂ ਸਾਹਿਬਾਨ ਨੇ ਸਮਾਜ ਦੀ ਪਦਾਰਥਕ ਖੁਸ਼ਹਾਲੀ, ਮਾਨਸਿਕ ਅਰੋਗਤਾ ਅਤੇ ਆਤਮਕ ਉਚਤਾ ਦੀ ਕਾਮਨਾ ਤੇ ਕਲਪਨਾ ਕੀਤੀ।

<u>ਪੰਜਵੇਂ ਅਧਿਆਇ</u>—'ਆਦਿ ਗ੍ਰੰਥ ਦੇ ਗੁਰੂ-ਕਾਵਿ ਦਾ ਧਾਰਮਿਕ ਪੱਖ'— ਵਿਚ ਜੀਵਨ ਲਈ ਧਰਮ ਦੀ ਲੋੜ ਦਰਸਾ ਕੇ ਤਤਕਾਲੀਨ ਧਾਰਮਿਕ ਪਰਿਸਥਿਤੀਆਂ ਅਤੇ ਹਿੰਦੂ-ਮੁਸਲਿਮ ਮਿਲਾਪ ਦਾ ਵਰਣਨ ਕਰਨ ਉਪਰੰਤ ਤਤਕਾਲੀਨ ਪ੍ਰਚੱਲਤ ਪ੍ਰਮੁਖ ਧਰਮਾਂ—ਬ੍ਰਾਹਮਣੀ ਧਰਮ ਅਤੇ ਉਹਦੀਆਂ ਸੰਪਰਦਾਵਾਂ, ਇਸਲਾਮ, ਬੁਧ ਧਰਮ, ਜੈਨ ਧਰਮ, ਨਾਥ ਅਤੇ ਸੂਫ਼ੀ ਸੰਪਰਦਾਵਾਂ ਦਾ ਵਿਵੇਚਨ ਕੀਤਾ ਗਿਆ ਹੈ ਜੋ ਤਤਕਾਲੀਨ ਸਮਾਜ ਨੂੰ ਪ੍ਰਭਾਵਿਤ ਕਰ ਰਹੇ ਸਨ।

ਸਾਰੇ ਮੱਧ ਯੁੱਗ ਦੇ ਇਤਿਹਾਸਿਕ ਕਾਲ ਵਿਚ ਭਾਰਤ ਵਿਚ ਸਭ ਤੋਂ ਪ੍ਰਮੁੱਖ ਧਰਮ ਹਿੰਦੂ ਜਾਂ ਬ੍ਰਾਹਮਣੀ ਧਰਮ ਸੀ। ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਹਿੰਦੂਆਂ ਦੇ ਚਾਰ ਵੇਦਾਂ ਦੇ ਸਿਧਾਂਤਾਂ ਨੂੰ ਆਖ਼ਰੀ ਪ੍ਰਮਾਣ ਨਹੀਂ ਮੰਨਿਆ ਗਿਆ ਸਗੋਂ ਕਿਹਾ ਗਿਆ ਹੈ ਕਿ ਹਰੀ ਦੇ ਰੰਗ ਵਿਚ ਰੰਗੇ ਜਾਣ ਤੋਂ ਬਿਨਾ ਵੇਦ ਆਦਿ ਦੇ ਪਾਠ ਪਾਠਨ ਨਾਲ ਮਨ ਦੀ ਦੁਬਿਧਾ ਸਮਾਪਤ ਨਹੀਂ ਹੋ ਸਕਦੀ। ਹਿੰਦੂਆਂ ਦੇ ਬਹੁਦੇਵਤਾਵਾਦ ਦਾ ਵੀ ਗੁਰੂ-ਕਾਵਿ ਵਿਚ ਖੰਡਨ ਕੀਤਾ ਗਿਆ ਹੈ। ਗੁਰੂ ਕਵੀਆਂ ਅਨੁਸਾਰ ਦੇਵੀ ਦੇਵਤਾ ਸੁਤੰਤਰ ਨਹੀਂ, ਸਭ ਉਸ ਪਰਮਾਤਮਾ ਦੇ ਪੈਦਾ ਕੀਤੇ ਹਨ। ਹਿੰਦੂ ਧਰਮ ਦੇ ਕਰਮ ਸਿਧਾਂਤ ਨਾਲ ਗੁਰਮਤਿ ਵਿਚ ਪ੍ਰਭੂ ਕਿਰਪਾ ਦਾ ਸਿਧਾਂਤ ਜੋੜਿਆ ਗਿਆ ਹੈ। ਮਧਕਾਲੀਨ ਬ੍ਰਾਹਮਣੀ ਧਾਰਮਿਕ ਜੀਵਨ ਦਾ ਖੰਡਨ ਕਰਦਿਆਂ ਸਚੀ ਭਗਤੀ ਕਰਨ ਲਈ ਪ੍ਰੇਰਣਾ ਦਿੱਤੀ ਗਈ ਹੈ। ਨਵਧਾ ਭਗਤੀ ਵਿਚੋਂ ਪਾਦਸੇਵਨ, ਅਰਚਨ ਤੇ ਵੰਦਨ ਸਾਕਾਰ ਮੂਰਤੀ ਦੀ ਭਗਤੀ ਨੂੰ ਦ੍ਰਿੜਾਉਂਦੀਆਂ ਸਨ, ਇਸ ਲਈ ਮੂਰਤੀ ਪੂਜਾ ਦਾ ਗੁਰੂ-ਕਾਵਿ ਵਿਚ ਖੰਡਨ ਕੀਤਾ ਗਿਆ ਹੈ। ਭੇਖੀ ਪੰਡਤ ਦੇ ਜਨੇਊ ਦੀ ਬਜਾਇ ਗੁਰੂ ਜੀ ਨੇ ਅਜਿਹੇ ਅਧਿਆਤਮਕ ਜਨੇਊ ਪਹਿਨਣ ਲਈ ਸੁਝਾਵ ਦਿੱਤਾ, ਜਿਸਦੀ ਦਇਆ ਰੂਪੀ ਕਪਾਹ, ਸੰਤੋਖ ਰੂਪੀ ਸੂਤ, ਜਤ ਦੀਆਂ ਗੰਢਾਂ, ਸੱਚ ਦਾ ਵੱਟ ਚੜ੍ਹਾਇਆ ਹੋਵੇ। ਇਸੇ ਪ੍ਰਕਾਰ ਸੂਤਕ ਦਾ ਵਹਿਮ ਭਰਮ ਹਿੰਦੂ ਤੇ ਮੁਸਲਮਾਨ ਦੋਹਾਂ ਧਰਮਾਂ ਦੇ ਲੋਕਾਂ ਵਿਚ ਪ੍ਰਚੱਲਤ ਸੀ। ਇਸਤਰੀ ਨੂੰ ਵਿਸ਼ੇਸ਼ ਸਮਿਆਂ ਤੇ ਅਪਵਿੱਤਰ ਕਿਹਾ ਜਾਂਦਾ ਸੀ, ਮਾਹਵਾਰੀ ਖੂਨ ਆਉਣ ਤੇ ਜਾਂ ਬੱਚੇ ਨੂੰ ਜਨਮ ਦੇਣ ਤੇ। ਪਰਿਵਾਰ ਵਿਚ ਕਿਸੇ ਮੈਂਬਰ ਦੇ ਮਰ ਜਾਣ ਤੇ ਵੀ ਕੁਝ ਦਿਨਾਂ ਲਈ ਸੂਤਕ ਮੰਨਿਆ ਜਾਂਦਾ ਸੀ। ਗੁਰੂ ਜੀ ਨੇ ਹਰ ਪ੍ਰਕਾਰ ਦੇ ਸੂਤਕ ਦਾ ਖੰਡਨ ਕੀਤਾ। ਅਤੇ ਸੂਤਕ ਦੀ ਅਸਲੀਅਤ ਦਸਦਿਆਂ ਕਿਹਾ ਕਿ ਮਨ ਨੂੰ ਲੋਭ ਦਾ ਸੂਤਕ ਲੱਗਾ ਹੋਇਆ ਹੈ, ਜੀਭ ਦਾ ਸੂਤਕ ਹੈ ਝੂਠ ਬੋਲਣਾ, ਅੱਖੀਂ ਦਾ ਸੂਤਕ ਹੈ ਪਰਾਈ ਇਸਤਰੀ ਨੂੰ ਤੱਕਣਾ, ਕੰਨਾਂ ਦਾ ਸੂਤਕ ਹੈ ਪਰਾਈ ਚੁਗਲੀ ਦਾ ਸੁਣਨਾ। ਗੁਰਮਤਿ ਅਨੁਸਾਰ ਗਿਆਨ ਦੀ ਸੋਝੀ ਹੋਇਆਂ ਕਿਸੇ ਪ੍ਰਕਾਰ ਦਾ ਸੂਤਕ ਨਹੀਂ ਲਗਦਾ। ਇਸ ਤੋਂ ਇਲਾਵਾ ਸਗਨ, ਅਪਸਗਨ, ਚੰਗੇ ਮੰਦੇ

ਦਿਨਾਂ ਤੇ ਥਿਤਾਂ ਨੂੰ ਮੰਨਣ ਦਾ ਗੁਰੂ ਕਾਵਿ ਵਿਚ ਖੰਡਨ ਕੀਤਾ ਗਿਆ ਹੈ, ਇਨ੍ਹਾਂ ਦੇ ਮੰਨਣ ਵਾਲਿਆਂ ਨੂੰ ਬੂਡੂ ਤੇ ਗਵਾਰ ਆਖਿਆ ਹੈ। ਮੜ੍ਹੀ ਮਸਾਣ ਦੀ ਪੂਜਾ ਦਾ ਖੰਡਨ ਕਰਕੇ ਹਰੀ ਦੀ ਪੂਜਾ ਤੋਂ ਬਿਨਾ ਕਿਸੇ ਦੀ ਦੁਬਿਧਾ ਵਿਚ ਪੈਣ ਵਿਰੁਧ ਲੋਕਾਂ ਨੂੰ ਸੁਚੇਤ ਕੀਤਾ ਗਿਆ ਹੈ।

ਗੁਰੂ ਕਾਵਿ ਵਿਚ ਹਰ ਪ੍ਰਕਾਰ ਦੇ ਵਰਤ ਦਾ ਖੰਡਨ ਕੀਤਾ ਗਿਆ ਹੈ। ਵਰਤਨੇਮ ਨੂੰ ਦੂਜਾ ਭਾਉ ਕਿਹਾ ਗਿਆ ਹੈ। ਗੁਰਮਤਿ ਅਨੁਸਾਰ ਸੱਚ ਨੂੰ ਧਾਰਣ ਕਰਨਾ ਹੀ ਅਸਲ ਵਰਤ ਹੈ। ਗੁਰੂ ਸਾਹਿਬਾਨ ਨੇ ਭੇਖੀ ਤੇ ਪਾਖੰਡੀ ਰਸਮਾਂ ਰੀਤਾਂ ਤੇ ਕਰਮਕਾਂਡੀ ਜੀਵਨ ਤਿਆਗ ਕੇ ਮਾਨਵਤਾ ਦੇ ਰਸਤੇ ਤੇ ਚੱਲਣ ਦਾ ਸਹੀ ਉਪਦੇਸ਼ ਦਿੱਤਾ।

ਹਿੰਦੂ ਧਰਮ ਦੀਆਂ ਤਿੰਨ ਮੁਖ ਸੰਪਰਦਾਵਾਂ ਵੈਸ਼ਨਵ, ਸ਼ੈਵ ਅਤੇ ਸ਼ਾਕਤ, ਬਾਰੇ ਆਦਿ ਗ੍ਰੰਥ ਵਿਚ ਵਰਣਨ ਉਪਲਬੱਧ ਹੈ:-

ਵੈਸ਼ਨਵ ਸੰਪਰਦਾਇ ਦੇ ਅਨੁਯਾਈ ਵਿਸ਼ਨੂੰ ਦੀ ਪੂਜਾ ਕਰਦੇ ਸਨ। ਮਧਕਾਲੀਨ ਉਹ ਰਾਮ ਤੇ ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਵਤਾਰ ਮੰਨ ਕੇ ਉਨ੍ਹਾਂ ਦੀਆਂ ਮੂਰਤੀਆਂ ਦੀ ਪੂਜਾ ਕਰਨ ਲਗ ਪਏ ਸਨ। ਉਹ ਸਾਕਾਹਾਰੀ ਜੋਗ ਸੰਨਿਆਸ ਵਿਚ ਵਿਸ਼ਵਾਸ ਰਖਦੇ ਸਨ। ਉਹ ਸਾਲਗਰਾਮ ਦੀ ਪੂਜਾ ਵੀ ਕਰਦੇ ਸਨ। ਆਦਿ ਗ੍ਰੰਥ ਵਿਚ ਅਵਤਾਰਵਾਦ ਦਾ ਖੰਡਨ ਕੀਤਾ ਗਿਆ ਹੈ ਅਤੇ ਸਾਲਗਰਾਮ ਪੂਜਾ ਦੀ ਖਿਲੀ ਉਡਾਈ ਗਈ ਹੈ। ਗੁਰੂ ਜੀ ਨੇ ਆਪਣੇ ਆਪ ਨੂੰ ਅਪਰਸ ਸਮਝਣ ਵਾਲੇ ਵੈਸ਼ਨੋ ਦੀ ਅਸਲੀਅਤ ਦਰਸਾਕੇ ਆਦਰਸ਼ ਵੈਸ਼ਨੋ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਹੈ ਕਿ ਉਹ ਕੀਰਤਨ ਕਰਨੀ ਵਿਚ ਲੀਨ, ਸਿਮਰਨ ਕਰਨ ਵਾਲਾ, ਖੁਦ ਨਾਮ ਜਪਣ ਤੇ ਦੂਜਿਆਂ ਨੂੰ ਜਪਾਉਣ ਵਾਲਾ, ਵਿਕਾਰਾਂ ਦਾ ਤਿਆਗੀ, ਪਰਾਈ ਨਿੰਦਾ, ਲੋਭ ਤੇ ਮੋਹ ਦਾ ਤਿਆਗੀ, ਹਰੀ ਨੂੰ ਹਾਜ਼ਰ ਨਾਜ਼ਰ ਸਮਝਣ ਵਾਲਾ ਹੁੰਦਾ ਹੈ।

ਸ਼ੈਵ ਸੰਪਰਦਾਇ ਵਾਲੇ ਸ਼ਿਵ ਜੀ ਦੇ ਪੁਜਾਰੀ ਹੁੰਦੇ ਸਨ। ਉਹ ਸ਼ਿਵ ਜੀ ਨੂੰ ਅਨਾਦੀ ਮੰਨਦੇ ਸਨ, ਪਰ ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਸ਼ਿਵ ਜੀ ਨੂੰ ਸੁਤੰਤਰ ਹਸਤੀ ਮੰਨਣ ਤੋਂ ਇਨਕਾਰ ਕੀਤਾ ਗਿਆ ਹੈ। ਇਸ ਮੱਤ ਨੂੰ ਮੰਨਣ ਵਾਲੇ ਸ਼ਿਵ ਲਿੰਗ ਦੀ ਪੂਜਾ ਕਰਦੇ ਸਨ। ਗੁਰੂ ਜੀ ਨੇ ਪਥਰ ਪੂਜ ਸ਼ੈਵਾਂ ਦੀ ਇਸ ਪੂਜਾ-ਪੱਧਤੀ ਦੀ ਆਲੋਚਨਾ ਕੀਤੀ ਹੈ।

ਸ਼ਾਕਤ ਸੰਪਰਦਾਇ ਦੇ ਅਨੁਯਾਈ ਸ਼ਕਤੀ ਅਰਥਾਤ ਪਾਰਬਤੀ, ਕਾਲਕਾ ਆਦਿ ਦੇਵੀਆਂ ਦੀ ਪੂਜਾ ਕਰਦੇ ਸਨ। ਗੁਰੂ ਕਾਵਿ ਅਨੁਸਾਰ ਸ਼ਕਤੀ ਨੂੰ ਬ੍ਰਹਮ ਦੀ ਦਾਸੀ ਕਿਹਾ ਗਿਆ ਹੈ ਤੇ ਠਾਕੁਰ ਨੂੰ ਛਡ ਕੇ ਦਾਸੀ ਦਾ ਸਿਮਰਣ ਕਰਨ ਵਾਲਿਆਂ ਨੂੰ ਅਗਿਆਨੀ ਤੇ ਅੰਨ੍ਹੇ ਕਿਹਾ ਗਿਆ ਹੈ। ਇਹ ਲੋਕ ਮੰਤਰ, ਜੰਤਰ, ਤੰਤਰ ਵਿਚ ਵਿਸ਼ਵਾਸ਼ ਰਖਦੇ ਸਨ ਜਿਸ ਦੀ ਗੁਰੂ ਜੀਆਂ ਦੁਆਰਾ ਨਿਖੇਧੀ ਕੀਤੀ ਗਈ ਹੈ। ਇਹ ਸ਼ਕਤੀ ਦੇ ਪੁਜਾਰੀ 'ਚਕਰ ਪੂਜਾ' ਦੀ ਆੜ ਵਿਚ ਰਾਤ ਵੇਲੇ ਸ਼ਰਾਬ ਮਾਸ ਦਾ ਸੇਵਨ ਕਰਨ ਉਪਰੰਤ ਭੋਗ ਵਿਲਾਸ ਕਰਦੇ ਸਨ। ਆਦਿ ਗ੍ਰੰਥ ਵਿਚ ਅਜਿਹੇ ਕਾਮ-ਆਤੁਰੀ ਸ਼ਾਕਤਾਂ ਦਾ ਭਾਂਡਾ ਭੰਨਿਆ ਗਿਆ ਹੈ ਅਤੇ ਇਸ ਮਾਦਾ ਪ੍ਰਸਤੀ ਦੀ ਬਜਾਇ ਸ਼ੁਧ ਆਚਰਣ ਤੇ ਜ਼ੋਰ ਦਿਤਾ ਗਿਆ ਹੈ।

ਇਸਲਾਮ ਧਰਮ ਦੇ ਅਨੁਯਾਈ ਇਕ ਅੱਲਾ ਵਿਚ ਵਿਸ਼ਵਾਸ਼ ਤੇ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲਾ ਦਾ ਨਬੀ ਜਾਂ ਰਸੂਲ ਮੰਨਦੇ ਸਨ। ਕੁਰਾਨ ਸ਼ਰੀਫ ਅਤੇ ਨਬੀ ਉਪਰ ਈਮਾਨ ਲਿਆਏ ਬਿਨਾ ਜੀਵ

ਦੋਜ਼ਖ ਦੀ ਅੱਗ ਵਿਚ ਸੜਦਾ ਹੈ ਪਰ ਈਮਾਨ ਲਿਆਉਣ ਵਾਲਿਆਂ ਨੂੰ ਬਹਿਸ਼ਤ ਪ੍ਰਾਪਤ ਹੁੰਦਾ ਹੈ। ਅੱਲਾ ਸਤਵੇਂ ਆਕਾਸ਼ ਉੱਪਰ ਰਹਿੰਦਾ ਹੈ। ਇਸ ਦੇ ਉਲਟ ਆਦਿ ਗ੍ਰੰਥ ਦੇ ਗੁਰੂ ਕਾਵਿ ਅਨੁਸਾਰ ਪਰਮਾਤਮਾ ਸਤਵੇਂ ਆਕਾਸ਼ ਦੀ ਬਜਾਇ ਸਰਬ ਵਿਆਪਕ ਹੈ। ਅੱਲਾ ਲਾ ਸ਼ਰੀਕ ਹੈ, ਉਸ ਦਾ ਕੋਈ ਨਬੀ ਜਾਂ ਰਸੂਲ ਨਹੀਂ। ਕੁਰਾਨ ਰਾਹੀਂ ਅੱਲਾ ਦਾ ਭੇਦ ਨਹੀਂ ਪਾਇਆ ਜਾ ਸਕਦਾ ਤੇ ਪੜ੍ਹਣ ਨਾਲ ਮੁਕਤੀ ਨਹੀਂ ਹੋ ਸਕਦੀ। ਇਸਲਾਮੀ ਸ਼ਰ੍ਹਾ ਅਨੁਸਾਰ ਪੰਜ ਵੇਲੇ ਨਿਮਾਜ਼ ਪੜ੍ਹਨ ਬਾਰੇ ਗੁਰੂ ਕਾਵਿ ਵਿਚ ਨਿਵੇਕਲੇ ਢੰਗ ਨਾਲ ਵਿਆਖਿਆ ਕੀਤੀ ਗਈ ਹੈ। ਗੁਰੂ ਕਵੀਆਂ ਦੁਆਰਾ ਸਚ ਨੂੰ ਧਾਰਣ ਕਰਨਾ, ਹਲਾਲ ਦੀ ਖਾਣੀ, ਖੁਦਾ ਦੇ ਨਾਮ ਤੇ [illegible] ਦਾਨ ਦੇਣਾ, ਨੀਅਤ ਠੀਕ ਰਖਣੀ ਅਤੇ ਖੁਦਾ ਦੀ ਸਿਫ਼ਤ ਕਰਨੀ ਹੀ ਅਸਲ ਵਿਚ ਪੰਜ ਨਿਮਾਜ਼ਾਂ ਹਨ ਤੇ ਚੰਗੀ ਕਰਨੀ ਅਸਲ ਕਲਮਾ ਹੈ। ਰਮਜ਼ਾਨ ਦੇ ਮਹੀਨੇ 30 ਰੋਜ਼ੇ ਰਖਣ ਅਤੇ ਹੱਜ ਕਰਨ ਬਾਰੇ ਗੁਰੂ ਜੀ ਨੇ ਖੰਡਨ ਕੀਤਾ ਹੈ। ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਸੰਜਮ ਤੇ ਜ਼ਬਤ ਨੂੰ ਹੀ ਅਸਲ ਸੁੰਨਤ ਕਿਹਾ ਗਿਆ ਹੈ। ਤੜਫਾ ਤੜਫਾ ਕੇ ਜਾਨਵਰ ਨੂੰ ਮਾਰ ਕੇ ਉਸ ਨੂੰ ਹਲਾਲੀ ਦਾ ਮਾਸ ਕਹਿਣ ਵਾਲੇ ਮੁਸਲਮਾਨਾਂ ਦੇ ਕਥਨ ਨੂੰ ਗੁਰੂ ਕਵੀਆਂ ਦੁਆਰਾ ਨਿਰਦੈਤਾ ਪੂਰਤ ਕਰਮ ਕਿਹਾ ਗਿਆ ਹੈ। ਇਸਲਾਮ ਵਿਚ ਕਾਜ਼ੀ ਤੇ ਮੁਲਾਂ ਵੀ ਪੂਜਨੀਕ ਹਸਤੀਆਂ ਮੰਨੀਆਂ ਜਾਂਦੀਆਂ ਸਨ ਪਰ ਮਧਕਾਲ ਵਿਚ ਦੋਨਾਂ ਦਾ ਜੀਵਨ ਅਧਰਮੀ ਸੀ, ਦੋਨੋਂ ਹੀ ਕੁਰਾਨ ਦੀ ਗਲਤ ਵਿਆਖਿਆ ਕਰਕੇ ਜਨਤਾ ਤੋਂ ਧਨ ਬਟੋਰਦੇ ਸਨ। ਇਸਲਾਮ ਵਿਚ ਧਰਮ ਅਪਨਾਉਣ ਨਾਲ ਹੀ ਊਚ ਨੀਚ ਦਾ ਭੇਦ ਭਾਵ ਖਤਮ ਹੁੰਦਾ ਹੈ, ਪਰ ਗੁਰਮਤਿ ਵਿਚ ਊਚ ਨੀਚ ਦਾ ਭੇਦ ਭਾਵ ਹੈ ਹੀ ਨਹੀਂ। ਆਦਿ ਗ੍ਰੰਥ ਦਾ ਗੁਰੂ ਕਾਵਿ ਇਸਲਾਮ ਵਿਰੋਧੀ ਨਹੀਂ ਪਰ ਵਿਖਾਵੇ ਦਾ ਜੀਵਨ ਜੀਣ ਵਾਲਿਆਂ ਦਾ ਖੰਡਨ ਕਰ ਕੇ ਉਨ੍ਹਾਂ ਨੂੰ ਚੰਗੇ ਮੁਸਲਮਾਨ ਬਣਨ ਲਈ ਪ੍ਰੇਰਿਤ ਕੀਤਾ ਗਿਆ ਹੈ। ਗੁਰੂ ਕਾਵਿ ਵਿਚ ਆਦਰਸ਼ ਮੁਸਲਮਾਨ ਦੇ ਗੁਣ ਵਰਣਨ ਕਰਦਿਆਂ ਕਿਹਾ ਗਿਆ ਹੈ ਕਿ ਮਜ਼ਹਬ ਨੂੰ ਪਿਆਰਾ ਸਮਝਣ ਵਾਲਾ, ਰਬ ਦੇ ਭਾਣੇ ਨੂੰ ਮੰਨਣ ਵਾਲਾ, ਕਾਦਰ ਨੂੰ ਕਰਨ ਕਰਾਵਨ ਸਮਝਕੇ ਖੁਦੀ ਮਿਟਾਉਣ ਵਾਲਾ, ਰਬ ਦੇ ਬੰਦਿਆਂ ਨਾਲ ਪਿਆਰ ਕਰਨ ਵਾਲਾ ਹੀ ਸੱਚਾ ਮੁਸਲਮਾਨ ਹੁੰਦਾ ਹੈ।

ਮਧਕਾਲ ਵਿਚ ਬੁਧ ਧਰਮ ਦਾ ਬੋਲਬਾਲਾ ਭਾਵੇਂ ਖਤਮ ਹੋ ਗਿਆ ਸੀ, ਫਿਰ ਵੀ ਕੁਝ ਚਿੰਨ੍ਹ ਅਜੇ ਬਾਕੀ ਸਨ। ਬੁਧ ਧਰਮ ਅਤੇ ਗੁਰਮਤਿ ਵਿਚ ਸਿਧਾਂਤਕ ਤੌਰ ਤੇ ਕੁਝ ਸਮਾਨਤਾਵਾਂ ਹੋਣ ਦੇ ਬਾਵਜੂਦ ਦੋਹਾਂ ਵਿਚ ਕੁਝ ਬੁਨਿਆਦੀ ਅੰਤਰ ਸਨ ਜਿਵੇਂ ਬੁਧ ਧਰਮ ਅਨੁਸਾਰ ਦੁਨੀਆਂ ਵਿਚ ਦੁਖ ਦਾ ਕਾਰਣ ਇੱਛਾਵਾਂ ਹਨ ਪਰ ਗੁਰਮਤਿ ਅਨੁਸਾਰ ਦੁਖ ਪਰਮੇਸਰ ਨੂੰ ਭੁਲਣ ਕਰਕੇ ਵਾਪਰਦੇ ਹਨ। ਇਸੇ ਪ੍ਰਕਾਰ ਗੁਰੂ ਕਾਵਿ ਵਿਚ ਦੁਖਾਂ ਦਾ ਨਾਸ ਬੁਧ ਮੱਤ ਦੇ ਅਸ਼ਟਾਂਗ ਮਾਰਗ ਦੀ ਬਜਾਇ ਹਰੀ ਦਾ ਨਾਮ ਆਸਰਾ ਲੈਣ ਨਾਲ ਹੋ ਜਾਂਦਾ ਹੈ। ਅਹਿੰਸਾ ਬਾਰੇ ਗੁਰੂ ਜੀ ਦੁਆਰਾ ਪ੍ਰਤਿਪਾਦਿਤ ਸਿਧਾਂਤ ਜੀਵਾਂ ਉੱਪਰ ਦਇਆ ਕਰਨ ਵਿਚ ਹੈ। ਗੁਰੂ ਸਾਹਿਬਾਨ ਨੇ ਬੋਧੀਆਂ ਦੇ ਜੀਵਨ, ਇਤਿਹਾਸ ਅਤੇ ਧਰਮ ਦੀ ਗਿਰਾਵਟ ਦੇ ਕਾਰਣਾਂ ਨੂੰ ਤੱਕ ਕੇ ਉਹ ਕਮੀਆਂ ਆਪਣੇ ਅਨੁਯਾਈਆਂ ਵਿਚ ਨਹੀਂ ਆਉਣ ਦਿੱਤੀਆਂ। ਵਿਸ਼ੇਸ਼ ਤੌਰ ਤੇ ਭਿਖਸ਼ੂ ਬਣ ਕੇ ਭੀਖ ਮੰਗਤਿਆਂ ਦੇ ਜੀਵਨ ਦੀ ਬਜਾਇ ਗੁਰਮਤਿ ਵਿਚ ਗ੍ਰਿਹਸਥ ਜੀਵਨ ਨੂੰ ਪ੍ਰਧਾਨਤਾ ਪ੍ਰਾਪਤ ਹੈ।

ਜੈਨ ਧਰਮ ਕਿਰਿਆ-ਕਾਂਡ ਦੀ ਇਕ ਸਿਸਟਮ ਹੈ ਜਿਸ ਵਿਚ ਮੋਖ ਕਰਮ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ। ਜੈਨ ਧਰਮ ਤੇ ਗੁਰਮਤਿ ਦੇ ਬੁਨਿਆਦੀ ਸਿਧਾਂਤਾਂ ਵਿਚ ਬਹੁਤ ਅੰਤਰ ਹੈ।

ਜੈਨੀ ਪਰਮਾਤਮਾ ਵਿਚ ਅਵਿਸ਼ਵਾਸ਼ ਸ ਪਰ ਗੁਰਮਤਿ ਦੇ ਅਨੁਯਾਈ ਪਰਮਾਤਮਾ ਵਿਚ ਪੂਰਨ ਵਿਸ਼ਵਾਸ਼ ਰਖਦੇ ਹਨ। ਜੈਨੀ ਘੋਰ ਤਪਸਿਆ ਦੇ ਵਖ ਵਖ ਸਾਧਨਾਂ ਤੇ ਜ਼ੋਰ ਦਿੰਦੇ ਹਨ। ਉਹ ਸਿਰ ਦੇ ਵਾਲ ਆਪਣੇ ਪੋਟਿਆਂ ਨਾਲ ਇਕ ਇਕ ਕਰਕੇ ਪੁਟਦੇ ਹਨ। ਭੇਡਾਂ ਵਾਂਗੂ ਸਿਰ ਦੇ ਵਾਲ ਖੋਹਣ ਸਬੰਧੀ ਗੁਰੂ ਸਾਹਿਤ ਵਿਚ ਜੈਨੀਆਂ ਦੀ ਨਿਖੇਧੀ ਕੀਤੀ ਗਈ ਹੈ। ਜੈਨੀ ਸਰੇਵੜਿਆਂ ਦਾ ਮੈਲਾ ਪਾਣੀ ਪੀਣ, ਆਪਣਾ ਵਿਸ਼ਟਾ ਫਰੋਲ ਕੇ ਹਵਾੜ ਲੈਣ ਜੀਵਾਂ ਦੇ ਡਰ ਤੋਂ ਇਸ਼ਨਾਨ ਨਾ ਕਰਨ ਦਾ ਗੁਰੂ ਕਵੀਆਂ ਨੇ ਖੰਡਨ ਕੀਤਾ ਹੈ। ਘਰ ਬਾਰ ਛਡ ਕੇ ਮੰਗ ਕੇ ਜੂਠਾ ਖਾਣ ਦੀ ਜੈਨੀਆਂ ਦੀ ਕ੍ਰਿਆ ਨੂੰ ਗੁਰੂ ਸਾਹਿਤ ਵਿਚ ਮਾਨਤਾ ਪ੍ਰਾਪਤ ਨਹੀਂ। ਨੰਗੇ ਰਹਿਣ ਵਾਲੇ ਦਿਗੰਬਰ ਜੈਨੀਆਂ ਦੀ ਗੁਰੂ-ਸਾਹਿਤ ਵਿਚ ਕਰੜੀ ਆਲੋਚਨਾ ਕੀਤੀ ਗਈ ਹੈ। ਸਮਾਜਕ ਜ਼ਿੰਮੇਵਾਰੀਆਂ ਤੋਂ ਬਚਣ ਲਈ ਜੈਨ ਦਿਗੰਬਰ ਬਣ ਜਾਂਦੇ ਸਨ ਪਰ ਉਨ੍ਹਾਂ ਦਾ ਮਨ ਕਾਬੂ ਵਿਚ ਨਹੀਂ ਸੀ ਰਹਿੰਦਾ। ਜੈਨ ਧਰਮ ਦੇ ਸਿਧਾਂਤਾਂ ਦੇ ਉਲਟ ਗੁਰਮਤਿ ਅਨੁਸਾਰ ਆਪਣੇ ਘਰ-ਬਾਰ ਉਤੇ ਕਾਬੂ ਪਾ ਕੇ ਗਿਆਨ ਇੰਦ੍ਰੀਆਂ ਨੂੰ ਕਾਬੂ ਵਿਚ ਰਖ ਕੇ ਸਿਦਕ ਵਿਸ਼ਵਾਸ ਵਾਲਾ ਜੀਵਨ ਬਤੀਤ ਕਰਨ ਉਤੇ ਜ਼ੋਰ ਦਿਤਾ ਗਿਆ ਹੈ। ਨਾਲ ਹੀ ਅਕਾਲ ਪੁਰਖ ਦੇ ਹਰ ਹੁਕਮ ਉਤੇ ਸਹਾਇਤਾ ਚਿੱਤ ਸ਼ਾਂਤ ਰਹਿਣ ਲਈ ਉਪਦੇਸ਼ ਦਿਤਾ ਗਿਆ ਹੈ।

ਗੁਰਮਤਿ ਅਤੇ ਸ਼ੈਵ ਮੱਤ ਦੇ ਮੇਲ ਤੋਂ ਜੋਗੀਆਂ ਦਾ ਫ਼ਿਰਕਾ ਹੋਂਦ ਵਿਚ ਆਇਆ। ਮਧਕਾਲ ਤਕ ਇਨ੍ਹਾਂ ਕੰਨ ਪਾਟੇ ਜੋਗੀਆਂ ਦੇ ਪੰਜਾਬ ਵਿਚ ਕਾਫ਼ੀ ਟਿਕਾਣੇ ਬਣ ਗਏ ਸਨ। ਇਹ ਨਾਥ ਜੋਗੀ ਜੋਗ ਅਭਿਆਸ ਕਰਦੇ ਹਨ ਜੋਗ ਦੀਆਂ ਸਰੀਰਕ ਮੰਤ੍ਰਾਂ ਅਤੇ ਹਠ ਸਿਸਟਮ ਨੂੰ ਅਪਣਾਉਂਦੇ ਸਨ। ਅਸਲ ਵਿਚ ਨਾਥ ਸਿੱਧਾਂ ਦੀ ਜੋਗ ਸਾਧਨਾ ਵਿਚ ਪ੍ਰਾਣ ਸਾਧਨਾ ਨੂੰ ਹੀ ਪ੍ਰਧਾਨਤਾ ਪ੍ਰਾਪਤ ਸੀ ਪਰ ਗੁਰੂ ਸਾਹਿਤ ਵਿਚ ਹਠ ਜੋਗ ਦੀ ਬਜਾਇ ਗੁਰੂ ਦੇ ਅਨੁਸਾਰੀ ਹੋ ਕੇ ਪ੍ਰਭੂ ਦੀ ਰਜ਼ਾ ਨਾਲ ਸੁਖ ਦੀ ਪ੍ਰਾਪਤੀ ਅਤੇ ਹਰੀ ਵਿਚ ਸਮਾ ਜਾਣ ਲਈ ਆਪਣਾ ਮੱਤ ਦਰਸਾਇਆ ਗਿਆ ਹੈ। ਗੁਰੂ ਕਵੀਆਂ ਦੁਆਰਾ ਨਾਥਾਂ ਜੋਗੀਆਂ ਰਿਧੀਆਂ ਸਿਧੀਆਂ ਤੇ ਕਰਾਮਾਤਾਂ ਦਾ ਖੰਡਨ ਕੀਤਾ ਗਿਆ ਹੈ, ਕਿਉਂਕਿ ਇਸ ਨਾਲ ਮਨ ਦੀ ਹਉਮੈ ਰੂਪੀ ਮੈਲ ਨਹੀਂ ਉਤਰਦੀ। ਜੋਗੀਆਂ ਦੇ ਹਠ ਜੋਗ ਦੇ ਮੁਕਾਬਲੇ ਵਿਚ ਨਾਮ ਸਿਮਰਨ, ਸੇਵਾ, ਸੰਗਤ ਤੇ ਕੀਰਤਨ ਆਦਿ ਦੁਆਰਾ ਸਹਿਜੇ ਹੀ ਚਿਤਬ੍ਰਿਤੀ ਨੂੰ ਵਾਹਿਗੁਰੂ ਵਿਚ ਜੋੜਨਾ ਗੁਰਮਤਿ ਦਾ ਸਹਿਜ ਜੋਗ ਹੈ। ਘਰ ਬਾਰ ਛਡ ਕੇ ਜੋਗੀਆਂ ਦੇ ਫਿਰਨ ਤੇ ਮੰਗ ਕੇ ਖਾਣ ਦੀ ਗੁਰੂ-ਸਾਹਿਤ ਵਿਚ ਕਰੜੇ ਸ਼ਬਦਾਂ ਵਿਚ ਆਲੋਚਨਾ ਕੀਤੀ ਗਈ ਹੈ। ਗੁਰੂ ਕਵੀਆਂ ਨੇ ਜੋਗੀਆਂ ਨੂੰ ਨਿਵਿਰਤੀ ਮਾਰਗ ਛਡ ਕੇ ਗ੍ਰਿਹਸਥੀ ਤੇ ਸਮਾਜਕ ਜੀਵਨ ਬਿਤਾਉਣ ਲਈ ਆਪਣੇ ਬਹੁਮੁਲੇ ਸੁਝਾਅ ਦਿੱਤੇ ਹਨ। ਸੱਚੇ ਜੋਗੀ ਦੇ ਲਛਣ ਦਸਦਿਆਂ ਗੁਰੂ ਜੀ ਨੇ ਕਿਹਾ ਹੈ ਕਿ ਜੋਗੀ ਦਾ ਮਨ ਕਿਸੇ ਦੇ ਘਰ ਜਾ ਕੇ ਨਾ ਡੋਲੇ, ਸਗੋਂ ਲਗਾਤਾਰ ਸਹਿਜ ਅਵਸਥਾ ਦਾ ਅਨੁਭਵੀ ਹੋਵੇ, ਉਸ ਦੀ ਸੁੰਨ ਸਮਾਧੀ ਸਹਿਜ ਦੀ ਅਵਸਥਾ ਹੋਵੇ ਤੇ ਉਹ ਅਹੰਕਾਰ ਤੋਂ ਜੋਗ ਕਰ ਲਵੇ। ਨਾਥ ਜੋਗੀਆਂ ਦੇ ਸ਼ਰਾਬ ਪੀ ਕੇ ਤਾੜੀ ਲਾਉਣ ਤੇ ਪ੍ਰਭੂ ਵਿਚ ਲਿਵਲੀਨ ਹੋਣ ਦੇ ਵਿਸ਼ਵਾਸ ਦੀ ਗੁਰੂ ਕਵੀਆਂ ਦੁਆਰਾ ਆਲੋਚਨਾ ਕੀਤੀ ਗਈ ਹੈ ਤੇ ਇਸ ਦੀ ਥਾਂ ਗੁਰਮਤਿ ਵਿਚ ਅੰਮ੍ਰਿਤ ਰਸ ਦਾ ਵਿਧਾਨ ਹੈ।

ਆਦਿ ਗ੍ਰੰਥ ਦੇ ਗੁਰੂ-ਸਾਹਿਤ ਵਿਚ ਸਮਕਾਲੀਨ ਬੋਧੀ ਮਤ ਨਾਲ ਸੰਬੰਧਤ ਸੰਕੇਤ ਵੀ ਮਿਲਦੇ ਹਨ। ਸਭ ਤੋਂ ਪਹਿਲੀ ਪੰਜਾਬੀ ਬੋਧੀ ਰਚਨਾ ਸੁਖ ਰਵਾਇ ਗ੍ਰੰਥ ਜੀਨ ਹੈ, ਜਿਸ ਦੀ ਸਾਹਿਤ ਰਚਨਾ ਆਦਿ ਗ੍ਰੰਥ ਵਿਚ ਸੰਕਲਿਤ ਹੈ। ਉਸ ਤੋਂ ਇਲਾਵਾ ਸਾਡੇ ਦੇਸ਼ ਪ੍ਰਦੇਸ਼ ਦੇ ਨਿਰਧਾਰਿਤ ਕਾਲ ਵਿਚ ਮਹਾ ਪੁਰਸ਼, ਸੁਲਤਾਨ ਬਾਹੂ ਤੇ

ਸ਼ਾਹ ਸ਼ਰਫ਼ ਸੂਫ਼ੀ ਹੋਏ ਹਨ। ਸਾਰੇ ਸੂਫ਼ੀਆਨਾਂ ਵਿਚ ਸੂਫ਼ੀਮਤ ਨੂੰ ਗਿਆਨ ਦਾ ਅਧਾਰ ਬਣਾਉਂਦੇ ਸਨ। ਸ਼ੇਖ਼ ਫ਼ਰੀਦ ਵੱਲੋਂ ਤਾਂ ਸੂਫ਼ੀਮਤ ਸ਼ਰੀਅਤ ਵਾਲੀਆਂ ਹੱਦਾਂ ਨਾ ਟੱਪ ਸਕਿਆ ਪਰ ਸ਼ਾਹ ਹੁਸੈਨ ਨੇ ਸ਼ਰ੍ਹਾ ਦੀਆਂ ਜ਼ੰਜੀਰਾਂ ਤੋੜ ਮਲਾਮਤੀ ਬਣ, ਸ਼ਰਾਬ ਅਤੇ ਭੰਗ ਆਦਿ ਦਾ ਸੇਵਨ ਕਰਕੇ ਨਚਣ ਗਾਉਣ ਵਿਚ ਸੰਕੋਚ ਨਹੀਂ ਕੀਤਾ। ਸੁਲਤਾਨ ਬਾਹੂ ਸ਼ਰ੍ਹਾ ਦਾ ਪਾਬੰਦ ਰਹਿਕੇ ਸੂਫ਼ੀਆਂ ਵਾਲੀਆਂ ਉਡਾਰੀਆਂ ਮਾਰਦਾ ਰਿਹਾ ਅਤੇ ਸ਼ਾਹ ਸ਼ਰਫ਼ ਪੀਆ ਦੇ ਵਿਛੋੜੇ ਵਿਚ ਬਹੁਤ ਵਿਆਕੁਲ ਰਿਹਾ। ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਸੂਫ਼ੀਆਂ ਦੀ ਆਤਮਕ ਉਨਤੀ ਦੇ ਚਾਰ ਪੜਾਵਾਂ ਦਾ ਵਿਵੇਕਸ਼ੀਲ ਢੰਗ ਨਾਲ ਵਰਣਨ ਉਪਲੱਬਧ ਹੈ। ਗੁਰੂ ਕਵੀਆਂ ਅਨੁਸਾਰ ਨਾਮ ਦੀ ਕਮਾਈ ਹੀ ਅਸਲ ਸ਼ਰੀਅਤ, ਮਨ ਦੀ ਸੂਚੀ ਤਰੀਕਤ, ਮਨ ਨੂੰ ਮਾਰਨਾ ਅਸਲ ਮਾਰਫ਼ਤ ਅਤੇ ਖ਼ੁਦਾ ਨੂੰ ਮਿਲਣਾ ਹੀ ਹਕੀਕਤ ਹੈ। ਇਸੇ ਤਰ੍ਹਾਂ ਦਿਲ ਵਿਚ ਖ਼ਾਲਕ ਤੇ ਮਖ਼ਲੂਕ ਦੀ ਯਾਦ ਹੀ ਅਸਲ ਵਿਚ ਪੰਜ ਨਿਮਾਜ਼ਾਂ ਤੇ ਪੰਜ ਵਕਤ ਹਨ, ਸ਼ੀਲ ਹੀ ਅਸਲ ਸੁੰਨਤ ਦਾ ਐਲਾਨ ਹੈ। ਦਰਵੇਸ਼ ਬਣ ਕੇ ਘਰ ਘਰ ਮੰਗਣ ਵਾਲੇ ਨੂੰ ਗੁਰੂ ਜੀ ਨੇ ਫਿਟਕਾਰ ਪਾਈ ਹੈ। ਸੂਫ਼ੀਆਂ ਦੇ ਇਕਾਂਤ ਭਰੇ ਜੀਵਨ ਨੂੰ ਗੁਰੂ-ਕਾਵਿ ਵਿਚ ਮਾਨਤਾ ਪ੍ਰਾਪਤ ਨਹੀਂ। ਸ਼ੇਖ਼ ਫ਼ਰੀਦ ਸ਼ੱਕਰ ਗੰਜ ਦੇ ਸੂਫ਼ੀ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਆਦਿ ਗ੍ਰੰਥ ਵਿਚ ਸੰਕਲਿਤ ਉਨ੍ਹਾਂ ਦੇ ਕਾਵਿ ਨਾਲ ਗੁਰੂ ਸਾਹਿਬਾਨ ਵਲੋਂ ਟਿੱਪਣੀਆਂ ਅੰਕਿਤ ਕੀਤੀਆਂ ਗਈਆਂ ਹਨ।

ਸਮੁੱਚੇ ਤੌਰ ਤੇ ਗੁਰੂ-ਕਾਵਿ ਵਿਚ ਸਭ ਧਰਮਾਂ (ਦੇ ਅਨੁਯਾਈਆਂ) ਲਈ ਸਰਬ ਸਾਂਝੀਵਾਲਤਾ ਦਾ ਸੰਦੇਸ਼ ਅੰਕਿਤ ਹੈ ਅਤੇ ਵਿਸ਼ਵ ਭਾਈਚਾਰਾ ਕਾਇਮ ਕਰਨ ਲਈ ਰਾਜਨੀਤਕ, ਸਮਾਜਕ, ਸਭਿਆਚਾਰਕ ਆਰਥਕ ਤੇ ਧਾਰਮਿਕ ਅਗਵਾਈ ਲਈ ਇਸ ਨੂੰ ਅਧਾਰ ਬਣਾ ਸਕਦਾ ਹੈ।

'ਪੁਸਤਕ ਸੂਚੀ'

'ਪੁਸਤਕ ਸੂਚੀ'

ਕ੍ਰਮ ਨੰ:	ਲੇਖਕ/ ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
1.	"	. ਆਦਿ ਗ੍ਰੰਥ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ
2.	ਅਸ਼ੋਕ, ਸ਼ਮਸ਼ੇਰ ਸਿੰਘ (ਸੰ:)	. ਪੁਰਾਤਨ ਜਨਮਸਾਖੀ
3.	" (ਸੰ:)	. ਨੀਰ ਸਾਹਿਤ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1961.
4.	ਸਤਿਆਰਥੀ, ਦੇਵਿੰਦਰ,	. ਗਿੱਧਾ (ਦੂਜਾ ਸੰਸਕਰਣ), ਏਸ਼ੀਆ ਪ੍ਰਕਾਸ਼ਨ ਨਵੀਂ ਦਿੱਲੀ, 1954.
5.	ਸਾਹਿਬ ਸਿੰਘ, ਪ੍ਰਿੰਸੀਪਲ (ਡੀ ਲਿਟ),	. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦਸ ਪੋਥੀਆਂ, ਰਾਜ ਪਬਲਿਸ਼ਰਜ਼, ਜਲੰਧਰ,
6.	"	. ਗੁਰਬਾਣੀ ਵਿਆਕਰਣ, ਪ੍ਰਕਾਸ਼ਕ ਲੇਖਕ, ਅੰਮ੍ਰਿਤਸਰ, 1951
7.	"	. ਸਿੱਖ ਰਹਿਤ ਮਰਯਾਦਾ, (ਦਸਵਾਂ ਸੰਸਕਰਣ), ਸ਼੍ਰੋ: ਗੁ:ਪ੍ਰ:ਕਮੇਟੀ, ਅੰਮ੍ਰਿਤਸਰ, 1970.
8.	ਸੀਕਰੀ, ਐਸ.ਐਲ.	. ਭਾਰਤੀ ਇਤਿਹਾਸ ਦਾ ਮੁਸਲਿਮ ਯੁਗ, ਨਵੀਨ ਐਂਡ ਕੰਪਨੀ ਜਲੰਧਰ, 1973.
9.	ਸੀਤਲ ਜੀਤਸਿੰਘ (ਡਾ:)	. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ ਪੈਪਸੂ ਬੁਕ ਡਿਪੋ ਪਟਿਆਲਾ, 1973.
10.	" (ਸੰ:)	. ਸੂਫੀ ਸੰਤ ਅਤੇ ਸਾਹਿਤ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970
11.	" (ਸੰ:)	. ਮੱਧਕਾਲੀਨ ਪੰਜਾਬੀ ਸਾਹਿਤ, ਭਾਸ਼ਾ ਵਿਭਾਗ ਪਟਿਆਲਾ, 1970
12.	ਸੂਰੀ, ਕਰਤਾਰ ਸਿੰਘ (ਡਾ:)	. ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਜਾਬੀ ਲੇਖਕ ਸਦਨ, ਚੰਡੀਗੜ੍ਹ, 1969.
13.	"	. ਸ਼ਬਦਾਰਥ ਬਾਣੀ ਗੁਰੂ ਗ੍ਰੰਥ ਸਾਹਿਬ, ਚਾਰ ਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
14.	–	. ਸ਼ਬਦਾਰਥ ਬਾਣੀ ਗੁਰੂ ਨਾਨਕ ਦੇਵ ਜੀ ਕੀ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, ?
15.	ਸ਼ਾਨ, ਹਰਨਾਮ ਸਿੰਘ (ਡਾ:)	. ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ, ਪੰ:ਯੂ: ਚੰਡੀਗੜ੍ਹ।
16.	" (ਸੰ:)	. ਸੂਫੀ ਕਾਵਿ ਸੰਗ੍ਰਹਿ, ਪੰ:ਯੂ:ਚੰਡੀਗੜ੍ਹ, 1961
17.	" (ਸੰ:)	. ਪਰਖ ਪੜਚੋਲ, ਪੰ:ਯੂ: ਚੰਡੀਗੜ੍ਹ 1961.

ਕ੍ਰਮ ਨੰ:	ਕਰਤਾ/ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
18.	ਸਾਰਦਾ, ਸਾਧੂ ਰਾਮ,	. ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ।
19.	ਸ਼ੁਕਲ, ਰਾਮ ਚੰਦ੍ਰ	. ਹਿੰਦੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, ਪੰ: 1962.
20.	ਸ਼ੇਰ ਸਿੰਘ ਗਿਆਨੀ, (ਡਾ:)	. ਗੁਰਮਤਿ ਦਰਸ਼ਨ, ਸ਼੍ਰੋ:ਗੁ:ਪ੍ਰ:ਕਮੇਟੀ, ਅੰਮ੍ਰਿਤਸਰ, 1962
21.	ਹਰਿਭਜਨ ਸਿੰਘ, ਪ੍ਰਿੰਸੀਪਲ,	ਗੁਰਮਤਿ ਵਿਆਖਿਆਨ, ਸਿੱਖ ਬ੍ਰਦਰਜ਼, ਅੰਮ੍ਰਿਤਸਰ, 1974
22.	"	. ਦਸ ਗੁਰ ਰਤਨਾਵਲੀ, ਸਤਿਨਾਮ ਪ੍ਰਕਾਸ਼ਨ, ਅੰਮ੍ਰਿਤਸਰ, 1975
23.	ਹੀਰਾ, ਭਗਤ ਸਿੰਘ,	. ਗੁਰਮਤਿ ਵਿਚਾਰਧਾਰਾ, ਨੈਸ਼ਨਲ ਬੁਕ ਸ਼ਾਪ ਦਿੱਲੀ-6, 1969.
24.	ਕਸੇਲ, ਕਿਰਪਾਲ ਸਿੰਘ (ਸੰ:)	. ਪੰਜਾਬੀ ਸਾਹਿਤ ਦਾ ਇਤਿਹਾਸ, (ਦੂਜਾ ਸੰਸਕਰਣ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.
25.	ਕਸੇਲ, ਕਿਰਪਾਲ ਸਿੰਘ ਤੇ ਪ੍ਰਮਿੰਦਰ ਸਿੰਘ	. ਸਾਹਿਤ ਦੇ ਰੂਪ, 1952.
26.	ਕਸੇਲ, ਕਿਰਪਾਲ ਸਿੰਘ, ਪਰਮਿੰਦਰ ਸਿੰਘ ਤੇ ਗੋਬਿੰਦ ਸਿੰਘ ਲਾਂਬਾ।	ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਤੀਜਾ ਸੰਸਕਰਣ . ਲਾਹੌਰ ਬੁਕ ਸ਼ਾਪ, ਲੁਧਿਆਣਾ।
27.	ਕਨਿੰਘਮ, ਜੋਜ਼ਫ ਡੇਵਿਡ	. ਸਿਖ ਇਤਿਹਾਸ (ਅਨੁ: ਗੁਰਮੁਖ ਸਿੰਘ ਗੁਰਮੁਖ) ਲਾਹੌਰ ਬੁਕ ਸ਼ਾਪ, ਲੁਧਿਆਣਾ।
28.	ਕਰਤਾਰ ਸਿੰਘ (ਪ੍ਰੋ:)	. ਸਿਖ ਗੁਰੂ ਸਾਹਿਬਾਨ ਤੇ ਭੂਤ ਕਾਲ, ਸ਼੍ਰੋ:ਗੁ:ਪ੍ਰ:ਕਮੇਟੀ, ਅੰਮ੍ਰਿਤਸਰ, 1973.
29.	ਕਵੀਸ਼ਰ, ਸਰਦੂਲ ਸਿੰਘ,	. ਸਿਖ ਧਰਮ ਦਰਸ਼ਨ ਪੰਜਾਬੀ ਯੂ: ਪਟਿਆਲਾ, 1969.
30.	ਗੁਰਦਾਸ, ਭਾਈ,	ਵਾਰਾਂ (ਦੂਜਾ ਸੰਸਕਰਣ), ਸ਼੍ਰੋ:ਗੁ:ਪ੍ਰ:ਕਮੇਟੀ, ਅੰਮ੍ਰਿਤਸਰ, 196[illegible]
31.	ਗੁਰਦਿੱਤ ਸਿੰਘ, ਗਿਆਨੀ,	. ਮੇਰਾ ਪਿੰਡ, ਸਾਹਿਤ ਪ੍ਰਕਾਸ਼ਨ ਚੰਡੀਗੜ੍ਹ, 1961.
32.	ਗੁਰਮੁਖ ਨਿਹਾਲ ਸਿੰਘ (ਸੰ:)	. ਗੁਰੂ ਨਾਨਕ ਜੀਵਨ, ਯੁਗ ਅਤੇ ਉਪਦੇਸ਼, ਗੁਰੂ ਨਾਨਕ ਫਾਊਂਡੇਸ਼ਨ, ਦਿੱਲੀ 1969.
33.	ਤੇਜਾ ਸਿੰਘ, ਪ੍ਰਿੰਸੀਪਲ,	. ਸਿਖ ਧਰਮ ਫਿਲਾਸਫੀ,
34.	ਗੰਡਾ ਸਿੰਘ (ਡਾ:)	. ਪੰਜਾਬ ਦੀ ਵਾਰਾਂ
35.	ਚਰਨ ਸਿੰਘ, ਡਾਕਟਰ,	. [illegible] (ਜਿਲਦ ਦੂਜੀ), ਖਾਲਸਾ ਸਮਾਚਾਰ, ਅੰਮ੍ਰਿਤਸਰ, 1941.
36.	ਜੱਗੀ, ਰਤਨ ਸਿੰਘ (ਡਾ:),	ਗੁਰੂ ਨਾਨਕ ਦੀ ਵਿਚਾਰਧਾਰਾ, ਨਵਯੁਗ ਪਬਲਿਸ਼ਰਜ਼ ਦਿੱਲੀ, 196[illegible]
37.	"	. ਵਿਚਾਰਧਾਰਾ, ਮਦਾਨ ਪਬਲਿਸ਼ਰਜ਼, ਪਟਿਆਲਾ, 1966.
38.	"	. ਗੁਰੂ ਨਾਨਕ, ਜੀਵਨ ਤੇ ਵਿਅਕਤਿਤਵ।
39.	ਜੈਨੀ, ਲਾਲ ਮਣੀ ਅਤੇ ਸ਼ਾਰਦਾ ਗਾਂਧੀ, (ਸੰ: ਅਤੇ ਅਨੁਵਾਦਕ),	. ਧਮਪਦ, ਪੰਜਾਬੀ ਯੂ: ਪਟਿਆਲਾ, 1969.
40.	ਜੋਗਿੰਦਰ ਸਿੰਘ, ਪ੍ਰੋਫੈਸਰ	ਸ੍ਰੀ ਗੁਰੂ ਗ੍ਰੰਥ ਦਰਪਣ, ਪੰਜਾਬੀ ਪ੍ਰਕਾਸ਼ਨ, ਨਵੀਂ ਦਿੱਲੀ, 1966

ਕ੍ਰਮ ਨੰ:	ਕਰਤਾ/ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
41.	ਜੋਧ ਸਿੰਘ, ਡਾਕਟਰ ਭਾਈ,	. ਗੁਰਮਤਿ ਨਿਰਣੈ, ਲਾਹੌਰ ਬੁਕ ਸ਼ਾਪ ਲੁਧਿਆਣਾ, 1945.
42.	"	. ਗੁਰੂ ਨਾਨਕ ਸਿਮ੍ਰਿਤੀ ਵਿਆਖਿਆਨ, ਪੰਜਾਬੀ ਯੂ: ਪਟਿਆਲਾ 1966-67.
43.	"	. ਭਗਤ ਰਵਿਦਾਸ, ਜੀਵਨ ਤੇ ਰਚਨਾ, ਪੰਜਾਬੀ ਯੂ: ਪਟਿਆਲਾ 1974.
44.	"	. ਗੁਰੂ ਨਾਨਕ ਮੱਤ ਦਰਪਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.
45.	"	. ਗੁਰੂ ਨਾਨਕ ਦੀ ਸਿੱਖਿਆ, ਨਵਯੁਗ ਪਬਲਿਸ਼ਰਜ਼, ਦਿੱਲੀ 19..
46.	"	. ਸਿਧ ਗੋਸਟਿ ਅਧਿਐਨ, ਗੁਰੂ ਨਾਨਕ ਦੇਵ ਯੂ: ਅੰਮ੍ਰਿਤਸਰ,
47.	"	. ਸਿਖ ਗੁਰੂ ਸਾਹਿਬਾਨ ਦੇ [illegible], ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ।
48.	ਤਾਰਨ ਸਿੰਘ (ਡਾ:)	. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ, 1963.
49.	"	. ਗੁਰੂ ਨਾਨਕ ਚਿੰਤਨ ਤੇ ਕਲਾ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1963.
50.	"	. ਗਤੀ ਤੇ ਸੁਰਤੀ, ਕਰਤਾਰ ਸਿੰਘ ਐਂਡ ਸਨਜ਼, ਅੰਮ੍ਰਿਤਸਰ।
51.	"	. ਸਹਿਜ ਤੇ ਅਨੰਦ, ਕਰਤਾਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 19
52.	"	. ਨੇਮ ਤੇ ਪ੍ਰੇਮ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1968.
53.	"	. ਗੁਰੂ ਅੰਗਦ ਦੇਵ ਜੀ, ਪੰਜਾਬੀ ਯੂ: ਪਟਿਆਲਾ, 1975.
54.	"	. ਗੁਰੂ ਤੇਗ ਬਹਾਦਰ, ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਜਾਬੀ ਯੂ: ਪਟਿਆਲਾ, 1976.
55.	ਤਾਰਨ ਸਿੰਘ (ਡਾ:) ਅਤੇ ਦਰਸ਼ਨ ਸਿੰਘ (ਪ੍ਰੋ:)	. ਮੁਹਾਵਰਾ ਤੇ ਅਖਾਣ ਕੋਸ਼, ਪੰਜਾਬੀ ਯੂ: ਪਟਿਆਲਾ, 1969.
56.	ਤਿਵਾੜੀ, ਵਿਸ਼ਵਾਨਾਥ (ਡਾ:),	ਕ੍ਰਾਂਤੀਕਾਰੀ ਗੁਰੂ ਨਾਨਕ, ਪੰਜਾਬ ਯੂ: ਚੰਡੀਗੜ੍ਹ।
57.	ਤੇਜਾ ਸਿੰਘ ਪ੍ਰਿੰਸੀਪਲ,	. ਸਾਹਿਤ ਦਰਸ਼ਨ, ਪ੍ਰਕਾਸ਼ ਪੁਸਤਕਾਲਾ, ਪਟਿਆਲਾ 1951.
58.	ਥਿੰਦ, ਕਰਨੈਲ ਸਿੰਘ (ਡਾ:)	. ਆਦਿਕਾਲ ਤੇ ਮਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ, ਪ੍ਰਕਾਸ਼ਨ, ਅੰਮ੍ਰਿਤਸਰ, 1973.
59.	ਦਰਦੀ, ਗੋਪਾਲ ਸਿੰਘ (ਡਾ),	. ਪੰਜਾਬੀ ਸਾਹਿਤ ਦਾ ਇਤਿਹਾਸ, ਤੀਜਾ ਸੰਸਕਰਣ, ਜਸਵੰਤ ਪਬਲੀਕੇਸ਼ਨਜ਼, ਦਿੱਲੀ, 1952.
60.	"	. ਸਾਹਿਤ ਦੀ ਪਰਖ, ਅੰਮ੍ਰਿਤਸਰ, 1953
61.	"	. ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਪੰਜਾਬੀ ਸਾਹਿਤ ਅਕਾਡਮੀ, ਦਿੱਲੀ, 1958.
62.	ਦਲੇਰ, ਅਵਤਾਰ ਸਿੰਘ (ਡਾ)	. ਪੰਜਾਬੀ ਲੋਕ ਗੀਤ (ਪਰੰਪਰਾ ਤੇ ਵਿਕਾਸ) ਨਿਊ ਬੁਕ ਕੰ: ਜਾਲੰਧਰ, 1954.

ਕ੍ਰਮ ਨੰ:	ਲੇਖਕ ਕਰਤਾ/ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
63.	ਗਿੱਲ, ਬਲਬੀਰ ਸਿੰਘ,	. ਅਮਰ ਕਵੀ ਗੁਰੂ ਅਮਰਦਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1975.
64.	ਦੀਵਾਨ ਸਿੰਘ (ਡਾ:)	. ਸੂਫੀਮਤ ਤੇ ਹੋਰ ਲੇਖ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1957
65.	"	. ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, ਫਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1968.
66.	"	. ਕਾਵਿ ਦਰਸ਼ਨ
67.	ਨਾਭਾ, ਕਾਨ੍ਹ ਸਿੰਘ ਭਾਈ,	. ਗੁਰ ਸ਼ਬਦ ਰਤਨਾਕਰ, ਮਹਾਨ ਕੋਸ਼, (ਦੂਜਾ ਸੰਸਕਰਣ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.
68.	"	. ਗੁਰ ਛੰਦ ਦਿਵਾਕਰ, ਸੁਦਰਸ਼ਨ ਪ੍ਰੈਸ ਅੰਮ੍ਰਿਤਸਰ, 1924
69.	"	. ਗੁਰਮਤਿ ਮਾਰਤੰਡ (ਦੋਨੋ ਭਾਗ), ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ 1962.
70.	"	. ਗੁਰਮਤਿ ਸੁਧਾਕਰ, ਗੁਰਮਤਿ ਪ੍ਰੈਸ, ਅੰਮ੍ਰਿਤਸਰ।
71.	"	. ਗੁਰਮਤਿ ਪ੍ਰਭਾਕਰ, ਗੁਰਮਤਿ ਪ੍ਰੈਸ, ਅੰਮ੍ਰਿਤਸਰ।
72.	ਪਦਮ, ਪਿਆਰਾ ਸਿੰਘ,	. ਆਦਿ ਗੁਰੂ ਗ੍ਰੰਥ ਦੀ ਕਹਾਣੀ, ਪੰਜਾਬੀ ਯੂ: ਪਟਿਆਲਾ, 1967.
73.	"	. ਗੁਰੂ ਗ੍ਰੰਥ ਵਿਚਾਰ ਕੋਸ਼, ਉਹੀ, 1969.
74.	" ਪ੍ਰਤਾਪ ਸਿੰਘ, ਗਿਆਨੀ	
74.	ਪ੍ਰਤਾਪ ਸਿੰਘ ਗਿਆਨੀ,	. ਗੁਰਮਤਿ ਫਿਲਾਸਫੀ, ਸਿਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1951
75.	ਪ੍ਰੀਤਮ ਸਿੰਘ (ਪ੍ਰੋਫੈਸਰ),	. ਸਿਖ ਵਿਚਾਰਧਾਰਾ, ਦੂਜਾ ਸੰਸਕਰਣ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ, 1968.
76.	"	. ਸਿਖ ਫਲਸਫੇ ਦੀ ਰੂਪ ਰੇਖਾ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ।
77.	ਪ੍ਰੇਮ ਪ੍ਰਕਾਸ਼ ਸਿੰਘ (ਡਾ:)	ਗੁਰੂ ਨਾਨਕ ਤੇ ਨਿਰਗੁਣਧਾਰਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973.
78.	"	. ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1976.
79.	"	. ਸਾਹਿਤ ਵਿਵੇਚਨ
80.	ਪੀਲੂ	. ਮਿਰਜ਼ਾ ਸਾਹਿਬਾਂ
81.	ਪੂਰਨ ਸਿੰਘ ਪ੍ਰੋਫੈਸਰ,	. ਖੁਲ੍ਹੇ ਲੇਖ, ਅਤਰਚੰਦ ਕਪੂਰ ਐਂਡ ਸਨਜ਼, ਦਿੱਲੀ, 1952
82.	-	. ਪੰਜਾਬੀ ਸਾਹਿਤ ਕੋਸ਼ (ਪਰਿਭਾਸ਼ਕ ਸ਼ਬਦਾਵਲੀ), ਭਾਗ ਪਹਿਲਾ, ਪੰਜਾਬੀ ਯੂ: ਪਟਿਆਲਾ, 1971.
83.	-	. ਪੰਜਾਬੀ ਸਾਹਿਤ ਦਾ ਇਤਿਹਾਸ, ਪੰ: ਯੂ: ਚੰਡੀਗੜ੍ਹ, 1967
84.	-	. ਪੰਜਾਬੀ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
85.	ਫੌਜਾ ਸਿੰਘ (ਡਾ:)	. ਪੰਜਾਬ ਦਾ ਇਤਿਹਾਸ, ਪੰਜਾਬੀ ਯੂ: ਪਟਿਆਲਾ, 1968.

ਕ੍ਰਮ ਨੰ:	ਕਰਤਾ / ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
86.	ਫੌਜਾ ਸਿੰਘ(ਡਾ:) ਅਤੇ ਤਾਰਨ ਸਿੰਘ(ਡਾ:), ਸੰਪਾਦਕ,	. ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ, ਪੰਜਾਬੀ ਯੂ: ਪਟਿਆਲਾ
87.	ਬੜਥਵਾਲ, ਪੀਤੰਬਰ ਦੱਤ, (ਡਾ:)	. ਗੋਰਖਬਾਣੀ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ।
88.	ਬਾਹਰੀ, ਸੀਤਾ ਰਾਮ (ਡਾ:)	ਸਾਹਿਤ ਮੰਥਨ,
89.	"	. ਗੁਰੂ ਨਾਨਕ ਕਾ ਹਿੰਦੀ ਕਾਵਯ, ਪੰ: ਯੂ: ਲਾਇਬ੍ਰੇਰੀ, ਚੰਡੀਗੜ੍ਹ।
90.	ਬਾਵਾ ਬੁਧ ਸਿੰਘ,	. ਬੰਬੀਹਾ ਬੋਲ, ਲੁਧਿਆਣਾ, 1985.
91.	"	. ਕੋਇਲ ਕੂ, ਲੁਧਿਆਣਾ 1949
92.	"	. ਹੰਸ ਚੋਗ, ਲੁਧਿਆਣਾ, 1950.
93.	ਬੇਦੀ, ਸੋਹਿੰਦਰ ਸਿੰਘ(ਡਾ:) (ਵਣਜਾਰਾ ਬੇਦੀ)	. ਪੰਜਾਬ ਦਾ ਲੋਕ ਸਾਹਿਤ, ਨਵਯੁਗ ਪਬਲਿਸ਼ਰਜ਼, ਦਿੱਲੀ
94.	"	. ਲੋਕ ਆਖਦੇ ਹਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ 1959.
95.	ਬੇਦੀ, ਕਾਲਾ ਸਿੰਘ (ਡਾ:	. ਗੁਰੂ ਨਾਨਕ ਦਰਸ਼ਨ, ਪੰਜਾਬੀ ਪ੍ਰਕਾਸ਼ਕ, ਦਿੱਲੀ 1965.
96.	"	. ਗੁਰੂ ਨਾਨਕ ਨਿਰੰਕਾਰੀ, ਪੰਜਾਬੀ ਬੁਕ ਸਟੋਰ, ਪਹਾੜ ਗੰਜ, ਨਵੀਂ ਦਿੱਲੀ, 1966.
97.	"	. ਗੁਰੂ ਨਾਨਕ ਭਾਸ਼ਾ, 1962
98.	"	. ਵਾਰਤਾਕਾਰ ਗੁਰੂ ਨਾਨਕ, ਪੰਜਾਬੀ ਬੁਕ ਸਟੋਰ, ਨਵੀਂ ਦਿੱਲੀ, 1968.
99.	"	. ਗੁਰੂ ਨਾਨਕ ਸ਼ਬਦ ਰਤਨਾਕਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1969.
100.	ਮਹਿੰਦਰ ਕੌਰ (ਡਾ:)	. ਗੁਰੂ ਅਰਜਨ, ਜੀਵਨ ਤੇ ਬਾਣੀ।
101.	ਮਨਮੋਹਨ ਸਿੰਘ, (ਡਾ:)	. ਗੁਰੂ ਨਾਨਕ ਤੇ ਭਗਤੀ ਅੰਦੋਲਨ, ਮਨਦੀਪ ਪ੍ਰਕਾਸ਼ਨ ਦਿੱਲੀ-15
102.	ਮਾਦਪੁਰੀ, ਸੁਖਦੇਵ ਸਿੰਘ,	. ਲੋਕ ਬੁਝਾਰਤਾਂ, ਲਾਹੌਰ ਬੁਕ ਸ਼ਾਪ, ਲੁਧਿਆਣਾ।
103.	ਮੁਹੰਮਦ ਯੂਸਫ਼, ਐਮ.(ਸੰ:)	. ਕੁਰਾਨ ਸ਼ਰੀਫ਼, ਅਖ਼ਬਾਰ ਨੂਰ, ਕਾਦੀਆਂ
104.	ਮੋਹਨ ਸਿੰਘ (ਡਾ:)(ਸੰ:)	. ਸੂਫ਼ੀਆਂ ਦਾ ਕਲਾਮ, ਸ਼ਾਮ ਦੀ ਹੱਟੀ, ਅੰਮ੍ਰਿਤਸਰ, 1943
105.	"	. ਪੰਜਾਬੀ ਅੱਦਬ ਦੀ ਮੁਖ਼ਤਸਰ ਤਾਰੀਖ਼, ਅੰਮ੍ਰਿਤਸਰ, 1988.
106.	"	. ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, ਪੰ: ਯੂ: ਚੰਡੀਗੜ੍ਹ, 1958
107.	"	. ਕਾਫ਼ੀਆਂ ਬੁਲ੍ਹੇ ਸ਼ਾਹ.
108.	"	. ਸ਼ਾਹ ਹੁਸੈਨ
109.	ਰੰਧਾਵਾ, ਮਹਿੰਦਰ ਸਿੰਘ, (ਡਾ)(ਸੰ:)	. ਪੰਜਾਬ ਦੇ ਲੋਕ ਗੀਤ, ਸਾਹਿਤ ਸੰਗਮ ਲੁਧਿਆਣਾ, 1955
110.	"	. ਪੰਜਾਬ, ਭਾਸ਼ਾ ਵਿਭਾਗ, ਪਟਿਆਲਾ, 1960.

ਕ੍ਰਮ ਨੰ:	ਕਰਤਾ/ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
111.	ਰੰਧਾਵਾ ਮਹਿੰਦਰ ਸਿੰਘ (ਡਾ:) ਅਤੇ ਦੇਵਿੰਦਰ ਸਤਿਆਰਥੀ (ਸੰ:)	. ਪੰਜਾਬੀ ਲੋਕ ਗੀਤ, ਸਾਹਿਤ ਅਕਾਦਮੀ, ਨਵੀਂ ਦਿੱਲੀ, 1963.
112.	ਲਾਲ ਸਿੰਘ, ਗਿਆਨੀ,	. ਗੁਰੂ ਗ੍ਰੰਥ-ਸਿਧਾਂਤ ਸੰਗ੍ਰਹਿ, ਗੁਰਮਤਿ ਪ੍ਰੈਸ ਅੰਮ੍ਰਿਤਸਰ, 1953
113.	ਲੂਨਾ ਚਾਰਸਕੀ ਅਨਾਤੋਲੀ	. ਸਾਹਿਤ ਤੇ ਕਲਾ, (ਅਨੁ: ਨਵਜੋਤ ਸਿੰਘ) ਨਵਯੁਗ ਪਬਲਿਸ਼ਰਜ਼, ਦਿੱਲੀ-6, 1975.
114.	ਵੀਰ ਸਿੰਘ ਭਾਈ (ਡਾਕਟਰ)	. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ 7), ਅੰਮ੍ਰਿਤਸਰ, 1958-62.
115.	"	. ਸ੍ਰੀ ਗੁਰੂ ਨਾਨਕ ਚਮਤਕਾਰ (ਦੋਨੋ ਭਾਗ) ਖਾਲਸਾ ਸਮਾਚਾਰ, ਅੰਮ੍ਰਿਤਸਰ, 1960.
116.	"	. ਅਸ਼ਟ ਗੁਰ ਚਮਤਕਾਰ, ਖਾਲਸਾ ਸਮਾਚਾਰ, ਅੰਮ੍ਰਿਤਸਰ, 1957
117.	" (ਸੰ:)	. ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਖਾਲਸਾ ਸਮਾਚਾਰ, ਅੰਮ੍ਰਿਤਸਰ, 1952.

ਹਿੰਦੀ/ ਸੰਸਕ੍ਰਿਤ ਦੀਆਂ ਪੁਸਤਕਾਂ

118.	ਉਪਾਧਿਆਇ, ਕ੍ਰਿਸ਼ਨਦੇਵ	ਲੋਕ ਸਾਹਿਤਯ ਕੀ ਭੂਮਿਕਾ, ਸਾਹਿਤਯ ਭਵਨ, ਇਲਾਹਾਬਾਦ, 1957.
119.	ਉਪਾਧਿਆਇ, ਬਲਦੇਵ (ਡਾ:)	. ਭਾਰਤੀਯ ਦਰਸ਼ਨ-ਸ਼ਾਰਦਾ ਮੰਦਰ ਕਾਸ਼ੀ, 1966.
120.	"	ਭਾਰਤੀਯ ਸਾਹਿਤਯ ਸ਼ਾਸਤਰ।
121.	ਉਪਾਧਿਆਇ, ਵਿਸ਼ਵੰਭਰ ਨਾਥ	. ਹਿੰਦੀ ਸਾਹਿਤਯ ਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ
122.	-	. ਗੀਤਾ (ਸ੍ਰੀਮਦ ਭਾਗਵਤ) ਗੀਤਾ ਪ੍ਰੈਸ ਗੋਰਖਪੁਰ, 1950.
123.	ਗੁਪਤਾ, ਮੋਤੀਲਾਲ (ਡਾ:)	. ਭਾਰਤੀਯ ਸਾਮਾਜਿਕ ਸੰਸਥਾਏਂ, ਰਾਜਿਸਥਾਨ ਹਿੰਦੀ ਗ੍ਰੰਥ ਅਕਾਦਮੀ, ਜੈਪੁਰ, 1973.
124.	ਗੁਲਾਬ ਰਾਏ (ਡਾ:)	. ਕਾਵਯ ਕੇ ਰੂਪ (ਪੰਜਵਾਂ ਸੰਸਕਰਣ) ਆਤਮਾ ਰਾਮ ਐਂਡ ਸਨਜ਼, ਦਿਲੀ, 1964.
125.	ਚਤੁਰਵੇਦੀ, ਪਰਸ਼ੁਰਾਮ, ਆਚਾਰੀਆ.	ਉੱਤਰੀ ਭਾਰਤ ਕੀ ਸੰਤ ਪਰੰਪਰਾ (ਦੂਜਾ ਸੰਸਕਰਣ) ਭਾਰਤੀ ਭਵਨ, ਇਲਾਹਾਬਾਦ, 1964.
126.	"	. ਮਧਯਕਾਲੀਨ ਪ੍ਰੇਮ ਸਾਧਨਾ, ਸਾਹਿਤਯ ਭਵਨ, ਇਲਾਹਾਬਾਦ, 195
127.	"	. ਹਿੰਦੀ ਸਾਹਿਤ ਕਾ ਵਿਰਤ ਇਤਿਹਾਸ, ਨਾਗਰੀ ਪ੍ਰਚਾਰਨੀ ਸਭਾ ਵਾਰਾਨਸੀ।
128.	ਚੌਰਸੀਆ, ਕੇਸ਼ਨੀ ਪ੍ਰਸਾਦ (ਡਾ:).	ਮਧਯਕਾਲੀਨ ਹਿੰਦੀ ਸੰਤ ਵਿਚਾਰ ਔਰ ਸਾਧਨਾ, ਹਿੰਦੁਸਤਾਨੀ ਅਕਾਦਮੀ ਇਲਾਹਾਬਾਦ।

ਕ੍ਰਮ ਨੰ:	ਕਰਤਾ/ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
129.	ਜਗਨ ਨਾਥ, ਆਚਾਰੀਆ,	. ਰਸ ਗੰਗਾ ਧਰ, ਵਿਦਿਆ ਭਵਨ ਵਾਰਾਨਸੀ, 1955
130.	ਜਗਬੀਰ ਸਿੰਘ (ਡਾ:)	. ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
131.	ਤ੍ਰਿਗੁਣਾਇਤ, ਗੋਬਿੰਦ (ਡਾ:)	. ਹਿੰਦੀ ਕੀ ਨਿਰਗੁਣ ਕਾਵਯ ਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ, ਸਾਹਿਤਯ ਨਿਕੇਤਨ, ਕਾਨ੍ਹਪੁਰ, 1961.
132.	"	. ਕਬੀਰ ਕੀ ਵੀਚਾਰ ਧਾਰਾ (ਦੂਜਾ ਸੰਸਕਰਣ), ਸਾਹਿਤਯ ਨਿਕੇਤਨ ਕਾਨ੍ਹਪੁਰ, 1957.
133.	"	. ਸ਼ਾਸਤਰੀਯ ਸਮੀਕਸ਼ਾ ਕੇ ਸਿਧਾਂਤ, ਐਸ.ਚੰਦ ਐਂਡ ਕੰਪਨੀ, ਦਿਲੀ 1968.
134.	ਜੱਗੀ ਰਤਨ ਸਿੰਘ,	ਗੁਰੂ ਨਾਨਕ, ਵਿਅਕਤਿਤਵ, ਕ੍ਰਿਤਿਤਵ ਤੇ ਚਿੰਤਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1975.
135.	ਤ੍ਰਿਪਾਠੀ, ਰਾਮ ਮੂਰਤੀ	. ਆਦਿ ਕਾਲੀਨ ਹਿੰਦੀ ਸਾਹਿਤਯ ਕੀ ਸਾਂਸਕ੍ਰਿਤਕ ਪੀਠਿਕਾ, ਮਧਯ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ, ਭੋਪਾਲ, 1973.
136.	ਤਿਲਕ, ਬਾਲ ਗੰਗਾਧਰ,	. ਗੀਤਾ ਰਹੱਸਯ, ਤਿਲਕ ਬ੍ਰਦਰਜ਼, ਪੂਨਾ 1935
137.	ਤਿਵਾੜੀ, ਵਿਸ਼ਵਾ ਨਾਥ	. ਨਾ ਕੋ ਹਿੰਦੂ ਨ ਮੁਸਲਮਾਨ, ਪੰ:ਯੂ:ਚੰਡੀਗੜ੍ਹ, 1972.
138.	ਦ੍ਵਿਵੇਦੀ, ਹਜ਼ਾਰੀ ਪ੍ਰਸਾਦ(ਡਾ:)	. ਮਧਯ ਕਾਲੀਨ ਧਰਮ ਸਾਧਨਾ (ਤੀਜਾ ਸੰਸਕਰਣ) ਸਾਹਿਤਯ ਭਵਨ, ਇਲਾਹਾਬਾਦ, 1962.
139.	"	. ਕਬੀਰ, ਹਿੰਦੀ ਗ੍ਰੰਥ ਰਤਨਾਕਰ, ਬੰਬਈ-4.
140.	ਦੀਪ, ਦਲੀਪ ਸਿੰਘ,(ਡਾ:)	. ਜਪੁਜੀ ਇਕ ਤੁਲਨਾਤਮਕ ਅਧਿਐਨ, ਪੰਜਾਬੀ ਬੁਕ ਸਟੋਰ, ਨਵੀਂ ਦਿੱਲੀ, 1969.
141.	ਦੇਵ ਰਾਜ (ਡਾ:)	. ਭਾਰਤੀਯ ਸੰਸਕ੍ਰਿਤੀ ਸੂਚਨਾ ਵਿਭਾਗ, ਉੱਤਰ ਪ੍ਰਦੇਸ਼ ਲਖਨਊ, 1960.
142.	ਪਾਂਡੇ, ਰਾਜਬਲੀ (ਡਾ:)	ਮਧਯਕਾਲੀਨ ਹਿੰਦੀ ਸਾਹਿਤਯ ਮੇਂ ਨਾਰੀ ਭਾਵਨਾ, ਹਿੰਦੀ ਸਾਹਿਤਯ, ਸੰਸਾਰ, ਦਿੱਲੀ-6.
143.	"	. ਹਿੰਦੂ ਸੰਸਕਾਰ
144.	ਪਾਂਡੇ, ਰਾਮ ਖੇਲਾਵਨ(ਡਾ:)	. ਮਧਯਕਾਲੀਨ ਸੰਤ ਸਾਹਿਤਯ, ਹਿੰਦੀ ਪ੍ਰਚਾਰਕ ਪੁਸਤਕਾਲਯ ਵਾਰਾਨਸੀ।
145.	ਬਦਰੀਨਾਥ ਸਿੰਘ, ਪ੍ਰੋਫੈਸਰ,	. ਭਾਰਤੀਯ ਦਰਸ਼ਨ, ਸਟੂਡੈਂਟਸ ਫਰੈਂਡਜ਼ ਐਂਡ ਕੰ: ਵਾਰਾਨਸੀ, 1965
146.	ਬੜਥਵਾਲ, ਪੀਤਾਂਬਰ ਦੱਤ(ਡਾ:)	. ਗੋਰਖ ਬਾਣੀ (ਤੀਜਾ ਸੰਸਕਰਣ) ਹਿੰਦੀ ਸਾਹਿਤਯ, ਸੰਮੇਲਨ ਪ੍ਰਯਾਗ, 1960.
147.	"	. ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ਅਵਧ ਪਬਲਿਸ਼ਿੰਗ ਹਾਊਸ, ਲਖਨਊ।

ਕ੍ਰਮ ਨੰ:	ਕਰਤਾ/ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
148.	ਭੱਟ, ਗੌਰੀ ਸ਼ੰਕਰ	. ਭਾਰਤੀਯ ਸੰਸਕ੍ਰਿਤੀ: ਏਕ ਸਮਾਜ ਸ਼ਾਸਤ੍ਰੀਯ ਆਯਾਮ; ਸਾਹਿਤ੍ਯ ਸਦਨ, ਦੇਹਰਾਦੂਨ, 1965.
149.	ਮਜੀਠੀਆ, ਸੁਦਰਸ਼ਨ ਸਿੰਘ (ਡਾ:)	. ਸੰਤ ਸਾਹਿਤ੍ਯ, ਰੂਪ ਕਮਲ ਪ੍ਰਕਾਸ਼ਨ, ਦਿੱਲੀ-6
150.	ਮਿਸ਼੍ਰ, ਜੈ ਰਾਮ (ਡਾ:)	. ਸ੍ਰੀ ਗੁਰੂ ਗ੍ਰੰਥ ਦਰਸ਼ਨ, ਸਾਹਿਤ੍ਯ ਭਵਨ, ਇਲਾਹਾਬਾਦ, 1960.
151.	"	. ਨਾਨਕ ਵਾਣੀ, ਮਿਤ੍ਰ ਪ੍ਰਕਾਸ਼ਨ, ਇਲਾਹਾਬਾਦ, 1961
152.	"	. ਗੁਰੂ ਨਾਨਕ ਦੇਵ, ਜੀਵਨ ਔਰ ਦਰਸ਼ਨ, ਲੋਕ ਭਾਰਤੀ ਪ੍ਰਕਾਸ਼ਨ,
153.	ਮਿਸ਼੍ਰ, ਭਗੀਰਥ, (ਡਾ:)	ਕਾਵ੍ਯ ਸ਼ਾਸਤ੍ਰ (ਤੀਜਾ ਸੰਸਕਰਣ), ਵਿਸ਼ਵ ਵਿਦਿਆਲਯ, ਪ੍ਰਕਾਸ਼ਨ, 1966.
154.	ਮਿਸ਼੍ਰ, ਰਾਮ ਦਹਨ,	. ਕਾਵ੍ਯ ਦਰਪਨ, 1960.
155.	ਸੈਣੀ, ਧਰਮ ਪਾਲ,	. ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਪਰਿਚਯ, 1962.
156.	ਮੋਤੀ ਸਿੰਘ (ਡਾ:)	. ਨਿਰਗੁਣ ਸਾਹਿਤ੍ਯ-ਸਾਂਸਕ੍ਰਿਤਕ ਪ੍ਰਿਸ਼ਠ ਭੂਮੀ ਨਾਗਰੀ ਪ੍ਰਚਾਰਨੀ ਸਭਾ, ਵਾਰਾਣਸੀ, 1962.
157.	ਮੰਨੂੰ (ਟੀਕਾਕਾਰ ਜਗਤਰੀ, ਹੋ ਹਰ ਗੋਬਿੰਦ)	. ਮੰਨੂ ਸਿਮ੍ਰਤੀ, ਸੰਸਕ੍ਰਿਤ ਸੀਰੀਜ਼ ਬਨਾਰਸ, 1952.
158.	ਮੰਮਟ, ਆਚਾਰੀਆ	. ਕਾਵ੍ਯ ਪ੍ਰਕਾਸ਼ (ਸੰ: ਨਗੇਂਦ੍ਰ), 1960.
159.	ਰਾਧਾ ਕ੍ਰਿਸ਼ਨਨ, (ਡਾ:)	.(ਅਨੁਵਾਦਿਕ ਨੰਦ ਕਿਸ਼ੋਰ ਗੋਇਲ, ਵਿਦਿਆ ਲੰਕਾਰ) ਭਾਰਤੀਯ ਦਰਸ਼ਨ (ਭਾਗ ਪਹਿਲਾ, ਦੂਜਾ ਸੰਸਕਰਣ) ਰਾਜਪਾਲ ਐਂਡ ਸੰਨਜ਼ ਦਿੱਲੀ-6, 1969.
160.	"	ਧਰਮ ਔਰ ਸਮਾਜ, ਹਿੰਦੀ ਪਾ: ਪ੍ਰੈਸ, ਦਿੱਲੀ, 1960.
161.	"	. ਜੀਵਨ ਕੀ ਅਧਿਆਤਮਕ ਦ੍ਰਿਸ਼ਟੀ, ਰਾਜ ਕਮਲ ਪ੍ਰਕਾਸ਼ਨ ਦਿੱਲੀ, 1962.
162.	ਰਾਂਗੇ ਰਾਘਵ	. ਗੋਰਖ ਨਾਥ ਔਰ ਉਨ ਕਾ ਯੁਗ, ਦਿੱਲੀ, 1963
163.	ਲਾਲ ਸਿੰਘ (ਡਾਇਰੈਕਟਰ ਜਨਰਲ ਸੰਪਾਦਕ)	. ਗੁਰੂ ਨਾਨਕ ਵਚਨਾਵਲੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
164.	"	. ਵਾਣੀ ਗੁਰੂ ਅੰਗਦ ਦੇਵ ਜੀ, ਉਹੀ, 1970
165.	"	ਵਾਣੀ ਗੁਰੂ ਅਮਰਦਾਸ , ਉਹੀ, 1969.
166.	"	. ਗੁਰੂ ਰਾਮਦਾਸ ਜੀ ਕੀ ਵਾਣੀ, ਉਹੀ, 1962.
167.	"	. ਗੁਰੂ ਅਰਜਨ ਦੇਵ ਕੀ ਵਾਣੀ, ਉਹੀ, 1961
168.	"	. ਵਾਣੀ ਗੁਰੂ ਤੇਗ ਬਹਾਦਰ, ਉਹੀ, 1970.
169.	"	. ਗੁਰਮੁਖ ਰਤਨ ਪ੍ਰਕਾਸ਼ (ਗੁਰ ਤਤਕਰਾ), ਉਹੀ, 1970.
170.	ਵਰਮਾ, ਰਾਮ ਕੁਮਾਰ (ਡਾ:)	. ਹਿੰਦੀ ਸਾਹਿਤ੍ਯ ਕਾ ਆਲੋਚਨਾਤਮਕ ਇਤਿਹਾਸ, (ਤੀਜਾ ਸੰਸਕਰਣ) ਰਾਮ ਨਰਾਇਣ ਪਬਲਿਸ਼ਰਜ਼, ਇਲਾਹਾਬਾਦ, 1964.

ਕ੍ਰਮ ਨੰ:	ਕਰਤਾ/ ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
171.	ਵਰਮਾ, ਰਾਮਕੁਮਾਰ (ਡਾ:)	. ਸੰਤ ਕਬੀਰ (ਰੇਖਾ ਸੰਸਕਰਣ), ਸਾਹਿਤ੍ਯ ਭਵਨ, ਇਲਾਹਾਬਾਦ, 1957.
172.	ਵਿਦਿਆ ਲੰਕਾਰ, ਸਤਯਕੇਤੂ	. ਭਾਰਤੀਯ ਸੰਸਕ੍ਰਿਤੀ ਔਰ ਉਸ ਕਾ ਇਤਿਹਾਸ, ਸਰਸਵਤੀ ਸਦਨ ਮਸੂਰੀ, 1956.
173.	ਵਿਨੋਬਾ ਭਾਵੇ, ਆਚਾਰੀਆ	. ਗੀਤਾ ਪ੍ਰਵਚਨ (ਤੇਰ੍ਹਵਾਂ ਸੰਸਕਰਣ), ਅਖਿਲ ਭਾਰਤ ਸਰਵ ਸੇਵਾ ਸੰਘ, ਪ੍ਰਕਾਸ਼ਨ, ਕਾਸ਼ੀ, 1958.
174.	ਵਿਵੇਕਾ ਨੰਦ, ਸਵਾਮੀ	. ਕਰਮ ਯੋਗ (ਅਨੁ: ਵਿਦਿਆ ਭਾਸਕਰ,)1947
175.	ਵਿਸ਼ਵਨਾਥ, ਆਚਾਰੀਆ(ਟੀਕਾਕਾਰ ਸਤਯ ਵ੍ਰਤ, ਡਾਕਟਰ)	. ਸਾਹਿਤ੍ਯ ਦਰਪਨ, ਨਿਰਣਯ ਸਾਗਰ ਪ੍ਰੈਸ, ਬੰਬਈ, 1936.
176.	ਸਤੀਸ਼ ਚੰਦਰ ਚਟੋਪਾਧਯਾਯ ਤਥਾ ਧੀਰੇਂਦਰ ਮੋਹਨ ਦੱਤ	. ਭਾਰਤੀਯ ਦਰਸ਼ਨ ਪੁਸਤਕ ਭੰਡਾਰ ਪਟਨਾ
177.	ਸਤੇਂਦਰ (ਡਾ:)	. ਲੋਕ ਸਾਹਿਤ੍ਯ ਵਿਗਿਆਨ, ਸ਼ਿਵਾ ਲਾਲ ਅਗਰਵਾਲ ਐਂਡ ਕੰ: ਆਗਰਾ, 1962.
178.	ਸਹਿਗਲ, ਪ੍ਰਮਿੰਨੀ(ਡਾ:)	. ਗੁਰੂ ਗੋਬਿੰਦ ਸਿੰਘ ਔਰ ਉਨ ਕਾ ਕਾਵਯ, ਹਿੰਦੀ ਸਾਹਿਤ ਭੰਡਾਰ ਲਖਨਊ।
179.	ਸਹਿਗਲ ਮਨਮੋਹਨ (ਡਾ)	. ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਸਾਂਸਕ੍ਰਿਤਕ ਸਰਵੇਖਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1971
180.	"	. ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਨ, ਭਾਰਤੇਂਦੂ ਭਵਨ, ਚੰਡੀਗੜ੍ਹ, 1965.
181.	"	. ਪੰਜਾਬ ਕੇ ਨਿਰਗੁਣ ਸਾਹਿਤ੍ਯ ਕੀ ਵਿਸ਼ੇਸ਼ਤਾਏਂ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1969.
182.	ਸੋਲੰਕੀ, ਕੋਮਲ ਸਿੰਘ (ਡਾ:)	. ਨਾਥ ਪੰਥ ਔਰ ਨਿਰਗੁਣ ਸੰਤ ਕਾਵਯ, ਵਿਨੋਦ ਪੁਸਤਕ ਮੰਦਰ, ਆਗਰਾ, 1966.
183.	ਸੰਕਰਤਾਯਨ, ਰਾਹੁਲ	. ਦਕਖਣੀ ਹਿੰਦੀ ਕਾਵਯਧਾਰਾ, ਬਿਹਾਰ ਰਾਸ਼ਟਰੀਯ ਭਾਸ਼ਾ ਪਰਿਸ਼ਦ ਪਟਨਾ, 1958.
184.	ਸ਼ਰਮਾ, ਕੈਲਾਸ਼ਨਾਥ(ਡਾ:)	. ਭਾਰਤੀਯ ਸਮਾਜ ਔਰ ਸੰਸਕ੍ਰਿਤੀ, ਕਿਸ਼ੋਰ ਪਬਲਿਸ਼ਰਜ਼ ਕਾਨਪੁਰ, 1961.
185.	ਸ਼ਰਮਾ, ਐਸ.ਆਰ.	. ਭਾਰਤ ਮੇਂ ਮੁਸਲਿਮ ਸ਼ਾਸਨ ਕਾ ਇਤਿਹਾਸ
186.	ਸ਼ਰਮਾ , ਸਰਨਾਮ ਸਿੰਘ(ਡਾ:)	. ਕਬੀਰ ਵਿਅਕਤਿਤਵ, ਕ੍ਰਿਤਿਤਵ ਏਵੰ ਸਿਧਾਂਤ, ਭਾਰਤੀਯ ਸ਼ੋਧ ਸੰਸਥਾਨ, ਕੁਲਾਬ ਪੁਰਾ, ਰਾਜਸਥਾਨ, 1969.
187.	ਸ਼ਰਮਾ ਸੁਮਨ(ਡਾ:)	. ਮਧਯਕਾਲੀਨ ਭਕਤੀ ਅੰਦੋਲਨ ਕਾ ਸਮਾਜਿਕ ਵਿਵੇਚਨ, ਵਿਸ਼ਵ ਵਿਦਿਆਲਾ, ਪ੍ਰਕਾਸ਼ਨ, ਵਾਰਾਨਸੀ, 1974.
188.	ਸ਼ਿਆਮ, ਸੀਤਾ ਰਾਮ ਝਾ(ਡਾ:)	. ਭਾਰਤੀਯ ਸਮਾਜ ਕਾ ਸਵਰੂਪ, ਬਿਹਾਰ ਹਿੰਦੀ ਗ੍ਰੰਥ ਅਕਾਦਮੀ ਪਟਨਾ, 1974.

ਕ੍ਰਮ ਨੰ:	ਕਰਤਾ/ ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
189.	ਸ਼ਿਆਮ ਸੁੰਦਰ ਦਾਸ	. ਕਬੀਰ ਗ੍ਰੰਥਾਵਲੀ, ਨਾਗਰ ਪ੍ਰਚਾਰਨੀ ਸਭਾ, ਵਾਰਾਨਸੀ, 1966
190.	ਸ੍ਰੀ ਵਾਸਤਵਾ, ਆਸ਼ੀਰ ਵਾਦੀ ਲਾਲ	. ਦਿੱਲੀ ਸਲਤਨਤ (711-1526 ਈ:), ਪੰਜਵਾਂ ਸੰਸਕਰਣ, ਸ਼ਿਵਾ ਲਾਲ ਅਗਰਵਾਲ ਐਂਡ ਕੰਪਨੀ, ਆਗਰਾ, 1965।
191.	ਸ਼ੁਕਲ, ਰਾਮ ਚੰਦਰ,	. ਹਿੰਦੀ ਸਾਹਿਤਯ ਕਾ ਇਤਿਹਾਸ, ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ 1962.
192.	ਸ਼ੁਕਲ ਸਾਵਿਤਰੀ (ਡਾ:)	. ਸੰਤ ਸਾਹਿਤਯ ਕੀ ਸਮਾਜਿਕ ਏਵੰ ਸਾਂਸਕ੍ਰਿਤਕ ਪ੍ਰਿਸ਼ਠ ਭੂਮੀ, ਹਿੰਦੀ ਪ੍ਰਕਾਸ਼ਨ, ਲਖਨਊ।
193.	ਸੇਠ, ਸਾਵਿਤਰੀ ਚੰਦਰ (ਡਾ:)	. ਸਮਾਜ ਔਰ ਸੰਸਕ੍ਰਿਤੀ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 19

ENGLISH

194.	Archar John Clark	. The Sikhs, Princeton University Press, 1946.
195.	Avtar Singh (Dr.)	. Ethics of the Sikhs.
196.	Ashraf, K.M.	. Life & Conditions of the People of Hindustan, Munshi Ram, Manohar Lal, N.Delhi-1970
197.	Atelkar, A.S.(dr.)	. The Position of women in Hindu Civilisation Moti Lal Banarsi Dass, N.Delhi, 1956.
198.	Atreya, B.L.	. Indian Culture, University Publication Delhi -6.
199.	Attar Singh (Dr.) Editor.	Socio-Cultural Impact of Islam on India Pbi, U. Patiala, 1976.
200.	Aurbindo, C.C. Dutt.	. The Culture of India, Bhartiya Vidya Bhavan, Bombay, 1960.
201.	Bal, Surjit Singh(Editor)	Guru Nanak in the eyes of Non Sikhs P.U.Patiola, 1969.
202.	Bannerjee, A.C.	. Guru Nanak & His times, P.U.Patiala, 1971.
203.	Bannerjee, Indu Bhushan.	Evolution of the Khalsa, (2 Volumes), A Mukerjee & Co, Calcutta, 1963.
204.	Barth, A	. The Religions of India, Light & Life Publishers, N.Delhi, 1978.
205.	Beni Prasad.	. History of Jahangir (5th Ed.) Indian Press Publications Allahabad, 1962.

ਕ੍ਰਮ ਨੰ:	ਲੇਖਕ/ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
206.	Bernier, Francois.	. Travels in the Moghal Empire (1656-68) S.Chand & Co. Delhi, 1968.
207.	Beveridge, H.B.	. Akbarnama of Abul Fazal, S.S. Publication, Delhi - 1977.
208.	Bhandarkar, R.G.	. Vaishnism, Saivism and Minor Religious systems Indilogical B/House, Varanasi, 1965.
209.	Bhattacharya, Hari Dass.	The Fundamentals of Living Faiths, 1938.
210.	Blockmann, H.	. Ain-i-Akbari of Abul Fazal, Adiesh B/Depot, Delhi-7, 1965.
211.	Bradlay, A.C.	. Oxford Lectures on English Poetry, Macmillan & Co London, 1960.
212.	Brahma Nalni Kanta (Dr.).	The Fundamentals of the Religion Uni. of Calcutta, 1960.
213.	Brigs, John.	. History of the Rise of the Mohammedan power in India Vol.I, Calcutta, 19[illegible]8.
214.	Burgess & Lock	. The Family from Institution to companionship, New York, 193[illegible].
215.	Cannigham, J.D.	. History of the Sikhs, Delhi, 1956.
216.	Carpenter, J.E.	. Theism in Medieval India.
217.	Caudwell Christopher	. The Illusion & Reality, Peoples Publishing House, N.Delhi, 1956.
218.	Chaudhry, R.Roy (Dr.)	. State of Religion in Mughal India.
219.	Chhabra, G.S. (Dr.)	. Advanced History of the Punjab, Vol I, New Academic Publishing Co. Jullundur City.
220.	"	. The Advanced Study in the History of the Punjab Vol. I, New Academic Publishing Co., Jullundur City, 1971.
221.	"	. Social & Economic History of the Punjab.
222.	Chopra, P.N. (Dr.)	Some aspects of Society & Culture during the Mughal Age (2nd Ed), Shiva Lal Agarwal & Co, Jai Pur & Agra, 1963.

1	2	3
223.	Covell	. History of Civilisation & Culture, London 1952.
224.	Daftri, K.L.	. The Social Institutions in Ancient India
225.	Dardi, Gopal Singh (Dr)	Guru Granth Sahib (Translation), Vol. I To IV
226.	Darshan Singh, (Dr.)	. Indian Bhakti Tradition & Sikh Gurus, Lyall B/Depot Ludhiana, 1968.
227.	Deol, G.S. (Dr.)	. Social & Political Philosophy of Guru Nanak Dev and Guru Gobind Singh, New Academic Publishing Co. Jullundur City, 1976
228.	Devana, Mohan Sing (Dr).	An Introduction to Punjabi Literature, Nanak Singh Pustak Mala, Amritsar, 1951.
228.	"	. A History of Panjabi Literature, Kastoori Lal + sons, ASR, 1956.
229.	"	. Gorakh Nath & Medieval Hindu Mysticism.
230.	Dey U.N.	. The Mughal Govt., Munshi Ram, Manohar Lal, New Delhi, 1970.
231.	"	. Administrative system of Delhi Sultanate
232.	Edward & Garret	. Mughal Rule in India.
233.	Elliot & Dowson,	. History of India, (as told by its own Historians), Cosmopolitan Publishers, Aligarh 1952.
234.	Elliot, H.M.	. History of India (Mohammadan Period), London
235.	Elliot, T.S.	. Selected Essays, Faber & Faber, London, 1963
236.	"	. On Poetry & Poets, Faber & Faber, London 1957.
237.	-	. Encyclopaedia Britannica, Vol. 20, Chicago, London.
238.	-	. Encyclopaedia of Islam (Edited by Louis Massignon), London, 1956.
239.	-	. Encyclopaedia of Religion & Ethics, (Edited by James Hastings) Vol. VI, Edinburg, New York, 1914.
240.	Farquhar, J.N.	. An outline of the Religious Literature of India, Moti Lal Banarsi Dass, New Delhi, 1967.
241.	"	. Modern Religious Movement in India, Munshi Ram, Manohar Lal, N. Delhi, 1967.

242. Faruki, Zahir-ud-din . Aurangzeb & His Times.

243. Field, Dorothy. . The Religion of the Sikhs, Wee Wee Publications, Delhi, 1976.

244. " . Something about Sikhism.

245. Ganda Singh (Dr) A Brief Account of the Sikhs, S.G.P.C. Amritsar, 1959.

246. " . The Sikhs & Sikhism, Sikh History Society Patiala, 1959.

247. Gandhi, M.K. . Teaching of the Gita, 1971

248. Georgi, V. Pleknov . Art & Social Life, people's Publishing House, Bombay, 1953.

249. Ghurrey, G.S. . Cast & Class in India, Popular B/Depot, Bombay, 1957.

250. " . Culture & Society, O.U.P. Bombay, 1947

251. Gill, Pritam Singh . The Doctrine of Guru Nanak, New B/Co Jullundur City, 1969.

252. " . Trinity of Sikhism, New Academic Publishi House, Jullundur, 1973.

253. " . Heritage of Sikh Culture.

254. Gokhle, G.B. . Indian Thought through the Ages, Asia Publishing House Bombay, 1961.

255. Gordon, J.J.H. . The Sikhs, Language Deptt. Punjab, Patiala, 1970.

256. Greenleese, Derncan . The Gospel of the Guru Granth Sahib, The Theosophical Publishing House, Madras-20 1952.

257. Grewal, J.S.(Dr.) . Medieval India, G.N.D.Uni. Amritsar, 1975.

258. Gupta, Hari Ram(Dr.) . History of the Sikh Gurus, U.C. Kapoor & Sons, N.Delhi-48, 1973.

259. Haig -Wolseley. . Cambridge History Vol IV, Cambridge U.P. 1952.

260. Harbans Singh . Guru Nanak & Origins of the Sikh Faith, Asia publishing House, Bombay-1, 1969.

261. Harbans Singh. . The Message of Sikhism, G.P.C.Delhi, 1968.

262. " . Heritage of the Sikhs, Bombay, 1964.

263. Harbans Singh & Lal Mani Joshi (Dr.) . An Introduction to Indian Religions, P.U. Patiala, 1973.

264. Howard Fast. . Literature & Reality, 1955

265. Hudson, W.H. . An Introduction to the study of Literature George Harrap & Co. London, 1945.

266 " Outline History of English Literature, Lond 1958.

267. Hulton, J.H. . Caste in India.

268. Humphreys, A.R. . The Augustan World, London, 1954.

269. Hunter, W.W. . Indian Muslman, London, 1872.

270. Husain, Yusuf . Glimpses of Medieval Indian Culture, Asia Publishing House, Bombay, 1973.

271. " . Indo Muslim Polity, Indian Institute of Advance Study, Simla, 1971.

272. Hussain, Wahed. . Administration of Justice During Muslim Rule in India, Idarah-i-Adabiyat-i-Delhi, Delhi-6, 1977.

273. Ibn Hasan . The Central Structure of the Mughal Empire Munshi Ram, Manohar Lal, N.Delhi, 1970.

274. Ishar Singh . The Philosophy of Guru Nanak, Ranjit Publishing House, Rajouri Garden, N.Delhi, 1969

275. Ishwari Prasad, . A short History of Muslim Rule in India, Indian Press Allahbad, 1965.

276. " . Mughal Empire, Chugh Pub. Allahbad, 1954.

277. " . History of Medieval India, Indian Press Allahbad, 1945.

278. Issac K.Fund, . New Standard Dictionary of English Language.

279. Jaffar, S.M. . The Mughal Empire, Ess Ess Publications, Delhi-52, 1974.

280. " . Medieval India under Muslim Kings

281. Jaffar, S.M. . Education in Muslim India.

282. " . Some Cultural Aspects of Muslim Rule in India, Peshawar, 1939.

283. James, E.O. . Marriage and Society.

284. Jess Stein . The Random House Dictionary of the English Language, New York.

285. Jodh Singh Bhai (Dr.) . Some Studies in Sikhism, Lahore B/Shop Ludhiana, 1953.

286. " . Religion & Religious Life as conceived by Guru Nanak (Bract), Anand Pur Sahib, 1968.

287. " . Structure & Character of Sikh Society.

288. " . Gospel of Guru Nanak in his own words, Language Department, Punjab, 1969.

289. Johnson, Samuel (Dr.) . Lives of the English Poets, London, 1950

290. Kane, P.V. (Dr.) . History of Dharam Shastra, Vol. II, Bhandarkar Oriental Research Institute, Poona.

291. Kapadia, K.M. Marriage & Family in India.

292. Khazan Singh . Philosophy of the Sikh Religion, Language Department, Punjab, Patiala, 1970.

293. " . History & Philosophy of Sikh Religion, 1914

294. " . History of Sikh Religion, Language Deptt., Punjab, Patiala, 1970.

295. Khushwant Singh . The Sikhs, George Allen & Unwin, London, 1953.

296. " . A History of the Sikhs, Princeton Uni. Press, 1963.

297. " . Hymns of Guru Nanak, Orient Longmans, N. Delhi, 1969.

298. Kohli, S.S. (Dr.) . A Critical Study of the Adi Granth, Punjabi writers Coop. Ind. Society, N.Delhi, 1961.

299. " . Outline of Sikh Thought Punjabi Prakashan, N. Delhi, 1966.

300. " . Philosophy of Guru Nanak, P.U.C., 1969.

301. Lajwanti, Rama Krishna (Dr.) . Panjabi Sufi Poets (2nd Ed.) N. Delhi, 1977.

302. Lal, K.S. . Studies in Medieval Indian History.

303. " . Twilight of the Sultanate, Asia Publishing House, Bombay, 1963.

304. Latif, S.Mohd. . History of the Panjab, Calcutta Central Press Co. Ltd., Calcutta, 1891.

305. Lanepool, Stanley. . Mediaeval India under Mohammedan Rule Universal Publication, Delhi, 1971.

306. " . Babur.

307. " . Aurangzeb-Clarendon Press, Oxford, 1893.

308. Lechlin, C.H. . The Sikhs & Their Book, 1946.

309. Levy, H. & Helen Spalding . Literature for An Age of Science, London, 1952.

310. Lunia, B.N. . Evolution of Indian Culture, (II Ed) Luxmi Nagar Aggarwal, Agra, 1955.

311. Macauliffe, Max arthur. The Sikh Religion (6 Vol.) Clarendon Press, Oxford, 1909.

312. Macauliffe, M.A. & Raja Sir Daljit Singh. . Life of Guru Teg Bahadur, Language Deptt. Punjab, Patial, 1971.

313. Macnicol, N. . The living Religions of the Indian People, Student Christian Movement Press, London, 1934.

314. Mahajan, V.D. . India since 1526 (8th Ed.), S.Chand & Co. Delhi, 1968.

315. Mahajan, V.D. & Mahajan Savitri. . Sultanate of Delhi, S. Chand & Co. Delhi, 1967.

316. Mahmud, Abul Fazal . Teaching of Islam, Qadian, 1929.

317. Majumdar, R.C. . Delhi Sultanate.

318. " . The History & Culture of the Indian People, Vol.I to V, Allero, London, 1951-57.

319. " . An Advanced History of India, London, 181

320. Malcolm, John. . Sketch of the Sikhs, London, 1812.

321. Mansukhani, Gobind Singh. . The Quintessence of Sikhism, S.G.P.C. Amritsar, 1965.

322. " . Fundamentals of Sikhism.

323. " . Guru Nanak-World Teacher, India B/House, N. Delhi, 1968.

324. Maulana, Mohd. Ali . The Religion of Islam, N. Delhi,

325. McIver, R.M. & Page, C.H. . Society, Macmillin Co. London, 1949.

326. Mc. Leod., W.H. . History of Religions, Vol.7, (The influence of Islam upon the Thought of Guru Nanak).

327. " . Guru Nanak & the Sikh Religion, Oxford Uni. Press, Bombay, 1968.

328. Merill, F.E. . Society & Culture, Englewood Cliffs, Prentice Hall, 1965.

329. Mohd Yasin . Social History of Islamic India (2nd Ed.) Munshi Ram, Manohar Lal, N.Delhi, 1974

330. Mohisin Fani. . Dabistan, Vol I

331. Moreland, W.H. . INdia at the Death of Akbar, Macmillin, London, 1920.

332. " The Agrarian system of Moslem India, Central B/Depot, Allahbad, 1929.

333. Mujeeb, M. . Islamic Influence on Indian Society, Meenakshi Prakashan, Delhi, 1972.

334. " . The Indian Muslims, London, 1967.

335. Mulla, D.F. . Principles of Hindu Law, Bombay, 1974.

336. " . Principle of Mohammadan Law, Bombay, 1972.

337. Narang, G.C.(Dr.) Transformation of Sikhism, (5th Ed), New Book Society, N.Delhi, 1960.

338. Narang, K.S.(dr.) & Gupta, H.R.(Dr.) . History of the Panjab, U.C. Kapoor & Sons, . New Delhi-48, 1972.

339. Narasu, P.L. . The Essence of Buddhism, Thacker & Co. Bombay, 1948.

340. Naranderpal Singh. . Gleanings from the Masters, The Sikh culture Centre, Calcutta-16, 1965.

341.	Niharranjan Ray	. The Sikh Gurus & the Sikh Society (2nd Ed) Munshi Ram, Manohar Lal, New Delhi, 1975.
342.	Nijjar, Bakhshish Singh (Dr.)	. Punjab under the Great Mughals, Thacker & Co., Bombay, 1968.
343.	"	. Punjab under the Sultans -sterling, Delhi 1968.
344.	Nizami, K.A.	. Studies in Medieval Indian History, Aligarh, 1956.
345.	"	. Some aspects of Religion & Politics in India (13th Century), Aligarh, 1961.
346.	"	. Life & Time of Farid Ganj-e-Shakkar, Aligarh, 1955.
347.	Ogburn, William F.& Nimkoff, Meyer F,	. A Hand Book of Sociology, Routledge and Kegan Paul Ltd. London, 1956.
348.	Pai, D.A.	. Monographs on the Religious sects in India among the Hindus.
349.	Pande, A.B.	. Later medieval India, Central B/Depot, Allahabad 1963.
350.	"	. Society & Govt. in Medieval India, Central B/Depot Allahabad.
351.	Pande, Raj Bali,	. Hindu Sanskars, Vikram Publications, Banaras, 1949.
352.	Pannikar, K.M.	. The Ideals of Sikhism (Tract), Amritsar 1924.
353.	Parkash Singh (Prof.)	. The Sikh Gurus and the Temple of Bread S.G.P.C. Amritsar, 1971.
354.	Parry, R.E.	. The Sikhs of the Punjab, London, 1921
355.	Payne, C.H.	. A short History of the Sikhs, Language Department, Punjab, Patiala, 1970.
356.	Pease, M.L.	. Glimpses of Sikhism, M.L.Pease & Rattan Kaur Jullundur.
357.	Powell Price, J.C.	. A History of India, London 1955.
358.	Prabhu, P.N.	. Hindu Social Organisation, Popular B/Depot Bombay 1954.

359. Pritam Singh . Saints & Sages of India, New Delhi, 1948.

360. Puran Singh (Prof.) . The Ten Masters, Chief Khalsa Dewan, 1969.

361. " . The Spirit Born People, Language Deptt. Punjab, Patiala, 1970.

362. Qureshi, I.H. . The Administration of Delhi Sultanate, Lahore, 1944.

363. Radha Krishnan (Dr.) . Indian Philosophy Vol. I & II, London, 1927-29

364. " . The Hindu view of life, George Allen & unwin, London, 1949.

365. " . Religion & Society, George Allen & Unwin, London, 1959.

366. " . Religion & Culture, Hind Pocket Books, Delhi-32, 1968.

367. " . An Idealist view of life-Allen, London, 1947

368. Raj Gopal Acharya, C. . Vedanta, the Basic Culture of India, The Hindustan times, N.Delhi, 1959.

369. Ranbir Singh . Glimpses of Divine Masters, N.Delhi, 1965.

370. " . The Sikh way of Life, India Publishers, New Delhi-16, 1968.

371. Rao, K.L.Seshagiri (Editor). . Islam, P.U.Patiala, 1969.

372. " . Buddhism, P.U.Patiala, 1969.

373. " . Christianity, P.U.Patiala, 1969.

374. " . Hinduism, P.U.Patiala, 1969.

375. " . Sikhism, P.U.Patiala, 1969.

376. Rashid, A, . Society & Culture in Medieval India (1206-1556 A.D.) K.L. Mukhopadhyaya, Calcutta, 1969.

377. Rene Wellek & Austin Warren. . Theory of Literature.

378. Richard Burn . Cambridge History of India, Vol. IV,

379. Rizvi, S.A.A.(Dr.) . The Religious & Intellectual History of Muslims in Akbar's Reign.

380. Sachan, E.C. . Albruni's India, Vol.II, Paul,London,1970

381. Saran, P.(Dr.) . Islamic Polity-Allahabad.

382. " . The Provincial Govt of the Mughals.

383. Sarkar. J.N. . History of Aurangzeb, Orient Longmans Calcutta, 1973.

384. " . Studies in Economic Life in Mughal India, Oriental Publishers, N. Delhi, 1975.

385. " . Mughal Administration; Orient Longmans, New Delhi, 1972.

386. Sayyad Manul Haq . A Short Story of the Sultanate of Delhi.

387. Sen. S.N. . Indian Travel of Tavernier.

388. Sharma, I.C.(Dr.) . Ethical Philosophy of India, London 1965.

389. Sharma, S.R. . Religions Policy of the Mughal Emperors Asia Pub/House Bombay, 1972.

390. " . The Mughal Empire in India, Lumni Narain Aggarwal, Agra-3, 1971.

391. " . Sudras in Ancient India.

392. " . The Making of Modern India, Orient Longmans Bombay, 1951.

393. " . Studies in Medieval Indian History, Sholapur, (2 volumes), 1956.

394. Sher Singh (Dr.) . Philosophy of Sikhism, Sterling Publishers, Delhi-6, 1944.

395. " . Social & Political Philosophy of Guru Gobind Singh.

395. Shushtary, A.M.A. . Outline of Islamic Culture,(2 volumes), the Banglore Press, Banglore City, 1939.

397. - . Sikhism & Indian Society; Indian Institute of Advanced Studies, Simla, 1967.

398. Sircar, D.C. . Studies in te Society & Administration of Ancient and Medieval India, Vol. I (Society -Firma Mukhopadhyaya, Calcutta, 1967.

399. Smith,V.A. . Akbar, the Great Mughals,(2nd Ed), S.Chand & Co.,Delhi, 1958.

400. Smith, V.A. . Oxford History of India,(15th Ed.),Oxford Uni. Press, Calcutta, 197[illegible].

401. Srivastva, A.L. . Medieval Indian Culture, Shiva Lala, Aggarwal & Co., Agra, Indore, Jaipur.

402. " . The Sultanate of Delhi, Shiva Lal,Aggarwal & Co., Agra, 1976.

403. " . The Mughal Empire,(4th Ed.) -do-

404. Swamy, Anand Kumar, . Buddha & the Gospel of Buddhism, Asia Publishing House, 1956.

405. Talib, Gurbachan Singh (Editor) . Jainism, P.U.Patiala, 1975.

406. Tara Chand (Dr.) . Influence of Islam on Indian Culture, Indian Press Publications,Allahabad,196[illegible].

407. Taran Singh (Dr.) . Ideal Man of Guru Granth Sahib,P.U.P.1966.

408. " (Editor) . Guru Nanak & Indian Religious Thought, P.U. Patiala, 1970.

409. Tavernier, J.B. . Travels in India, Vol.I, Macmillan & Co., London, 1889.

410. Teja Singh,Principal . Religion of the Sikh Gurus, S.G.P.C. Amritsar, 1957.

411. " . Sikhism- Its Ideals & Institutions, Orient Longmans, Bombay, 1951.

412. " . The Sikh Religion, Kaula Lumpur.

413. " . Growth of Responsibility in Sikhism,(6th Ed.), Forward Printers, Bombay, 1948.

414. " . Guru Nanak & His Mission, Lahore, 1918

415. " . Essays in Sikhism, Sikh University Press Lahore, 194[illegible].

416. Teja Singh & Ganda Singh (Dr.) . A Short History of Sikhs, Orient Longmans Bombay, 1950.

417. Titus . Indian Islam

418. Trilochan Singh (Dr.) The Humanism of Guru Nanak, S.G.P.C. Amritsar, 1968.

ਕ੍ਰਮ ਨੰ: ਕਰਤਾ/ਸੰਪਾਦਕ ਦਾ ਨਾਂ ਪੁਸਤਕ ਦਾ ਨਾਂ

419. Trilochan Singh (Dr.) . A brief life of Guru Teg Bahadur, G.P.C. Delhi, 1967.

420. " . Guru Nanak, G.P.C. Delhi, 1969.

421. Tripathi, R.P. . Some Aspects of Muslim Administration, Central B/Depot, Allahabad, 1966.

422. Trump, Ernest, (Dr.) . The Adi Granth, Allen & Co., London 1877.

423. Turks & Chatterjee. . Cambridge History of India, Vol III.

424. UNESCO . The Sacred Writings of the Sikhs - George Allen & Unwin, London, 1960.

425. Vaswani, T.L. . A Prophet of the people, Gita Publishing House, Poona.

426. Vernes Fwa Slun, Seldam Crawford. . Man in Society, Vol. I

427. Warton, Thomas. . History of English Poetry, Vol. I.

428. Wastermarack (Dr.) Marriage.

429. Webster . Webster's Third New International Dictionary of English Language, Vol III.

430. Widgery, Alban G. . The Comparative Study of Religions, Luhana Mitra Press, Baroda, 1922.

431. William Geddie. . Chamber's 20th Century Dictionary.

432. William Li, H.M. Fowler & J. Coulson. The Oxford English Dictionary on Historical Principles.

ਪੰਜਾਬੀ

ਖੋਜ ਪ੍ਰਬੰਧ

433. ਜਸਬੀਰ ਕੌਰ (ਡਾ:) . ਨਾਨਕ ਬਾਣੀ ਵਿਚ ਵਿਅਕਤੀ ਤੇ ਸਮਾਜ ਦਾ ਸੰਕਲਪ, ਪੰ: ਯੂ: ਚੰਡੀਗੜ੍ਹ, ਲਾਇਬਰੇਰੀ, 1972.

434. ਮਨਮੋਹਨ ਸਿੰਘ (ਡਾ:) . ਪੰਜਾਬੀ ਸਾਹਿਤ ਵਿਚ ਭਗਤੀ ਅੰਦੋਲਨ, ਪੰ: ਯੂ: ਲਾਇਬਰੇਰੀ, ਚੰਡੀਗੜ੍ਹ, 1965.

435. ਗੁਰਚਰਨ ਸਿੰਘ ਮਲਿਕ (ਡਾ:) . ਸ਼ੇਖ ਬਾਣੀ ਅਤੇ ਨਾਨਕ ਬਾਣੀ ਦੀ ਵਿਚਾਰਧਾਰਾ ਦਾ ਤੁਲਨਾਤਮਿਕ ਅਧਿਐਨ, ਪੰ: ਯੂ: ਲਾਇਬਰੇਰੀ, ਚੰਡੀਗੜ੍ਹ, 1978

ਹਿੰਦੀ

436. ਜੈਰਾਮ ਮਿਸ਼੍ਰ . ਗੁਰੂ ਗ੍ਰੰਥ ਦਰਸ਼ਨ, ਇਲਾਹਾਬਾਦ, 1960.

437. ਧਰਮਜੀਤ ਸਿੰਘ (ਡਾ:) . ਨਾਨਕਬਾਣੀ ਕਾ ਵਿਸ਼ਲੇਸ਼ਣਾਤਮਕ ਅਧਯਯਨ, (ਸਮਾਜ ਕੇ ਸੰਦਰਭ ਮੇਂ, ਗੁ: ਨਾ: ਦੇਵ: ਯੂ: ਲਾਇਬਰੇਰੀ, ਅੰਮ੍ਰਿਤਸਰ।

ਕ੍ਰਮ ਨੰ:	ਕਰਤਾ/ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
438.	ਸੈਣੀ ਉਮਾਸ਼ਰੀ, (ਡਾ:)	. ਸੰਤ ਸਾਹਿਤ ਦਾ ਸਮਾਜਿਕ ਪੱਖ, ਕੁਰੂਕਸ਼ੇਤਰ ਯੂ: ਲਾਇਬ੍ਰੇਰੀ, 1966.

ਅੰਗਰੇਜ਼ੀ

439.	Chopra, P.N. (Dr.)	. Society During the Mughal Period, P.U. Library.
440.	Dewan Singh (DR.).	Mysticism of Guru Nanak, P.U. Library.
441.	Taran Singh (Dr.).	Guru Nanak as a Poet, P.U. Library, Chandigarh.

......

ਕ੍ਰਮ ਨੰ:	ਕਰਤਾ/ਸੰਪਾਦਕ ਦਾ ਨਾਂ	ਪੁਸਤਕ ਦਾ ਨਾਂ
	ਪੰਜਾਬੀ	
1.	ਕੁਲਵੰਤ ਸਿੰਘ, ਪਿਆਰ ਸਿੰਘ, ਤੇ ਗੁਰਬਚਨ ਸਿੰਘ ਤਾਲਿਬ।	ਗੁਰੂ ਨਾਨਕ ਸਬੰਧੀ ਤਿੰਨ ਖੋਜ ਪੱਤਰ— ਪੰਜਾਬੀ ਯੂ: ਪਟਿਆਲਾ, 1969 (ਪ੍ਰਿੰਟ)
2.	ਬਾਹਰੀ, ਸੀਤਾ ਰਾਮ (ਡਾ:)	ਨਾਨਕੀ ਬਾਣੀ ਵਿਚ ਫਲਸਫਾ, ਪੰਜਾਬੀ ਯੂ: ਪਟਿਆਲਾ 1969- (ਪ੍ਰਿੰਟ)
3.	ਮਨਮੋਹਨ ਸਿੰਘ (ਡਾ:)	ਗੁਰੂ ਨਾਨਕ ਦੇਵ ਜੀ ਦੀ ਸਿਖਿਆ ਦਾ ਸਮਾਜਕ ਪੱਖ, ਮੈਕਾਲਫ਼ ਮੈਮੋਰੀਅਲ ਰੀਸਰਚ ਪੇਪਰ, ਸਿਖ ਇਤਿਹਾਸ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ।
	ਅੰਗਰੇਜ਼ੀ	
4.	-	The Medieval Indian State--P.U.Chandigarh, Deptt. of History (Seminar), March 1966. (Printed).
5.	Inder Kaur (Miss)..	Social & Economic conditions in India As Gleaned From the Adi Granth - A Dissertation for M.A. Hist; J & K Uni. 1965.

ਪੱਤਰਕਾਵਾਂ

ਪੰਜਾਬੀ

ਪੰਜਾਬੀ ਦੁਨੀਆਂ :, ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਨਿਮਨ ਲਿਖਤ ਅੰਕ:

1. ਗੁਰੂ ਨਾਨਕ ਅੰਕ — ਜਨਵਰੀ, ਫਰਵਰੀ, 1955.
2. ਗੁਰੂ ਨਾਨਕ ਅੰਕ,— ਨਵੰਬਰ-ਦਸੰਬਰ, 1969
3. ਗੁਰੂ ਰਾਮਦਾਸ ਅੰਕ— ਅਕਤੂਬਰ, ਨਵੰਬਰ, 1962
4. ਗੁਰੂ ਅਰਜਨ ਅੰਕ— ਜੂਨ-ਜੁਲਾਈ, 1953
5. ਗੁਰਮਤਿ ਸਾਹਿਤ ਅੰਕ— ਜਨਵਰੀ-ਫਰਵਰੀ, 1965
6. ਭਗਤੀ ਅੰਕ—— ਸਿਤੰਬਰ-ਅਕਤੂਬਰ, 1965
7. ਅਧਿਆਤਮਕ ਕਾਵਿ ਅੰਕ— ਦਸੰਬਰ, 1955
8. ਨਿਰਗੁਣ ਸਾਹਿਤ ਅੰਕ—- ਜੂਨ, 1969
9. ਭਾਈ ਗੁਰਦਾਸ ਅੰਕ, — ਮਾਰਚ-ਅਪਰੈਲ, 1952
10. ਬੀਰ ਸਾਹਿਤ ਅੰਕ— ਅਪਰੈਲ-ਮਈ, 1963
11. ਸੂਫ਼ੀ ਕਾਵਿ ਅੰਕ— ਫਰਵਰੀ, 1956
12. ਸੂਫ਼ੀ ਅੰਕ— ਨਵੰਬਰ-ਦਸੰਬਰ, 1964
13. ਸ਼ਾਹ ਹੁਸੈਨ ਅੰਕ— ਜਨਵਰੀ, ਫਰਵਰੀ, 1959
14. ਫਰੀਦ ਅੰਕ— ਅਪਰੈਲ-ਮਈ, 1960
15. ਬੁਲ੍ਹੇ ਸ਼ਾਹ ਅੰਕ— ਜਨਵਰੀ-ਫਰਵਰੀ, 1962

15-A. ਮਾਰਚ, 1973.

ਗੁਰਮਤਿ ਪ੍ਰਕਾਸ਼, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਦੇ ਨਿਮਨ ਲਿਖਤ ਪੱਤਰ

16. ਗੁਰੂ ਨਾਨਕ ਅੰਕ— ਨਵੰਬਰ 1968,
17. ਗੁਰੂ ਨਾਨਕ ਬਾਣੀ ਅੰਕ— ਸਤੰਬਰ, 1969
18. ਗੁਰੂ ਨਾਨਕ ਇਤਿਹਾਸ ਅੰਕ— ਜੁਲਾਈ 1969
19. ਗੁਰੂ ਤੇਗ ਬਹਾਦਰ 300 ਸਾਲਾ ਸ਼ਹੀਦੀ ਅੰਕ, ਦਸੰਬਰ 1975-ਜਨਵਰੀ, 1976.

ਨਾਨਕ ਪ੍ਰਕਾਸ਼ ਪਤ੍ਰਿਕਾ : ਸੰ: ਤਾਰਨ ਸਿੰਘ (ਡਾ:) ਪੰਜਾਬੀ ਯੂ: ਪਟਿਆਲਾ।

20. ਗੁਰੂ ਨਾਨਕ ਵਿਸ਼ੇਸ਼ ਅੰਕ (3), 1969
21. ਗੁਰੂ ਤੇਗ ਬਹਾਦਰ ਸ਼ਹੀਦੀ ਅੰਕ, 1975.

ਸਿੰਘ ਸਭਾ ਪੱਤਰਕਾ : ਕੇਂਦਰੀ ਸਿੰਘ ਸਭਾ ਅੰਮ੍ਰਿਤਸਰ

22. ਗੁਰੂ ਬੁੱਧ ਵਿਚਾਰ ਸਮੇਲਨ ਅੰਕ—- ਦੋਨੋ ਅੰਕ, 1975
23. ਸਿਖ ਇਸਤਰੀ ਵਿਸ਼ੇਸ਼ ਅੰਕ— ਅੰਕ ਪਹਿਲਾ— ਅਪ੍ਰੈਲ, 1977
24. ਸਿਖ ਇਸਤਰੀ ਵਿਸ਼ੇਸ਼ ਅੰਕ— ਅੰਕ ਦੂਜਾ— ਮਈ, 1977.

ਆਲੋਚਨਾ, ਸਾਹਿਤ ਅਕਾਦਮੀ, ਲੁਧਿਆਣਾ

25. ਪਿਛਲੇ ਅੰਕ

ਸਾਹਿਤ ਸਮਾਚਾਰ

26. ਪਿਛਲੇ ਅੰਕ

ਹਿੰਦੀ

ਸਾਹਿਤਯ ਸੰਦੇਸ਼, ਆਗਰਾ

27. ਸੰਤ ਸਾਹਿਤਯ ਵਿਸ਼ੇਸ਼ ਅੰਕ, ਜੁਲਾਈ-ਅਗਸਤ, 1958

ਕਲਿਆਣ (ਗੀਤਾ ਪ੍ਰੈਸ, ਗੋਰਖਪੁਰ)

28. ਭਗਤੀ ਅੰਕ

29. ਸੰਤ ਅੰਕ

30. ਹਿੰਦੂ ਸੰਸਕ੍ਰਿਤੀ ਅੰਕ

ਅੰਗਰੇਜ਼ੀ

31. The Punjab Past & Present, (Edited by Dr. Ganda Singh), [illegible] Vol III, 1969--Sources on the Life & Teachings of Guru Nanak.

32. The Sikh Review, Calcutta.

33. Journal of Royal Asiatic Society, Part IX, 1848 (Civil & Religious Institutions of the Sikhs), by H.H. Wilson.